Chief Reporter
Punjab Vidhan Sabha
Chandigarh

Origin
Punjab
Digitiz
Panjab Digital Li

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*7th March, 1983*

Vol. VI—No. 1

## OFFICIAL REPORT

Chief Reporter
Punjab Vidhan Sabha
Chandigarh

CONTENTS

*Monday, the 7th March, 1983*



| | | PAGE |
|---|---|---|
| Obituary References | .. | (1)1 |
| Announcements by the Speaker *re* :— | | |
| (i) Governor's Address | .. | (1)15 |
| (ii) Panel of Chairmen | .. | (1)23 |
| Announcement by the Secretary | .. | (1)23 |
| Papers Laid/Re-Laid on the Table | .. | (1)24 |



Punjab Vidhan Sabha Secretariat, Chandigarh.

Price : Rs.

Original with;
Punjab Vidhan Sabha
Digitized by;
Panjab Digital Library

Orig[illegible]al w[illegible]h;
Punj[illegible] Vidhan Sabha
Digi[illegible]d by;
Panjab [illegible]

## PUNJAB VIDHAN SABHA

*Monday, the 7th March, 1983*

*The Vidhan Sabha met in the Punjab Vidhan Sabha Hall, Vidhan Bhavan, Chandigarh, at 4.30 P.M. of the Clock. Mr. Speaker (Shri Brij Bhushan Mehra) in the Chair.*

### OBITUARY REFERENCES

**Mr. Speaker:** I shall call upon the Leader of the House to make Obituary References.

**Chief Minister** ( Sardar Darbara Singh ) : Mr. Speaker, with profound grief and sorrow I have to pay my humble tributes to Vinayak Narahari Bhave commonly known as Acharya Vinoba Bhave. The history of the great nations is the history of the lives of a few great men they produce. Vinoba Ji was one of such greatmen, who moulded the destiny of our nation by serving the country with remarkable distinction and dedication. His long record of service to the motherland as an exponent of 'Gandhism is a legacy.

Vinoba Ji lived in accordance with the eleven vows, included in the Gandhian daily prayer, viz. non-violence, truthfulness, absolute honesty, chastity, poverty, manual work, temperance, fearlessness, respect for all religions, independence in the matter of money and non-recognition of caste distinctions. In his Bhoodan campaign, Harijans have a special consideration. His aim was to make universal brotherhood a living reality for the rich and the poor alike. He held that there should be no violence over the language issue.

Vinoba Ji was staunchly opposed to Western education. His service in the cause of Gandian education, otherwise called basic education, has been lauded by Gandhi Ji himself. He wanted each village to be sufficient in food and clothing. His creed was: "Now that political freedom has been attained, we have to work for the establishment of equality. He called that Sarvodya."

In his death the nation has lost a great Gandhian philosopher, a Karamyogi, propounder of the philosophy of Gandhian socialism and friend of the down-trodden.

Mr. Speaker, Sir, Leonid Brezhnev was the President of the Soviet Union and remained its undisputed leader for 18 years. The world will miss his towering presence and his sense of devotion to the cause of peace and detente. He was the architect of the Indo-Soviet Friendship and Co-operation. He was a statesman

Original with;
Punjab Vidhan Sabha
Digitized by;
Panjab Digital Library

[Chief Minister]

of a high nature, who with his dedicated efforts to the cause of peace has left an indelible mark in the history of our times. He became a candidate Member of the Communist Party of Soviet Union in 1929 and its Member in 1931. He was elected to the Central Committees of the Communist Party of Soviet Union at the 19th Congress of the CPSU, held in 1952. Later he became an altenate Member of the Presidium and Secretary of the Central Committee of the CPSU. From 1960 to 1964, he was President of the Presidium of the U.S.S.R., Supreme Soviet. After his election in 1964, to the Party's highest post, he continued to take part in the work of the U.S.S.R. Supreme Soviet. He introduced radical economic reforms, in the economy of the U.S.S.R. His name was synonymous with the policy of detente.

In his death, the Third World Countries and specially India, has missed a great friend, who will be remembered for all times to come.

Mr. Speaker, I am also grieved to pay my humble tributes to Shri Mahendra Mohan Choudhary, ex-Governor of Punjab. He was an ardent freedom fighter, social worker and national leader. As a Gandhian philosopher he will go down in Indian political history as a torch bearer of Mahatma Gandhi's ideals in Assam. It was mainly through his initiative and untiring zeal that Gandhi Mandap could be built at Gauhati. He was a man of high principles and served the country long in varied capacities adding lustre to our traditions of tolerance, altruism and selfless service. We recall with gratitude his services to this State, as a Governor of Punjab during 1973 to 1977.

He was elected to the Assam Legislative Assembly in 1946, 1952, 1958, 1962 and 1967. He first became Deputy Minister for Education in Bordoloi Government and became a Cabinet Minister in 1950. He was elected as a Speaker of the Assam Legislative Assembly in 1962 and became Cabinet Minister in 1967. He was elevated to the position of Chief Minister of Assam in November, 1971. Whether as a Parliamentarian or as a Chief Minister or as a Governor or in social life he always distinguished himself by his unstinted faith in democracy, Gandhism, humanism, altruism, secularism and socialism.

In his death we have lost a valiant freedom-fighter and patriot, who was deeply committed to the Gandhian ideals and was a friend of the down-trodden.

Mr. Speaker, with profound grief and sorrow, I have to pay my humble tributes to Sardar Ujjal Singh, who was a veteran politician, eminent statesman and a great leader. He served the country with remarkable distinction and played a crucial role in the politics of Punjab. He was a person of deep conviction and drive. His parliamentary career was started in 1926, when he was returned unopposed to the Punjab Legislative Assembly [illegible] Constituency as an independent candidate, but he resigned the next year to participate in the Gurdwara Reform Movement. When the British Government called the First Round Table Conference in 1930,

Original with;
Punjab Vidhan Sabha
Digitized by;
Panjab Digital Library

it nominated him as a delegate of the conference to represent the sikhs. He was a strong nationalist and a believer in the Swadeshi Movement. On the eve of the independence of the Country in 1946, he was elected by the Punjab Assembly for the Constituent Assembly constituted at that time. He was a former Finance Minister of Punjab and was also a member of Second Finance Commission set up by the Union Government. He was appointed Governor of Punjab in September, 1965 and was shifted to Madras in 1966, in the same capacity.

His death marked the end of a long record of service to the country and especially the State of Punjab. Our public life has become poorer and it is difficult to fill the void created by his death.

Mr. Speaker, I am grieved to pay my humble tributes to Ch. Suraj Mal, who was a man of high principals and served the State in varied capacities. He was a seasoned Parliamentarian and remained a member of the Punjab Legislative Assembly from 1937 to 1946 and from 1946 to 1952. Later he became a member of the Punjab Legislative Council from 1952 to 1954. In early 1957, he was appointed as Minister in Punjab and represented Tohana Constituency. He also remained a member of the Constituent Assembly.

In his death, the State has lost a distinguished parliamentarian, a dedicated social worker and an eminent politician.

Mr Speaker, I have also to pay my humble tributes to Sardar Jasdev Singh. He was a man of integrity and sincerity with deep convictions and confidence. He was born in 1938 in montogomery District in Pakistan. He joined the Akali Party in 1962. He fought the election for the Punjab Vidhan Sabha on the Sant Akali Ticket in 1967 from Samrala Constituency and defeated S. Ajmer Singh the Senior Congress Minister. He was elected Sarpanch in village Machhiwara and took keen interest in the development of his own village and neighbouring villages. He was also the Chairman of the Marketing Society, Machhiwara for the last 3 years.

In his death, the State has lost a great politician, parliamentarian and social worker.

Mr. Speaker, I am also grieved to pay my humble tributes to Shrimati Shanno Devi, who was a Deputy Speaker in the erstwhile State of Punjab. She was a patriot, ardent freedom fighter, distinguished social worker and eminent legislator. She dedicated her life for the emancipation of the country from foreign yoke and took keen interest in the Gandhian ideals.

She throughout her life stood for democratic principles, nationalism and secularism. She became member of the Punjab Legislative Assembly in 1940. She was elevated to the office of Deputy Speaker in 1950 and again became Deputy Speaker in 1962. She

Original with;
Punjab Vidhan Sabha
Digitized by;
Panjab Digital Library

[Chief Minister]

became Speaker of the Haryana Vidhan Sabha after the re-organisation of Punjab in 1966. She took keen interest in the spheres of education and social service. She remained member of the Social Welfare Board during 1920–35 and was a Principal of Kanya Mahavidhalya, Jullundur. She also remained Editor of Daily Hindi from 1936--40.

In her death, we have lost a patriot, a politician a parliamentarian and a social worker who dedicated her life for the cause of the poor and the down-trodden.

Mr. Speaker, in the death of Tikka Jagtar Singh the State has lost a politician and social worker. He was an honorary Magistrate in Sheikhupura District, now in West Pakistan. He entered politics in 1933 and was elected member of S.G.P.C. from Lyallpur. He joined Congress in 1952 and was member of the Punjab Pradesh Congress Committee and its Executive. He was elected member of the Legislative Assembly from Anandpur Sahib.

Mr. Speaker, with deep anguish, I pay my humble tributes to Shri Siri Chand Goyal, who was a man of integrity, sincerity, deep convictions, confidence and drive. During his political career he brought a fresh but experienced mind to bear on the many problems that beset the State. He endeared himself to one and all in the State by his dynamic personality and affable nature.

He took a leading part in the Quit India Movement in 1942. He served as a President of Hindi Raksha Samiti in 1957. He courted arrest several times in various movements such as Hindi Raksha Movement and Save Kashmir Movement, etc. He was twice elected to the Punjab Legislative Council from the Local Bodies and Graduate's Constituency, respectivly, and made his work as a brilliant legislator. He was elected to the 4th Lok-Sabha in 1967 and Secretary of the Jan Sangh Parliamentary Group in March, 1967 and later on as Chief Whip of the party in August, 1968. He was known for his oratory and was an astute parliamentarian.

In his death, the State has lost a revolutionary, patriot and experienced parliamentarian whose sacrifices beckon us to render selfless service.

Mr. Speaker, with anguish I pay my humble tributes to Shri Bhajan Lal, Ex. M.L.A. He started his political career as a member of Praja Mandal Movement in the erstwhile Princely State. He became President of t e depressed classes in 1950. He was elected to the Punjab Vidhan Sabha in 1967 on an independent ticket from a reserved constituency in Samana. He remained as such for 2 years till 1969, when the Punjab Vidhan Sabha was dissolved.

He served the State in varied capacities. He was a member of the Punjab Khadi Board, Punjab Pradesh Congress Committee, Municipal Committee, Samana and Public Grievances Committee, Patiala. He was the Chairman of the Patran Market Committee. In his death the State has lost an able politician and a social worker.

Original with;
Punjab Vidhan Sabha
Digitized by;
Panjab Digital Library

Mr. Speaker, with profound grief and sorrow, I have to pay my humble tributes to Comrade Dana Ram, who was first elected to the Punjab Vidhan Sabha in 1969 and again elected in 1972 and 1977. He was a man of unimpeachable integrity and was a prominent leader. He was President of the Punjab Khet Mazdoor Sabha, District Ferozepur and a member of the State Council Communist Party of India. He devoted his life for the cause of the masses and worked for the development and uplift of the poor and down trodden. He was imprisoned while participating in Khush Hasiyati Morcha in 1959. He actively participated in the agitation for the creation of Punjabi Suba. He courted arrest in the Grab Land Movement in 1970. He was a good orator and his contributions in the annals of Legislature are tremendous and praiseworthy.

In his death the State has lost a social worker and a friend of the down-trodden.

Mr. Speaker, in the death of Nawab Mohammed Iftikhar Ali Khan, Ex-Ruler of Malerkotla, we have lost an able administrator, experienced parliamentarian and politician who was dedicated to secularism and progressive ideas. His contributions towards the growth of Malerkotla have been of highest order.

He was elected to the Pepsu Legislative Assembly by an overwhelming majority in the General Elections in 1952 from the Maler-Kotla Constituency as an independent candidate. After President's Rule in Pepsu, he was re-elected to the Punjab Legislative Assembly on Congress ticket in 1954. He fought the election to the Punjab Vidhan Sabha on an Akali ticket from the Malerkotla Constituency in the general elections held in 1967 and later mid-term poll in 1969 and won both times. His contributions in the annals of Legislature are tremendous and praiseworthy. He took prominent part in the formation of Pepsu and handed over the administration of Malerkotla State to the Pepsu Government on 20th August, 1948. He also took keen interest in the formation of the Punjabi Speaking State.

Mr. Speaker, in the death of Sh. Lal Chand Prarthi, who was a member of the United Punjab Legislative Assembly for two terms, representing the Kulu Constituency, the State has lost a great patriot, constructive social worker, a dedicated parliamentarian and a prominent leader.

He was a man of high principles and integrity. His contributions in the annals of the Legislature of Punjab are tremendous. We recall with gratitude his service to the State of Punjab. He was elected to the Himachal Pradesh Legislative Assembly in 1967 and inducted to the Council of Ministers by the Late Shri Y. S. Parmar. He was elected to the Assembly in 1972 and became Forest and Health Minister. He again fought the Assembly elections as an Independent candidate but was defeated. Recently, he had joined the Democratic Socialist Party.

Original with;
Punjab Vidhan Sabha
Digitized by;
Panjab Digital Library

[Chief Minister]

Mr. Speaker, I am grieved to pay my humble tributes to Pandit Mool Raj Sharma, who was a valiant fighter in the front rank of freedom struggle and constantly remained in the vanguard of the liberation movement. For his nationalistic, patriotic activities and his implicit faith in the Gandhian principle of non-violence he is known as "Gandhi of the Doaba." He was a great social worker. He established an Ashram in 1920 in Jalandhar, which is a standing testimony of his altruism and social service. He remained President of the City Congress' Committee, Jalandhar for 22 years and helped the Scheduled Castes and the down-trodden strata of society. He remained member of the Punjab Vidhan Sabha.

In his death the State has lost one of its valiant freedom fighter, a political leader with high integrity, who was deeply associated with the ideals of gandhism, national unity and socialism.

Mr. Speaker, Sardar Puran Singh Madhir was a man of integrity and sincerity and he endeared himself to one and all in the State by his dynamic personality and affable nature. He became member of the Punjab Vidhan Sabha in 1952 and his contributions in the annals of the Legislature are praiseworthy. In his death the State has lost an able politician, sincere legislator and a social worker.

Mr. Speaker, in the death of Shri Ram Kumar Bidhat we have lost a patriot, politician and a social worker, who dedicated his life for the emancipation of the country. He took active part in the Anti-Rowlett Bill Agitation in 1919. He joined Congress in 1920 and was jailed for a month for participating in the Non-Cooperation Movement in 1922. He was sentenced to one year's imprisonment for sedition in 1930. He became a member of the Punjab Vidhan Sabha in 1952. His contributions as a legislator are admirable and he was an embodiment of simplicity and sincerity. He never deviated from the high principles of the Congress.

ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ) : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਜਿਹੜਾ ਸ਼ੋਕ ਪ੍ਰਸਤਾਵ ਹਾਊਸ ਦੇ ਸਾਹਮਣੇ ਰੱਖਿਆ ਹੈ, ਮੈਂ ਵੀ ਆਪਣੀ ਪਾਰਟੀ ਵੱਲੋਂ ਉਸ ਵਿਚ ਸ਼ਾਮਲ ਹੁੰਦਾ ਹਾਂ। ਆਚਾਰੀਆ ਵਿਨੋਬਾ ਭਾਵੇ ਜੀ ਬੜੇ ਪੱਕੇ ਗਾਂਧੀਵਾਦੀ ਸਨ। ਉਨ੍ਹਾਂ ਨੇ ਭਾਰਤ ਦੀ ਜੰਗੇ-ਆਜ਼ਾਦੀ ਵਿਚ 1946 ਵਿਚ ਹਿੱਸਾ ਲਿਆ। ਜ਼ਮੀਨਾਂ ਦੇ ਸਬੰਧ ਵਿਚ ਜਿਥੇ ਬਹੁਤ ਝਗੜੇ ਵਾਲੀ ਗੱਲ ਹੁੰਦੀ ਸੀ, ਉਨ੍ਹਾਂ ਨੂੰ ਗ਼ਰੀਬਾਂ ਵਿਚ ਵੰਡਣ ਵਾਸਤੇ ਤਕੜੀ ਕੋਸ਼ਿਸ਼ ਕੀਤੀ। ਸਾਨੂੰ ਵੀ ਉਨ੍ਹਾਂ ਦੀਆਂ ਚਲਾਈਆਂ ਲੀਹਾਂ ਤੇ ਕਮ-ਅਜ਼-ਕਮ ਥੋੜ੍ਹਾ ਬਹੁਤ ਅਮਲ ਕਰਨਾ ਚਾਹੀਦਾ ਹੈ ਤਾਕਿ ਅਸੀਂ ਗ਼ਰੀਬਾਂ ਦੀ ਮੱਦਦ ਕਰ ਸਕੀਏ।

ਸਪੀਕਰ ਸਾਹਿਬ ਮਿਸਟਰ ਲਿਓਨਿਡ ਬਰੇਜਨੇਵ ਵੀ ਸਾਡੇ ਪਾਸੋਂ ਵਿਛੜ ਕੇ ਚਲੇ ਗਏ ਹਨ। ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਵੀ ਦੱਸਿਆ ਹੈ ਉਹ 18 ਸਾਲ ਸੋਵੀਅਤ ਯੂਨੀਅਨ ਦੇ ਲੀਡਰ ਰਹੇ ਔਰ ਅਨਡਿਸਪਿਊਟਿਡ ਲੀਡਰ ਰਹੇ। ਉਨ੍ਹਾਂ ਨੇ ਆਪਣੇ

Original with;
Punjab Vidhan Sabha
Digitized by;
Panjab Digital Library

ਜੀਵਨ ਵਿਚ ਬਹੁਤ ਘਾਲਣਾਂ ਘਾਲੀਆਂ ਅਤੇ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਨੇ ਅਮਨ ਕਾਇਮ ਰੱਖਣ ਵਾਸਤੇ ਔਰ ਜੰਗ ਨੂੰ ਰੋਕਣ ਵਾਸਤੇ ਕੁਰਬਾਨੀ ਦਿੱਤੀ। ਅੱਜ ਵੀ ਦਿੱਲੀ ਵਿੱਚ ਕਾਨਫਰੰਸ ਹੋ ਰਹੀ ਹੈ ਜੋ ਉਹ ਵੀ ਉਸੇ ਲੀਡਰ ਦੀ ਦੇਣ ਹੈ ਕਿ ਦੁਨੀਆਂ ਵਿਚ ਅਮਨ ਹੋਵੇ ਔਰ ਜੰਗ ਨਾ ਹੋਵੇ। ਉਨ੍ਹਾਂ ਦੀਆਂ ਵਰਲਡ ਪੀਸ ਬਾਰੇ ਘਾਲੀਆਂ ਘਾਲਣਾਂ ਨੂੰ ਅਸੀਂ ਭੁਲਾ ਨਹੀਂ ਸਕਦੇ। ਉਨ੍ਹਾਂ ਨੇ ਡੈਮੋਕਰੇਸੀ ਵਾਸਤੇ, ਸੋਸ਼ਲਿਜ਼ਮ ਵਾਸਤੇ ਸਾਡੇ ਲਈ ਬਹੁਤ ਕੁੱਝ ਕੀਤਾ ਹੈ ਔਰ ਉਨ੍ਹਾਂ ਦੀਆਂ ਪਾਈਆਂ ਲੀਹਾਂ ਨੂੰ ਸਾਨੂੰ ਹੋਰ ਅਗੇ ਲਿਜਾਣਾ ਚਾਹੀਦਾ ਹੈ ਉਨ੍ਹਾਂ ਨੇ ਅਮਨ ਕਾਇਮ ਰਖਣ ਵਾਸਤੇ ਗੂੜ੍ਹੀ ਦੋਸਤੀ ਦਾ ਸਬੂਤ ਦਿੱਤਾ, ਗੂੜ੍ਹੀ ਮਿਤਰਤਾ ਦਾ ਸਾਡੇ ਦੇਸ਼ ਨੂੰ ਸਬੂਤ ਦਿੱਤਾ। ਇਸ ਗੱਲ ਨੂੰ ਬੰਗਲਾ ਦੇਸ਼ ਦੀ ਜੰਗ ਵੇਲੇ ਸਾਰੇ ਮੰਨਦੇ ਹਨ। ਉਨ੍ਹਾਂ ਦੀ ਅਮਨ ਕਾਇਮ ਰੱਖਣ ਦੀ ਨੀਤੀ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਵੀ ਮੰਨਦੇ ਸਨ ਅਤੇ ਹੋਰ ਸਾਰੇ ਵੀ ਮੰਨਦੇ ਹਨ ਕਿ ਉਹ ਜੰਗ ਦੇ ਖਿਲਾਫ਼ ਸਨ ਅਤੇ ਅਮਨ ਦੇ ਹੱਕ ਵਿਚ ਸਨ। ਅੱਜ ਵੀ, ਸਪੀਕਰ ਸਾਹਿਬ, ਜੰਗ ਦੇ ਬੱਦਲ ਛਾਏ ਹੋਏ ਹਨ। ਅੱਜ ਵੀ ਜੋ ਉਨ੍ਹਾਂ ਦੀ ਥਾਂ ਤੇ ਬਾਅਦ ਵਿੱਚ ਉਨ੍ਹਾਂ ਦੇ ਸਕਸੈਸਰ ਆਏ ਹਨ, ਉਹ ਵੀ ਉਸੇ ਰੁਖ ਵੱਲ ਚਲ ਰਹੇ ਹਨ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਸ੍ਰੀ ਮਹਿੰਦਰਾ ਮੋਹਨ ਚੌਧਰੀ ਜੋ ਸਾਡੇ ਪੰਜਾਬ ਦੇ ਗਵਰਨਰ ਰਹੇ ਹਨ, ਉਹ ਵੀ ਸਾਡੇ ਤੋਂ ਵਿਛੜ ਗਏ ਹਨ। ਉਹ ਉਸ ਸੂਬੇ ਨਾਲ ਤੁਅੱਲਕ ਰੱਖਦੇ ਸਨ, ਸਬੰਧ ਰੱਖਦੇ ਸਨ ਜਿਥੇ ਅੱਜ ਭਾਵੇਂ ਇਲੈਕਸ਼ਨ ਵੀ ਹੋ ਗਈ ਹੈ ਪਰ ਉਥੇ ਦੇ ਹਾਲਾਤ ਚਿੰਤਾ-ਜਨਕ ਹਨ। ਉਨ੍ਹਾਂ ਨੇ ਜੋ ਦੇਸ਼ ਭਗਤੀ ਦੀ ਭਾਵਨਾਂ ਨਾਲ ਫਰੀਡਮ ਫਾਈਟਰ ਦੇ ਤੌਰ ਤੇ ਨੈਸ਼ਨਲ ਪੱਧਰ ਤੇ ਜੋ ਹਿੱਸਾ ਪਾਇਆ ਉਹ ਨਾ ਭੁੱਲਣ ਵਾਲਾ ਹੈ ਅਤੇ ਸਾਨੂੰ ਵੀ ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਸਬਕ ਸਿੱਖਣਾ ਚਾਹੀਦਾ ਹੈ ਔਰ ਸਾਨੂੰ ਵੀ ਨੈਸ਼ਨਲ ਪੱਧਰ ਤੇ ਨੇਸ਼ਨ ਲਈ ਹਰ ਕੁਰਬਾਨੀ ਕਰਨੀ ਚਾਹੀਦੀ ਹੈ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਸਰਦਾਰ ਉਜਲ ਸਿੰਘ ਜਿਹੜੇ ਕੇ ਲੇਟ ਬਰਟੀ ਵਿਚ ਔਰ ਅਰਲੀ ਫਾਰਟੀ ਵਿਚ ਪੰਜਾਬ ਦੇ ਮਨਿਸਟਰ ਵੀ ਰਹੇ ਹਨ ਅਤੇ ਗਵਰਨਰ ਵੀ ਰਹੇ ਹਨ, ਵੀ ਸਾਡੇ ਤੋ ਵਿੱਛੜ ਗਏ ਹਨ। ਉਨ੍ਹਾਂ ਨੇ ਸੂਦ ਖੋਰੀ ਦੇ ਖਿਲਾਫ਼ ਬਹੁਤ ਜੱਦੋ-ਜਹਿਦ ਕੀਤੀ। ਉਨ੍ਹਾਂ ਨੇ ਇਸ ਸਬੰਧ ਵਿਚ ਬਿਲ ਔਰ ਐਕਟ ਵੀ ਬਣਾਏ ਸਨ। ਪੀਜ਼ੈਂਟਰੀ ਲਈ ਵੀ ਉਨ੍ਹਾਂ ਦੀ ਜੋ ਕੁਰਬਾਨੀਆਂ ਹਨ ਉਹ ਅਸੀਂ ਭੁੱਲ ਨਹੀਂ ਸਕਦੇ। ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਆਪਣੀ ਮਿਸਾਲ ਇਕ ਆਪ ਹੀ ਹਨ।

ਸ੍ਰੀ ਸੂਰਜ ਮੱਲ ਜੀ ਸਾਡੇ ਫਾਰਮਰ ਮਨਿਸਟਰ ਰਹੇ ਸਨ। ਉਹ ਖਾਸ ਤੌਰ ਤੇ ਹਰਿਆਣਾ ਜਾਟ ਲੀਡਰ ਦੇ ਤੌਰ ਤੇ ਬਹੁਤ ਪ੍ਰਸਿੱਧ ਸਨ। ਉਨ੍ਹਾਂ ਨੇ ਹਰਿਆਣੇ ਔਰ ਪੰਜਾਬ ਦੀ ਡਿਵੈਲਪਮੈਂਟ ਵੀ ਬਹੁਤ ਕੀਤੀ ਔਰ ਉਨ੍ਹਾਂ ਨੇ ਪੰਜਾਬ ਨੂੰ ਔਰ ਹਰਿਆਣਾ ਨੂੰ ਉੱਚਾ ਚੁੱਕਣ ਲਈ ਕਾਫੀ ਕੋਸ਼ਿਸ਼ ਕੀਤੀ।

ਸਰਦਾਰ ਬਲਦੇਵ ਸਿੰਘ ਜੀ ਵੀ ਸਾਡੇ ਫਾਰਮਰ ਮਨਿਸਟਰ ਰਹੇ ਹਨ। ਇਨ੍ਹਾਂ ਨੇ ਬੜੇ ਟੈਕਟਫੁਲ ਤਰੀਕੇ ਨਾਲ, ਬੜੇ ਸੁਚੱਜੇ ਢੰਗ ਨਾਲ ਪੰਜਾਬ ਦੀ ਬਿਹਤਰੀ ਲਈ,

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਪੰਜਾਬ ਦੀ ਡਿਵੈਲਪਮੈਂਟ ਲਈ ਬਹੁਤ ਕੰਮ ਕੀਤੇ ਹਨ । ਅੱਜ ਉਹ ਵੀ ਸਾਨੂੰ ਵਿਛੋੜਾ ਦੇ ਗਏ ਹਨ ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਸ਼੍ਰੀਮਤੀ ਸ਼ਨੋ ਦੇਵੀ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਉਹ ਇਕ ਇਸਤਰੀ ਦੇ ਰੂਪ ਵਿਚ ਸਨ ਲੇਕਿਨ ਮੈਂ ਸਮਝਦਾ ਹਾਂ ਕਿ ਉਹ ਇਕ ਸ਼ੇਰ ਦੀ ਤਰ੍ਹਾਂ ਗਰਜਣ ਵਾਲੀ ਬੜੀ ਸਤਿਕਾਰ ਯੋਗ ਲੇਡੀ ਸੀ । ਉਨ੍ਹਾਂ ਦੀਆਂ ਕੁਰਬਾਨੀਆਂ ਦੇ ਸਦਕੇ ਹੀ ਮੈਂ ਸਮਝਦਾ ਹਾਂ ਕਿ ਹਰਿਆਣੇ ਵਿਚ ਅੱਜ ਬਹੁਤ ਲੇਡੀਜ਼ ਐਮ. ਐਲ. ਏਜ਼ ਬਣ ਕੇ ਆਈਆਂ ਹਨ । ਉਹ ਇਸ ਗੱਲ ਦੇ ਪਾਇਨੀਅਰ ਸਨ । ਸਿਆਸੀ ਜ਼ਿੰਦਗੀ ਵਿਚ ਉਹ ਬੜੇ ਸਰਗਰਮ ਲੀਡਰ ਸਨ ਔਰ ਉਨ੍ਹਾਂ ਨੇ ਡਿਪਟੀ ਸਪੀਕਰ ਦੇ ਤੌਰ ਤੇ ਆਪਣੀ ਡਿਊਟੀ ਬਹੁਤ ਅੱਛੀ ਤਰ੍ਹਾਂ ਨਿਭਾਈ ਹੈ । ਉਹ ਬੜੀਆਂ ਅੱਛੀਆਂ ਰੂਲਿੰਗਜ਼ ਅਤੇ ਯੋਗ ਫੈਸਲੇ ਦਿੰਦੇ ਸਨ । ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਭਗਤੀ ਨਾਲ ਲੋਕਾਂ ਦੀ ਸੇਵਾ ਵਿਚ ਗੁਜ਼ਾਰੀ । ਉਹ ਆਪਣੇ ਇਰਾਦੇ ਦੇ ਬੜੇ ਦ੍ਰਿੜ੍ਹ ਸਨ ।

ਸਪੀਕਰ ਸਾਹਿਬ, ਟਿੱਕਾ ਜਗਤਾਰ ਸਿੰਘ, ਸਾਡੇ ਡਿਪਟੀ ਮਨਿਸਟਰ ਰਹੇ ਹਨ । ਉਹ ਬੜੇ ਰਿਲੀਜੀਅਸ ਮਾਂਈਡਿਡ ਸਨ ਔਰ ਹਿੰਦੂ-ਸਿੱਖ ਏਕਤਾ ਦਾ ਬਹੁਤ ਪ੍ਰਚਾਰ ਕਰਦੇ ਸਨ । ਉਹ ਫਿਰਕੂ ਫ਼ਸਾਦਾਂ ਤੋਂ ਬਚਣ ਲਈ ਬਹੁਤ ਪ੍ਰਚਾਰ ਕਰਦੇ ਸਨ । ਅੱਜ ਉਹ ਵੀ ਸਾਡੇ ਵਿਚ ਨਹੀਂ ਰਹੇ ਹਨ ।

ਸ਼੍ਰੀ ਸਿਰੀ ਚੰਦ ਗੋਇਲ ਸਾਡੇ ਐਮ. ਐਲ. ਸੀ. ਵੀ ਰਹੇ ਹਨ ਔਰ ਐਮ. ਪੀ. ਵੀ ਰਹੇ ਹਨ । ਉਹ ਆਪਣੇ ਕਾਜ਼ ਨੂੰ ਐਡਵੋਕੇਟ ਦੀ ਤਰ੍ਹਾਂ ਪਲੀਡ ਕਰਦੇ ਸਨ । ਡੈਮੋਕਰੇਸੀ ਦੀ ਖਾਤਰ, ਸੋਸ਼ਲਿਜ਼ਮ ਦੀ ਖਾਤਰ ਉਹ ਜਿਥੇ ਵੀ ਰਹੇ ਹਨ ਉਸ ਦੇ ਲਈ ਲੜਾਈ ਲੜਦੇ ਸਨ । ਜਿਵੇਂ ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਉਹ ਜੇਲ ਵਿਚ ਵੀ ਗਏ ਸਨ । ਉਹ ਆਪਣੇ ਕਾਜ਼ ਨੂੰ ਚਾਹੇ ਕੌਂਸਿਲ ਵਿਚ ਸੀ ਜਾਂ ਪਾਰਲੀਮੈਂਟ ਵਿਚ, ਬੜੇ ਧੜੱਲੇ ਨਾਲ ਆਪਣੇ ਪੁਆਇੰਟ ਨੂੰ ਰਖਦੇ ਸਨ ।

ਭਜਨ ਲਾਲ ਜੀ ਸਾਡੇ ਸਮਾਣੇ ਤੋਂ ਐਕਸ-ਐਮ. ਐਲ. ਏ. ਰਹੇ ਹਨ । ਉਨ੍ਹਾਂ ਨੂੰ ਮਾਰਕਿਟ ਕਮੇਟੀ ਦਾ ਚੇਅਰਮੈਨ ਵੀ ਸਾਡੀ ਸਰਕਾਰ ਨੇ ਬਣਾਇਆ ਸੀ । ਉਹ ਆਪਣੇ ਇਲਾਕੇ ਦੇ ਲੋਕਾਂ ਵਿਚ ਬੜੇ ਹਰਮਨ ਪਿਆਰੇ ਸਨ ਅਤੇ ਉਨ੍ਹਾਂ ਬੜੀਆਂ ਕੁਰਬਾਨੀਆਂ ਦਿੱਤੀਆਂ । ਉਹ ਸਾਦੇ ਤੋਂ ਸਾਦੇ ਲਿਬਾਸ ਵਿਚ ਰਹਿੰਦੇ ਸਨ ਅਤੇ ਅਣਥਕ ਵਰਕਰ ਦੇ ਤੌਰ ਤੇ ਕੰਮ ਕਰਦੇ ਰਹਿੰਦੇ ਸਨ ।

ਸਪੀਕਰ ਸਾਹਿਬ, ਕਾਮਰੇਡ ਦਾਨਾ ਰਾਮ ਜੀ ਸਾਡੀ ਅਸੈਂਬਲੀ ਦੇ ਦੋ ਵਾਰੀ ਮੈਂਬਰ ਬਣ ਕੇ ਆਏ ਸਨ । ਉਹ ਲੋਕਾਂ ਵਿਚ ਬਹੁਤ ਹਰਮਨ ਪਿਆਰੇ ਸਨ । ਉਨ੍ਹਾਂ ਦੇ ਭੋਗ ਤੇ ਜਦੋਂ ਅਸੀਂ ਗਏ ਸੀ ਤਾਂ ਉਥੋਂ ਹੀ ਪਤਾ ਲਗਦਾ ਸੀ ਕਿ ਉਹ ਕਿੰਨੇ ਹਰਦਿਲ ਅਜ਼ੀਜ਼ ਸਨ । ਉਨ੍ਹਾਂ ਨੇ ਸਾਰੀ ਸਾਦਗੀ ਦੀ ਜ਼ਿੰਦਗੀ ਬਤੀਤ ਕੀਤੀ । ਉਨ੍ਹਾਂ ਨੇ ਡਾਊਨ ਟਰੋਡਨ ਅਤੇ ਐਗਰੀਕਲਚਰਲ ਵਰਕਰਜ਼ ਨੂੰ ਆਰਗੇਨਾਈਜ਼ ਕੀਤਾ ਅਤੇ ਇਸ ਜੱਥੇਬੰਦੀ ਨੂੰ ਬਲ ਦਿੱਤਾ । ਉਨ੍ਹਾਂ ਦੀ ਕੀਤੀ ਦੇਸ਼ ਦੀ ਸੇਵਾ, ਕੁਰਬਾਨੀ ਅਤੇ ਸਾਦਗੀ ਭੁੱਲ ਨਹੀਂ ਸਕਦੀ । ਇਥੇ ਵੀ ਅਸੀਂ ਅਸੈਂਬਲੀ ਵਿਚ ਵੀ ਦੇਖਿਆ ਹੈ ਕਿ ਭਾਵੇਂ ਉਹ ਤਾਲੀਮ ਦੇ ਪੱਖ ਤੋਂ ਕੁਝ ਨਿਗੁਣੇ ਸਨ ਪਰ ਫਿਰ ਵੀ ਉਹ ਬੜੇ ਮਾਰਕੇ ਦੀ ਗੱਲ ਕਰਦੇ ਸਨ ।

Original with;
Punjab Vidhan Sabha
Digitized by;
Panjab Digital Library

ਅਸੀਂ ਸਾਰੇ ਜਦੋਂ ਉਹ ਤਕਰੀਰ ਕਰਦੇ ਸਨ ਤਾਂ ਉਨ੍ਹਾਂ ਦੀ ਤਕਰੀਰ ਸੁਣ ਕੇ ਅਸ਼ ਅਸ਼ ਕਰ ਉਠਦੇ ਸੀ । ਭਾਵੇਂ ਉਹ ਅਨਪੜ੍ਹ ਸਨ ਪਰ ਉਨ੍ਹਾਂ ਨੂੰ ਮਾਸਿਜ਼ ਦਾ ਤਜਰਬਾ ਸੀ, ਫੀਲਡ ਦਾ ਤਜਰਬਾ ਸੀ ਅਤੇ ਆਪਣੇ ਲੋਕਾਂ ਵਿਚ ਉਹ ਬਹੁਤ ਪ੍ਰਸਿੱਧ ਸਨ । ਅੱਜ ਉਹ ਵੀ ਸਾਡੇ ਵਿਚ ਨਹੀਂ ਰਹੇ ।

ਨਵਾਬ ਇਫਤਿਖ਼ਾਰ ਅਲੀ ਖਾਨ ਸਾਡੇ ਐਕਸ ਐਮ. ਐਲ. ਏ. ਸਨ । ਅੱਜ ਦੇ ਮਾਹੌਲ ਵਿਚ ਇਹੋ ਜਿਹੇ ਲੀਡਰ ਦੀ ਸਾਨੂੰ ਬਹੁਤ ਜ਼ਰੂਰਤ ਸੀ । ਉਹ ਮਾਲੇਰਕੋਟਲਾ ਦੇ ਐਕਸ ਰੂਲਰ ਸਨ । ਉਨ੍ਹਾਂ ਦੀ ਸਾਡੇ ਲੋਕਾਂ ਨੂੰ ਕਾਫੀ ਦੇਣ ਹੈ । 1947 ਵਿਚ ਜਦੋਂ ਸਾਡੇ ਤੇ ਭੂਤ ਸਵਾਰ ਹੋਇਆ ਹੋਇਆ ਸੀ ਔਰ ਕੁਝ ਸਾਡੇ ਭਰਾ ਪਾਕਿਸਤਾਨ ਵਿਚ ਕੱਟੇ ਜਾ ਰਹੇ ਸਨ ਔਰ ਕੁਝ ਹਿੰਦੁਸਤਾਨ ਵਿਚ ਕਤਲੇਆਮ ਹੋ ਰਿਹਾ ਸੀ ਤਾਂ ਉਸ ਵੇਲੇ ਮਾਲੇਰਕੋਟਲਾ ਦੇ ਲੋਕ ਆਪਸ ਵਿਚ ਹਿੰਦੂ, ਸਿਖ, ਮੁਸਲਮਾਨ ਸਾਰੇ ਭਾਈ ਭਾਈ ਦੀ ਤਰ੍ਹਾਂ ਰਹਿੰਦੇ ਸਨ । ਉਹ ਬੜੇ ਫਰਾਖ਼ਦਿਲ ਅਤੇ ਸੁਲਾਹਕੁਨ ਇਨਸਾਨ ਸਨ । ਇਹੋ ਜਿਹੇ ਬੰਦਿਆਂ ਦੀ ਅੱਜ ਸਾਨੂੰ ਬੜੀ ਲੋੜ ਸੀ ਪਰ ਉਹ ਸਾਡੇ ਕੋਲੋਂ ਵਿਛੜ ਕੇ ਚਲੇ ਗਏ ਹਨ । ਉਨ੍ਹਾਂ ਨੇ ਜੋ ਮਿਸਾਲ ਕਾਇਮ ਕੀਤੀ, ਉਹ ਕੋਈ ਮਾਮੂਲੀ ਜਿਹੀ ਗੱਲ ਨਹੀਂ ਸੀ । ਹੁਣ ਵੀ ਜਦੋਂ ਉਨ੍ਹਾਂ ਦਾ ਜਨਾਜ਼ਾ ਨਿਕਲਿਆ ਤਾਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਹਜ਼ਾਰਾਂ, ਲੱਖਾਂ ਦੀ ਗਿਣਤੀ ਵਿਚ ਹਿੰਦੂ, ਸਿਖ, ਮੁਸਲਮਾਨ ਨਾਲ ਸਨ ਅਤੇ ਸਾਰਿਆਂ ਦੀਆਂ ਅੱਖਾਂ ਵਿਚ ਹੰਝੂ ਸਨ, ਸਾਰਿਆਂ ਦੀਆਂ ਅੱਖਾਂ ਭਿਜੀਆਂ ਹੋਈਆਂ ਸਨ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਵਾਕਿਆ ਹੀ ਉਹ ਬੜੇ ਪ੍ਰਸਿੱਧ ਤੇ ਹਰਮਨ ਪਿਆਰੇ ਲੀਡਰ ਸਨ ਜੋ ਸਾਡੇ ਨਾਲੋਂ ਜੁਦਾ ਹੋ ਗਏ ਹਨ ।

ਸ੍ਰੀ ਲਾਲ ਚੰਦ ਪ੍ਰਾਰਥੀ, ਸਾਡੇ ਇਸ ਹਾਊਸ ਦੇ ਮੈਂਬਰ ਰਹੇ ਹਨ । ਉਨ੍ਹਾਂ ਨੇ ਦੇਸ਼ ਦੀ ਖਾਤਰ, ਲੋਕਾਂ ਦੀ ਖਾਤਰ ਬੜੀ ਸੇਵਾ ਕੀਤੀ ਹੈ । ਜਿੰਨੀ ਸੇਵਾ ਉਹ ਕਰ ਸਕਦੇ ਸਨ, ਉਸ ਤੋਂ ਵੱਧ ਕੀਤੀ ਹੈ । ਉਹ ਹੁਣ ਸਾਡੇ ਤੋਂ ਵਿੱਛੜ ਗਏ ਹਨ ।

ਸ੍ਰੀ ਮੂਲ ਰਾਜ ਸ਼ਰਮਾ ਸਾਡੀ ਕੌਂਸਲ ਦੇ ਮੈਂਬਰ ਰਹੇ ਹਨ । ਫਰੀਡਮ ਫਾਈਟਰ ਦੇ ਤੌਰ ਤੇ ਇਨ੍ਹਾਂ ਨੇ 1930 ਤੋਂ ਲੈਕੇ ਦੇਸ਼ ਦੀ ਬੜੀ ਸੇਵਾ ਕੀਤੀ ਹੈ । ਇਸ ਦੇ ਨਾਲ ਹੀ ਦੇਸ਼ ਭਗਤ ਦੇ ਤੌਰ ਤੇ ਜਿਹੜਾ ਫਿਰਕਾਪ੍ਰਸਤੀ ਦਾ ਜ਼ਹਿਰ ਸੀ, ਉਸ ਤੋਂ ਉਹ ਉਤੇ ਰਹੇ ਹਨ । ਲੋਕਾਂ ਦੀ ਖਾਤਰ ਬੜੀਆਂ ਕੁਰਬਾਨੀਆਂ ਕੀਤੀਆਂ ।

ਸ੍ਰੀ ਪੂਰਨ ਸਿੰਘ ਮਧੀਰ, ਉਹ ਵੀ ਸਾਡੇ ਹਾਊਸ ਦੇ ਮੈਂਬਰ ਰਹੇ ਹਨ । ਇਸ ਹਾਊਸ ਦੇ ਵਿਚ ਉਨ੍ਹਾਂ ਨੇ ਗਰੀਬ ਲੋਕਾਂ ਦੀ, ਡਾਊਨ-ਟਰਾਡਨ ਦੀ, ਗਰੀਬ ਕਿਸਾਨ ਦੀ ਨੁਮਾਇੰਦਗੀ ਕੀਤੀ ਅਤੇ ਦੇਸ਼ ਲਈ ਬੜੀ ਕੁਰਬਾਨੀ ਦਿਤੀ ।

ਪੰਡਿਤ ਰਾਮ ਕੁਮਾਰ ਜੀ ਵੀ ਇਸ ਹਾਊਸ ਦੇ ਮੈਂਬਰ ਰਹੇ ਸਨ । ਉਹ ਆਪਣੇ ਪ੍ਰਿੰਸੀਪਲ ਦੇ ਬੜੇ ਦ੍ਰਿੜ੍ਹ ਸਨ । ਲੋਕਾਂ ਦੀ ਖਾਤਰ ਉਨ੍ਹਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ ।

ਅੰਤ ਵਿਚ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੈ, ਉਨ੍ਹਾਂ ਦੇ ਵਾਰਸਾਂ ਨੂੰ ਸਾਡੇ ਵਲੋਂ ਭੇਜਿਆ ਜਾਏ ਤਾਕਿ ਉਨ੍ਹਾਂ ਨੂੰ ਕੁਝ ਮਹਿਸੂਸ ਹੋਵੇ ਕਿ ਅਸੰਬਲੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਨੇ ਕੋਈ ਮਤਾ ਪਾਸ ਕੀਤਾ ਹੈ । ਇਸ ਤੋਂ ਬਾਅਦ ਦੋ ਮਿੰਟ ਲਈ ਮੋਨ ਧਾਰਨ ਕੀਤਾ ਜਾਵੇ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਜੋ ਸ਼ੋਕ ਮੱਤਾ ਹਾਊਸ ਵਿਚ ਪੇਸ਼ ਕੀਤਾ ਹੈ, ਮੈਂ ਆਪਣੀ ਪਾਰਟੀ ਵਲੋਂ ਉਸ ਵਿਚ ਸ਼ਾਮਲ ਹੁੰਦਾ ਹਾਂ ।

ਸਪੀਕਰ ਸਾਹਿਬ, ਅਚਾਰਿਆ ਵਿਨੋਬਾ ਭਾਵੇ ਜੀ, ਜਿਹੜੇ ਕਿ ਹਿੰਦੁਸਤਾਨ ਵਿਚ ਭੂਦਾਨ ਲਹਿਰ ਦੇ ਬਹੁਤ ਤਕੜੇ ਲੀਡਰ ਸਨ, ਉਨ੍ਹਾਂ ਨੇ ਆਪਣੇ ਸਮੇਂ ਦੌਰਾਨ ਬਹੁਤ ਵੱਡਾ ਹਿੱਸਾ ਜ਼ਮੀਨ ਦਾ ਲੈ ਕੇ ਭੂਮੀ ਪਤੀਆਂ ਤੋਂ ਗਰੀਬਾਂ ਨੂੰ ਦਿੱਤਾ ਹੈ । ਹਰ ਵਕਤ ਉਹ ਸੋਚਦੇ ਰਹਿੰਦੇ ਸਨ ਕਿ ਗਰੀਬਾਂ ਨੂੰ ਕਿਸ ਤਰ੍ਹਾਂ ਅਪਲਿਫਟ ਕਰਨਾ ਹੈ । ਉਹ ਗਰੀਬਾਂ ਦੇ ਬੜੇ ਤਗੜੇ ਲੀਡਰ ਅਤੇ ਰਹਿਨੁਮਾ ਸਨ ਔਰ ਉਹ ਸੋਸ਼ਲ ਵਰਕਰ ਸਨ । ਪਿਛੇ ਜਿਹੇ ਉਹ ਸਾਡੇ ਤੋਂ ਵਿਛੜ ਗਏ ਹਨ, ਜਿਸ ਨਾਲ ਸਾਡੇ ਦੇਸ਼ ਨੂੰ ਬੜਾ ਘਾਟਾ ਪਿਆ ਹੈ ।

ਸਪੀਕਰ ਸਾਹਿਬ, ਜੇਕਰ ਕੌਮਾਂਤਰੀ ਲਹਿਰ ਨੂੰ ਵੇਖੀਏ ਤਾਂ ਕਾਮਰੇਡ ਲਿਉਨਿਡ ਬ੍ਰੈਜ਼ਨੇਵ ਦੇ ਵਿਛੜ ਜਾਣ ਨਾਲ ਸਾਨੂੰ ਬਹੁਤ ਘਾਟਾ ਪਿਆ ਹੈ ਕਿਉਂਕਿ ਅੱਜ ਸਾਨੂੰ ਉਨ੍ਹਾਂ ਦੀ ਲੋੜ ਸੀ । ਅੱਜ ਦੁਨੀਆਂ ਤੇ ਜੰਗ ਦਾ ਬਹੁਤ ਵੱਡਾ ਖਤਰਾ ਹੈ । ਸਾਮਰਾਜੀ ਤਾਕਤਾਂ ਆਪਣੇ ਬਜਟ ਦਾ ਕੋਈ 90% ਤੋਂ ਉਪਰ ਪੈਸਾ ਹਥਿਆਰ ਬਣਾਉਣ ਤੇ ਲਾ ਰਹੀਆਂ ਹਨ, ਇਸ ਕਰਕੇ ਦੁਨੀਆਂ ਨੂੰ ਬਹੁਤ ਵੱਡਾ ਖਤਰਾ ਹੈ । ਇਸ ਖਤਰੇ ਦੇ ਖਿਲਾਫ ਕਾਮਰੇਡ ਬ੍ਰੈਜ਼ਨੇਵ ਨੇ ਸਾਮਰਾਜੀ ਤਾਕਤਾਂ ਨੂੰ ਬਾਰ ਬਾਰ ਵਾਰਨਿੰਗ ਦਿਤੀ ਸੀ ਕਿ ਅਗਰ ਉਹ ਸੰਸਾਰ ਨੂੰ ਜੰਗ ਦੀ ਭੱਠੀ ਵਿਚ ਝੋਕਣਾ ਚਾਹੁੰਦੇ ਹਨ ਤਾਂ ਉਹ ਉਨ੍ਹਾਂ ਨੂੰ ਅਜਿਹਾ ਨਹੀਂ ਕਰਨ ਦੇਣਗੇ ਔਰ ਤੁਹਾਡਾ ਮੁਕਾਬਲਾ ਕਰਾਂਗੇ । ਉਹ ਮਹਾਨ ਲੀਡਰ ਅੱਜ ਸਾਡੇ ਤੋਂ ਵਿਛੜ ਗਏ ਹਨ ਜਦੋਂ ਕਿ ਉਨ੍ਹਾਂ ਦੀ ਸਾਨੂੰ ਬੜੀ ਲੋੜ ਸੀ । ਉਨ੍ਹਾਂ ਨੇ ਸੋਵੀਅਤ ਰੂਸ ਜਿਹੜਾ ਕਿ ਸਮਾਜਵਾਦੀ ਮੁਲਕ ਹੈ ਉਸ ਨੂੰ ਬਹੁਤ ਉੱਨਤ ਕੀਤਾ । ਇਸ ਡਿਵੈਲਪਮੈਂਟ ਲਈ ਸਮਾਜਵਾਦ ਦੀ ਉਸਾਰੀ ਲਈ ਉਹ ਹਰ ਕੰਮ ਪੂਰੀ ਯੋਗਤਾ ਨਾਲ ਕਰਦੇ ਰਹੇ ਸਨ । ਉਹ 1929 ਵਿਚ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ ਔਰ ਉਸ ਤੋਂ ਬਾਅਦ 1952 ਵਿਚ ਸੋਵੀਅਤ ਰੂਸ ਦੀ ਕਮਿਊਨਿਸਟ ਸੈਂਟਰਲ ਕਮੇਟੀ ਦੇ ਮੈਂਬਰ ਬਣੇ ਅਤੇ 1962 ਵਿਚ ਪ੍ਰੈਜ਼ਿਡਿਅਮ ਦੇ ਮੈਂਬਰ ਬਣੇ । 1964 ਤੋਂ ਜਿਹੜੀ ਸਰਵ ਉੱਚ ਪੋਸਟ ਸੀ ਉਸ ਪਾਰਟੀ ਦੀ ਜਨਰਲ ਸਕੱਤਰ ਦੀ ਉਸ ਵੇਲੇ ਤੋਂ ਲੈ ਕੇ ਅੱਜ ਤਕ ਉਹ ਸੋਵੀਅਤ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਰਹੇ ਔਰ ਰਾਸ਼ਟਰਪਤੀ ਦੇ ਔਹਦੇ ਤੇ ਬਿਰਾਜਮਾਨ ਰਹੇ । ਪਿਛਲੇ ਸਮੇਂ ਤੋਂ ਜਦੋਂ ਦੁਨੀਆਂ ਨੂੰ ਅਮਨ ਦਾ ਬਹੁਤ ਵੱਡਾ ਖਤਰਾ ਹੋਇਆ ਤਾਂ ਉਹ ਤਾਂ ਉਨ੍ਹਾਂ ਨੇ ਅਮਨ ਕਾਇਮ ਕਰਨ ਲਈ ਲੜਾਈ ਲੜੀ ਔਰ ਅਮਨ ਦੀਆਂ ਤਾਕਤਾਂ ਨੂੰ ਮਜ਼ਬੂਤ ਕੀਤਾ । ਅੱਜ ਉਹ ਸਾਡੇ ਤੋਂ ਵਿਛੜ ਗਏ ਹਨ ਜਿਨ੍ਹਾਂ ਦਾ ਸਾਡੇ ਦੇਸ਼ ਨੂੰ ਨਹੀਂ ਬਲਕਿ ਸਾਰੀ ਦੁਨੀਆਂ ਨੂੰ ਘਾਟਾ ਉਠਾਉਣਾ ਪਿਆ ।

ਪਿਛਲੇ ਸਮੇਂ ਤੋਂ ਸਾਡੇ ਦੇਸ਼ ਨਾਲ ਉਨ੍ਹਾਂ ਦੇ ਦੇਸ਼ ਦੇ ਤਅਲੱਕਾਤ ਅੱਛੇ ਰਹੇ ਔਰ 20 ਸਾਲ ਹਿੰਦ-ਰੂਸ ਸੰਧੀ ਕੀਤੀ । ਅੱਜ ਉਸ ਟਰੀਟੀ ਨੂੰ ਤੋੜਨ ਦੀਆਂ ਕੁਝ ਤਾਕਤਾਂ

Original with;
Punjab Vidhan Sabha
Digitized by;
Panjab Digital Library

ਸਾਜ਼ਸ਼ਾਂ ਕਰ ਰਹੀਆ ਹਨ । ਅੱਜ ਉਸ ਮਹਾਨ ਲੀਡਰ ਨੂੰ ਸੱਚੀ ਸ਼ਰਧਾਂਜਲੀ ਇਸ ਗੱਲ ਤੇ ਹੈ ਕਿ ਉਸ ਟਰੀਟੀ ਨੂੰ ਕਾਇਮ ਰਖਿਆ ਜਾਏ ।

ਸ੍ਰੀ ਮਹਿੰਦਰਾ ਮੋਹਨ ਚੌਧਰੀ 1973 ਤੋਂ 1977 ਤਕ ਸਾਡੇ ਪੰਜਾਬ ਦੇ ਗਵਰਨਰ ਰਹੇ । ਉਨ੍ਹਾਂ ਨੇ ਆਪਣੇ ਸਮੇਂ ਦੇ ਦੌਰਾਨ ਸਾਡੇ ਪੰਜਾਬ ਦੀਆਂ ਸਮਸਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ । ਇਸ ਤੋਂ ਇਲਾਵਾ ਆਸਾਮ ਦੇ ਵਿਚ ਉਨ੍ਹਾਂ ਕੋਲ ਐਜੂਕੇਸ਼ਨ ਦਾ ਪੋਰਟਫੋਲਿਓ ਰਿਹਾ । ਉਥੇ ਉਨ੍ਹਾਂ ਨੇ ਐਜੂਕੇਸ਼ਨ ਵਿਚ ਕਾਫ਼ੀ ਸੁਧਾਰ ਲਿਆਉਣ ਦੀ ਕੋਸ਼ਿਸ ਕੀਤੀ । ਅੱਜ ਉਹ ਵੀ ਸਾਡੇ ਤੋਂ ਵਿਛੜ ਗਏ ਹਨ, ਜਿਸ ਨਾਲ ਸਾਡੇ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਸਰਦਾਰ ਉਜਲ ਸਿੰਘ ਸਾਡੇ ਫ਼ਾਰਮਰ ਗਵਰਨਰ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਦੇਸ਼ ਦੇ ਲੋਕਾਂ ਦੇ ਲੇਖੇ ਲਾ ਦਿਤਾ, ਉਹ ਵੀ ਸਾਡੇ ਤੋਂ ਵਿਛੜ ਗਏ ਹਨ ।

ਚੋਧਰੀ ਸੂਰਜ ਮੱਲ, ਸਰਦਾਰ ਜਸਦੇਵ ਸਿੰਘ, ਸ੍ਰੀਮਤੀ ਸ਼ਨੋ ਦੇਵੀ, ਟਿੱਕਾ ਜਗਤਾਰ ਸਿੰਘ ਅਤੇ ਬਾਬੂ ਸਿਰੀ ਚੰਦ ਗੋਇਲ, ਉਹ ਪੰਜਾਬ ਔਰ ਹਰਿਆਣਾ ਦੇ ਉੱਚ ਕੋਟੀ ਦੇ ਪਾਲੇਟਿਸ਼ੀਅਨਜ਼ ਸਨ ਅਤੇ ਸਾਡੇ ਤੋਂ ਵਿੱਛੜ ਗਏ ਹਨ ।

ਇਸ ਦੇ ਨਾਲ ਹੀ ਸ੍ਰੀ ਭਜਨ ਲਾਲ ਜਿਹੜੇ ਕਿ ਮਾਲਵਾ ਦੇ ਸਮਾਣਾ ਹਲਕੇ ਤੋਂ ਐਮ. ਐਲ. ਏ. ਰਹੇ ਹਨ, ਉਹ ਗਰੀਬਾਂ ਨਾਲ ਕਾਫ਼ੀ ਪਿਆਰ ਕਰਦੇ ਸਨ ਅਤੇ ਉਨ੍ਹਾਂ ਵਿਚ ਕਾਫ਼ੀ ਦਿਲਚਸਪੀ ਦਿਖਾਉਂਦੇ ਸਨ ।

ਕਾਮਰੇਡ ਦਾਨਾ ਰਾਮ, ਤਿੰਨ ਵਾਰੀ ਇਸ ਹਾਊਸ ਦੇ ਮੈਂਬਰ ਰਹੇ ਹਨ, 1969, 1972 ਅਤੇ 1977 ਵਿਚ ਉਹ ਚੁਣ ਕੇ ਆਏ । ਦੋ ਟਰਮਾਂ ਵਿਚ ਮੈਂ ਉਨ੍ਹਾਂ ਦੇ ਨਾਲ ਇਸ ਹਾਊਸ ਵਿਚ ਰਿਹਾ ਹਾਂ । ਸਾਨੂੰ ਇਸ ਗੱਲ ਦਾ ਬੜਾ ਮਾਣ ਹੁੰਦਾ ਸੀ ਜਦੋਂ ਉਹ ਦੱਬੇ ਕੁਚਲੇ ਅਤੇ ਗਰੀਬ ਲੋਕਾਂ ਦੀਆਂ ਤਕਲੀਫ਼ਾਂ ਹਾਊਸ ਵਿਚ ਗਰਜ ਕੇ ਸੁਣਾਉਂਦੇ ਸਨ । ਉਹ ਇਮਾਨਦਾਰ ਸਾਥੀ ਸਨ । ਉਨ੍ਹਾਂ ਦੇ ਭੋਗ ਤੇ ਇਕ ਬਹੁਤ ਵੱਡਾ ਇਕੱਠ ਹੋਇਆ ਉਸ ਦੇ ਪਿਆਰ ਦਾ ਉਥੋਂ ਪਤਾ ਲਗਦਾ ਸੀ ਕਿ ਉਹ ਕਿੰਨੇ ਲੋਕਾਂ ਵਿਚ ਪਾਪੂਲਰ ਸਨ । ਉਹ ਕਾਮਰੇਡ ਸਾਥੀ ਦਬੇ ਕੁਚਲੇ ਲੋਕਾਂ ਦੇ ਹੱਕਾਂ ਲਈ ਲੜਦੇ ਰਹੇ, ਉਹ ਅਜ ਸਾਡੇ ਵਿਚ ਨਹੀਂ ਰਹੇ । ਇਸ ਕਰਕੇ ਸਾਡੀ ਮਜ਼ਦੂਰ ਜਮਾਤ ਨੂੰ ਬਹੁਤ ਘਾਟਾ ਪਿਆ ਹੈ ।

ਨਵਾਬ ਇਫ਼ਤਿਖਾਰ ਅਲੀ ਖਾਨ ਭਾਵੇਂ ਉਹ ਨਵਾਬ ਸਨ, ਪਰ ਉਹ ਲੋਕਾਂ ਵਿਚ ਹਰਮਨ ਪਿਆਰੇ ਸਨ । ਉਹ ਮੇਰੇ ਜ਼ਿਲ੍ਹੇ ਦੇ ਸਨ । ਉਨ੍ਹਾਂ ਲਈ ਹਿੰਦੂ, ਸਿਖ, ਇਸਾਈ, ਮੁਸਲਮਾਨ ਵਿਚ ਕੋਈ ਫ਼ਰਕ ਨਹੀਂ ਸੀ । ਉਨ੍ਹਾਂ ਨੂੰ ਸਾਰੇ ਇਜ਼ਤ ਬਖਸ਼ਦੇ ਸਨ । ਅਮਨ ਤੋਂ ਬਾਦ ਭਾਵੇਂ ਉਹ ਕਾਂਗਰਸ ਟਿਕਟ ਤੇ ਲੜੇ ਤੇ ਭਾਵੇਂ ਉਹ ਅਕਾਲੀ ਟਿਕਟ ਤੇ ਲੜੇ ਉਹ ਡੱਟ ਕੇ ਲੜੇ ਅਤੇ ਲੋਕਾਂ ਦੀ ਸੇਵਾ ਕੀਤੀ । ਪਿਛਲੇ ਸਮੇਂ ਜਦੋਂ ਉਹ ਇਸ ਹਾਊਸ ਦੇ ਮੈਂਬਰ ਸਨ ਤਾਂ ਉਹ ਮਨਾਰਿਟੀ ਲਈ ਆਪਣੇ ਵਿਚਾਰ ਪੇਸ਼ ਕਰਦੇ ਰਹੇ, ਉਹ ਅੱਜ ਸਾਡੇ ਤੋਂ ਵਿਛੜ ਗਏ ਹਨ ।

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ ]

ਸ੍ਰੀ ਲਾਲ ਚੰਦ ਪ੍ਰਾਰਥੀ, ਸਾਡੇ ਇਸ ਹਾਊਸ ਵਿਚ ਮੈਂਬਰ ਰਹੇ । ਉਹ ਕੁਲੂ ਕਾਂਸਟੀਚਿਊਐਂਸੀ ਤੋਂ ਇਲੈਕਟ ਹੋ ਕੇ ਆਇਆ ਕਰਦੇ ਸਨ, ਜਿਹੜੀ ਕਿ ਅੱਜ ਹਿਮਾਚਲ ਪ੍ਰਦੇਸ਼ ਵਿਚ ਹੈ । ਉਹ ਸਾਡੇ ਇਸ ਹਾਊਸ ਦੇ ਮਾਨਯੋਗ ਮੈਂਬਰ ਰਹੇ । ਸ੍ਰੀ ਮੂਲ ਰਾਜ ਸ਼ਰਮਾ ਆਜ਼ਾਦੀ ਦੀ ਲਹਿਰ ਦੇ ਘੁਲਾਟੀਏ ਤੇ ਸੋਸ਼ਲ ਵਰਕਰ ਸਨ, ਜਿਨ੍ਹਾਂ ਨੇ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਤਨ, ਮਨ ਅਤੇ ਧਨ ਨਾਲ ਹਿੱਸਾ ਪਾਇਆ । ਉਹ ਅੱਜ ਸਾਡੇ ਨਾਲੋਂ ਵਿੱਛੜ ਗਏ ਹਨ । ਇਸ ਨਾਲ ਸਾਰੇ ਦੇਸ਼ ਨੂੰ ਅਤੇ ਪੰਜਾਬ ਨੂੰ ਬਹੁੱਤ ਬੜਾ ਘਾਟਾ ਪਿਆ ਹੈ । ਸਰਦਾਰ ਪੂਰਣ ਸਿੰਘ ਮਧੀਰ, ਇਸ ਹਾਊਸ ਦੇ ਮੈਂਬਰ ਰਹੇ ਹਨ । ਉਨ੍ਹਾਂ ਨੇ ਆਪਣੇ ਸਮੇਂ ਦੇ ਦੌਰਾਨ ਮਜ਼ਦੂਰਾਂ ਅਤੇ ਕਿਸਾਨਾਂ ਦੇ ਮਸਲੇ ਉਥੇ ਰੱਖੇ ਹਨ । ਪੰਡਿਤ ਰਾਮ ਕੁਮਾਰ ਨੇ ਅੰਗਰੇਜ਼ਾਂ ਦੇ ਸਮੇਂ ਤੋਂ ਲੈ ਕੇ ਆਪਣੇ ਜੀਵਨ ਦੇ ਅੰਤ ਤਕ ਜੰਤਾ ਦੀ ਖਾਤਰ ਲੜਾਈਆਂ ਲੜੀਆਂ । ਉਹ ਕਾਲੇ ਕਾਨੂੰਨ ਯਾਨੀ ਰੋਲਟ ਐਕਟ ਦੇ ਖਿਲਾਫ ਡਟ ਕੇ ਲੜਦੇ ਰਹੇ । ਭਾਵੇਂ ਆਜ਼ਾਦੀ ਦੀ ਕੋਈ ਵੀ ਮੂਵਮੈਂਟ ਸੀ, ਉਹ ਉਸਦੇ ਵਿੱਚ ਡਟ ਕੇ ਹਿੱਸਾ ਪਾਉਂਦੇ ਰਹੇ । ਪਿਛਲੇ ਸਮੇਂ ਵਿੱਚ ਉਹ ਸਾਡੇ ਕੋਲੋਂ ਵਿਛੜ ਗਏ ਹਨ । ਸਾਡੇ ਪੰਜਾਬ ਨੂੰ ਬਹੁੱਤ ਬੜਾ ਘਾਟਾ ਪਿਆ ਹੈ ।

ਸਪੀਕਰ ਸਾਹਿਬ, ਜੋ ਇਸ ਸਦਨ ਦੇ ਮਾਨਯੋਗ ਮੈਂਬਰ ਅਤੇ ਪੁਲੀਟੀਕਲ ਸਾਥੀ ਸਾਡੇ ਕੋਲੋਂ ਵਿਛੜ ਗਏ ਹਨ, ਸਾਨੂੰ ਅਤੇ ਸਾਰੇ ਦੇਸ਼ ਨੂੰ ਇਸ ਨਾਲ ਬਹੁੱਤ ਬੜਾ ਘਾਟਾ ਪਿਆ ਹੈ । ਇਹ ਬੜੇ ਦੁੱਖ ਦੀ ਗੱਲ ਹੈ । ਸਾਰੇ ਹਾਊਸ ਨੂੰ ਮਤਾ ਪਾਸ ਕਰਕੇ ਸਰਵਸੰਮਤੀ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜਣਾ ਚਾਹੀਦਾ ਹੈ ਤਾਂ ਕਿ ਅਸੀਂ ਉਨ੍ਹਾਂ ਨੂੰ ਮਾਣ ਦੇ ਸਕੀਏ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਪਾਰਟੀ ਵੱਲੋਂ ਇਸ ਸ਼ੋਕ ਪ੍ਰਸਤਾਵ ਵਿੱਚ ਸ਼ਰੀਕ ਹੁੰਦਾ ਹਾਂ ।

**ਕਾਮਰੇਡ ਬਲਦੇਵ ਸਿੰਘ ਲੰਬਾ** (ਸ਼ੁਤਰਾਣਾ, ਐਸ. ਸੀ.): ਸਪੀਕਰ ਸਾਹਿਬ, ਜੋ ਮਤਾ ਅੱਜ ਸੀ. ਐਮ. ਸਾਹਿਬ ਨੇ ਇਸ ਹਾਊਸ ਵਿੱਚ ਰਖਿਆ ਹੈ, ਮੈਂ ਆਪਣੀ ਪਾਰਟੀ ਵੱਲੋਂ ਇਸ ਵਿੱਚ ਸ਼ਾਮਲ ਹੁੰਦਾ ਹਾਂ । ਆਚਾਰੀਆ ਵਿਨੋਬਾ ਭਾਵੇ ਆਮ ਲੋਕਾਂ ਦੀ ਅਗਵਾਈ ਕਰਨ ਵਾਲੇ ਲੀਡਰ ਸਨ । ਭਾਵੇਂ ਭੂਦਾਨ ਅੰਦੋਲਨ ਹੋਵੇ, ਭਾਵੇਂ ਪਦ ਯਾਤਰਾ ਹੋਵੇ, ਉਨ੍ਹਾਂ ਨੇ ਆਪਣਾ ਇੱਕ ਇੱਕ ਮਿੰਟ ਇਨ੍ਹਾਂ ਲੋਕਾਂ ਦੇ ਲਈ ਲਾਇਆ । ਮੈਨੂੰ ਯਾਦ ਹੈ ਮੈਂ ਮਲੇਰਕੋਟਲੇ ਪੜ੍ਹਦਾ ਸੀ। ਉਹ ਪਦ ਯਾਤਰਾ ਤੇ ਆਏ ਹੋਏ ਸੀ । ਅਸੀਂ ਆਪ ਤੁਰ ਕੇ ਉਨ੍ਹਾਂ ਨੂੰ ਦੇਖਣ ਲਈ ਗਏ ਸੀ। ਲੋਕਾਂ ਵਿੱਚ ਉਨ੍ਹਾਂ ਨੂੰ ਵੇਖਣ ਦਾ ਬੜਾ ਉਤਸ਼ਾਹ ਸੀ, ਜਦੋਂ ਉਹ ਪਦ ਯਾਤਰਾ ਤੇ ਆਏ ਹੋਏ ਸਨ । ਉਨ੍ਹਾਂ ਦੇ ਚਲੇ ਜਾਣ ਨਾਲ ਮੈਂ ਸਮਝਦਾ ਹਾਂ ਕਿ ਦੇਸ਼ ਦੇ ਗਰੀਬ ਵਰਗ ਨੂੰ ਬਹੁੱਤ ਵੱਡਾ ਨੁਕਸਾਨ ਹੋਇਆ ਹੈ ।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕਾਮਰੇਡ ਬ੍ਰੈਜ਼ਨੇਵ ਦੇ ਚਲੇ ਜਾਣ ਨਾਲ ਵੀ ਹਿੰਦੁਸਤਾਨ ਨੂੰ ਬਹੁੱਤ ਵੱਡਾ ਘਾਟਾ ਪਿਆ ਹੈ । ਉਨ੍ਹਾਂ ਦੀ ਦੁਨੀਆ ਨੂੰ ਬੜੀ ਵੱਡੀ ਦੇਣ ਸੀ ਇੱਕ ਪਾਸੇ ਉਹ ਅਮਨ ਲਈ ਕੰਮ ਕਰਦੇ ਰਹੇ ਅਤੇ ਨਾਲ ਦੀ ਨਾਲ ਅਮਨ ਨੂੰ ਬਰਕਰਾਰ ਰਖਣ ਦੀ ਖਾਤਰ ਵੀ ਹਰ ਫਰੰਟ ਉਤੇ ਉਹ ਲੜਾਈ ਲੜਦੇ ਰਹੇ । ਅਮਰੀਕਾ ਵੱਲੋਂ ਦੁਨੀਆ ਵਿੱਚ ਕੀਤੀਆਂ ਜਾ ਰਹੀਆਂ ਸਾਜ਼ਿਸ਼ਾਂ ਅਤੇ ਚਾਲਾਂ ਨੂੰ ਭੰਨਣ ਤੋਂ ਵੀ ਕਦੇ ਉਹ ਪਿਛੇ ਨਹੀਂ ਰਹੇ । ਉਨ੍ਹਾਂ ਦੇ ਹੁੰਦੇ ਹੋਏ ਅਮਰੀਕੀ ਸਾਮਰਾਜ ਕਿਸੇ ਦੁਨੀਆਂ ਦੇ ਮੁਲਕ ਵਿੱਚ ਨੁਕਸਾਨ ਨਹੀਂ ਕਰ ਸਕਿਆ । ਭਾਵੇਂ ਗੋਆ ਦਮਨ ਦਿਊ ਦਾ ਸਵਾਲ ਸੀ, ਭਾਵੇਂ ਕਸ਼ਮੀਰ

Original with;
Punjab Vidhan Sabha
Digitized by;
Panjab Digital Library

ਦਾ ਸਵਾਲ ਸੀ, ਭਾਵੇਂ ਬੰਗਲਾ ਦੇਸ਼ ਦੀ ਲੜਾਈ ਦਾ ਸਵਾਲ ਸੀ, ਗੱਲ ਕੀ ਹਰੇਕ ਮੁਸੀਬਤ ਵਿੱਚ ਉਹ ਸਾਡੇ ਨਾਲ ਰਹੇ । ਉਨ੍ਹਾਂ ਨੂੰ ਪਤਾ ਸੀ ਕਿ ਡਿਵੈਲਪਿੰਗ ਕੰਟਰੀਜ਼ ਵਿੱਚ ਮੁਸੀਬਤਾਂ ਆਉਂਦੀਆਂ ਹਨ । ਬਿਨਾ ਸਾਡੇ ਕਹੇ ਉਨ੍ਹਾਂ ਨੇ ਹਮੇਸ਼ਾਂ ਸਾਡੀ ਬਾਂਹ ਫੜੀ । ਸਾਰੇ ਮੁਲਕਾਂ ਨੂੰ ਚੇਤਾ ਹੈ ਕਿ ਜਿਸ ਵੇਲੇ ਚਵਨ ਸਾਹਿਬ ਕਣਕ ਲੈਣ ਲਈ ਅਮਰੀਕਾ ਗਏ ਹੋਏ ਸਨ ਅਤੇ ਕਣਕ ਦੇਣ ਤੇ ਉਹ ਕੰਡੀਸ਼ਨਾਂ ਲਾ ਰਹੇ ਸਨ ਤਾਂ ਕਾਮਰੇਡ ਬ੍ਰੈਜ਼ਨਵ ਨੇ ਉਥੇ ਹੀ ਐਲਾਨ ਕਰ ਦਿੱਤਾ ਕਿ ਜਿਹੜੇ ਜਹਾਜ਼ ਆਸਟਰੇਲੀਆ ਤੋਂ ਆ ਰਹੇ ਹਨ ਉਹ ਇਧਰ ਨਾ ਆਉਣ, ਸਗੋਂ ਬੋਖਟੀ ਪੋਰਟ ਤੇ ਜਾਣ। ਇਸ ਤਰ੍ਹਾਂ ਸਾਡਾ ਇੱਕ ਸੱਚਾ ਅਤੇ ਪਰਖਿਆ ਹੋਇਆ ਮਿੱਤਰ ਸਾਡੇ ਕੋਲੋਂ ਵਿਛੜ ਗਿਆ ਹੈ । ਸਾਡੇ ਦੇਸ਼ ਨੂੰ ਬਹੁੱਤ ਵੱਡਾ ਘਾਟਾ ਪਿਆ ਹੈ । ਅੱਜ ਅਮਰੀਕੀ ਸਾਮਰਾਜ ਭਾਵੇਂ ਫਾਰਨਰ ਦੇ ਮਾਮਲੇ ਉਤੇ ਅਤੇ ਭਾਵੇਂ ਵੱਖਵਾਦੀ ਤਾਕਤਾਂ ਨੂੰ ਸਹਾਇਤਾ ਦੇਣ ਲਈ ਇਸ ਦੇਸ਼ ਨੂੰ ਵੰਡਣ ਲਈ ਸਾਜ਼ਿਸ਼ਾਂ ਰਚ ਰਿਹਾ ਹੈ। ਇਨ੍ਹਾਂ ਤਾਕਤਾਂ ਦੇ ਖਿਲਾਫ ਲੜਾਈ ਲੜਨ ਵਿੱਚ ਦੁਨੀਆਂ ਦੇ ਪੱਧਰ ਤੇ ਸਾਨੂੰ ਉਨ੍ਹਾਂ ਦੀ ਸਖਤ ਜ਼ਰੂਰਤ ਸੀ ।

ਸਪੀਕਰ ਸਾਹਿਬ, ਸ੍ਰੀ ਮਹਿੰਦਰਾ ਮੋਹਨ ਚੋਧਰੀ, ਸਰਦਾਰ ਉਜਲ ਸਿੰਘ, ਚੋਧਰੀ ਸੂਰਜ ਮਲ, ਸਰਦਾਰ ਜਸਦੇਵ ਸਿੰਘ, ਸ੍ਰੀਮਤੀ ਸ਼ਨੋ ਦੇਵੀ, ਟਿਕਾ ਜਗਤਾਰ ਸਿੰਘ, ਬਾਬੂ ਸ੍ਰੀ ਚੰਦ ਗੋਇਲ, ਇਨ੍ਹਾਂ ਸਾਰੀਆਂ ਹਸਤੀਆਂ ਨੇ ਆਪਣੇ ਆਪਣੇ ਉਹਦਿਆਂ ਤੇ ਰਹਿ ਕੇ ਦੇਸ਼ ਦੀ ਸੇਵਾ ਕੀਤੀ । ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਦੇਸ਼ ਨੂੰ ਬਹੁੱਤ ਵੱਡਾ ਨੁਕਸਾਨ ਪਹੁੰਚਿਆ ਹੈ ।

ਸਪੀਕਰ ਸਾਹਿਬ, ਸ੍ਰੀ ਭਜਨ ਲਾਲ ਮੇਰੇ ਹਲਕੇ ਦੇ ਸਨ । ਮੇਰਾ ਉਨ੍ਹਾਂ ਨਾਲ ਇੱਕ ਵਾਰੀ ਮੁਕਾਬਲਾ ਵੀ ਹੋਇਆ ਅਤੇ ਇੱਕ ਵਾਰੀ ਇਕੱਠੇ ਵੀ ਅਸੀਂ ਅਲੈਕਸ਼ਨ ਲੜੀ । ਮੈਂ ਸਮਝਦਾ ਹਾਂ ਕਿ ਜਿਤਨਾ ਸਾਦਾ ਜੀਵਨ ਉਨ੍ਹਾਂ ਦਾ ਸੀ, ਉਸ ਤਰ੍ਹਾਂ ਦਾ ਸਾਦਾ ਜੀਵਨ ਕਿਸੇ ਪਾਲੀਟੀਸ਼ਿਅਨ ਲਈ ਰਖਣਾ ਬਹੁੱਤ ਮੁਸ਼ਕਿਲ ਹੈ । ਉਹ ਆਪਣੇ ਘਰੋਂ ਰੋਟੀ ਦਾ ਡੱਬਾ ਲੈ ਕੇ ਆਪਣੇ ਦਫਤਰ ਵਿੱਚ ਆਂ ਕੇ ਬੈਠ ਜਾਂਦੇ ਸਨ । ਉਥੇ ਹੀ ਬੈਠ ਕੇ ਉਹ ਲੋਕਾਂ ਦੇ ਕੰਮ ਕਰਦੇ ਸਨ ਅਤੇ ਸ਼ਾਮ ਨੂੰ ਘਰ ਵਾਪਸ ਚਲੇ ਜਾਂਦੇ ਸਨ । ਹਰੀਜਨਾਂ ਦੇ ਉਹ ਮਾਲਵੇ ਵਿੱਚ ਬਹੁੱਤ ਹਰਮਨ ਪਿਆਰੇ ਲੀਡਰ ਸਨ । ਸਾਰੇ ਪੰਜਾਬ ਦਾ ਭਾਵੇਂ ਨਾ ਕਹੀਏ ਪਰ ਖਾਸ ਕਰਕੇ ਸਮਾਣੇ ਦੇ ਹਲਕੇ ਨੂੰ ਉਨ੍ਹਾਂ ਦੇ ਜਾਣ ਨਾਲ ਬਹੁੱਤ ਘਾਟਾ ਪਿਆ ਹੈ ।

ਸਪੀਕਰ ਸਾਹਿਬ, ਕਾਮਰੇਡ ਦਾਨਾ ਰਾਮ ਬਾਰੇ ਕੋਈ ਭੁਲਿਆ ਨਹੀਂ ਹੈ । ਉਹ ਕਿਸ ਤਰ੍ਹਾਂ ਕਿਸਾਨ ਅਤੇ ਖੇਤ ਮਜ਼ਦੂਰ ਨੂੰ ਆਰਗੇਨਾਈਜ਼ ਕਰਦੇ ਸਨ ਅਤੇ ਅਸੈਂਬਲੀ ਵਿੱਚ ਖੇਤ ਮਜ਼ਦੂਰਾਂ ਦੇ ਖਾਤਰ ਲੜਦੇ ਸਨ । ਆਖਰੀ ਦਮ ਤਕ, ਭਾਵੇਂ ਉਹ ਹੁਣ ਐਮ. ਐਲ. ਏ. ਨਹੀਂ ਸਨ ਤਾਂ ਵੀ ਉਹ ਖੇਤ ਮਜ਼ਦੂਰਾਂ ਵਿੱਚ ਉਸੇ ਤਰ੍ਹਾਂ ਕੰਮ ਕਰਦੇ ਰਹੇ । ਸਪੀਕਰ ਸਾਹਿਬ, ਇਹ ਬਿਲਕੁਲ ਠੀਕ ਗੱਲ ਹੈ ਕਿ ਨਵਾਬ ਸਾਹਿਬ ਮਲੇਰਕੋਟਲੇ ਵਿੱਚ ਬਹੁੱਤ ਹਰਮਨ ਪਿਆਰੇ ਸਨ । ਪਹਿਲੀਆਂ ਦੋ ਇਲੈਕਸ਼ਨਾਂ ਵਿੱਚ ਤਾਂ ਕੋਈ ਕੈਂਡੀਡੇਟ ਉਨ੍ਹਾਂ ਦੇ ਨੇੜੇ ਵੀ ਨਹੀਂ ਪਹੁੰਚਿਆ ਖਾਸ ਕਰਕੇ ਅੱਜ ਦੇ ਸਮੇਂ ਵਿੱਚ ਜਿਸ ਵੇਲੇ ਵੱਖਵਾਦੀ ਅਤੇ ਅੱਤਵਾਦੀ ਤਾਕਤਾਂ ਸਾਡੇ ਦੇਸ਼ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ, ਅਜਿਹੇ ਲੋਕਾਂ ਦੀ ਬੜੀ ਜ਼ਰੂਰਤ ਸੀ । ਅੱਜ ਅਚਾਨਕ ਹੀ ਸਾਡੇ ਵਿੱਚੋਂ ਉਹ ਚਲੇ ਗਏ ਹਨ ।

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਬਲਦੇਵ ਸਿੰਘ ਲੂੰਬਾ ]

ਸਪੀਕਰ ਸਾਹਿਬ, ਇਸੇ ਤਰ੍ਹਾਂ ਸ੍ਰੀ ਲਾਲ ਚੰਦ ਪ੍ਰਾਰਥੀ, ਸ੍ਰੀ ਮੂਲ ਰਾਜ ਸ਼ਰਮਾ, ਸਰਦਾਰ ਪੂਰਣ ਸਿੰਘ ਮਧੀਰ ਅਤੇ ਪੰਡਿਤ ਰਾਮ ਕੁਮਾਰ, ਆਪਣੇ ਆਪਣੇ ਸਮੇਂ ਐਮ. ਐਲ. ਏ. ਰਹੇ । ਉਹ ਲੋਕਾਂ ਦੀ ਸੇਵਾਂ ਕਰਦੇ ਰਹੇ । ਇਨ੍ਹਾਂ ਸਾਰੀਆਂ ਵਿਛੜਣ ਵਾਲੀਆਂ ਸ਼ਖਸੀਅਤਾਂ ਨੂੰ ਮੈਂ ਆਪਣੀ ਪਾਰਟੀ ਵੱਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ । ਮੈਂ ਮਗ ਕਰਦਾ ਹਾਂ ਕਿ ਇਨ੍ਹਾਂ ਦੀ ਆਤਮਾਂ ਦੀ ਸ਼ਾਂਤੀ ਲਈ ਅਸੀਂ ਦੋ ਮਿੰਟ ਮੌਨ ਧਾਰਨ ਕਰੀਏ । ਸੀ. ਐਮ: ਸਾਹਿਬ ਨੇ ਜੋ ਮਤਾ ਹਾਊਸ ਦੇ ਸਾਹਮਣੇ ਰਖਿਆ ਹੈ, ਇਹ ਇਨ੍ਹਾਂ ਦੇ ਘਰਾਂ ਨੂੰ ਭੇਜ ਦਿਤਾ ਜਾਵੇ ।

**ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ)** : ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਮੁਆਫੀ ਮੰਗਦਾ ਹਾਂ ਕਿ ਸਾਡੇ ਇੱਕ ਬਹੁਤ ਮੁੱਖੀ ਸਜਣ, ਸ੍ਰੀ ਰਣਬੀਰ ਸਿੰਘ ਐਡੀਟਰ ਮਿਲਾਪ, ਸਾਡੇ ਕੋਲੋਂ ਵਿਛੜ ਗਏ ਹਨ । ਉਹ ਸਾਡੇ ਬਹੁਤ ਵੱਡੇ ਫਰੀਡਮ ਫਾਈਟਰ ਅਤੇ ਨੈਸ਼ਨੇਲਿਸਟ ਸਨ । ਉਨ੍ਹਾਂ ਦਾ ਨਾਂ ਰਹਿ ਗਿਆ ਸੀ, ਇਸ ਗੱਲ ਲਈ ਮੈਨੂੰ ਮੁਆਫੀ ਦੇਣਾ । ਉਹ ਨਾ ਸਿਰਫ ਫਰੀਡਮ ਫਾਈਟਰ ਸਨ, ਬਲਕਿ ਉਹ ਫਾਂਸੀ ਦੇ ਤਖਤਿਆਂ ਤੋਂ ਬੱਚ ਕੇ ਨਿਕਲੇ ਸਨ । ਉਹ ਅੰਗਰੇਜ਼ਾਂ ਨਾਲ ਲੜਾਈ ਕਰਨ ਵਿੱਚ ਮੋਢੀ ਸਨ । ਹਮੇਸ਼ਾਂ ਆਪਣੀ ਛਾਤੀ ਤਾਣ ਕੇ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ । ਸਪੀਕਰ ਸਾਹਿਬ, ਇਹ ਖਾਨਦਾਨ ਹੀ ਲੜਾਈਆਂ ਲੜਨ ਵਾਲਾ ਹੈ । ਇਹ ਅੰਗਰੇਜ਼ਾਂ ਦੇ ਖਿਲਾਫ ਲੜੇ ਹਨ ਅਤੇ ਉਨ੍ਹਾਂ ਨੇ ਆਪਣਾ ਮੁਕਾਮ ਆਪ ਪਾਇਆ ਹੈ । ਸਾਡੇ ਆਨਰੇਬਲ ਮੈਂਬਰ ਯਸ਼ ਜੀ ਇਥੇ ਬੈਠੇ ਹਨ। ਉਹ ਇਨ੍ਹਾਂ ਦੇ ਵੱਡੇ ਭਰਾ ਸਨ । ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਕੌਮ ਵਾਸਤੇ ਲਾਈ । ਉਹ ਗਰੀਬਾਂ ਦੇ ਹਮਦਰਦ ਸਨ । ਉਨ੍ਹਾਂ ਨੇ ਆਪਣੀ ਕਲਮ ਵਿੱਚ ਜੁੰਬਸ਼ ਵਿਖਾਈ । ਉਹ ਹਮੇਸ਼ਾਂ ਆਪਣੀ ਕਲਮ ਨਾਲ ਦੇਸ਼ ਨੂੰ ਇੱਕਠਾ ਰਖਣ ਵਾਸਤੇ, ਦੇਸ਼ ਵਿੱਚ ਨੈਸ਼ਨੇਲਿਸਟ ਫੋਰਸਿਜ਼ ਨੂੰ ਪ੍ਰੋਤਸਾਹਨ ਦੇਣ ਲਈ ਕੋਸ਼ਿਸ਼ ਕਰਦੇ ਰਹੇ । ਡੈਮੋਕਰੇਸੀ ਅਤੇ ਸੈਕੂਲਰਿਜ਼ਮ ਦੀ ਪੂਰੇ ਤੌਰ ਤੇ ਆਪਣੀ ਕਲਮ ਨਾਲ ਮੱਦਦ ਕੀਤੀ । ਬਹੁਤ ਔਖੇ ਸਮੇਂ ਵਿੱਚ ਜਦੋਂ ਕਾਂਗਰਸ ਨੂੰ ਬਹੁੱਤ ਔਖ ਸੀ, ਉਦੋਂ ਵੀ ਉਨ੍ਹਾਂ ਨੇ ਆਪਣੀ ਕਲਮ ਨੂੰ ਬੰਦ ਨਹੀਂ ਕੀਤਾ ਬਲਕਿ ਦੇਸ਼ ਦੇ ਸਾਰੇ ਹਾਲਾਤ ਨੂੰ ਇਸ ਤਰ੍ਹਾਂ ਲਿਖਦੇ ਸਨ ਜਿਸਦੀ ਕੋਈ ਮਿਸਾਲ ਨਹੀਂ । ਉਹ ਨਿਡਰ ਸਨ । ਕਿਸੇ ਤੋਂ ਭੈਅ ਨਹੀਂ ਸਨ ਰਖਦੇ । ਉਨ੍ਹਾਂ ਦਾ ਸਾਡੇ ਵਿਚੋਂ ਚਲੇ ਜਾਣਾ ਬਹੁੱਤ ਦੁਖਦਾਈ ਹੈ। ਉਹ ਅਖਬਾਰ ਦੇ ਐਡੀਟਰ ਸਨ, ਲਿਖਾਰੀ ਸਨ ਅਤੇ ਉਨ੍ਹਾਂ ਨੇ ਬਹੁੱਤ ਸਾਰੀਆਂ ਕਿਤਾਬਾਂ ਲਿਖੀਆਂ ਸਨ । ਦਸਵੀਂ ਪਾਤਸ਼ਾਹੀ ਦੀ ਪੂਰੀ ਹਿਸਟਰੀ ਵੀ ਉਨ੍ਹਾਂ ਨੇ ਲਿਖੀ । ਉਹ ਹਿੰਦੂ, ਸਿੱਖ ਅਤੇ ਮੁਲਸਮਾਨ ਵਿੱਚਕਦੇ ਭੇਦ ਨਹੀਂ ਰਖਦੇ ਸਨ। ਉਹ ਨੈਸ਼ਨੇਲਿਜ਼ਮ ਔਰ ਸੈਕੂਲਰਿਜ਼ਮ ਦੇ ਪੁਜਾਰੀ ਸਨ। ਸਾਡੇ ਵਿੱਚੋਂ ਉਨ੍ਹਾਂ ਦਾ ਚਲੇ ਜਾਣਾ ਬਹੁਤ ਦੁਖ ਦੀ ਗੱਲ ਹੈ । ਉਨ੍ਹਾਂ ਦੇ ਚਲੇ ਜਾਣ ਨਾਲ ਉਨ੍ਹਾਂ ਦੀ ਕਲਮ ਸਾਡੇ ਕੋਲੋਂ ਖੋਹੀ ਗਈ ਹੈ । ਉਹ ਜੋ ਲਿਖਦੇ ਸਨ ਉਸ ਤੇ ਸਾਰਾ ਹਿੰਦੁਸਤਾਨ ਫਖਰ ਕਰਦਾ ਸੀ । ਉਹ ਐਸਾ ਕਮਾਲ ਦਾ ਲਿਖਦੇ ਸਨ ਕਿ ਲੋਕਾਂ ਨੂੰ ਆਪਣੇ ਵਿਚਾਰ ਕਾਇਮ ਕਰਨ ਵਿਚ ਔਰ ਬਦਲਣ ਵਿਚ ਬੜੇ ਲਾਭਦਾਇਕ ਹੁੰਦੇ ਸਨ । ਮੈਂ ਹਾਊਸ ਕੋਲੋਂ ਮੁਆਫੀ ਮੰਗਦਾ ਹਾਂ ਕਿ ਇਨ੍ਹਾਂ ਦਾ ਨਾਂ ਪਹਿਲੇ ਮੈਂ ਨਹੀਂ ਕਹਿ ਸਕਿਆ ਔਰ ਉਹ ਛੁਟ ਗਏ ਸਨ । ਇਸ ਲਈ ਮੈਂ ਹੁਣ ਦੋਬਾਰਾ ਦਖਲ ਦਿੱਤਾ ਹੈ । ਇਨ੍ਹਾਂ ਲਫਜ਼ਾਂ ਨਾਲ ਮੈਂ ਇਹ

Original with;
Punjab Vidhan Sabha
Digitized by;
Panjab Digital Library

ਪਰੋਪੋਜ਼ ਕਰਦਾ ਹਾਂ ਕਿ:

I propose that as a mark of respect to the great personalities who have departed from us, all the members of the House may stand in silence for two minutes and deep sympathy of the House be conveyed to their next of kins.

**ਸ੍ਰੀ ਸਪੀਕਰ**: ਜਿਹੜੇ ਮਹਾਨ ਵਿਅਕਤੀ ਸਾਡੇ ਕੋਲੋਂ ਵਿਛੜ ਗਏ ਹਨ, ਉਨ੍ਹਾਂ ਨੇ ਬਹੁਤ ਵੱਡਾ ਹਿੱਸਾ ਮੁਲਕ ਬਣਾਉਣ ਵਿਚ ਪਾਇਆ ਹੈ । ਇਨ੍ਹਾਂ ਵਿਚ ਦੋ ਐਸੇ ਵਿਅਕਤੀ ਸਨ ਜਿਨ੍ਹਾਂ ਦਾ ਨਾਂ ਦੁਨੀਆਂ ਵਿਚ ਰੌਸ਼ਨ ਹੁੰਦਾ ਹੈ; ਆਚਾਰੀਆ ਵਿਨੋਬਾ ਭਾਵੇ ਅਤੇ ਪ੍ਰੈਜ਼ੀਡੈਂਟ ਬ੍ਰੈਜ਼ਨਿਵ । ਇਨ੍ਹਾਂ ਨੇ ਆਪਣੇ ਆਪਣੇ ਤਰੀਕੇ ਨਾਲ ਅਮਨ ਨੂੰ ਕਾਇਮ ਰੱਖਣ ਔਰ ਮਜ਼ਬੂਤ ਰੱਖਣ ਵਿਚ ਬਹੁਤ ਵੱਡਾ ਹਿਸਾ ਪਾਇਆ ਹੈ । ਇਨ੍ਹਾਂ ਦਾ ਜੀਵਨ ਸਮਾਜਿਕ ਢਾਂਚੇ ਦਾ ਬਣਿਆ ਔਰ ਇਨਸਾਨੀਅਤ ਨਾਲ ਭਰਿਆ ਹੋਇਆ ਰਿਹਾ ਹੈ । ਇਨ੍ਹਾਂ ਦੀ ਦੇਸ਼ ਨੂੰ ਬਹੁਤ ਵੱਡੀ ਕੰਟਰੀਬਿਊਸ਼ਨ ਹੈ । ਇਸ ਸਬੰਧ ਵਿਚ ਹਾਊਸ ਵੱਲੋਂ ਜੋ ਮਤਾ ਰਖਿਆ ਗਿਆ ਹੈ, ਮੈਂ ਉਸ ਵਿਚ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਔਰ ਹਾਊਸ ਦੇ ਮੈਂਬਰਾਂ ਨੂੰ ਅਨੁਰੋਧ ਕਰਦਾ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਹੋਈਆਂ ਆਤਮਾਵਾਂ ਦੀ ਸ਼ਾਂਤੀ ਲਈ ਅਤੇ ਯਾਦ ਵਿਚ ਦੋ ਮਿੰਟ ਲਈ ਆਪਣੀਆਂ ਸੀਟਾਂ ਤੇ ਖੜੇ ਹੋ ਜਾਣ ।

(ਇਸ ਵੇਲੇ ਹਾਊਸ ਵਿਚ ਹਾਜ਼ਰ ਸਾਰੇ ਮਾਨਯੋਗ ਮੈਂਬਰਾਂ ਨੇ ਆਪਣੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਦੋ ਮਿੰਟਾਂ ਲਈ ਮੋਨ ਧਾਰਨ ਕੀਤਾ ।)

## ANNOUNCEMENTS BY THE SPEAKER RE.

### (i) Governor's Address

**Mr. Speaker**: In pursuance of rule 18 of the Rules of Procedure and Conduct of Business in the Punjab Vidhan Sabha (Punjab Legislative Assembly), I have to report that the Governor was pleased to address the Punjab Vidhan Sabha today the 7th March, 1983 under Article 176 (1) of the Constitution of India.

A copy of the Address is laid on the Table of the House.

**"ਸਤਿਕਾਰ ਯੋਗ ਸਪੀਕਰ ਸਾਹਿਬ ਅਤੇ ਮੈਂਬਰ ਸਾਹਿਬਾਨ,**

ਰਾਜਪਾਲ ਦਾ ਅਹੁਦਾ ਸੰਭਾਲਣ ਤੋਂ ਪਿਛੋਂ ਅੱਜ ਮੈਂ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦੇ ਇਜਲਾਸ ਨੂੰ ਸੰਬੋਧਨ ਕਰਨ ਦਾ ਮਾਣ ਲੈ ਰਿਹਾ ਹਾਂ ।

2. ਸਭ ਤੋਂ ਪਹਿਲਾਂ ਮੈਂ ਆਪਣੀ ਸਰਕਾਰ ਅਤੇ ਸਾਰੇ ਪੰਜਾਬ ਵਾਸੀਆਂ ਵੱਲੋਂ ਸਾਡੇ ਹਰਮਨ ਪਿਆਰੇ ਪ੍ਰਧਾਨ ਮੰਤਰੀ ਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕਿ ਪੰਜਾਬ ਰਾਜ ਵਿਚ ਕੌਮੀ ਏਕਤਾ ਅਤੇ ਸੰਪਰਦਾਇਕ ਸਦਭਾਵਨਾ ਵਧਾਉਣ ਲਈ ਕਈ ਯੋਗ ਕਾਰਵਾਈਆਂ ਕੀਤੀਆਂ ਹਨ ।

3. ਮੇਰੀ ਸਰਕਾਰ ਦੁਆਰਾ ਕਾਰਜ-ਭਾਰ ਸੰਭਾਲਣ ਉਪਰੰਤ ਕੀਤੀ ਸਮੁੱਚੀ ਪ੍ਰਗਤੀ ਤੇ ਨਜ਼ਰ ਮਾਰਨ ਤੇ ਅਸੀਂ ਇਹ ਵੇਖਦੇ ਹਾਂ ਕਿ ਇਹ [illegible] ਵਿਕਾਸ ਦੇ ਖੇਤਰ

Original with;
Punjab Vidhan Sabha
Digitized by;
Panjab Digital Library

[Mr. Speaker]

ਵਿਚ ਦੇਸ਼ ਨੂੰ ਰਾਹ ਦਿਖਾਉਣ ਵਾਲੀ ਬਣ ਗਈ ਹੈ ਅਤੇ ਦ੍ਰਿੜ੍ਹਤਾ ਤੇ ਤੇਜ਼ੀ ਨਾਲ ਬੇ-ਮਿਸਾਲ ਪ੍ਰਗਤੀ ਦੀ ਰਾਹ ਵੱਲ ਵੱਧ ਰਹੀ ਹੈ। ਮੇਰੀ ਸਰਕਾਰ ਰਾਜ ਦੇ ਵਿਕਾਸ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਵੱਧ ਤੋਂ ਵੱਧ ਉਤਪਾਦਨ ਕਰਨ, ਉਚਿਤ ਅਤੇ ਸਮਾਨ ਵੰਡ ਨੂੰ ਯਕੀਨੀ ਬਣਾਉਣ, ਸਾਡੇ ਸਤਿਕਾਰਯੋਗ ਪ੍ਰਧਾਨ ਮੰਤਰੀ ਜੀ ਦੇ 20-ਨੁਕਾਤੀ ਪਰੋਗਰਾਮ ਅਧੀਨ ਗਰੀਬਾਂ ਤੇ ਲਤਾੜੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਕਰਨ ਅਤੇ ਲੋਕਾਂ ਦੀਆਂ ਮੁਸੀਬਤਾਂ ਦੂਰ ਕਰਨ ਦੇ ਮਹਾਨ ਕਾਰਜ ਵਿਚ ਲਗਾਤਾਰ ਜੁਟੀ ਹੋਈ ਹੈ। ਆਪ ਦੀ ਆਗਿਆ ਨਾਲ ਮੈਂ ਬਾਕੀ ਭਾਸ਼ਣ ਅੰਗਰੇਜ਼ੀ ਵਿਚ ਪੜ੍ਹਦਾ ਹਾਂ।

In order to attain the goals set forth in this programme, aimed at ushering an era of prosperity in which all segments of the people will participate in the fruits of progress, my Government has set up a separate Department of Economic Co-ordination and 20-Point Programme, which monitors and co-ordinates the time-bound implementation of the programme in the State. Further, in order to ensure that the socio-economic development of the State takes place along planned lines in the long term, my Government is undertaking the preparation of a 25 year perspective plan for the State, which is to be completed during 1983 itself.

4. Significant achievements have already been made but a great deal remains to be done, if our goal of a happy and prosperous Punjab, in which all sections are able to move forward rapidly, is to be realised. This is a task which cannot be accomplished on the basis of narrow communal, parochial or partisan efforts. It requires the unified endeavour of all the People and especially their representatives in this august House. Recently, deliberate attempts have been made to thwart the progress of the State by some communal, separatist, secessionist and disruptive elements My Government is fully alive to their designs. It has taken prompt, effective and vigilant action to curb violence, extremism, communalism, religious bigotry, parochialism and narrow-minded regionalism. The Punjab Police has already identified most of the criminal extremists and their hide-outs have been located. The Dal Khalsa and National Council of Khalistan have been banned by Government of India to curb anti-national activities. The statistics of crime under various heads disclose that the per capita crime rate in Punjab is one of the lowest in the country. Vigorous efforts have been made to modernise the police force and to expand and improve its Communications System by providing 115 Motor Cycles, 25 Patrol Cars equipped with Radio sets and 105 Walkie Talkie Sets during 1982-83. 6 new Police Stations equipped with Wireless Sets are to be set up in 1983-84.

5. My Government is committed to provide a clean, honest and efficient administration, which is a sine-qua-non for the successful working of democracy. Being alive to this need, the State Government has taken vigorous steps to eradicate corruption in public service and has adopted various measures to tone up the administration. During the calendar year 1982, 124 Government employees including 14 gazetted officers were trapped red-handed while accepting bribe in 109 cases. Besides, 27 criminal cases under the Prevention of Corruption Act were registered against 41 Government employees including ten gazetted officers.

6. It is gratifying to note that the economy of the State has shown great resilience to withstand the stresses and strains of political turmoil, erratic rains and drought. It is well-set on the road to accelerated progress and prosperity, which is reflected by the sizeable increase in the plan outlay from Rs. 385 crores to Rs. 44[illegible] 1983-84. This is in sharp contrast to the static outlay of Rs. 260 crores during the tenure of the Previous Government. Punjab continues to be the leading agricultural State in India. It has contributed 48.73 lakh tonnes of wheat to the nation's granary, accounting for 59.2 per cent of the Central Pool. Similarly, market arrival of 55.48 lakh tonnes of paddy by 26th February, 1983, is an all time record and it will enable us to make an even bigger contribution of rice to the Central Pool this

Original with;
Punjab Vidhan Sabha
Digitized by;
Panjab Digital Library

year. This has been possible due to adequate and concessional supply of electricity and other inputs, cheap supply of canal water, uninterrupted supply of diesel and other measures. Although Government has paid special attention to increase foodgrains production, yet the performance of commercial crops is equally impressive, because of various incentives and facilities provided to the farmers.

Under the New 20-Point Programme of the Prime Minister my Government has initiated schemes for increasing the production of pulses and oilseeds. Gypsum is supplied to the farmers at subsidized rates through a network of 380 sale-points by the Punjab State Land Development and Reclamation Corporation. It is heartening to note that Punjab has given a lead to all other States in the consumption of fertilizers, which is 123.7 Kgs. per hectare as compared to the all-India average of 31 Kgs. Another important factor which has led to increase in wheat production is the distribution of weedicides and certified seed. 241 tonnes of weedicides were distributed to the farmers at 25 per cent subsidy, which is 138.6 per cent more than the last year. 23,788 Qtls. of paddy seed and 32,503 Qtls. of wheat seed have been supplied to the farmers. In order to give further impetus to foodgrains production, ambitious targets have been fixed for the year 1983-84. The target of foodgrains production has been fixed at 133.22 lakh tonnes, cotton 14,00 lakh bales, sugarcane (Gur) 7.00 lakh tonnes and oilseeds 2.00 lakh tonnes during 1983-84.

7. The potential for horticultural development is also well recognised and my Government has made strenuous efforts to increase the area under fruit plantation from 20,000 hectares to 27,000 hectares to date. The progress in this direction, is being accelerated by providing for subsidies on nursery plants and other inputs.

8. Forestry is an important facet of land management and economy of the State. For the year 1983-84, Rs. 4.50 crores have been earmarked under the Forestry Group and Rs. 2.50 crores under the Soil Conservation Group. An area of 19,650 hectares will be afforested and 540 lakh plants will be supplied to the public. It is gratifying to note that a Forest Development Corporation has also been set up by my Government in the State.

9. As an integral part of the 20-Point Programme, my Government has laid special emphasis for the development of the backward kandi areas by undertaking a pilot project with the assistance of the World Bank and also under the State Plan Scheme, namely, scheme for Soil and Water Conservation on Watershed Basis. During 1982-83, 14,000 hectares will have been treated with various soil and water conservation measures and the proposal for the next year is to cover an area of 14,050 hectares.

10. To help the poorest of the poor and to open a new vista of prosperity in the rural areas, our plan strategy has been given a tilt in favour of sectors like Community Development, Panchayats, Education and Health. My Government is vigorously implementing the Integrated Rural Development Programme to regenerate the economy and to bring about a spurt in the progress of rural Punjab. In order to ensure that the benefits of prosperity percolate to the lowest level, it has made concerted efforts to improve the lot of families, which have been identified as living below the poverty line, by issuing Yellow Cards. Under this programme, a sum of Rs. 9.36 crores was provided as capital subsidy, stipends under TRYSEM and allied schemes during the current year. An allocation of Rs. 9.44 crores is being proposed for the year 1983-84 to cover an additional 94,400 beneficiaries. It is a matter of pride that 3,39,028 families will have been covered by the Integrated Rural Development Programme, since my Government assumed office. In addition, interest subsidy of Rs. 1 crore is being provided for giving loans to weaker sections. With these subsidies, loans totalling Rs. 44 crores will have been mobilized from institutional sources in rural areas in the last 2 years.

I am very happy to note that in order to mobilise additional resources for all round development in rural areas my Government has set up a Rural Development Society, contributions to which would be exempt from payment of Income Tax. Honourable members will recall that our Prime Minister has

Original with;
Punjab Vidhan Sabha
Digitized by;
Panjab Digital Library

[Mr. Speaker]

recently announced the setting up of a Rural Development Fund with the same objective, at the Centre.

Significant progress has been achieved under the Scheme 'Construction of Streets and Pavement of Drains', despite the constraint of materials. A sum of Rs. 4.60 crores, including the provision under the National Rural Employment Programme, is expected to be sent on the scheme by the end of the year 1982-83. The allocation for the year 1983-84 has been increased to Rs. 10.87 crores, including the allocation under the N.R.E.P.

In order to make a dent on the staggering problem of rural unemployment and under employment, the amount spent under the N.R.E.P. is expected to result in 28 lakhs mandays of employment in the year 1982-83 under the Schemes 'Pavement of Streets and Construction of Drains', 'Afforestation and Flood Protection Embankments and Excavation of Drains.'

11. The decade 1981 to 1990 has been declared as the International Water Supply and Sanitation Decade, in which Punjab is also a participant. 77 more villages during 1982-83 and 125 more villages during 1983-84 will be covered by water supply schemes. A sum of Rs. 8 crores has been allocated for this purpose in 1983-84 as compared to Rs. 5 crores in 1982-83. 25 per cent of the rural population will also be covered by the programme of constructing sanitary latrines.

12. Development of agriculture cannot be considered in isolation from animal husbandry and dairy development, because the farming system in the State is an integrated one. The thrust in the Animal Husbandry sector is two-fold to improve the quality of milch cattle through scientific methods and to provide more avenues of income and employment to the economically weaker sections in rural areas. In order to provide improved health care to the cattle, Government has decided to provide a veterinary hospital each at the sub-divisional level. During 1983-84, 6 lakhs Frozen Semen Straws are likely to be available from the three Frozen Semen Banks as compared to 4.23 lakhs in 1981-82. A veterinary polyclinic has started functioning in the current financial year at Hoshiarpur and another will be set up at Faridkot in the ensuing year.

13. Hon'ble members will be happy to know that due to the vigorous efforts of my Government, milk production in the State is likely to reach a record level of 37,20,000 tonnes by the end of 1982-83 and is likely to go up to 39,97,000 tonnes during the year 1983-84. The Punjab Dairy Development Corporation has extended its milk collection operations to 2,207 villages in 1982. The Corporation has further undertaken the establishment of a Cattle Feed Factory at Chichhrewal, District Gurdaspur. Under Operation Flood-II, 1,560 milk societies have been organised on the Anand Pattern. The milk handling capacity of plants at Sangrur and Jallandhar is being increased from 45,000 litres to 2,50,000 litres per day. The Gurdaspur Milk Plant is under construction.

14. Punjab is making an increasing use of co-operatives in promoting the development of the State. Rs. 275 crores are likely to be advanced as short term and long-term co-operative loans for agricultural inputs during 1982-83 and an even larger amount in the next year. Nearly 45 per cent of short-term loans and 64 per cent of long-term loans are being advanced to small and marginal farmers. The loaning policy has been diversified to include the development of Poultry, Dairy, Fish-culture and Farm Forestry. Under a World Bank Project, construction of godowns for foodgrains and inputs has been undertaken by the Primary Agricultural Societies and Markfed. 38 godowns with a capacity of 79,120 MT have been completed.

15. For the establishment and development of Mandis, the Punjab State Agricultural Marketing Board has allocated Rs. 5 crores in [illegible]. Till end of December, 1982, sites for establishment of new Mandis at 7 places had been selected. Possession of land for 6 Mandis has been taken. In 37 Mandis, 885 plots have been sold, resulting in an income of Rs. 2.18 crores to the State Exchequer,

Original with;
Punjab Vidhan Sabha
Digitized by;
Panjab Digital Library

16. The availability of various essential commodities at reasonable prices has always been a vexed problem. My Government has been fully alive to the need for ensuring availabilty of essential Commodities at reasonable rates and has strengthened and streamlined the Public Distribution System. At present 10,800 Fair Price Shops are functioning which are fed by 301 wholesale centres opened by the Punjab Civil Supplies Corporation.

| 18.12.81 ਤੋਂ 20.12.81 | ਨਵੀਂ ਦਿੱਲੀ | 757 | ਪਲੈਨ ਸਕੀਮ ਮੀਟਿੰਗ । |
| 21.12.81 | ਪਟਿਆਲਾ | 188 | ਪੰਜਾਬੀ ਯੂਨੀਵਰਸਿਟੀ ਦੀ ਸਬ-ਕਮੇਟੀ ਦੀ ਮੀਟਿਗ । |
| 26.12.81 | ਜਲੰਧਰ | 400 | ਸਟੇਟ ਕਾਲਜ ਵਿੱਚ ਔਰਐਂਟੇਸ਼ਨ ਕੋਰਸ । |
| 31.12.81 | ਪਟਿਆਲਾ | 226 | ਪੰਜਾਬੀ ਯੂਨੀਵਰਸਿਟੀ ਦੀ ਮੀਟਿੰਗ। |
| 16.1.82 | ਪਟਿਆਲਾ | 256 | ਸਿੰਡੀਕੇਟ ਦੀ ਮੀਟਿੰਗ, ਪੰਜਾਬੀ ਯੂਨੀਵਰਸਿਟੀ । |
| 31.1.82 ਤੋਂ 1.2.82 | ਨਵੀਂ ਦਿੱਲੀ | 650 | ਸਰਕਾਰੀ ਕੰਮ ਸਿਖਿਆ ਮੰਤਰਾਲੇ ਤੇ ਯੂਨੀਵਰਸਿਟੀ ਗਰਾਂਟ ਕਮਿਸ਼ਨ । |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 13.2.82 | ਸਿਧਵਾਂ ਖੁਰਦ | 310 | ਖਾਲਸਾ ਕਾਲਜ ਦੀ ਕਨਵੋਕੇਸ਼ਨ । |
| 19.2.82 | ਅੰਮ੍ਰਿਤਸਰ | 577 | ਕੰਨਵੋਕੇਸ਼ਨ, ਸਰਕਾਰੀ ਕਾਲਜ ਫਾਰ ਵਿਮੈਨ । |
| 27.2.82 | ਨਵੀਂ ਦਿੱਲੀ | 710 | ਸਰਕਾਰੀ ਕੰਮ ਯੂ. ਜੀ. ਸੀ. ਬਾਰੇ। |
| 3.3.82 | ਸੰਗਰੂਰ | 300 | ਸਰਕਾਰੀ ਕਾਲਜ ਦੀ ਕੰਨਵੋਕੇਸ਼ਨ । |
| 6.3.82 | ਟਾਂਡਾ | 477 | ਸਰਕਾਰੀ ਕਾਲਜ ਦੀ ਕੰਨਵੋਕੇਸ਼ਨ। |
| 12.3.82 | ਜਲੰਧਰ | 380 | ਡੀ. ਏ. ਵੀ. ਕਾਲਜ ਦੀ ਕੰਨਵੋਕੇਸ਼ਨ। |
| 13.3.82 | ਪਟਿਆਲਾ ਤੋਂ ਲੁਧਿਆਣਾ | 360 | ਇਨਾਮ ਵੰਡ ਸਮਾਗਮ, ਸਰਕਾਰੀ ਕਾਲਜ, (ਇ) ਪਟਿਆਲਾ ਤੇ ਮਾਲਵਾ ਟਰੇਨਿੰਗ ਕਾਲਜ, ਲੁਧਿਆਣਾ ਦੀ ਕੰਨਵੋਕੇਸ਼ਨ । |
| 22.3.82 | ਲੁਧਿਆਣਾ | 285 | ਖਾਲਸਾ ਕਾਲਜ (ਇ) ਦੀ ਕੰਨਵੋਕੇਸ਼ਨ। |
| 27.3.82 ਤੋਂ 28.3.82 | ਅੰਮ੍ਰਿਤਸਰ | 640 | ਸਿੰਡੀਕੇਟ ਤੇ ਸੈਨਿਟ ਦੀ ਮੀਟਿੰਗ, ਗੁਰੂ ਨਾਨਕ ਯੂਨੀਵਰਸਿਟੀ । |
| 31.3.82 | ਪਟਿਆਲਾ | 184 | ਸਿੰਡੀਕੇਟ ਮੀਟਿੰਗ ਪੰਜਾਬੀ ਯੂਨੀਵਰਸਿਟੀ । |
| 9.4.82 | ਪਟਿਆਲਾ | 222 | ਸਲਾਨਾ ਇਨਾਮ ਵੰਡ ਸਮਾਗਮ । |
| 15.4.82 | ਪਟਿਆਲਾ | 223 | ਰੀਜੀਨਲ ਸੈਮੀਨਾਰ ਆਫ ਐਜੂ. ਦਾ ਉਦਘਾਟਨ । |
| 14.4.82 | ਪਟਿਆਲਾ | 231 | ਪੰਜਾਬੀ ਯੂਨੀਵਰਸਿਟੀ ਵਿੱਚ ਮੀਟਿੰਗ । |
| 23.4.82 ਤੋਂ 24.4.82 | ਅੰਮ੍ਰਿਤਸਰ | 685 | ਸਿੰਡੀਕੇਟ ਮੀਟਿੰਗ ਗੁਰੂ ਨਾਨਕ ਦੇਵ ਯੂਨੀਵਰਸਿਟੀ । |
| 26.4.82 | ਪਟਿਆਲਾ | 246 | ਪੰਜਾਬੀ ਯੂਨੀਵਰਸਿਟੀ ਦੀ ਮੀਟਿੰਗ। |
| 27.4.82 | ਪਟਿਆਲਾ | 225 | ਸਿਲੈਕਸ਼ਨ ਕਮੇਟੀ ਦੀ ਮੀਟਿੰਗ । |
| 29.4.82 ਤੋਂ 30.4.82 | ਅੰਮ੍ਰਿਤਸਰ | 610 | ਸਿਖਿਆ ਮੰਤਰੀ, ਪੰਜਾਬ ਜੀ ਨਾਲ ਵਿਚਾਰ ਵਟਾਂਦਰਾ। |

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

| 1 | 2 | 3 | 4 |
|---|---|---|---|
| 26.5.82 | ਪਟਿਆਲਾ | 278 | ਯੂਨੀਵਰਸਿਟੀ ਮਾਮਲੇ ਬਾਰੇ । |
| 7.6.82 | ਨਵੀਂ ਦਿੱਲੀ | 568 | ਸਰਕਾਰੀ ਕੰਮ ਯੂ.ਜੀ.ਸੀ. ਤੇ ਸਿਖਿਆ ਮੰਤਰਾਲੇ ਵਿੱਚ । |
| 22.6.82 ਤੋਂ 23.6.82 | ਦਿੱਲੀ | 723 | ਐਡਹਾਕ ਲੈਕਚਰਾਰ ਦੀ ਰਿਟ ਦੇ ਸਬੰਧ ਵਿੱਚ ਸੁਪਰੀਮ ਕੋਰਟ । |
| 26.6.82 | ਅੰਮ੍ਰਿਤਸਰ | 610 | ਸਿੰਡੀਕੇਟ ਮੀਟਿੰਗ, ਗੁਰੂ ਨਾਨਕ ਦੇਵ ਯੂਨੀਵਰਸਿਟੀ । |
| 7.7.82 ਤੋਂ 8.7.82 | ਨਵੀਂ ਦਿੱਲੀ | 706 | ਐਡਹਾਕ ਲੈਕਚਰਾਰ ਦੀ ਰਿਟ ਬਾਰੇ ਸੁਪਰੀਮ ਕੋਰਟ । |
| 10.7.82 ਤੋਂ 11.7.82 | ਨਵੀਂ ਦਿੱਲੀ | 636 | ਪ੍ਰਾਈਵੇਟ ਵਿਜ਼ਿਟ । |
| 17.7.82 | ਪਟਿਆਲਾ | 208 | ਪੰਜਾਬੀ ਯੂਨੀਵਰਸਿਟੀ ਦੀ ਮੀਟਿੰਗ । |
| 18.7.82 ਤੋਂ 20.7.82 | ਨਵੀਂ ਦਿੱਲੀ | 763 | ਰਿਟ ਪਟੀਸ਼ਨ ਬਾਰੇ ਸੁਪਰੀਮ ਕੋਰਟ । |
| 22.7.82 | ਸੰਗਰੂਰ | 400 | ਇਨਕੁਆਰੀ ਕਰਨ ਲਈ ਸੰਗਰੂਰ । |
| 27.7.82 | ਪਟਿਆਲਾ | 200 | ਸਿਲੈਕਸ਼ਨ ਕਮੇਟੀ ਮੀਟਿੰਗ । |
| 3.8.82 | ਪਟਿਆਲਾ | 205 | ਸਬ ਕਮੇਟੀ ਮੀਟਿੰਗ, ਪੰਜਾਬੀ ਯੂਨੀਵਰਸਿਟੀ । |
| 8.8.82 ਤੋਂ 9.8.82 | ਦਿੱਲੀ | 691 | ਐਡਹਾਕ ਲੈਕਚਰਾਰ ਦੀ ਰਿਟ ਸੁਪਰੀਮ ਕੋਰਟ । |
| 12.8.82 ਤੋਂ 14.8.82 | ਦਿੱਲੀ | 770 | ਉਪਰੋਕਤ |
| 16.8.82 | ਪਟਿਆਲਾ | 205 | ਪੰਜਾਬੀ ਯੂਨੀਵਰਸਿਟੀ ਸਬ ਕਮੇਟੀ ਦੀ ਮੀਟਿੰਗ । |
| 18.8.82 | ਦਿੱਲੀ | 574 | ਮੀਟਿੰਗ ਦਿੱਲੀ ਵਿਖੇ । |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 20.8.82 ਤੋਂ 21.8.82 | ਕਰਮਸਰ, ਲੁਧਿਆਣਾ. ਅੰਮ੍ਰਿਤਸਰ । | 735 | ਮੀਟਿੰਗ ਪ੍ਰਿੰਸੀਪਲਾਂ ਨਾਲ ਸਿੰਡੀਕੇਟ ਸੈਨਿਟ ਦੀ ਮੀਟਿੰਗ ਗੁਰੂ ਨਾਨਕ ਦੇਵ ਯੂਨੀਵਰਸਿਟੀ । |
| 24.8.82 | ਪਟਿਆਲਾ | 230 | ਸਿੰਡੀਕੇਟ ਦੀ ਮੀਟਿੰਗ ਪੰਜਾਬੀ ਯੂਨੀ-ਵਰਸਿਟੀ । |

## BET AREA ALLOWANCE IN DISTRICT KAPURTHALA

249. **Sardar Atma Singh** : Will the Minister for Finance be pleased to state:

(a) the date from which Bet Area Allowance has been sanctioned to the employees working in the Bet Area of district Kapurthala;

(b) whether the allowance mentioned in para (a) above,is being given according to the new rates; if not the reasons therefor ;

(c) whether he recieved any representation from a legislator in this regard during the month of September, 1982; if so, the action taken thereon ?

**ਡਾਕਟਰ ਕੇਵਲ ਕ੍ਰਿਸ਼ਨ** :(ੳ) ਕਪੂਰਥਲਾ ਜ਼ਿਲ੍ਹੇ ਦੇ ਕਾਫੀ ਪਿੰਡਾਂ ਵਿਚ ਬੇਟ ਏਰੀਆ ਅਲਾਉਂਸ ਪਹਿਲੀ ਵਾਰ ਮਿਤੀ 17 ਦਸੰਬਰ, 1980 ਨੂੰ ਮਨਜ਼ੂਰ ਕੀਤਾ ਗਿਆ ਸੀ । ਉਸ ਤੋਂ ਬਾਦ ਇਸ ਜ਼ਿਲ੍ਹੇ ਦੇ ਕੁਝ ਹੋਰ ਪਿੰਡਾਂ ਦੀ ਸੂਚੀ ਬੇਟ ਏਰੀਏ ਵਿਚ ਸ਼ਾਮਲ ਕਰਨ ਲਈ ਪ੍ਰਾਪਤ ਹੋਈ, ਜਿਸ ਨੂੰ ਪੂਰੀ ਤਰ੍ਹਾਂ ਜਾਂਚ ਪੜਤਾਲ ਤੋਂ ਬਾਦ ਮੁਆਵਜ਼ਾ ਭੱਤਾ ਦੇਣ ਲਈ ਮਿਤੀ 29 ਜਨਵਰੀ, 1982 ਤੋਂ ਬੇਟ ਏਰੀਏ ਦੀ ਸੂਚੀ ਵਿਚ ਸ਼ਾਮਲ ਕਰ ਦਿੱਤਾ ਗਿਆ ।

(ਅ) ਬੇਟ ਏਰੀਆ ਅਲਾਉਂਸ ਬੇਟ ਏਰੀਏ ਵਿਚ ਕੰਮ ਕਰਦੇ ਸਰਕਾਰੀ ਕਰਮਚਾਰੀਆਂ ਨੂੰ 12½% ਦੀ ਦਰ ਨਾਲ ਦਿੱਤਾ ਜਾ ਰਿਹਾ ਹੈ । ਮਿਤੀ 1 ਜਨਵਰੀ, 1978 ਤੋਂ ਪਹਿਲਾਂ ਮਿਲ ਰਹੇ ਅਨਸੋਧੇ ਸਕੇਲਾਂ ਅਨੁਸਾਰ ਇਹ ਅਲਾਉਂਸ ਦਿੱਤਾ ਜਾਂਦਾ ਹੈ । ਇਨ੍ਹਾਂ ਦਰਾਂ ਵਿਚ ਕੋਈ ਸੋਧ ਨਹੀਂ ਕੀਤੀ ਗਈ ਕਿਉਂਕਿ ਦੂਜੇ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਬੇਟ ਏਰੀਆ ਅਲਾਉਂਸ ਬੰਦ ਕਰਨ ਅਤੇ ਦਿਹਾਤੀ ਏਰੀਏ ਵਿੱਚ ਜਿਨ੍ਹਾਂ ਕਸਬਿਆਂ ਦੀ ਆਬਾਦੀ 25,000 ਤੋਂ ਘੱਟ ਹੈ ਨੂੰ ਮਕਾਨ ਕਿਰਾਇਆ ਭੱਤਾ ਜਾਂ ਕੋਈ ਹੋਰ ਵਿੱਤੀ ਉਤਸ਼ਾਹ ਦੇਣ ਦੇ ਮਾਮਲੇ ਸਬੰਧੀ ਤਜਵੀਜ਼ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ ।

(ੲ) ਹਾਂ ਜੀ, ਸ੍ਰੀ ਆਤਮਾ ਸਿੰਘ ਐਮ. ਐਲ. ਏ. ਦਾ ਇਕ ਪੱਤਰ ਮੁੱਖ ਮੰਤਰੀ ਜੀ ਰਾਹੀਂ ਪ੍ਰਾਪਤ ਹੋਇਆ ਅਤੇ ਉਸਦਾ ਢੁਕਵਾਂ ਉੱਤਰ ਉਨ੍ਹਾਂ ਨੂੰ ਦੇ ਦਿੱਤਾ ਗਿਆ ।

Original with;
Punjab Vidhan Sabha
Digitized by;
Panjab Digital Library

## CONSTRUCTION OF BATH ROOMS AND FLUSH LATRINES FOR THE PILGRIMS VISITING GURDWARA SRI BER SAHIB AND SRI HATT SAHIB

**250. Sardar Atma Singh** : Will the Minister of State for Rehabilitation and Industries be pleased to state :

(a) whether there is any proposal under the consideration of the Government to construct Bath rooms and Flush Latrines for the convenience of the pilgrims visiting Gurdwara Sri Ber Sahib and Sri Hatt Sahib, Sultanpur Lodhi, District Kapurthala ;

(b) if the reply to the part(a)above be in the affirmative, the amount earmarked for the purpose during the current financial year together with the action taken so far in this regard ;

(c) the time by which the said project is likely to be completed ?

**ਸਰਦਾਰ ਦਰਸ਼ਨ ਸਿੰਘ ਕੇ. ਪੀ.** : (ੳ) ਜੀ ਹਾਂ ।

(ਅ) ਇਸ ਮੰਤਵ ਲਈ 9/82 ਵਿਚ 4,62,303/- ਰੁਪਏ ਦੀ ਰਕਮ ਦੀ ਵਿਵਸਥਾ ਕੀਤੀ ਗਈ ਹੈ ਅਤੇ ਕੰਮ ਚਾਲੂ ਹੈ ।

(ੲ) ਗੁਰਦੁਆਰਾ ਬੇਰ ਸਾਹਿਬ ਵਿਖੇ ਕੰਮ 4/83 ਤੱਕ ਅਤੇ ਗੁਰਦੁਆਰਾ ਹੱਟ ਸਾਹਿਬ ਵਿਖੇ ਕੰਮ 10/83 ਤੱਕ ਮੁਕੰਮਲ ਹੋਣ ਦੀ ਆਸ ਹੈ ।

---

## POSTS OF DISTRICT SCIENCE SUPERVISORS IN THE STATE

**252. Sardar Atma Singh** : Will the Minister for Education be pleased to state :

(a) the total number of Gazetted posts of District Science Supervisors in the State as on 31st August, 1982 ;

(b) the number of posts out of these mentioned in part (a) above against which Gazetted and non-gazetted officials have been appointed separately together with the names of the district in which they have been posted stating the period from which they have been posted as such;

(c) the reasons for which non-Gazetted officials referred to in part (b) above have been appointed against the posts mentioned in part (a) above together with the time by which this shortage is likely to be met with ?

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਅਜਨਾਲਾ** : (ੲ) 12

(ਬੀ) ਜਿਨ੍ਹਾਂ ਜ਼ਿਲ੍ਹਿਆਂ ਵਿਚ ਪੀ. ਈ. ਐਸ ਕਲਾਸ II ਅਧਿਕਾਰੀ ਬਤੌਰ ਜ਼ਿਲਾ ਸਾਇੰਸ ਸੁਪਰਵਾਈਜ਼ਰ ਕੰਮ ਕਰਦੇ ਹਨ :—

| | | | | |
|---|---|---|---|---|
| 1. | ਹੁਸ਼ਿਆਰਪੁਰ | .. | ਸ੍ਰੀ ਲਹਿੰਬਰ ਰਾਮ | 7.6.82 ਤੋਂ |
| 2. | ਫਰੀਦਕੋਟ | .. | ਸ੍ਰੀਮਤੀ ਸੁਦਰਸ਼ਨ ਪੁਰੀ | ਜੂਨ, 82 ਤੋਂ |
| 3. | ਲੁਧਿਆਣਾ | .. | ਸ੍ਰੀਮਤੀ ਅਮਰਜੀਤ ਕੌਰ | 13,9.74 ਤੋਂ |
| 4. | ਪਟਿਆਲਾ | .. | ਸ੍ਰੀ ਧਰਮਪਾਲ ਦੇਵਗਾਨ | 16.1.82 ਤੋਂ |
| 5. | ਜਲੰਧਰ | .. | ਸ੍ਰੀ ਹਰਬੰਸ ਸਿੰਘ | 1.6.82 ਤੋਂ |
| 6. | ਕਪੂਰਥਲਾ | .. | ਸ੍ਰੀਮਤੀ ਰਿਪੁਦਮਨਜੀਤ ਕੌਰ ਪਰ ਇਸ ਨੇ ਹਾਲਾਂ ਹਾਜ਼ਰੀ ਰਿਪੋਰਟ ਨਹੀਂ ਦਿੱਤੀ ਹੈ । | |

ਜਿਨ੍ਹਾਂ ਜਿਲਿਆਂ ਵਿਚ ਪੀ. ਈ. ਐਸ. ਕਲਾਸ-III ਅਧਿਕਾਰੀ ਬਤੌਰ ਸਾਂਇਸ ਸੁਪਰਵਾਈਜ਼ਰ ਕੰਮ ਕਰਦੇ ਹਨ :—

| | | | |
|---|---|---|---|
| 1. | ਰੂਪ ਨਗਰ | ਸ੍ਰੀ ਵਿਨੋਦ ਕੁਮਾਰ, ਲੈਕਚਰਾਰ | 1.4.81 ਤੋਂ |
| 2. | ਗੁਰਦਾਸਪੁਰ | ਸ੍ਰੀ ਜਗਦੀਸ ਸਿੰਘ ,, | 17.8.79 ਤੋਂ |
| 3. | ਅੰਮ੍ਰਿਤਸਰ | ਸ੍ਰੀ ਵਰਿੰਦਰ ਸ਼ਰਮਾ, ਲੈਕਚਰਾਰ ਇਨ ਬਾਇਲੋਜੀ | 21.10.81 ਤੋਂ |
| 4. | ਫਿਰੋਜ਼ਪੁਰ | ਸ੍ਰੀ. ਸਰਿੰਦਰ ਪਾਲ ਸਿੰਘ | 6/81 ਤੋਂ |
| 5. | ਬਠਿੰਡਾ | ਸ੍ਰੀ ਰਣਜੀਤ ਸਿੰਘ, ਲੈਕਚਰਾਰ | 10/81 ਤੋਂ |
| 6. | ਸੰਗਰੂਰ | ਸ੍ਰੀ ਸਤੀਸ਼ ਕੁਮਾਰ ਲੈਕਚਰਾਰ | 23.11.70 ਤੋਂ |

(ਸ) ਉਪਰ ਪਾਰਟ (ਅ) (II) ਵਿਚ ਦਰਜ ਕਲਾਸ-III ਅਧਿਕਾਰੀਆਂ ਨੂੰ ਪੀ.ਈ. ਐਸ. ਕਲਾਸ-II ਦੀਆਂ ਅਸਾਮੀਆਂ ਵਿਰੁੱਧ ਕੰਮ ਚਲਾਉਣ ਹਿਤ ਸਟਾਪ ਗੈਪ ਅਰੇਂਜਮੈਂਟ ਰਾਹੀਂ ਨਿਰੋਲ ਆਰਜ਼ੀ ਨਿਯੁਕਤ ਕੀਤਾ ਗਿਆ ਹੈ ਜਦੋਂ ਤੱਕ ਕਿ ਪੰਜਾਬ ਲੋਕ ਸੇਵਾ ਕਮਿਸ਼ਨ ਵਲੋਂ ਯੋਗ ਉਮੀਦਵਾਰ ਚੋਣ ਕਰਕੇ ਭੇਜੇ ਨਹੀਂ ਜਾਂਦੇ ਕਿਉਂਕਿ ਪੀ.ਈ.ਐਸ. ਕਲਾਸ-II ਵਿਚ ਨਿਰਧਾਰਿਤ ਯੋਗਤਾਵਾਂ ਰੱਖਣ ਵਾਲੇ ਕਰਮਚਾਰੀ ਉਪਲਬੱਧ ਨਹੀਂ ਹਨ ।

## CHEATING WITH FORGED DEGREES

262 **Sardar Dalip Singh Pandhi** : Will the Chief Minister be pleased to state whether the Bhikhi Police arrested during the period from 1981 todate any persons of village Bhai Rupa for forgery and cheating etc. with forged F.A./B.A. degrees; if so, the details there of and the action taken in the matter ?

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਬਾਰਾ ਸਿੰਘ**: ਹਾਂ ਜੀ । ਮਿਤੀ 2-3-1982 ਨੂੰ ਸ੍ਰੀ ਹਰਨੇਕ ਸਿੰਘ ਪੁੱਤਰ ਬਿਸ਼ਨ ਸਿੰਘ ਰਾਮਗੜ੍ਹੀਆ ਵਾਸੀ ਭਾਈ ਰੂਪਾ ਨੂੰ ਮੁਕਦਮਾਂ ਨੂੰ 33 ਮਿਤੀ 16-2-1982 ਅ/ਧ 419/420 ਆਈ. ਪੀ. ਸੀ. ਥਾਣਾ ਭਿਖੀ ਜ਼ਿਲ੍ਹਾ ਬਠਿੰਡਾ ਵਿਚ ਗ੍ਰਿਫਤਾਰ ਕੀਤਾ ਕਿਉਂਕਿ ਉਸ ਨੇ ਆਪਣੇ ਆਪ ਨੂੰ ਰਾਜਿੰਦਰ ਸਿੰਘ ਪੁੱਤਰ ਇੰਦਰ ਸਿੰਘ ਜਾਹਿਰ ਕਰਕੇ ਉਸ ਦੇ ਮੈਟ੍ਰਿਕ ਅਤੇ ਐਫ. ਏ. ਦੇ ਸਰਟੀਫੀਕੇਟ ਜ਼ਿਲ੍ਹਾ ਬਠਿੰਡਾ ਵਿਚ ਸਰਕਾਰੀ ਟੀਚਰ ਦੀ ਨੌਕਰੀ ਪ੍ਰਾਪਤ ਕਰਨ ਲਈ ਇਸਤੇਮਾਲ ਕੀਤੇ । ਉਹ 1954 ਤੋਂ ਹੀ ਆਪਣੀ ਗ੍ਰਿਫਤਾਰੀ ਦੇ ਸਮੇਂ ਤੱਕ ਨੌਕਰੀ ਕਰਦਾ ਰਿਹਾ । ਇਸ ਤਰ੍ਹਾਂ ਦੋਸ਼ੀ ਨੇ ਪੰਜਾਬ ਸਰਕਾਰ ਨੂੰ ਧੋਖਾ ਦਿੱਤਾ । ਤਫ਼ਤੀਸ਼ ਮੁਕੰਮਲ ਹੋਣ ਤੋਂ ਬਾਦ ਕੇਸ ਦਾ ਚਲਾਨ ਜੇ. ਐਮ. ਆਈ. ਸੀ ਮਾਨਸਾ ਦੀ ਅਦਾਲਤ ਵਿਚ ਮਿਤੀ 19-10-82 ਨੂੰ ਦਿੱਤਾ ਗਿਆ ਜੋ ਕਿ ਜ਼ੇਰੇ ਸਮਾਇਤ ਹੈ ।

---

## LANDS BELONGING TO THE FORESTS DEPARTMENT OCCUPATION UNDER ILLEGAL/UNAUTHORISED

263. **Sardar Dalip Sing Pandhi**: Will the Minister for Agriculture be pleased to state whether any lands belonging to the Forests Department are under illegal or unauthorised occupation, if so, the details thereof and the details of steps being taken or proposed to be taken in the matter ?

**ਚੌਧਰੀ ਕਾਂਸ਼ੀ ਰਾਮ**: ਹਾਂ ਜੀ, ਵਣ ਵਿਭਾਗ ਦੀ ਕੁਝ ਜ਼ਮੀਨ ਲੋਕਾਂ ਦੇ ਗੈਰ-ਕਾਨੂੰਨੀ/ਅਣ-ਅਧਿਕਾਰਤ ਕਬਜ਼ੇ ਅਧੀਨ ਹੈ । ਅਜਿਹੀ ਜ਼ਮੀਨ ਦਾ ਜ਼ਿਲੇਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਵਣ ਮੰਡਲ ਦਾ ਨਾਮ | ਰਕਬਾ ਜੋ ਗੈਰ ਕਾਨੂੰਨੀ/ਅਣ-ਅਧਿਕਾਰਤ ਕਬਜ਼ੇ ਅਧੀਨ ਹੈ । | | |
|---|---|---|---|---|---|
| | | | ਏਕੜ | ਕਨਾਲ | ਮਰਲੇ |
| 1. | ਹੁਸ਼ਿਆਰਪੁਰ | ਹੁਸ਼ਿਆਰਪੁਰ | 274 | 2 | 3 |
| 2. | ਰੂਪ ਨਗਰ | ਰੂਪ ਨਗਰ | 317 | 6 | 18 |
| 3. | ਅੰਮ੍ਰਿਤਸਰ | ਅੰਮ੍ਰਿਤਸਰ | 4,996 | — | — |
| 4. | ਗੁਰਦਾਸਪੁਰ | ਗੁਰਦਾਸਪੁਰ | — | — | 8 |
| 5. | ਪਟਿਆਲਾ | ਪਟਿਆਲਾ | 255 | 3 | 8 |
| 6. | ਬਠਿੰਡਾ | ਬਠਿੰਡਾ | 11 | 6 | 8 |
| 7. | ਸੰਗਰੂਰ | ਸੰਗਰੂਰ | 275 | 2 | — |
| | | ਜੋੜ | 6130 | 5 | 5 |

Original with;
Punjab Vidhan Sabha
Digitized by;
Panjab Digital Library

ਵੱਖ ਵੱਖ ਜ਼ਿਲ੍ਹਿਆਂ ਦੀਆਂ ਅਦਾਲਤਾਂ ਵਿੱਚ ਪੰਜਾਬ ਪਬਲਿਕ ਪਰਿਮਸਿਜ਼ ਐਂਡ ਲੈਂਡ (ਇਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਅਧੀਨ ਅਧਿਕ ਤੌਰ ਤੇ ਕੇਸ ਦਾਇਰ ਕੀਤੇ ਗਏ ਹਨ ਅਤੇ ਅਣ-ਅਧਿਕਾਰਤ ਕਬਜ਼ੇ ਹਟਾਉਣ ਲਈ ਇਨ੍ਹਾਂ ਕੇਸਾਂ ਦੀ ਪੈਰਵੀ ਕੀਤੀ ਜਾ ਰਹੀ ਹੈ ।

---

## THEFT OF CEMENT ETC. FROM THE THERMAL PLANT, ROPAR.

**264. Sardar Dalip Singh Pandhi** : Will the Chief Minister be pleased to state whether any theft of cement or other consumable material was reported from the Ropar Thermal Plant, Ropar, during the year 1982; if so, the details of the loss alongwith the name of the accused and the action taken against him ?

ਸਰਦਾਰ ਦਰਬਾਰਾ ਸਿੰਘ: ਸਾਲ 1982 ਦੇ ਦੌਰਾਨ ਥਰਮਲ ਪਲਾਂਟ ਰੋਪੜ ਤੋਂ ਸੀਮਿੰਟ ਅਤੇ ਵਰਤੋਂ ਯੋਗ ਹੋਰ ਸਮਗਰੀ ਦੀਆਂ 3 ਚੋਰੀਆਂ ਹੋਈਆਂ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

**1. ਮੁਕੱਦਮਾ ਨੰ: 25 ਮਿਤੀ 21-2-82 ਅਧੀਨ ਧਾਰਾ 379/406/120-ਬੀ ਆਈ.ਪੀ.ਸੀ. ਥਾਣਾ ਰੋਪੜ ।**

ਇਸ ਮੁਕੱਦਮੇ ਵਿਚੋਂ ਸਟੋਰ ਵਿੱਚੋਂ ਲੋਹੇ ਦੀਆਂ 10 ਸਲਾਖਾਂ ਅਤੇ ਸਟੀਲ ਦੀਆਂ 117 ਪਲੇਟਾਂ ਚੋਰੀ ਹੋਈਆਂ । ਇਸ ਸਮਗਰੀ ਵਿੱਚੋਂ ਲੋਹੇ ਦੀਆਂ 10 ਸਲਾਖਾਂ ਅਤੇ ਸਟੀਲ ਦੀਆਂ 58 ਪਲੇਟਾਂ ਬਰਾਮਦ ਹੋ ਚੁਕੀਆਂ ਹਨ ।

ਇਸ ਮੁਕੱਦਮੇ ਵਿੱਚ ਹੇਠ ਲਿਖੇ ਵਿਅਕਤੀ ਦੋਸ਼ੀ ਪਾਏ ਗਏ :—

(1) ਭੋਜ ਰਾਜ ਉਰਫ ਭੋਜੀ ਠੇਕੇਦਾਰ ਰੋਪੜ ਥਰਮਲ ਪਲਾਂਟ ।

(2) ਅਕਾਸ਼ ਕੁਮਾਰ ਪੁੱਤਰ ਰਾਮ ਜੀ ਦਾਸ ਵਾਸੀ ਬਠਿੰਡਾ ।

(3) ਜਗਮੇਲ ਸਿੰਘ ਚੌਕੀਦਾਰ ਪੰਜਾਬ ਅਕਾਦਮੀ ਸੈਕਟਰ 36 ਚੰਡੀਗੜ੍ਹ ।

(4) ਧਰਮ ਪਾਲ ਸਟੋਰ ਕੀਪਰ ਥਰਮਲ ਪਲਾਂਟ ਰੋਪੜ ।

(5) ਸੋਹਨ ਲਾਲ ਗੋਇਲ ਐਸ. ਡੀ. ਓ. ਥਰਮਲ ਪਲਾਂਟ ਰੋਪੜ ।

(6) ਡਾਕਟਰ ਨਰੇਸ਼ ਕੁਮਾਰ ਐਮ. ਬੀ. ਬੀ. ਐਸ. ਰੋਪੜ ਥਰਮਲ ਪਲਾਂਟ ਕਲੋਨੀ ।

(7) ਅਮਰ ਨਾਥ ਮੰਗਲਾ ਐਕਸੀਅਨ ਰੋਪੜ ਥਰਮਲ ਪਲਾਂਟ ਕਲੋਨੀ ।

(8) ਜੋਗਿੰਦਰ ਕੁਮਾਰ ਐਸ. ਓ., ਥਰਮਲ ਪਲਾਂਟ ਰੋਪੜ ।

(9) ਵਰਿੰਦਰ ਕੁਮਾਰ ਥਰਮਲ ਪਲਾਂਟ ਰੋਪੜ ।

(10) ਇੰਦਰਜੀਤ ਉਰਫ ਬਿੱਲਾ ਪੁੱਤਰ ਨੰਦ ਲਾਲ ਆਈਰਨ ਡੀਲਰ ਸੈਕਟਰ 29 ਚੰਡੀਗੜ੍ਹ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(11) ਹਰਬੰਸ ਲਾਲ ਪੁੱਤਰ ਗਿਰਧਾਰੀ ਲਾਲ, 222 ਇੰਡਸਟਰੀਅਲ ਏਰੀਆ, ਚੰਡੀਗੜ੍ਹ।

ਇਸ ਮੁਕੱਦਮੇ ਦੀ ਤਫ਼ਤੀਸ਼ ਮੁਕੰਮਲ ਹੋ ਚੁੱਕੀ ਹੈ । ਸਾਰੇ ਦੋਸ਼ੀਆਂ ਬਾਰੇ ਚਲਾਨ ਤਿਆਰ ਹੋ ਚੁੱਕਾ ਹੈ ਜੋ ਕਿ ਜਲਦੀ ਹੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ।

**2. ਮੁਕੱਦਮਾ ਨੰ: 78 ਮਿਤੀ 29-6-82 ਅਧੀਨ ਧਾਰਾ 379/406/409/120-ਬੀ ਆਈ. ਪੀ. ਸੀ. ਥਾਣਾ ਰੋਪੜ ।**

ਮੁਖਬਰ ਨੇ ਖਬਰ ਦਿੱਤੀ ਕਿ ਥਰਮਲ ਪਲਾਂਟ ਰੋਪੜ ਦੀਆਂ 200 ਬੋਰੀਆਂ ਸੀਮਿੰਟ ਬਲੈਕ ਵਿਚ ਰਾਜ ਹੋਟਲ, ਰੋਪੜ ਨੇੜੇ ਵੇਚੀਆਂ ਜਾ ਰਹੀਆਂ ਹਨ । ਪੁਲਿਸ ਨੇ ਐਨ ਮੌਕੇ ਤੇ ਜਾ ਕੇ ਟਰੱਕ ਨੰ: ਪੀ. ਯੂ. ਐਲ. 841 ਪਕੜ ਲਿਆ ਅਤੇ ਸਾਰਾ ਸੀਮਿੰਟ ਬਰਾਮਦ ਕਰ ਲਿਆ । ਇਹ ਸੀਮਿੰਟ 8200 ਰੁ: ਨੂੰ ਵੇਚਿਆ ਗਿਆ ਸੀ ਜੋ ਇਹ ਸਾਰੀ ਰਕਮ ਵੀ ਬਰਾਮਦ ਕਰ ਲਈ ਗਈ । ਇਸ ਮੁਕੱਦਮੇ ਵਿਚ ਹੇਠ ਲਿਖੇ ਵਿਅਕਤੀ ਦੋਸ਼ੀ ਪਾਏ ਗਏ :—

(1) ਸੋਮ ਨਾਥ ਠੇਕੇਦਾਰ ਵਾਸੀ ਸਰਹਿੰਦ ।

(2) ਫਕੀਰ ਚੰਦ ਸਟੋਰ ਕੀਪਰ ਥਰਮਲ ਪਲਾਂਟ ਰੋਪੜ ।

(3) ਸੋਹਨ ਲਾਲ ਗੋਇਲ ਐਸ. ਡੀ. ਓ. ਸਟੋਰਜ਼ ।

(4) ਅਮਰ ਨਾਥ ਮੰਗਲਾ ਐਕਸੀਅਨ ਸਟੋਰਜ਼ ਥਰਮਲ ਪਲਾਂਟ ਰੋਪੜ

(5) ਗੁਰਬਖਸ਼ ਸਿੰਘ ਠੇਕੇਦਾਰ ਥਰਮਲ ਪਲਾਂਟ ਰੋਪੜ ।

ਅਮਰ ਨਾਥ ਮੰਗਲਾ, ਸੋਹਨ ਲਾਲ ਗੋਇਲ ਅਤੇ ਫਕੀਰ ਚੰਦ ਥਰਮਲ ਪਲਾਂਟ ਰੋਪੜ ਦੇ ਖਿਲਾਫ਼ 5 (2) 47 ਪੀ. ਸੀ. ਐਕਟ ਦੇ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ । ਚਲਾਨ ਤਿਆਰ ਹੋ ਚੁਕਾ ਹੈ । ਇਨ੍ਹਾਂ ਦੇ ਖਿਲਾਫ਼ ਮੁਕੱਦਮਾ ਚਲਾਨ ਲਈ ਪੰਜਾਬ ਰਾਜ ਬਿਜਲੀ ਬੋਰਡ ਤੋਂ ਮੰਨਜ਼ੂਰੀ ਹਾਸਲ ਕੀਤੀ ਜਾ ਰਹੀ ਹੈ ਜਿਸ ਤੋਂ ਬਾਦ ਚਲਾਨ ਅਦਾਲਤ ਵਿਚ ਦਿੱਤਾ ਜਾਵੇਗਾ ।

**3. ਮੁਕੱਦਮਾ ਨੰ: 100 ਮਿਤੀ 20-9-82 ਅਧੀਨ ਧਾਰਾ 457/380/409/120-ਬੀ ਆਈ. ਪੀ. ਸੀ. ਥਾਣਾ ਰੋਪੜ ।**

ਇਸ ਮੁਕੱਦਮੇ ਵਿਚ 40 ਲੱਖ ਰੁਪਏ ਦੇ ਐਲੋਮੋਨੀਅਮ, ਪਿੱਤਲ ਅਤੇ ਤਾਂਬੇ ਦੇ ਕਨਡੈਂਨਸਰ, 1516 ਪਾਇਪ ਟਰੱਕ ਨੰ: ਸੀ.ਐਚ. ਡਬਲਿਯੂ. 7251 ਵਿਚ ਥਰਮਲ ਪਲਾਂਟ ਦੀ ਹਦੂਦ ਦੇ ਅੰਦਰ ਚੋਰੀ ਹੁੰਦੇ ਫੜੇ ਗਏ ਸਨ । ਇਸ ਮੁਕੱਦਮੇ ਵਿਚ ਹੇਠ ਲਿਖੇ ਵਿਅਕਤੀ ਦੋਸ਼ੀ ਪਾਏ ਗਏ :—

(1) ਭੋਜ ਰਾਮ ਉਰਫ ਭੋਜੀ ਵਾਸੀ ਬਠਿੰਡਾ ।

(2) ਅਕਾਸ਼ ਕੁਮਾਰ ਵਾਸੀ ਬਠਿੰਡਾ ।

Original with;
Punjab Vidhan Sabha
Digitized by;
Panjab Digital Library

(3) ਨੱਥੂ ਰਾਮ ਪੁੱਤਰ ਰਾਜੂ ਵਾਸੀ ਮੈਹਜੋਨਾ, ਯੂ. ਪੀ. ।

(4) ਜਗਮੇਲ ਸਿੰਘ ਵਾਸੀ ਸੋਹਾਣਾ ਥਾਣਾ ਮੁਬਾਰਕਪੁਰ ।

(5) ਸੁਭਾਸ਼ ਚੰਦ ਵਾਸੀ ਅੰਮ੍ਰਿਤਸਰ ।

(6) ਬਲਵੰਤ ਸਿੰਘ ਵਾਸੀ ਭੂਪ ਨਗਰ ਥਾਣਾ ਕੁਰਾਲੀ ।

(7) ਬਲਦੇਵ ਸਿੰਘ ਵਾਸੀ ਘੜੂਆਂ ਥਾਣਾ ਖਰੜ ।

(8) ਜਸਪਾਲ ਸਿੰਘ ਵਾਸੀ ਘੜੂਆਂ ਥਾਣਾ ਖਰੜ ।

(9) ਪਰਮੋਦ ਰਾਏ ਵਾਸੀ ਦਿੱਲੀ ।

(10) ਇੰਦਰਜੀਤ ਉਰਫ ਬਿੱਲਾ ਪੁੱਤਰ ਨੰਦ ਲਾਲ ਵਾਸੀ ਚੰਡੀਗੜ੍ਹ ।

(11) ਰਾਕੇਸ਼ ਕੁਮਾਰ ਵਾਸੀ ਚੰਡੀਗੜ੍ਹ ।

(12) ਹਰਬੰਸ ਲਾਲ ਵਾਸੀ ਚੰਡੀਗੜ੍ਹ ।

(13) ਰਾਕੇਸ਼ ਕੁਮਾਰ ਵਾਸੀ ਸੰਗਰੂਰ ।

(14) ਰਮਨ ਕੁਮਾਰ ਵਾਸੀ ਚੰਡੀਗੜ੍ਹ ।

(15) ਗੁਰਮੁੱਖ ਸਿੰਘ ਵਾਸੀ ਭੂਪ ਨਗਰ ਥਾਣਾ ਕੁਰਾਲੀ ।

(16) ਗੁਰਮੇਲ ਸਿੰਘ ਵਾਸੀ ਭੂਪ ਨਗਰ ਥਾਣਾ ਕੁਰਾਲੀ ।

(17) ਹਰੀ ਸਿੰਘ ਵਾਸੀ ਲੱਧਾ ਥਾਣਾ ਮੁਹਾਲੀ ।

(18) ਗੁਰਦੇਵ ਸਿੰਘ ਵਾਸੀ ਮੌਲੀ ਥਾਣਾ ਮੁਬਾਰਕਪੁਰ ।

(19) ਮੇਲਾ ਰਾਮ ਵਾਸੀ ਸੋਹਾਣਾ ਥਾਣਾ ਮੁਬਾਰਕਪੁਰ ।

(20) ਪਿਆਰਾ ਸਿੰਘ ਵਾਸੀ ਕੇਲੋਂ ਥਾਣਾ ਖਰੜ ।

(21) ਹਰਮੇਸ਼ ਲਾਲ ਪੁੱਤਰ ਸਾਧੂ ਰਾਮ ਵਾਸੀ ਪਟੀ ਜਗੀਰ ਥਾਣਾ ਗੋਰਾਇਆ ।

(22) ਚੰਦਰ ਉਰਫ ਰਾਮ ਚੰਦ ਪੁੱਤਰ ਰਾਮ ਨਰਾਇਣ ਵਾਸੀ ਸਰਾਏ ਸੁਲਤਾਨੀ (ਯੂ. ਪੀ.)

ਇਸ ਮੁਕੱਦਮੇ ਦਾ ਚਾਲਾਨ ਤਿਆਰ ਹੋ ਚੁਕਾ ਹੈ । ਚੰਦਰ ਉਰਫ ਰਾਮ ਚੰਦ ਪੁੱਤਰ ਰਾਮ ਨਰਾਇਣ ਵਾਸੀ ਸਰਾਏ ਸੁਲਤਾਨੀ ਯੂ. ਪੀ. ਜੋ ਕਿ ਮੁਜ਼ਰਿਮ ਇਸ਼ਤਹਾਰੀ ਕਰਾਰ ਦਿੱਤਾ ਜਾ ਚੁੱਕਾ ਹੈ, ਨੂੰ ਛੱਡ ਕੇ ਸਾਰੇ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ । ਚਲਾਨ ਦੀ ਪੜਤਾਲ ਪਰਾਸੀਕਿਊਸ਼ਨ ਬਰਾਂਚ ਵਿਚ ਹੋ ਰਹੀ ਹੈ ਅਤੇ ਇਸ ਤੋਂ ਬਾਅਦ ਚਲਾਨ ਅਦਾਲਤ ਵਿਚ ਦਿੱਤਾ ਜਾਵੇਗਾ ।

---

## CONSTRUCTION OF POLICE HOUSES/POLICE STATION BUILDINGS/ RESIDENTIAL COMPLEXES

265. **Sardar Dalip Singh Pandhi**: Will the Chief Minister be pleased to state whether there is any proposal for the construction of police houses/police station buildings or police residential complexes in the

Original with;
Punjab Vidhan Sabha
Digitized by;
Panjab Digital Library

**[Sardar Dalip Singh Pandhi]**

State by the Punjab Housing Development Board; or by the Police Department, if so, the details thereof ?

**ਸਰਦਾਰ ਦਰਬਾਰਾ ਸਿੰਘ:** ਪੁਲਿਸ ਮਕਾਨਾਂ ਦੀ ਉਸਾਰੀ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਵਲੋਂ ਕੀਤੀ ਜਾਂਦੀ ਹੈ ਅਤੇ ਥਾਣੇ, ਦੂਜੀਆਂ ਗੈਰ–ਰਿਹਾਇਸ਼ੀ ਇਮਾਰਤਾਂ, ਬੈਰਕਾਂ ਆਦਿ ਦੀ ਉਸਾਰੀ ਲੋਕ ਨਿਰਮਾਣ ਵਿਭਾਗ ਵਲੋਂ ਕੀਤੀ ਜਾਂਦੀ ਹੈ। ਪੁਲਿਸ ਮਕਾਨਾਂ ਦੀ ਉਸਾਰੀ ਲਈ ਸਰਕਾਰ ਉਸਾਰੀ ਦੇ ਖਰਚੇ ਦਾ 30% ਹਿੱਸਾ ਬਜਟ ਵਿੱਚੋਂ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਨੂੰ ਅਦਾ ਕਰਦੀ ਹੈ ਜਦ ਕਿ ਬਾਕੀ 70% ਹਿੱਸਾ ਬਤੌਰ ਕਰਜ਼ਾ ਹਾਊਸਿੰਗ ਅਤੇ ਅਰਬਨ ਡਿਵੈਲਪਮੈਂਟ ਕਾਰਪੋਰੇਸ਼ਨ ਆਫ ਇੰਡੀਆ ਤੋਂ ਲਿਆ ਜਾਂਦਾ ਹੈ, ਜੋ ਵਿਆਜ ਸਮੇਤ ਸੱਤ ਸਾਲਾਂ ਵਿਚ ਵਾਪਿਸ ਕੀਤਾ ਜਾਂਦਾ ਹੈ। ਇਸ ਮੰਤਵ ਲਈ 1982–83 ਵਿਚ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਨੂੰ ਲਗਭਗ 104 ਲੱਖ ਰੁਪਿਆ ਅਲਾਟ ਕੀਤੇ ਗਏ ਹਨ। ਇਸ ਰਾਸ਼ੀ ਨਾਲ ਹੇਠ ਦੱਸੀਆਂ ਥਾਵਾਂ ਉਤੇ ਪੁਲਿਸ ਕਰਮਚਾਰੀਆਂ ਲਈ ਮਕਾਨਾਂ ਦਾ ਕੰਮ ਹੱਥ ਵਿਚ ਲਿਆ ਜਾ ਰਿਹਾ ਹੈ :—

1. ਚੌਕੀ ਜਦੀਦ, ਥਾਣਾ ਸਿਵਲ ਲਾਈਨ, ਪਟਿਆਲਾ।
2. ਥਾਣਾ ਸਦਰ, ਕਪੂਰਥਲਾ।
3. ਪੁਲਿਸ ਲਾਈਨ, ਬਠਿੰਡਾ।
4. ਥਾਣਾ ਢੰਡਾਰੀ ਕਲਾਂ, ਲੁਧਿਆਣਾ।
5. ਥਾਣਾ ਮਲੋਟ।
6. ਥਾਣਾ ਭੋਗਪੁਰ।
7. ਪੀ.ਏ.ਪੀ. ਲਾਈਨਜ਼, ਜਲੰਧਰ ਕੈਂਟ।

ਮਕਾਨਾਂ ਤੋਂ ਇਲਾਵਾ ਲੋਕ ਨਿਰਮਾਣ ਵਿਭਾਗ ਵੱਲੋਂ ਥਾਣੇ, ਦੂਜੀਆਂ ਗੈਰ-ਰਿਹਾਇਸ਼ੀ ਇਮਾਰਤਾਂ ਅਤੇ ਬੈਰਕਾਂ ਆਦਿ ਦੀ ਉਸਾਰੀ ਕੀਤੀ ਜਾਂਦੀ ਹੈ, ਜਿਸ ਮੰਤਵ ਲਈ ਲੋਕ ਨਿਰਮਾਣ ਵਿਭਾਗ ਨੂੰ 1982-83 ਵਿਚ 77 ਲੱਖ ਰੁਪਿਆ ਅਲਾਟ ਕੀਤਾ ਗਿਆ ਹੈ। ਲੋਕ ਨਿਰਮਾਣ ਵਿਭਾਗ ਵੱਲੋਂ ਹੇਠ ਲਿਖੀਆਂ ਇਮਾਰਤਾਂ ਦੀ ਉਸਾਰੀ ਕੀਤੀ ਜਾ ਰਹੀ ਹੈ :—

1. ਥਾਣਾ ਵਲਟੋਹਾ।
2. ਥਾਣਾ 'ਏ' ਡਵੀਜ਼ਨ ਅੰਮ੍ਰਿਤਸਰ।
3. ਥਾਣਾ ਡਵੀਜ਼ਨ ਨੰ: 2 ਜਲੰਧਰ।
4. ਥਾਣਾ ਡਵੀਜ਼ਨ ਨੰ: 4 ਜਲੰਧਰ।
5. ਪੁਲਿਸ ਲਾਈਨ, ਕਪੂਰਥਲਾ।
6. ਥਾਣਾ ਡਵੀਜ਼ਨ ਨੰ: 2, ਲੁਧਿਆਣਾ।
7. ਥਾਣਾ ਸਰਾਭਾ ਨਗਰ, ਲੁਧਿਆਣਾ।

Original with;
Punjab Vidhan Sabha
Digitized by;
Panjab Digital Library

8. ਥਾਣਾ ਢੰਡਾਰੀ ਕਲਾਂ, ਲੁਧਿਆਣਾ ।

9. ਥਾਣਾ ਖਰੜ ।

10. ਥਾਣਾ ਸਦਰ ਮੋਗਾ ।

11. ਪੀ. ਏ. ਪੀ. ਸਟੇਡੀਅਮ ਜਲੰਧਰ ਛਾਉਣੀ ।

12. ਸਰਦਾਰ ਪਟੇਲ ਆਡੀਟੋਰੀਅਮ ਫਿਲੌਰ, ਆਦਿ ।

1983-84 ਵਿਚ ਉਕਤ ਸਕੀਮਾਂ ਅਧੀਨ ਲਗਭਗ 150 ਨਵੇਂ ਮਕਾਨਾਂ ਦੀ ਉਸਾਰੀ ਵੱਖ ਵੱਖ ਥਾਵਾਂ ਉਤੇ ਕੀਤੇ ਜਾਣ ਦੀ ਤਜਵੀਜ਼ ਹੈ, ਜੋ ਕੰਮ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਵੱਲੋਂ ਕੀਤਾ ਜਾਣਾ ਹੈ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ ਉਕਤ ਇਮਾਰਤਾਂ ਦੀ ਉਸਾਰੀ ਦੇ ਕੰਮ ਨੂੰ ਚਾਲੂ ਰੱਖਿਆ ਜਾਣਾ ਹੈ ।

ਪੁਲਿਸ ਕਰਮਚਾਰੀਆਂ ਲਈ ਮਕਾਨਾਂ, ਦੂਜੀਆਂ ਰਿਹਾਇਸ਼ੀ ਇਮਾਰਤਾਂ, ਥਾਣੇ ਅਤੇ ਗੈਰ-ਰਿਹਾਇਸ਼ੀ ਇਮਾਰਤਾਂ, ਪੁਲਿਸ ਵਿਭਾਗ ਵਿਚ ਪੁਲਿਸ ਹਾਊਸਿੰਗ ਬੋਰਡ/ਕਾਰਪੋਰੇਸ਼ਨ ਬਣਾ ਕੇ ਉਸ ਰਾਹੀਂ ਉਸਾਰੀ ਦਾ ਕੰਮ ਕਰਵਾਉਣ ਬਾਰੇ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

---

## INSURANCE SCHEME FOR PASSENGERS

**266. Prof. Darbari Lal**: Will the Minister of State for Transport be pleased to state whether there is any proposal under the consideration of the Government for introducing Insurance Scheme for the passengers travelling by the buses of the Punjab Roadways and the Pepsu Road Transport Corporation; if so, the approximate time by which it is likely to materialise ?

**ਸਰਦਾਰ ਅਵਤਾਰ ਸਿੰਘ ਗਟਵਾਲੀ**: ਹਾਂ ਜੀ । ਪਸੰਜਰ ਇਨਸ਼ੋਰੈਂਸ ਸਕੀਮ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ ਜੀ । ਵੇਰਵਾ ਅਜੇ ਤਿਆਰ ਕੀਤਾ ਜਾ ਰਿਹਾ ਹੈ । ਸਮੇਂ ਬਾਰੇ ਅਜੇ ਕੁਝ ਨਹੀਂ ਦੱਸਿਆ ਜਾ ਸਕਦਾ ।

---

## ENTRY TO THE RAILWAY STATION, AMRITSAR

**270. Prof. Darbari Lal**: Will the Minister for Local Government be pleased to state whether the Government has any proposal under its consideration for providing entry to the Railway Station, Amritsar from the Goal Bagh Side; if so, the time by which that is likely to be done ?

**ਸ੍ਰੀ ਸਰਦਾਰੀ ਲਾਲ ਕਪੂਰ**: ਹਾਂ ਜੀ, ਗੋਲ ਬਾਗ ਵੱਲੋਂ ਰੇਲਵੇ ਸਟੇਸ਼ਨ ਲਈ ਰਸਤਾ ਉਸ ਵੇਲੇ ਮੁਹੱਈਆ ਕੀਤਾ ਜਾਵੇਗਾ ਜਦੋਂ ਰੇਲਵੇ ਵਿਭਾਗ ਵਲੋਂ ਰੇਲਵੇ ਬਿਲਡਿੰਗ ਮੁਕੰਮਲ ਕੀਤੀ ਜਾਵੇਗੀ ।

---

Original with;
Punjab Vidhan Sabha
Digitized by;
Panjab Digital Library

## REMOVAL OF DAIRIES FROM THE WALLED CITY OF AMRITSAR

**271. Prof. Darbari Lal**: Will the Minister for Local Government be pleased to state whether the Government has any proposal under its consideration to remove Dairies from the walled city of Amritsar; if so, the time by which that is likely to be done ?

**ਸ੍ਰੀ ਸਰਦਾਰੀ ਲਾਲ ਕਪੂਰ**: ਹਾਂ ਜੀ । ਡਾਇਰੀਆਂ, ਭੋਂ ਪ੍ਰਾਪਤ ਕਰਨ ਉਪਰੰਤ ਪਲਾਟ ਕਟਣ ਅਤੇ ਡਾਇਰੀਆਂ ਵਾਲਿਆਂ ਨੂੰ ਵੇਚਣ ਉਪਰੰਤ ਹੀ ਸ਼ਿਫਟ ਕੀਤੀਆਂ ਜਾਣਗੀਆਂ । ਇਸ ਕਾਰਵਾਈ ਨੂੰ ਕੁਝ ਸਮਾਂ ਲਗੇਗਾ ।

---

## SHIFTING OF TOBACCO AND MEAT SHOPS FROM THE WALLED CITY OF AMRITSAR

**272. Prof. Darbari Lal**: Will the Minister for Local Government be pleased to state whether the Government has any proposal under its consideration for shifting the tobacco and meat shops from the walled city, Amritsar; if so, the number of shops to be shifted ?

**ਸ੍ਰੀ ਸਰਦਾਰੀ ਲਾਲ ਕਪੂਰ**: ਹਾਂ ਜੀ । ਤਕਰੀਬਨ 333 ।

---

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਮੈਂ ਇਕ ਬੜਾ ਹੀ ਲੋਕ ਮਹੱਤਤਾ ਦਾ ਮਾਮਲਾ ਹਾਊਸ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ ਕਿ ਪਾਕਿਸਤਾਨੇ ਨੇ ਦਰਿਆ ਰਾਵੀ ਨੂੰ ਐਸੇ ਤਰੀਕੇ ਨਾਲ ਖੋਦ ਲਿਆ ਹੈ, ਆਪਣੀਆਂ ਮਸ਼ੀਨਾਂ ਵਗੈਰਾ ਲਗਾ ਕੇ, ਕਿ ਉਸ ਦਾ ਜਿਹੜਾ ਬੈਡ ਹੈ ਉਸ ਦਾ ਪਾਣੀ ਦਾ ਜਿਹੜਾ ਕੋਰਸ ਹੈ ਉਹ ਇਸ ਤਰ੍ਹਾਂ ਬਦਲ ਜਾਵੇ ਕਿ ਉਸ ਵਿੱਚ ਗੁਰਦਾਸਪੁਰ ਜ਼ਿਲ੍ਹੇ ਦਾ ਸਬ-ਡਿਵੀਜ਼ਨ, ਗੁਰਦਾਸਪੁਰ ਜ਼ਿਲ੍ਹੇ ਦਾ ਬਾਰਡਰ ਏਰੀਆ ਔਰ ਅੰਮ੍ਰਿਤਸਰ ਜ਼ਿਲ੍ਹੇ ਦਾ ਬਾਰਡਰ ਏਰੀਆ ਉਸ ਦੇ ਵਿੱਚ ਆ ਜਾਣ । ਪਿਛਲੇ ਦਿਨਾਂ ਵਿੱਚ ਬੜਾ ਮਾਮੂਲੀ ਪਾਣੀ ਆਇਆ ਲੇਕਿਨ ਉਸ ਪਾਣੀ ਨਾਲ ਵੀ ਇਕੱਲੀ ਮੇਰੀ ਕੰਸਟੀਚਿਊਐਂਸੀ ਦੇ 12 ਪਿੰਡਾਂ ਦੇ ਵਿੱਚ ਤਕਰੀਬਨ 8 ਹਜ਼ਾਰ ਏਕੜ ਜ਼ਮੀਨ ਵਿੱਚ ਕਿਧਰੇ 22 ਫੁਟ ਪਾਣੀ ਹੋ ਗਿਆ, ਕਿਧਰੇ 14 ਫੁਟ ਹੋ ਗਿਆ ਅਤੇ ਕਿਧਰੇ 10 ਫੁਟ ਪਾਣੀ ਹੋ ਗਿਆ । ਆਨਰੇਬਲ ਰੈਵੀਨਿਊ ਮਨਿਸਟਰ ਸਾਹਿਬ ਵੀ ਉਥੇ ਗਏ ਸਨ, ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਵੀ ਉਥੇ ਗਏ ਔਰ ਮੇਰਾ ਖਿਆਲ ਹੈ ਕਿ ਸ੍ਰੀ ਕਾਂਸ਼ੀ ਰਾਮ ਜੀ ਜੋ ਇਰੀਗੇਸ਼ਨ ਮਨਿਸਟਰ ਸਾਹਿਬ ਹਨ ਉਨ੍ਹਾਂ ਨੂੰ ਵੀ ਇਸ ਗੱਲ ਦਾ ਪਤਾ ਹੈ । ਮੈਂ ਤੁਹਾਡੀ ਖਿਦਮਤ ਵਿੱਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇੰਡ। ਵਾਟਰ ਟਰੀਟੀ ਦੀ ਵਾਇਓਲੇਸ਼ਨ ਪਾਕਿਸਤਾਨ ਦੀ ਤਰਫੋਂ ਹੋਈ ਹੈ । ਮੈਂ ਉਸ ਟਰੀਟੀ ਦੀਆਂ ਰੈਲੇਵੈਂਟ ਪੋਰਸ਼ਨ ਦੀਆਂ ਸਿਰਫ 4 ਲਾਈਨਾਂ ਪੜ੍ਹ ਕੇ ਦੱਸਣਾ ਚਾਹੁੰਦਾ ਹਾਂ ।

Sir, I read the relevant portion. This is provision 29 of the Indus Water Treaty. It is written: "Pakistan should maintain in good conditions her portions of Hudiara Drain, Kasur Nalah and Saleem Shah Drain. Pakistan and India "

**Chief Minister**: Speaker Sahib, I would only request the Hon. Member that since the Non-Alligned Conf rence is going on we should not discuss such things.

Original with;
Punjab Vidhan Sabha
Digitized by;
Panjab Digital Library

**Mr. Speaker**: Comrade Raj Kumar Ji, what is your point of order ?

**Comrade Raj Kumar**: ** ** **

**Mr. Speaker**: This is no Point of Order. Comrade Kulwant Singh ji, what is your point of order ?

**ਕਾਮਰੇਡ ਕੁਲਵੰਤ ਸਿੰਘ**: ** ** **

**Mr. Speaker** : This is no Point of Order.

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਤਾਂ ਇਤਨੀ ਅਰਜ਼ ਹੀ ਕਰ ਸਕਦਾ ਹਾਂ ਕਿ ਇਸ ਸਵਾਲ ਨੂੰ ਇਤਨਾ ਨਾ ਉਠਾਇਆ ਜਾਵੇ- We are taking immediately all precautionary measures.

**ਮਾਸਟਰ ਚੰਦ ਸਿੰਘ**: ** ** **

**Mr. Speaker**: This is no Point of Order. I have disallowed the Adjournment Motion.

**ਮਾਸਟਰ ਚੰਦ ਸਿੰਘ**: ** ** **

**Mr. Speaker**: This is no Point of Order.

**ਮਾਸਟਰ ਚੰਦ ਸਿੰਘ**: ** ** **

**Mr. Speaker**: Nothing to be recorded.

ਜੇ ਕੋਈ ਐਸੀ ਗੱਲ ਹੈ ਤਾਂ ਮਾਸਟਰ ਜੀ ਤੁਸੀਂ ਆਪੋਜ਼ੀਸ਼ਨ ਦੀ ਇਕ ਪਾਰਟੀ ਦੇ ਲੀਡਰ ਹੋ, ਤੁਸੀਂ ਮੇਰੇ ਚੈਂਬਰ ਵਿਚ ਬੈਠ ਕੇ ਗੱਲ ਕਰ ਸਕਦੇ ਹੋ ।

**ਮਾਸਟਰ ਚੰਦ ਸਿੰਘ**: ** ** **

**ਸ਼੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

---

## WALK-OUT

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਪੰਜਾਬ ਦੀ ਸਰਕਾਰ ਜਿਸ ਨੇ ਇਨ੍ਹਾਂ ਮਸਲਿਆਂ ਤੇ ਸੰਜੀਦਗੀ ਨਹੀਂ ਵਿਖਾਈ ਇਹ ਆਉਣ ਵਾਲੇ ਸਮੇਂ ਵਿਚ ਪਛਤਾਏਗੀ । ਸਪੀਕਰ ਸਾਹਿਬ, ਜੇਕਰ ਤੁਸੀਂ ਵੀ ਇਸ ਗੱਲ ਨੂੰ ਸੀਰੀਅਸਲੀ ਨਹੀਂ ਲੈਂਦੇ ਤਾਂ ਇਸਦੇ

---

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਨਾਲ ਜਿਹੜੀ ਪੰਜਾਬ ਦੀ ਹਿੰਦੂ-ਸਿਖ ਏਕਤਾ ਹੈ ਇਹ ਖਤਰੇ ਵਿਚ ਪੈ ਜਾਏਗੀ । ਜੇਕਰ ਤੁਸੀਂ ਵੀ ਸਾਨੂੰ ਇਸ ਮਸਲੇ ਤੇ ਸੁਣਨਾ ਨਹੀਂ ਚਾਹੁੰਦੇ ਤਾਂ ਅਸੀਂ ਐਜ਼ ਏ ਪ੍ਰੋਟੈਸਟ ਵਾਕ ਆਊਟ ਕਰਦੇ ਹਾਂ ।

[ਇਸ ਵਕਤ ਸੀ.ਪੀ.ਆਈ. (ਐਮ) ਦੇ ਹਾਊਸ ਵਿਚ ਹਾਜ਼ਰ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਵਾਕ ਆਊਟ ਕਰ ਕੇ ਚਲੇ ਗਏ ।]

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਜਿਹੜਾ ਮਾਮਲਾ ਤੁਸੀਂ ਡਿਸਪੋਜ਼ ਆਫ ਕਰ ਰਹੇ ਹੋ, ਠੀਕ ਹੈ ਤੁਸੀਂ ਹਾਊਸ ਦੇ ਮਾਲਕ ਹੋ, ਹਾਊਸ ਦੇ ਕਸਟੋਡੀਅਨ ਹੋ ਪਰ ਜੋ ਫੈਸਲਾ ਕਰੋਗੇ ਠੀਕ ਹੀ ਕਰੋਗੇ ਪਰ ਅਸੀਂ ਆਪਣੀ ਰਾਏ ਦੇ ਸਕਦੇ ਹਾਂ । ਇਤਨੇ ਸੈਨਸਿਟਿਵ ਮਾਮਲੇ ਤੇ ਤੁਸੀਂ ਉਨ੍ਹਾਂ ਦੀ ਐਡਜਰਨਮੈਂਟ ਮੋਸ਼ਨ ਰਿਜੈਕਟ ਕਰ ਕੇ ਨਾਲ ਹੀ ਕਹਿ ਦਿਤਾ ਕਿ ਉਹ ਤੁਹਾਡੇ ਚੈਂਬਰ ਵਿਚ ਆ ਕੇ ਗੱਲ ਕਰ ਸਕਦੇ ਹਨ । ਸਪੀਕਰ ਸਾਹਿਬ, ਇਹ ਕੋਈ ਸਿੰਪਲ ਗੱਲ ਨਹੀਂ ਕਿ ਇਸ ਹਾਊਸ ਦੀ ਇਕ ਮੇਜਰ ਪੁਲੀਟੀਕਲ ਪਾਰਟੀ, ਮੈਂਬਰਾਂ ਦਾ ਇਕ ਸਾਈਜ਼ੇਬਲ ਨੰਬਰ ਜਿਹੜਾ ਪੰਜਾਬ ਦੀ ਇਕ ਇਨਫਲੂਐਂਸ਼ਲ ਆਬਾਦੀ ਦਾ ਰਿਪ੍ਰੇਜ਼ੈਂਟੇਟਿਵ ਹੈ ਉਹ ਇਸ ਹਾਊਸ ਵਿਚ ਨਹੀਂ । ਜਿਹੜਾ ਇਸ਼ੂ ਆਨ-ਰੇਬਲ ਮੈਂਬਰ ਸਾਹਿਬਾਨ ਨੇ ਇਥੇ ਰੇਜ਼ ਕੀਤਾ ਹੈ ਔਰ ਉਸ ਮਾਮਲੇ ਵਿਚ ਜਿਹੜਾ ਤੌਖ਼ਲਾ ਜ਼ਾਹਰ ਕੀਤਾ ਹੈ ਉਹ ਕਹਿੰਦੇ ਹਨ ਕਿ ਉਹ ਸਪਸ਼ਟ ਹੋਣਾ ਚਾਹੀਦਾ ਹੈ । ਇਸ ਮਾਮਲੇ ਨੂੰ ਐਜ਼ ਫ਼ਾਰ ਐਜ਼ ਪਾਸੀਬਲ ਨੈਗੋਸ਼ੀਏਸ਼ਨ ਨਾਲ ਸੈਟਲ ਕਰਨਾ ਚਾਹੀਦਾ ਹੈ । ਭਾਵੇਂ ਟੈਰੀਟੋਰੀਅਲ ਦਾ ਮਾਮਲਾ ਹੈ, ਭਾਵੇਂ ਪਾਣੀ ਦਾ ਮਾਮਲਾ । ਲੇਕਿਨ ਹਰ ਨੈਗੋਸ਼ੀਏਸ਼ਨ ਦੀ ਹੱਦ ਹੁੰਦੀ ਹੈ । ਮੈਂ ਉਨ੍ਹਾਂ ਦੇ ਸੈਂਟੀਮੈਂਟਸ ਨਾਲ ਐਗਰੀ ਕਰਦਾ ਹਾਂ । ਜਿਹੜੀ ਇਸ ਮਾਮਲੇ ਵਿਚ ਡਿਲੇਅ ਹੋਈ ਹੈ ਇਹ ਹਾਨੀਕਾਰਕ ਹੈ । ਚਾਹੀਦਾ ਇਹ ਹੈ ਕਿ ਪੰਜਾਬ ਸਰਕਾਰ ਸੈਂਟਰ ਦੀ ਸਰਕਾਰ ਨੂੰ ਇਨਫਲੂਐਂਸ ਕਰੇ ਔਰ ਇਸ ਮਾਮਲੇ ਨੂੰ ਜਲਦੀ ਸੈਟਲ ਕਰਾਏ । ਇਹੋ ਜਿਹੀ ਕੋਈ ਗੱਲ ਨਹੀਂ ਕਿ ਇਹ ਕੋਈ ਅਕਾਲੀ ਦਲ ਜਾਂ ਪੰਜਾਬ ਗੌਰਮੈਂਟ ਦਾ ਮਾਮਲਾ ਹੈ, ਇਹ ਤਾਂ ਸਾਰੀ ਕੌਮ ਦਾ ਮਾਮਲਾ ਹੈ । ਸਾਰੀ ਕੌਮ ਆਪੋਜ਼ੀਸ਼ਨ ਤੇ ਗੌਰਮਿੰਟ ਪੰਜਾਬ, ਹਰਿਆਣਾ ਅਤੇ ਰਾਜਿਸਥਾਨ ਦੇ ਨੁਮਾਇੰਦਿਆਂ ਨੂੰ ਸੁਣਦੇ ਰਹੇ ਹਾਂ । ਅਕਾਲੀ ਪਾਰਟੀ ਨੇ ਆਪਣੀਆਂ ਮੰਗਾਂ ਨੂੰ ਕਰਟੇਲ ਕਰ ਦਿਤਾ, ਆਪਣੀਆਂ ਮੰਗਾਂ ਨੂੰ ਥੱਲੇ ਲੈ ਆਈ । ਉਹ ਕਹਿ ਰਹੇ ਹਨ ਕਿ ਉਹ ਆਨੰਦਪੁਰ ਦੇ ਮਤੇ ਤੇ ਨਹੀਂ ਰਹੇ । ਅੱਗੇ ਕਹਿੰਦੇ ਸਨ ਕਿ ਪਾਣੀ ਦਾ ਇਕ ਤੁਪਕਾ ਨਹੀਂ ਦੇਣਾ. ਹੁਣ ਕਹਿੰਦੇ ਹਨ ਕਿ ਐਗਰੀਮੈਂਟ ਰੀਵਿਊ ਕਰ ਲਵੋ ਔਰ ਇਹ ਚੀਜ਼ ਪਾਣੀ ਦੇ ਟ੍ਰਿਬਿਊਨਲ ਨੂੰ ਦੇ ਦਿਓ ਜਿਹੜਾ ਕਿ ਪਾਣੀ ਦਾ ਝਗੜਾ ਤਹਿ ਕਰੇ । ਟੈਰੀਟੋਰੀਅਲ ਦਾ ਕੋਈ ਝਗੜਾ ਨਹੀਂ । ਸੀ.ਐਮ ਸਾਹਿਬ ਨੇ ਕਈ ਵਾਰੀ ਐਲਾਨ ਕੀਤਾ ਹੈ ਕਿ ਚੰਡੀਗੜ੍ਹ ਟਾਈਟਲੀ ਬਿਲੌਂਗਜ਼ ਟੂ ਪੰਜਾਬ, ਇਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ । 1970 ਦੇ ਅਵਾਰਡ ਵਿਚ ਮਿਸਜ਼ ਇੰਦਰਾ ਗਾਂਧੀ, ਸਾਡੇ ਪ੍ਰਾਈਮ ਮਨਿਸਟਰ ਸਾਹਿਬਾ ਨੇ, ਕਲੀਅਰਲੀ ਕਿਹਾ ਕਿ ਚੰਡੀਗੜ੍ਹ ਦੀ ਡਿਵੀਜ਼ਨ ਨਹੀਂ ਹੋ ਸਕਦੀ । ਚੰਡੀਗੜ੍ਹ ਦਾ ਮਾਮਲਾ ਅਬੋਹਰ ਫ਼ਾਜ਼ਿਲਕਾ ਨਾਲ ਲਿੰਕਡ ਨਹੀਂ । ਪ੍ਰਾਈਮ ਮਨਿਸਟਰ ਦੇ ਅਵਾਰਡ ਵਿਚ ਫ਼ਾਜ਼ਿਲਕਾ ਔਰ ਅਬੋਹਰ ਦਾ ਮਾਮਲਾ ਹੋਰਨਾਂ ਕਲੇਮਜ਼ ਔਰ ਕਾਊਂਟਰ ਕਲੇਮਜ਼ ਨਾਲ ਜੁੜਿਆ ਹੋਇਆ ਹੈ, ਉਹ ਤਹਿ ਕਰੇਗਾ ਇਕ ਕਮਿਸ਼ਨ, ਪਰ ਕੋਈ ਕਮਿਸ਼ਨ

Original with;
Punjab Vidhan Sabha
Digitised by;
Panjab Digital Library

ਨਹੀਂ ਬੈਠਾ । ਇਸ ਦਾ ਰਿਜ਼ਲਟ ਨਿਕਲਿਆ ਕਿ ਅਸੀਂ ਬਹੁਤ ਭਾਰੀ ਐਜੀਟੇਸ਼ਨ ਨੂੰ ਫੇਸ ਕੀਤਾ । ਸਾਰੇ ਮੁਲਕ ਵਿਚ ਤਸ਼ਵੀਸ਼ਨਾਕ ਹਾਲਾਤ ਪੈਦਾ ਹੋ ਗਏ । ਇਸ ਮਾਮਲੇ ਨੂੰ ਜਲਦੀ ਹਲ ਕਰਨਾ ਚਾਹੀਦਾ ਹੈ, ਇਸ ਵਿਚ ਪਹਿਲੋਂ ਬੜੀ ਡਿਲੇਅ ਹੋਈ ਹੈ । ਅਸੀਂ ਕਹਿੰਦੇ ਹਾਂ ਕਿ ਪੰਜਾਬ ਗੌਰਮਿੰਟ ਨੂੰ ਆਪਣੇ ਇਨਫਲੂਐਂਸ ਨੂੰ ਪੂਰਾ ਵਰਤਣਾ ਚਾਹੀਦਾ ਹੈ ਔਰ ਇਸ ਮਾਮਲੇ ਨੂੰ ਛੇਤੀ ਹੱਲ ਕਰਾਉਣਾ ਚਾਹੀਦਾ ਹੈ ਇਸ ਦੇ ਲਈ ਜਿੰਨੀ ਕੋਆ-ਪ੍ਰੇਸ਼ਨ ਸਾਡੇ ਤੋਂ ਚਾਹੁੰਣ ਅਸੀਂ ਦੇਣ ਨੂੰ ਤਿਆਰ ਹਾਂ ।

ਉਨ੍ਹਾਂ ਨੇ ਆਪਣੇ ਅਸਤੀਫੇ ਦਿਤੇ, ਤੁਸੀਂ ਕਿਸੇ ਬਿਨਾਂ ਤੇ ਹਾਲੇ ਤਕ ਡਿਸਪੋਜ਼ ਆਫ਼ ਨਹੀਂ ਕੀਤੇ । ਮੈਂ ਕਹਿੰਦਾ ਹਾਂ ਕਿ ਸਪੀਕਰ ਸਾਹਿਬ, ਤੁਹਾਨੂੰ ਆਪਣਾ ਇਨਫਲੂ-ਐਂਸ ਇਸਤੇਮਾਲ ਕਰਨਾ ਚਾਹੀਦਾ ਹੈ ਤਾਂਕਿ ਉਹ ਆਪਣੇ ਅਸਤੀਫੇ ਵਾਪਸ ਕਰ ਲੈਣ । ਮੈਂ ਵੀ 13 ਤਾਰੀਖ ਨੂੰ ਸੰਤ ਲੌਂਗੋਵਾਲ ਕੋਲ ਹੱਥ ਬੰਨ੍ਹ ਕੇ ਜਾਵਾਂਗਾ ਅਤੇ ਕਹਾਂਗਾ ਕਿ ਇਹ ਜਿਹੜਾ ਰਸਤਾ ਅਸਤੀਫੇ ਦਾ ਅਪਨਾਇਆ ਹੈ ਇਹ ਛੱਡ ਕੇ ਉਹ ਕੋਈ ਹੋਰ ਰਸਤਾ ਅਖਤਿਆਰ ਕਰਨ ਅਤੇ ਮੈਂਬਰਾਂ ਤੋਂ ਅਸਤੀਫੇ ਵਾਪਸ ਕਰਾਉਣ । ਉਨ੍ਹਾਂ ਦੀ ਲੋਕਾਂ ਦੇ ਪ੍ਰਤੀ ਜਿਹੜੀ ਜ਼ਿਮੇਵਾਰੀ ਹੈ, ਉਹ ਇਸ ਹਾਊਸ ਵਿਚ ਨਿਭਾਉਣ । ਪੰਜਾਬ ਗੌਰਮਿੰਟ ਆਪਣੀ ਟਿੱਲ ਲਾਵੇ ਤਾਂ ਕਿ ਇਹ ਮਾਮਲੇ ਹੋਰ ਡਿਲੇ ਨਾ ਹੋਣ ।

---

## STATEMENT BY THE CHIEF MINISTER RE: STEPS TAKEN BY THE STATE GOVERNMENT ABOUT AMICABLE SETTLEMENT OF THE PUNJAB TANGLE

**ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ)** : ਸਪੀਕਰ ਸਾਹਿਬ, ਸਾਡੇ ਮੈਂਬਰਾਂ ਨੇ ਕਾਹਲੀ ਕੀਤੀ ਕਿ ਉਹ ਬਾਹਰ ਚਲੇ ਗਏ । ਕਾਮਰੇਡ ਰਾਜ ਕੁਮਾਰ ਨੇ ਸੁਆਲ ਉਠਾਇਆ ਹੈ ਮੈਂ ਪੋਜ਼ੀਸ਼ਨ ਵਾਜ਼ੇਹ ਕਰਨਾ ਚਾਹੁੰਦਾ ਹਾਂ । ਇਹ ਸਾਰੇ ਮਸਲੇ ਜਿੰਨੇ ਹਨ, ਬਜਟ ਸੈਸ਼ਨ ਵਿਚ ਬਜਟ ਤੇ ਤਕਰੀਰ ਕਰਦਿਆਂ ਉਠਾਏ ਜਾ ਸਕਦੇ ਹਨ ਔਰ ਹਰ ਚੀਜ਼ ਜੋ ਪੰਜਾਬ ਨਾਲ ਤੁਅੱਲਕ ਰਖਦੀ ਹੈ ਉਠਾਈ ਜਾ ਸਕਦੀ ਹੈ । ਸਾਡੇ ਡੈਮੋਕ੍ਰੇਟਿਕ ਸੈਟ ਅਪ ਵਿਚ ਹਰ ਕਿਸੇ ਨੂੰ ਇਜਾਜ਼ਤ ਹੈ ਐਸੇ ਇਸ਼ੂ ਜਿਹੜੇ ਉਨ੍ਹਾਂ ਦੇ ਇਲਾਕੇ ਦੇ ਹੋਣ, ਪੰਜਾਬ ਨਾਲ ਮਸਲੇ ਤੁੱਅਲਕ ਰਖਦੇ ਹੋਣ, ਉਠਾਏ ਜਾ ਸਕਦੇ ਹਨ । ਜੇਕਰ ਕੋਈ ਅਸਤੀਫੇ ਦੇਣਗੇ ਇਸ ਬਿਨਾਂ ਤੇ ਕਿ ਉਨ੍ਹਾਂ ਦੇ ਧਰਮ ਵਿਚ ਦਖਲ ਹੈ, ਇਹ ਗੱਲਾਂ ਨਹੀਂ ਹੁੰਦੀਆਂ । ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਨੇ ਜੋ ਗੱਲਾਂ ਰਿਲੀਜਨ ਨਾਲ ਸਬੰਧਤ ਸਨ ਉਨ੍ਹਾਂ ਦੀ ਡਿਸਪੋਜ਼ਲ ਕਰ ਦਿਤੀ । (ਥੰਪਿੰਗ)

ਜਿਹੜੇ ਇਸ਼ੂ ਰਹਿੰਦੇ ਹਨ ਉਨ੍ਹਾਂ ਵਾਸਤੇ ਉਹ ਤਿਆਰ ਹਨ, ਪਰ ਕੋਈ ਅਸਤੀਫੇ ਦੇ ਕੇ, ਜ਼ੋਰ ਨਾਲ ਕੋਈ ਕੁਝ ਕਰਵਾਉਣਾ ਚਾਹੇ ਇਹ ਠੀਕ ਨਹੀਂ ਹੈ । ਆਨਰੇਬਲ ਮੈਂਬਰ ਸਾਹਿਬ, ਮੇਰੇ ਨਾਲ ਸਹਿਮਤ ਹੋਣਗੇ ਕਿ ਦਬਾਓ ਨਾਲੋਂ ਪਰਸੂਏਸ਼ਨ ਜ਼ਿਆਦਾ ਕੰਮ ਕਰ ਸਕਦੀ ਹੈ । ਅਸੀਂ ਪਰਸੂਏਸ਼ਨ ਤੇ ਚਲ ਰਹੇ ਹਾਂ । ਸਪੀਕਰ ਸਾਹਿਬ ਦਾ ਆਪਣਾ ਦਾਇਰਾ-ਏ-ਅਖਤਿਆਰ ਹੈ ਉਨ੍ਹਾਂ ਨੇ ਅਸਤੀਫੇ ਮਨਜ਼ੂਰ ਨਹੀਂ ਕੀਤੇ । ਇਹ ਨਹੀਂ ਕਿ ਉਹ ਕਰ ਨਹੀਂ ਸਕਦੇ ਉਨ੍ਹਾਂ ਨੂੰ ਸਭ ਕੁਝ ਪਤਾ ਹੈ । ਜੇਕਰ ਉਨ੍ਹਾਂ ਨੇ ਅਸਤੀਫੇ ਪਾਸ ਨਹੀਂ ਕੀਤੇ ਤਾਂ ਇਸ ਤੋਂ ਸਾਫ਼ ਜ਼ਾਹਰ ਹੈ ਕਿ ਅਸੀਂ ਡੈਮੋਕਰੇਸੀ ਵਿਚ ਜ਼ਿਆਦਾ ਬਿਲੀਵ ਕਰਦੇ ਹਾਂ ਬਜਾਏ ਅਸਤੀਫਿਆਂ ਦੇ । ਮੈਂ ਮਸ਼ਕੂਰ ਹਾਂ ਉਨ੍ਹਾਂ ਨੇ ਇਸ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਗੱਲ ਨੂੰ ਅਜੇ ਪੋਸਟਪੋਨ ਕੀਤਾ ਹੈ, ਕੋਈ ਦਖ਼ਲ ਨਹੀਂ ਦਿੰਦਾ, ਨਾ ਅਸੀਂ ਦਿੰਦੇ ਹਾਂ ਅਤੇ ਨਾ ਕੋਈ ਹੋਰ ਦਿੰਦਾ ਹੈ। ਸਪੀਕਰ ਸਾਹਿਬ ਦਾ ਆਪਣਾ ਦਾਇਰਾ-ਏ-ਅਖ਼ਤਿਆਰ ਹੈ। ਜਿਹੜੇ ਇਲੈਕਟਿਡ ਆਦਮੀ ਹਨ ਉਹ ਇਸ ਹਾਊਸ ਵਿਚ ਆ ਕੇ ਗੱਲ ਕਰਨ ਦਲੀਲ ਨਾਲ। ਅਗਰ ਐਸਾ ਨਹੀਂ ਕਰਨਗੇ ਤਾਂ ਉਹ ਕੁਰਾਹੇ ਜਾ ਰਹੇ ਹਨ। ਉਹ ਹਜ਼ਾਰਾਂ ਲੱਖਾਂ ਲੋਕ ਜਿਨ੍ਹਾਂ ਨੇ ਵੋਟਾਂ ਦਿਤੀਆਂ ਹਨ, ਉਨ੍ਹਾਂ ਨਾਲ ਇਹ ਬੀਟਰੇਅਲ ਹੈ। ਇਸ ਲਈ ਉਨ੍ਹਾਂ ਨੂੰ ਹਾਊਸ ਵਿਚ ਆ ਕੇ ਆਪਣੀ ਗੱਲ ਕਰਨੀ ਚਾਹੀਦੀ ਹੈ। ਉਹ ਇਥੇ ਆਉਣ ਆਪਣੀ ਗੱਲ ਦਸਣ। ਸਪੀਕਰ ਸਾਹਿਬ, ਇਸ ਪਾਰਟੀ ਵਿਚੋਂ ਜਾਂ ਉਸ ਪਾਰਟੀ ਵਿਚੋਂ ਕੋਈ ਸੱਜਣ ਐਸਾ ਨਹੀਂ ਜਿਹੜਾ ਮੈਨੂੰ ਇਹ ਕਹੇ ਕਿ ਮੈਨੂੰ ਪੰਜਾਬ ਦਾ ਇੰਟਰੈਸਟ ਕਬੂਲ ਨਹੀਂ।

ਮੈਂ ਇਨ੍ਹਾਂ ਨੂੰ ਅੱਗੇ ਨਹੀਂ ਵਧਾਉਣਾ ਚਾਹੁੰਦਾ। ਜੇ ਕਿਸੇ ਨੇ ਮੇਰੀ ਫੁੱਲ ਸਟੇਟਮੈਂਟ ਪੜ੍ਹੀ ਹੋਵੇ ਤਾਂ ਉਹ ਜਾਣਦਾ ਹੋਵੇਗਾ ਕਿ ਉਥੇ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਦੇ ਵੱਡੇ ਵੱਡੇ ਲੀਡਰ ਸਨ, ਉਥੇ ਗੌਰਮਿੰਟ ਦੀ ਕਮੇਟੀ ਵੀ ਸੀ, ਮੈਂ ਉਥੇ ਪੂਰੇ ਜ਼ੋਰ ਨਾਲ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਅੱਜ ਵੀ ਕਾਂਗਰਸ ਦਾ ਅਤੇ ਇਸ ਸਰਕਾਰ ਦਾ ਸਟੈਂਡ ਇਹ ਹੈ ਕਿ ਚੰਡੀਗੜ੍ਹ ਸਾਨੂੰ ਮਿਲਣਾ ਚਾਹੀਦਾ ਹੈ (ਥੰਪਿੰਗ)। ਇਸ ਦੇ ਨਾਲ ਨਾਲ ਮੈਂ ਇਹ ਵੀ ਕਿਹਾ ਕਿ ਅਬੋਹਰ ਅਤੇ ਫਾਜ਼ਿਲਕਾ ਦੀ ਟਰਾਂਸਫਰ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ। (ਥੰਪਿੰਗ) ਇਹ ਠੀਕ ਹੈ ਕਿ ਕਈ ਤਜਵੀਜ਼ਾਂ ਉਥੇ ਆਈਆਂ। ਤਜਵੀਜ਼ ਦੇਣ ਵਿਚ ਕੋਈ ਹਰਜ਼ ਵੀ ਨਹੀਂ ਹੈ। ਅਗਰ ਕੋਈ ਚੀਜ਼ ਲੌਜੀਕਲ ਤਰੀਕੇ ਨਾਲ ਇਨ੍ਹਾਂ ਨੇ ਰੱਖੀ ਹੋਵੇ ਤਾਂ ਅਸੀਂ ਉਸ ਨੂੰ ਮੰਨਣ ਨੂੰ ਤਿਆਰ ਹਾਂ ਪਰ ਜੋ ਗੱਲ ਇਲਲਾਜੀਕਲ ਹੋਵੇ ਅਤੇ ਸਟੇਟ ਦੇ ਇੰਟਰੈਸਟ ਵਿਚ ਨਾ ਹੋਵੇ, ਸਿਰਫ਼ ਆਪਣੇ ਇਕਤਦਾਰ ਨੂੰ ਰੱਖਣ ਵਾਸਤੇ ਜਾਂ ਹਉਮੈ ਨੂੰ ਸਾਹਮਣੇ ਰੱਖ ਕੇ ਕੀਤੀ ਹੋਵੇ, ਉਹ ਸਾਨੂੰ ਕਾਬਲੇ ਕਬੂਲ ਨਹੀਂ। ਜੋ ਕੰਸੈਂਸਿਜ਼ ਕਿਸੇ ਗੱਲ ਦਾ ਨਿਕਲਦਾ ਹੈ, ਉਸ ਨੂੰ ਅਸੀਂ ਕਾਬਲੇ ਕਬੂਲ ਸਮਝਾਂਗੇ। ਪ੍ਰਾਈਮ ਮਨਿਸਟਰ ਸਾਹਿਬਾ ਇਸ ਗੱਲ ਤੇ ਤੀਬਰ ਹਨ ਕਿ ਕਿਸੇ ਢੰਗ ਨਾਲ ਇਸ ਮਸਲੇ ਨੂੰ ਨਬੇੜਿਆ ਜਾਵੇ ਅਤੇ ਇਨ੍ਹਾਂ ਸੂਬਿਆਂ ਵਿੱਚ ਅਮਨ ਅਮਾਨ ਕਾਇਮ ਰੱਖਿਆ ਜਾਵੇ ਅਤੇ ਤਰੱਕੀ ਦੇ ਕੰਮ ਇਥੇ ਜਾਰੀ ਰਹਿਣ ਜਿਨ੍ਹਾਂ ਗੱਲਾਂ ਕਾਰਣ ਉਨ੍ਹਾਂ ਵਿਚ ਆਪ ਇਨਟਰਨਲ ਰੋਸ ਹੈ, ਮੈਂ ਉਨ੍ਹਾਂ ਵਿਚ ਨਹੀਂ ਜਾਣਾ ਚਾਹੁੰਦਾ। ਜੇ ਮੈਂ ਇਸ ਦਾ ਜ਼ਿਕਰ ਕਰਾਂ ਤਾਂ ਇਹ ਬਹੁਤ ਲੰਮੀ ਕਹਾਣੀ ਹੈ। ਕਿਸੇ ਨਤੀਜ ਉਤੇ ਅਪੜਨ ਦੇ ਰਸਤੇ ਵਿਚ ਇਹ ਰੁਕਾਵਟ ਬਣ ਰਹੀ ਹੈ। ਇਹ ਕਾਰਣ ਮੈਂ ਇਥੇ ਹੁਣ ਨਹੀਂ ਦੱਸਣਾ ਚਾਹੁੰਦਾ। ਜੇ ਲੋੜ ਪਈ ਤਾਂ ਫਿਰ ਕਿਸੇ ਮੌਕੇ ਤੇ ਦੱਸਾਂਗਾ। ਇਹ ਗੱਲ ਬਿਲਕੁਲ ਗਲਤ ਹੈ ਉਨ੍ਹਾਂ ਦੀ ਜੋ ਉਥੇ ਗਏ ਹਨ ਕਿ ਸਰਕਾਰ ਨੇ ਕਿਸੇ ਤਰ੍ਹਾਂ ਵੀ ਇਸ ਨੂੰ ਨਬੇੜਨ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਨੂੰ ਇਹ ਭੁਲੇਖਾ ਹੈ। ਇਹ ਆਪ ਕੋਸ਼ਿਸ਼ ਕਰਦੇ ਰਹੇ ਹਨ। ਇਨ੍ਹਾਂ ਦੇ ਕਹਿਣ ਤੇ ਉਹ ਮੰਨੇ ਨਹੀਂ। ਉਨ੍ਹਾਂ ਤੇ ਦੂਸ਼ਣ ਲਾਉਣ। ਪਰ ਇਸ ਦੇ ਬਜਾਏ ਸਰਕਾਰ ਤੇ ਦੂਸ਼ਣ ਲਾਉਣਾ ਬੇਇਨਸਾਫੀ ਹੈ। ਬਾਕੀ ਕਹਿ ਤਾਂ ਇਹ ਕੁਝ ਵੀ ਸਕਦੇ ਹਨ। ਮੈਂ ਇਹ ਅਰਜ਼ ਕਰਾਂਗਾ ਕਿ ਜਦੋਂ ਵੀ ਬਜਟ ਸੈਸ਼ਨ ਵਿਚ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਦੀ ਬੋਲਣ ਦੀ ਵਾਰੀ ਆਏ ਤਾਂ ਇਹ ਆਪਣੀ ਗੱਲ ਕਰਨ । ਇਹ ਬਹੁਤ ਬਰਨਿੰਗ ਮਸਲਾ ਹੈ । ਹੋਰ ਵੀ ਮਸਲੇ ਹਨ । ਸਾਰੇ ਇਥੇ ਡਿਸਕਸ ਕੀਤੇ ਜਾ ਸਕਦੇ ਹਨ । ਲੇਕਿਨ ਮੈਂ ਇਸ ਚਾਰਜ ਨੂੰ ਰਿਫਿਊਟ ਕਰਦਾ ਹਾਂ ਕਿ ਸਰਕਾਰ ਵੱਲੋਂ ਕੋਈ ਉਦਮ ਨਹੀਂ ਹੋ ਰਿਹਾ ਜਾਂ ਪ੍ਰਾਈਮ ਮਨਿਸਟਰ ਇਸ ਮਸਲੇ ਦਾ ਹੱਲ ਨਹੀਂ ਕਰਦੀ । ਮੈਂ ਇਹ ਦੋਨੋਂ ਚਾਰਜਿਜ਼ ਜ਼ੋਰ ਨਾਲ ਰਿਫਿਊਟ ਕਰਦਾ ਹਾਂ । (ਥੰਪਿੰਗ) ਅਸੀਂ ਪੂਰੇ ਤੌਰ ਤੇ ਤਿਆਰ ਬਰ ਤਿਆਰ ਹਾਂ । ਉਹ ਇਥੇ ਆ ਕੇ ਆਪਣਾ ਕੇਸ ਪੇਸ਼ ਕਰਨ । ਅਸੀਂ ਕਦੇ ਇਹ ਨਹੀਂ ਕਿਹਾ ਕਿ ਬਾਹਰ ਜਾਓ, ਅਸਤੀਫ਼ਾ ਦੇ ਦਿਓ । ਇਹ ਚੰਗੀ ਗੱਲ ਹੈ ਕਿ ਇਕ ਮੈਂਬਰ ਬਾਹਰ ਆ ਕੇ ਦਸਤਖਤ ਕਰ ਗਏ ਹਨ ਕਿਉਂਕਿ ਹਾਜ਼ਰੀ ਤਾਂ ਬਾਹਰ ਰਜਿਸਟਰ ਵਿਚ ਲਗ ਜਾਂਦੀ ਹੈ । ਅੰਦਰ ਉਹ ਆਉਣ ਨਾ ਆਉਣ । ਮੈਂ ਤਾਂ ਬਾਕੀਆਂ ਨੂੰ ਵੀ ਇਹ ਕਹਿੰਦਾ ਹਾਂ ਕਿ ਇਸ ਤਰ੍ਹਾਂ ਹੀ ਕਰ ਲੈਣ ਤਾਂ ਕਿ ਸੈਸ਼ਨ ਵਿਚ ਉਨ੍ਹਾਂ ਦੀ ਹਾਜ਼ਰੀ ਜ਼ਰੂਰ ਲਗ ਜਾਵੇ । ਅਸੀਂ ਕਦੇ ਇਹ ਗੱਲ ਨਹੀਂ ਕਹੀ ਕਿ ਇਥੇ ਹਾਜ਼ਰ ਨਾ ਹੋਣ । ਐਜੀਟੇਸ਼ਨ ਦੀ ਬਜਾਏ ਉਹ ਇਥੇ ਆ ਕੇ ਆਪਣੀ ਗੱਲ ਦੱਸਣ । ਆਪਣੀਆਂ ਪਰਪੋਜ਼ਲਜ਼ ਇਥੇ ਰੱਖਣ । ਪ੍ਰਾਈਮ ਮਨਿਸਟਰ ਇਸ ਸਿਚੂਏਸ਼ਨ ਤੋਂ ਬਿਲਕੁਲ ਸੀਜ਼ਡ ਹਨ । ਇਹ ਬੜਾ ਗੰਭੀਰ ਮਸਲਾ ਹੈ । ਮੈਨੂੰ ਮੁਆਫ ਕਰਨਾ, ਸਪੀਕਰ ਸਾਹਿਬ, ਬਹੁਤ ਸਾਰੇ ਮੈਂਬਰ ਜੋ ਇਥੇ ਗੈਰ ਹਾਜ਼ਰ ਹਨ, ਉਹ ਕਦੇ ਕੁਝ ਕਹਿੰਦੇ ਹਨ ਅਤੇ ਕਦੇ ਕੁਝ ਕਹਿੰਦੇ ਹਨ । ਮੈਂ ਸਿਰਫ਼ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪਾਣੀ ਦੇ ਮਸਲੇ ਦੀ ਪਕੜ ਕਰਨਾ ਕਾਫੀ ਦੂਰ ਦੀ ਗੱਲ ਹੈ । ਸਪੀਕਰ ਸਾਹਿਬ, ਮੈਂ ਉਥੇ ਸਿਰਫ ਇਕ ਸ਼ਬਦ ਵਰਤਿਆ ਸੀ । I am in favour of opening this issue, if I am assured more water. ਇਸ ਦਾ ਸਾਫ ਮਤਲਬ ਇਹ ਸੀ ਕਿ ਮੈਂ ਚਾਹੁੰਦਾ ਹਾਂ ਕਿ ਪਾਣੀ ਸਾਨੂੰ ਜ਼ਿਆਦਾ ਮਿਲੇ । ਕਿਸ ਨੇ ਕਿਹਾ ਹੈ ਕਿ ਪਾਣੀ ਸਾਨੂੰ ਘੱਟ ਮਿਲੇ । ਹਰ ਕੋਈ ਆਪਣੇ ਸੂਬੇ ਲਈ ਜ਼ਿਆਦਾ ਕੋਸ਼ਿਸ਼ ਕਰੇਗਾ । ਇਕ ਗੱਲ ਮੈਂ ਬੜੀ ਵਾਜ਼ਿਆ ਕਰਨਾ ਚਾਹੁੰਦਾ ਹਾਂ ਕਿ ਇਸ ਦੇਸ਼ ਵਿਚ ਇਕੱਲਾ ਪੰਜਾਬ ਨਹੀਂ । ਪੰਜਾਬ ਸਾਰੇ ਹਿੰਦੁਸਤਾਨ ਨਾਲ ਜੁੜਿਆ ਹੋਇਆ ਹੈ । ਇਹ ਠੀਕ ਹੈ ਕਿ ਪੰਜਾਬ ਆਪਣੀ ਮਿਹਨਤ ਨਾਲ ਕਾਫੀ ਕੁਝ ਦੂਜੇ ਸੂਬਿਆਂ ਨੂੰ ਪੈਦਾ ਕਰਕੇ ਦਿੰਦਾ ਹੈ । ਪਾਣੀ ਦੀ ਸਾਨੂੰ ਲੋੜ ਹੈ । ਇਸ ਵਿਚ ਕੋਈ ਦੋ ਰਾਵਾਂ ਨਹੀਂ ਲੇਕਿਨ ਦੂਜੇ ਪਾਸੇ ਅਸੀਂ ਕਿਸੇ ਹੋਰ ਸੂਬੇ ਨੂੰ ਜ਼ਿਆਦਾ ਇਗਨੋਰ ਵੀ ਨਹੀਂ ਕਰ ਸਕਦੇ ਤਾਂ ਕਿ ਉਸ ਦੀ ਕਮਜ਼ੋਰੀ ਸਾਡੇ ਉਤੇ ਰਿਐਕਟ ਕਰੇ । ਸਾਰੇ ਸੂਬੇ ਜੁੜ ਕੇ ਇਕ ਹਿੰਦੁਸਤਾਨ ਬਣਾਉਂਦੇ ਹਨ । ਇਹ ਮੁੱਖ ਗੱਲ ਉਨ੍ਹਾਂ ਦੇ ਸਾਹਮਣੇ ਆਉਣੀ ਚਾਹੀਦੀ ਹੈ ਜੋ ਮੈਂਬਰ ਗੈਰਹਾਜ਼ਰ ਹਨ । ਫਿਰ ਕਿਸੇ ਨਤੀਜੇ ਤੇ ਅਪੜਨ ਲਈ ਜ਼ਿਆਦਾ ਦੇਰ ਨਹੀਂ ਲਗੇਗੀ । ਮੈਂ ਆਪਣੇ ਆਪ ਨੂੰ ਇਸ ਗੱਲ ਤਕ ਸੀਮਤ ਕਰਦਾ ਹਾਂ ਕਿ ਅਸੀਂ ਇਸ ਮਸਲੇ ਨੂੰ ਨਖੇੜ ਕੇ ਵੇਖੀਏ । ਕਾਂਗਰਸ ਪਾਰਟੀ ਦੀ ਸਰਕਾਰ ਵਲੋਂ ਬਤੌਰ ਚੀਫ਼ ਮਨਿਸਟਰ ਜਿਸ ਤਰੀਕੇ ਨਾਲ ਮੈਂ ਇਹ ਮਸਲਾ ਸਾਹਮਣੇ ਰੱਖਿਆ ਹੈ, ਮੈਂ ਅੱਜ ਵੀ ਕਨਟੈਸਟ ਕਰਦਾ ਹਾਂ ਕਿ ਇਸ ਨਾਲੋਂ ਬੈਟਰ ਤਰੀਕੇ ਨਾਲ ਹੋਰ ਕੋਈ ਨਹੀਂ ਰੱਖ ਸਕਿਆ ।

Original with;
Punjab Vidhan Sabha
Digitized by;
Panjab Digital Library

**Shri Brahm Mohindra** : It is very serious matter I want to draw your attention to this urgent important matter.

**Mr. Speaker** : Let me finish.

**Shri Brahm Mohindra** : Will you please permit me to say ? You will have to allow me.

**Mr. Speaker** : Please sit down. Let me finish first.

ਸੀ. ਐਮ. ਸਾਹਿਬ ਨੇ ਦੱਸਿਆ ਹੈ ਕਿ ਇਹ ਮਸਲਾ ਕਾਫੀ ਗੰਭੀਰ ਹੈ । ਸਾਰੇ ਇਸ ਮਸਲੇ ਨੂੰ ਜਾਣਦੇ ਹਨ । ਇਸ ਨੂੰ ਇਤਨੀ ਸੀਰੀਅਸਨੈਸ ਨਾਲ ਹੀ ਸਾਰਿਆਂ ਨੂੰ ਲੈਣਾ ਚਾਹੀਦਾ ਹੈ । ਇੱਕ ਗੱਲ ਕਾਮਰੇਡ ਰਾਜ ਕੁਮਾਰ ਸਾਹਿਬ ਨੇ ਬੜੇ ਸੈਂਟੀਮੈਂਟਲ ਅਤੇ ਜਜ਼ਬਾਤ ਭਰੇ ਲਫਜ਼ਾਂ ਵਿਚ ਕਹੀ ਹੈ ਕਿ ਸਾਡੇ ਮੈਂਬਰ ਇਥੇ ਨਹੀਂ ਆਏ, ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਇਥੇ ਆਉਣ । ਸੀ. ਐਮ. ਸਾਹਿਬ ਨੇ ਵੀ ਦਸਿਆ ਹੈ ਕਿ ਸਾਰੇ ਹਾਊਸ ਦੇ ਇਹੀ ਸੈਂਟੀਮੈਂਟਸ ਹਨ ਕਿ ਉਹ ਬੇਸ਼ਕ ਇਥੇ ਆਉਣ ਔਰ ਡੈਮੋਕਰੇਟਿਕ ਤਰੀਕੇ ਨਾਲ ਗੱਲ ਕਰਨ ।

**ਸ੍ਰੀ ਬ੍ਰਹਮ ਮਹਿੰਦਰਾ** : ਸਪੀਕਰ ਸਾਹਿਬ, ਇਸ ਤੋਂ ਵੱਧ ਅਨਡੈਮੋਕਰੇਟਿਕ ਸਟੇਟ-ਮੈਂਟ ਹੋਰ ਆਈ ਹੈ, ਮੈਂ ਉਸ ਵੱਲ ਤੁਹਾਡਾ ਧਿਆਨ ਦਿਵਾਣਾ ਚਾਹੁੰਦਾ ਹਾਂ ।

The Akali Dal President, Sant Harchand Singh Longowal, has asked young Sikhs to "adopt their own path" if the non-Akali Legislators did not resign by March 15.

I call upon this House and yourself because you are the custodian of this House to condemn this deplorable statement.

ਸਪੀਕਰ ਸਾਹਿਬ, ਇਥੇ ਉਨ੍ਹਾਂ ਨੂੰ ਇਨਵਾਈਟ ਕਰਨ ਦੀ ਗੱਲ ਕੀਤੀ ਜਾ ਰਹੀ ਹੈ । ਮੈਂ ਕਹਿੰਦਾ ਹਾਂ ਕਿ ਜਿਹੜੀ ਇਹ ਕਾਲ ਦਿੱਤੀ ਗਈ ਹੈ, ਇਸ ਦੇ ਬਾਰੇ ਇਹ ਕੀ ਕਹਿਣਾ ਚਾਹੁੰਦੇ ਹਨ ।

**ਪ੍ਰੋਫੈਸਰ ਬਲਵੰਤ ਸਿੰਘ** : ਸਾਨੂੰ ਟਾਈਮ ਦਿਉ, ਅਸੀਂ ਦਸਦੇ ਹਾਂ ।

---

## OBSERVATION BY THE SPEAKER RE : RESIGNATIONS SUBMITTED BY THE AKALI MEMBERS

**ਸ੍ਰੀ ਸਪੀਕਰ** : ਮੈਂ ਅਖਬਾਰੀ ਖਬਰਾਂ ਵਿੱਚ ਨਹੀਂ ਜਾਣਾ ਚਾਹੁੰਦਾ । ਸੀ. ਐਮ. ਸਾਹਿਬ ਨੇ ਇਕ ਗੱਲ ਕਹੀ ਹੈ ਕਿ ਅਸਤੀਫੇ ਮੇਰੇ ਅੰਡਰ-ਕੰਸਿਡਰੇਸ਼ਨ ਹਨ । ਉਹ ਮੈਂ ਕੰਸਿਡਰ ਕਰ ਰਿਹਾ ਹਾਂ । ਇਸ ਮਸਲੇ ਤੇ ਅਗਰ ਕੋਈ ਹਾਊਸ ਦੀ ਸਮੁੱਚੀ ਕਨਸੈਂਸਜ਼ ਬਣਦੀ ਹੋਵੇ ਤਾਂ ਠੀਕ ਹੈ । ਮੈਂ ਸਮਝਦਾ ਹਾਂ ਕਿ ਇਸ ਡਿਸਕਸ਼ਨ ਨੂੰ ਅੱਜ ਕਲੋਜ਼ ਕਰੀਏ । ਮਾਸਟਰ ਚੰਦ ਸਿੰਘ ਚੌਪੜਾ ਨੂੰ ਮੈਂ ਕਿਹਾ ਸੀ ਕਿ ਮੇਰੇ ਚੈਂਬਰ ਵਿੱਚ ਉਹ ਆਉਣ । ਇਸ ਬਾਰੇ ਗੱਲ ਕਰਾਂਗੇ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂਬਰਜ਼ ਸਾਹਿਬਾਨ ਦੇ ਅੰਦਰ ਇਸ ਮਾਮਲੇ ਤੇ ਕਾਫ਼ੀ ਐਗਜ਼ਾਇਟੀ ਹੈ, ਅਸੀਂ ਇਨ੍ਹਾਂ ਨੂੰ ਇਸ ਤਰ੍ਹਾਂ ਨਾਲ ਚੁੱਪ ਨਹੀਂ ਕਰਾ ਸਕਦੇ, ਕਿਉਂਕਿ ਮਾਮਲਾ ਬਹੁਤ ਸੀਰੀਅਸ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਮਾਸਟਰ ਚੰਦ ਸਿੰਘ ਜੀ ਨੇ ਗੱਲ ਕੀਤੀ ਹੈ ਕਿ ਇਸ ਤੇ ਡਿਸਕਸ਼ਨ ਕਰਨ ਲਈ ਐਪ੍ਰੋਪ੍ਰੀਏਟ ਟਾਈਮ ਫਿਕਸ ਕਰ ਲਿਆ ਜਾਵੇ, ਇਹ ਠੀਕ ਗੱਲ ਕੀਤੀ ਹੈ।

**ਸ੍ਰੀ ਸਪੀਕਰ** : ਮੈਂ ਕੋਈ ਪਹਿਲਾਂ ਫ਼ਾਰਸੀ ਵਿਚ ਤਾਂ ਨਹੀਂ ਬੋਲਿਆ ਸੀ ਕਿ ਮੇਰੇ ਚੈਂਬਰ ਵਿਚ ਆ ਜਾਣ, ਮੈਂ ਗੱਲ ਕਰ ਲਵਾਂਗਾ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੇ ਖ਼ਿਆਲ ਵਿਚ, ਜੋ ਮੈਂ ਸਮਝਿਆ ਹਾਂ ਕਿ ਸੀ. ਐਮ. ਸਾਹਿਬ ਨੇ ਆਪਣੀ ਸਟੇਟਮੈਂਟ ਵਿਚ ਜੋ ਕਿਹਾ ਹੈ ਉਸ ਦਾ ਮਤਲਬ ਇਹੀ ਹੈ ਕਿ ਇਸ ਤੇ ਡਿਸਕਸ਼ਨ ਕਰ ਲਈ ਜਾਵੇ। ਇਸ ਲਈ ਇਸ ਤੇ ਡਿਸਕਸ਼ਨ ਕਰਨ ਲਈ ਇਸ ਵਾਸਤੇ ਐਪ੍ਰੋਪ੍ਰੀਏਟ ਟਾਈਮ ਫਿਕਸ ਕਰ ਲਿਆ ਜਾਵੇ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਤੁਸੀਂ 11-30 ਵਜੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾਈ ਹੈ, ਉਸ ਵੇਲੇ ਇਹ ਗੱਲ ਹੋ ਸਕਦੀ ਹੈ।

**ਸ੍ਰੀ ਸਪੀਕਰ** : ਠੀਕ ਹੈ, ਡਾਕਟਰ ਸਾਹਿਬ ਨੇ ਕਿਹਾ ਹੈ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਇਹ ਮਾਮਲਾ ਡਿਸਕਸ ਕਰ ਲਵਾਂਗੇ। (ਥੰਪਿੰਗ)

**ਸ੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਕਲ੍ਹ ਸਾਡੇ ਦੇਸ਼ ਦੇ ਮਹਾਨ ਨੇਤਾ ਸ੍ਰੀਮਤੀ ਇੰਦਰਾ ਗਾਂਧੀ, ਪ੍ਰਧਾਨ ਮੰਤਰੀ, ਨਾਨ-ਅਲਾਈਂਡ ਕਾਨਫਰੰਸ, ਜਿਹੜੀ ਕਿ ਦਿੱਲੀ ਵਿਚ ਹੋ ਰਹੀ ਹੈ, ਉਸ ਕਾਨਫਰੰਸ ਦੇ ਚੇਅਰਮੈਨ ਚੁਣੇ ਗਏ ਹਨ। ਇਹ ਗੱਲ ਸਾਡੇ ਹਿੰਦੁਸਤਾਨ ਲਈ ਬੜੀ ਮਾਣ ਦੀ ਗੱਲ ਹੈ ਔਰ ਸਾਡੇ ਲਈ ਫ਼ਖ਼ਰ ਦੀ ਗੱਲ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਸਰਵਸੰਮਤੀ ਨਾਲ ਉਨ੍ਹਾਂ ਦੇ ਚੇਅਰਮੈਨ ਚੁਣੇ ਜਾਣ ਤੇ ਉਨ੍ਹਾਂ ਨੂੰ ਵਧਾਈ ਦੇਣੀ ਚਾਹੀਦੀ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਤੁਸੀਂ ਜਿਹੜੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਰੱਖੀ ਹੈ, ਉਸ ਵਿਚ ਇਹ ਮੈਂਬਰਜ਼ ਸਾਹਿਬਾਨ ਦੇ ਸੁਝਾਵ ਆ ਜਾਣਗੇ ਔਰ ਉਸ ਮੁਤਾਬਿਕ ਟਾਈਮ ਫਿਕਸ ਕਰ ਲਿਆ ਜਾਵੇਗਾ।

**ਸ੍ਰੀ ਸਪੀਕਰ** : ਠੀਕ ਹੈ। ਨੈਕਸਟ ਆਈਟਮ।

I move to the next item now.

---

Original with;
Punjab Vidhan Sabha
Digitized by;
Panjab Digital Library

## PAPERS LAID/RE-LAID ON THE TABLE

**Health and Family Welfare Minister** (Shri Joginder Pal Pandey):

Sir, I beg to lay on the Table—

1. (i) the Punjab Agricultural Produce Markets (Second Amendment) Ordinance. 1982 (Punjab Ordinance No. 5 of 1982);

and

(ii) the Punjab Agricultural Produce Markets (Amendment) Ordinance, 1983 (Punjab Ordinance No. 2 of 1983).

as required under Article 213 (2) (a) of the Constitution of India.

2. (i) Corrigendum dated the 31st July, 1982 to notification No. G.S.R. 170/C.A. 4/39/Ss. 30 and 31/Amd. (82)/79, dated the 4th December, 1979;

and

(ii Notification No. G.S.R. 116/C.A. 4/39/SS 24 and 41/8 Amd. (98)/82, dated the 1st September, 1982;

as required under section 133 (3) of the Motor Vehicles Act, 1939.

Sir, I also beg to re-lay on the Table—

3. (i) Notification No. G.S.R. 19/C.A. 4/39/Ss. 24 and 41/Amd. (1) 82, dated the 24th February, 1982;

and

(ii) Notification No. S. O. 22/C.A. 4/39/S. 74/82, dated the 25th June, 1982,

as required under section 133 (3) of the Motor Vehicles Act, 1939.

---

## FINANCIAL BUSINESS

**Supplementary Estimates (2nd Instalment) for the year 1982-83.**

**Finance Minister** (Doctor Kewal Krishan): Sir, I beg to present the Supplementary Estimates (2nd Instalment) for the year 1982-83.

**Presentation of Report of the Committee on Estimates.**

**Chairman, Estimates Committee (Sardar Birdevinder Singh) :-**

Sir, I beg to present the report of the Committee on Estimates on the Supplementary Estimates (2nd Instalment) for the year 1982-83.

---

Original with;
Punjab Vidhan Sabha
Digitized by;
Panjab Digital Library

## PRESENTATION OF REPORTS OF PUBLIC ACCOUNTS COMMITTEE.

**Chairman, Public Accounts Committee** (Shri Gopal Krishan Chatrath)):

Sir, I beg to present :—

(i) 49th Report of the Committee on Public Accounts on the Appropriation Accounts of the Government of Punjab for the year 1973-74 and 1974-75 and the Reports of the Comptroller and Auditor General of India for the year 1973-74 and 1974-75 (Revenue Receipts) relating to Revenue Department.

(ii) 50th Report of the Committee on Public Accounts on the Appropriation Accounts of the Government of Punjab for the year 1976-77 and the Report of Comptroller and Auditor General of India for the year 1976-77 (Civil) relating to the Food and Supplies Department.

**ਸ੍ਰੀ ਸਪੀਕਰ** : ਗਵਰਨਰ ਸਾਹਿਬ ਦੇ ਐਡਰਸ ਤੇ ਬਹਿਸ ਹੁਣ ਸ਼ੁਰੂ ਹੋਵੇਗੀ ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**Mr. Speaker** : No Point of Order. Nothing to be recorded now. Please sit down.

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਫਿਕਰ ਕਿਉਂ ਕਰਦੇ ਹਨ ।

## DISCUSSION ON GOVERNOR'S ADDRESS

**Sardar Jagdev Singh Jassowal** (Rai Kot) : Sir, I beg to move—

That an Address be presented to the Governor in the following terms :—

"That the Members of this House assembled in this Session are deeply grateful to the Governor for the Address which he has been pleased to deliver to the House on the 7th March, 1983"

ਪਰਮਸਤਿਕਾਰ ਯੋਗ ਸਪੀਕਰ ਸਾਹਿਬ, ਮੈਨੂੰ ਇਸ ਗਲ ਤੇ ਖੁਸ਼ੀ ਹੈ ਔਰ ਮੈਂ ਮਾਣ ਕਰਦਾ ਹਾਂ ਕਿ ਪੰਜਾਬ ਦੇ ਮਾਨਯੋਗ ਗਵਰਨਰ ਸਾਹਿਤ ਨੇ ਕੱਲ੍ਹ ਜੋ ਇਸ ਸਦਨ ਵਿਚ ਹਾਊਸ ਦੇ ਸਾਹਮਣੇ ਐਡਰੈਸ ਪੜ੍ਹਿਆ, ਉਸ ਦੇ ਲਈ ਮੈਂ ਪੰਜਾਬ ਦੇ ਸਮੁੱਚੇ ਲੋਕਾਂ ਦੀ ਤਰਫੋਂ ਜਿਨ੍ਹਾਂ ਦੇ ਮਨਾਂ ਵਿਚ ਖੁਸ਼ੀ ਦਾ ਵਾਤਾਵਰਣ ਫੈਲ ਗਿਆ, ਇਸ ਲਈ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਮੈਂ ਇਥੇ ਪ੍ਰਗਟ ਕਰਦੇ ਹੋਏ ਉਨ੍ਹਾਂ ਲੋਕਾਂ ਦੇ ਵਿਚਾਰ ਤੁਹਾਡੇ ਸਾਹਮਣੇ ਪ੍ਰਗਟ ਕਰਾਂਗਾ ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜਸੋਵਾਲ]

ਇਸ ਤੋਂ ਇਲਾਵਾ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਇਹ ਐਡਰੈਸ ਗਵਰਨਰ ਸਾਹਿਬ ਨੇ ਉਸ ਦਿਹਾੜੇ ਪੜ੍ਹਿਆ ਜਿਸ ਦਿਨ ਸਾਡੇ ਦੇਸ਼ ਵਿਚ ਇਕ ਮਹਾਨ ਇਤਿਹਾਸਿਕ ਦਿਨ ਮਨਾਇਆ ਜਾ ਰਿਹਾ ਸੀ ਔਰ ਦੁਨੀਆ ਭਰ ਦੇ 100 ਤੋਂ ਵੱਧ ਦੇਸ਼ਾਂ ਦੇ ਨੇਤਾ ਨਾਨ-ਅਲਾਈਂਡ ਕਾਨਫਰੰਸ ਵਿਚ ਹਿੱਸਾ ਲੈਣ ਲਈ ਦਿੱਲੀ, ਜਿਹੜੀ ਕਿ ਲੋਕਾਂ ਦੇ ਦਿਲ ਵਿਚ ਵਸੀ ਹੈ, ਔਰ ਹਿੰਦੁਸਤਾਨ ਦੀ ਰਾਜਧਾਨੀ ਹੈ, ਇਥੇ ਆਏ ਹੋਏ ਸਨ ਔਰ ਇਸ ਤੋਂ ਵੀ ਵੱਧ ਖੁਸ਼ੀ ਇਹ ਹੈ ਕਿ ਉਨ੍ਹਾਂ ਨੇ ਸਾਡੇ ਦੇਸ਼ ਦੀ ਮਹਾਨ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਜੀ ਨੂੰ ਸਰਵਸੰਮਤੀ ਨਾਲ ਆਪਣਾ ਚੇਅਰਮੈਨ ਚੁਣਿਆ । (ਥੰਪਿੰਗ) ਇਸ ਦਿਨ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਮਾਨ ਵਿਚ 'ਲੇਡੀ ਆਫ ਦੀ ਈਅਰ' ਦਾ ਸਨਮਾਨ ਵੀ ਦਿੱਤਾ ਗਿਆ । ਕਿਉਂਕਿ ਪੰਜਾਬ ਦੀ ਕਾਂਗਰਸ ਸਰਕਾਰ, ਕਾਂਗਰਸ ਪਾਰਟੀ ਉਨ੍ਹਾਂ ਦੀ ਛਤਰ-ਛਾਇਆ ਹੇਠ ਚਲ ਰਹੀ ਹੈ, ਇਸ ਲਈ ਸਾਡੇ ਲਈ ਇਹ ਗੌਰਵ ਦੀ ਗੱਲ ਹੈ ਔਰ ਇਸ ਦਿਨ ਹੀ ਸਾਡੇ ਗਵਰਨਰ ਸਾਹਿਬ ਨੇ ਆਪਣਾ ਐਡਰੈਸ ਇਥੇ ਪੜ੍ਹਿਆ। ਪੰਜਾਬ ਦੇ ਬਹਾਦਰ ਲੋਕ, ਮੇਹਨਤਕਸ਼ ਲੋਕ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਜੋ ਚੇਤਨ ਰੂਪ ਵਿਚ ਕੰਮ ਕਰ ਰਹੀ ਹੈ, ਇਹ ਖਬਰਾਂ ਅੱਜ ਅਖਬਾਰਾਂ ਰਾਹੀਂ ਉਨ੍ਹਾਂ ਕੋਲ ਪਹੁੰਚਦੀਆਂ ਹਨ ।

*10-38 ਸਵੇਰੇ

(ਇਸ* ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਮੁਲਕ ਦਾ ਜਿਹੜਾ ਸੰਵਿਧਾਨ ਹੈ ਉਸ ਦੇ ਪ੍ਰੀਐਂਬਲ ਵਿਚ 3 ਗੱਲਾਂ ਮੂਲ ਰੂਪ ਵਿਚ ਲਿਖੀਆਂ ਗਈਆਂ ਹਨ। ਪਹਿਲੀ ਗੱਲ ਇਹ ਹੈ ਕਿ ਸਾਡਾ ਕੰਟਰੀ ਇਕ ਡੈਮੋਕਰੈਟਿਕ ਕੰਟਰੀ ਹੈ। ਦੂਜਾ ਸਾਡਾ ਦੇਸ਼ ਸੋਸ਼ਲਿਸਟਿਕ ਕੰਟਰੀ ਹੈ ਔਰ ਤੀਸਰਾ ਸਾਡਾ ਕੰਟਰੀ ਧਰਮ ਨਿਰਪੱਖ ਨੀਤੀ ਵਾਲਾ ਹੈ । ਇਸ ਦਾ ਭਾਵ ਇਹ ਹੈ ਕਿ ਇਥੇ ਲੋਕਾਂ ਦੇ ਹੱਥ ਵਿਚ ਤਾਕਤ ਹੈ। ਉਹ ਜਿਸ ਨੂੰ ਚਾਹੁਣ ਗੱਦੀ ਤੇ ਬਿਠਾ ਦੇਣ ਅਤੇ ਜਿਸ ਨੂੰ ਚਾਹੁਣ ਗੱਦੀ ਤੋਂ ਉਤਾਰ ਦੇਣ । ਉਹ ਲੋਕ ਆਪਣੀ ਮਰਜ਼ੀ ਦੇ ਨੁਮਾਇੰਦੇ ਚੁਣ ਸਕਦੇ ਹਨ । ਡੈਮੋਕਰੇਸੀ ਰਾਹੀਂ ਸਾਡੇ ਦੇਸ਼ ਵਿਚ ਪਾਰਲੀਮੈਂਟਰੀ ਸਿਸਟਮ ਆਇਆ ਸੀ, ਇਹ ਸਿਸਟਮ ਸਾਡੇ ਦੇਸ਼ ਵਿਚ ਬੜੀਆਂ ਕੁਰਬਾਨੀਆਂ ਅਤੇ ਜੱਦੋ ਜਹਿਦ ਦੇ ਬਾਅਦ ਅਤੇ ਅੰਗਰੇਜ਼ੀ ਸਾਮਰਾਜ ਦੇ ਵਿਰੁਧ ਟੱਕਰ ਤੋਂ ਬਾਅਦ ਆਇਆ ਸੀ। ਇਸ ਆਜ਼ਾਦੀ ਦੀ ਜੰਗ ਵਿਚ ਸਾਡੇ ਦੇਸ਼ ਦੇ ਜੰਗੇ ਆਜ਼ਾਦੀ ਦੇ ਸੰਗਰਾਮੀਆਂ ਨੇ ਹਿਸਾ ਕਾਫੀ ਪਾਇਆ । ਸਾਡੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਵੀ ਇਨ੍ਹਾਂ ਮਹਾਨ ਸ਼ਖਸੀਅਤਾਂ ਵਿਚੋਂ ਇਕ ਸ਼ਖਸੀਅਤ ਹਨ, ਜਿਸ ਦਾ ਮਾਨ ਪੰਜਾਬ ਸਟੇਟ ਨੂੰ ਇਨ੍ਹਾਂ ਉਤੇ ਹੈ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਲੋਕਾਂ ਨੇ ਵੋਟਾਂ ਪਾਕੇ ਆਪਣੀ ਸਰਕਾਰ ਚੁਣੀ ਅਤੇ ਸਾਡੀ ਪਾਰਟੀ ਨੂੰ ਗੱਦੀ ਤੇ ਬਿਠਾ ਦਿੱਤਾ ਔਰ ਜਿਨ੍ਹਾਂ ਨੂੰ ਘੱਟ ਵੋਟਾਂ ਪਈਆਂ ਉਨ੍ਹਾਂ ਨੂੰ ਆਪੋਜ਼ੀਸ਼ਨ ਵਿਚ ਬਿਠਾ ਦਿੱਤਾ । ਪਰ ਜਦੋਂ ਮੇਰੀ ਨਿਗਾਹ ਆਪੋਜ਼ੀਸ਼ਨ ਦੇ ਬੈਂਚਾਂ ਵੱਲ ਜਾਂਦੀ ਹੈ ਤਾਂ ਇਨ੍ਹਾਂ ਬੈਂਚਾਂ ਨੂੰ ਖਾਲੀ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਜਿਸ ਮਕਸਦ ਲਈ, ਜਿਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਸਾਡੇ ਲੋਕਾਂ ਨੇ ਇਨ੍ਹਾਂ ਨੂੰ ਚੁਣ ਕੇ ਇਥੇ ਭੇਜਿਆ ਹੈ, ਉਹ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਰਹੇ। ਇਹ ਹਾਊਸ ਵਿਚੋਂ ਗੈਰ ਹਾਜ਼ਰ ਹੋ ਕੇ ਲੋਕਾਂ ਦੀ ਨੁਮਾਇੰਦਗੀ ਨਹੀਂ ਕਰ ਰਹੇ । ਇਸ

Original with;
Punjab Vidhan Sabha
Digitized by;
Panjab Digital Library

ਦੀ ਕੀ ਵਜ੍ਹਾ ਹੈ, ਜਾਂ ਉਹ ਆਪਣੇ ਤੌਰ ਤੇ ਗੈਰ ਹਾਜ਼ਰ ਰਹੇ ਹਨ । ਮੈਂ ਸਮਝਦਾ ਹਾਂ ਕਿ ਜਮਹੂਰੀਅਤ ਵਿਚ ਸਾਡਾ ਦੇਸ਼ ਧਰਮ ਨਿਰਪੱਖ ਕੰਟਰੀ ਹੈ । ਇਸ ਵਿਚ ਹਰ ਆਪਣੇ ਧਰਮ ਦਾ ਪ੍ਰਚਾਰ ਕਰ ਸਕਦਾ ਹੈ ਅਤੇ ਇਸ ਦਾ ਪ੍ਰਸਾਰ ਵੀ ਕਰ ਸਕਦਾ ਹੈ ਔਰ ਇਹ ਹੀ ਕਾਰਣ ਸੀ ਕਿ ਸਿਖਾਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਐਸ. ਜੀ. ਪੀ. ਸੀ. ਹੋਂਦ ਵਿਚ ਆਈ ਸੀ ਔਰ ਇਸ ਦੇ ਵਿਚ ਮੈਂਬਰ ਚੁਣੇ ਜਾਂਦੇ ਹਨ ਜੋ ਸਿੱਖਾਂ ਦੀ ਨੁਮਾਇੰਦਗੀ ਕਰਦੇ ਹਨ । ਇਸ ਦੇ ਨਾਲ ਪੰਜਾਬ ਵਿਚ ਸਿੱਖਾਂ ਦੇ ਧਰਮ ਅਸਥਾਨ ਗੁਰਦੁਆਰਿਆਂ ਦਾ ਪ੍ਰਬੰਧ ਚਲਦਾ ਹੈ, ਪਰ ਇਹ ਗੱਲ ਮੈਨੂੰ ਸਮਝ ਨਹੀਂ ਆਉਂਦੀ ਕਿ ਅਕਾਲੀ ਵੀਰਾਂ ਨੇ ਅਸੈਂਬਲੀ ਅਤੇ ਪਾਰਲੀਮੈਂਟ ਵਿਚੋਂ ਅਸਤੀਫੇ ਕਿਉਂ ਦਿੱਤੇ ਹਨ ਔਰ ਇਹ ਵੀ ਕਹਿੰਦੇ ਸਨ ਕਿ ਸ਼੍ਰੋਮਣੀ ਕਮੇਟੀ ਤੋਂ ਵੀ ਅਸਤੀਫੇ ਦੇ ਦੇਵਾਂਗੇ । ਪਰ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਨੇ ਆਪਣੀ ਪ੍ਰਧਾਨਗੀ ਤੋਂ ਹਾਲੇ ਤੱਕ ਕਿਉਂ ਨਹੀਂ ਅਸਤੀਫਾ ਦਿੱਤਾ ? ਉਹ ਹਾਲੇ ਵੀ ਸ਼੍ਰੋਮਣੀ ਕਮੇਟੀ ਦੀਆਂ ਮੀਟਿੰਗਾਂ ਕਰੀ ਜਾ ਰਹੇ ਹਨ ਕਿਉਂਕਿ ਸ਼੍ਰੋਮਣੀ ਕਮੇਟੀ ਵਿਚ ਉਨ੍ਹਾਂ ਦੀ ਬਹੁਸੰਮਤੀ ਹੈ। ਇਸ ਦਾ ਕੀ ਕਾਰਣ ਹੈ ? ਮੇਰਾ ਖਿਆਲ ਹੈ ਕਿ ਉਹ ਸੈਕੂਲਰ ਡੈਮੋਕਰੇਸੀ ਵਿਚ ਆਪਣੇ ਆਪ ਨੂੰ ਬੇ-ਬਸ ਮਹਿਸੂਸ ਕਰਦੇ ਹਨ। ਜਿਸ ਤਰ੍ਹਾਂ ਅਕਾਲੀ ਪਾਰਟੀ ਨੇ ਅਸੈਂਬਲੀ ਅਤੇ ਪਾਰਲੀਮੈਂਟ ਦੀਆਂ ਸੀਟਾਂ ਤੋਂ ਅਸਤੀਫੇ ਦੇ ਦਿੱਤੇ ਹਨ ਕਿਉਂਕਿ ਇਥੇ ਉਹ ਘਟ ਗਿਣਤੀ ਵਿਚ ਹਨ ਅਤੇ ਕਹਿੰਦੇ ਹਨ, ਕਿ ਸਾਡੇ ਧਰਮ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ, ਜਿਸ ਕਰਕੇ ਅਕਾਲੀ ਪਾਰਟੀ ਦੇ ਮੈਂਬਰ ਨਹੀਂ ਹਾਊਸ ਵਿਚ ਆ ਰਹੇ । ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅਕਾਲੀ ਪਾਰਟੀ ਨੇ ਇਸ ਤਰ੍ਹਾਂ ਦੇ ਮੋਰਚੇ ਪਹਿਲਾਂ ਕਿਉਂ ਨਹੀਂ ਲਗਾਏ ਸਨ ਅਤੇ ਇਨ੍ਹਾਂ ਦੀਆਂ ਮੰਗਾਂ ਬਿਲਕੁਲ ਹੀ ਪੁਰਾਣੀਆਂ ਸਨ ਔਰ ਉਸ ਵੇਲੇ ਸਰਦਾਰ ਬਾਦਲ ਜੀ ਦੀ ਆਪਣੀ ਸਰਕਾਰ ਸੀ ਅਤੇ ਫੇਰ 1977 ਵਿਚ ਇਨ੍ਹਾਂ ਦੀ ਸਰਕਾਰ ਬਣੀ ਅਤੇ ਸੈਂਟਰ ਦੇ ਵਿਚ ਇਹ ਮਨਿਸਟਰ ਰਹੇ । 1970—1980 ਦੇ ਪੀਰੀਅਡ ਵਿਚ ਇਨ੍ਹਾਂ ਨੂੰ ਕਈ ਵਾਰ ਸਰਕਾਰਾਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ । ਆਇਆ ਇਨ੍ਹਾਂ ਨੇ ਉਦੋਂ ਆਪਣੀ ਕੋਈ ਮੰਗ ਪ੍ਰਵਾਨ ਕੀਤੀ ਜਾਂ ਕਰਵਾਈ ਸੀ ? ਹੁਣ ਇਨ੍ਹਾਂ ਨੇ ਮੋਰਚੇ ਦਾ ਬਿਗਲ ਕਿਉਂ ਵਜਾਇਆ ਅਤੇ ਧਰਮ-ਯੁੱਧ ਕਿਉਂ ਸ਼ੁਰੂ ਕਰ ਦਿੱਤਾ ਹੈ । ਇਨ੍ਹਾਂ ਦੀਆਂ 45 ਮੰਗਾਂ ਸਨ, ਆਇਆ ਇਨ੍ਹਾਂ ਨੇ ਇਨ੍ਹਾਂ ਵਿਚੋਂ ਕਿਸੇ ਇਕ ਮੰਗ ਨੂੰ ਆਪ ਆਪਣੀ ਹਕੂਮਤ ਦੇ ਵਕਤ ਪੂਰਿਆਂ ਕੀਤਾ ਸੀ ਜਾਂ ਸੈਂਟਰ ਦੀ ਸਰਕਾਰ ਵਿਚ ਜਦੋਂ ਭਾਈਵਾਲ ਸਨ, ਉਦੋਂ ਆਪਣੀ ਕਿਸੇ ਮੰਗ ਨੂੰ ਮਨਵਾਉਣ ਵਾਸਤੇ ਕੋਈ ਜੱਦੋ-ਜਹਿਦ ਕੀਤੀ ਹੋਵੇ ਜਾਂ ਮੰਗ ਵੀ ਰੱਖੀ ਹੋਵੇ ? ਜੇਕਰ ਇਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੁੰਦਾ ਤਾਂ ਅਸੀਂ ਕਹਿੰਦੇ ਕਿ ਇਨ੍ਹਾਂ ਦਾ ਅੱਜ ਹਾਊਸ ਵਿਚੋਂ ਅਸਤੀਫ਼ਾ ਦੇਣਾ ਅਤੇ ਪ੍ਰੋਟੈਸਟ ਕਰਨਾ ਜਾਇਜ਼ ਹੈ ਅਤੇ ਇਸ ਦੇ ਵਿਚ ਇਨ੍ਹਾਂ ਦੀ ਸਿਆਸੀ ਦਿਆਨਤਦਾਰੀ ਹੈ ਪਰ ਹੁਣ ਲੋਕਾਂ ਨੂੰ ਇਨ੍ਹਾਂ ਦੀਆਂ ਗੱਲਾਂ ਤੇ ਬਦਦਿਆਨਤਦਾਰੀ ਅਤੇ ਫਰੇਬੀ ਨਜ਼ਰ ਆਉਂਦੀ ਹੈ ਕਿਉਂਕਿ ਇਹ ਆਪਣੇ ਵਕਤ ਇਕ ਵੀ ਮੰਗ ਨੂੰ ਨਹੀਂ ਮਨਵਾ ਸਕੇ ਸਨ । ਇਨ੍ਹਾਂ ਨੂੰ ਚਾਹੀਦਾ ਸੀ ਕਿ ਸ਼੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਹੇਠ ਅਤੇ ਕਾਂਗਰਸ ਪਾਰਟੀ ਦੀ ਸਰਕਾਰ ਦੇ ਨਾਲ ਮਿਲ ਕੇ ਇਸ ਗੱਲ ਦੀ ਪ੍ਰਸ਼ੰਸਾ ਕਰਦੇ ਕਿ ਕਾਂਗਰਸ ਪਾਰਟੀ ਇਕ ਸੈਕੂਲਰ ਪਾਰਟੀ ਕੋਲੋਂ ਸਾਡੀਆਂ ਧਾਰਮਿਕ ਮੰਗਾਂ ਪ੍ਰਵਾਨ ਹੋ ਗਈਆਂ ਹਨ ਔਰ ਸ਼੍ਰੀਮਤੀ ਇੰਦਰਾ ਗਾਂਧੀ ਨੇ ਇਕੱਤਰਫ਼ਾ ਫੈਸਲਾ ਦੇ ਦਿੱਤਾ ਹੈ, ਜਿਸ ਦੇ ਵਿਚ ਇਨ੍ਹਾਂ ਦੀਆਂ ਧਾਰਮਿਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਮੰਗਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਵਿਚ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣਾ, ਆਲ ਇੰਡੀਆ ਰੇਡੀਓ ਰਾਹੀਂ ਦਰਬਾਰ ਸਾਹਿਬ ਤੋਂ ਰੋਜ਼ਾਨਾ ਸ਼ਬਦ ਕੀਰਤਨ ਦਾ ਪਰਸਾਰ ਹੋਣਾ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਅਤੇ ਦਿੱਲੀ ਦੇ ਸੀਸ ਗੰਜ ਗੁਰਦੁਆਰੇ ਨੂੰ ਕੋਤਵਾਲੀ ਵਾਲੀ ਜ਼ਮੀਨ ਦਾ ਬਾਕੀ ਹਿੱਸਾ ਦੇਣਾ ਅਤੇ ਆਲ ਇੰਡੀਆ ਗੁਰਦੁਆਰਾ ਐਕਟ ਨੂੰ ਅਸੂਲੀ ਤੌਰ ਤੇ ਪ੍ਰਵਾਨ ਕਰਨਾ, ਸਿੱਖਾਂ ਨੂੰ ਹਵਾਈ ਜਹਾਜ਼ ਦੇ ਸਫਰ ਸਮੇਂ 9 ਇੰਚ ਲੰਬੀ ਕਿਰਪਾਨ ਪਹਿਨਣ ਦੀ ਆਗਿਆ ਦੇਣਾ, ਇਹ ਸਾਰੀਆਂ ਮੰਗਾਂ ਸਾਡੇ ਪ੍ਰਾਈਮ ਮਨਿਸਟਰ ਸਾਹਿਬਾ ਨੇ ਮੰਨ ਲਈਆਂ ਹਨ । ਪਰ ਅਫ਼ਸੋਸ ਦੀ ਗੱਲ ਹੈ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਪਾਰਟੀ ਨੇ ਇਸ ਫੈਸਲੇ ਨੂੰ ਇਕ ਧੋਖਾ ਕਿਹਾ ਹੈ ਬਜਾਏ ਇਸਦੇ ਕਿ ਉਹ ਇਸ ਦੀ ਸ਼ਲਾਘਾ ਕਰਦੇ ਅਤੇ ਦਿੱਲੀ ਜਾ ਕੇ ਸ੍ਰੀਮਤੀ ਇੰਦਰਾ ਗਾਂਧੀ ਦਾ ਧੰਨਵਾਦ ਕਰਦੇ, ਜਦ ਕਿ ਇਹ ਅਕਾਲੀ ਪਾਰਟੀ ਵਾਲੇ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਕਹਿੰਦੇ ਹਨ। ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਫੈਸਲੇ ਵਾਲੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਬਕਾਇਦਾ ਤੌਰ ਤੇ ਦੀਪ ਮਾਲਾ ਕਰਦੇ ਅਤੇ ਪ੍ਰਾਈਮ ਮਨਿਸਟਰ ਦਾ ਦਿੱਲੀ ਵਿਚ ਜਾ ਕੇ ਧੰਨਵਾਦ ਕਰਦੇ । ਪਰ ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੇਕਰ ਇਨ੍ਹਾਂ ਦੀਆਂ ਧਾਰਮਿਕ ਮੰਗਾਂ ਨਾ ਮੰਨੀਆਂ ਜਾਣ ਤਾਂ ਇਹ ਲੋਕ ਕਹਿੰਦੇ ਹਨ ਕਿ ਸਾਡੇ ਧਰਮ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਧਰਮ ਵਿਚ ਦਖਲ ਦਿੱਤਾ ਜਾ ਰਿਹਾ ਹੈ ਔਰ ਹੁਣ ਜਦ ਧਾਰਮਿਕ ਮੰਗਾਂ ਮੰਨੀਆਂ ਗਈਆਂ ਹਨ ਤਾਂ ਇਹ ਕਹਿੰਦੇ ਹਨ ਕਿ ਸਿੱਖਾਂ ਨਾਲ ਧੋਖਾ ਕੀਤਾ ਗਿਆ ਹੈ, ਸਿੱਖਾਂ ਨਾਲ ਫਰੇਬ ਕੀਤਾ ਜਾ ਰਿਹਾ ਹੈ। ਇਹ ਕਿਹੜੀ ਇਨ੍ਹਾਂ ਦੀ ਚਾਣਕੀਆ ਨੀਤੀ ਹੈ ਔਰ ਕਿਹੜਾ ਇਨ੍ਹਾਂ ਕੋਲ ਇੰਟਰ-ਨੈਸ਼ਨਲ ਫੇਮ ਦਾ ਸਟੇਟਸਮੈਨ ਲੀਡਰ ਅੰਮ੍ਰਿਤਸਰ ਵਿਚ ਆ ਗਿਆ ਹੈ, ਜਿਹੜਾ ਇਨ੍ਹਾਂ ਨੂੰ ਇਰਸਟੋਟਲ ਵਾਂਗ ਸਲਾਹ ਦਿੰਦਾ ਹੈ ਕਿ ਇਸ ਦੇ ਵਿਚ ਪਾਰਟੀ ਦਾ ਨੁਕਸਾਨ ਹੁੰਦਾ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਪਾਰਟੀ ਦਾ ਲਾਭ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਜਦੋਂ ਹੁਣ ਅਕਾਲੀ ਪਾਰਟੀ ਦੀਆਂ ਧਾਰਮਿਕ ਮੰਗਾਂ ਮੰਨੀਆਂ ਗਈਆਂ ਹਨ, ਹੁਣ ਇਨ੍ਹਾਂ ਨੂੰ ਧਰਮ ਯੁੱਧ ਛੱਡ ਦੇਣਾ ਚਾਹੀਦਾ ਹੈ । ਅਕਾਲੀ ਪਾਰਟੀ ਦੀ ਵਰਕਿੰਗ ਕਮੇਟੀ ਦੀ ਅੱਜ ਅੰਮ੍ਰਿਤਸਰ ਵਿਚ ਮੀਟਿੰਗ ਹੋ ਰਹੀ ਹੈ, ਜਿਸ ਵਿਚ ਨਵੀਂ ਸਟਰੈਟੇਜੀ ਤਹਿ ਕੀਤੀ ਜਾਣੀ ਹੈ । ਮੇਰੀ ਹੱਥ ਜੋੜ ਕੇ ਅਕਾਲੀ ਪਾਰਟੀ ਦੀ ਹਾਈ ਕਮਾਂਡ ਨੂੰ ਬੇਨਤੀ ਹੈ ਕਿ ਜਿਸ ਮਕਸਦ ਲਈ ਧਰਮ ਦੀ ਬਿਨਾਂ ਤੇ ਇਨ੍ਹਾਂ ਨੇ ਮੋਰਚਾ ਅੰਮ੍ਰਿਤਸਰ ਵਿਚ ਲਗਾਇਆ ਸੀ, ਇਸ ਨੂੰ ਇੰਦਰਾ ਗਾਂਧੀ ਨੇ ਫਤਿਹ ਕਰ ਦਿੱਤਾ ਹੈ ਔਰ ਇਹ ਮੋਰਚਾ ਵਾਪਸ ਲੈ ਲੈਣ ।

ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ, ਨੂੰ ਮੈਂ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਪਹਿਲੇ ਦਿਨ ਹੀ ਕਿਹਾ ਕਿ ਅਸੀਂ ਸਾਰੇ ਪੰਜਾਬ ਦੇ ਲੋਕਾਂ ਦੀਆਂ ਯੋਗ ਰਾਜਨੀਤਕ ਅਤੇ ਧਾਰਮਿਕ ਮੰਗਾਂ ਜੋ ਹਨ, ਉਨ੍ਹਾਂ ਦੀ ਅਸੀਂ ਹਮਾਇਤ ਕਰਦੇ ਹਾਂ । ਡਿਪਟੀ ਸਪੀਕਰ ਸਾਹਿਬ, ਧਾਰਮਿਕ ਮੰਗਾਂ ਪ੍ਰਵਾਨ ਹੋ ਚੁਕੀਆਂ ਹਨ ਅਤੇ ਹੁਣ ਸਿਆਸੀ ਮੋਰਚਾ ਹੀ ਰਹਿ ਗਿਆ ਹੈ। ਮੈਂ ਹੁਣ ਅਕਾਲੀ ਵੀਰਾਂ ਨੂੰ ਕਹਾਂਗਾ ਕਿ ਉਹ ਅੰਮ੍ਰਿਤਸਰ ਦਰਬਾਰ ਸਾਹਿਬ ਤੋਂ ਮੋਰਚਾ ਛੱਡ ਦੇਣ ਅਤੇ ਮੁੜ ਕੇ ਜਿਥੋਂ ਚਲੇ ਸਨ. ਕਪੂਰੀ ਵਿਖੇ, ਆ ਜਾਣ । ਕਪੂਰੀ ਆਕੇ ਉਥੋਂ ਮੋਰਚਾ ਦੁਬਾਰਾ ਸ਼ੁਰੂ ਕਰਨ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਥੇ ਮਾਨਯੋਗ ਮੈਂਬਰ ਕਮਿਊਨਿਸਟ ਭਰਾਵਾਂ ਨੇ ਜ਼ਿਕਰ ਕੀਤਾ

Original with;
Punjab Vidhan Sabha
Digitized by;
Panjab Digital Library

ਹੈ । ਕਾਮਰੇਡ ਰਾਜ ਕੁਮਾਰ ਜੀ ਨੇ ਵੀ ਜ਼ਿਕਰ ਕੀਤਾ ਹੈ ਅਤੇ ਹੋਰ ਦੂਸਰੀਆਂ ਪਾਰਟੀਆਂ ਨੇ ਵੀ ਜ਼ਿਕਰ ਕੀਤਾ ਹੈ ਕਿ ਹੁਣ ਸਿਆਸੀ ਅਤੇ ਆਰਥਿਕ ਮੰਗਾਂ ਰਹਿ ਗਈਆਂ ਹਨ । ਇਹ ਗੱਲ ਬਿਲਕੁਲ ਸਾਫ਼ ਹੈ । ਪੰਜਾਬ ਦੀਆਂ ਜੋ ਸਿਆਸੀ ਅਤੇ ਆਰਥਿਕ ਤੌਰ ਤੇ ਗੱਲਾਂ ਹਨ, ਜਿਵੇਂ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਾਉਣਾ ਹੈ । ਭਾਵ ਜਿਹੜੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ ਹਨ, ਉਨ੍ਹਾਂ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਾਉਣਾ ਹੈ । ਰਾਵੀ-ਬਿਆਸ ਦੇ ਪਾਣੀ ਦੀ ਵੰਡ ਦਾ ਮਸਲਾ ਹੈ, ਉਸ ਲਈ ਟ੍ਰਾਈਬਿਊਨਲ ਆਦਿ ਬਿਠਾਉਣ ਦੀ ਗੱਲ ਹੈ, ਭਾਵੇਂ ਕੋਈ ਹੋਰ ਕਿਸੇ ਕਿਸਮ ਦੀ ਗੱਲ ਹੈ, ਪਰ ਅਸੀਂ ਸਾਰੇ ਮਸਲਿਆਂ ਨੂੰ ਮੰਨਵਾਉਣ ਲਈ ਬਾਕੀਆਂ ਨਾਲੋਂ ਅੱਗੇ ਹਾਂ । ਅਸੀਂ ਰੁੱਸੀ ਜਨਾਨੀਆਂ ਵਾਂਗ ਨਹੀਂ ਕਰਦੇ ਹਾਂ । ਅਸੀਂ ਅਕਾਲੀਆਂ ਵਾਂਗ ਨਹੀਂ ਕਰਦੇ ਕਿ ਇਕ ਹੱਥ ਤਲਵਾਰ ਅਤੇ ਦੂਜੇ ਹੱਥ ਮੰਗਾਂ ਮੰਗਦੇ ਹਨ ।

ਡਿਪਟੀ ਸਪੀਕਰ ਸਾਹਿਬ, ਤਲਵਾਰ ਤੇ ਬੰਦੂਕ ਦਾ ਜ਼ਮਾਨਾ ਹੁਣ ਖ਼ਤਮ ਹੋ ਗਿਆ ਹੈ । ਤਲਵਾਰ ਅਤੇ ਬੰਦੂਕ ਦੀ ਨੋਕ ਨਾਲ ਅਸੀਂ ਕਿਸੇ ਮੁਲਕ ਨੂੰ ਫਤਿਹ ਨਹੀਂ ਕਰ ਸਕਦੇ । ਤਲਵਾਰ ਅਤੇ ਬੰਦੂਕ ਨਾਲ ਦੁਨੀਆਂ ਨੂੰ ਫ਼ਤਿਹ ਨਹੀਂ ਕੀਤਾ ਜਾ ਸਕਦਾ । ਅੱਜ ਕਲ ਅਸੀਂ ਵਿਚਾਰ ਦੇ ਨਾਲ ਜਾਂ ਪਿਆਰ ਦੇ ਨਾਲ ਜਿੱਤ ਪ੍ਰਾਪਤ ਕਰ ਸਕਦੇ ਹਾਂ । ਅਸੀਂ ਅਕਾਲੀਆਂ ਵਾਂਗ ਇੱਕ ਹੱਥ ਵਿਚ ਤਲਵਾਰ ਅਤੇ ਦੂਸਰੇ ਹੱਥ ਵਿਚ ਮੰਗਾਂ ਦਾ ਚਾਰਟਰ ਲੈ ਕੇ ਦਿੱਲੀ ਨਹੀਂ ਜਾਂਦੇ ਬਲਕਿ ਅਸੀਂ ਸੈਂਟਰ ਕੋਲ ਦਲੀਲਾਂ ਅਤੇ ਪਿਆਰ ਨਾਲ ਜਾਂਦੇ ਹਾਂ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੀ ਸੋਚ ਨਾਲੋਂ ਸਾਡੀ ਸੋਚ ਵਿਚ ਫ਼ਰਕ ਹੈ । ਮੇਰੇ ਅਕਾਲੀ ਵੀਰ ਭਰਾਵਾਂ ਬਾਰੇ ਅੱਜ ਅਖ਼ਬਾਰਾਂ ਵਿਚ ਵੀ ਆਇਆ ਹੈ ਕਿ ਉਹ ਪਿਛੇ ਜਿਹੇ ਸਾਡੇ ਮਾਨਯੋਗ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ, ਕੋਲ ਗਏ । ਉਨ੍ਹਾਂ ਨੇ ਸਾਡੇ ਰਾਸ਼ਟਰਪਤੀ ਜੀ ਨੂੰ ਕਿਹਾ ਕਿ ਤੁਸੀਂ ਵੀ ਅਸਤੀਫ਼ਾ ਦਿਓ ਪਰ ਸਾਡੇ ਰਾਸ਼ਟਰ-ਪਤੀ ਗਿਆਨੀ ਜ਼ੈਲ ਸਿੰਘ ਜੀ ਨੇ ਕਿਹਾ ਕਿ ਮੈਂ ਅਸਤੀਫ਼ਾ ਕਿਉਂ ਦੇਵਾਂ । ਮੈਂ ਤਾਂ ਸਾਰੇ ਹਿੰਦੁਸਤਾਨ ਦਾ ਰਾਸ਼ਟਰਪਤੀ ਹਾਂ । ਮੈਨੂੰ ਤਾਂ ਸਾਰਿਆਂ ਨੇ ਵੋਟਾਂ ਪਾਈਆਂ ਹਨ । ਡਿਪਟੀ ਸਪੀਕਰ ਸਾਹਿਬ, ਅਜੀਤ ਅਖਬਾਰ ਵਿਚ ਵੀ ਛਪਿਆ ਹੈ ਕਿ ਫਿਰ ਉਨ੍ਹਾਂ ਅਕਾਲੀ ਮੈਂਬਰਾਂ ਨੇ ਕਿਹਾ ਕਿ ਜੇਕਰ ਤੁਸੀਂ ਅਸਤੀਫ਼ਾ ਨਹੀਂ ਦੇਣਾ ਤਾਂ ਸਾਡੇ ਅਸਤੀਫ਼ੇ ਵੀ ਵਾਪਸ ਕਰਵਾ ਦਿਓ । ਬਹੁਤ ਸਾਰੇ ਅਕਾਲੀ ਮੈਂਬਰ, ਡਿਪਟੀ ਸਪੀਕਰ ਸਾਹਿਬ, ਅੱਜ ਦੁਬਿਧਾ ਵਿਚ ਪਏ ਹਨ । ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ ਭਾਵੇਂ ਸਿਆਸੀ ਤੌਰ ਤੇ ਆਪੋਜ਼ੀਸ਼ਨ ਵਿਚ ਹਨ, ਉਨ੍ਹਾਂ ਨੇ ਵੀ ਕਿਹਾ ਕਿ ਅੱਜ ਪੰਜਾਬ ਵਿਚ ਸ਼ਾਂਤ ਵਾਤਾਵਰਨ ਦੀ ਲੋੜ ਹੈ । ਉਨ੍ਹਾਂ ਨੇ ਅਤਿਵਾਦ ਲਈ ਆਪਣਾ ਗੁੱਸਾ ਖੁਲ੍ਹੇ ਤੌਰ ਤੇ ਆਪਣੀ ਪਾਰਟੀ ਉਤੇ ਕੀਤਾ ਹੈ । ਪੰਜਾਬ ਵਿਚ ਕਈ ਬੰਦੇ ਐਸੇ ਬੈਠੇ ਹਨ ਜੋ ਪੰਜਾਬ ਦਾ ਵਾਤਾਵਰਨ ਖਰਾਬ ਕਰਨਾ ਚਾਹੁੰਦੇ ਹਨ । ਉਨ੍ਹਾਂ ਨੇ ਆਪਣੀ ਪਾਰਟੀ ਦੇ ਲੀਡਰ ਨੂੰ ਵੀ ਕਿਹਾ ਹੈ ਕਿ ਮਾੜੇ ਅਨਸਰਾਂ ਤੇ ਨਕੇਲ ਪਾਉਣੀ ਚਾਹੀਦੀ ਹੈ । ਪੰਜਾਬ ਦੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਅਮਨ ਅਤੇ ਸ਼ਾਂਤੀ ਕਾਇਮ ਰਖਣ ਲਈ ਜ਼ਿਕਰ ਕੀਤਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਦੇਸ਼ ਅਤੇ ਕਾਂਗਰਸ ਪਾਰਟੀ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮਹਾਤਮਾ ਗਾਂਧੀ ਜੀ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਸਰਦਾਰ ਪਟੇਲ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ । ਦੇਸ਼ ਨੂੰ 1947 ਵਿਚ ਆਜ਼ਾਦ ਕਰਵਾਇਆ ਉਸ ਤੋਂ ਬਾਅਦ ਲੋਕਾਂ ਨੇ ਵੋਟਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਪਾਕੇ ਕਾਂਗਰਸ ਨੂੰ ਜਿਤਾਇਆ ਅਤੇ ਸੇਵਾ ਦਾ ਮੌਕਾ ਦਿਤਾ । ਅਕਾਲੀ ਪਾਰਟੀ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸਰਦਾਰ ਆਤਮਾ ਸਿੰਘ ਕਾਂਗਰਸ ਪਾਰਟੀ ਦੇ ਟਿਕਟ ਉਤੇ 1957 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਖੜ੍ਹੇ ਹੋਏ ਅਤੇ ਜਿੱਤੇ । 1956 ਆਇਆ ਤਾਂ ਇਕ ਦਿਨ ਵਿਚ ਰਾਤੋ ਰਾਤ ਅਕਾਲੀ ਦਲ ਨੇ ਸਮੁੱਚੇ ਤੌਰ ਤੇ ਫੈਸਲਾ ਕੀਤਾ ਕਿ ਸਾਡੀ ਅਕਾਲੀ ਪਾਰਟੀ ਸਿਰਫ ਧਰਮ ਦਾ ਹੀ ਪਰਚਾਰ ਕਰੇਗੀ ਅਤੇ ਸਿਆਸੀ ਵਿੰਗ ਕਾਂਗਰਸ ਵਿਚ ਸ਼ਾਮਲ ਹੋ ਗਿਆ । ਡਿਪਟੀ ਸਪੀਕਰ ਸਾਹਿਬ, 1956 ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਾਂਗਰਸ ਪਾਰਟੀ ਦੀ ਟਿਕਟ ਤੇ ਅਤੇ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਤੇ ਜਿੱਤ ਕੇ ਅਸੈਂਬਲੀ ਦੇ ਮੈਂਬਰ ਬਣੇ ਸਨ । ਸਰਦਾਰ ਆਤਮਾ ਸਿੰਘ ਜੋ ਅਕਾਲੀ ਪਾਰਟੀ ਦੇ ਅੱਜ ਕੱਲ ਲੀਡਰ ਹਨ, ਉਹ ਵੀ ਕਾਂਗਰਸ ਪਾਰਟੀ ਦੀ ਟਿਕਟ ਤੇ ਅਤੇ ਕਾਂਗਰਸ ਪਾਰਟੀ ਦੇ ਮੈਨੀਫੈਸਟ ਤੇ ਜਿੱਤ ਕੇ ਅਸੈਂਬਲੀ ਦੇ ਮੈਂਬਰ ਬਣੇ ਸਨ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਕਾਂਗਰਸ ਪਾਰਟੀ ਨਾਲ ਅਕਾਲੀ ਪਾਰਟੀ ਦਾ ਮਿਲਵਰਤਨ ਕਈ ਵਾਰ ਹੋਇਆ । ਮੈਂ ਮਹਿਸੂਸ ਕਰਦਾ ਹਾਂ ਕਿ ਕਾਂਗਰਸ ਪਾਰਟੀ ਅਤੇ ਅਕਾਲੀ ਪਾਰਟੀ ਦਾ ਆਪਸ ਵਿਚ ਕੋਈ ਬੁਨਿਆਦੀ ਤੌਰ ਤੇ ਮੱਤਭੇਦ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, 1977 ਵਿਚ ਸੈਂਟਰ ਅਤੇ ਪੰਜਾਬ ਵਿਚ ਆਪੋਜ਼ੀਸ਼ਨ ਦੀ ਸਰਕਾਰ ਬਣੀ । ਜਿਤਨਾ ਚਿਰ ਮੁਕਾਬਲਾ ਨਾ ਹੋਵੇ ਤਦ ਤਕ ਲੋਕਾਂ ਨੂੰ ਪਤਾ ਨਹੀਂ ਲਗਦਾ ਕਿ ਕਿਹੜੀ ਪਾਰਟੀ ਚਗੀ ਹੈ । ਉਸ ਵੇਲੇ 1977 ਵਿਚ ਜਦੋਂ ਕੇਂਦਰ ਵਿਚ ਜਨਤਾ ਸਰਕਾਰ ਬਣੀ ਤਾਂ ਚੋਧਰੀ ਚਰਨ ਸਿੰਘ, ਮੁਰਾਰ ਜੀ ਡਿਸਾਈ, ਸ਼੍ਰੀ ਬਾਜਪਾਈ ਨਾਲ ਅਕਾਲੀ ਭਰਾ ਇਨ੍ਹਾਂ ਦੇ ਨਾਲ ਚਲੇ । ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਆਪਣੀਆਂ ਮੰਗਾਂ ਨੂੰ ਮੰਨਵਾਉਣ ਲਈ ਇਹ ਸਾਰੇ ਅਕਾਲੀ ਪਾਰਟੀ ਦੇ ਪਾਰਲੀਮੈਂਟ ਦੇ ਮੈਂਬਰ ਪੰਜਾਬ ਦੇ ਬਾਕੀ ਐਮ.ਪੀਜ਼. ਨੂੰ ਨਾਲ ਲੈ ਕੇ ਸੈਂਟਰ ਦੀ ਸਰਕਾਰ ਕੋਲ ਸ੍ਰੀ ਮੁਰਾਰ ਜੀ ਡਿਸਾਈ, ਉਸ ਸਮੇਂ ਦੇ ਪ੍ਰਧਾਨ ਮੰਤਰੀ ਜੀ ਨੂੰ ਮਿਲਣ ਲਈ ਗਏ । ਉਸ ਵੇਲੇ ਦੀਆਂ ਜੋ ਪ੍ਰੋਸੀਡਿੰਗਜ਼ ਹਨ ਅਤੇ ਅਖਬਾਰਾਂ ਵਿਚ ਆਇਆ ਸੀ, ਉਹ ਇਹ ਸੀ ਕਿ ਸ੍ਰੀ ਮੁਰਾਰ ਜੀ ਡਿਸਾਈ, ਸਾਬਕਾ ਪ੍ਰਧਾਨ ਮੰਤਰੀ ਜੀ ਨੇ ਇਨ੍ਹਾਂ ਨੂੰ ਕਿਹਾ ਕਿ "Punjab has no case" । ਪੰਜ ਮਿੰਟਾਂ ਵਿਚ ਹੀ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ । ਅਕਾਲੀ ਵੀਰਾਂ ਨੇ ਉਸ ਵੇਲੇ ਚੌਧਰੀ ਚਰਨ ਸਿੰਘ ਜੀ ਨੂੰ ਮੁਕਤਸਰ ਵਿਚ ਕਾਰ ਭੇਂਟ ਕੀਤੀ ਅਤੇ ਕਿਹਾ ਸੀ ਕਿ ਇਹ ਸਾਡੇ ਨੇਤਾ ਹਨ । ਹੁਣ ਜਦੋਂ ਕਿ ਮੁਸੀਬਤ ਦੀ ਘੜੀ ਆਈ ਤਾਂ ਚੌਧਰੀ ਚਰਨ ਸਿੰਘ ਜੀ ਨੇ ਸਪੈਸ਼ਲੀ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ, ਨਾਲ ਇੰਟਰਵਿਊ ਕੀਤੀ ਅਤੇ ਅਪੀਲ ਕੀਤੀ ਕਿ ਅਕਾਲੀ ਪਾਰਟੀ ਦੇਸ਼ ਵਿਰੋਧੀ ਫਿਰਕਾਪ੍ਰਸਤ ਪਾਰਟੀ ਹੈ ਇਸ ਉਤੇ ਪਾਬੰਦੀ ਲਾ ਦਿਤੀ ਜਾਵੇ ਅਤੇ ਇਸ ਨੂੰ ਖਿਲਾਫ ਕਾਨੂੰਨ ਕਰਾਰ ਦਿਤਾ ਜਾਵੇ । ਪਰ ਇੰਦਰਾ ਗਾਂਧੀ ਜੀ ਨੇ ਇਹ ਮੰਗ ਠੁਕਰਾ ਦਿਤੀ । ਇਹ ਚੋਧਰੀ ਚਰਨ ਸਿੰਘ ਦੀ ਪ੍ਰਸ਼ੰਸਾ ਕਰਦੇ ਹਨ ਅਤੇ ਇੰਦਰਾ ਜੀ ਨੂੰ ਕੋਸਦੇ ਹਨ । ਇਨ੍ਹਾਂ ਦੀ ਸਟੇਟਸਮੈਨਸ਼ਿਪ ਦਾ ਤੁਸੀਂ ਆਪ ਹੀ ਅੰਦਾਜ਼ਾ ਲਾਓ । ਇਹ ਸਾਰੇ ਮੁਲਕ ਨੂੰ ਤਬਾਹ ਕਰ ਰਹੇ ਹਨ । ਇਹ ਚੌਧਰੀ ਚਰਨ ਸਿੰਘ ਜੀ ਦੀ ਆਪਣੀ ਰਾਇ ਸੀ ਜੋ ਉਨ੍ਹਾਂ ਨੇ ਕਹੀ ਸੀ । ਅੱਜ ਅਕਾਲੀ ਭਰਾ ਅਸਤੀਫੇ ਦੇ ਬਹਾਨੇ ਇਸ ਹਾਊਸ ਵਿਚ ਹਾਜ਼ਰ ਨਹੀਂ ਹੋਏ । ਉਹ ਅੱਜ ਹਾਊਸ ਤੋਂ ਬਾਹਰ ਬੈਠੇ ਹਨ ।

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਡਿਪਟੀ ਸਪੀਕਰ ਸਾਹਿਬ, ਮੈਂ ਜਦੋਂ ਦਾ ਕਪੂਰੀ ਦਾ ਜ਼ਿਕਰ ਕੀਤਾ ਹੈ, ਉਦੋਂ ਇਨ੍ਹਾਂ ਨੂੰ ਵੀ ਇਹ ਗੱਲ ਚੇਤੇ ਆ ਗਈ । ਮੈਂ ਅਰਜ਼ ਕਰ ਰਿਹਾ ਸੀ ਕਿ ਸਾਡਾ ਦਲ ਖਾਲਸਾ ਨਾਲ ਕੋਈ ਤੁਅੱਲਕ ਨਹੀਂ । ਮੈਂ ਹਾਊਸ ਵਿਚ ਚੈਲੇਂਜ ਕਰਦਾ ਹਾਂ ਕਿ ਅਗਰ ਮਾਨਯੋਗ ਮੈਂਬਰ ਇਹ ਸਾਬਤ ਕਰ ਦੇਣ ਕਿ ਸਾਡਾ ਦਲ ਖਾਲਸਾ ਨਾਲ ਕੋਈ ਸਬੰਧ ਹੈ, ਤਾਂ ਮੈਂ ਅਸਤੀਫਾ ਦੇਣ ਨੂੰ ਤਿਆਰ ਹਾਂ ਅਤੇ ਮੈਂ ਰਾਜਨੀਤੀ ਤੋਂ ਵੀ ਰਿਟਾਇਰ ਹੋ ਜਾਵਾਂਗਾ ।

ਮੈਂ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਅਰਜ ਕਰ ਰਿਹਾ ਸੀ ਕਿ ਜਦੋਂ ਮੇਰੇ ਅਕਾਲੀ ਵੀਰਾਂ ਦੀ ਸਰਕਾਰ ਸੀ, ਤਾਂ ਉਨ੍ਹਾਂ ਦਾ ਪੰਜਾਬ ਵਿਚ ਕੁੱਲ ਬਜਟ 260 ਕਰੋੜ ਰੁਪਏ ਦਾ ਸੀ । ਸਰਦਾਰ ਦਰਬਾਰਾ ਸਿੰਘ ਹੋਰਾਂ ਦੀ ਅਗਵਾਈ ਵਿੱਚ ਬਣੀ ਸਰਕਾਰ ਨੇ ਪਿਛਲਾ ਬਜਟ 385 ਕਰੋੜ ਰੁਪਏ ਦਾ ਕਰ ਦਿੱਤਾ ਅਤੇ ਮੈਨੂੰ ਇਸ ਵਕਤ ਇਸ ਗੱਲ ਦੀ ਖੁਸ਼ੀ ਹੈ ਕਿ ਜੋ ਬਜਟ ਇਸ ਵਾਰੀ ਪੇਸ਼ ਕੀਤਾ ਜਾ ਰਿਹਾ ਹੈ, ਉਸ ਦਾ ਯੋਜਨਾ ਖ਼ਰਚ 440 ਕਰੋੜ ਰੁਪਏ ਹੈ । ਇਹ ਪੰਜਾਬ ਦੀ ਤਰੱਕੀ ਦੀ ਮੂੰਹ ਬੋਲਦੀ ਤਸਵੀਰ ਹੈ । ਇਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਵਿਕਾਸ ਵਿੱਚ ਬੜੀ ਦਿਲਚਸਪੀ ਦਿਖਾਈ ਹੈ ਅਤੇ ਬਾਵਜੂਦ ਇਸ ਗੱਲ ਦੇ ਕਿ ਪੰਜਾਬ ਦੇ ਅਮਨ ਨੂੰ, ਪੰਜਾਬ ਦੀ ਸ਼ਾਂਤੀ ਨੂੰ, ਅਤੇ ਪੰਜਾਬ ਦੀ ਏਕਤਾ ਨੂੰ ਖੇਰੂੰ ਖੇਰੂੰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਇਹ ਗੱਲ ਇਨ੍ਹਾਂ ਦੀ ਦਲੇਰੀ ਨੂੰ ਸਾਬਤ ਕਰਦੀ ਹੈ ਕਿ ਬਾਵਜੂਦ ਇਸ ਗੱਲ ਦੇ ਕਿ ਉਦੋਂ ਕੁਝ ਲੋਕਾਂ ਨੇ, ਜਦੋਂ ਪੰਜਾਬ ਦੀ ਜਨਤਾ ਨੂੰ, ਪੰਜਾਬ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਬੜੀ ਕੋਸ਼ਿਸ਼ ਕੀਤੀ, ਜਦੋਂ ਇਹ ਸ਼ਾਂਤੀ ਸੰਦੇਸ਼ ਦੇਣ ਵਾਸਤੇ ਪਿੰਡਾਂ ਵਿਚ ਗਏ ਤਾਂ ਕੁਝ ਲੋਕਾਂ ਨੇ ਇਨ੍ਹਾਂ ਦੀ ਅਤੇ ਸਰਦਾਰ ਹਰਚਰਨ ਸਿੰਘ ਅਜਨਾਲਾ ਜੀ ਦੀ ਛਾਤੀ ਤੇ ਬੰਬ ਸੁੱਟ ਕੇ ਇਕ ਭਿਆਨਕ ਹਾਦਸਾ ਪੇਸ਼ ਕੀਤਾ । ਫਿਰ ਵੀ ਉਹ ਸ਼ਾਂਤ ਰਹੇ ਅਤੇ ਦੂਜੇ ਦਿਨ ਇਸ ਗੱਲ ਦੀ ਪਰਵਾਹ ਨਾ ਕਰਦੇ ਹੋਏ ਪਟਿਆਲਾ ਵਿਚ ਨੈਸ਼ਨਲ ਇਨਟੈਗਰੇਸ਼ਨ ਦੀ ਮੀਟਿੰਗ ਤੇ ਗਏ । ਇਨ੍ਹਾਂ ਨੇ ਦਿੱਲੀ ਵਿਚ ਵੀ ਪੰਜਾਬ ਦੇ ਕੇਸ ਨੂੰ ਬੜੀ ਅੱਛੀ ਤਰ੍ਹਾਂ ਅਤੇ ਸੂਝ ਬੂਝ ਨਾਲ ਪੇਸ਼ ਕੀਤਾ ਅਤੇ ਸਾਡੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਮਿਲੇ ਅਤੇ ਉਹਨਾਂ ਸਾਹਮਣੇ ਬੜੀ ਦਲੇਰੀ ਨਾਲ ਅਤੇ ਬੜੀ ਮਜ਼ਬੂਤੀ ਨਾਲ ਅਤੇ ਰਿਅਲਿਸਟਿਕ ਅਪਰੋਚ ਨਾਲ ਪਾਣੀ ਦੀ ਵੰਡ ਬਾਰੇ, ਪੰਜਾਬ ਦੇ ਬਾਹਰ ਰਹਿ ਗਏ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਬਾਰੇ ਅਤੇ ਚੰਡੀਗੜ੍ਹ ਬਾਰੇ ਕੇਸ ਪੇਸ਼ ਕੀਤਾ । ਹੁਣ ਹਿੰਦੁਸਤਾਨ ਦੀਆਂ ਸਾਰੀਆਂ ਪੁਲੀਟੀਕਲ ਪਾਰਟੀਆਂ ਇਹ ਕਹਿੰਦੀਆਂ ਹਨ ਕਿ ਪੰਜਾਬ ਦਾ ਕੇਸ ਠੀਕ ਹੈ । ਇਸ ਨੂੰ ਤੁਰੰਤ ਇਨਸਾਫ ਮਿਲਣਾ ਚਾਹੀਦਾ ਹੈ । ਇਹੀ ਵਜ੍ਹਾ ਹੈ ਕਿ ਅਸੀਂ ਆਪਣੇ ਅਕਾਲੀ ਵੀਰਾਂ ਨੂੰ, ਆਪਣੇ ਅਕਾਲੀ ਭਰਾਵਾਂ ਨੂੰ ਅਪੀਲ ਕਰਦੇ ਹਾਂ ਕਿ ਜਲਦ-ਬਾਜ਼ੀ ਵਿੱਚ ਕੋਈ ਫੈਸਲਾ ਨਾ ਲੈਣ । ਦੋ ਗੱਲਾਂ ਇਕੋ ਵਕਤ ਤੇ ਨਹੀਂ ਕਰਨੀਆਂ ਚਾਹੀਦੀਆਂ ਕਿ ਘੁੰਡ ਵੀ ਕੱਢੀ ਰੱਖਣਾ ਅਤੇ ਤਾਵੀਜ਼ ਵੀ ਨੰਗਾ ਰੱਖਣਾ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਜਦੋਂ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਹੋਣੀ ਸੀ ਤਾਂ ਇਨ੍ਹਾਂ ਹੀ ਅਕਾਲੀ ਵੀਰਾਂ ਨੇ ਕਾਂਗਰਸ ਪਾਰਟੀ ਦੇ ਉਮੀਦਵਾਰ, ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਨਾਮਜ਼ਦ ਉਮੀਦਵਾਰ ਗਿਆਨੀ ਜ਼ੈਲ ਸਿੰਘ ਨੂੰ ਵੋਟਾਂ ਪਾਉਣ ਦਾ ਸਮੁੱਚੇ ਤੌਰ ਤੇ ਫੈਸਲਾ ਕੀਤਾ। ਫੈਸਲਾ ਹੀ ਨਹੀਂ ਕੀਤਾ ਬਲਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਉਹਨਾਂ ਦੇ ਬਹਿਨੋਈ ਸਰਦਾਰ ਰਵੀ ਇੰਦਰ ਸਿੰਘ, ਐਮ.ਐਲ.ਏ., ਨੇ ਗਿਆਨੀ ਜ਼ੈਲ ਸਿੰਘ ਜੀ ਦੇ ਰਾਸ਼ਟਰਪਤੀ ਪੱਦ ਲਈ ਨੌਮੀਨੇਸ਼ਨ ਪੇਪਰ ਵੀ ਭਰੇ। ਇਕ ਪਾਸੇ ਕਾਂਗਰਸ ਨੂੰ ਸਮੱਰਥਨ ਦਿੱਤਾ ਗਿਆ ਅਤੇ ਦੂਜੇ ਪਾਸੇ ਮੋਰਚਾ ਵੀ ਚਲਦਾ ਰਿਹਾ, ਅੰਦੋਲਨ ਵੀ ਚਲਦਾ ਰਿਹਾ। ਐਜੀਟੇਸ਼ਨ ਵੀ ਚਲਦੀ ਰਹੀ। ਇਹ ਦਿੱਲੀ ਦੀ ਗੱਲ ਅੰਮ੍ਰਿਤਸਰ ਵਿੱਚ ਨਹੀਂ ਕਰਦੇ ਅਤੇ ਅੰਮ੍ਰਿਤਸਰ ਦੀ ਗੱਲ ਦਿੱਲੀ ਵਿੱਚ ਨਹੀਂ ਕਰਦੇ। ਦਿੱਲੀ ਅਤੇ ਅੰਮ੍ਰਿਤਸਰ ਦਾ ਰਸਤਾ ਤਾਂ ਬੜਾ ਥੋੜ੍ਹਾ ਹੈ ਲੇਕਿਨ ਮੇਰੇ ਵੀਰ ਸਿਆਸੀ ਅਤੇ ਕਮਿਊਨੀਕੇਸ਼ਨ ਗੈਪ ਏਨਾ ਥੋੜ੍ਹਾ ਨਹੀਂ ਰਹਿਣ ਦਿੰਦੇ। ਇਨ੍ਹਾਂ ਨੇ ਬਦੇਸ਼ੀ ਮੁਲਕਾਂ ਵਿਚ ਇਹ ਪ੍ਰਚਾਰ ਕੀਤਾ ਕਿ ਪੰਜਾਬ ਦਾ ਵਾਤਾਵਰਣ ਬੜਾ ਖਰਾਬ ਹੈ, ਸ਼ਾਇਦ ਪੰਜਾਬ ਵਿਚ ਏਕਤਾ ਨਹੀਂ, ਸ਼ਾਇਦ ਪੰਜਾਬ ਵਿਚ ਸ਼ਾਂਤੀ ਨਹੀਂ ਰਹੀ। ਪਰ ਇਨ੍ਹਾਂ ਗੱਲਾਂ ਦੇ ਬਾਵਜੂਦ ਵੀ ਪੰਜਾਬ ਦੇ ਬਹਾਦਰ ਲੋਕਾਂ ਨੇ ਇਸ ਖਿਚਾਅ ਅਤੇ ਤਨਾਅ ਵਾਲੇ ਵਾਤਾਵਰਣ ਦੇ ਬਾਵਜੂਦ ਵੀ ਪੰਜਾਬ ਦੀ ਸ਼ਾਂਤੀ ਅਤੇ ਅਮਨ ਨੂੰ ਕਾਇਮ ਰੱਖਣ ਵਿਚ ਪ੍ਰਸਪਰ ਰਵਾਦਾਰੀ ਦਿਖਾਈ ਹੈ ਜੋ ਆਪਣੇ ਆਪ ਵਿਚ ਇਕ ਮਿਸਾਲ ਹੈ। ਇਹ ਸਰਦਾਰ ਦਰਬਾਰਾ ਸਿੰਘ ਦੇ ਕਰੈਡਿਟ ਵਿਚ ਜਾਂਦਾ ਹੈ ਕਿ ਇਨ੍ਹਾਂ ਨੇ ਗੁਰਦੁਵਾਰਿਆਂ ਦੀ ਪਵਿਤਰਤਾ ਨੂੰ ਕਾਇਮ ਰੱਖਣ ਵਿਚ ਪੁਲਿਸ ਵਾਲਿਆਂ ਨੂੰ ਗੁਰਦੁਆਰੇ ਅੰਦਰ ਕਿਸੇ ਵੀ ਸ਼ਕਲ ਵਿਚ ਅੰਦਰ ਦਾਖ਼ਲ ਹੋਣ ਤੋਂ ਮਨ੍ਹਾਂ ਕਰ ਦਿੱਤਾ। ਹੁਣ ਅੰਮ੍ਰਿਤਸਰ ਸ਼ਹਿਰ ਨੂੰ ਧਾਰਮਿਕ ਸ਼ਹਿਰ ਦਾ ਦਰਜਾ ਕਰਾਰ ਦਿੱਤਾ ਗਿਆ ਹੈ। ਸੋ, ਸਾਡੇ ਅਕਾਲੀ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਵੀ ਆਪਣੇ ਮਨਾਂ ਵਿਚ ਪਵਿੱਤਰਤਾ ਲੈ ਕੇ ਆਉਣ ਔਰ ਜਿਹੜੇ ਆਦਮੀ ਅੰਮ੍ਰਿਤਸਰ ਸ਼ਹਿਰ ਵਿਚ ਸ਼ਰਾਬ-ਨੋਸ਼ੀ ਕਰਨ, ਉਨ੍ਹਾਂ ਦੇ ਇਸ ਐਕਸ਼ਨ ਨੂੰ ਕਾਗਨੀਜ਼ੇਬਲ ਓਫੈਂਸ ਕਰਾਰ ਦਿੱਤਾ ਜਾਵੇ। ਜਿਹੜੇ ਲੋਕ ਸ਼ਰਾਬ ਪੀ ਕੇ ਅੰਮ੍ਰਿਤਸਰ ਦੇ ਬਜ਼ਾਰਾਂ ਵਿਚ ਆ ਜਾਣ, ਉਨ੍ਹਾਂ ਦਾ ਮੂੰਹ ਕਾਲਾ ਕੀਤਾ ਜਾਵੇ। ਇਸ ਤੋਂ ਬਾਅਦ ਲੋਕਾਂ ਨੂੰ ਆਪਣੇ ਆਪ ਹੀ ਪਤਾ ਲਗ ਜਾਵੇਗਾ ਕਿ ਅਸਲ ਵਿਚ ਧਾਰਮਿਕ ਵਿਚਾਰ ਕਿਸ ਦੇ ਹਨ। ਜੇ ਦੇਖਿਆ ਜਾਵੇ ਤਾਂ ਪੰਜਾਬ ਵਿਚ ਸਾਰੇ ਖੇਤਰਾਂ ਵਿਚ ਪ੍ਰੋਡੱਕਸ਼ਨ ਵਧੀ ਹੈ। ਡਿਪਟੀ ਸਪੀਕਰ ਸਾਹਿਬ, ਜੇ ਮੈਂ ਇਕ ਇਕ ਆਇਟਮ ਬਾਰੇ ਦੱਸਣ ਲਗਾਂ ਤਾਂ ਬਹੁਤ ਜ਼ਿਆਦਾ ਸਮਾਂ ਲਗੇਗਾ। ਮੈਂ ਜਿਸ ਤਰ੍ਹਾਂ ਕਿਹਾ ਸੀ ਕਿ ਹਿੰਦੁਸਤਾਨ ਨੂੰ ਸਿਆਸੀ ਆਜ਼ਾਦੀ ਮਿਲ ਚੁਕੀ ਹੈ। ਹੁਣ ਹਿੰਦੁਸਤਾਨ ਦੇ ਅੰਦਰ ਔਰ ਪੰਜਾਬ ਦੇ ਅੰਦਰ ਆਰਥਿਕ ਇਨਕਲਾਬ ਲਿਆਉਣ ਦੀ ਜ਼ਰੂਰਤ ਹੈ। ਜਿਸ ਤਰ੍ਹਾਂ ਮਹਾਰਾਜ ਨੇ ਕਿਹਾ ਹੈ "ਸਭੇ ਸਾਂਝੀਵਾਲ ਸਦਾਇਣ ਕੋਈ ਨਾ ਦਿਸੇ ਬਾਹਿਰਾ ਜੀਓ", ਜੋ ਸੰਦੇਸ਼ ਮਹਾਰਾਜਾ ਅਸ਼ੋਕ ਨੇ, ਮਹਾਰਾਜਾ ਅਕਬਰ ਨੇ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਦਿੱਤਾ, ਜੋ ਸੰਦੇਸ਼ ਗੁਰੂ ਨਾਨਕ ਦੇਵ ਜੀ ਨੇ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ, ਉਸ ਨੂੰ ਪ੍ਰੈਕਟੀਕਲ ਸ਼ੇਪ ਕਾਂਗਰਸ ਨੇ ਦਿਤੀ ਅਤੇ ਲਾਗੂ ਕੀਤਾ ਹੈ ਅਤੇ ਸਦਾ ਕਰਦੀ ਰਹੇਗੀ। ਸਾਡੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ 20-ਨੁਕਾਤੀ ਪ੍ਰੋਗਰਾਮ ਆਰਥਕ ਇਨਕਲਾਬ ਲਿਆਉਣ ਦਾ ਇਕ ਸੁਨਹਿਰੀ ਦਸਤਾਵੇਜ਼ ਹੈ। ਉਨ੍ਹਾਂ ਨੇ ਦੇਸ਼ ਦੇ ਸਮੂਹ ਮੁੱਖ ਮੰਤਰੀ ਸਾਹਿਬਾਨ ਨੂੰ

Original with;
Punjab Vidhan Sabha
Digitized by;
Panjab Digital Library

ਹਦਾਇਤ ਕੀਤੀ ਹੈ ਕਿ ਉਹ ਇਸ ਪ੍ਰੋਗਰਾਮ ਨੂੰ ਕਾਮਯਾਬ ਬਨਾਉਣ । ਜਿਹੜਾ, ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿੱਚ ਆਰਥਿਕ ਇਨਕਲਾਬ ਲਿਆਉਣ ਦਾ ਜ਼ਿਕਰ ਹੈ, ਉਹ ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ ਹੀ ਹੈ । ਮੈਂ ਜਿਸ ਤਰ੍ਹਾਂ ਕਿਹਾ ਹੈ ਕਿ ਸਰਦਾਰ ਦਰਬਾਰਾ ਸਿੰਘ ਇਕ ਬੜੇ ਵੱਡੇ ਲੀਡਰ ਹੋਏ ਹਨ । ਕੋਈ ਜੰਗ ਦਾ ਲੀਡਰ ਹੁੰਦਾ ਹੈ ਅਤੇ ਕੋਈ ਅਮਨ ਦਾ ਲੀਡਰ ਹੁੰਦਾ ਹੈ । ਜਿਵੇਂ ਤੁਹਾਨੂੰ ਪਤਾ ਹੈ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਮਿਸਟਰ ਚਰਚਿਲ ਜੰਗ ਦੇ ਲੀਡਰ ਸਨ ਅਤੇ ਮਿਸਟਰ ਟਰੂਮੈਨ, ਯੂ.ਐਸ.ਏ. ਦੇ ਰਾਸ਼ਟਰਪਤੀ ਅਮਨ ਦੇ ਲੀਡਰ ਸਨ । ਪਰ ਇਹ ਗੱਲ ਸਰਦਾਰ ਦਰਬਾਰਾ ਸਿੰਘ ਦੇ ਕਰੈਡਿਟ ਵਿਚ ਜਾਂਦੀ ਹੈ ਕਿ ਉਹ ਜੰਗ ਦੇ ਵੀ ਲੀਡਰ ਹਨ ਅਤੇ ਅਮਨ ਦੇ ਵੀ ਲੀਡਰ ਹਨ । ਉਹ ਜੰਗ ਦੇ ਸਮੇਂ ਵੀ ਅਤੇ ਅਮਨ ਦੇ ਸਮੇਂ ਵੀ ਇਸ ਗੱਲ ਵੱਲ ਹੀ ਪ੍ਰਯਤਨਸ਼ੀਲ ਰਹੇ ਹਨ ਕਿ ਪੰਜਾਬ ਵਿਚ ਸ਼ਾਂਤੀ ਰਹੇ, ਉਪਜ ਵਿੱਚ ਵਾਧਾ ਹੋਵੇ ਅਤੇ ਏਕਤਾ ਬਣੀ ਰਹੇ । ਮੈਨੂੰ ਇਕ ਗੱਲ ਚੇਤੇ ਆ ਜਾਂਦੀ ਹੈ ਕਿ ਜਦੋਂ ਦੂਜੀ ਵੱਡੀ ਜੰਗ ਲਗੀ ਹੋਈ ਸੀ ਤਾਂ ਜਰਮਨੀ ਦੇ ਜਨਰਲ ਰੁਮੇਲ ਤੇ ਬੰਬ ਸੁੱਟਿਆ ਗਿਆ ਅਤੇ ਉਹ ਬੰਬ ਫਟਿਆ ਨਹੀਂ ਸੀ । ਲੋਕਾਂ ਨੇ ਇਹੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਰੁਮੇਲ ਤੇ ਤਾਂ ਚਾਹੇ ਬੰਬ ਵੀ ਸੁਟ ਦਿਓ, ਇਹ ਉਸ ਦੀ ਕਰਾਮਾਤ ਸਖਸ਼ੀਅਤ ਹੈ ਕਿ ਉਹ ਫਟੇਗਾ ਨਹੀਂ । ਮੈਨੂੰ ਇਸ ਗੱਲ ਦਾ ਫਖਰ ਹੈ ਕਿ ਸਾਡੀ ਨਵੀਂ ਪੀੜ੍ਹੀ ਦੀ ਅਗਵਾਈ ਸਰਦਾਰ ਦਰਬਾਰਾ ਸਿੰਘ ਬੜੀ ਸੁਚੱਜਤਾ ਅਤੇ ਦਲੇਰੀ ਨਾਲ ਕਰ ਰਹੇ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਨੇ ਕੇਂਦਰੀ ਅਨਾਜ ਭੰਡਾਰ ਦੇ ਅੰਦਰ ਗਵਰਨਰ ਸਾਹਿਬ ਦੇ ਐਡਰੈਸ ਵਿਚ ਜ਼ਿਕਰ ਕੀਤਾ ਹੈ ਕਿ 48.73 ਲੱਖ ਮੀਟ੍ਰਿਕ ਟਨ ਕਣਕ ਦਾ ਹਿੱਸਾ ਪਾਇਆ ਹੈ । ਇਸੇ ਤਰ੍ਹਾਂ ਹੀ ਪੰਜਾਬ ਦੀਆਂ ਮੰਡੀਆਂ ਦੇ ਵਿੱਚ ਹੁਣ ਤਕ 55.48 ਲੱਖ ਮੀਟ੍ਰਿਕ ਟਨ ਝੋਨਾ ਪਹੁੰਚਿਆ ਹੈ ਜੋ ਆਪਣੇ ਆਪ ਵਿਚ ਇੱਕ ਰਿਕਾਰਡ ਹੈ । ਇਸ ਵੇਲੇ ਰਾਜ ਦੇ ਅੰਦਰ ਕਿਸਾਨਾਂ ਨੂੰ ਪੰਜਾਬ ਰਾਜ ਭੌਂ ਵਿਕਾਸ ਅਤੇ ਭੌਂ ਸੁਧਾਰ ਕਾਰਪੋਰੇਸ਼ਨ ਦੁਆਰਾ 380 ਵਿਕਰੀ ਕੇਂਦਰਾਂ ਰਾਹੀਂ ਸਸਤੇ ਦਰਾਂ ਤੇ ਜਿਪਸਮ ਸਪਲਾਈ ਕੀਤਾ ਜਾ ਰਿਹਾ ਹੈ । ਏਨਾ ਹੀ ਨਹੀਂ ਬਲਕਿ 23,788 ਕੁਇੰਟਲ ਝੋਨੇ ਦਾ ਬੀਜ ਅਤੇ 32,503 ਕੁਇੰਟਲ ਕਣਕ ਦਾ ਬੀਜ ਕਿਸਾਨਾਂ ਨੂੰ ਸਪਲਾਈ ਕੀਤਾ ਗਿਆ ਹੈ । ਚਾਲੂ ਮਾਲੀ ਸਾਲ ਦੌਰਾਨ 133 ਲੱਖ ਮੀਟ੍ਰਿਕ ਟਨ ਅਨਾਜ, 1400 ਲੱਖ ਕਪਾਹ ਦੀਆਂ ਗੰਢਾਂ ਅਤੇ 7 ਲੱਖ ਮੀਟ੍ਰਿਕ ਟਨ ਗੰਨਾ ਇਸ ਤੋਂ ਇਲਾਵਾ 2 ਲੱਖ ਮੀਟ੍ਰਿਕ ਟਨ ਤੇਲ ਦੇ ਬੀਜ ਪੈਦਾ ਕਰਨ ਦਾ ਟੀਚਾ ਹੈ । ਇਹ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਗੱਲ ਹੈ । ਪੰਜਾਬ ਵਾਸਤੇ ਇਹ ਮਾਣ ਵਾਲੀ ਗੱਲ ਹੈ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿੱਚ ਲਿਖਿਆ ਹੈ ਕਿ ਫਲਦਾਰ ਬੂਟਿਆਂ ਅਧੀਨ 20,000 ਹੈਕਟੇਅਰ ਰਕਬਾ ਤੋਂ ਵਧਾ ਕੇ ਇਸ ਸਾਲ 27,000 ਹੈਕਟੇਅਰ ਕਰਨ ਵਿੱਚ ਪੰਜਾਬ ਸਰਕਾਰ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ, ਸਫਲ ਰਹੀ ਹੈ । ਇਸੇ ਤਰ੍ਹਾਂ ਹੀ ਬਹੁਤ ਸਾਰੇ ਰਕਬੇ ਵਾਸਤੇ 540 ਲੱਖ ਪੌਦੇ ਲੋਕਾਂ ਨੂੰ ਸਪਲਾਈ ਕੀਤੇ ਜਾਣਗੇ । ਇਹ ਪੌਦੇ ਪੰਜਾਬ ਦੇ ਅੰਦਰ ਔਰ ਬਕਾਇਦਾ ਤੌਰ ਤੇ ਜੰਗਲਾਤ ਲੈਂਡ ਵਾਸਤੇ ਦਿੱਤੇ ਜਾਣਗੇ । ਇਹ ਹੀ ਨਹੀਂ, ਜਨਾਬ ਡਿਪਟੀ ਸਪੀਕਰ ਸਾਹਿਬ, ਅਸੀਂ ਹੋਰ ਵੀ ਕਈ ਖੇਤਰਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਵਿੱਚ ਕਾਫ਼ੀ ਅੱਗੇ ਆ ਰਹੇ ਹਾਂ । ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਸ ਵਾਸਤੇ ਖਾਸ ਤੌਰ ਤੇ ਇੱਕ ਜੰਗਲਾਤ ਵਿਕਾਸ ਕਾਰਪੋਰੇਸ਼ਨ ਪੰਜਾਬ ਵਿਚ ਬਣਾਈ ਹੈ । ਅਗਲੇ ਸਾਲ ਬਹੁਤ ਸਾਰੀ ਭੋਂ ਅਤੇ ਜਲ ਸੰਭਾਲ ਦੀ ਸਕੀਮ ਅਧੀਨ ਪਛੜੇ ਹੋਏ ਕੰਡੀ ਦੇ ਇਲਾਕਿਆਂ, ਗੰਦੀ ਨਾਲੀਆਂ ਨੂੰ ਪੱਕਾ ਕਰਨਾ ਹੈ । ਸੜਕਾਂ ਨੂੰ ਪੱਕਾ ਕਰਨਾ ਹੈ। ਇਸ ਤੋਂ ਇਲਾਵਾ ਗਰੀਬ ਲੋਕਾਂ ਤੇ ਆਰਥਿਕ ਤੌਰ ਤੇ ਪਛੜੇ ਹੋਏ ਲੋਕਾਂ ਵਾਸਤੇ ਜੋ ਕਿ ਬੀਲੋਅ ਪਾਵਰਟੀ ਲਾਈਨ ਰਹਿ ਰਹੇ ਹਨ, ਇਹਨਾਂ ਵਾਸਤੇ ਹੋਰ ਸਕੀਮਾਂ ਬਣਾਈਆਂ ਜਾ ਰਹੀਆਂ ਹਨ । ਅਸੀਂ ਸੰਗਠਿਤ ਦਿਹਾਤੀ ਵਿਕਾਸ ਸਕੀਮ ਰਾਹੀਂ 9.36 ਕਰੋੜ ਰੁਪਏ ਸਬ-ਸਿਡੀ ਔਰ ਵਜ਼ੀਫੇ ਦੇਣ ਵਾਸਤੇ ਮੁਹੱਈਆ ਕੀਤੀ ਹੈ ।

ਜਲ ਸਪਲਾਈ ਵਾਸਤੇ 77 ਡੂੰਘੇ ਟਿਊਬਵੈਲ ਲਗਾਏ ਗਏ ਹਨ ਅਤੇ ਇਸ ਸਾਲ 125 ਡੂੰਘੇ ਟਿਊਬਵੈਲ ਹੋਰ ਲਗਾਉਣ ਦਾ ਵਿਚਾਰ ਹੈ । ਸਾਫ਼ ਲੈਟਰੀਨਾਂ ਨੂੰ ਚਾਲੂ ਕਰਨ ਦੇ ਪ੍ਰੋਗਰਾਮ ਅਧੀਨ 25% ਦਿਹਾਤੀ ਅਬਾਦੀ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ । ਜਿਵੇਂ ਕਿ ਇਹ ਸਪਸ਼ਟ ਹੈ ਕਿ ਖੇਤੀਬਾੜੀ ਔਰ ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਇਹ ਤਿੰਨੇ ਇਕੋ ਚੀਜ਼ ਹੀ ਹੈ ਇਸ ਲਈ ਪਸ਼ੂਆਂ ਦੀ ਸੰਭਾਲ ਵਾਸਤੇ ਸਬ-ਡਿਵੀਜ਼ਨਲ ਪੱਧਰ ਤੇ ਇਕ ਪਸ਼ੂ-ਇਲਾਜ ਹਸਪਤਾਲ ਖੋਲ੍ਹਣ ਦਾ ਫੈਸਲਾ ਕੀਤਾ ਹੈ । ਬੇਸ਼ਕ ਪਸ਼ੂਆਂ ਦੀ ਜ਼ਬਾਨ ਨਹੀਂ ਹੁੰਦੀ ਲੇਕਿਨ ਇਹ ਇੱਕ ਅਜਿਹਾ ਧੰਨ ਹੈ ਜਿਸ ਦੀ ਸੁਰੱਖਿਆ ਕਰਨਾ ਵੀ ਮਾਨਵਤਾ ਦਾ ਫ਼ਰਜ਼ ਹੈ । ਇਸ ਵਾਸਤੇ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਫਰੀਦਕੋਟ ਵਿਖੇ ਇਕ ਹੋਰ ਪਸ਼ੂ ਚਕਿਤਸਾ ਹਸਪਤਾਲ ਖੋਲ੍ਹਣ ਦਾ ਵਿਚਾਰ ਰੱਖਿਆ ਹੈ । ਇਸ ਤੋਂ ਬਾਅਦ ਦੁੱਧ ਦਾ ਜੋ ਉਤਪਾਦਨ ਹੈ ਉਹ ਵੀ 1932-33 ਦੌਰਾਨ 37,20,000 ਮੀਟ੍ਰਿਕ ਟਨ ਪੈਦਾ ਹੋਇਆ ਹੈ ਜਦ ਕਿ ਇਹ ਉਤਪਾਦਨ 1983-84 ਦੇ ਸਾਲ ਵਿਚ 39,97,000 ਮੀਟ੍ਰਿਕ ਟਨ ਹੋ ਜਾਣ ਦਾ ਅਨੁਮਾਨ ਹੈ । ਇਹ ਟੀਚਾ ਸਾਰਾ ਪੰਜਾਬ ਸਰਕਾਰ ਵਲੋਂ ਤਿਆਰ ਕੀਤਾ ਗਿਆ ਹੈ । ਪੰਜਾਬ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਨੇ 1982 ਦੇ ਸਾਲ ਦੇ ਦੌਰਾਨ ਦੁੱਧ ਇਕੱਤਰ ਕਰਨ ਦਾ ਪਸਾਰ 2207 ਪਿੰਡਾਂ ਤੱਕ ਕਰ ਲਿਆ ਹੈ। ਗੁਰਦਾਸਪੁਰ ਜ਼ਿਲ੍ਹੇ ਵਿੱਚ ਪਿੰਡ ਚਿਛੜੇਵਾਲ ਵਿਚ ਪਸ਼ੂ-ਖੁਰਾਕ ਫੈਕਟਰੀ ਤਿਆਰ ਕੀਤੀ ਗਈ । ਜਲੰਧਰ ਅਤੇ ਸੰਗਰੂਰ ਦੇ ਦੁੱਧ ਦੇ ਪਲਾਂਟਾਂ ਦੀ ਦੁੱਧ ਦੀ ਸਮਰਥਾ 45,000 ਲਿਟਰ ਤੋਂ ਇਨਕਰੀਜ਼ ਕਰਕੇ 2,50,000 ਲਿਟਰ ਪ੍ਰਤੀ ਦਿਨ ਕੀਤੀ ਜਾ ਰਹੀ ਹੈ । 1560 ਦੁੱਧ ਸੁਸਾਇਟੀਆਂ ਅਨੰਦ ਪੈਟਰਨ ਤੇ ਕਾਇਮ ਕੀਤੀਆਂ ਗਈਆਂ ਹਨ । ਇੱਕ ਹੋਰ ਨਵਾਂ ਮਿਲਕ ਪਲਾਂਟ ਉਸਾਰੀ ਅਧੀਨ ਹੈ । ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਖਾਦਾਂ ਵਾਸਤੇ ਸਾਲ 1982-83 ਵਿਚ 275 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਹਨ । 79,120 ਮੀਟ੍ਰਿਕ ਟਨ ਦੀ ਕੇਪੈਸਿਟੀ ਵਾਲੇ 38 ਹੋਰ ਗੁਦਾਮਾਂ ਦੀ ਉਸਾਰੀ ਦਾ ਕੰਮ ਕੰਪਲੀਟ ਕੀਤਾ ਜਾ ਚੁੱਕਿਆ ਹੈ । ਪੰਜਾਬ ਦੇ ਅੰਦਰ ਵੰਡ ਪ੍ਰਣਾਲੀ ਵਿਚ ਸੁਧਾਰ ਲਿਆਂਦਾ ਗਿਆ ਹੈ । ਇਸ ਸਮੇਂ ਪੰਜਾਬ ਵਿਚ ਸ਼ਹਿਰਾਂ ਅਤੇ ਪਿੰਡਾਂ ਵਿਚ 10,800 ਦੁਕਾਨਾਂ ਇਸ ਤਰ੍ਹਾਂ ਦੀਆਂ ਹਨ ਜੋ ਕਿ ਇਸ ਕੰਮ ਨੂੰ ਭੁਗਤਾ ਰਹੀਆਂ ਹਨ । ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਥੀਨ ਡੈਮ, ਸ਼ਾਹ ਨਹਿਰ ਕੰਡੀ ਨਹਿਰ, ਢੋਲ ਬਾਹਾ ਡੈਮ ਦੀ ਉਸਾਰੀ, ਸੇਮ ਰੋਕੂ ਸਕੀਮਾਂ ਵੀ ਚੱਲ ਰਹੀਆਂ ਹਨ ਔਰ ਇਨ੍ਹਾਂ ਤੇ ਲਗਭਗ 467 ਕਰੋੜ ਰੁਪਏ ਲਾਏ ਗਏ ਹਨ । ਇਸ ਵਿੱਚ ਜਲ ਨਿਕਾਸ ਸਕੀਮ ਵੀ ਸ਼ਾਮਲ ਕੀਤੀ ਗਈ ਹੈ । ਸਾਲ 1982-83 ਦੌਰਾਨ 15,000

Original with;
Punjab Vidhan Sabha
Digitized by;
Panjab Digital Library

ਹੋਰ ਟਿਊਬਵੈਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦਿੱਤੇ ਜਾ ਚੁੱਕੇ ਹਨ । ਇਸ ਸਾਲ ਦੌਰਾਨ ਪੰਜਾਬ ਰਾਜ ਲੈਂਡ ਮਾਰਟਗੇਜ ਬੈਂਕ ਵੱਲੋਂ ਕਿਸਾਨਾਂ ਨੂੰ ਮਾਲੀ ਸਹਾਇਤਾ ਦਿੱਤੀ ਜਾਵੇਗੀ । ਡਿਪਟੀ ਸਪੀਕਰ ਸਾਹਿਬ, ਆਨੰਦਪੁਰ ਹਾਈਡਲ ਪ੍ਰਾਜੈਕਟ, ਮੁਕੇਰੀਆਂ ਹਾਈਡਲ ਪਰਾਜੈਕਟ ਅਤੇ ਰੋਪੜ ਥਰਮਲ ਪਲਾਂਟ ਦਾ ਕੰਮ ਇਹ ਸਾਰੀਆਂ ਚੀਜ਼ਾਂ ਇਸ ਵੇਲੇ ਉਸਾਰੀ ਅਧੀਨ ਹਨ । ਇਨ੍ਹਾਂ ਤੇ ਕੰਮ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਪੰਜਾਬੀ ਅਕਾਲੀ ਵੀਰਾਂ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਵਾਤਾਵਰਣ ਨੂੰ ਗੰਧਲਾ ਕਰਨ ਦੀ ਬਜਾਏ ਪੰਜਾਬ ਦੇ ਵਿੱਚ ਫ਼ਿਰਕਾਪ੍ਰਸਤੀ ਪੈਦਾ ਕਰਨ ਦੀ ਬਜਾਏ ਇਹ ਯਤਨ ਕਰਨੇ ਚਾਹੀਦੇ ਹਨ ਕਿ ਪੰਜਾਬ ਨੂੰ ਹੋਰ ਖੁਸ਼ਹਾਲ ਕਿਵੇਂ ਕੀਤਾ ਜਾ ਸਕਦਾ ਹੈ, ਇਸ ਨੂੰ ਹੋਰ ਤੱਰਕੀ ਦੀਆਂ ਲੀਹਾਂ ਤੇ ਕਿਵੇਂ ਅੱਗੇ ਲਿਆਂਦਾ ਜਾ ਸਕਦਾ ਹੈ । ਜਿਥੋਂ ਤੱਕ ਰੀਪਲੈਨ ਕਰਨ ਦਾ ਸਵਾਲ ਹੈ ਇਹ ਸਾਰਾ ਕੰਮ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਸੰਭਾਲਿਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਦਾ ਹਾਂ ਕਿ 1699 ਵਿਚ ਖ਼ਾਲਸੇ ਦੀ ਸਾਜਨਾ ਹੋਈ ਅੌਰ ਹੁਣ 1999 ਆ ਰਿਹਾ ਹੈ । ਇਸ ਸਮੇਂ ਖਾਲਸੇ ਨੂੰ ਸਜੇ ਨੂੰ 300 ਸਾਲ ਦਾ ਸਮਾਂ ਹੋ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਹੁਣ ਸ਼ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਗੁਰੂ ਸਾਹਿਬ ਦੇ ਜੋ ਵਿਚਾਰ, ਜੋ ਫਲਸਫਾ ਜੋ ਗੁਰੂ ਗ੍ਰੰਥ ਵਿੱਚ ਅੰਕਿਤ ਹੈ ਉਸ ਦਾ ਪਰਸਾਰ ਕਰਨ, ਇਹ ਲੋਕਾਂ ਵਿਚ ਜਾਣ ਤਾਂ ਕਿ ਮਨੁੱਖਤਾ, ਮਾਨਵਤਾ ਦਾ ਸੰਸਾਰ ਵਿੱਚ ਅਮਨ, ਸ਼ਕਤੀ ਅਤੇ ਏਕਤਾ, ਭਾਈਚਾਰੇ, ਪਰਸਪਰ ਪਿਆਰ, ਰਵਾਦਾਰੀ, ਜੋ ਗੁਰੂ ਗਰੰਥ ਸਾਹਿਬ ਦਾ ਉਦੇਸ਼ ਹੈ, ਉਹ ਲੋਕਾਂ ਨੂੰ ਸਮਝਾਉਣ । ਗੁਰੂ ਗਰੰਥ ਸਾਹਿਬ ਵਿਚ ਵੀ ਅੰਕਿਤ ਹੈ ਕਿ :—

"ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ,

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ।"

ਇਹ ਵਿਚਾਰ ਲੈ ਕੇ ਇਹ ਲੋਕਾਂ ਵਿੱਚ ਜਾਣ । ਸਾਡੇ ਸੀ. ਐਮ. ਸਾਹਿਬ ਇਹਨਾਂ ਦੇ ਨਾਲ ਜਾਣਗੇ । ਸਾਡੀ ਕਾਂਗਰਸ ਪਾਰਟੀ ਇਹਨਾਂ ਦੇ ਨਾਲ ਜਾਏਗੀ (ਥੰਪਿੰਗ) ਜੇ ਪੰਜਾਬ ਵਿੱਚ ਏਕਤਾ ਹੋਵੇਗੀ ਤਾਂ ਪੰਜਾਬ ਹੋਰ ਉਚਾ ਉਠੇਗਾ, ਹੋਰ ਪਰਫੁੱਲਤ ਹੋਵੇਗਾ । ਜੇ ਇਹ ਕਹਿਣ ਕਿ ਅਸੀਂ ਪੰਜਾਬ ਵਿੱਚ ਅੱਗ ਲਾ ਦੇਈਏ, ਇਸ ਨਾਲ ਅਸੀਂ ਆਪ ਬਚ ਜਾਵਾਂਗੇ ਇਹ ਇਹਨਾਂ ਦੀ ਗਲਤ ਸੋਚਣੀ ਹੈ :—

"ਗਰ ਡੂਬੇਗੀ ਨਈਆ ਤੋ ਡੂਬੇਂਗੇ ਸਾਰੇ,

ਨਾ ਤੁਮ ਹੀ ਬਚੋਗੇ ਨਾ ਸਾਥੀ ਤੁਮਹਾਰੇ"

ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਪੰਜਾਬ ਦੇ ਅੰਦਰ ਇੱਕੋ ਇਕ ਐਸੇ ਬਹਾਦਰ ਇਨਸਾਨ ਹੈ, ਜਿਸ ਨੇ ਪੰਜਾਬ ਦੇ ਅੰਦਰ ਬਾਕਾਇਦਾ ਤੌਰ ਤੇ ਸਾਰੀਆਂ ਕੌਮਾਂ, ਸਾਰੇ ਧਰਮਾਂ ਦੀਆਂ ਗੱਲਾਂ, ਸਾਰੇ ਧਰਮਾਂ ਦੇ ਲੋਕਾਂ, ਸਾਰੀਆਂ ਸ਼੍ਰੇਣੀਆਂ ਦੇ ਚਾਹੇ ਉਹ ਮਜ਼ਦੂਰ ਹਨ, ਚਾਹੇ ਕਿਸਾਨ ਹਨ, ਚਾਹੇ ਵਪਾਰੀ ਹਨ ਜਾਂ ਵਿਦਿਆਰਥੀ ਹਨ, ਇੰਮਪਲਾਈਜ਼ ਹਨ ਸਾਰਿਆਂ ਨੂੰ ਵਿਸ਼ਵਾਸ ਵਿਚ ਲਿਆ । ਇਹ ਵੀ ਅੱਜ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਪੰਜਾਬ ਦੇ ਅੰਦਰ ਬਾਕਾਇਦਾ ਤੌਰ ਤੇ ਕਲੀਨ ਐਡਮਿਨਿਸਟ੍ਰੇਸ਼ਨ ਦਿੱਤੀ ਜਾ ਰਹੀ ਹੈ, ਠੀਕ ਇਨਸਾਫ ਦਿੱਤਾ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਹਰ ਮੁਸ਼ਕਿਲ ਦਾ ਹੱਲ ਬਾਤ ਚੀਤ ਰਾਹੀਂ ਹੀ ਹੁੰਦਾ ਹੈ। ਸੈਂਟਰ ਗੌਰਮਿੰਟ ਨੇ ਵੀ ਬਹੁਤ ਵਾਰੀ ਇਹਨਾਂ ਨੂੰ ਮੌਕਾ ਦਿੱਤਾ। ਪਰ ਇਨ੍ਹਾਂ ਨੇ ਇਸ ਨੂੰ ਜੰਗ ਦਾ ਅਖਾੜਾ ਬਣਾ ਲਿਆ। ਮੈਂ ਇਹ ਗੱਲ ਕਹਿਣ ਵਿਚ ਵੀ ਕੋਈ ਗੁਰੇਜ਼ ਨਹੀਂ ਕਰਦਾ ਕਿ ਜੇ ਅੱਜ ਪੰਜਾਬ ਦੇ ਅੰਦਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨਾ ਹੁੰਦੀ ਤਾਂ ਪੰਜਾਬ ਹਿੰਦੁਸਤਾਨ ਦੇ ਨਕਸ਼ੇ ਤੇ ਨਵਾਂ ਆਸਾਮ ਬਣ ਜਾਂਦਾ (ਥੰਪਿੰਗ)। ਪੰਜਾਬ ਵਿੱਚ ਹੁਣ ਆਰਥਕ ਪਰਫੁੱਲਤਾ ਹੈ, ਪੰਜਾਬ ਵਿਚ ਮਜ਼ਬੀ ਰਵਾਦਾਰੀ ਹੈ, ਇਹ ਫਿਰਕਾਪ੍ਰਸਤੀ ਤੋਂ ਉਪਰ ਹੈ। ਇਹਨਾਂ ਵਿਚ ਆਪਸੀ ਪਿਆਰ ਹੈ। ਇਨ੍ਹਾਂ ਨੇ ਕੇਵਲ ਇੰਨਾ ਹੀ ਨਹੀਂ ਕੀਤਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਗੋਇੰਦਵਾਲ ਸਾਹਿਬ ਵਿਖੇ ਨਿਊਕਲੀਅਸ ਪਲਾਂਟ ਦਾ ਕੰਮ ਵੀ ਪੂਰੀ ਤਰ੍ਹਾਂ ਚਾਲੂ ਰੱਖਿਆ ਹੈ। ਇਹ ਪੂਰੀ ਰਫ਼ਤਾਰ ਨਾਲ ਹੋ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਗਰੀਬਾਂ ਵਾਸਤੇ 1679 ਨਵੇਂ ਦਿਹਾਤੀ ਇਲਾਕਿਆਂ ਵਿਚ ਮਕਾਨ ਬਣਾਏ ਹਨ। ਸ਼ਹਿਰੀ ਇਲਾਕਿਆਂ ਵਿਚ 3379 ਹੋਰ ਮਕਾਨ ਬਣਾਏ ਜਾਣ ਦਾ ਟੀਚਾ ਰੱਖਿਆ ਹੈ। ਸ਼ਹਿਰਾਂ ਵਾਸਤੇ ਪਾਣੀ ਦੀਆਂ ਸਕੀਮਾਂ ਔਰ 11 ਸ਼ਹਿਰਾਂ ਨੂੰ ਸੀਵਰੇਜ ਦੀਆਂ ਸਕੀਮਾਂ ਦੇਣ ਦਾ ਟੀਚਾ ਹੈ। ਇਸੇ ਤਰ੍ਹਾਂ ਹੀ ਪਰਾਈਵੇਟ ਸਕੂਲ ਤੇ ਕਾਲਜ ਲਈ 16.49 ਕਰੋੜ ਰੁਪਏ ਗਰਾਂਟ ਲਈ ਰੱਖੇ ਗਏ ਹਨ। 100 ਸਕੂਲਾਂ ਦੇ ਅੰਦਰ ਵੋਕੇਸ਼ਨਲ ਐਜੂਕੇਸ਼ਨ ਦੀ ਸਕੀਮ ਚਾਲੂ ਕੀਤੀ ਗਈ ਹੈ। 50 ਸਕੂਲਾਂ ਨੂੰ ਪ੍ਰਾਇਮਰੀ ਤੋਂ ਮਿਡਲ ਔਰ 50 ਸਕੂਲਾਂ ਨੂੰ ਮਿਡਲ ਤੋਂ ਹਾਈ ਸਕੂਲ ਅਪਗ੍ਰੇਡ ਕੀਤਾ ਹੈ। ਸੜਕਾਂ, ਡਿਪਟੀ ਸਪੀਕਰ ਸਾਹਿਬ, ਆਵਾਜਾਈ ਦਾ ਬੜਾ ਮਹੱਤਵਪੂਰਨ ਸਾਧਨ ਹਨ। ਕਈ ਪਿੰਡ ਜਿਹੜੇ ਸ਼ਹਿਰਾਂ ਨਾਲੋਂ ਦੂਰ ਸਨ ਉਹਨਾਂ ਨੂੰ ਸੜਕਾਂ ਰਾਹੀਂ ਪਿੰਡਾਂ ਨਾਲ ਜੋੜਿਆ ਗਿਆ ਹੈ। ਇਹ ਪਿੰਡ ਸੜਕਾਂ ਤੋਂ ਬਗੈਰ ਸ਼ਹਿਰਾਂ ਤੋਂ ਕੱਟੇ ਜਾਂਦੇ ਸਨ। ਡਿਪਟੀ ਸਪੀਕਰ ਸਾਹਿਬ, ਇਹ ਪੰਜਾਬ ਵਿੱਚ ਆਪਣੇ ਆਪ ਇੱਕ ਮੂੰਹ ਬੋਲਦੀ ਤਸਵੀਰ ਹੈ। ਇੰਡਸਟ੍ਰੀਅਲ ਖੇਤਰ ਵਿਚ ਮੈਂ ਦੱਸਣਾ ਹੈ ਕਿ 11,000 ਨਵੀਆਂ ਯੂਨਿਟਾਂ ਇਸ ਸਾਲ ਸ਼ੁਰੂ ਕੀਤੀਆਂ ਹਨ। ਹੈਲਥ ਦੇ ਫੀਲਡ ਵਿਚ 50 ਸਬਸਿਡੀਏਰੀ ਹੈਲਥ ਸੈਂਟਰਜ਼ ਖੋਲ੍ਹੇ ਹਨ ਅਤੇ 104 ਹੈਲਥ ਸੈਂਟਰਜ਼ ਖੋਲ੍ਹੇ ਹਨ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਜੋ ਫਰੀਦਕੋਟ ਵਿਖੇ ਹੈ ਉਥੇ 200-ਬੈਡਿਡ ਹਸਪਤਾਲ ਬਣਾਇਆ ਹੈ। 145 ਸਬ-ਸੈਂਟਰਜ਼ ਬਲਾਕ ਲੈਵਲ ਤੇ, 15 ਹਸਪਤਾਲ ਔਰ 12 ਹੋਮਿਓ-ਪੈਥਿਕ ਡਿਸਪੈਂਸਰੀਆਂ ਖੋਲ੍ਹੀਆਂ ਹਨ। ਸਾਰੇ ਪੰਜਾਬ ਵਿਚ ਹਿੰਦੂ, ਮੁਸਲਮਾਨ ਔਰ ਸਿੱਖ ਵਸਦੇ ਹਨ। ਪੰਜਾਬ ਸਾਰੇ ਪੰਜਾਬੀਆਂ ਦਾ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਦੇਵੀ ਲਾਲ ਨੂੰ ਆਪਣਾ ਪੱਗ ਵੱਟ ਭਰਾ ਬਣਾਇਆ ਸੀ ਜਿਸ ਨੇ ਕਿ ਹਰਿਆਣਾ ਵਿਚ ਐਲਾਨ ਕੀਤਾ ਹੈ ਕਿ ਉਹ ਤਿੰਨਾਂ ਨਾਲ ਲੜੇਗਾ: ਇਕ ਕਾਂਗਰਸ ਪਾਰਟੀ ਨਾਲ ਲੜੇਗਾ, ਇੱਕ ਭਜਨ ਲਾਲ ਨਾਲ ਲੜੇਗਾ ਔਰ ਇਕ ਪੰਜਾਬ ਦੇ ਕਾਲੋਨੀਅਲਿਜ਼ਮ ਨਾਲ ਲੜੇਗਾ। ਇਨ੍ਹਾਂ ਦਾ ਪੱਗ ਵੱਟ ਭਰਾ ਕਹਿੰਦਾ ਹੈ ਕਿ ਹਰਿਆਣੇ ਵਿਚ ਜੋ ਪੰਜਾਬ ਦੇ ਲੋਕ ਆਪਣਾ ਪੇਟ ਪਾਲਣ ਵਾਸਤੇ ਉਥੇ ਗਏ ਹਨ, ਉਨ੍ਹਾਂ ਨਾਲ ਲੜੇਗਾ। ਇਨ੍ਹਾਂ ਦੀ ਦੋਸਤੀ ਕਿਨ੍ਹਾਂ ਨਾਲ ਹੈ ਅੰਦਾਜ਼ਾ ਲਾਉ। ਆਖਰ ਗੱਲ ਤਾਂ ਟੇਬਲ ਤੇ ਬੈਠ ਕੇ ਮੁਕਣੀ ਹੈ, ਅਸੀਂ ਪਿੱਛੇ ਜਿਹੇ ਦਿੱਲੀ ਗਏ, ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ ਉਥੇ ਗਏ। ਸ੍ਰੀਮਤੀ

Original with;
Punjab Vidhan Sabha
Digitized by;
Panjab Digital Library

ਇੰਦਰਾ ਗਾਂਧੀ ਨੇ ਬੋਲਦੇ ਹੋਏ ਕਿਹਾ ਸੀ ਕਿ ਪੰਜਾਬ ਦੇ ਬਹਾਦਰ ਸਿੱਖਾਂ ਨੇ, ਪੰਜਾਬ ਦੇ ਬਹਾਦਰ ਨੌਜੁਆਨਾਂ ਨੇ ਜੋ ਐਗਰੀਕਲਚਰ ਇੰਡਸਟਰੀ, ਦੇਸ਼ ਦੀ ਰੱਖਿਆ ਵਿਚ ਰੋਲ ਪਾਇਆ ਹੈ......ਮਤਲਬ ਉਨ੍ਹਾਂ ਨੇ ਹਰ ਜਗ੍ਹਾ ਤੇ ਇਹਨਾਂ ਦੀ ਪਰਸ਼ੰਸਾ ਕੀਤੀ ਹੈ। ਇਨ੍ਹਾਂ ਤੇ ਉਹ ਗੌਰਵ ਮਹਿਸੂਸ ਕਰਦੇ ਹਨ। ਇਹ ਮੇਰੇ ਅਕਾਲੀ ਵੀਰ ਬਾਜਪਾਈ ਸਾਹਿਬ ਨਾਲ ਗਲਵਕੜੀਆਂ ਪਾਉਂਦੇ ਸਨ। ਬਾਜਪਾਈ ਨੇ ਕਿਹਾ ਕਿ ਇੰਦਰਾ ਗਾਂਧੀ ਨੇ ਦਿੱਲੀ ਦੇ ਬੰਗਲਾ ਸਾਹਿਬ ਦੇ ਗੁਰਦੁਆਰੇ ਵਿਚ ਸਿੱਖਾਂ ਦੀਆਂ ਧਾਰਮਿਕ ਮੰਗਾਂ ਮੰਨਣ ਦਾ ਐਲਾਨ ਕਿਉਂ ਕੀਤਾ। ਉਨ੍ਹਾਂ ਨੇ ਕਿਹਾ ਕਿ ਇੰਦਰਾ ਗਾਂਧੀ ਨੂੰ ਧਾਰਮਿਕ ਮੰਗਾਂ ਬਾਰੇ ਧਾਰਮਿਕ ਸਥਾਨ ਤੋਂ ਐਲਾਨ ਨਹੀਂ ਕਰਨਾ ਚਾਹੀਦਾ ਸੀ। ਇਥੋਂ ਹੀ ਤੁਸੀਂ ਅੰਦਾਜ਼ਾ ਲਗਾ ਲਉ ਕਿ ਇਨ੍ਹਾਂ ਨੂੰ ਦੂਸਰੇ ਮਜ਼੍ਹਬਾਂ ਦਾ ਕਿੰਨਾ ਸਤਿਕਾਰ ਹੈ ਅਤੇ ਅਕਾਲੀ ਵੀਰ ਕਿਨ੍ਹਾਂ ਦੀ ਝੋਲੀ ਵਿਚ ਪਏ ਹੋਏ ਹਨ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਜਿਹੜੀ ਅਵਸਥਾ ਸਾਡੇ ਪੰਜਾਬ ਅੰਦਰ ਪੈਦਾ ਹੋਈ ਹੈ, ਇਸ ਨੂੰ ਨਜਿੱਠਣ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਡੇ ਗੁਰੂ ਸਾਹਿਬਾਨ ਨੇ ਏਕਤਾ, ਅਮਨ, ਪਰਸਪਰ ਭਾਈਚਾਰਾ ਅਤੇ ਮਿਲਵਰਤਨ ਬਾਰੇ ਜੋ ਸਿਖਸ਼ਾ ਸਾਨੂੰ ਦਿੱਤੀ ਹੈ, ਉਸ ਤੇ ਸਾਨੂੰ ਚਲਣਾ ਚਾਹੀਦਾ ਹੈ। ਸ਼ੇਖ਼ ਫਰੀਦ ਜੀ ਨੇ ਵੀ ਇਸੇ ਤਰ੍ਹਾਂ ਹੀ ਲਿਖਿਆ ਹੈ। ਗੁਰੂ ਗਰੰਥ ਸਾਹਿਬ ਅੰਦਰ ਭਗਤ ਰਵੀਦਾਸ ਦੀ ਬਾਣੀ ਹੈ, ਸ਼ੇਖ਼ ਫਰੀਦ ਦੇ ਸਲੋਕ ਹਨ। ਤਰਲੋਚਨ ਭਗਤ ਦੀ ਬਾਣੀ ਹੈ, ਨਾਮਦੇਵ ਭਗਤ ਦੀ ਬਾਣੀ ਹੈ, ਉਪਰੰਤ ਗੁਰੂ ਸਾਹਿਬ ਦੀ ਬਾਣੀ ਹੈ। ਭਗਤ ਧੰਨਾ ਦੀ ਬਾਣੀ ਹੈ। ਜਿੰਨੇ ਵੀ ਮਹਾਨ ਭਗਤ ਹੋਏ ਹਨ ਉਨ੍ਹਾਂ ਸਾਰਿਆ ਦੀ ਬਾਣੀ ਇਸ ਅੰਦਰ ਹੈ। ਗੁਰੂ ਗਰੰਥ ਸਾਹਿਬ ਇਹ ਪੰਜਾਬ ਦੇ ਲੋਕਾਂ ਨੂੰ ਗੁਰੂ ਸਾਹਿਬਾਨ ਦੀ ਐਸੀ ਦੇਣ ਹੈ ਜਿਹੜੀ ਕਿ ਨੈਸ਼ਨਲ ਇੰਟੈਗਰੇਸ਼ਨ ਦਾ ਇਕ ਮੁਜੱਸਮਾ ਹੈ। ਅੱਜ ਦੀ ਸਰਕਾਰ ਇਸੇ ਅਸੂਲਾਂ ਤੇ ਚਲ ਰਹੀ ਹੈ। ਪਰ ਅਕਾਲੀ ਦਲ ਨੇ ਇਹ ਅਸੂਲਾਂ ਨੂੰ ਛੱਡ ਦਿੱਤਾ ਹੈ। ਇਹ ਸਿਆਸੀ ਛੋਟੇ ਦਾਇਰੇ ਵਿਚ ਪੈ ਗਏ ਹਨ। ਸਾਡੀ ਸਰਕਾਰ ਗੁਰੂ ਗਰੰਥ ਸਾਹਿਬ ਦੇ ਅਸੂਲਾਂ ਤੇ ਚਲ ਰਹੀ ਹੈ ਅਤੇ ਸਾਰੇ ਧਰਮਾਂ ਦੀ ਇਜ਼ਤ ਕਰਦੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਨਾਲ ਪੰਜਾਬ ਕਲਚਰਲ ਤੌਰ ਤੇ ਪੰਜਾਬ ਰਿਸ਼ੀਆਂ, ਮੁਨੀਆਂ ਅਤੇ ਗੁਰੂਆਂ ਦਾ ਦੇਸ਼ ਹੈ। ਸਾਨੂੰ ਇਸ ਤੇ ਬੜਾ ਗੌਰਵ ਹੈ ਕਿ ਇਸ ਦੇਸ਼ ਵਿਚ ਗੁਰੂ ਨਾਨਕ ਦੇਵ ਜੀ, ਕ੍ਰਿਸ਼ਨ ਜੀ ਔਰ ਰਾਮ ਚੰਦਰ ਜੀ ਵਰਗੇ ਮਹਾਂਪੁਰਸ਼ ਇਥੇ ਆਏ ਹਨ ਜਿਨ੍ਹਾਂ ਨੇ ਏਕਤਾ ਦੇ ਬਾਰੇ ਦੱਸਿਆ ਹੈ। ਸਾਡੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੀ ਇਹੀ ਲਾਈਨਾਂ ਤੇ ਤੁਰ ਕੇ ਕੰਮ ਕਰਨਾ ਚਾਹੁੰਦੀ ਹੈ। ਇਥੇ ਹਿੰਦੂ, ਮੁਸਲਮਾਨ ਔਰ ਇਸਾਈ ਅਤੇ ਸਿੱਖ ਰਹਿੰਦੇ ਹਨ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਪੰਜਾਬ ਦੇ ਅਮਨ, ਏਕਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜੀ ਵੀ ਸਹੁੰ ਮੇਰੇ ਅਕਾਲੀ ਵੀਰ ਖਾਂਦੇ ਹਨ ਉਹ ਇਹ ਤੋੜਦੇ ਹਨ। ਪਹਿਲਾਂ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਸਹੁੰ ਖਾਧੀ ਕਿ ਅਸੀਂ ਇਕੱਠੇ ਰਹਿਣਾ ਹੈ ਔਰ ਅਸੀਂ ਵੀ ਚਾਹੁੰਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਹਾਂ ਕਿ ਇਹ ਇਕੱਠੇ ਰਹਿਣ ਕਿਉਂਕਿ ਜੇਕਰ ਇਹ ਇਕੱਠੇ ਰਹਿਣਗੇ ਤਾਂ ਹੀ ਪੰਜਾਬ ਵਿਚ ਸ਼ਾਂਤੀ ਰਹੇਗੀ ਔਰ ਅਗਰ ਇਹ ਲੜ ਪੈਣਗੇ ਤਾਂ ਗਲ ਪੈਣਗੇ। ਇਨ੍ਹਾਂ ਨੇ ਚੰਡੀਗੜ੍ਹ ਗਵਾ ਦਿੱਤਾ। ਚੰਡੀਗੜ੍ਹ ਪੰਜਾਬ ਦਾ ਸਿਰ ਹੈ। ਇਨ੍ਹਾਂ ਨੇ ਫਾਜ਼ਲਕਾ ਔਰ ਅਬੋਹਰ ਪੰਜਾਬ ਤੋਂ ਗਵਾ ਦਿਤੇ। ਸਿਰਸਾ, ਅੰਬਾਲਾ, ਟੋਹਾਣਾ ਔਰ ਨਾਲਾਗੜ੍ਹ ਪੰਜਾਬ ਤੋਂ ਗਵਾ ਦਿਤੇ। ਪੰਜਾਬ ਨੂੰ ਮਜ਼ਬੂਤ ਕਰਨ ਲਈ ਸਾਨੂੰ ਸਾਰਿਆਂ ਨੂੰ ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਹੇਠ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਜਜ਼ਬਾਤੀ ਤੌਰ ਤੇ ਜੋ ਗੱਲਾਂ ਹੁੰਦੀਆਂ ਹਨ ਉਹ ਥੋੜੀ ਦੇਰ ਹੀ ਰਹਿੰਦੀਆਂ ਹਨ। ਇਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਕੱਠੇ ਰਹਿਣ ਦੀ ਸਹੁੰ ਖਾਧੀ ਲੇਕਿਨ ਬਾਅਦ ਵਿਚ ਕਈ ਅਕਾਲੀ ਦਲ ਬਣੇ। ਇਹ ਮੋਰਚਾ ਲਗਾਈ ਕਿਉਂ ਬੈਠੇ ਹਨ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਜਿਸ ਦਿਨ ਮੋਰਚਾ ਟੁੱਟ ਗਿਆ ਇਨ੍ਹਾਂ ਦੀ ਆਪਸ ਵਿਚ ਲੜਾਈ ਹੋ ਜਾਣੀ ਹੈ। ਅਸੀਂ ਚਾਹੁੰਦੇ ਹਾਂ ਕਿ ਪ੍ਰਮਾਤਮਾ ਇਨ੍ਹਾਂ ਨੂੰ ਇਕੱਠੇ ਰੱਖੇ ਪੰਜਾਬ ਦੇ ਅਮਨ ਲਈ। ਜੇਕਰ ਇਹ ਸਰਕਾਰ ਨਾਲ ਨਹੀਂ ਲੜਨਗੇ ਤਾਂ ਇਹ ਆਪਸ ਵਿਚ ਲੜਨਗੇ। ਟ੍ਰਾਈਬਿਊਨਲ ਵਿਚ ਅੱਜ ਹੀ ਲਿਖਿਆ ਹੈ ਕਿ ਇਨ੍ਹਾਂ ਦੀ ਆਪਸ ਵਿਚ ਹਾਥੋ ਪਾਈ ਹੋ ਰਹੀ ਹੈ। ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਨੂੰ ਪ੍ਰਮਾਤਮਾ ਸ਼ਾਂਤੀ ਬਖਸ਼ੇ, ਪਰ ਇਹ ਸਾਡੇ ਗਲ ਪੈਂਦੇ ਹਨ। ਅਸੀਂ ਆਪਣੇ ਆਪ ਇਨ੍ਹਾਂ ਕੁਰਸੀਆਂ ਤੇ ਨਹੀਂ ਬੈਠੇ। ਸਾਨੂੰ ਲੋਕਾਂ ਨੇ ਇਥੇ ਬਿਠਾਇਆ ਹੈ। ਇਨ੍ਹਾਂ ਨੇ ਤਿੰਨ ਚਾਰ ਐਜੀਟੇਸ਼ਨਾਂ ਕੀਤੀਆਂ ਅਸੈਂਬਲੀ ਤੇ ਬਿਨਾਂ ਵੋਟਾਂ ਕਬਜ਼ਾ ਕਰਨ ਲਈ। ਅਸੀਂ ਆਪਣੇ ਆਪ ਇਥੇ ਨਹੀਂ ਬੈਠੇ ਬਲਕਿ ਲੋਕਾਂ ਨੇ ਸਾਡਾ ਮੈਨੀ-ਫੈਸਟੋ ਐਕਸੈਪਟ ਕੀਤਾ ਹੈ ਅਤੇ ਸਾਨੂੰ ਇੱਥੇ ਬਿਠਾਇਆ ਹੈ। ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਤੁਸੀਂ ਅਕਾਲੀ ਪਾਰਟੀ ਦਾ ਮੈਨੀਫੈਸਟੋ ਦੇਖ ਲਉ, ਇਨ੍ਹਾਂ ਨੇ ਇਕ ਵੀ ਚੋਣ ਪੰਜਾਬ ਦੇ ਮਸਲਿਆਂ ਤੇ ਨਹੀਂ ਲੜੀ। ਸਗੋਂ ਹੁਣ ਰੁਸ ਕੇ ਘਰ ਬੈਠ ਗਏ ਹਨ। ਇਨ੍ਹਾਂ ਨੂੰ ਅਸੈਂਬਲੀ ਤੋਂ ਤਿਆਗ ਪੱਤਰ ਨਹੀਂ ਦੇਣੇ ਚਾਹੀਦੇ। ਜੇ ਇਨ੍ਹਾਂ ਨੇ ਮੇਰੀ ਗੱਲ ਨਹੀਂ ਮੰਨਣੀ ਤਾਂ ਇਹ ਕਾਮਰੇਡ ਰਾਜ ਕੁਮਾਰ ਦੀ ਹੀ ਗੱਲ ਮੰਨ ਲੈਣ। ਮੈਂ ਕਾਮਰੇਡ ਰਾਜ ਕੁਮਾਰ ਜੀ ਦਾ ਸਾਰੇ ਪੰਜਾਬ ਵਿਚ ਇਨ੍ਹਾਂ ਨੂੰ ਹਾਥੀ ਤੇ ਬਿਠਾ ਕੇ ਜਲੂਸ ਕਢਾਂਗਾ, ਜੇ ਅਕਾਲੀ ਵੀਰਾਂ ਨੂੰ ਠੀਕ ਰਾਹ ਉਤੇ ਪਾ ਦੇਣ। ਪਰ ਇਨ੍ਹਾਂ ਦੀ ਗੱਲ ਇਨ੍ਹਾਂ ਨੇ ਮੰਨਣੀ ਨਹੀਂ ਹੈ। ਇਹ ਮਸਲੇ ਮਸ਼ਹੂਰ ਹੈ :—

"ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ"

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਪੰਜਾਬ ਵਿਚ ਉਨ੍ਹਾਂ ਸ਼ਕਤੀਆਂ ਦਾ ਸਾਥ ਦੇਣ ਜਿਹੜੀਆਂ ਪੰਜਾਬ ਵਿਚ ਅਮਨ, ਏਕਤਾ, ਸਾਂਝੀ-ਵਾਲਤਾ, ਅਗਾਂਹ ਵਧੂ ਨੀਤੀ, ਪ੍ਰੇਮ ਅਤੇ ਰਵਾਦਾਰੀ ਕਾਇਮ ਕਰਨਾ ਚਾਹੁੰਦੀਆਂ ਹਨ। ਪਰ ਇਹ ਪੰਜਾਬ ਦੀਆਂ ਸਮੱਸਿਆਵਾਂ ਨੂੰ ਹੋਰ ਉਲਝਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਅਕਾਲੀ ਪਾਰਟੀ ਸ਼ਕਤੀ ਦੀ ਗੱਲ ਕਰਦੀ ਹੈ। ਸ਼ਕਤੀ ਵੋਟਾਂ ਰਾਹੀਂ ਆਉਂਦੀ ਹੈ। ਇਹ ਜਿੱਤ ਕੇ ਆ ਜਾਣ ਅਸੀਂ ਇਨ੍ਹਾਂ ਨੂੰ ਇਥੇ ਘੋੜੀ ਤੇ ਚੜ੍ਹਾ ਕੇ ਹਾਰ ਪਾ ਕੇ ਰਾਜ ਸੰਘਾਸਣ ਉਤੇ ਬਿਠਾ ਕੇ ਇਥੇ ਛੱਡ ਕੇ ਜਾਵਾਂਗੇ। ਪਰ ਜੇ ਇਹ ਹਾਰ ਜਾਣ ਤਾਂ ਫਿਰ ਇਨ੍ਹਾਂ ਨੂੰ ਪ੍ਰਮਾਤਮਾ ਦਾ ਹੁਕਮ ਮੰਨਣਾ ਚਾਹੀਦਾ ਹੈ। "ਹੁਕਮੈ ਅੰਦਰ

Original with;
Punjab Vidhan Sabha
Digitized by;
Panjab Digital Library

ਸਭ ਕੋ ਬਾਹਿਰ ਹੁਕਮ ਨਾ ਕੋਇ।" ਜੇ ਇਨ੍ਹਾਂ ਨੇ ਮਾੜੇ ਕੰਮ ਕੀਤੇ ਤਾਂ ਲੋਕਾਂ ਨੇ ਇਨ੍ਹਾਂ ਨੂੰ ਬਾਹਿਰ ਕੱਢ ਦਿੱਤਾ ਅਤੇ ਸਾਨੂੰ ਇਸ ਪਾਸੇ ਬਿਠਾਇਆ ਹੈ। ਅਸੀਂ ਚੰਗੇ ਕੰਮ ਕੀਤੇ ਤਾਂ ਲੋਕਾਂ ਨੇ ਸਾਨੂੰ ਵੋਟਾਂ ਪਾ ਕੇ ਇਸ ਪਾਸੇ ਬਿਠਾ ਦਿੱਤਾ ਹੈ। ਇਹ ਆਪਣੀਆਂ ਗਲਤੀਆਂ ਕਾਰਨ ਉਸ ਪਾਸੇ ਬੈਠੇ ਹਨ। ਜੇ ਇਹ ਆਪਣੀਆਂ ਗਲਤੀਆਂ ਲਈ ਸਾਨੂੰ ਜ਼ਿੰਮੇਵਾਰ ਠਹਿਰਾਉਣ ਤਾਂ ਇਹ ਗੱਲ ਠੀਕ ਨਹੀਂ ਹੈ। ਕਹਾਵਤ ਹੈ ਕਿ ਡਿੱਗੀ ਖੋਤੇ ਤੋਂ ਅਤੇ ਗੁੱਸਾ ਘੁਮਿਆਰ ਉਤੇ, ਜੇ ਇਹ ਘੋੜੀ ਦੇ ਪਿੱਛੇ ਖੜੇ ਹੋਣ ਤਾਂ ਘੋੜੀ ਨੇ ਟੀਟਣੇ ਹੀ ਮਾਰਨੇ ਹਨ। ਜੇ ਘੋੜੀ ਦੀ ਸਵਾਰੀ ਕਰਨੀ ਹੈ ਅੱਗੇ ਦੀ ਆਉਣ। ਅੱਜ ਕੱਲ ਬੰਦੂਕਾਂ, ਤਲਵਾਰਾਂ, ਭਾਲਿਆਂ ਅਤੇ ਨੇਜ਼ਿਆਂ ਦਾ ਯੁੱਗ ਨਹੀਂ ਹੈ। ਅੱਜ ਕੱਲ ਬੈਲਟ ਦਾ ਯੁੱਗ ਹੈ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਸਹੁੰ ਖਾਧੀ ਪਰ ਉਹ ਸਹੁੰ ਇਨ੍ਹਾਂ ਨੇ ਆਪ ਭੰਨੀ। ਫਿਰ ਇਨ੍ਹਾਂ ਨੇ ਕੰਸਟੀਚਿਊਸ਼ਨ ਦੀ ਸਹੁੰ ਖਾਧੀ ਉਹ ਵੀ ਭੰਨੀ। ਮਰੇ ਅਤੇ ਮੁਕਰੇ ਦਾ ਕੋਈ ਵਿਸਾਹ ਨਹੀਂ ਹੈ। ਇਹ ਇਨ੍ਹਾਂ ਦੀ ਮਜਬੂਰੀ ਹੈ। ਇਨ੍ਹਾਂ ਦੀ ਹਾਲਤ ਤਾਂ ਉਸ ਤਰ੍ਹਾਂ ਹੈ ਕਿ ਜੇ ਖਾਂਦੇ ਹਨ ਤਾਂ ਕੋੜ੍ਹੀ ਅਤੇ ਜੇ ਛੱਡਦੇ ਹਨ ਤਾਂ ਕਲੰਕੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਭਰਾ ਦੇ ਸਹੁਰਾ ਸਰਦਾਰ ਹਰਚੰਦ ਸਿੰਘ ਫੱਤਣਵਾਲ, ਐਮ. ਐਲ. ਏ., ਕੱਲ ਇਥੇ ਹਾਊਸ ਵਿਚ ਹਾਜ਼ਰੀ ਲਗਾ ਕੇ ਦਸਤਖਤ ਕਰ ਗਏ ਹਨ, ਪਰ ਬਾਦਲ ਸਾਹਿਬ ਜਾ ਕੇ ਲੋਕਾਂ ਨੂੰ ਕਹਿੰਦੇ ਹਨ ਕਿ ਕੁਰਬਾਨੀਆਂ ਕਰੋ। ਇਥੇ ਮੈਂ ਕਹਿੰਦਾ ਹਾਂ :—

"ਯੇਹ ਦੋ ਰੰਗੀ ਛੋਡ ਦੋ ਏਕ ਰੰਗ ਹੋ ਜਾਓ,
ਯਾ ਫਿਰ ਮੋਮ ਹੋ ਜਾਉ ਯਾ ਫਿਰ ਸੰਗ ਹੋ ਜਾਓ
ਅਤੇ ਦੋਗਲੀ ਨੀਤੀ ਛੱਡ ਦਿਓ।"

ਪਰ ਇਹ ਤਾਂ ਇਸ ਤਰ੍ਹਾਂ ਕਰਦੇ ਹਨ ਕਿ ਜਿਵੇਂ ਇਕ ਜ਼ਨਾਨੀ ਘੁੰਡ ਵੀ ਕੱਢਣਾ ਚਾਹੁੰਦੀ ਹੈ ਅਤੇ ਤਬੀਤ ਵੀ ਨੰਗਾ ਰੱਖਣਾ ਚਾਹੁੰਦੀ ਹੈ। ਇਨ੍ਹਾਂ ਨੂੰ ਇਸ ਕਿਸਮ ਦੀਆਂ ਦੋ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਹ ਮੋਰਚਾ ਲਾਉਂਦੇ ਹਨ ਪਰ ਗੱਲ ਕਿਸੇ ਪਾਸੇ ਨਹੀਂ ਲਾਉਂਦੇ। ਇਨ੍ਹਾਂ ਨੂੰ ਟੇਬਲ ਤੇ ਬੈਠ ਕੇ ਗੱਲਾਂ ਕਰਨੀਆਂ ਚਾਹੀਦੀਆਂ ਹਨ। ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਇਨ੍ਹਾਂ ਦੀਆਂ ਧਾਰਮਿਕ ਮੰਗਾਂ ਮੰਨੀਆਂ ਹਨ, ਇਨ੍ਹਾਂ ਨੂੰ ਇਸ ਤੇ ਦੀਪਮਾਲਾ ਕਰਨੀ ਚਾਹੀਦੀ ਸੀ। ਇਥੇ, ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਗੱਲ ਯਾਦ ਆ ਗਈ ਹੈ। ਇਕ ਨਿਹੰਗ ਸਿੰਘ ਤੁਰਿਆ ਜਾਂਦਾ ਸੀ। ਉਥੇ ਇਕ ਹੋਰ ਸਿੰਘ ਤੁਰਿਆ ਜਾਂਦਾ ਸੀ। ਉਹ ਨਿਹੰਗ ਸਿੰਘ ਨੂੰ ਕਹਿਣ ਲੱਗਾ ਕਿ ਇਹ ਚੁਟੰਗਾ ਲੈ ਲਉ ਇਸ ਤੇ ਨਿਹੰਗ ਸਿੰਘ ਕਹਿਣ ਲੱਗਾ ਕਿ ਮੈਂ ਚੋਰ ਨਹੀਂ ਹਾਂ ਅਤੇ ਨਾ ਹੀ ਮੰਗਤਾ ਹਾਂ। ਤੂੰ ਇਸ ਨੂੰ ਖੁਲਾ ਛੱਡ ਦੇ ਫਿਰ ਮੈਂ ਜਾਣਾ ਤੇ ਚੁਟੰਗਾ ਜਾਣੇ। ਤਾਂ ਫਿਰ ਨਿਹੰਗ ਸਿੰਘ ਨੇ ਚੁਟੰਗੇ ਨੂੰ ਨੇਜ਼ੇ ਉਤੇ ਟੰਗ ਲਿਆ ਅਤੇ ਮਹਾਂ ਪ੍ਰਸ਼ਾਦ ਬਣਾ ਕੇ ਛਕ ਲਿਆ। ਇਨ੍ਹਾਂ ਦੀ ਇਸ ਤਰ੍ਹਾਂ ਦੀ ਹਾਲਤ ਹੈ। ਇਹ ਕਰੈਡਿਟ ਲੈਣਾ ਚਾਹੁੰਦੇ ਹਨ। ਇਹ ਕਰੈਡਿਟ ਲੈ ਲੈਣ। ਸ੍ਰੀਮਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਇੰਦਰਾ ਗਾਂਧੀ ਜੀ ਨੇ ਧਾਰਮਿਕ ਮੰਗਾਂ ਮੰਨੀਆਂ ਹਨ, ਇਸ ਤੇ ਇਨ੍ਹਾਂ ਨੂੰ ਦੀਪਮਾਲਾ ਕਰਨੀ ਚਾਹੀਦੀ ਸੀ। ਸ੍ਰੀਮਤੀ ਇੰਦਰਾ ਗਾਂਧੀ ਨੇ ਬੜੇ ਗੌਰਵ ਨਾਲ ਕਿਹਾ ਕਿ ਇਹ ਮੈਂ ਪੰਜਾਬ ਦੇ ਲੋਕਾਂ ਤੇ ਅਹਿਸਾਨ ਨਹੀਂ ਕੀਤਾ, ਮੈਂ ਤਾਂ ਆਪਣਾ ਫਰਜ਼ ਪੂਰਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਵੀ ਦੇਰ ਇਨ੍ਹਾਂ (ਅਕਾਲੀ ਪਾਰਟੀ) ਨੇ ਲਾਈ ਹੈ ਕਿਉਂਕਿ ਇਹ ਕਹਿੰਦੇ ਹਨ ਕਿ ਸਾਰੀਆਂ ਮੰਗਾਂ ਇਕੱਠੀਆਂ ਮੰਨੀਆਂ ਜਾਣ। ਸਾਡੀ ਪਾਰਟੀ ਦੀ ਲੀਡਰਸ਼ਿਪ, ਸ੍ਰੀਮਤੀ ਇੰਦਰਾ ਗਾਂਧੀ ਦਰਿਆ ਦਿਲ ਹੈ। ਉਹ ਪੰਜਾਬ ਦੇ ਮਸਲੇ ਨੂੰ ਸ਼ਾਂਤਮਈ ਢੰਗ ਨਾਲ ਹੱਲ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਤਿੰਨ ਧਿਰੀ ਮੀਟਿੰਗ ਰੱਖੀ, ਜਿਸ ਵਿਚ ਸਾਰਿਆਂ ਨੂੰ ਕਾਨਫੀਡੈਂਸ ਵਿਚ ਲਿਆ ਹੈ, ਉਨ੍ਹਾਂ ਨੇ ਹਰਿਆਣਾ ਦੀ ਲੀਡਰਸ਼ਿਪ, ਰਾਜਿਸਥਾਨ ਦੀ ਲੀਡਰਸ਼ਿਪ ਅਤੇ ਪੰਜਾਬ ਦੀ ਲੀਡਰ-ਸ਼ਿਪ ਨੂੰ ਕਾਨਫੀਡੈਂਸ ਵਿਚ ਲਿਆ ਕਿਉਂਕਿ ਉਹ ਪੰਜਾਬ ਦੇ ਮਸਲੇ ਨੂੰ ਸ਼ਾਂਤਮਈ ਢੰਗ ਨਾਲ ਹੱਲ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਹਰਿਆਣਾ ਅਤੇ ਰਾਜਿਸਥਾਨ ਦੀ ਲੀਡਰਸ਼ਿਪ ਨੂੰ ਇਸ਼ਾਰਾ ਦਿਤਾ ਅਤੇ ਇਸ ਤਰ੍ਹਾਂ ਉਹ ਆਪਣੇ ਸਟੈਂਡ ਤੋਂ ਕਾਫੀ ਪਿੱਛੇ ਹਟੇ ਹਨ ਪਰ ਇਹ ਅਕਾਲੀ ਭਾਈ ਕਿਸੇ ਪਾਸੇ ਗੱਲ ਨਹੀਂ ਲਗਣ ਦਿੰਦੇ।

ਡਿਪਟੀ ਸਪੀਕਰ ਸਾਹਿਬ, ਦਿੱਲੀ ਵਿਖੇ ਨਾਨ-ਅਲਾਈਂਡ ਕੰਟਰੀਜ਼ ਦੀ ਕਾਨਫਰੰਸ ਹੋ ਰਹੀ ਹੈ। ਉਥੇ ਬਾਹਿਰ ਤੋਂ ਬਹੁਤ ਸਾਰੇ ਮੁਲਕਾਂ ਦੇ ਲੀਡਰ ਆਏ ਹਨ। ਉਹ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਨੂੰ ਕਹਿੰਦੇ ਹਨ ਕਿ ਸਾਨੂੰ ਰੋਸ਼ਨੀ ਦਿਓ। ਪਰ ਇਹ ਮੇਰੇ ਵੀਰ ਚਾਮਚੜਿੱਕ ਵਾਂਗਰ ਰੌਸ਼ਨੀ ਤੋਂ ਭੱਜਦੇ ਹਨ। ਪ੍ਰਮਾਤਮਾ ਇਨ੍ਹਾਂ ਨੂੰ ਸ਼ਕਤੀ ਦੇਵੇ। ਇਨ੍ਹਾਂ ਨੂੰ ਰੌਸ਼ਨੀ ਦੇਵੇ। ਇਨ੍ਹਾਂ ਨੇ ਆਪ ਸਾਰਾ ਵਾਤਾਵਰਣ ਖਰਾਬ ਕੀਤਾ ਹੈ। ਗੁਰੂ ਮਹਾਰਾਜ ਨੇ ਕਿਹਾ ਹੈ :—

"ਜਹਾਂ ਜਹਾਂ ਖਾਲਸਾ ਸਾਹਿਬ,
ਤਹਾਂ ਤਹਾਂ ਰੱਛਿਆ ਰਿਆਇਤ।"

ਖਾਲਸਾ ਸਾਰੇ ਸੂਬਿਆਂ ਵਿੱਚ ਅਤੇ ਸਾਰਿਆਂ ਦੇਸ਼ਾਂ ਵਿਚ ਬਿਰਾਜਮਾਨ ਹਨ, ਇਨ੍ਹਾਂ ਨੂੰ ਸਭ ਦੀ ਸੁਖ ਮੰਨਾਉਣੀ ਚਾਹੀਦੀ ਹੈ। ਪਰ ਇਹ ਇਸ ਦੇ ਉਲਟ ਚਲਦੇ ਹਨ। ਮਹਾਰਾਜ ਨੇ ਫਰਮਾਇਆ ਹੈ ਕਿ ਸਿੱਖਾਂ ਦਾ :—

"ਮਨ ਨੀਵਾਂ, ਮੱਤ ਉਚੀ।"

"ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।"

ਪਰ ਕੀ ਇਹ ਸਭ ਦਾ ਭਲਾ ਮੰਗਦੇ ਹਨ ? ਇਹ ਤਾਂ ਹੋਰ ਪਾਸੇ ਨੂੰ ਜਾ ਰਹੇ ਹਨ। ਇਹ ਜ਼ੋਰ ਨਾਲ ਮੰਗਾਂ ਮੰਨਵਾਉਣਾ ਚਾਹੁੰਦੇ ਹਨ। ਹੁਣ ਇਹ ਕਹਿੰਦੇ ਹਨ ਕਿ ਅਸੀਂ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਖੁਲ੍ਹੀ ਛੁੱਟੀ ਦੇ ਦਿਆਂਗੇ। ਮੈਂ ਅਕਾਲੀ ਲੀਡਰਸ਼ਿਪ ਨੂੰ ਬੇਨਤੀ ਕਰਦਾ ਹਾਂ ਕਿ ਮਾਸੂਮ ਬੱਚਿਆਂ, ਬੁੱਢਿਆਂ ਦੇ ਸਿਰ ਨਾ ਲਵੋ। ਜੇ ਜਸੋਵਾਲ ਦੇ ਸਿਰ ਦੀ ਲੋੜ ਹੈ ਤਾਂ ਮੈਂ ਦਰਬਾਰ ਸਾਹਿਬ ਅਗੇ ਆਪ ਚਲ ਕੇ

Original with;
Punjab Vidhan Sabha
Digitized by;
Panjab Digital Library

ਆਪਣਾ ਸਿਰ ਧਰਮ ਹਿਤ, ਪੰਜਾਬ ਦੇ ਹਿਤ ਲਈ, ਪੰਜਾਬ ਦੇ ਅਮਨ ਲਈ, ਪੰਜਾਬ ਦੀ ਏਕਤਾ ਲਈ ਅੰਮ੍ਰਿਤਸਰ ਦਿਆਂਗਾ । (ਥੰਪਿੰਗ) ਇਸ ਲਈ ਜਿਨ੍ਹਾਂ ਸਿਰਾਂ ਦੀ ਲੋੜ ਹੈ, ਅਸੀਂ ਆਪ ਉਥੇ ਚਲ ਕੇ ਸਿਰ ਦਿਆਂਗੇ । ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਵਿਚ ਜਾ ਕੇ ਆਪਣਾ ਸੀਸ ਦਿੱਤਾ ਸੀ । ਜੇ ਤੁਹਾਨੂੰ ਮੇਰੇ ਸਿਰ ਦੀ ਲੋੜ ਹੈ ਤਾਂ ਮੈਂ ਦਰਬਾਰ ਸਾਹਿਬ ਜਾ ਕੇ ਆਪਣਾ ਸੀਸ ਦੇਣ ਨੂੰ ਤਿਆਰ ਹਾਂ । ਅੱਜ ਅਸੀਂ ਭਿਆਨਕ ਦੌਰ ਵਿਚ ਦੀ ਲੰਘ ਰਹੇ ਹਾਂ, ਇਸ ਨਾਲ ਸਾਡਾ ਬੜਾ ਨੁਕਸਾਨ ਹੋ ਰਿਹਾ ਹੈ । ਇਸ ਤਰ੍ਹਾਂ ਸਾਡੀ ਆਰਥਿਕਤਾ ਨੂੰ ਸੱਟ ਵੱਜ ਰਹੀ ਹੈ । ਇਨ੍ਹਾਂ ਨੂੰ ਇਸ ਕਿਸਮ ਦੀਆਂ ਗ਼ੈਰ ਜ਼ਿੰਮੇਵਾਰ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ । ਇਨ੍ਹਾਂ ਨੂੰ ਦੇਖਣਾ ਚਾਹੀਦਾ ਹੈ ਕਿ ਪੰਜਾਬ ਦਾ ਹਿਤ ਕਿਸ ਗੱਲ ਵਿੱਚ ਹੈ । ਇਹ ਭਰਾ ਮਾਰੂ ਗੱਲਾਂ ਮਹਿੰਗੀਆਂ ਪੈਂਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਨਾਲ ਹੀ ਹਰਿਆਣਾ ਦੇ ਚੀਫ਼ ਮਨਿ-ਸਟਰ ਅਤੇ ਰਾਜਿਸਥਾਨ ਦੇ ਚੀਫ਼ ਮਨਿਸਟਰ ਦੇ ਚਰਨਾਂ ਵਿਚ ਵੀ ਬੇਨਤੀ ਕਰਾਂਗਾ ਕਿ ਪੰਜਾਬ ਇਕ ਬਹਾਦਰ ਸੂਬਾ ਹੈ । ਇਹ ਬਾਰਡਰ ਸਟੇਟ ਹੈ । ਜਿੰਨੀਆਂ ਲੜਾਈਆਂ ਲੜੀਆ ਗਈਆਂ ਉਹ ਪੰਜਾਬ ਦੀ ਧਰਤੀ ਤੇ ਲੜੀਆਂ ਗਈਆਂ । ਉਹ ਪੰਜਾਬ ਦੇ ਲੋਕਾਂ ਨੇ ਬਹਾਦਰੀ ਨਾਲ ਲੜੀਆਂ । ਪੰਜ਼ਾਬ ਦੇ ਲੋਕਾਂ ਨੇ ਫੌਜੀਆਂ ਦਾ ਲੰਗਰ, ਦੁੱਧ ਅਤੇ ਪਾਣੀ ਨਾਲ ਸੇਵਾ ਕੀਤੀ । ਡਿਪਟੀ ਸਪੀਕਰ ਸ਼ਾਹਿਬ, ਸਾਨੂੰ ਪਤਾ ਹੈ ਕਿ ਪੰਜਾਬ ਦੇ ਲੋਕ ਦੇਸ਼ ਦੀ ਰੱਖਿਆ ਲਈ ਦੀਵਾਰ ਦੀ ਤਰ੍ਹਾਂ ਖੜੇ ਹਨ । ਪੰਜਾਬ ਦੇ ਕਿਸਾਨ ਨੇ ਦੇਸ਼ ਦੇ ਅੰਨ ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾਇਆ । ਇਥੇ ਇੰਡਸਟਰੀਅਲ ਰੈਵੋਲਿਊਸ਼ਨ ਲਿਆਂਦਾ, ਹਰਾ ਇਨਕਲਾਬ ਅਤੇ ਚਿੱਟਾ ਇਨਕਲਾਬ ਲਿਆਂਦਾ । ਅੱਜ ਪੰਜ਼ਾਬ ਨਾਲ ਹਰ ਖੇਤਰ ਵਿਚ ਪੂਰਾ ਨਿਆਂ ਹੋਣਾ ਚਾਹੀਦਾ ਹੈ ਅਤੇ ਕੇਂਦਰ ਨੂੰ ਪੰਜਾਬ ਦੀਆਂ ਯੋਗ ਮੰਗਾਂ ਤੁਰੰਤ ਪ੍ਰਵਾਨ ਕਰ ਲੈਣੀਆਂ ਚਾਹੀਦੀਆਂ ਹਨ । ਇਸ ਲਈ ਜੇ ਪੰਜਾਬ ਨੂੰ ਕੁਝ ਰਿਆਇਤ ਦੀ ਲੋੜ ਹੋਵੇ ਤਾਂ ਉਹ ਸਾਨੂੰ ਦੇ ਦੇਣੀ ਚਾਹੀਦੀ ਹੈ ਕਿਉਂਕਿ ਜੇ ਪੰਜਾਬ ਮਜ਼ਬੂਤ ਹੈ ਤਾਂ ਦੇਸ਼ ਮਜ਼ਬੂਤ ਹੈ । ਅਕਾਲੀ ਪਾਰਟੀ ਨੂੰ ਸਾਨੂੰ ਮਿਲਵਰਤਨ ਦੇਣਾ ਚਾਹੀਦਾ ਹੈ ਅਤੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਕੇ ਦੇਸ਼ ਦੀ ਉਸਾਰੀ ਵਿਚ ਜੁਟ ਜਾਣਾ ਚਾਹੀਦਾ ਹੈ । ਇਹ ਕਿੱਧਰ ਨੂੰ ਜਾ ਰਹੇ ਹਨ ? ਇਹ ਮਾਸੂਮ ਲੋਕਾਂ ਦਾ ਖੂਨ ਡੋਲ੍ਹਣ ਦੀਆਂ ਕਿਉਂ ਗੱਲਾਂ ਕਰਦੇ ਹਨ । ਲੋਕਾਂ ਦੀਆਂ ਕੁਰਬਾਨੀਆਂ ਦੇਣ ਦੀ ਬਜਾਏ ਇਹ ਆਪਣੀ ਕੁਰਬਾਨੀ ਦੇਣ ਕਿਉਂਕਿ :—

"ਆਪ ਗਵਾਈਐ ਤਾਂ ਸਹੁ ਪਾਈਐ"

ਜੇ ਇਹ ਕੋਈ ਆਪਣਾ ਹੱਕ ਲੈਣਾ ਚਾਹੁੰਦੇ ਹਨ ਤਾਂ ਖੁਦ ਕੁਰਬਾਨੀ ਦੇਣ । ਗੁਰੂ ਗੋਬਿੰਦ ਸਿੰਘ ਇਸੇ ਕਰਕੇ ਮਹਾਨ ਸਨ ਕਿਉਂਕਿ ਉਨ੍ਹਾਂ ਨੇ ਦੇਸ਼ ਅਤੇ ਧਰਮ ਦੀ ਰਾਖੀ ਲਈ ਆਪਣਾ ਪਿਤਾ ਸ਼ਹੀਦ ਕਰਵਾਇਆ, ਆਪਣੇ ਚਾਰੇ ਬੱਚੇ ਸ਼ਹੀਦ ਕਰਵਾਏ— ਦੋ ਚਮਕੌਰ ਸਾਹਿਬ ਦੀ ਜੰਗ ਵਿਚ ਅਤੇ ਦੋ ਸਰਹਿੰਦ ਦੀਆਂ ਨੀਂਹਾਂ ਵਿਚ ਸ਼ਹੀਦ ਹੋਏ । ਜਦ ਕਿਸੇ ਨੇ ਮਾਸੂਮ ਬੱਚਿਆਂ ਦੇ ਸ਼ਹੀਦ ਹੋ ਜਾਣ ਬਾਰੇ ਅਫ਼ਸੋਸ ਕੀਤਾ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਕਿਹਾ :—

"ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ,
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ ।"

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਗੁਰੂ ਤੇਗ ਬਹਾਦਰ ਜੀ, ਉਨ੍ਹਾਂ ਦੇ ਪਿਤਾ ਦਾ ਸਿਰ ਲੈਣ ਵਾਲੇ ਔਰੰਗਜੇਬ ਦਾ ਅਜ ਕੋਈ ਨਾਮੋ-ਨਿਸ਼ਾਨ ਨਹੀਂ ਹੈ । ਉਸ ਦੀ ਕੋਈ ਯਾਦਗਾਰ ਨਹੀਂ ਹੈ, ਉਸ ਦੀ ਮਜ਼ਾਰ ਦੇ ਅੱਜ ਕੋਈ ਮੇਲਾ ਨਹੀਂ ਲਗਦਾ । (ਥੰਪਿੰਗ) ਉਨ੍ਹਾਂ ਦੇ ਬੱਚਿਆਂ ਨੂੰ ਸ਼ਹੀਦ ਕਰਵਾਉਣ ਵਾਲਿਆਂ ਦਾ ਕੀ ਹਸ਼ਰ ਹੋਇਆ, ਇਹ ਸਾਨੂੰ ਸਾਰਿਆਂ ਨੂੰ ਪਤਾ ਹੈ । ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਸਰੀਰਕ ਤੌਰ ਤੇ ਭਾਵੇਂ ਅੱਜ ਸਾਡੇ ਨਾਲ ਨਹੀਂ ਹਨ, ਪਰ ਆਤਮਕ ਤੌਰ ਤੇ ਉਹ ਹਮੇਸ਼ਾ ਸਾਡੇ ਨਾਲ ਰਹੇ ਹਨ ਅਤੇ ਉਹ ਜੁਗੋ ਜੁਗ ਅਟੱਲ ਹਨ ਅਤੇ ਅਮਰ ਹਨ । ਇਹ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਹੀ ਫਲ ਹੈ । ਸ਼ਾਇਰ ਨੇ ਠੀਕ ਹੀ ਕਿਹਾ ਹੈ :—

"ਮਿਟਾ ਦੇ ਅਪਨੀ ਹਸਤੀ ਗਰ ਕੁਛ ਮਰਤਬਾ ਚਾਹੇ,
ਕਿ ਦਾਨਾ ਖ਼ਾਕ ਮੇਂ ਮਿਲ ਕਰ ਗੁਲੇ-ਗੁਲਜ਼ਾਰ ਹੋਤਾ ਹੈ ।"

ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਮੇਰੀ ਸਪੀਚ ਕਾਫੀ ਲੰਮੀ ਹੋ ਗਈ ਹੈ, ਪਰ ਮੈਂ ਆਪਣੇ ਜਜ਼ਬਾਤ ਪ੍ਰਗਟ ਕੀਤੇ ਬਿਨਾਂ ਨਹੀਂ ਸੀ ਰਹਿ ਸਕਦਾ । ਟਰੈਜਿਡੀ ਇਹ ਹੈ ਕਿ :—

"ਹਮ ਆਹ ਭੀ ਭਰਤੇ ਹੈਂ ਤੋ ਹੋ ਜਾਤੇ ਹੈਂ ਬਦਨਾਮ,
ਵੋ ਕਤਲ ਭੀ ਕਰਤੇ ਹੈਂ ਤੋ ਚਰਚਾ ਨਹੀਂ ਹੋਤਾ ।"

ਜਨਾਬ ਡਿਪਟੀ ਸਪੀਕਰ ਸਾਹਿਬ, ਮੈਂ ਇਸ ਹਾਊਸ ਦੇ ਅੰਦਰ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ । ਮਾਨਯੋਗ ਗਵਰਨਰ ਸਾਹਿਬ ਦੇ ਐਡਰੈਸ ਦੇ ਬਾਰੇ ਮੇਰੀ ਪ੍ਰਾਰਥਨਾ ਇਹ ਹੈ ਕਿ ਇਹ ਹਾਊਸ ਮੁਤਫਿਕਾ ਤੌਰ ਤੇ ਇਸ ਨੂੰ ਪਾਸ ਕਰੇ ਤਾਂ ਕਿ ਪੰਜਾਬ ਦੇ ਅੰਦਰ ਜੋ ਫਿਰਕੂ ਮਾਹੌਲ ਹੈ, ਉਸ ਨੂੰ ਰੋਕਿਆ ਜਾ ਸਕੇ । ਮੇਰੀ ਇਹ ਵੀ ਅਰਜ਼ ਹੈ ਕਿ ਸਾਰੀਆਂ ਪਾਰਟੀਆਂ ਦੇ ਬੰਦੇ ਪੰਜਾਬ ਨੂੰ ਮਜ਼ਬੂਤ ਸੂਬਾ ਬਣਾਉਣ ਦੀ ਕੋਸ਼ਿਸ਼ ਕਰਨ ਕਿਉਂਕਿ ਜੇ ਪੰਜਾਬ ਮਜ਼ਬੂਤ ਹੋਵੇਗਾ ਤਾਂ ਹਿੰਦੁਸਤਾਨ ਮਜ਼ਬੂਤ ਹੋਵੇਗਾ ਅਤੇ ਜੇ ਹਿੰਦੁਸਤਾਨ ਮਜ਼ਬੂਤ ਹੋਵੇਗਾ ਤਾਂ ਅਸੀਂ ਸਾਰੇ ਮਜ਼ਬੂਤ ਹੋਵਾਂਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਇਕ ਵਾਰ ਫਿਰ ਧੰਨਵਾਦ ਕਰਦਾ ਹਾਂ । (ਥੰਪਿੰਗ)

**ਸ੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ, ਐਸ. ਸੀ.)**: ਮੇਰੇ ਮੋਹਤਰਿਮ ਸਾਥੀ ਜਗਦੇਵ ਸਿੰਘ ਜੱਸੋਵਾਲ ਨੇ ਜਿਹੜਾ ਗਵਰਨਰ ਐਡਰੈਸ ਦੇ ਸਬੰਧ ਵਿਚ ਧੰਨਵਾਦ ਦਾ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੀ ਤਾਈਦ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਗਵਰਨਰ ਸਾਹਿਬ ਦੇ ਐਡਰੈਸ ਦੇ ਦੂਜੇ ਪਹਿਰੇ ਵਿਚ ਇਹ ਜ਼ਿਕਰ ਕੀਤਾ ਗਿਆ ਹੈ ਕਿ ਸਾਨੂੰ ਆਪਣੇ ਮਾਨਯੋਗ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਨੈਸ਼ਨਲ ਇੰਟੇਗਰੇਸ਼ਨ ਅਤੇ ਕਮਿਊਨਲ ਹਾਰਮੋਨੀ ਨੂੰ ਪੰਜਾਬ ਵਿਚ ਅਤੇ ਸਮੁੱਚੇ ਦੇਸ਼ ਵਿਚ ਬੜ੍ਹਾਵਾ ਦੇਣ ਲਈ ਬਹੁਤ ਯਤਨ ਕੀਤੇ ਹਨ । ਇਨ੍ਹਾਂ ਲਫ਼ਜ਼ਾਂ ਨਾਲ ਉਨ੍ਹਾਂ ਨੇ ਆਪਣੇ ਐਡਰੈਸ ਨੂੰ ਸ਼ੁਰੂ ਕੀਤਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸੂਬੇ

Original with;
Punjab Vidhan Sabha
Digitized by;
Panjab Digital Library

ਦੇ, ਪੰਜਾਬ ਦੇ ਨੇਤਾਵਾਂ ਨੇ ਅਤੇ ਸਾਡੇ ਦੇਸ਼ ਦੇ ਲੋਕਾਂ ਅਤੇ ਨੇਤਾਵਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲੈਣ ਲਈ, ਹਿੰਦੁਸਤਾਨ ਦੀ ਅਖੰਡਤਾ ਲਈ ਅਤੇ ਹਿੰਦੁਸਤਾਨ ਨੂੰ ਦੁਨੀਆਂ ਵਿਚ ਤਰੱਕੀ ਦੇ ਸਿਖਰਾਂ ਤੇ ਲਿਜਾਣ ਲਈ ਬੜੀਆਂ ਕੁਰਬਾਨੀਆਂ ਕੀਤੀਆਂ ਅਤੇ 1947 ਤੋਂ ਬਾਦ 5 ਸਾਲਾ ਯੋਜਨਾਵਾਂ ਬਣਾ ਕੇ ਇਸ ਦੇਸ਼ ਦੇ ਕਰੋੜਾਂ ਲੋਕਾਂ ਨੂੰ ਇਨਸਾਫ਼ ਦੇਣ ਲਈ, ਕਰੋੜਾਂ ਗ਼ਰੀਬ ਲੋਕਾਂ ਦੀ ਭਲਾਈ ਲਈ ਅਤੇ ਦੇਸ਼ ਵਿਚੋਂ ਅਨਪੜ੍ਹਤਾ ਅਤੇ ਹੋਰ ਬੁਰਾਈਆਂ ਨੂੰ ਦੂਰ ਕਰਨ ਲਈ ਬੜੇ ਯਤਨ ਕੀਤੇ । ਅੱਜ ਉਸ ਦਾ ਨਤੀਜਾ ਸਾਡੇ ਸਾਹਮਣੇ ਹੈ । ਗਵਰਨਰ ਐਡਰੈਸ ਵਿਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ 1980 ਵਿਚ ਸਰਦਾਰ ਦਰਬਾਰਾ ਸਿੰਘ ਦੇ ਚੀਫ ਮਨਿਸਟਰ ਬਣਨ ਤੋਂ ਬਾਦ ਪਹਿਲਾਂ ਜਿਹੜੀ ਮਾਂ ਐਨੂਅਲ ਪਲੈਨ 260 ਕਰੋੜ ਰੁਪਏ ਦੀ ਸੀ, ਉਹੀ ਪਲੈਨ ਪਹਿਲਾਂ 385 ਕਰੋੜ ਰੁਪਏ ਦੀ ਬਣੀ ਅਤੇ ਹੁਣ ਵੱਧ ਕੇ 440 ਕਰੋੜ ਰੁਪਏ ਦੀ ਹੋ ਗਈ ਹੈ । ਇਹ ਸਾਡੇ ਪੰਜਾਬ ਦੀ ਤਰੱਕੀ ਦੀ ਨਿਸ਼ਾਨੀ ਹੈ । ਇਸ ਤਰ੍ਹਾਂ ਸਾਡੇ ਮਹਾਨ ਨੇਤਾ ਜਿਨ੍ਹਾਂ ਵਿਚ ਸਰਦਾਰ ਦਰਬਾਰਾ ਸਿੰਘ ਵੀ ਸ਼ਾਮਲ ਹਨ, ਸਾਡੇ ਦੇਸ਼ ਦੀ ਤਰੱਕੀ ਵਿਚ ਬਹੁਤ ਵੱਡਾ ਹਿੱਸਾ ਪਾ ਰਹੇ ਹਨ । ਇਸ ਦੇ ਉਲਟ ਕੁਝ ਫਿਰਕੂ ਤਾਕਤਾਂ ਅਤੇ ਵੱਖਵਾਦੀਆਂ ਨੇ ਇਸ ਦੇਸ਼ ਦੇ ਅਮਨ ਨੂੰ ਭੰਗ ਕਰਨ ਲਈ ਵੀ ਆਪਣਾ ਪੂਰਾ ਜ਼ੋਰ ਲਾਇਆ । ਇਥੋਂ ਤੱਕ ਕਿ ਨਿਹੱਥੇ ਲੋਕਾਂ ਉਤੇ ਗੋਲੀਆਂ ਚਲਾਈਆਂ, ਬੰਬ ਸੁੱਟੇ । ਇਥੇ ਹੀ ਬੱਸ ਨਹੀਂ ਉਹਨਾਂ ਨੇ ਫੁੱਟ ਪਾਉਣ ਲਈ ਮੰਦਰਾਂ ਵਿਚ ਗਊਆਂ ਦੇ ਸਿਰ ਸੁੱਟੇ, ਪੂਛਾਂ ਸੁੱਟੀਆਂ ਅਤੇ ਪਵਿੱਤਰ ਸਰੋਵਰਾਂ ਵਿਚ ਸਿਗਰਟਾਂ ਸੁੱਟੀਆਂ, ਪਰ ਫਿਰ ਵੀ ਪੰਜਾਬ ਦੇ ਬਹਾਦੁਰ ਲੋਕਾਂ ਨੇ, ਪੰਜਾਬ ਦੇ ਸੂਝਵਾਨ ਲੋਕਾਂ ਨੇ ਉਨ੍ਹਾਂ ਦੀਆਂ ਆਸਾਂ ਪੂਰੀਆਂ ਨਾ ਹੋਣ ਦਿੱਤੀਆਂ । ਹਿੰਦੂ-ਸਿੱਖ ਏਕਤਾ ਵਿਚ ਫੁੱਟ ਪਾਉਣ ਦੀਆਂ ਚਾਲਾਂ ਚਲਣ ਦੇ ਬਾਵਜੂਦ ਲੋਕ ਆਪਸ ਵਿਚ ਬਿਲਕੁਲ ਨਹੀਂ ਲੜੇ, ਬਾਵਜੂਦ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੇ । ਐਥੇ ਸਰਦਾਰ ਦਰਬਾਰਾ ਸਿੰਘ ਨੇ ਕਈ ਵਾਰ ਕਿਹਾ ਹੈ ਕਿ ਸ਼ਰਾਰਤ ਕਰਨ ਵਾਲੇ ਲੋਕ ਗੁਰਦੁਆਰਿਆਂ ਵਿਚ ਛੁਪੇ ਬੈਠੇ ਹਨ ਪਰ ਇਸੇ ਹਾਊਸ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਦੂਸਰੇ ਅਕਾਲੀ ਨੇਤਾਵਾਂ ਨੇ ਕਿਹਾ ਸੀ ਕਿ ਇਹ ਬਿਲਕੁਲ ਗਲਤ ਗੱਲ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਨੇ ਜੋ ਕਿਹਾ ਸੀ, ਉਹ ਠੀਕ ਹੀ ਕਿਹਾ ਸੀ । ਮੈਨੂੰ ਖੁਸ਼ੀ ਹੈ ਕਿ ਅਕਾਲੀ ਦਲ ਵਿਚ ਵੀ ਕਈ ਸੱਚੇ ਲੋਕ ਹਨ । ਜਥੇਦਾਰ ਜੀਵਨ ਸਿੰਘ ਉਮਰਾ-ਨੰਗਲ ਨੇ ਵੀ ਇਹੋ ਗੱਲ ਕਹੀ ਹੈ ਕਿ ਪੰਜਾਬ ਵਿਚ ਅਮਨ-ਸ਼ਾਂਤੀ ਉਦੋਂ ਤੱਕ ਕਾਇਮ ਨਹੀਂ ਹੋ ਸਕਦੀ, ਜਦੋਂ ਤਕ ਗੁਰਦੁਆਰਿਆਂ ਵਿੱਚੋਂ ਮੁਲਜ਼ਮ ਕੱਢੇ ਨਹੀਂ ਜਾਂਦੇ । ਇਹ ਗੱਲ ਹੀ ਸਿੱਧ ਕਰਦੀ ਹੈ ਕਿ ਸ਼ਰਾਰਤੀ ਲੋਕ ਗੁਰਦੁਆਰਿਆਂ ਵਿਚ ਛੁਪੇ ਹੋਏ ਹਨ । ਇਸ ਦੇ ਬਾਵਜੂਦ ਸਰਦਾਰ ਦਰਬਾਰਾ ਸਿੰਘ ਜੀ ਨੇ ਗੁਰਦੁਆਰਿਆਂ ਵਿਚ ਪੁਲਿਸ ਨਾ ਭੇਜ ਕੇ ਉਨ੍ਹਾਂ ਦੀ ਪਵਿਤਰਤਾ ਭੰਗ ਨਹੀਂ ਹੋਣ ਦਿੱਤੀ । ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਤੀਸਰੇ ਪਹਿਰੇ ਵਿਚ 20-ਨੁਕਾਤੀ ਪ੍ਰੋਗਰਾਮ ਦਾ ਵੀ ਜ਼ਿਕਰ ਕੀਤਾ ਹੈ । ਇਹ ਬੜੀ ਚੰਗੀ ਗੱਲ ਹੈ । ਇਥੇ ਕਲੀਨ ਐਡਮਿਨਿਸ਼ਟ੍ਰੇਸ਼ਨ ਦੇਣ ਦਾ ਵੀ ਜ਼ਿਕਰ ਕੀਤਾ ਗਿਆ ਹੈ । ਅਕਾਲੀ ਪਾਰਟੀ ਵਾਲੇ ਵੀ ਇਸ ਬਾਰੇ ਕਾਫੀ ਦਾਅਵੇ ਕਰਦੇ ਰਹੇ ਹਨ, ਪਰ ਜਦ 1977 ਤੋਂ 1980 ਤੱਕ ਉਨ੍ਹਾਂ ਦੀ ਵਜ਼ਾਰਤ ਰਹੀ ਤਾਂ ਉਨ੍ਹਾਂ ਨੇ ਵਜ਼ੀਰ ਬਣਨ ਤੋਂ ਬਾਦ ਆਨੰਦਪੁਰ ਸਾਹਿਬ ਜਾ ਕੇ ਕਸਮਾਂ ਖਾਧੀਆਂ ਕਿ ਅਸੀਂ ਕਲੀਨ ਐਡਮਿਨਿਸਟ੍ਰੇਸ਼ਨ ਦਿਆਂਗੇ ਅਤੇ ਕੁਰੱਪਸ਼ਨ ਨੂੰ ਦੂਰ ਕਰਾਂਗੇ ਪਰ ਉਨ੍ਹਾਂ ਨੇ ਆਪਣੀਆਂ ਕਸਮਾਂ ਕਿੱਥੋਂ ਤੱਕ ਪੂਰੀਆਂ ਕੀਤੀਆਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਪਿਆਰਾ ਰਾਮ ਧੰਨੋਵਾਲੀਆ]

ਇਸ ਗੱਲ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕੁਰੱਪਸ਼ਨ ਦੇ ਦੋਸ਼ ਵਿਚ ਉਨ੍ਹਾਂ ਨੇ ਸਰਦਾਰ ਸੁਖਜਿੰਦਰ ਸਿੰਘ ਨੂੰ ਮਨਿਸਟਰੀ ਤੋਂ ਡਿਸਮਿਸ ਕਰ ਦਿਤਾ । (ਥੰਪਿੰਗ)

ਦੂਸਰੀ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹੇ ਬਗੈਰ ਨਹੀਂ ਰਹਿਣਾ ਚਾਹੁੰਦਾ ਅਤੇ ਮੈਂ ਇਧਰ ਸੀ.ਪੀ.ਆਈ. (ਐਮ.) ਦੇ ਭਰਾਵਾਂ ਦੀ ਵੀ ਗੱਲ ਕਰਨਾ ਚਾਹੁੰਦਾ ਹਾਂ । ਇਹ ਅਕਾਲੀਆਂ ਦੇ ਬੜੇ ਤਕੜੇ ਵਕੀਲ ਹਨ । ਮੈਨੂੰ ਪਤਾ ਹੈ, ਤੁਹਾਨੂੰ ਵੀ ਸਾਰਿਆਂ ਨੂੰ ਪਤਾ ਹੈ ਕਿ ਸਰਦਾਰ ਹਰਕਿਸ਼ਨ ਸਿੰਘ ਸੁਰਜੀਤ ਅਕਾਲੀਆਂ ਦਾ ਪੰਜਾਬ ਦੇ ਵਿਚ ਕਿੰਨਾ ਪੱਖ ਪੂਰਦੇ ਹਨ । ਇਹ ਭਰਾ ਜੋ ਬੈਠੇ ਹਨ (ਸੀ.ਪੀ.ਆਈ. (ਐਮ.) ਵਲ ਇਸ਼ਾਰਾ) ਇਹ ਜਿੱਤ ਕੇ ਹੀ ਅਕਾਲੀ ਪਾਰਟੀ ਦੀ ਮਦਦ ਨਾਲ ਆਉਂਦੇ ਹਨ । ਇਨ੍ਹਾਂ ਦੇ ਸਰਦਾਰ ਹਰਕਿਸ਼ਨ ਸਿੰਘ ਸੁਰਜੀਤ ਜੀ ਨੇ ਕਿਹਾ ਹੈ, ਅਸੀਂ ਤਾਂ ਰੋਜ਼ ਕਹਿੰਦੇ ਹਾਂ ਔਰ ਕਾਂਗਰਸ ਪਾਰਟੀ ਨੇ ਰੈਜ਼ੋਲਿਊਸ਼ਨ ਵੀ ਕੀਤਾ ਹੈ ਕਿ ਪੰਜਾਬ ਦੀ ਹਰ ਡੀਮਾਂਡ ਨੂੰ ਮੂਹਰੇ ਹੋ ਕੇ ਮੰਨਾਇਆ ਜਾਵੇ । ਪੰਜਾਬ ਦੇ ਪਾਣੀ ਦਾ ਮਸਲਾ ਹੈ, ਚੰਡੀਗੜ੍ਹ ਦਾ ਜੋ ਮਸਲਾ ਹੈ ਜਾਂ ਹੋਰ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ, ਉਹ ਹੱਲ ਕੀਤਾ ਜਾਵੇ । ਧਾਰਮਿਕ ਮੰਗਾਂ ਤਾਂ ਜੋ ਸਿਖਾਂ ਦੀਆਂ ਸਨ, ਉਹ ਮੈਂ ਸਮਝਦਾ ਹਾਂ ਕਿ ਸਾਡੇ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਮੰਨ ਕੇ ਇਕ ਬਹੁਤ ਅੱਛਾ ਕਦਮ ਉਠਾਇਆ ਹੈ ਔਰ ਉਨ੍ਹਾਂ ਦਾ ਇਹ ਕਦਮ ਬੜਾ ਸ਼ਲਾਘਾਯੋਗ ਹੈ । ਅਕਾਲੀਆਂ ਦੇ ਬਾਰੇ ਮੈਂ, ਡਿਪਟੀ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਸਾਡੇ ਜਿੰਨੇ ਵੀ ਵਿਆਹ ਸ਼ਾਦੀਆਂ ਹੁੰਦੀਆਂ ਹਨ ਜਾਂ ਹੋਰ ਰਸਮੋਂ ਰਿਵਾਜ ਹੁੰਦੇ ਹਨ, ਉਹ ਅਸੀਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਕਰਦੇ ਹਾਂ, ਪਰ ਅਕਾਲੀ ਪਾਰਟੀ ਨੇ ਜੋ ਗੁਰਦੁਵਾਰਿਆਂ ਦੀ ਮਹੱਤਤਾ ਸੀ, ਉਸ ਨੂੰ ਵਧਾਇਆ ਨਹੀਂ ਸਗੋਂ ਘਟਾਇਆ ਹੈ । ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕਣ ਵਾਲੇ ਲੋਕ ਹੁਣ ਉਥੇ ਜਾਂਦੇ ਡਰਦੇ ਹਨ । ਮੇਰੇ ਵਰਗੇ ਲੋਕ ਜਿਹੜੇ ਸਿਖ ਧਰਮ ਦੇ ਮੁਤਾਬਿਕ ਆਪਣੇ ਰਸਮੋਂ ਰਿਵਾਜ ਕਰਦੇ ਹਨ, ਉਹ ਵੀ ਜਾਣ ਤੋਂ ਡਰਦੇ ਹਨ, ਅੱਜ ਸਾਡੇ ਪੰਜਾਬ ਵਿਚ, ਸਾਡੇ ਦੇਸ਼ ਵਿਚ ਇਨ੍ਹਾਂ ਨੇ ਐਸੇ ਹਾਲਾਤ ਪੈਦਾ ਕਰ ਦਿੱਤੇ ਹਨ । ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਬੜੀ ਸਖ਼ਤੀ ਨਾਲ ਉਨ੍ਹਾਂ ਅੱਤਵਾਦੀਆਂ ਨਾਲ ਨਜਿਠਣ ਤਾਂਕਿ ਲੋਕਾਂ ਦਾ ਡਰ ਖ਼ਤਮ ਹੋਵੇ । ਜੋ ਉਨ੍ਹਾਂ ਨੇ ਠੋਸ ਕਦਮ ਉਠਾਏ ਹਨ, ਉਸ ਦੇ ਨਾਲ ਪੰਜਾਬ ਦੀਆਂ ਮਾਈਨਾਰਿਟੀ ਵਿਚ ਰਹਿਣ ਵਾਲੇ ਲੋਕ ਅਤੇ ਬਹੁ ਗਿਣਤੀ ਦੇ ਸਿੱਖ ਧਰਮ ਵਾਲੇ ਲੋਕ ਸ਼ਲਾਘਾ ਕਰਦੇ ਹਨ ਅਤੇ ਅੱਗੇ ਨੂੰ ਵੀ ਇਸ ਸਰਕਾਰ ਦੇ ਉਠਾਏ ਕਦਮਾਂ ਦੀ ਸ਼ਲਾਘਾ ਕਰਦੇ ਰਹਿਣਗੇ ਜੇ ਹੋਰ ਸਖ਼ਤੀ ਨਾਲ ਐਕਸ਼ਨ ਲਿਆ ਜਾਵੇ । ਹੁਣ ਤਾਂ ਅਕਾਲੀ ਪਾਰਟੀ ਵਾਲੇ ਖੁਦ ਇਸ ਗਲ ਨੂੰ ਮੰਨਦੇ ਹਨ ਕਿ ਜੋ ਮੁਲਜ਼ਮ ਹਨ ਉਹ ਗੁਰਦੁਆਰਿਆਂ ਵਿਚ ਬੈਠੇ ਹਨ । ਸੋ ਮੈਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਉਨ੍ਹਾਂ ਤੇ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਤਾਂਕਿ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਕਾਇਮ ਹੋਵੇ ।

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ, ਦੇ ਐਡਰੈਸ ਵਿਚ 20 ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਆਇਆ ਹੈ ਜਿਹੜਾ ਕਿ ਸਾਡੀ ਮਹਾਨ ਲੀਡਰ ਸ੍ਰੀਮਤੀ ਇੰਦਰਾ ਗਾਂਧੀ

Original with;
Punjab Vidhan Sabha
Digitized by;
Panjab Digital Library

ਜੀ ਨੇ ਜਨਵਰੀ, 1982 ਨੂੰ ਦਿੱਤਾ ਸੀ । ਉਸ 20 ਨੁਕਾਤੀ ਪ੍ਰੋਗਰਾਮ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ 20 ਪ੍ਰੋਗਰਾਮ ਹਨ ਇਨ੍ਹਾਂ ਵਿਚ ਪੰਜਾਬ ਸਭ ਤੋਂ ਪਹਿਲਾ ਸੂਬਾ ਹੈ ਜਿਹੜਾ ਬਹੁਤ ਸਾਰੇ ਪ੍ਰੋਗਰਾਮਾਂ ਵਿਚ ਸਭ ਤੋਂ ਅਗੇ ਹੈ । ਇਸ ਦੇ ਵਿਚ ਇਕ ਪ੍ਰੋਗਰਾਮ ਐਗਰੀਕਲਚਰਲ ਲੇਬਰ ਨੂੰ ਮਿਨੀਮਮ ਵੇਜਿਜ਼ ਬਾਰੇ ਹੈ । ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਸਾਡੇ ਪੰਜਾਬ ਦੇ ਅੰਦਰ ਐਗਰੀਕਲਚਰਲ ਲੇਬਰ ਦੀ 14 ਰੁਪਏ 68 ਪੈਸੇ ਫੀ ਦਿਹਾੜੀ ਹੈ ਔਰ ਇਥੇ ਹੀ ਬਸ ਨਹੀਂ ਜੋ ਪੰਜਾਬ ਦੀ ਪਰ ਕੈਪਿਟਾ ਇਨਕਮ ਹੈ ਉਹ 2624 ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲੋਂ ਨੰਬਰ ਇਕ ਤੇ ਹੈ ਪੰਜਾਬ ਔਰ ਸਾਡੇ ਸੂਬੇ ਵਿਚ ਸੈਂਟ ਪਰ ਸੈਂਟ ਇਹ ਲਾਗੂ ਹੈ । 20 ਨੁਕਾਤੀ ਪ੍ਰੋਗਰਾਮ ਵਿਚ 11ਵਾਂ ਪੁਆਇੰਟ ਰੂਰਲ ਇਲੈਕਟ੍ਰੀਫੀਕੇਸ਼ਨ ਦਾ ਹੈ ਉਹ ਵੀ ਸਾਡੇ ਸੂਬੇ ਵਿਚ ਸੈਂਟ ਪਰ ਸੈਂਟ ਹੈ । ਤਾਲੀਮ ਦਾ 16ਵਾਂ ਪੁਆਇੰਟ ਹੈ, ਜੋ ਉਸ ਦੇ ਵਿਚ ਸਾਡੇ ਸੂਬੇ ਵਿਚ ਪਹਿਲੀ ਕਲਾਸ ਤੋਂ ਪੰਜਵੀ ਕਲਾਸ ਤਕ, 6 ਸਾਲਾਂ ਤੋਂ 11 ਸਾਲਾਂ ਦੀ ਉਮਰ ਤਕ ਦੇ ਬੱਚਿਆਂ ਨੂੰ ਜੋ ਫਰੀ ਐਜੂਕੇਸ਼ਨ ਦੇਣੀ ਹੈ ਉਸ ਦੇ ਵਿਚ ਵੀ ਅਸੀਂ ਸੈਂਟ ਪਰ ਸੈਂਟ ਹਾਂ । 20 ਨੁਕਾਤੀ ਪ੍ਰੋਗਰਾਮ ਵਿਚ ਜੋ 9ਵਾਂ ਪੁਆਇੰਟ ਗਰੀਬ ਲੋਕਾਂ ਨੂੰ ਮਕਾਨ ਦੇਣ ਲਈ ਕਿਹਾ ਗਿਆ ਹੈ, ਉਸ ਦੇ ਵਿਚ ਵੀ ਸਾਡਾ ਪੰਜਾਬ ਅੱਵਲ ਨੰਬਰ ਤੇ ਹੈ । ਤਕਰੀਬਨ 3 ਲੱਖ ਹਾਊਸ ਸਾਈਟਸ ਦਿੱਤੀਆਂ ਗਈਆਂ ਹਨ ਔਰ ਮਕਾਨ ਵੀ ਸਾਡੀ ਸਰਕਾਰ ਬੜੀ ਤੇਜ਼ੀ ਨਾਲ ਬਣਾ ਕੇ ਦੇ ਰਹੀ ਹੈ ।

ਡਿਪਟੀ ਸਪੀਕਰ ਸਾਹਿਬ, ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ । ਇਸ ਦੇ ਬਾਰੇ ਸਰਦਾਰ ਜਗਦੇਵ ਸਿੰਘ ਜੱਸੋਵਾਲ ਜੀ ਨੇ ਬੜੇ ਵਿਸਥਾਰ ਨਾਲ ਜ਼ਿਕਰ ਕਰ ਦਿੱਤਾ ਹੈ । ਇਸ ਐਡਰੈਸ ਵਿਚ ਜੋ ਸਾਡੇ ਪੰਜਾਬ ਦੀ ਤਰੱਕੀ ਲਈ ਫੰਡਜ਼ ਦਾ ਜ਼ਿਕਰ ਕੀਤਾ ਗਿਆ ਹੈ ਔਰ ਹਰ ਸ਼ੋਬੇ ਵਿਚ ਜੋ ਤਰੱਕੀ ਪੰਜਾਬ ਦੇ ਵਿਚ ਹੋਈ ਹੈ ਅਗਰ ਉਨ੍ਹਾਂ ਸਾਰੀਆਂ ਗੱਲਾਂ ਦਾ ਮੈਂ ਜ਼ਿਕਰ ਕਰਨ ਲਗਾ ਤਾਂ ਮੈਂ ਸਮਝਦਾ ਹਾਂ ਕਿ ਇਹ ਸ਼ਾਇਦ ਜੋ ਜੱਸੋਵਾਲ ਜੀ ਨੇ ਕਿਹਾ ਹੈ ਉਸ ਦੀ ਰੈਪੀਟੀਸ਼ਨ ਹੋਵੇਗੀ । ਇਸ ਲਈ ਮੈਂ ਰੈਪੀਟੀਸ਼ਨ ਨਾ ਕਰਦਾ ਹੋਇਆ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿੰਡਾਂ ਦੀ ਤਰੱਕੀ ਲਈ ਜੋ ਪਿੰਡਾਂ ਵਿਚ ਗਲੀਆਂ, ਨਾਲੀਆਂ ਪੱਕੀਆਂ ਕਰਨ ਦਾ ਪ੍ਰੋਗਰਾਮ ਹੈ ਉਸ ਦੇ ਲਈ ਸਾਡੀ ਸਰਕਾਰ ਨੇ ਕਾਫ਼ੀ ਰੁਪਿਆ ਰਖਿਆ ਹੈ । ਪਿਛਲੇ ਸਾਲ ਇਸ ਕੰਮ ਦੇ ਲਈ 4 ਕਰੋੜ 60 ਲੱਖ ਰੁਪਿਆ ਰਖਿਆ ਗਿਆ ਸੀ । ਇਸ ਸਾਲ ਲਈ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਸਾਲ 1983-84 ਵਿਚ 10 ਕਰੋੜ 87 ਲੱਖ ਰੁਪਿਆ ਪਿੰਡਾਂ ਵਿਚ ਨਾਲੀਆਂ, ਗਲੀਆਂ ਪੱਕੀਆਂ ਕਰਨ ਵਾਸਤੇ ਰਖਿਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਲੋਕਾਂ ਦੀ ਇਹ ਬਹੁਤ ਦੇਰ ਤੋਂ ਮੰਗ ਚਲੀ ਆਉਂਦੀ ਸੀ ਕਿ ਸਰਕਾਰ ਇਸ ਪਾਸੇ ਵਲ ਧਿਆਨ ਦੇਵੇ । ਕਿਉਂਕਿ ਬਹੁਤਾ ਹਿੱਸਾ ਸਾਡਾ ਪੰਜਾਬ ਦਾ ਪਿੰਡਾਂ ਵਿਚ ਰਹਿੰਦਾ ਹੈ ਇਸ ਲਈ ਗਵਰਨਰ ਸਾਹਿਬ ਦੇ ਐਡਰੈਸ ਵਿਚ ਪਿੰਡਾਂ ਦੀ ਤਰੱਕੀ ਲਈ ਇਹ ਜੋ ਪ੍ਰੋਗਰਾਮ ਆਇਆ ਹੈ ਉਹ ਬਹੁਤ ਹੀ ਸ਼ਲਾਘਾਯੋਗ ਹੈ । ਅਸੀਂ ਵੀ ਜਦੋਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਪਿੰਡਾਂ ਦੇ ਲੋਕ ਇਹੀ ਡਿਮਾਂਡ ਕਰਦੇ ਸੀ ਕਿ ਸਾਡੇ ਪਿੰਡ ਵਿਚ ਨਾਲੀਆਂ, ਗਲੀਆਂ ਪੱਕੀਆਂ ਕੀਤੀਆਂ ਜਾਣ । ਇਸ ਪਾਸੇ ਵਲ ਜੋ ਸਰਕਾਰ ਨੇ ਕਦਮ ਉਠਾਇਆ ਹੈ ਉਹ ਬੜਾ ਸ਼ਲਾਘਾਯੋਗ ਕਦਮ ਹੈ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀਆ]

ਇਕ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਸ਼ਡਿਊਲਡ ਕਾਸਟਸ ਦੇ ਬਾਰੇ ਭੀ ਕਹਿਣਾ ਚਾਹੁੰਦਾ ਹਾਂ । 20 ਨੁਕਾਤੀ ਪ੍ਰੋਗਰਾਮ ਵਿਚ ਸ਼ਡਿਊਲਡ ਕਾਸਟਸ ਲਈ 7ਵੇਂ ਨੰਬਰ ਤੇ ਪੁਆਇੰਟ ਹੈ ਉਸ ਵਿਚ ਸ਼ਡਿਊਲਡ ਕਾਸਟਸ ਦੀ ਤਰੱਕੀ ਵਾਸਤੇ, ਸ਼ਡਿਊਲਡ ਕਾਸਟਸ ਨੂੰ ਉਚਾ ਚੁੱਕਣ ਲਈ ਜੋ ਜ਼ਿਕਰ ਆਇਆ ਹੈ, ਉਸ ਦੇ ਬਾਰੇ ਮੈਂ ਕਹਾਂਗਾ ਕਿ ਇਸ ਪਾਸੇ ਵਲ ਲੋਕਾਂ ਦੀ ਕਾਫੀ ਤਰੱਕੀ ਹੋਈ ਹੈ ਔਰ ਸਾਡੀ ਸਰਕਾਰ ਨੇ ਇਸ ਪਾਸੇ ਵਲ ਆਪਣਾ ਪੂਰਾ ਧਿਆਨ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਇਕ ਜ਼ਮਾਨਾ ਸੀ ਜਦੋਂ ਸ਼ਡਿਊਲਡ ਕਾਸਟਸ ਅਤੇ ਲੋਕ ਜੋ ਪਿੰਡਾਂ ਵਿਚ ਰਹਿੰਦੇ ਸਨ ਉਹ ਜ਼ਮੀਨ ਦਾ ਮਾਲਕ ਨਹੀਂ ਸੀ ਬਣ ਸਕਦੇ । ਜੋ ਜ਼ਮੀਨ ਹੁੰਦੀ ਸੀ ਉਸ ਦਾ ਮਾਲਕ ਜ਼ਿਮੀਦਾਰ ਹੁੰਦਾ ਸੀ ਔਰ ਉਹ ਵਿਚਾਰਾ ਕੱਚੇ ਪੱਕੇ ਮਲਬੇ ਦਾ ਹੀ ਮਾਲਕ ਹੁੰਦਾ ਸੀ । ਇਸ ਗੱਲ ਵਿਚ ਫਿਰ ਇਨਕਲਾਬ ਆਇਆ ਔਰ ਉਹ ਜ਼ਮੀਨਾਂ ਦੇ ਮਾਲਕ ਬਣੇ । ਪਹਿਲਾਂ ਇਹ ਹੁੰਦਾ ਸੀ ਕਿ ਕੋਈ ਸ਼ਡਿਊਲਡ ਕਾਸਟ ਜਾਂ ਕੋਈ ਆਦਮੀ ਜ਼ਮੀਨ ਨਹੀਂ ਸੀ ਖਰੀਦ ਸਕਦੇ । ਜੇ ਕੋਈ ਸ਼ਡਿਊਲਡ ਕਾਸਟ ਜ਼ਮੀਨ ਖਰੀਦਣਾ ਚਾਹੇ ਤਾਂ ਉਹ ਜ਼ਮੀਨ ਦੀ ਆਪਣੇ ਨਾਮ ਰਜਿਸਟਰੀ ਨਹੀਂ ਸੀ ਕਰਵਾ ਸਕਦਾ । ਉਹ ਆਪਣੇ ਕਿਸੇ ਭਰੋਸੇਯੋਗ ਜ਼ਿਮੀਦਾਰ ਦੇ ਨਾਮ ਤੇ ਰਜਿਸਟਰੀ ਕਰਵਾਉਂਦਾ ਸੀ, ਸਿੱਧੀ ਰਜਿਸਟਰੀ ਨਹੀਂ ਸੀ ਆਪਣੇ ਨਾਮ ਕਰਵਾ ਸਕਦਾ । ਡਿਪਟੀ ਸਪੀਕਰ ਸਾਹਿਬ, ਫਿਰ ਅੰਦੋਲਨ ਹੋਇਆ ਅਤੇ ਉਹ ਹੱਕ ਉਸ ਨੂੰ ਮਿਲਿਆ । ਇਥੇ ਹੀ ਬਸ ਨਹੀਂ ਸਰਕਾਰ ਦੇ ਜਿੰਨੇ ਅਦਾਰੇ ਹਨ ਉਨ੍ਹਾਂ ਵਿਚ ਵੀ ਉਨ੍ਹਾਂ ਨੂੰ ਫਿਰ ਕੁਝ ਜ਼ਮੀਨਾਂ ਮੁਫਤ ਮਿਲੀਆਂ, ਕੁਝ ਮੁੱਲ ਤੇ ਮਿਲੀਆਂ। ਮੈਂ ਸਮਝਦਾ ਹਾਂ ਕਿ ਅਜ ਸ਼ਡਿਊਲਡ ਕਾਸਟਸ ਦੀ ਕਾਫੀ ਤਰੱਕੀ ਹੋ ਰਹੀ ਹੈ । ਇਹ ਠੀਕ ਹੈ ਕਿ ਇਹ ਹੋਰ ਤੇਜ਼ੀ ਨਾਲ ਤਰੱਕੀ ਹੋਣੀ ਚਾਹੀਦੀ ਹੈ । ਇਸ ਪਾਸੇ ਵਲ ਵੀ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਕਾਫੀ ਧਿਆਨ ਦਿੱਤਾ ਗਿਆ ਹੈ ਕਰੋੜਾਂ ਰੁਪਿਆ ਇਨ੍ਹਾਂ ਦੀ ਤਰੱਕੀ ਦੇ ਵਾਸਤੇ ਰਖਣ ਦਾ ਜ਼ਿਕਰ ਕੀਤਾ ਗਿਆ ਹੈ । ਕਰੋੜਾਂ ਰੁਪਿਆ ਇਨ੍ਹਾਂ ਲੋਕਾਂ ਦੀ ਤਰੱਕੀ ਲਈ, ਇਨ੍ਹਾਂ ਲੋਕਾਂ ਦਾ ਤਾਲੀਮ ਲਈ, ਪੜ੍ਹਾਈ ਲਈ ਰਖਿਆ ਗਿਆ ਹੈ ਚਾਹੇ ਉਹ ਆਈ.ਏ.ਐਸ. ਟਰੇਨਿੰਗ ਸੈਂਟਰ ਹੈ ਜਾਂ ਜੇ.ਬੀ.ਟੀ. ਦਾ ਸੈਂਟਰ ਹੈ, ਇਨ੍ਹਾਂ ਲੋਕਾਂ ਦੀ ਤਰੱਕੀ ਲਈ ਕਾਫੀ ਸਹੂਲਤ ਅਤੇ ਰੁਪਿਆ ਦਿੱਤਾ ਹੈ ਜਿਸ ਦਾ ਜ਼ਿਕਰ ਗਵਰਨਰ ਸਾਹਿਬ ਦੇ ਐਡਰੈਸ ਵਿਚ ਕਾਫੀ ਵਿਸਥਾਰ ਨਾਲ ਕੀਤਾ ਗਿਆ ਹੈ ।

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਦੇ ਬਾਰੇ ਜ਼ਰੂਰ ਕਹਿਣੀ ਚਾਹੁੰਦਾ ਹਾਂ ।

1972 ਤੋਂ 1976 ਤਕ ਜਿਹੜੀਆਂ ਬਿਜਲੀ ਦੀਆਂ ਸਕੀਮਾਂ ਗਿਆਨੀ ਜ਼ੈਲ ਸਿੰਘ ਜੀ, ਜੋ ਉਹ ਮੁੱਖ ਮੰਤਰੀ ਹੁੰਦੇ ਸਨ, ਨੇ ਬਣਾਈਆਂ । ਉਹ ਐਵੇਂ ਰੁਲਦੀਆਂ ਪਈਆਂ ਸਨ ਜਾਂ ਕੰਮ ਨਹੀਂ ਸੀ ਸ਼ੁਰੂ ਹੋਇਆ ਚਾਹੇ ਉਹ ਮੁਕੇਰੀਆਂ ਹਾਈਡਲ ਪ੍ਰੋਜੈਕਟ ਸੀ, ਚਾਹੇ ਰੋਪੜ ਥਰਮਲ ਪਲਾਂਟ ਸੀ, ਚਾਹੇ ਥੀਨ ਡੈਮ ਸੀ ਜਾਂ ਯੂ.ਬੀ.ਡੀ.ਸੀ. ਦੀ ਸਕੀਮ ਸੀ । ਜਦੋਂ ਸਰਦਾਰ ਦਰਬਾਰਾ ਸਿੰਘ 1980 ਵਿਚ ਆਏ ਉਨ੍ਹਾਂ ਨੇ ਇਨ੍ਹਾਂ ਵਲ ਖਾਸ ਧਿਆਨ ਦਿੱਤਾ । ਇਹ ਇਕ ਸੁਨਹਿਰੀ ਸਮਾਂ ਯਾਦ ਰਹੇਗਾ । ਸਾਡੀ ਬਿਜਲੀ ਦੀ ਖਪਤ ਪਰ ਕੈਪਿਟਾ ਜਿਹੜੀ ਇਸਤੇਮਾਲ ਹੁੰਦੀ ਹੈ ਸਾਰੇ ਹਿੰਦੁਸਤਾਨ ਨਾਲੋਂ ਜ਼ਿਆਦਾ ਹੈ । ਇਸ ਵਕਤ ਸਾਨੂੰ ਬਿਜਲੀ ਦੀ ਬੜੀ ਲੋੜ ਹੈ । ਜਿੰਨੀਂ ਬਿਜਲੀ ਮਿਲੇਗੀ ਉਸ ਦੇ ਨਾਲ ਸਾਡੇ ਪੰਜਾਬ ਦੀ ਖੇਤੀਬਾੜੀ ਅਤੇ

Original with;
Punjab Vidhan Sabha
Digitized by;
Panjab Digital Library

ਇੰਡਸਟਰੀ ਅਤੇ ਹੋਰ ਸਾਡੇ ਜਿਹੜੇ ਦੂਸਰੇ ਕੰਮ ਹਨ ਜਾਂ ਕਾਰਖਾਨੇ ਹਨ ਉਨ੍ਹਾਂ ਨੂੰ ਸਹੂਲਤ ਮਿਲੇਗੀ। ਸਾਡੀ ਪੈਦਾਵਾਰ ਵਿਚ ਵਾਧਾ ਹੋਵੇਗਾ। ਮੈਂ ਸਮਝਦਾ ਹਾਂ ਕਿ ਇਸ ਬਾਰੇ ਜਿਹੜਾ ਐਡਰੈਸ ਵਿਚ ਜ਼ਿਕਰ ਆਇਆ ਹੈ ਇਹ ਸ਼ਲਾਘਾਯੋਗ ਹੈ। ਇਸ ਕੰਮ ਲਈ ਪੰਜਾਬ ਦੀ ਸਰਕਾਰ ਨੇ ਕਾਫ਼ੀ ਪੈਸੇ ਰੱਖੇ ਹਨ।

ਇਸ ਐਡਰੈਸ ਵਿਚ ਲੇਬਰ ਪਾਲਿਸੀ ਦਾ ਜ਼ਿਕਰ ਕੀਤਾ ਗਿਆ ਹੈ। ਐਗਰੀਕਲਚਰਲ ਲੇਬਰ ਅਤੇ ਇੰਡਸਟਰੀਅਲ ਵਰਕਰਜ਼ ਜੋ ਭੀ ਹਨ ਉਨ੍ਹਾਂ ਦੀ ਕਾਫ਼ੀ ਦੇਰ ਤੋਂ ਮੰਗ ਚਲੀ ਆ ਰਹੀ ਸੀ ਕਿ ਉਨ੍ਹਾਂ ਦੇ ਜਿਹੜੇ ਕੇਸਿਜ਼ ਹਨ, ਉਹ ਟ੍ਰਿਬਿਊਨਲਜ਼ ਵਿਚ ਜਾਂ ਲੇਬਰ ਕੋਰਟਾਂ'ਚ ਬੜੀ ਬੜੀ ਦੇਰ ਤੋਂ ਲਟਕਦੇ ਆ ਰਹੇ ਹਨ, ਉਨ੍ਹਾਂ ਨੂੰ ਸਮੇਂ ਤੇ ਇਨਸਾਫ਼ ਨਹੀਂ ਮਿਲਦਾ। ਇਨ੍ਹਾਂ ਲੇਬਰ ਕੋਰਟਾਂ ਦੀ ਗਿਣਤੀ ਵਧਾਈ ਜਾਏ। ਐਡਰੈਸ ਵਿਚ ਜ਼ਿਕਰ ਹੈ ਕਿ ਇਹ ਮੌਜੂਦਾ ਚਾਰ ਲੇਬਰ ਕੋਰਟਸ ਹਨ, ਇਨ੍ਹਾਂ ਨੂੰ 6 ਕਰ ਦਿੱਤਾ ਜਾਏਗਾ। ਲੇਬਰ ਨੂੰ ਮਜ਼ਦੂਰਾਂ ਨੂੰ ਛੇਤੀ ਇਨਸਾਫ਼ ਮਿਲੇਗਾ ਅਤੇ ਉਨ੍ਹਾਂ ਦੇ ਕੇਸਿਜ਼ ਦੋ ਦੋ, ਚਾਰ ਚਾਰ ਸਾਲ ਲਟਕਦੇ ਨਹੀਂ ਰਹਿਣਗੇ। ਇਹ ਬਹੁਤ ਅੱਛੀ ਗੱਲ ਹੈ ਔਰ ਇਹ ਚੀਜ਼ ਸਾਡੇ 20 ਨੁਕਾਤੀ ਪ੍ਰੋਗਰਾਮ ਵਿਚ ਵੀ ਦਿੱਤੀ ਹੋਈ ਹੈ।

ਇਸੇ ਤਰ੍ਹਾਂ ਸਾਡੇ ਸਾਬਕਾ ਫੌਜੀਆਂ ਬਾਰੇ ਜ਼ਿਕਰ ਕੀਤਾ ਗਿਆ ਹੈ। ਜਿਨ੍ਹਾਂ ਨੇ ਪਰਮ ਵੀਰ ਚੱਕਰ ਅਤੇ ਮਹਾਂਵੀਰ ਚੱਕਰ ਪ੍ਰਾਪਤ ਕੀਤੇ ਸਨ, ਉਨ੍ਹਾਂ ਨੂੰ ਜਾਗੀਰਾਂ ਦਿੱਤੀਆਂ ਗਈਆਂ ਸਨ। ਉਹ ਜਾਗੀਰਾਂ ਹੁਣ ਵਧਾ ਦਿਤੀਆਂ ਹਨ। ਉਹ 15 ਹਜ਼ਾਰ ਤੋਂ 25 ਹਜ਼ਾਰ ਅਤੇ 30 ਤੋਂ 50 ਹਜ਼ਾਰ ਰੁਪਏ ਕਰ ਦਿੱਤੇ ਗਏ ਹਨ। ਮੇਰੀ ਸਰਕਾਰ ਨੇ ਇਹ ਬੜੀ ਅੱਛੀ ਗੱਲ ਕੀਤੀ ਹੈ। ਸਾਡੇ ਇਹ ਐਕਸ ਸਰਵਿਸਮੈਨ ਜਾਂ ਜਰਨੈਲ ਹਨ ਇਨ੍ਹਾਂ ਨੇ ਸਾਡੇ ਦੇਸ਼ ਦੇ ਲਈ ਬੜੀਆਂ ਕੁਰਬਾਨੀਆਂ ਕੀਤੀਆਂ ਹਨ ਦੇਸ਼ ਦੀਆਂ ਲੜਾਈਆਂ ਵਿਚ ਦੇਸ਼ ਨੂੰ ਬਚਾਉਣ ਲਈ ਕੰਮ ਕੀਤੇ ਅਤੇ ਸਰਕਾਰ ਨੇ ਉਨ੍ਹਾਂ ਲਈ ਸ਼ਲਾਘਾਯੋਗ ਕਦਮ ਚੁੱਕੇ ਹਨ। ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਤੁਹਾਡਾ ਬਹੁਤ ਧੰਨਵਾਦੀ ਹਾਂ ਅਤੇ ਜੋ ਮਤਾ ਸਰਦਾਰ ਜਗਦੇਵ ਸਿੰਘ ਜੱਸੋਵਾਲ ਜੀ ਨੇ ਰੱਖਿਆ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ।

ਜੈ ਹਿੰਦ।

**Mr. Deputy Speaker**: Motion moved—

That an Address be presented to the Governor in the following terms :—

> "That the Members of this House assembled in this Session are deeply grateful to the Governor for the Address which he has been pleased to deliver to the House on the 7th March, 1983."

**ਸ਼੍ਰੀ ਰਾਮ ਪ੍ਰਕਾਸ਼ ਬਾਲੀ (ਨੰਗਲ)**: ਡਿਪਟੀ ਸਪੀਕਰ ਸਾਹਿਬ, (ਥੰਪਿੰਗ) ਮੈਂ ਤੁਹਾਡੀ ਮਾਰਫ਼ਤ ਸਰਦਾਰ ਦਰਬਾਰਾ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ, ਉਨ੍ਹਾਂ ਨੇ ਗਵਰਨਰ ਐਡਰੈਸ ਵਿਚ ਜੋ ਆਪਣੀ ਅਚੀਵਮੈਂਟ ਰਖੀ ਹੈ ਔਰ ਪੰਜਾਬ ਦੇ ਸੂਬੇ ਨੂੰ ਅਗੇ ਲਿਜਾਣ ਵਾਸਤੇ ਪ੍ਰਬੰਧ ਕੀਤੇ ਹਨ। ਚਾਹੇ ਬਿਜਲੀ ਦੇ ਪ੍ਰੋਜੈਕਟਸ ਸਨ, ਚਾਹੇ ਦੂਜੇ ਪ੍ਰੋਜੈਕਟਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਪ੍ਰਕਾਸ਼ ਬਾਲੀ]

ਸਨ ਉਨ੍ਹਾਂ ਬਾਰੇ ਮੇਰੇ ਮੋਹਤਰਮ ਸਾਥੀ ਜੱਸੋਵਾਲ ਨੇ ਕਾਫ਼ੀ ਜਜ਼ਬਾਤ ਵਿਚ ਆਪਣੇ ਵਿਚਾਰ ਰਖੇ ਹਨ । ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦਾ ਚਾਰਜ ਜਦੋਂ ਦਾ ਸਰਦਾਰ ਦਰਬਾਰਾ ਸਿੰਘ ਜੀ ਨੇ ਸੰਭਾਲਿਆ ਹੈ ਉਨ੍ਹਾਂ ਨੇ ਬਹੁਤ ਹਿੰਮਤ ਔਰ ਕਾਬਲੀਅਤ ਨਾਲ ਕੰਮ ਕੀਤਾ ਹੈ । ਜਦੋਂ ਦਾ ਉਨ੍ਹਾਂ ਨੇ ਚਾਰਜ ਸੰਭਾਲਿਆ ਅਕਾਲੀ ਵੀਰਾਂ ਨੇ ਪੰਜਾਬ ਦਾ ਨਾ ਸਿਰਫ਼ ਅਮਨ ਭੰਗ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਹੈ ਬਲਕਿ ਪੰਜਾਬ ਦੀਆਂ ਤਰੱਕੀ ਦੀਆਂ ਸਕੀਮਾਂ ਨੂੰ ਬੜਾ ਧੱਕਾ ਪਹੁੰਚਾਉਣ ਦੀ ਕੋਸਿਸ਼ ਕੀਤੀ ਹੈ । ਮੈਂ ਮੁੱਖ ਮੰਤਰੀ ਜੀ ਦੀ ਪ੍ਰਸ਼ੰਸਾ ਕਰਨ ਤੋਂ ਬਿਨਾਂ ਨਹੀਂ ਰਹਿ ਸਕਦਾ ਕਿਉਂਕਿ ਪੰਜਾਬ ਦੀ ਲਾਅ ਐਂਡ ਆਰਡਰ ਦੀ ਖਰਾਬ ਹੋਈ ਸਿਚੂਏਸ਼ਨ ਨੂੰ ਕੰਟਰੋਲ ਕਰਨ ਦੇ ਨਾਲ ਨਾਲ ਇਨ੍ਹਾਂ ਨੇ ਪੰਜਾਬ ਦੀਆਂ ਤਰੱਕੀ ਦੀਆਂ ਸਕੀਮਾਂ ਨੂੰ ਵੀ ਪਿਛੇ ਨਹੀਂ ਜਾਣ ਦਿੱਤਾ, ਚਾਹੇ ਉਹ ਅਰਬਨ ਏਰੀਆ ਦੀਆਂ ਸਨ ਚਾਹੇ ਪਿੰਡਾਂ ਦੀਆਂ ਸਨ । ਉਨ੍ਹਾਂ ਦਾ ਹਰ ਤਰ੍ਹਾਂ ਨਾਲ ਠੀਕ ਪ੍ਰਬੰਧ ਕੀਤਾ ਹੈ । ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮੇਰੇ ਵੀਰਾਂ ਨੇ ਕਾਫੀ ਡਿਟੇਲ ਵਿਚ ਦਸਿਆ ਹੈ, ਮੈਂ ਜ਼ਿਆਦਾ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ । ਲੇਕਿਨ ਇਕ ਗੱਲ ਮੈਂ ਆਪਣੇ ਜ਼ਾਤੀ ਤਜਰਬੇ ਦੇ ਤੌਰ ਤੇ ਦਸ ਸਕਦਾ ਹਾਂ ਕਿ ਅਕਾਲੀ ਵੀਰਾਂ ਨੇ ਜੋ ਕੁਝ ਮੁਤਾਲਬਾਤ ਰਖੇ ਹਨ, ਚਾਹੇ ਉਹ ਧਾਰਮਕ ਸਨ ਚਾਹੇ ਪੁਲੀਟੀਕਲ ਸਨ ਅਤੇ ਚਾਹੇ ਪਾਣੀ ਦਾ ਮਸਲਾ ਸੀ, ਜੋ ਵੀ ਉਨ੍ਹਾਂ ਨੇ ਆਪਣਾ ਝਗੜਾ ਪੰਜਾਬ ਵਿਚ ਖੜਾ ਕੀਤਾ, ਮੇਰੇ ਹਿਸਾਬ ਨਾਲ ਇਨ੍ਹਾਂ ਗੱਲਾਂ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਅਤੇ ਨਾ ਹੀ ਉਨ੍ਹਾਂ ਦੀ ਕੋਈ ਦਿਲਚਸਪੀ ਪੰਜਾਬ ਦੀ ਤਰੱਕੀ ਤੇ ਮੰਗਾਂ ਨਾਲ ਹੈ । ਉਨ੍ਹਾਂ ਦੀ ਸਹੀ ਮਾਨਿਆਂ ਵਿਚ ਕੋਈ ਡਿਮਾਂਡ ਨਹੀਂ ਸੀ । ਅਗਰ ਧਾਰਮਿਕ ਜਾਂ ਸਿਆਸੀ ਡਿਮਾਂਡ ਰਖੀ ਤਾਂ ਲੋਕਾਂ ਦੇ ਜਜ਼ਬਾਤ ਭੜਕਾਉਣ ਵਾਸਤੇ ਰਖੀ ਸੀ । ਜੇਕਰ ਉਹ ਪੰਜਾਬ ਦੀਆਂ ਧਾਰਮਿਕ ਤੇ ਸਿਆਸੀ ਮੰਗਾਂ ਤਕ ਮਹਿਦੂਦ ਹੁੰਦੇ ਤਾਂ ਜਦੋਂ ਸਿੱਖਾਂ ਦੀਆਂ ਜ਼ਾਇਜ਼ ਅਤੇ ਧਾਰਮਿਕ ਡਿਮਾਂਡ ਮੰਨਣ ਬਾਰੇ ਹਿੰਦੁਸਤਾਨ ਦੀ ਪ੍ਰਾਇਮ-ਮਨਿਸਟਰ ਸਾਹਿਬਾ ਨੇ ਇਲਾਨ ਕੀਤਾ ਹੈ ਅਤੇ ਉਹ ਮੰਨ ਲਈਆਂ ਗਈਆਂ ਹਨ । ਉਹ ਡਿਮਾਂਡਾਂ ਮੰਨਾਉਣ ਲਈ ਸਰਦਾਰ ਦਰਬਾਰਾ ਸਿੰਘ ਜੀ ਨੇ ਆਪਣਾ ਪੂਰਾ ਹਿੱਸਾ ਪਾ ਕੇ ਮੰਨਾਉਣ ਦਾ ਯਤਨ ਕੀਤਾ ਸੀ । ਬਜਾਏ ਖੁਸ਼ੀ ਪ੍ਰਗਟ ਕਰਨ ਦੇ ਜਾਂ ਦੀਪ ਮਾਲਾ ਕਰਨ ਦੇ ਜਿੰਨੇ ਭਦੇ ਸ਼ਬਦਾਂ ਨਾਲ ਮਜ਼ਾਕ ਉਡਾਇਆ ਅਤੇ ਫਰਾਡ ਦਾ ਸ਼ਬਦ ਵਰਤਿਆ ਉਸ ਤੋਂ ਇਨ੍ਹਾਂ ਦੀ ਨੀਅਤ ਦਾ ਪਤਾ ਲਗ ਜਾਂਦਾ ਹੈ । ਮੈਂ ਦੱਸਦਾ ਹਾਂ ਕਿ ਉਨ੍ਹਾਂ ਦੀ ਨੀਅਤ ਕੀ ਹੈ, ਉਹ ਸਿਰਫ਼ ਪੰਜਾਬ ਦਾ ਰਾਜ ਭਾਗ ਲੈਣਾ ਚਾਹੁੰਦੇ ਹਨ ਔਰ ਪੁਲੀਟੀਕਲ ਤਾਕਤ ਲੈਣਾ ਚਾਹੁੰਦੇ ਹਨ । ਜਿਹੜੀ ਉਨ੍ਹਾਂ ਨੇ ਪੰਜਾਬ ਦੇ ਸਾਈਜ਼ ਦੀ ਗੱਲ ਕੀਤੀ ਔਰ ਕੁਝ ਏਰੀਆ ਬਾਰੇ ਕਿਹਾ ਹੈ ਮੈਂ ਸਮਝਦਾ ਹਾਂ ਕਿ ਉਹ ਇਸ ਬਾਰੇ ਬਿਲਕੁਲ ਸੀਰੀਅਸ ਨਹੀਂ ਹਨ । ਮੈਨੂੰ ਜ਼ਾਤੀ ਤੌਰ ਤੇ ਪਤਾ ਹੈ ਕਿ ਸਾਡਾ ਏਰੀਆ ਪੰਜਾਬ ਦਾ ਪੁਨਰਗਠਨ ਹੋਣ ਤੋਂ ਪਹਿਲਾਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਤਹਿਸੀਲ ਊਨਾ ਵਿਚ ਪੈਂਦਾ ਸੀ । ਜਦੋਂ ਬਾਊਂਡਰੀ ਕਮਿਸ਼ਨ ਕੋਲ ਪੇਸ਼ ਹੋਏ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅੱਜ ਵੀ ਹਿੰਦੁਸਤਾਨ ਦੀ ਹੋਮ ਮਨਿਸਟਰੀ ਦੇ ਦਫ਼ਤਰ ਵਿਚੋਂ ਰਿਕਾਰਡ ਵੇਖਿਆ ਜਾ ਸਕਦਾ ਹੈ, ਇਨ੍ਹਾਂ ਨੇ ਉਨ੍ਹਾਂ ਦੀ ਮੰਗ ਨੂੰ ਔਰ ਕਾਂਗੜਾ ਦੀ ਮੰਗ ਨੂੰ ਬਾਹਰ ਕਰ ਦਿੱਤਾ । ਇਸ ਏਰੀਆ ਨੂੰ ਹਿਮਾਚਲ ਪ੍ਰਦੇਸ਼ ਵਾਲੇ ਲੈਣਾ ਨਹੀਂ ਸੀ ਚਾਹੁੰਦੇ । ਪੰਜਾਬ ਦੇ ਅਕਾਲੀ ਪੰਜਾਬ ਵਿਚ ਰਖਣਾ ਚਾਹੁੰਦੇ ਸੀ । ਮੈਂ ਕਹਿੰਦਾ ਹਾਂ ਕਿ ਜੇਕਰ ਇਹ ਪੰਜਾਬ ਦੇ ਏਰੀਆ

Original with;
Punjab Vidhan Sabha
Digitized by;
Panjab Digital Library

ਲਈ ਸੀਰੀਅਸ ਸੀ ਤਾਂ ਤਸ਼ਤਰੀ ਵਿਚ ਪਾ ਕੇ ਇਹ ਏਰੀਆ ਉਨ੍ਹਾਂ ਨੂੰ ਦੇਣ ਦੀ ਕੀ ਲੋੜ ਸੀ। ਇਨ੍ਹਾਂ ਦੀ ਦਿਲਚਸਪੀ ਇਹ ਸੀ ਕਿ ਪੰਜਾਬੀ ਸੂਬੇ ਨੂੰ ਛੋਟੇ ਤੋਂ ਛੋਟਾ ਬਣਾਇਆ ਜਾਏ ਔਰ ਹਿੰਦੂ ਏਰੀਆ ਜਿਹੜੇ ਸਨ ਉਨ੍ਹਾਂ ਨੂੰ ਪੰਜਾਬ ਵਿਚ ਰਖਣ ਤੋਂ ਇਗਨੋਰ ਕੀਤਾ ਗਿਆ ਤਾਂਕਿ ਇਹ ਆਪਣਾ ਰਾਜ ਭਾਗ ਬਣਾ ਸਕਣ। ਇਸ ਦੇ ਬਾਵਜੂਦ ਉਹ ਰਾਜ ਭਾਗ ਨਹੀਂ ਲੈ ਸਕੇ। ਇਸ ਤੋਂ ਬਾਅਦ ਇਹ ਤਸ਼ੱਦਦ ਤੇ ਆ ਗਏ। ਸਾਡਾ ਪੁਰਾਣਾ ਰਿਕਾਰਡ ਦੱਸਦਾ ਹੈ ਕਿ ਪਾਣੀ ਦਾ ਜੋ ਫੈਸਲਾ ਹੋਇਆ ਸੀ, ਉਸ ਦੇ ਉਤੇ ਇਨ੍ਹਾਂ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਸਰਕਾਰ ਨੇ ਹਰਿਆਣਾ ਵਾਲਿਆਂ ਨਾਲ ਮੰਨ ਲਿਆ ਸੀ ਔਰ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਨਹਿਰ ਬਣਾਉਣ ਵਾਸਤੇ ਪੈਸੇ ਭੇਜਣ। ਲੇਕਿਨ ਮੈਂ ਸਰਦਾਰ ਦਰਬਾਰਾ ਸਿੰਘ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਇਸ ਇਸ਼ੂ ਨੂੰ ਦੋਬਾਰਾ ਲਿਆ ਕੇ ਪਾਣੀ ਜ਼ਿਆਦਾ ਲਿਆ, ਜਿਸ ਨਾਲ ਪੰਜਾਬ ਦੀ ਜ਼ਿਆਦਾ ਜ਼ਮੀਨ ਜ਼ਰਖੇਜ਼ ਹੋਈ। ਅੱਜ ਵੀ ਇਨ੍ਹਾਂ ਨੇ ਮੰਗ ਕੀਤੀ ਹੈ ਕਿ ਅਗਰ ਸਾਨੂੰ ਗਰੰਟੀ ਹੋ ਜਾਵੇ ਕਿ ਹੋਰ ਪਾਣੀ ਦਿੱਤਾ ਜਾਵੇਗਾ ਤਾਂ ਸਾਨੂੰ ਇਹ ਇਸ਼ੂ ਮੁੜ ਖੋਲ੍ਹਣ ਤੇ ਕੋਈ ਇਤਰਾਜ਼ ਨਹੀਂ ਹੋਵੇਗਾ। ਮੈਂ ਇਨ੍ਹਾਂ ਕਮਿਊਨਿਸਟ ਵੀਰਾਂ ਅੱਗੇ ਅਪੀਲ ਕਰਾਂਗਾ ਕਿ ਉਹ ਆਪਣਾ ਕਾਫ਼ੀ ਯੋਗਦਾਨ ਇਸ ਵਿਚ ਪਾਉਣ। ਮੈਂ ਮਹਿਸੂਸ ਕਰਦਾ ਹਾਂ ਕਿ ਉਹ ਆਪਣਾ ਯੋਗਦਾਨ ਪਾ ਸਕਦੇ ਹਨ। ਉਹ ਸੁਲਝੇ ਹੋਏ ਹਨ। ਉਹ ਵੀ ਇਸ ਡੈਮੋਕਰੇਟਿਕ ਢਾਂਚੇ ਦੀ ਰਖਿਆ ਕਰਨਾ ਚਾਹੁੰਦੇ ਹਨ। ਉਹ ਅਕਾਲੀਆਂ ਦੀ ਮਦਦ ਡਾਇਰੈਕਟ ਜਾਂ ਇਨਡਾਇ-ਰੈਕਟ ਨਾ ਕਰਨ। ਸਗੋਂ ਪੰਜਾਬ ਦੇ ਸੂਬੇ ਨੂੰ ਤਰੱਕੀ ਵੱਲ ਲਿਜਾਣ ਵਾਸਤੇ ਆਪਣਾ ਯੋਗਦਾਨ ਪਾਉਣ। ਮੈਂ ਮਹਿਸੂਸ ਕਰਦਾ ਹਾਂ ਕਿ ਅੱਜ ਜੋ ਪੰਜਾਬ ਦੀ ਸਥਿਤੀ ਇਨ੍ਹਾਂ ਅਕਾਲੀਆਂ ਨੇ ਕੀਤੀ ਹੈ, ਇਸ ਨਾਲ ਪੰਜਾਬ ਦਾ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ। ਸਰਦਾਰ ਦਰਬਾਰਾ ਸਿੰਘ ਇਸ ਗੱਲ ਲਈ ਮੁਬਾਰਕਬਾਦ ਦੇ ਮੁਸਤਹਿੱਕ ਹਨ ਕਿ ਉਨ੍ਹਾਂ ਨੇ ਆਪਣੇ ਕਦਮ ਲੜਖੜਾਏ ਨਹੀਂ। ਜਿਸ ਤਰ੍ਹਾਂ ਆਜ਼ਾਦੀ ਦੀ ਲੜਾਈ ਵਿਚ ਅੰਗਰੇਜ਼ਾਂ ਦਾ ਮੁਕਾਬਲਾ ਇਕ ਸ਼ੇਰ ਦੀ ਤਰ੍ਹਾਂ ਉਨ੍ਹਾਂ ਨੇ ਕੀਤਾ ਸੀ, ਉਸੇ ਤਰ੍ਹਾਂ ਇਥੇ ਵੀ ਉਹ ਡੱਟ ਰਹੇ ਹਨ। ਜਦੋਂ ਇਕ ਪਾਸੇ ਇਸ ਵੇਲੇ ਪੰਜਾਬ ਦੀ ਰਖਿਆ ਦਾ ਸਵਾਲ ਸੀ, ਇਕ ਪਾਸੇ ਪੰਜਾਬ ਦੀ ਤਰੱਕੀ ਦਾ ਸਵਾਲ ਸੀ ਉਦੋਂ ਜਾਤੀ ਤੌਰ ਤੇ ਉਨ੍ਹਾਂ ਦੀ ਛਾਤੀ ਤੇ ਬੰਬ ਮਾਰ ਕੇ ਉਨ੍ਹਾਂ ਨੂੰ ਡੀਮਾਰੇਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਲੇਕਿਨ ਆਪਣੀ ਛਾਤੀ ਤੇ ਬੰਬ ਖਾ ਕੇ ਵੀ ਪੰਜਾਬ ਦੇ ਅਵਾਮ ਅਤੇ ਗਰੀਬਾਂ ਦੀ ਰਖਿਆ ਕਰਨ ਲਈ ਆਪਣੇ ਕਦਮ ਤੋਂ ਆਪਣੀ ਸਪ੍ਰਿਟ ਤੋਂ ਆਪਣੇ ਅਸੂਲਾਂ ਤੋਂ ਉਹ ਪਿੱਛੇ ਨਹੀਂ ਹੱਟੇ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸ਼੍ਰੀਮਤੀ ਇੰਦਰਾ ਗਾਂਧੀ ਨੇ ਜੋ ਗਰੀਬਾਂ ਅਤੇ ਪੱਛੜੇ ਹੋਏ ਲੋਕਾਂ ਲਈ, ਹਰੀਜਨਾਂ ਦੀ ਭਲਾਈ ਲਈ ਅਤੇ ਬਲੈਕਮਾਰਕਿਟਿੰਗ ਨੂੰ ਖਤਮ ਕਰਨ ਲਈ 20 ਪੁਆਇੰਟ ਪ੍ਰੋਗਰਾਮ ਦਿੱਤਾ ਹੈ, ਉਸ ਤੇ ਸਰਦਾਰ ਦਰਬਾਰਾ ਸਿੰਘ ਨੇ ਮਜ਼ਬੂਤੀ ਨਾਲ ਅਮਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਮੰਗ ਕਰਦਾ ਹਾਂ ਕਿ ਪੰਜਾਬ ਦੀ ਸਰਕਾਰ ਤੋਂ ਜਿਸ ਤਰ੍ਹਾਂ ਕੰਡੀ ਦਾ ਏਰੀਆ ਹੈ ਅਤੇ ਅਨੰਦਪੁਰ ਸਾਹਿਬ ਦੀ ਤਹਿਸੀਲ ਜੋ ਸਬ-ਮਾਊਂਟੇਨੀਅਸ ਏਰੀਆ ਹੈ ਖਾਸ ਕਰ ਜੋ ਮੇਰਾ ਹਲਕਾ ਨੰਗਲ ਜੋ ਇਸ ਵਿਚ ਹੈ ਅਤੇ ਅਨਖ੍ਰਿਗੇਟਿਡ ਏਰੀਆ ਹੈ, ਉਨ੍ਹਾਂ ਨੂੰ ਵੱਧ ਤੋਂ ਵੱਧ ਪ੍ਰਾਇਰਟੀ ਇਸ 20 ਪੁਆਇੰਟ ਪ੍ਰੋਗਰਾਮ ਅਧੀਨ ਦੇਣੀ ਚਾਹੀਦੀ ਹੈ। ਇਸ ਦਾ ਫਾਇਦਾ ਇਹ ਹੋਵੇਗਾ ਕਿ ਮੁਲਕ ਦੀ ਪੈਦਾਵਾਰ ਵਿਚ ਜ਼ਿਆਦਾ ਹਿੱਸਾ ਪੰਜਾਬ ਪਾ ਸਕੇਗਾ ਅਤੇ ਉਹ ਪੈਦਾਵਾਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਪ੍ਰਕਾਸ਼ ਬਾਲੀ]

ਤੋਂ ਆਪਣੀ ਆਮਦਨੀ ਵੀ ਬੜ੍ਹਾ ਸਕੇਗਾ । ਅਨੰਦਪੁਰ ਸਾਹਿਬ, ਕੰਡੀ ਦਾ ਏਰੀਆ ਅਤੇ ਧਾਰ ਬਲਾਕ ਵਿਚ ਜਿਥੇ ਪੀਣ ਦੇ ਪਾਣੀ ਦੀ ਗਰੀਬਾਂ ਨੂੰ ਸਹੂਲਤ ਮਿਲੀ ਹੈ, ਉਥੇ ਹੁਣ ਪੈਦਾਵਾਰ ਵੀ ਵਧੇਗੀ ਅਤੇ ਗਰੀਬਾਂ ਦੀ ਰੋਜ਼ੀ ਦਾ ਪ੍ਰਬੰਧ ਵੀ ਹੋਵੇਗਾ । ਪਹਿਲਾਂ ਉਨ੍ਹਾਂ ਦੀ ਰੋਜ਼ੀ ਬਾਰਸ਼ ਉਪਰ ਨਿਰਭਰ ਕਰਦੀ ਸੀ । ਅਗਰ ਬਾਰਸ਼ ਪੈ ਜਾਵੇ ਤਾਂ ਫਸਲ ਹੁੰਦੀ ਸੀ ਵਰਨਾ ਦੋ ਤਿੰਨ ਸਾਲ ਉਹ ਬਗੈਰ ਫਸਲ ਦੇ ਰਹਿ ਜਾਂਦੇ ਸਨ । ਅੱਜ ਜੋ ਮਹਿੰਗਾਈ ਦੇ ਹਾਲਾਤ ਹਨ, ਇਸ ਵਿਚ ਗਰੀਬ ਨੂੰ ਬੜਾ ਨੁਕਸਾਨ ਪਾਣੀ ਤੋਂ ਬਿਨਾਂ ਹੁੰਦਾ ਰਹਿੰਦਾ ਹੈ । ਮੈਂ ਨਿਮਰਤਾ ਨਾਲ ਬੇਨਤੀ ਕਰਨਾ ਚਾਹਾਂਗਾ ਕਿ ਜੋ ਸਾਡਾ ਪਛੜਿਆ ਹੋਇਆ ਇਲਾਕਾ ਹੈ ਜੋ ਰਿਸ਼ੀਆਂ, ਮੁੰਨੀਆਂ ਅਤੇ ਦੇਸ਼ ਭਗਤਾਂ ਦੀ ਧਰਤੀ ਹੈ, ਉਸ ਵੱਲ ਧਿਆਨ ਦੇਣ । ਇਹ ਧਰਤੀ ਦਸਵੀਂ ਪਾਤਸ਼ਾਹੀ ਦੇ ਚਰਣਾਂ ਨਾਲ ਨਿਵਾਜੀ ਹੋਈ ਹੈ । ਅਜਿਹੇ ਲੋਕ ਪੱਛੜੇ ਨਹੀਂ ਰਹਿਣੇ ਚਾਹੀਦੇ । 20 ਪੁਆਇੰਟ ਪ੍ਰੋਗਰਾਮ ਅਧੀਨ ਵੱਧ ਤੋਂ ਵੱਧ ਹਿੱਸਾ ਇਸ ਇਲਾਕੇ ਨੂੰ ਦੇਣਾ ਚਾਹੀਦਾ ਹੈ ।

ਗਵਰਨਰ ਸਾਹਿਬ ਨੇ ਜੋ ਐਡਰੈਸ ਦਿੱਤਾ ਹੈ, ਇਸ ਵਿਚ ਬਹੁਤ ਸਾਰੇ ਮਹਿਕਮਿਆਂ ਦਾ ਜ਼ਿਕਰ ਹੈ । ਮੈਂ ਕਿਸ ਕਿਸ ਮਹਿਕਮੇ ਦਾ ਜ਼ਿਕਰ ਕਰਾਂ । ਉਨ੍ਹਾਂ ਨੇ ਇਸ ਵਿਚ ਪੰਜਾਬ ਦੀ ਉੱਨਤੀ ਦਾ ਪ੍ਰੋਗਰਾਮ ਦੱਸਿਆ ਹੈ । ਇਸ ਦੇ ਵਿਚ ਗਰੀਬਾਂ ਦੀ ਮੱਦਦ ਕਰਨ ਲਈ ਤਸੱਲੀ ਦਿੱਤੀ ਹੈ ਅਤੇ ਲਾਅ ਐਂਡ ਆਰਡਰ ਨੂੰ ਬਰਕਰਾਰ ਰਖਣ ਦਾ ਵੀ ਭਰੋਸਾ ਦਿਵਾਇਆ ਹੈ । ਮੈਂ ਇਸ ਲਈ ਗਵਰਨਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ । ਮੈਂ ਮਹਿਸੂਸ ਕਰਦਾ ਹਾਂ ਕਿ ਸਾਰੇ ਹਾਊਸ ਨੂੰ ਇਕੱਠੇ ਹੋ ਕੇ ਸਰਵਸੰਮਤੀ ਨਾਲ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ ਅਤੇ ਸ਼ੁਕਰੀਏ ਦਾ ਪ੍ਰਸਤਾਵ ਪਾਸ ਕਰਨਾ ਚਾਹੀਦਾ ਹੈ । ਮੈਂ ਆਸ ਕਰਦਾ ਹਾਂ ਕਿ ਸਾਰਾ ਹਾਊਸ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦੀਆਂ ਤਰੱਕੀ ਦੀਆਂ ਸਕੀਮਾਂ ਵਿਚ ਅਤੇ ਪੰਜਾਬ ਵਿਚ ਅਮਨ ਅਮਾਨ ਕਾਇਮ ਰਖਣ ਵਿਚ ਸਾਥ ਦੇਵੇਗਾ ਤਾਂ ਕਿ ਦੂਸਰੇ ਸੂਬਿਆਂ ਵਿਚ ਜੋ ਸਿੱਖ ਲੋਕ ਅਤੇ ਪੰਜਾਬੀ ਰਹਿੰਦੇ ਹਨ ਅਤੇ ਉਥੇ ਆਪਣੀ ਇੰਡਸਟਰੀ ਡਿਵੈਲਪ ਕਰਦੇ ਹਨ, ਉਨ੍ਹਾਂ ਨਾਲ ਉਹ ਵਿਤਕਰਾ ਨਾ ਕਰਨ ਜਾਂ ਨਫਰਤ ਦੀ ਨਿਗਾਹ ਨਾਲ ਨਾ ਵੇਖਣ । ਪੰਜਾਬ ਇਕ ਸਰਹੱਦੀ ਸੂਬਾ ਹੈ । ਇਸ ਦੀਆਂ ਬਹੁਤ ਜ਼ਿਮੇਵਾਰੀਆਂ ਹਨ । ਹਿੰਦੁਸਤਾਨ ਦੀ ਆਜ਼ਾਦੀ ਵਿਚ ਪੰਜਾਬ ਨੇ ਬਹੁਤ ਵੱਡਾ ਹਿੱਸਾ ਪਾਇਆ ਹੈ । ਮੈਂ ਅਰਜ਼ ਕਰਾਂਗਾ ਕਿ ਪੰਜਾਬ ਦੀ ਇਸ ਪਰੰਪਰਾ ਨੂੰ ਕੋਈ ਧੱਬਾ ਨਹੀਂ ਲਗਣ ਦੇਣਾ ਚਾਹੀਦਾ । ਗੁਰੂ ਗੋਬਿੰਦ ਸਿੰਘ ਅਤੇ ਗੁਰੂ ਨਾਨਕ ਦੇਵ ਜੀ ਨੇ ਜੋ ਉਪਦੇਸ਼ ਦਿੱਤੇ ਹਨ, ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ । ਅੱਜ ਇਹ ਲੋਕ ਗੁਰਦਵਾਰਿਆਂ ਵਿਚ ਬੈਠ ਕੇ ਮੁਲਜ਼ਮਾਂ ਦੀ ਰਾਖੀ ਕਰਦੇ ਹਨ । ਉਥੇ ਬੈਠ ਕੇ ਪੰਜਾਬ ਅਤੇ ਹਿੰਦੁਸਤਾਨ ਦੀ ਅਖੰਡਤਾ ਦੇ ਖਿਲਾਫ ਇਹ ਪ੍ਰਚਾਰ ਕਰਦੇ ਹਨ । ਮੈਨੂੰ ਯਕੀਨ ਹੈ ਕਿ ਉਹ ਗੁਰੂਆਂ ਦੇ ਦਸੇ ਹੋਏ ਰਸਤੇ ਤੇ ਨਹੀਂ ਚਲ ਰਹੇ ਅਤੇ ਇਸ ਤਰ੍ਹਾਂ ਉਹ ਗੁਰੂ ਮਹਾਰਾਜ ਜੀ ਦੇ ਅਦੇਸ਼ ਤੇ ਨਾ ਚਲ ਕੇ ਅੱਛਾ ਨਹੀਂ ਕਰ ਰਹੇ ਅਤੇ ਗੁਰੂ ਮਹਾਰਾਜ ਜੀ ਦੇ ਸ਼ਾਨਦਾਰ ਇਤਿਹਾਸ ਵਿਚ ਵਾਧਾ ਨਹੀਂ ਕਰ ਰਹੇ । ਮੈਂ ਅਕਾਲੀ ਵੀਰਾਂ ਨੂੰ ਬੇਨਤੀ ਕਰਾਂਗਾ ਕਿ ਸ੍ਰੀਮਤੀ ਇੰਦਰਾ ਗਾਂਧੀ ਜਿਸ ਨੇ ਪੰਜਾਬ ਦੀ ਤਰੱਕੀ ਲਈ ਬਹੁਤ ਹਿੱਸਾ ਪਾਇਆ ਹੈ, ਉਸ ਦਾ ਸਾਥ ਦੇਣ । ਇਥੇ ਮੇਰੇ ਸੀਨੀਅਰ

Original with;
Punjab Vidhan Sabha
Digitized by;
Panjab Digital Library

ਵੀਰ ਬੈਠੇ ਹਨ । ਇਹ ਪਿਛਲੇ ਇਤਿਹਾਸ ਤੇ ਨਜ਼ਰ ਮਾਰਨ । ਪੰਡਿਤ ਜਵਾਹਰ ਲਾਲ ਨਹਿਰੂ ਨੇ ਪੰਜਾਬ ਨੂੰ ਬਹੁਤ ਕੁਝ ਦਿੱਤਾ । ਭਾਖੜਾ ਡੈਮ, ਫਰਟੇਲਾਈਜ਼ਰ ਫੈਕਟਰੀ, ਇੰਡਸਟਰੀਅਲ ਕੰਪਲੈਕਸ, ਐਗਰੀਕਲਚਰਲ ਯੂਨੀਵਰਸਿਟੀ, ਪੀ. ਜੀ. ਆਈ. ਦਿੱਤਾ। ਇਸ ਤੋਂ ਵੱਡੇ ਵੱਡੇ ਪ੍ਰਾਜੈਕਟਸ ਪੰਜਾਬ ਨੂੰ ਦਿੱਤੇ । ਅਗਰ ਮੈਂ ਸਾਰਿਆਂ ਦਾ ਨਾਉਂ ਲਵਾਂ ਤਾਂ ਕਾਫੀ ਵਕਤ ਲਗੇਗਾ । ਤਿੰਨ ਸਾਲ ਪਹਿਲਾਂ ਇਨ੍ਹਾਂ ਦੀ ਸਰਕਾਰ ਇਥੇ ਬਣੀ । ਸ੍ਰੀ ਮੁਰਾਰ ਜੀ ਡਿਸਾਈ ਪ੍ਰਾਈਮ ਮਨਿਸਟਰ ਸਨ । ਪੰਜਾਬ ਦੇ ਲਈ ਅਕਾਲੀ ਵੀਰ ਕੀ ਲੈ ਕੇ ਆਏ ਸਨ । 1972, 1973 ਅਤੇ 1974 ਵਿਚ ਇਨ੍ਹਾਂ ਨੇ ਅਨੰਦਪੁਰ ਸਾਹਿਬ ਦਾ ਪ੍ਰਸਤਾਵ ਪਾਸ ਕੀਤਾ, ਲੇਕਿਨ 1982 ਤਕ ਇਸ ਨੂੰ ਲਾਗੂ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ । ਅੱਜ ਸ੍ਰੀਮਤੀ ਇੰਦਰਾ ਗਾਂਧੀ ਇਨ੍ਹਾਂ ਦੀਆਂ ਡੀਮਾਂਡਾਂ ਸੁਣਨ ਵਾਸਤੇ ਤਿਆਰ ਹਨ ਅਤੇ ਉਸਦੇ ਲਈ ਕਾਰਿਆ ਕਰਮ ਤਿਆਰ ਕਰ ਰਹੇ ਹਨ । ਪਰ ਫਿਰ ਵੀ ਇਹ ਪ੍ਰੋਟੈਸਟ ਕਰਦੇ ਹਨ । ਸ੍ਰੀ ਮੁਰਾਰ ਜੀ ਡਿਸਾਈ ਨੇ ਇਨ੍ਹਾਂ ਦੇ ਮੁਤਾਲਬੇ ਮੰਨਣੇ ਤਾਂ ਇਕ ਪਾਸੇ ਰਹੇ, ਉਸ ਨੇ ਇਨ੍ਹਾਂ ਨੂੰ ਸੁਣਨ ਲਈ ਵੀ ਵਕਤ ਨਾ ਦਿੱਤਾ । ਜਿਸ ਤਰ੍ਹਾਂ ਸ਼ੇਰ ਦੇ ਅੱਗੇ ਬਿੱਲੀ ਬੈਠਦੀ ਹੈ ਠੀਕ ਉਸੇ ਤਰ੍ਹਾਂ ਇਨ੍ਹਾਂ ਨੇ ਟਾਈਮ ਕੱਟਿਆ । ਕੀ ਉਸ ਵਕਤ ਸਿਆਸੀ ਅਤੇ ਧਾਰਮਿਕ ਮੰਗਾਂ ਦੀ ਜ਼ਰੂਰਤ ਨਹੀਂ ਸੀ ? ਕੀ ਉਸ ਵਕਤ ਪੰਜਾਬ ਦੇ ਲਈ ਪਾਣੀ ਵਧਾਉਣ ਦੀ ਜ਼ਰੂਰਤ ਨਹੀਂ ਸੀ ? ਅੱਜ ਸਾਨੂੰ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਜੀ ਤੇ ਪੂਰਾ ਵਿਸ਼ਵਾਸ ਕਰਨਾ ਚਾਹੀਦਾ ਹੈ । ਪੰਡਿਤ ਜਵਾਹਰ ਲਾਲ ਨਹਿਰੂ ਦੇ ਬਾਅਦ ਅਗਰ ਕਿਸੇ ਪ੍ਰਾਈਮ ਮਨਿਸਟਰ ਨੇ ਪੰਜਾਬ ਨੂੰ ਮੱਦਦ ਦਿੱਤੀ ਹੈ ਤਾਂ ਉਹ ਸ੍ਰੀਮਤੀ ਇੰਦਰਾ ਗਾਂਧੀ ਹੈ । ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਥੱਲੇ ਕਿਤਨੇ ਵੱਡੇ ਪ੍ਰਾਜੈਕਟਸ ਪੰਜਾਬ ਨੂੰ ਦਿੱਤੇ ਹਨ । ਰੋਪੜ ਥਰਮਲ ਪਲਾਂਟ ਮਿਲਿਆ ਹੈ । ਪੰਜਾਬ ਨੂੰ ਪਾਣੀ ਵੱਧ ਲਿਆ ਕੇ ਦਿੱਤਾ ਹੈ । ਇਸੇ ਤਰ੍ਹਾਂ ਇੰਡਸਟਰੀ ਅਤੇ ਹੋਰਨਾਂ ਖੇਤਰਾਂ ਵਿੱਚ ਮੁੜ ਕੇ ਸ੍ਰੀਮਤੀ ਇੰਦਰਾਂ ਗਾਂਧੀ ਨੇ ਪੰਜਾਬ ਨੂੰ ਸਨਮਾਨਿਆ ਹੈ । ਹੋਰ ਕਿਸੇ ਲੀਡਰ ਨੇ ਇਸ ਤਰ੍ਹਾਂ ਦੇ ਪ੍ਰਾਜੈਕਟ ਪੰਜਾਬ ਨੂੰ ਨਹੀਂ ਦਿੱਤੇ । ਇਸ ਤਰ੍ਹਾਂ ਦੇ ਦੇਸ਼ ਭਗਤ ਪਰਿਵਾਰ ਨੂੰ, ਪੰਡਿਤ ਜਵਾਹਰ ਲਾਲ ਨਹਿਰੂ ਦੀ ਉਸ ਮਹਾਨ ਬੇਟੀ ਨੂੰ ਜਿਸ ਨੇ ਸਾਰੇ ਸੰਸਾਰ ਅੰਦਰ ਆਪਣਾ ਅਤੇ ਦੇਸ਼ ਦਾ ਨਾਂ ਰੋਸ਼ਨ ਕੀਤਾ ਹੈ, ਉਸ ਦੇ ਲਈ ਸਾਰੇ ਪੰਜਾਬੀ ਅਤੇ ਸਾਰਾ ਹਿੰਦੁਸਤਾਨ ਰਿਣੀ ਹੈ । ਉਸ ਮਹਾਨ ਦੇਵੀ ਅਤੇ ਉਸ ਮਹਾਨ ਲੀਡਰ ਜੋ ਸੈਕੂਲਰਿਜ਼ਮ ਦੀ ਅਲੰਬਰਦਾਰ ਹੈ, ਜੋ ਡੈਮੋਕਰੇਸੀ ਦੀ ਅਲੰਬਰਦਾਰ ਹੈ, ਜਿਸ ਦੇ ਦਿਲ ਅੰਦਰ ਹਿੰਦੁਸਤਾਨ ਦੀ ਕਾਇਆਕਲਪ ਕਰਨ ਦੀ ਇੱਛਾ ਹੈ, ਉਸ ਦਾ ਸਾਥ ਦੇਣਾ ਚਾਹੀਦਾ ਹੈ । ਦਿੱਲੀ ਦੇ ਅੰਦਰ ਸੱਤਵਾਂ ਨਾਨ-ਅਲਾਈਂਡ ਸਮਿੱਟ ਕਰਕੇ, ਉਸ ਨੇ ਪੰਜਾਬੀਆਂ ਅਤੇ ਸਾਰੇ ਹਿੰਦੁਸਤਾਨੀਆਂ ਦਾ ਨਾਂ ਉੱਚਾ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਪਾਸੋਂ ਆਗਿਆ ਲੈਂਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਾਰਾ ਹਾਊਸ ਸਰਵਸੰਮਤੀ ਨਾਲ ਗਵਰਨਰ ਸਾਹਿਬ ਦੇ ਐਡਰੈਸ ਉਪਰ ਧੰਨਵਾਦ ਦੇ ਮਤੇ ਨੂੰ ਪਾਸ ਕਰੇਗਾ ।

**ਸ੍ਰੀ ਰਤਨ ਲਾਲ** (ਗੁਰਦਾਸਪੁਰ): ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਵਿਚ ਪੈਦਾ ਹੋਇਆ ਹਾਂ ਅਤੇ ਪੰਜਾਬ ਦੀ ਸੇਵਾ ਕਰਨਾ ਮੇਰਾ ਫਰਜ਼ ਹੈ । ਹਿੰਦੁਸਤਾਨ ਸਾਡਾ ਮੁਲਕ ਹੈ ਅਤੇ ਇਸ ਦੀ ਰਖਿਆ ਕਰਨਾ ਵੀ ਅਤੇ ਸਾਰੀਆਂ ਕਮਿਊਨਿਟੀਜ਼ ਨਾਲ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਤਨ ਲਾਲ]

ਰਲ ਮਿਲ ਕੇ ਰਹਿਣਾ ਵੀ ਮੇਰਾ ਧਰਮ ਹੈ । ਸਰਦਾਰ ਦਰਬਾਰਾ ਸਿੰਘ ਹੋਰਾਂ ਨੂੰ ਮੁੱਖ ਮੰਤਰੀ ਬਣਨ ਦਾ ਇਹ ਚਾਂਸ ਜੋ ਮਿਲਿਆ ਹੈ ਇਹ ਪੰਜਾਬ ਦੇ ਅੰਦਰ 13ਵਾਂ ਹੈ । ਇਨ੍ਹਾਂ ਤੋਂ ਪਹਿਲਾਂ 12 ਮੁੱਖ ਮੰਤਰੀ ਇਥੇ ਰਹਿ ਚੁਕੇ ਹਨ । ਇਹ 13ਵੇਂ ਮੁੱਖ ਮੰਤਰੀ ਬਣੇ ਹਨ । 1947 ਤੋਂ 1983 ਤਕ ਦਾ ਜੋ ਤਕਰੀਬਨ 36 ਸਾਲ ਦਾ ਪੀਰੀਅਡ ਹੈ, ਇਸ ਦੇ ਵਿਚ ਬੱਚੇ ਜਵਾਨ ਹੋ ਗਏ ਹਨ, ਅਤੇ ਜਿਹੜੇ ਮੇਰੇ ਵਰਗੇ ਬੁੱਢੇ ਸਨ ਉਹ ਚਲਾਣਾ ਕਰ ਗਏ ਹਨ । ਇਹ ਪ੍ਰੰਪਰਾ ਤੁਰੀ ਰਹਿਣੀ ਹੈ । ਸਾਡੇ ਪੰਜਾਬ ਵਿਚ ਵਾਹਿਗੁਰੂ ਵਲੋਂ ਕੋਈ ਕੁਦਰਤੀ ਸਾਧਨਾਂ ਦੀ ਦੇਣ ਨਹੀਂ, ਨਾ ਕੋਈ ਖਾਣ ਹੈ, ਨਾ ਕੋਈ ਪਹਾੜ ਹਨ ਨਾ ਪੈਟਰੋਲ ਹੈ ਅਤੇ ਨਾ ਡੀਜ਼ਲ ਹੈ । ਇਹ ਸਿਰਫ ਪੰਜਾਬੀਆਂ ਦੀ ਸ਼ਕਤੀ ਹੈ ।

ਪੰਜਾਬੀਆਂ ਨੇ ਚਾਰ ਚੀਜ਼ਾਂ ਵਿਚ ਸਾਰੇ ਇੰਡੀਆ ਅਤੇ ਦੁਨੀਆਂ ਭਰ ਵਿਚ ਨਾਂ ਰੌਸ਼ਨ ਕੀਤਾ ਹੈ । ਇਹ ਚੀਜ਼ਾਂ ਹਨ; ਫੌਜ, ਜ਼ਰਾਇਤ, ਟ੍ਰਾਂਸਪੋਰਟ ਅਤੇ ਗਿੱਧਾ ਤੇ ਭੰਗੜਾ । ਇਨ੍ਹਾਂ ਚਾਰ ਚੀਜ਼ਾਂ ਤੇ ਸਾਡੇ ਪੰਜਾਬ ਨੂੰ ਮਾਣ ਹੈ । ਇਸ ਤੋਂ ਇਲਾਵਾ ਜਦ ਕਿ ਦੂਜੇ ਪ੍ਰਾਂਤਾਂ ਵਿਚ ਕਈਆਂ ਕੋਲ ਕੋਲਾ ਹੈ, ਕਈਆਂ ਕੋਲ ਪੈਟ੍ਰੋਲ ਹੈ, ਔਰ ਕਈਆਂ ਕੋਲ ਜੰਗਲਾਤ ਹਨ । ਪਰ ਸਾਡੇ ਪੰਜਾਬ ਨੇ ਇਹ ਕਿਸੇ ਚੀਜ਼ ਦੇ ਨਾ ਹੁੰਦੇ ਹੋਏ ਵੀ ਬਹੁਤ ਭਾਰੀ ਤਰੱਕੀ ਕੀਤੀ ਹੈ । ਪਹਾੜ ਤੇ ਰਹਿਣ ਵਾਲਿਆਂ ਨੇ ਜੇ ਕੋਈ ਸੜਕ ਬਣਾਉਣੀ ਹੁੰਦੀ ਹੈ ਤਾਂ ਉਹ ਪਹਾੜੀ ਪ੍ਰਾਂਤਾਂ ਵਿਚੋਂ ਪੱਥਰ ਸੁਟ ਕੇ ਸੜਕ ਬਣਾ ਲੈਂਦੇ ਹਨ ਪਰ ਪੰਜਾਬ ਵਿਚ ਜੇ ਕੋਈ ਸੜਕ ਬਣਨੀ ਹੁੰਦੀ ਹੈ ਤਾਂ ਜ਼ਰਾਇਤ ਵਾਲੀ ਥਾਂ ਇਸ ਵਾਸਤੇ ਦੇਣੀ ਪੈਂਦੀ ਹੈ । ਪਰ ਸਾਨੂੰ ਮਾਣ ਹੈ ਕਿ ਫਿਰ ਵੀ ਸਾਡੇ ਪੰਜਾਬ ਨੇ ਜ਼ਰਾਇਤ ਵਿਚ ਬਹੁਤ ਤਰੱਕੀ ਕੀਤੀ ਹੈ । ਦਿੱਲੀ ਵਿਚ ਇਕ ਵਾਰ ਸ਼ਹੀਦਾਂ ਦੀ ਨੁਮਾਇਸ਼ ਲਗੀ, ਉਸ ਵਿਚ ਮੈਂ ਵੇਖਿਆ ਕਿ ਬੰਗਾਲੀ ਸ਼ਹੀਦਾਂ ਤੇ ਪੰਜਾਬੀ ਸ਼ਹੀਦਾਂ ਤੋਂ ਇਲਾਵਾ ਹੋਰ ਬਾਕੀ ਸੂਬਿਆਂ ਦੀ ਟਾਂਵੀ ਟਾਂਵੀ ਕੋਈ ਤਸਵੀਰ ਸੀ, ਉਸ ਨੁਮਾਇਸ਼ ਵਿਚ ਪੰਜਾਬ ਦੇ ਜੰਗੇ ਆਜ਼ਾਦੀ ਦੇ ਨਾਂ ਬਹਾਦਰਾਂ ਦੀਆ ਤਸਵੀਰਾਂ ਲਭਦੀਆਂ ਸਨ । ਉਸ ਨੁਮਾਇਸ਼ ਵਿਚ ਪੰਜਾਬ ਦੇ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਲੋਕੀਂ ਬੜੀ ਇੱਜ਼ਤ ਨਾਲ ਵੇਖਦੇ ਸਨ ਤੇ ਹਿੰਦੂ, ਮੁਸਲਮਾਨ ਤੇ ਸਿੱਖ ਈਸਾਈ ਦਾ ਪਿਆਰ ਨਜ਼ਰ ਆਉਂਦਾ ਸੀ ।

ਡਿਪਟੀ ਸਪੀਕਰ ਸਾਹਿਬ, ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ ਨਾਲ ਸ਼ਹੀਦੇ ਆਜ਼ਮ ਉਧਮ ਸਿੰਘ ਨੂੰ ਯਾਦ ਕੀਤਾ ਜਾਂਦਾ ਹੈ । ਉਸ ਜ਼ਾਲਿਮ ਅਡਵਾਇਰ ਨੂੰ ਮਾਰਨ ਵਾਲਾ ਕੋਈ ਹੋਰ ਨਹੀਂ ਇਹ ਵੀਰ ਸੀ । ਉਸ ਨੇ 20 ਸਾਲ ਇਹ ਜਲ੍ਹਿਆਂ ਵਾਲੇ ਬਾਗ ਦਾ ਬਦਲਾ ਲੈਣ ਲਈ ਜਜ਼ਬਾ ਆਪਣੇ ਦਿਲ ਦੇ ਅੰਦਰ ਛੁਪਾਈ ਰਖਿਆ ਔਰ ਆਖਿਰ ਤੇ ਜਨਰਲ ਡਾਇਰ ਨੂੰ ਮਾਰ ਕੇ ਉਸ ਨੇ ਸਾਹ ਲਿਆ । ਇਸ ਤਰ੍ਹਾਂ ਕਰਕੇ ਉਸ ਨੇ ਪੰਜਾਬ ਦੀ ਅਣਖ ਨੂੰ ਜਗਾਇਆ ਔਰ ਲੋਕਾਂ ਨੂੰ ਜਾਗ੍ਰਿਤ ਕੀਤਾ । ਸ਼ਹੀਦੇ ਆਜ਼ਮ ਭਗਤ ਸਿੰਘ ਦੇ ਮਾਂ-ਬਾਪ ਉਸ ਨੂੰ ਕਹਿੰਦੇ ਸਨ ਕਿ ਤੇਰਾ ਵਿਆਹ ਕਰਨਾ ਹੈ ਪਰ ਉਹ ਕਹਿਣ ਲਗਾ ਕਿ ਹੁਣ ਤਾਂ ਮੈਂ ਦੇਸ਼ ਦੀ ਅਜ਼ਾਦੀ ਨਾਲ ਹੀ ਵਿਆਹ ਕਰਾਂਗਾ । ਇਸ ਤਰ੍ਹਾਂ ਨਾਲ ਉਨ੍ਹਾਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਇਆ । ਔਰ ਅੱਜ ਉਸ ਪੰਜਾਬ ਦੀ ਉਸਾਰੀ ਲਈ ਸਰਦਾਰ ਦਰਬਾਰਾ ਸਿੰਘ ਜੰਗੇ ਆਜ਼ਾਦੀ ਦੇ

Original with;
Punjab Vidhan Sabha
Digitized by;
Panjab Digital Library

ਸਿਪਾਹੀ ਜਿਹੜੇ ਸਾਡੇ ਮੁੱਖ ਮੰਤਰੀ ਹਨ ਬੜੇ ਮਿਹਨਤ ਨਾਲ ਲਗੇ ਹੋਏ ਹਨ। ਅਕਾਲੀਆਂ ਨੇ ਬਹੁਤ ਗਲਤੀ ਕੀਤੀ ਹੈ ਕਿ ਉਨ੍ਹਾਂ ਨੇ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਭੜਕਾਇਆ ਔਰ ਉਨ੍ਹਾਂ ਲੋਕਾਂ ਵਿਚ ਆਪਸ ਵਿਚ ਫੁਟ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਇਸ ਲਈ ਕੀਤਾ ਹੈ ਤਾਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਪਿੰਡਾਂ ਵਿਚ ਤਰੱਕੀ ਨਾ ਕਰ ਸਕੇ। ਉਹ ਜਾਣਦੇ ਸਨ ਕਿ ਜਿਹੜਾ ਰੁਪਿਆ ਇਸ ਕਾਂਗ੍ਰਸ ਸਰਕਾਰ ਨੇ ਪਿੰਡਾਂ ਦੀ ਤਰੱਕੀ ਵਾਸਤੇ ਰਖਿਆ ਹੈ, ਉਸ ਨੂੰ ਜੇ ਮੋਰਚੇ ਵਗੈਰਾ ਤੇ ਖਰਚ ਨਾ ਕਰਵਾਇਆ ਤਾਂ ਪੰਜਾਬ ਦੇ ਪਿੰਡ ਤਰੱਕੀ ਕਰ ਜਾਣਗੇ। ਇਸ ਲਈ ਉਨ੍ਹਾਂ ਨੇ ਲੋਕਾਂ ਵਿਚ ਫੁਟ ਪਾਈ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਚੰਦ ਮੁਗਲਾਂ ਨੇ ਵੱਡੇ ਮੁਲਕ ਹਿੰਦੁਸਤਾਨ ਤੇ ਕਬਜ਼ਾ ਕੀਤਾ ਜਿਹੜੇ ਕਿ ਦੇਸ਼ ਵਿਰੋਧੀ ਸਨ, ਉਨ੍ਹਾਂ ਨੇ ਮੁਲਕ ਤੇ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਵੇਲੇ ਬਾਬਾ ਨਾਨਕ ਪ੍ਰਗਟ ਹੋਏ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਹ ਜਿਹੜੇ ਚੰਦ ਮੁਗਲ ਲੋਕ ਹਨ, ਮੈਨੂੰ ਮੁਸਲਮਾਨਾਂ ਨਾਲ ਨਫਰਤ ਨਹੀਂ, ਮੇਰੀ ਭੈਣ ਇਕ ਮੁਸਲਮਾਨ ਐਮ. ਐਲ. ਏ. ਵੀ ਇਥੇ ਬੈਠੀ ਹੈ, ਪਰ ਜਿਹੜੇ ਦੇਸ਼ ਧਰੋਹੀ ਸਨ, ਜਿਹੜੇ ਮੁਗਲ ਸਨ ਉਨ੍ਹਾਂ ਨੇ ਲੋਕਾਂ ਵਿਚ ਫੁਟ ਪਾਕੇ ਮੁਲਕ ਨੂੰ ਕਈ ਹਿੱਸਿਆਂ ਵਿਚ ਵੰਡ ਦਿੱਤਾ ਸੀ ਕਿਉਂਕਿ ਉਹ ਚਾਹੁੰਦੇ ਸਨ ਕਿ ਲੋਕਾਂ ਵਿਚ ਫੁਟ ਪਏ ਉਸ ਵੇਲੇ ਬਾਬਾ ਨਾਨਕ ਨੇ ਲੋਕਾਂ ਨੂੰ ਇਸੇ ਤਰ੍ਹਾਂ ਨਾਲ ਸਮਝਾਇਆ ਕਿ—

"ਅਵਲ ਅਲਾ ਨੂਰ ਉਪਾਇਆ, ਕੁਦਰਤ ਕੇ ਸਭ ਬੰਦੇ,
ਏਕ ਨੂਰ ਤੇ ਸਭ ਜਗ ਉਪਜਿਆ, ਕੌਣ ਭਲੇ ਕੌਣ ਮੰਦੇ।"

ਇਸ ਤਰ੍ਹਾਂ ਨਾਲ ਬਾਬਾ ਨਾਨਕ ਨੇ ਰੂਹਾਨੀਅਤ ਢੰਗ ਨਾਲ ਲੋਕਾਂ ਨੂੰ ਉਪਦੇਸ਼ ਦਿੱਤਾ। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜ਼ੁਲਮ ਦੇ ਖਿਲਾਫ ਸਿਪਾਹੀ ਤਿਆਰ ਕੀਤੇ ਔਰ ਉਨ੍ਹਾਂ ਨੂੰ ਖੰਡਾ ਚੁਕਣ ਵਾਸਤੇ ਤਿਆਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਖੰਡਾ ਚੁਕਣਾ ਨਹੀਂ ਚਾਹੁੰਦੇ ਸਨ ਪਰ ਉਹ ਮਜ਼ਬੂਰ ਸਨ ਕਿਉਂਕਿ ਲੋਕਾਂ ਤੇ ਜ਼ੁਲਮ ਹੋ ਰਿਹਾ ਸੀ। ਇਸ ਲਈ ਉਨ੍ਹਾਂ ਨੇ ਸਿਪਾਹੀਆਂ ਨੂੰ ਖੰਡਾ ਦੇ ਕੇ ਆਪਣੀ ਇਸ ਕੌਮ ਨੂੰ ਬਚਾਇਆ। ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਜੋ ਕੁਰਬਾਨੀਆਂ ਕੀਤੀਆਂ ਉਹ ਲੋਕਾਂ ਨੂੰ ਜ਼ੁਲਮ ਤੋਂ ਬਚਾਉਣ ਵਾਸਤੇ ਸਨ। ਇਸੇ ਤਰ੍ਹਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਵੀ ਗੁਰੂ ਤੇਗ ਬਹਾਦਰ ਜੀ ਤੋਂ ਪ੍ਰੇਰਣਾ ਲੈ ਕੇ ਪੰਜਾਬ ਦੇ ਲੋਕਾਂ ਵਾਸਤੇ ਆਪਣੀ ਕੁਰਬਾਨੀ ਦਿਤੀ ਔਰ ਇਸ ਤੇ ਅੱਜ ਸਾਨੂੰ ਬਹੁਤ ਮਾਣ ਹੈ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਇਥੇ ਇਹ ਦੱਸਦਾ ਹਾਂ ਕਿ ਇਸ ਵੇਲੇ ਜਿਹੜੀ ਰੂਲਿੰਗ ਪਾਰਟੀ ਕਾਂਗਰਸ (ਆਈ) ਇਥੇ ਰਾਜ ਕਰ ਰਹੀ ਹੈ, ਇਸ ਵਿਚ ਪੰਜਾਬ ਦੀ 20 ਕਮਿਊਨਿਟੀਆਂ ਦੇ ਆਦਮੀ ਐਮ. ਐਲ. ਏਜ਼. ਹਨ ਜਦ ਕਿ ਅਕਾਲੀਆਂ ਵਿਚ ਕੋਈ ਕੋਈ ਹਰੀਜਨ ਹੋ ਕੇ ਬਾਕੀ ਸਭ ਜੱਟ ਹੀ ਹਨ। ਪਰ ਸਾਡੇ ਪੰਜਾਬ ਵਿਚ ਇਸ ਵੇਲੇ 20 ਕਮਿਊਨਿਟੀਜ਼ ਦੇ ਲੋਕ ਲੋਕਾਂ ਦੀ ਨੁਮਾਇੰਦਗੀ ਕਰ ਰਹੇ ਹਨ। ਜਿਨ੍ਹਾਂ ਵਿਚ ਪੂਰੇ ਪੰਜਾਬ ਦੀ ਤਸਵੀਰ ਨਜ਼ਰ ਆਉਂਦੀ ਹੈ ਔਰ ਫਿਰ ਬੜੇ ਫਖਰ ਦੀ ਗੱਲ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਤਨ ਲਾਲ]

ਹੈ ਔਰ ਮਾਣ ਹੈ ਕਿ ਪੰਜਾਬ ਹਰ ਪੱਖ ਵਿਚ ਤਰੱਕੀ ਕਰ ਰਿਹਾ ਹੈ । ਅੱਜ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਨਾਨ-ਅਲਾਈਂਡ ਕਾਨਫਰੰਸ ਦਾ ਚੇਅਰਮੈਨ ਬਣਾਇਆ ਗਿਆ ਹੈ । ਇਸ ਤੇ ਸਾਨੂੰ ਬਹੁਤ ਹੀ ਮਾਣ ਹੈ । ਡਿਪਟੀ ਸਪੀਕਰ ਸਾਹਿਬ, ਇਹ ਫਖਰ ਦੀ ਗੱਲ ਹੈ ਕਿ ਹਿੰਦੁਸਤਾਨ ਵਿਚ ਸ਼੍ਰੀ ਮੋਤੀ ਲਾਲ ਨਹਿਰੂ, ਜਿਨ੍ਹਾਂ ਦਾ ਖਾਨਦਾਨ ਹੀ ਇਸ ਦੇਸ਼ ਦੀ ਸੇਵਾ ਵਾਸਤੇ ਤਿਆਰ ਰਿਹਾ ਹੈ ਔਰ ਆਪਣੀਆਂ ਕੁਰਬਾਨੀਆਂ ਦੇ ਕੇ ਵੀ ਉਨ੍ਹਾਂ ਨੇ ਦੇਸ਼ ਦੀ ਰਖਿਆ ਕੀਤੀ ਹੈ । ਪਹਿਲੇ ਮੋਤੀ ਲਾਲ ਨਹਿਰੂ ਸਨ, ਫਿਰ ਜਵਾਹਰ ਲਾਲ ਨਹਿਰੂ ਆਏ, ਸ਼੍ਰੀਮਤੀ ਇੰਦਰਾ ਗਾਂਧੀ ਆਈ, ਸੰਜਯ ਗਾਂਧੀ ਆਇਆ, ਰਾਜੀਵ ਗਾਂਧੀ ਆਇਆ ਔਰ ਹੁਣ ਫਿਰ ਇੰਦਰਾ ਗਾਂਧੀ ਔਰ ਰਾਜੀਵ ਗਾਂਧੀ ਇਸ ਦੇਸ਼ ਦੀ ਸੇਵਾ ਕਰ ਰਹੇ ਹਨ । ਇਸ ਤਰ੍ਹਾਂ ਨਾਲ ਜੋ ਦੇਸ਼ ਦੀ ਸੇਵਾ ਮੋਤੀ ਲਾਲ ਨਹਿਰੂ ਦੇ ਖਾਨਦਾਨ ਨੇ ਕੀਤੀ ਹੈ ਉਸ ਤੇ ਸਾਨੂੰ ਬਹੁਤ ਮਾਣ ਹੈ । ਅੱਜ ਅਕਾਲੀ ਜਿਹੜੇ ਕਿ ਹਿੰਦੁਸਤਾਨ ਦਾ ਤਕਰੀਬਨ 2% ਹਿੱਸਾ ਵੀ ਨਹੀਂ ਹਨ, ਉਹ ਇਸ ਸੂਬੇ ਦੀ ਤਰੱਕੀ ਵਿਚ ਰੁਕਾਵਟ ਬਣ ਰਹੇ ਹਨ ਔਰ ਉਹ ਕੋਸ਼ਿਸ਼ ਕਰਦੇ ਹਨ ਕਿ ਇਸ ਪੰਜਾਬ ਨੂੰ ਇਕ ਘੁਰਣੇ ਵਿਚ ਬੰਦ ਕਰ ਲਿਆ ਜਾਵੇ । ਉਹ ਇਕ ਵਖਰਾ ਘੁਰਣਾ ਬਣਾਉਣਾ ਚਾਹੁੰਦੇ ਹਨ । ਇਸ ਲਈ ਮੈਂ ਇਥੇ ਇਕ ਸ਼ਾਇਰ ਲੁਧਿਆਨਵੀ ਦਾ ਸ਼ੇਅਰ ਪੜ੍ਹ ਕੇ ਸੁਣਾਉਣਾ ਹੈ, ਉਸ ਨੇ ਲਿਖਿਆ ਹੈ—

"ਯਹ ਵਤਨ ਮੇਰੀ ਤੇਰੀ ਨਸਲ ਕੀ ਜਾਗੀਰ ਨਹੀਂ,
ਸੈਂਕੜੋਂ ਨਸਲੋਂ ਕੀ ਮਿਹਨਤ ਨੇ ਸੰਵਾਰਾ ਹੈ ਇਸੇ ।"

[12-24* ਬਾਅਦ ਦੁਪਹਿਰ] (ਇਸ ਸਮੇਂ* ਸਰਦਾਰ ਇਕਬਾਲ ਸਿੰਘ, ਮੈਂਬਰ, ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬ ਵਧਾਈ ਹੋਵੇ ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਤੁਹਾਡੇ ਸਾਹਮਣੇ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹਰਿਆਣੇ ਵਿਚ ਸਾਰੀਆਂ ਸਿਆਸੀ ਪਾਰਟੀਆਂ ਨੇ ਮਤਭੇਦ ਭੁਲਾ ਕੇ ਹਰਿਆਣੇ ਦੇ ਪੱਖ ਵਾਸਤੇ ਸਾਰੇ ਇਕੱਠੇ ਹੋਏ ਹਨ, ਇਸੇ ਤਰ੍ਹਾਂ ਪੰਜਾਬ ਦੇ ਪੱਖ ਵਾਸਤੇ ਵੀ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕੱਠੇ ਹੋਏ ਇਕ ਮੁਠ ਹੋ ਕੇ ਆਪਣੇ ਪੱਖ ਵਾਸਤੇ ਆਵਾਜ਼ ਉਠਾਉਣੀ ਚਾਹੀਦੀ ਹੈ । ਮੈਂ ਸਰਦਾਰ ਦਰਬਾਰਾ ਸਿੰਘ ਦਾ ਕੋਈ ਰਿਸ਼ਤੇਦਾਰ ਨਹੀਂ, ਮੈਂ ਤਾਂ ਇਨ੍ਹਾਂ ਨੂੰ ਬਤੌਰ ਐਮ. ਪੀ., ਕਾਂਗ੍ਰਸ ਪ੍ਰਧਾਨ ਔਰ ਪੰਜਾਬ ਦੇ ਮੰਤਰੀ ਦੇ ਰੂਪ ਵਿਚ ਜਾਣਦਾ ਰਿਹਾ ਹਾਂ ਔਰ ਹੁਣ ਜਦੋਂ ਮੈਂ ਆਪ ਐਮ. ਐਲ. ਏ. ਬਣ ਕੇ ਆਇਆ ਹਾਂ ਤਾਂ ਮੈਨੂੰ ਇਨ੍ਹਾਂ ਨਾਲ ਬੈਠਣ ਦਾ ਮੌਕਾ ਮਿਲਿਆ ਹੈ । ਔਰ ਮੈਂ ਇਹ ਫਖਰ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਦੇ ਅੰਦਰ ਫਿਰਕਾ-ਪ੍ਰਸਤੀ ਦੇ ਸਾਗਰ ਵਿਚੋਂ ਇਕ ਤੁਪਕਾ ਵੀ ਨਹੀਂ ਹੈ । ਇਸ ਲਈ ਇਨ੍ਹਾਂ ਦੀ ਲੀਡਰਸ਼ਿਪ ਥਲੇ ਸਾਨੂੰ ਪੰਜਾਬ ਨੂੰ ਸੰਵਾਰਨ ਲਈ ਯਤਨ ਕਰਨਾ ਚਾਹੀਦਾ ਹੈ ਔਰ ਜਿਹੜੇ ਪੰਜਾਬ ਦੀ ਉਸਾਰੀ ਵਿਚ ਰੁਕਾਵਟ ਪਾਉਂਦੇ ਹਨ, ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ ।

ਜੈ ਹਿੰਦ ।

Original with;
Punjab Vidhan Sabha
Digitized by;
Panjab Digital Library

ਪੰਡਿਤ ਸਰਵਣ ਰਾਮ (ਗੜ੍ਹਸ਼ੰਕਰ) : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ, ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਜੋ ਪੰਜਾਬ ਦਾ ਨਕਸ਼ਾ ਉਲੀਕਿਆ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਅੱਜ ਤੋਂ 36 ਸਾਲ ਪਹਿਲੇ ਜੋ ਪੰਜਾਬ ਦੀ ਹਾਲਤ ਸੀ ਉਹ ਹੁਣ ਨਹੀਂ ਰਹੀ। ਅਜ਼ਾਦੀ ਤੋਂ ਪਹਿਲੇ ਦੇ ਪੰਜਾਬ ਵਿਚ ਔਰ ਹੁਣ ਦੇ ਪੰਜਾਬ ਵਿਚ ਬਹੁਤ ਫਰਕ ਹੈ। ਸਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਨਾਲ ਕਾਂਗ੍ਰਸ ਪਾਰਟੀ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਵਾਸਤੇ ਕੁਰਬਾਨੀਆਂ ਕੀਤੀਆਂ ਹਨ ਅਤੇ ਇਸ ਗੱਲ ਦਾ ਮਾਣ ਅਸੀਂ ਲੋਕ ਲੈ ਰਹੇ ਹਾਂ ਔਰ ਮੇਰੇ ਅਕਾਲੀ ਸਾਥੀ ਵੀ ਲੈ ਰਹੇ ਹਨ। ਪੰਜਾਬ ਨੇ ਪਿਛਲੇ ਢਾਈ ਸਾਲਾਂ ਤੋਂ ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਹੇਠ ਬਹੁਤ ਤਰੱਕੀ ਕੀਤੀ ਹੈ। ਇਸ ਗੱਲ ਨੂੰ ਸਾਰੇ ਪੰਜਾਬੀ ਜਾਣਦੇ ਹਨ। ਚੇਅਰਮੈਨ ਸਾਹਿਬ, ਮੈਂ ਆਜ਼ਾਦੀ ਤੋਂ ਪਹਿਲੇ ਦੀ ਗੱਲ ਦੱਸਦਾ ਹਾਂ ਕਿ ਉਸ ਵਕਤ ਸਾਡੇ ਹਰੀਜਨ ਭਰਾਵਾਂ ਦੀ, ਪਛੜੇ ਵਰਗਾਂ ਦੇ ਲੋਕਾਂ ਦੀ ਜ਼ਿੰਦਗੀ ਬਹੁਤ ਮਾੜੀ ਸੀ ਅਤੇ ਤਰਸਯੋਗ ਸੀ। ਅਸੀਂ ਉਸ ਵਕਤ ਤੀਜੇ ਦਰਜੇ ਦੇ ਇਨਸਾਨਾਂ ਵਿਚੋਂ ਸੀ ਅਤੇ ਹਰੀਜਨ ਚੌਥੇ ਦਰਜੇ ਦੇ ਆਉਂਦੇ ਸਨ। ਪਹਿਲੇ ਦਰਜੇ ਵਿੱਚ ਜਾਗੀਰਦਾਰ, ਰਾਜੇ ਮਹਾਰਾਜੇ ਆ ਜਾਂਦੇ ਸਨ ਜਿਹੜੇ ਅੰਗਰੇਜ਼ਾਂ ਦੇ ਗੁਲਾਮ ਸਨ ਅਤੇ ਉਸ ਤੋਂ ਬਾਦ ਦੂਜੀਆਂ ਕੌਮਾਂ ਦੇ ਆਮ ਲੋਕ ਆ ਜਾਂਦੇ ਸਨ। ਮੈਨੂੰ ਪਤਾ ਹੈ ਕਿ ਆਜ਼ਾਦੀ ਤੋਂ ਪਹਿਲਾਂ ਸਾਡੇ ਲੋਕਾਂ ਦੀ ਕੀ ਜ਼ਿੰਦਗੀ ਸੀ ਅਤੇ ਹੁਣ ਅਸੀਂ ਕਿੰਨੀ ਤਰੱਕੀ ਕਰ ਚੁੱਕੇ ਹਾਂ। ਅੰਗਰੇਜ਼ਾਂ ਦੇ ਜ਼ਮਾਨੇ ਵਿਚ ਮੇਰੇ ਵਰਗਾ ਆਦਮੀ ਐਮ. ਐਲ. ਏ. ਤਾਂ ਕੀ ਬਣ ਸਕਦਾ ਸੀ, ਮੇਰੇ ਲਈ ਪਿੰਡ ਦਾ ਚੌਕੀਦਾਰ ਬਣਨਾ ਵੀ ਮੁਸ਼ਕਿਲ ਸੀ। ਇਹ ਡੈਮੋਕਰੇਸੀ ਕਰਕੇ ਅਸੀਂ ਏਥੇ ਆ ਸਕੇ ਹਾਂ ਅਤੇ ਆਜ਼ਾਦੀ ਤੋਂ ਬਾਅਦ ਹਿੰਦੁਸਤਾਨ ਨੇ ਔਰ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ ਏਥੇ ਐਜੂਕੇਸ਼ਨ ਯੂਨੀਵਰਸਿਟੀਆਂ, ਐਗਰੀ-ਕਲਚਰਲ ਯੂਨੀਵਰਸਿਟੀਆਂ ਕਾਇਮ ਕੀਤੀਆਂ ਗਈਆਂ ਹਨ ਅਤੇ ਮੈਡੀਕਲ ਇੰਸਟੀ-ਚਿਊਟ ਕਾਇਮ ਕੀਤੇ ਗਏ ਹਨ। ਇਸ ਤਰ੍ਹਾਂ ਅਸੀਂ ਹਰ ਸੂਬੇ ਵਿਚ ਤਰੱਕੀ ਕੀਤੀ ਹੈ। ਇਹ ਸਾਡੀ ਕਾਂਗਰਸ ਰਾਜ ਦੀ ਮਿਹਰਬਾਨੀ ਹੈ। ਸਾਡੇ ਮੁੱਖ ਮੰਤਰੀ ਨੇ ਪਿਛਲੇ ਢਾਈ ਸਾਲ ਵਿਚ ਪੰਜਾਬ ਦਾ ਨਕਸ਼ਾ ਹੀ ਬਦਲ ਦਿੱਤਾ ਹੈ ਅਤੇ ਇਨ੍ਹਾਂ ਦੀ ਤਰੱਕੀ ਨੂੰ ਵੇਖ ਕੇ ਅਕਾਲੀ ਪਾਰਟੀ ਵਾਲੇ ਐਜੀਟੇਸ਼ਨ ਕਰੀ ਜਾ ਰਹੇ ਹਨ। ਇਸ ਸਰਕਾਰ ਦੀ ਤਰੱਕੀ ਦੇ ਰਸਤੇ ਤੇ ਚਲਣ ਬਾਰੇ ਇਕ ਝਲਕ ਕੰਡੀ ਦੇ ਇਲਾਕੇ ਦੀ ਮੈਂ ਦੱਸਦਾ ਹਾਂ। ਕੰਡੀ ਦੇ ਇਲਾਕੇ ਦਾ ਨਕਸ਼ਾ ਹੀ ਇਸ ਸਰਕਾਰ ਨੇ ਬਦਲ ਦਿੱਤਾ ਹੈ। ਜਿਥੇ ਪਹਿਲੇ ਪਾਣੀ ਲਈ ਅਸੀਂ ਤਰਸਦੇ ਸੀ, ਉਥੇ ਟਿਊਬਵੈਲ ਅਤੇ ਨਹਿਰਾਂ ਦਾ ਇੰਤਜ਼ਾਮ ਸਰਕਾਰ ਨੇ ਕਰ ਦਿੱਤਾ ਹੈ। ਬਿਜਲੀ ਦਾ ਇੰਤਜ਼ਾਮ ਕੀਤਾ ਹੈ, ਹਸਪਤਾਲਾਂ, ਹਾਈ ਸਕੂਲਾਂ ਵੈਟਰਨਰੀ ਹਸਪਤਾਲਾਂ ਦਾ ਇੰਤਜ਼ਾਮ ਕੀਤਾ ਹੈ। ਇਸ ਤੋਂ ਪਹਿਲਾਂ ਸਾਡੇ ਲੋਕਾਂ ਨੂੰ ਛੱਪੜਾਂ ਦਾ ਪਾਣੀ ਪੀਣਾ ਪੈਂਦਾ ਸੀ। ਇਸ ਗੱਲ ਦੀ ਕੰਡੀ ਦੇ ਲੋਕ ਖਾਸ ਤੌਰ ਤੇ ਪ੍ਰਸ਼ੰਸਾ ਕਰਦੇ ਹਨ। ਉਥੇ ਮੋਟਰਾਂ ਗੱਡੀਆਂ ਚਲ ਰਹੀਆਂ ਹਨ।

ਕੰਡੀ ਦੇ ਇਲਾਕੇ ਵਿਚ ਪੰਜਾਬ ਸਰਕਾਰ ਨੇ ਬਹੁਤ ਵਿਕਾਸ ਕੀਤਾ ਹੈ। ਜਿਥੇ ਪਹਿਲੇ ਪੰਛੀ ਵੀ ਜਾਣ ਲਈ ਤਕਲੀਫ ਮਹਿਸੂਸ ਕਰਦਾ ਸੀ ਔਰ ਇਨਸਾਨ ਨੇ ਤਾਂ ਕੀ ਜਾਣਾ ਸੀ, ਉਥੇ ਮੇਰੀ ਸਰਕਾਰ ਨੇ ਨਕਸ਼ਾ ਹੀ ਬਦਲ ਦਿੱਤਾ ਹੈ ਅਤੇ ਹਰ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ]

ਦੀਆਂ ਸਹੂਲਤਾਂ ਲੋਕਾਂ ਨੂੰ ਦੇ ਦਿੱਤੀਆਂ ਹਨ । ਕੰਡੀ ਦੇ ਇਲਾਕੇ ਨੂੰ ਪੰਜਾਬ ਦੇ ਦੂਜੇ ਇਲਾਕਿਆਂ ਦੇ ਬਰਾਬਰ ਲਿਆ ਕੇ ਖੜ੍ਹਾ ਕਰ ਦਿੱਤਾ ਹੈ । ਇਹ ਗੱਲ ਪੰਜਾਬ ਸਰਕਾਰ ਦੀ ਬੜੀ ਸ਼ਾਲਾਘਾਯੋਗ ਹੈ । ਜਿਥੋਂ ਤਕ ਪੰਜਾਬ ਵਿਚ ਐਗਰੀਕਲਚਰ ਨੇ ਤਰੱਕੀ ਕੀਤੀ ਹੈ ਔਰ ਮੈਂ ਇਹ ਗੱਲ ਮਹਿਸੂਸ ਕਰਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਸਾਡਾ ਕੰਡੀ ਦਾ ਇਲਾਕਾ ਵੀ ਐਗਰੀਕਲਚਰ ਸੈਕਟਰ ਵਿਚ ਪੰਜਾਬ ਦੇ ਦੂਜੇ ਇਲਾਕਿਆਂ ਦੇ ਬਰਾਬਰ ਆ ਜਾਵੇਗਾ । ਜਿਥੋਂ ਤਕ ਚਿੱਟਾ ਇਨਕਲਾਬ ਦਾ ਸਬੰਧ ਹੈ ਇਸ ਖੇਤਰ ਵਿਚ ਸਾਡੀ ਸਰਕਾਰ ਨੇ ਗਰੀਬ ਲੋਕਾਂ ਨੂੰ ਕਾਫੀ ਕਰਜ਼ੇ ਦਿੱਤੇ ਹਨ ਅਤੇ ਉਨ੍ਹਾਂ ਨੇ ਇਸ ਕਰਜ਼ੇ ਨਾਲ ਆਪਣੇ ਕੰਮਾਂ ਕਾਰਾਂ ਵਿਚ ਇਸਤੇਮਾਲ ਕਰਕੇ ਕਾਫੀ ਤਰੱਕੀ ਕੀਤੀ ਹੈ ਅਤੇ ਆਪਣੇ ਪੈਰਾਂ ਤੇ ਖੜ੍ਹੇ ਹੋ ਗਏ ਹਨ । ਇਸ ਦੇ ਵਿਚ ਗਰੀਬ ਲੋਕ ਬੜਾ ਫਖਰ ਮਹਿਸੂਸ ਕਰਦੇ ਹਨ । ਦੂਜੀ ਗੱਲ ਇਹ ਮੇਰੇ ਸਾਥੀ ਸੀ. ਪੀ. ਆਈ. ਵਾਲਿਆਂ ਦੇ ਨਾਲ ਮੈਂ ਰਿਹਾ ਹਾਂ ਅਤੇ ਮੈਨੂੰ ਪਤਾ ਹੈ ਕਿ ਇਹ ਅਸੈਂਬਲੀ ਵਿਚ ਹੋਰ ਗੱਲਾਂ ਕਰਦੇ ਹਨ ਅਤੇ ਸਰਕਾਰ ਦੀ ਇਥੇ ਮੱਦਦ ਕਰਦੇ ਸਨ ਪਰ ਪਿੰਡਾਂ ਦੇ ਵਿਚ ਜਾ ਕੇ ਇਹ ਲੋਕਾਂ ਦੇ ਸਾਹਮਣੇ ਸਰਕਾਰ ਦੇ ਖਿਲਾਫ ਬੋਲਦੇ ਸਨ । ਪਰ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਕੇਵਲ ਕਾਂਗਰਸ ਪਾਰਟੀ ਹੀ ਇਕ ਐਸੀ ਸਰਕਾਰ ਹੈ ਜਿਹੜੀ ਜੋ ਗੱਲ ਅਸੈਂਬਲੀ ਵਿਚ ਕਹਿੰਦੀ ਹੈ, ਉਹ ਹੀ ਗੱਲ ਪਿੰਡਾਂ ਵਿਚ ਲੋਕਾਂ ਦੇ ਸਾਹਮਣੇ ਕਹਿੰਦੀ ਹੈ । ਜਿਥੋਂ ਤਕ ਬਿਜਲੀ ਦਾ ਤੁਅੱਲਕ ਹੈ, ਇਥੇ ਪੰਜਾਬ ਵਿਚ ਕਾਫੀ ਪ੍ਰੋਜੈਕਟ ਲਗਾਏ ਜਾ ਰਹੇ ਹਨ ਅਤੇ ਪਿਛਲੇ ਸਾਲ ਦਾ ਅੱਧਾ ਬਜਟ ਹੀ ਬਿਜਲੀ ਦੇ ਪ੍ਰੋਜੈਕਟਾਂ ਤੇ ਸੀ । ਇਨ੍ਹਾਂ ਪ੍ਰੋਜੈਕਟਾਂ ਦਾ ਅਸਰ ਅਤੇ ਫਾਇਦਾ ਕੁਝ ਸਮੇਂ ਬਾਅਦ ਹੀ ਹੁੰਦਾ ਹੈ । ਮੇਰੀ ਸਰਦਾਰ ਸਾਹਿਬ ਨੂੰ ਬੇਨਤੀ ਹੈ ਕਿ ਜਿਥੇ ਤੁਸੀਂ ਕੰਡੀ ਦੇ ਇਲਾਕੇ ਵਿਚ ਬਿਜਲੀ ਦਿੱਤੀ ਹੈ ਉਥੇ ਬਿਜਲੀ ਦੇ ਰੇਟ ਘੱਟ ਹੋਣੇ ਚਾਹੀਦੇ ਹਨ । ਇਹ ਰੇਟ ਸਾਡੇ ਪੰਜਾਬ ਦੇ ਲੋਕਾਂ ਦੇ ਬਰਾਬਰ ਨਹੀਂ ਹੋਣੇ ਚਾਹੀਦੇ । ਬਾਕੀ ਸਰਕਾਰ ਨੇ ਪੀਣ ਦੇ ਪਾਣੀ ਅਤੇ ਐਗਰੀਕਲਚਰ ਸੈਕਟਰ ਵਿਚ ਕਾਫੀ ਸਕੀਮਾਂ ਸ਼ੁਰੂ ਕੀਤੀਆਂ ਹਨ ਅਤੇ ਇਸ ਸਾਲ ਦੇ ਆਉਣ ਵਾਲੇ ਬਜਟ ਵਿਚ ਕਾਫੀ ਪ੍ਰੋਵੀਜ਼ਨ ਕੀਤੀ ਹੈ । ਅਕਾਲੀ ਪਾਰਟੀ ਦੇ ਭਰਾਵਾਂ ਨੂੰ ਅਸੈਂਬਲੀ ਵਿਚ ਆ ਜਾਣਾ ਚਾਹੀਦਾ ਹੈ ਅਤੇ ਆਪਣਾ ਇਥੇ ਯੋਗਦਾਨ ਪਾਉਣਾ ਚਾਹੀਦਾ ਹੈ । ਉਨ੍ਹਾਂ ਨੂੰ ਵੀ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ ਅਤੇ ਸਾਨੂੰ ਇਸ ਗੱਲ ਦਾ ਖਿਆਲ ਹੈ ਕਿ ਉਹ ਲੋਕਾਂ ਦੀ ਨੁਮਾਇੰਦਗੀ ਸਹੀ ਤਰੀਕੇ ਨਾਲ ਕਰਨ । ਅਗਰ ਉਨ੍ਹਾਂ ਨੇ ਅਸਤੀਫੇ ਵਾਪਿਸ ਨਾ ਲਏ ਅਤੇ ਇਸ ਤਰ੍ਹਾਂ ਹੀ ਆਪਣੀ ਜ਼ਿੰਮੇਵਾਰੀ ਨੂੰ ਨਾ ਨਿਭਾਇਆ ਫਿਰ ਇਸ ਤੋਂ ਅੱਧੇ ਵੀ ਅਗਲੀ ਇਲੈਕਸ਼ਨਾਂ ਵਿਚ ਨਹੀਂ ਆਉਣੇ । ਲੋਕ ਹੁਣ ਇਨ੍ਹਾਂ ਦੀ ਹਰ ਗੱਲ ਨੂੰ ਸਮਝਦੇ ਹਨ । ਅਕਾਲੀ ਭਰਾ ਪੰਜਾਬ ਦੀ ਤਰੱਕੀ ਨੂੰ ਦੇਖ ਕੇ ਘਬਰਾਏ ਫਿਰਦੇ ਹਨ ਅਤੇ ਅੱਜ ਅਕਾਲੀ ਪਾਰਟੀ ਦੀ ਮੀਟਿੰਗ ਹੋ ਰਹੀ ਹੈ ਕਿ 15 ਮਾਰਚ ਤੋਂ ਬਾਅਦ ਕੀ ਕਰਨਾ ਹੈ । ਇਹ ਚਾਹੁੰਦੇ ਹਨ ਕਿ ਕਿਸੇ ਤਰੀਕੇ ਨਾਲ ਪੰਜਾਬ ਦਾ ਰਾਜ ਭਾਗ ਸਾਡੇ ਹੱਥ ਵਿਚ ਆ ਜਾਵੇ । ਇਨ੍ਹਾਂ ਨੂੰ ਲੋਕਾਂ ਨੇ 1967, 1969, 1977 ਵਿਚ ਸਰਕਾਰ ਚਲਾਉਣ ਦਾ ਮੌਕਾ ਦਿੱਤਾ ਸੀ, ਪਰ 2 ਸਾਲਾਂ ਤੋਂ ਵੱਧ ਇਹ ਇਕ ਵਾਰ ਵੀ ਰਾਜ ਨਹੀਂ ਕਰ ਸਕੇ । ਮੇਰੀ ਇਨ੍ਹਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਹ ਅਸੈਂਬਲੀ ਵਿਚ ਆ ਜਾਣ ਅਤੇ ਅਸਤੀਫੇ ਵਾਪਿਸ ਲੈ ਕੇ ਪੂਰਾ ਪੂਰਾ ਯੋਗਦਾਨ ਦੇਣ ।

Original with;
Punjab Vidhan Sabha
Digitized by;
Panjab Digital Library

ਗੁਰਦੁਆਰੇ ਵਿਚ ਬੈਠ ਕੇ ਧਮਕੀਆਂ ਦਿੰਦੇ ਹਨ ਕਿ ਅਸੀਂ ਇਨ੍ਹਾਂ ਦਾ ਚਲਣਾ ਫਿਰਨਾ ਬੰਦ ਕਰ ਦੇਣਾ ਹੈ । ਇਕ ਦੋ ਆਦਮੀਆਂ ਦੇ ਕਹਿਣ ਨਾਲ ਜਾਂ ਧਮਕੀਆਂ ਨਾਲ ਕਦੇ ਸਰਕਾਰਾਂ ਨਹੀਂ ਡਰਿਆ ਕਰਦੀਆਂ । ਇਨ੍ਹਾਂ ਲਫਜ਼ਾਂ ਨਾਲ ਮੈਂ ਗਵਰਨਰ ਸਾਹਿਬ ਦਾ ਬੜਾ ਧੰਨ-ਵਾਦੀ ਹਾਂ ਜਿਨ੍ਹਾਂ ਨੇ ਇਥੇ ਇਸ ਹਾਊਸ ਵਿਚ ਆ ਕੇ ਭਾਸ਼ਣ ਦਿੱਤਾ ਹੈ ।

ਚੇਅਰਮੈਨ ਸਾਹਿਬ, ਅਸੀਂ ਦੇਖਾਂਗੇ ਕਿ ਆਉਣ ਵਾਲੇ ਸਮੇਂ ਵਿਚ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੀ ਅਗਵਾਈ ਥੱਲੇ ਪੰਜਾਬ ਹੋਰ ਤਰੱਕੀ ਕਰੇਗਾ । ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਬੈਠਦਾ ਹਾਂ ।

**ਕਾਮਰੇਡ ਕੁਲਵੰਤ ਸਿੰਘ (ਆਦਮਪੁਰ) :** ਚੇਅਰਮੈਨ ਸਾਹਿਬ, ਇੱਕ ਗੱਲ ਦਾ ਫੈਸਲਾ ਕਰ ਲਓ ਕਿ ਇਹ ਜਿਹੜਾ ਟਾਈਮ ਹੈ, ਇਹ ਸਾਡੀ ਪਾਰਟੀ ਵਿਚ ਨਾ ਪਾਇਆ ਜਾਵੇ । ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਦੇ ਵਿਰੋਧ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ । ਗਵਰਨਰ ਸਾਹਿਬ ਦੇ ਐਡਰੈਸ ਵਿਚ ਬਹੁਤ ਕੁੱਝ ਲਿਖਿਆ ਗਿਆ ਹੈ ਕਿ ਇਹ ਕੀਤਾ ਹੈ, ਉਹ ਕੀਤਾ ਹੈ । ਚੇਅਰਮੈਨ ਸਾਹਿਬ, ਮੈਂ ਕਹਾਂਗਾ ਕਿ ਪੰਜਾਬ ਦਾ ਵਾਤਾ-ਵਰਨ ਪਿਛਲੇ ਦੋ ਸਾਲ ਤੋਂ ਬਹੁਤ ਖ਼ਰਾਬ ਹੋ ਗਿਆ ਹੈ । ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਬਹੁਤ ਖਰਾਬ ਹੋ ਗਈ ਹੈ । ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ । 25 ਮੋਟਰ ਸਾਈਕਲ ਤੇ 25 ਕਾਰਾਂ ਲਈਆਂ ਗਈਆਂ ਤਾਂਕਿ ਐਡਮਨਿਸਟਰੇਸ਼ਨ ਤੇ ਲਾਅ ਐਂਡ ਆਰਡਰ ਤੇ ਹੋਰ ਜ਼ਿਆਦਾ ਕੰਟਰੋਲ ਕੀਤਾ ਗਿਆ ਹੈ । ਇਹ ਬਿਲਕੁਲ ਗਲਤ ਸਾਬਤ ਹੋਇਆ । ਚੇਅਰਮੈਨ ਸਾਹਿਬ, ਤੁਸੀਂ ਵੇਖ ਲਓ ਕਿ ਪਿਛਲੇ ਸਮੇਂ ਵਿਚ ਕਿਤਨੇ ਕਤਲ ਹੋਏ ਹਨ । ਫਗਵਾੜੇ ਦੇ ਨੇੜੇ ਇਕ ਕਤਲ ਹੋਇਆ ਹੈ । ਉਸ ਦਾ ਅਜੇ ਤੱਕ ਪਤਾ ਨਹੀਂ ਲੱਗਾ । ਵਾਇਰਲੈਸ ਸੈਟ ਮੌਜੂਦ ਹਨ ਪਰ ਕਤਲ ਕਰਨ ਵਾਲਿਆਂ ਨੂੰ ਸਰਕਾਰ ਫੜ ਨਹੀਂ ਸਕਦੀ । ਇਕ ਐਮ. ਐਲ. ਏ. ਦੇ ਭਰਾ ਦਾ ਕਤਲ ਹੋਇਆ ਹੈ, ਜੋ ਕਿ ਰੂਲਿੰਗ ਪਾਰਟੀ ਦਾ ਹੈ । ਜੇਕਰ ਰੂਲਿੰਗ ਪਾਰਟੀ ਦੇ ਬੰਦਿਆਂ ਦੇ ਕਤਲ ਹੁੰਦੇ ਹੋਣ ਤਾਂ ਤੁਸੀਂ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਨੂੰ ਕਿਸ ਤਰ੍ਹਾਂ ਚੰਗਾ ਕਹਿ ਸਕਦੇ ਹੋ । ਅੱਜ ਕੱਲ ਪੰਜਾਬ ਦੇ ਲੋਕਾਂ ਨਾਲ ਧੱਕਾ ਹੋ ਰਿਹਾ ਹੈ । ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਕਿਹਾ ਗਿਆ ਹੈ ਕਿ ਲਾਅ ਐਂਡ ਆਰਡਰ ਖਾਤਰ ਬਹੁਤ ਰੁਪਿਆ ਖਰਚਿਆ ਜਾ ਰਿਹਾ ਹੈ ਅਤੇ ਅਗੇ ਤੋਂ ਹੋਰ ਵੀ ਜ਼ਿਆਦਾ ਰੁਪਿਆ ਖ਼ਰਚਿਆ ਜਾਵੇਗਾ ਪਰ ਪੰਜਾਬ ਦੇ ਹਾਲਾਤ ਫਿਰ ਖਰਾਬ ਕਿਉਂ ਹਨ । ਕਦੇ ਸਰਕਾਰ ਕਹਿੰਦੀ ਹੈ ਕਿ ਪੰਜਾਬ ਦੀ ਹਾਲਤ ਅਕਾਲੀ ਪਾਰਟੀ ਨੇ ਖ਼ਰਾਬ ਕੀਤੀ ਹੈ । ਚੇਅਰਮੈਨ ਸਾਹਿਬ, ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਧਾਰਮਿਕ ਮੰਗਾਂ ਮੰਨ ਕੇ ਪੰਜਾਬ ਦੇ ਹਾਲਾਤ ਨੂੰ ਕੁਝ ਸੁਧਾਰਿਆ ਹੈ । ਪੰਜਾਬ ਦੇ ਤਿੰਨ ਵੱਡੇ ਮਸਲੇ ਹਨ । ਪਹਿਲਾ ਮੱਸਲਾ ਪਾਣੀ ਦਾ ਹੈ, ਦੂਜਾ ਮਸਲਾ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਹੈ ਅਤੇ ਤੀਸਰਾ ਮਸਲਾ ਸਟੇਟ ਅਤੇ ਸੈਂਟਰ ਦੇ ਰਿਲੇਸ਼ਨ ਦਾ ਹੈ । ਇਹ ਚੇਅਰਮੈਨ ਸਾਹਿਬ, ਤਿੰਨੇ ਬਹੁਤ ਵੱਡੇ ਮਸਲੇ ਹਨ । ਪ੍ਰਮਾਣੂ ਬਿਜਲੀ ਘਰ ਯੂ. ਪੀ. ਨੂੰ ਦੇ ਦਿੱਤਾ ਹੈ ਜੋ ਕਿ ਪੰਜਾਬ ਨੂੰ ਮਿਲਣਾ ਚਾਹੀਦਾ ਸੀ । ਗਵਰਨਰ ਸਾਹਿਬ ਦੇ ਐਡਰੈਸ ਵਿਚ ਕਿਹਾ ਗਿਆ ਹੈ ਕਿ ਬਹੁਤ ਕੁਝ ਮਿਲਿਆ ਹੈ ਪਰ ਸੀ. ਐਮ. ਸਾਹਿਬ ਦੱਸਣਗੇ ਕਿ ਕੀ ਮਿਲਿਆ ਹੈ ? ਮੈਂ ਤਾਂ ਕਹਿੰਦਾ ਹਾਂ ਕਿ ਪੰਜਾਬ ਨਾਲ ਬੇਇਨਸਾਫੀ ਹੋ ਰਹੀ ਹੈ । ਪੰਜਾਬ ਦੇ ਜਿਹੜੇ ਤਿੰਨ ਮਸਲੇ ਹਨ, ਉਹ ਛੇਤੀ ਤੋਂ ਛੇਤੀ ਸੈਂਟਰਲ ਸਰਕਾਰ ਨੂੰ ਹੱਲ ਕਰਨੇ ਚਾਹੀਦੇ ਹਨ । ਧਾਰਮਿਕ ਮੰਗਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਤਾਂ ਛੇ ਮਹੀਨੇ ਪਹਿਲਾਂ ਵੀ ਮੰਨੀਆਂ ਜਾ ਸਕਦੀਆਂ ਸਨ। ਇਨ੍ਹਾਂ ਦਾ ਐਲਾਨ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੂੰ ਪਹਿਲਾਂ ਹੀ ਕਰ ਦੇਣਾ ਚਾਹੀਦਾ ਸੀ। ਪੰਜਾਬ ਵਿਚ ਬਹੁਤ ਸਾਰੀਆਂ ਪਿਛਲੇ ਸਮੇਂ ਘਟਨਾ ਵਾਪਰੀਆਂ ਹਨ, ਜਿਸ ਨਾਲ ਪੰਜਾਬ ਦਾ ਬਹੁਤ ਸਾਰਾ ਨੁਕਸਾਨ ਹੋਇਆ ਹੈ। ਇਹ ਨੁਕਸਾਨ ਨਾ ਹੁੰਦਾ ਜੇਕਰ ਧਾਰਮਿਕ ਮੰਗਾਂ ਅੱਜ ਤੋਂ ਪਹਿਲਾਂ ਹੀ ਮੰਨ ਲਿਤੀਆਂ ਜਾਂਦੀਆਂ ਅਤੇ ਬਾਕੀ ਰਹਿੰਦੇ ਮਸਲੇ ਵੀ ਹੁਣ ਤੱਕ ਮੁੱਕ ਜਾਣੇ ਸਨ। ਗਵਰਨਰ ਦੇ ਐਡ-ਰੈਸ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਨੂੰ ਬਹੁਤ ਪੈਸਾ ਮਿਲ ਗਿਆ ਹੈ ਔਰ ਪੰਜਾਬ ਦੇ ਹਾਲਾਤ ਨੂੰ ਸੁਧਾਰਿਆ ਜਾ ਰਿਹਾ ਹੈ। ਪੰਜਾਬ ਦਾ ਪਲਾਨ ਪਹਿਲਾਂ 266 ਕਰੋੜ ਰੁਪਏ ਦਾ ਸੀ। ਫਿਰ 385 ਕਰੋੜ ਰੁਪਏ ਦਾ ਹੋ ਗਿਆ। ਹੁਣ 440 ਕਰੋੜ ਰੁਪਏ ਦਾ ਪਲਾਨ ਹੈ। ਮਹਿੰਗਾਈ, ਚੇਅਰਮੈਨ ਸਾਹਿਬ, ਬਹੁਤ ਹੋ ਗਈ ਹੈ। ਇੱਟਾਂ, ਸੀਮਿੰਟ, ਲੋਹਾ ਆਦਿ ਮਹਿੰਗਾ ਹੋ ਗਿਆ ਹੈ। ਪਹਿਲਾਂ ਸੀਮਿੰਟ ਦੀ 21 ਰੁਪਏ ਦੀ ਬੋਰੀ ਮਿਲਦੀ ਹੁੰਦੀ ਸੀ, ਜੋ ਕਿ ਅੱਜ ਕੱਲ 44-45 ਰੁਪਏ ਸਰਕਾਰੀ ਰੇਟ ਹੈ। ਇਸ ਤਰ੍ਹਾਂ ਹੋਰ ਸਾਰੀਆਂ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ। ਉਸ ਦੇ ਮੁਤਾਬਿਕ ਰੁਪਿਆ ਬਹੁਤ ਥੋੜ੍ਹਾ ਹੈ। ਅਨੰਦਪੁਰ ਹਾਈਡਲ ਪ੍ਰਾਜੈਕਟ ਦੇ ਬਾਰੇ ਇਥੇ ਹਾਊਸ ਵਿਚ ਕਿਹਾ ਗਿਆ ਸੀ ਕਿ 1982 ਵਿੱਚ ਇਹ ਪ੍ਰਾਜੈਕਟ ਚਾਲੂ ਹੋ ਜਾਵੇਗਾ। ਹੁਣ 1983 ਹੋ ਗਿਆ ਹੈ, ਪਰ ਅਜੇ ਤੱਕ ਅਨੰਦਪੁਰ ਹਾਈਡਲ ਪ੍ਰਾਜੈਕਟ ਚਾਲੂ ਨਹੀਂ ਹੋਇਆ। ਜਿਸ ਤਰ੍ਹਾਂ ਕੰਮ ਵਿੱਚ ਹੇਰਾ ਫੇਰੀ ਹੁੰਦੀ ਹੈ, ਚੋਰੀ ਹੁੰਦੀ ਹੈ, ਇਸ ਤਰ੍ਹਾਂ ਇਹ ਅਨੰਦਪੁਰ ਸਾਹਿਬ ਦਾ ਪ੍ਰਾਜੈਕਟ 1984 ਵਿਚ ਵੀ ਚਾਲੂ ਨਹੀਂ ਹੋ ਸਕਣਾ। ਜੇਕਰ ਅਨੰਦਪੁਰ ਸਾਹਿਬ ਦਾ ਪ੍ਰਾਜੈਕਟ ਚਾਲੂ ਨਹੀਂ ਹੋਵੇਗਾ ਤਾਂ ਪੰਜਾਬ ਦੇ ਲੋਕ ਤਬਾਹ ਹੋ ਜਾਣਗੇ। ਕਣਕ ਦੀ ਪੈਦਾਵਾਰ, ਚੇਅਰਮੈਨ ਸਾਹਿਬ, ਹੋ ਸਕਦਾ ਹੈ ਕਿ ਜ਼ਿਆਦਾ ਹੋਵੇ ਪਰ ਇਹ ਜ਼ਿਆਦਾ ਕਣਕ ਕੋਈ ਬਿਜਲੀ ਜ਼ਿਆਦਾ ਦੇਣ ਕਰਕੇ ਨਹੀਂ ਹੋ ਰਹੀ ਹੈ ਅਤੇ ਨਾ ਹੀ ਪਾਣੀ ਜ਼ਿਆਦਾ ਦੇਣ ਕਰਕੇ ਹੋ ਰਹੀ ਹੈ, ਬਲਕਿ ਇਹ ਜ਼ਿਆਦਾ ਪੈਦਾਵਾਰ ਕੁਦਰਤ ਵੱਲੋਂ ਮੀਂਹ ਪੈਣ ਕਰਕੇ ਹੋ ਰਹੀ ਹੈ। ਮੈਂ, ਚੇਅਰਮੈਨ ਸਾਹਿਬ, ਕਹਿੰਦਾ ਹਾਂ ਕਿ ਜੇਕਰ ਮੀਂਹ ਨਾ ਪੈਂਦੇ ਤਾਂ ਪੰਜਾਬ ਦੀ ਜ਼ਿਆਦਾ ਫਸਲ ਨਹੀਂ ਸੀ ਹੋਣੀ। ਕੁਦਰਤ ਵੱਲੋਂ ਮੀਂਹ ਪੈਣ ਕਰਕੇ ਹਾਲਾਤ ਹੀ ਕੁਝ ਐਸੇ ਬਣ ਗਏ ਹਨ। ਪੈਦਾਵਾਰ ਜ਼ਿਆਦਾ ਵਧਾਉਣ ਵਿਚ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਕੋਈ ਮਿਹਨਤ ਨਹੀਂ ਕੀਤੀ ਹੈ।

*12.48 P.M. (ਇਸ *ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਜੇਕਰ, ਸਪੀਕਰ ਸਾਹਿਬ, ਬਠਿੰਡੇ ਦੇ ਥਰਮਲ ਪਲਾਂਟ ਵਿਚ ਇਕ ਯੂਨਿਟ ਖਰਾਬ ਹੋ ਜਾਵੇ ਤਾਂ ਪੰਜਾਬ ਦੇ ਘਰਾਂ ਨੂੰ ਬਿਜਲੀ ਨਹੀਂ ਮਿਲਦੀ। ਸਪੀਕਰ ਸਾਹਿਬ, ਪੰਜਾਬ ਵਿੱਚ ਛੋਟੇ ਛੋਟੇ ਬਿਜਲੀ ਦੇ ਪ੍ਰਾਜੈਕਟਸ ਲੱਗਣੇ ਚਾਹੀਦੇ ਹਨ। ਪੰਜਾਬ ਵਿਚ ਜਿੰਨਾ ਚਿਰ ਅਟਾ-ਮਿਕ ਪਲਾਂਟ ਨਹੀਂ ਲੱਗਦਾ, ਉਨਾਂ ਚਿਰ ਬਿਜਲੀ ਦੀ ਥੁੜ੍ਹ ਪੂਰੀ ਨਹੀਂ ਹੋ ਸਕਦੀ। ਸਰ-ਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਬਿਜਲੀ ਪੈਦਾ ਕਰਨ ਦੇ ਸਾਧਨ ਜੁਟਾਉਣੇ ਚਾਹੀਦੇ ਹਨ। ਥੀਨ ਡੈਮ ਦਾ ਪ੍ਰਾਜੈਕਟ ਛੇਤੀ ਤੋਂ ਛੇਤੀ ਤਿਆਰ ਕੀਤਾ ਜਾਵੇ। ਪੰਜਾਬ ਦੀਆਂ ਹੋਰ ਲੋੜਾਂ ਨੂੰ ਪੂਰਾ ਕੀਤਾ ਜਾਵੇ। ਜੇਕਰ ਸੈਂਟਰਲ ਪੂਲ ਵਿਚ ਪੰਜਾਬ ਦੇ ਕਿਸਾਨ ਨੇ ਤਕਰੀਬਨ 60 ਪਰਸੈਂਟ ਅਨਾਜ ਦਿੱਤਾ ਹੈ ਤਾਂ ਉਸ ਨੂੰ ਅੱਜ ਸਜ਼ਾ ਦਿੱਤੀ ਜਾ ਰਹੀ ਹੈ। ਜਿਹੜੀ ਦਵਾਈ ਜੜੀ-ਬੂਟੀਆਂ ਲਈ 25 1/3% ਸਬਸਿਡੀ ਤੇ ਦਿੱਤੀ ਜਾਣੀ ਸੀ,

Original with;
Punjab Vidhan Sabha
Digitized by;
Panjab Digital Library

ਪਿਛਲੇ ਸਮੇਂ ਵਿੱਚ ਮਹਿੰਗੇ ਭਾਅ ਤੇ ਹੀ ਨਹੀਂ ਮਗੋਂ ਬਲੈਕ ਵਿਚ ਡੇਢੀਆਂ ਦੂਣੀਆਂ ਕੀਮਤਾਂ ਤੇ ਵਿਕ ਗਈ। ਪਰ ਮੈਂ ਕਹਾਂਗਾ ਕਿ ਇਨ੍ਹਾਂ ਦਵਾਈਆਂ ਦੀ ਬਲੈਕ ਕੀਤੀ ਗਈ। ਬਰਸਾਤ ਵਿੱਚ ਝੋਨੇ ਦੀ ਫਸਲ ਸਮੇਂ ਜਿਹੜੀ ਦਵਾਈ ਦੀ ਲੋੜ ਸੀ, ਉਹ ਲੋਕਾਂ ਨੂੰ ਬਹੁਤ ਥੋੜ੍ਹੀ ਮਿਕਦਾਰ ਵਿਚ ਦਿੱਤੀ ਗਈ, ਜਿਸ ਨਾਲ ਫਸਲ ਦਾ ਨੁਕਸਾਨ ਹੋਇਆ। ਘਾਹ ਗੋਡੀ ਨਾਲ ਖ਼ਤਮ ਨਹੀਂ ਹੋ ਸਕਦਾ ਸੀ, ਦਵਾਈ ਨਾਲ ਹੀ ਖ਼ਤਮ ਹੋ ਸਕਦਾ ਸੀ। ਅੱਧੇ ਤੋਂ ਜ਼ਿਆਦਾ ਦਵਾਈਆਂ ਲੋਕਾਂ ਨੂੰ ਬਲੈਕ ਵਿੱਚ ਲੈਣੀਆਂ ਪਈਆਂ। ਇਸ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਸਰਕਾਰ ਨੇ ਚੰਗੇ ਕੰਮ ਵੀ ਕੀਤੇ ਹਨ, ਉਥੇ ਉਨ੍ਹਾਂ ਵਿੱਚ ਘਾਟਾਂ ਵੀ ਰਹਿ ਗਈਆਂ ਹਨ। ਬਿਜਲੀ ਦੇ ਪਲਾਨ ਅਧੂਰੇ ਪਏ ਹਨ। ਉਨ੍ਹਾਂ ਨੂੰ ਛੇਤੀ ਤੋਂ ਛੇਤੀ ਪੂਰਾ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਨੂੰ ਬਿਜਲੀ ਦੀ ਬੜੀ ਲੋੜ ਹੈ। ਅਜੇ ਮੈਂ ਕੱਲ੍ਹ ਐਡਜਰਨਮੈਂਟ ਮੋਸ਼ਨ ਵੀ ਦਿੱਤਾ ਸੀ, ਪਰ ਤੁਸੀਂ ਕਹਿ ਦਿੱਤਾ ਕਿ ਇਹ ਕਰੰਟ ਮਸਲਾ ਨਹੀਂ ਹੈ, ਇਸ ਲਈ ਇਸ ਤੇ ਹੁਣੇ ਵਿਚਾਰ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਲੋਕਾਂ ਤੋਂ ਬਿਜਲੀ ਬੋਰਡ ਵਾਲੇ ਸਿਕਿਉਰਟੀਆਂ ਲੈਣ ਵਿੱਚ ਲੁੱਟ ਰਹੇ ਹਨ। ਕਿਸੇ ਸਬ-ਡਿਵੀਜ਼ਨ ਵਿੱਚ ਸਿਕਿਉਰਟੀ ਦਾ ਰੇਟ 10 ਰੁਪਏ ਹੈ ਅਤੇ ਕਿਸੇ ਵਿੱਚ 20 ਰੁਪਏ, ਕਿਸੇ ਵਿਚ 30 ਰੁਪਏ ਅਤੇ ਕਿਸੇ ਵਿੱਚ 40 ਰੁਪਏ ਹੈ। ਇਸ ਟਾਈਮ ਵੀ ਮੇਰੇ ਕੋਲ ਬਿਲ ਮੌਜੂਦ ਹੈ। ਦੇਖਣ ਤੋਂ ਪਤਾ ਲੱਗੇਗਾ ਕਿ ਭੋਗਪੁਰ ਵਿੱਚ ਰੇਟ 30 ਰੁਪਏ, ਆਦਮਪੁਰ ਵਿੱਚ 40 ਰੁਪਏ ਅਤੇ ਅਲਾਵਲਪੁਰ ਵਿੱਚ 20 ਰੁਪਏ ਸਿਕਿਉਰਟੀ ਦਾ ਰੇਟ ਹੈ। ਕਈਆਂ ਕੋਲੋਂ 3–3 ਮਹੀਨੇ ਦੀ ਸਿਕਿਉਰਟੀ ਲੈ ਲਈ ਜਾਂਦੀ ਹੈ। ਪਹਿਲਾਂ ਹਰੀਜਨ ਭਰਾਵਾਂ ਨੂੰ ਸਹੂਲਤ ਦਿੱਤੀ ਜਾਂਦੀ ਸੀ ਕਿ ਉਹ ਅੱਧੀ ਸਿਕਿਉਰਟੀ ਜਮ੍ਹਾਂ ਕਰਵਾ ਸਕਦੇ ਸਨ ਪਰ ਉਹ ਸਹੂਲਤ ਵੀ ਹੁਣ ਖੋਹ ਲਈ ਗਈ ਹੈ। ਲੋਕੀ ਲੁੱਟੇ ਜਾ ਰਹੇ ਹਨ ਅਤੇ ਪੰਜਾਬ ਵਿੱਚ ਕਾਨੂੰਨ ਨਾਮ ਦੀ ਕੋਈ ਚੀਜ਼ ਨਹੀਂ ਹੈ। ਇਕ ਹਲਕੇ ਵਿੱਚ ਰੇਟ 20 ਰੁਪਏ ਹੈ, ਇੱਕ ਵਿੱਚ 10 ਰੁਪਏ ਹੈ, ਇਕ ਵਿੱਚ 30 ਰੁਪਏ ਹੈ ਅਤੇ ਇੱਕ ਵਿੱਚ 40 ਰੁਪਏ ਹੈ। ਬਿਜਲੀ ਬੋਰਡ ਆਪਣੀ ਲੁੱਟ ਚੱਕੀ ਵਾਲਿਆਂ ਤੇ ਵੀ ਪਾਈ ਜਾਂਦੇ ਹਨ। ਕਿਸੇ ਕੋਲੋਂ 50 ਰੁਪਏ, ਕਿਸੇ ਕੋਲੋਂ 150 ਰੁਪਏ ਅਤੇ ਕਿਸੇ ਕੋਲੋਂ 200 ਰੁਪਏ ਸਿਕਿਉਰਟੀ ਦੇ ਲਏ ਜਾਂਦੇ ਹਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਹ ਜਿਹੜੀ ਲੁੱਟ ਮੱਚੀ ਹੈ, ਤੁਸੀਂ ਕਹਿ ਦਿੱਤਾ ਹੈ ਕਿ ਬਜਟ ਡਿਸਕਸ਼ਨ ਵਿੱਚ ਲੈ ਆਓ। ਉਸ ਬਾਰੇ ਮੈਂ ਕਹਾਂਗਾ ਕਿ ਤੁਸੀਂ ਹੁਣੇ ਹੀ ਐਲਾਨ ਕਰੋ ਕਿ ਹਰੀਜਨਾਂ ਕੋਲੋਂ ਸਿਕਿਉਰਟੀ ਨਹੀਂ ਲਈ ਜਾਵੇਗੀ। ਜਦੋਂ ਪਿਛਲੇ ਸਮੇਂ ਸਰਕਾਰ ਨੇ ਸਿਕਿਉਰਟੀ ਦੇ ਰੇਟ ਵਧਾਏ ਸਨ ਤਾਂ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਰੋਕ ਦਿੱਤੇ ਸਨ। ਪਰ ਹੁਣ ਪੰਜਾਬ ਸਰਕਾਰ ਨੇ ਕੋਈ ਘਰ ਨਹੀਂ ਬਖਸ਼ਿਆ। ਕੋਈ ਧਿਆਨ ਨਹੀਂ ਦਿੱਤਾ ਜਾਂਦਾ ਕਿ ਰੇਟ ਕਿਸ ਤਰ੍ਹਾਂ ਕਿਉਂ ਵਧਾਉਣੇ ਹਨ। ਲੋਕਾਂ ਨਾਲ ਅਨਿਆਂ ਹੋ ਰਿਹਾ ਹੈ ਜਿਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਸਰਕਾਰ ਨੇ ਪਿਛਲੀ ਵਾਰੀ ਬੱਸਾਂ ਦੇ ਕਿਰਾਏ ਵਧਾਏ ਸਨ। ਪਰ ਅੱਜ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਡੇਢ ਗੁਣਾਂ ਕਿਰਾਏ ਵਧਾਉਣ ਦੇ ਬਾਵਜੂਦ ਪੀ. ਆਰ. ਟੀ. ਸੀ. ਤੇ ਪੰਜਾਬ ਰੋਡਵੇਜ਼ ਦਾ ਘਾਟਾ ਪਿਛਲੇ ਸਾਲ ਨਾਲੋਂ ਡੇਢ੍ਹਾ ਦੂਣਾ ਨਹੀਂ ਹੋਇਆ। ਬਿਜਲੀ ਬੋਰਡ ਵੀ ਜਿੰਨੇ ਮਰਜ਼ੀ ਟੈਕਸ ਵਧਾ ਲਵੇ, ਇਹ ਫਿਰ ਵੀ ਆਪਣੇ ਘਾਟੇ ਪੂਰੇ ਨਹੀਂ ਕਰ ਸਕਦਾ। ਉਥੇ ਧਾਂਧਲੀ ਮੱਚੀ ਹੋਈ ਹੈ, ਕੁਰੱਪਸ਼ਨ ਦਾ ਨੰਗਾ ਨਾਚ ਹੁੰਦਾ ਹੈ। ਇਕ ਨੱਟ ਜਿਹੜਾ ਪਹਿਲਾਂ ਸਵਾ ਰੁਪਏ ਦਾ ਖ਼ਰੀਦਿਆ ਗਿਆ ਸੀ, ਉਹ ਦੋਬਾਰਾ ਉਸੇ ਫ਼ਰਮ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਤੋਂ ਸਵਾ ਚਾਰ ਰੁਪਏ ਦਾ ਖ਼ਰੀਦਿਆ ਗਿਆ । ਇਨ੍ਹਾਂ ਹਾਲਾਤਾਂ ਨੂੰ ਸੁਧਾਰਨਾ ਚਾਹੀਦਾ ਹੈ । ਮੈਂ ਕਹਾਂਗਾ ਕਿ ਅਨਾਜ ਦੀ ਪੈਦਾਵਾਰ ਪੰਜਾਬ ਨੇ ਵਧਾ ਕੇ ਪੰਜਾਬ ਦਾ ਹੀ ਨਹੀਂ, ਪੂਰੇ ਹਿੰਦੂ- ਸਤਾਨ ਦਾ ਸਿਰ ਉਚਾ ਕੀਤਾ ਹੈ । ਝੋਨੇ ਦੀ ਪੈਦਾਵਾਰ 55 ਲੱਖ ਟੱਨ ਤੋਂ ਵੱਧ ਮੰਡੀਆਂ ਵਿੱਚ ਆਈ ਹੈ । ਅੱਜ ਜਿੱਥੇ ਹਿੰਦੁਸਤਾਨ ਵਿੱਚ ਸੋਕਾ ਹੈ, ਜਿਥੇ 30 ਲੱਖ ਟੱਨ ਕਣਕ 216 ਰੁਪਏ ਕੁਵਿੰਟਲ ਦੇ ਹਿਸਾਬ ਨਾਲ ਬਾਹਰੋਂ ਮੰਗਵਾਈ ਜਾ ਰਹੀ ਹੈ, ਉਥੇ ਪੰਜਾਬ ਦੇ ਕਿਸਾਨ ਨੇ 142 ਰੁਪਏ ਕੁਵਿੰਟਲ ਕਣਕ ਸਰਕਾਰ ਨੂੰ ਦਿੱਤੀ ਸੀ ਜਿਹੜਾ ਕਿ ਲਾਹੇਵੰਧ ਭਾਅ ਨਹੀਂ । ਅੱਜ ਉਸ ਨੂੰ ਸਜ਼ਾ ਦਿੱਤੀ ਹੈ ਕਿ ਉਸ ਦੇ ਕੋਲੋਂ ਬਿਜਲੀ ਦੀ ਸਹੂਲਤ ਖੋਹ ਲਈ ਗਈ ਹੈ । ਪਿਛਲੀ ਸਰਕਾਰ ਨੇ ਬਿਜਲੀ ਦਾ ਰੇਟ ਘਟਾ ਕੇ 65 ਰੁਪਏ ਕਰ ਦਿੱਤਾ ਸੀ ਜਿਹੜਾ ਹੁਣ ਫਿਰ ਵਧਾ ਕੇ 85 ਰੁਪਏ ਕਰ ਦਿੱਤਾ ਹੈ । ਇਸ ਗੱਲ ਨੂੰ ਕਿਸਾਨ ਬਰਦਾਸ਼ਤ ਨਹੀਂ ਕਰੇਗਾ । ਉਹ ਅੱਜ ਵੀ ਹਾਊਸ ਦੇ ਬਾਹਰ ਹਜ਼ਾਰਾਂ ਦੀ ਗਿਣਤੀ ਵਿੱਚ ਬੈਠਾ ਹੈ, ਜਿਹੜਾ ਸਰਕਾਰ ਦੀ ਬੇਇਨਸਾਫੀ ਵਿਰੁੱਧ ਲੜੇਗਾ । ਸਰਕਾਰ ਨੂੰ ਇਹ ਵਾਧਾ ਵਾਪਸ ਲੈਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਵਾਈਂਡ ਅੱਪ ਕਰੋ ਜੀ ।

**ਕਾਮਰੇਡ ਕੁਲਵੰਤ ਸਿੰਘ** : ਇਸ ਟੈਕਸ ਦੇ ਖ਼ਿਲਾਫ ਕਿਸਾਨ ਬਾਹਰ ਬੈਠੇ ਨਾਹਰੇ ਲਗਾ ਰਹੇ ਹਨ । ਮੈਂ ਕਹਾਂਗਾ ਕਿ ਇਸ ਬਿਜਲੀ ਦੇ ਟੈਕਸ ਨੂੰ ਵਾਪਸ ਲਿਆ ਜਾਵੇ । ਮੈਂ ਇੱਕ ਦੋ ਗੱਲਾਂ ਹੋਰ ਕਹਿਣੀਆਂ ਚਾਹੁੰਦਾ ਹਾਂ । ਪੰਜਾਬ ਵਿੱਚ ਇਹ ਚੰਗਾ ਉਦਮ ਹੈ ਕਿ ਪਿੰਡਾਂ ਵੱਲ ਧਿਆਨ ਦਿੱਤਾ ਜਾ ਰਿਹਾ ਹੈ, ਉਨ੍ਹਾਂ ਦੀਆਂ ਗੱਲੀਆਂ ਅਤੇ ਨਾਲੀਆਂ ਨੂੰ ਪੱਕਾ ਕੀਤਾ ਜਾ ਰਿਹਾ ਹੈ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਲਈ ਰੱਖਿਆ ਗਿਆ 10 ਕਰੋੜ ਰੁਪਿਆ ਬਹੁਤ ਥੋੜਾ ਹੈ । ਜੇ ਪਿੰਡਾਂ ਨੂੰ ਪੂਰੀਆਂ ਸ਼ਹਿਰਾਂ ਵਾਲੀਆਂ ਸਹੂਲਤਾਂ ਦੇਣੀਆਂ ਹਨ ਤਾਂ 10 ਕਰੋੜ ਥੋੜ੍ਹਾ ਹੈ । ਇਸ ਲਈ 20 ਕਰੋੜ ਰੁਪਿਆ ਰਖਿਆ ਜਾਵੇ ਤਾਂਕਿ ਪੁਰਾਣੇ ਪਿੰਡਾਂ ਦਾ ਵੀ ਕੰਮ ਹੋ ਸਕੇ ।

**ਸ੍ਰੀ ਸਪੀਕਰ** : ਤੁਸੀਂ ਜਲਦੀ ਵਾਈਂਡ ਅੱਪ ਕਰੋ ਜੀ ।

**ਕਾਮਰੇਡ ਕੁਲਵੰਤ ਸਿੰਘ** : ਮੈਂ ਇਕ ਗੱਲ ਕਹਿਣੋਂ ਨਹੀਂ ਰਹਿ ਸਕਦਾ ਕਿ ਪਿੰਡਾਂ ਦੀਆਂ ਨਾਲੀਆਂ ਗਲੀਆਂ ਦਾ ਕੰਮ ਹਰੀਜਨਾਂ ਦੇ ਘਰਾਂ ਤੋਂ ਪਹਿਲਾਂ ਸ਼ੁਰੂ ਕਰਕੇ ਜੇ ਅਸੀਂ ਮਹਾਤਮਾ ਗਾਂਧੀ ਦਾ ਸੁਪਨਾ ਪੂਰਾ ਕਰਨਾ ਹੈ ਤਾਂ ਇਨ੍ਹਾਂ ਲਈ ਰੁਪਿਆ ਘੱਟ ਹੈ । ਇਹ ਘੱਟ ਤੋਂ ਘੱਟ 20 ਕਰੋੜ ਹੋਵੇ । ਸੀਮਿੰਟ ਦੇ ਰੇਟ ਵੀ ਬਹੁਤ ਜ਼ਿਆਦਾ ਵੱਧ ਗਏ ਹਨ । ਇਹ ਕਹਿੰਦੇ ਹਨ ਕਿ ਪੰਜਾਬ ਵਿਚ ਪਰ ਕੈਪਿਟਾ ਇਨਕਮ ਵੀ ਜ਼ਿਆਦਾ ਹੈ । ਇਨ੍ਹਾ ਦੇ ਕਹਿਣ ਦੇ ਮੁਤਾਬਿਕ ਇਕ ਮਜ਼ਦੂਰ ਦੀ ਦਿਹਾੜੀ 14 ਰੁਪਏ 68 ਪੈਸੇ ਹੈ । ਪਰ ਅੱਜ ਕਿਸੇ ਵੀ ਪਿੰਡ ਵਿੱਚ ਕਿਸੇ ਮਜ਼ਦੂਰ ਨੂੰ 14 ਰੁਪਏ 68 ਪੈਸੇ ਦਿਹਾੜੀ ਨਹੀਂ ਮਿਲਦੀ । ਕਿਸੇ ਪ੍ਰਾਈਵੇਟ ਅਦਾਰੇ ਦੀ ਗੱਲ ਤਾਂ ਛੱਡੋ, ਕਿਸੇ ਗੌਰਮਿੰਟ ਅਦਾਰੇ ਵਿੱਚ ਵੀ ਏਨੀ ਦਿਹਾੜੀ ਨਹੀਂ ਦਿੱਤੀ ਜਾਂਦੀ । ਇਸ ਗੱਲ ਵੱਲ ਵੀ ਪੂਰਾ ਧਿਆਨ ਦੇ ਕੇ ਸਰਕਾਰੀ, ਸੈਮੀ ਸਰਕਾਰੀ ਅਦਾਰਿਆ ਵਿੱਚ ਦਿਹਾੜੀ ਦਿੱਤੀ ਜਾਵੇ ਜਿਸ ਦੀ ਗਰੰਟੀ ਦਿੱਤੀ ਜਾਵੇ ਤਾਂਕਿ ਗਰੀਬ ਮਜ਼ਦੂਰਾਂ ਦਾ ਵੀ ਭਲਾ ਹੋ ਸਕੇ । ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

---

Original with;
Punjab Vidhan Sabha
Digitized by;
Panjab Digital Library

## MOTION REGARDING GREETINGS TO SUMMITEERS

**Chief Minister** (Sardar Darbara Singh) : Sir, I beg to move—

This House expresses its warm greetings to the distinguished Heads of the States and other esteemed Delegates from 101 countries of four Continents, who have assembled at New Delhi, to attend the Seventh Non-aligned Summit.

It is a matter of great pride that the Prime Minister of India, Shrimati Indira Gandhi, has been unanimously elected as Chairmen of the Summit for which this House heartily congratulates her. This is a befitting honour to India, and a tribute to the policies of peace laid down by the first Prime Minister of India, Late Pt. Jawahar Lal Nehru, which have been ably continued by Shrimati Indira Gandhi.

This House hails the Non-aligned Movement as the single largest force of world peace against imperialism, colonialism and Neo-colonialism and wish the Summit all success.

**Mr. Speaker** : Is it sense of the House that this resolution be taken up

**Voices**: Yes, yes.

---

## EXTENSION OF TIME OF THE SITTING

**Mr. Speaker** : Is it pleasure of the House that the time of the sitting of the House be extended up to 2.00 P.M.

**Voices**: Yes, yes.

**Mr. Speaker** : The time of the sitting of the House is extended upto 2.00 P.M.

---

## MOTION REGARDING GREETINGS TO SUMMITEERS

*(Resumption)*

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਇੱਕ ਇਹ ਐਸਾ ਸਮਾਂ ਹੈ ਇਸ ਮੁਲਕ ਵਿੱਚ ਕਿ ਪਿੱਛੇ ਜਿਹੇ ਏਸ਼ੀਆਡ ਗੇਮਾਂ ਹੋਈਆਂ ਹਨ । ਸਾਰੇ 80 ਮੁਲਕਾਂ ਦੀਆਂ ਟੀਮਾਂ ਵਿਚ ਸ਼ਾਮਲ ਹੋਈਆਂ ਸਨ । ਦਿੱਲੀ ਦੀ ਸ਼ਕਲ ਹੀ ਬਦਲ ਕੇ ਰੱਖ ਦਿੱਤੀ ਗਈ ਔਰ ਏਨੇ ਘੱਟ ਸਮੇਂ ਵਿਚ ਇਹ ਸਾਰਾ ਕੰਮ ਕੀਤਾ ਗਿਆ ਹੈ ਕਿ ਹਿੰਦੁਸਤਾਨ ਨੇ ਇਹ ਜ਼ਾਹਿਰ ਕਰ ਦਿੱਤਾ ਹੈ ਕਿ ਜੋ ਚੀਜ਼ ਅਸੀਂ ਮਜ਼ਬੂਤੀ ਨਾਲ ਕਰੀਏ ਉਸ ਨੂੰ ਪੂਰਾ ਕਰ ਸਕਦੇ ਹਾਂ । ਇਸ ਤੋਂ ਬਾਅਦ ਇਹ ਸਮਿੱਟ ਜੋ ਨਾਨ ਅਲਾਇਡ ਮੁਲਕਾਂ ਦਾ ਏਥੇ ਹਿੰਦੁਸਤਾਨ ਵਿੱਚ ਹੁਣ ਹੋ ਰਿਹਾ ਹੈ, ਇਹ ਪਹਿਲੀ ਵਾਰ ਹੋਇਆ ਹੈ । ਸ਼੍ਰੀਮਤੀ ਇੰਦਰਾ ਗਾਂਧੀ ਨੂੰ ਮੁਤਫਿਕਾ ਤੌਰ ਤੇ ਇਸ ਦਾ ਚੇਅਰਮੈਨ ਬਣਾਇਆ ਗਿਆ ਹੈ । ਇਹ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਸੰਸਾਰ ਦੇ ਮੁਲਕ ਜਿਹੜੇ ਨਾਨ-ਅਲਾਇਨਡ ਮੁਲਕ ਹਨ, ਜਿਹੜੇ ਕਿਸੇ ਪਾਸੇ ਵੀ ਨਹੀਂ ਜਾਣਾ ਚਾਹੁੰਦੇ ਜਿਹੜੇ ਜੰਗਬਾਜ਼ਾਂ ਦੇ ਨਾਲ ਨਹੀਂ ਰਲਣਾ ਚਾਹੁੰਦੇ ਜਿਹੜੇ ਸੰਸਾਰ ਵਿਚ ਅਮਨ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਰਖਣਾ ਚਾਹੁੰਦੇ ਹਨ, ਆਰਥਕ ਤੌਰ ਤੇ ਡੀਵੈਲਪ ਹੋਣਾ ਚਾਹੁੰਦੇ ਹਨ, ਉਹਨਾਂ ਦੀ ਹਾਲਤ ਚੰਗੀ ਹੋ ਜਾਵੇ ਤਾਂ ਕਿ ਲੋਕਾਂ ਨੂੰ ਆਰਾਮ ਮਿਲ ਸਕੇ, ਉਹਨਾਂ ਦੀ ਰੋਟੀ ਪਾਣੀ ਦਾ ਇੰਤਜ਼ਾਮ ਚੰਗਾ ਹੋਵੇ, ਉਹ ਆਰਾਮ ਦੀ ਜ਼ਿੰਦਗੀ ਬਸਰ ਕਰ ਸਕਣ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਜੰਗ ਦਾ ਸੰਸਾਰ ਵਿੱਚੋਂ ਖਾਤਮਾ ਹੋ ਸਕੇ । ਲੇਕਿਨ ਕੁਝ ਐਸੀਆਂ ਤਾਕਤਾਂ ਹਨ ਜੋ ਇਸ ਕੰਮ ਵਿੱਚ ਲੱਗੀਆਂ ਹੋਈਆਂ ਹਨ, ਜੋ ਸਿਰਫ ਆਪਣੇ ਪਰਪੱਜ਼ ਹੀ ਹੱਲ ਕਰਨਾ ਚਾਹੁੰਦੀਆਂ ਹਨ। ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਰਨਲ ਨਾਸਰ ਨੇ, ਯੋਗੋਸਲਾਵੀਆ ਦੇ ਮਾਰਸ਼ਲ ਟੀਟੋ ਨੇ ਔਰ ਹਿੰਦੁਸਤਾਨ ਦੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਮਿਲ ਕੇ ਇਸ ਦੀ ਬੁਨਿਆਦ ਰੱਖੀ ਸੀ ਤਾਂ ਕਿ ਜੰਗ ਦੇ ਝਗੜਿਆਂ ਵਿੱਚੋਂ ਉਨ੍ਹਾਂ ਮੁਲਕਾਂ ਨੂੰ ਕੱਢ ਲਿਆ ਜਾਵੇ, ਜਿਹੜੇ ਪੀਸ ਚਾਹੁੰਦੇ ਹਨ, ਉਨ੍ਹਾਂ ਨੂੰ ਇਸ ਵਿਚੋਂ ਕੱਢ ਲਿਆ ਜਾ ਸਕੇ। ਜਿਹੜੇ ਸੰਸਾਰ ਵਿਚ ਆਪਣਾ ਰਾਜ ਕਾਇਮ ਕਰਨਾ ਚਾਹੁੰਦੇ ਹਨ ਉਹਨਾ ਤੋਂ ਇਹਨਾਂ ਨੂੰ ਬਚਾਅ ਲਿਆ ਜਾ ਸਕੇ । ਜਿਹੜਾ ਲਫਜ਼ ਅਸੀਂ ਨਿਉਕਾਲੋਨੀਅਲਿਜ਼ਮ ਵਰਤਿਆ ਹੈ, ਇਸ ਦਾ ਮਤਲਬ ਸਿੱਧਾ ਹੈ ਕਿ ਕਈ ਮੁਲਕ ਹਨ ਜਿਹੜੇ ਬਿਲਕੁਲ ਪੀਸ ਚਾਹੁੰਦੇ ਹਨ, ਕਈ ਮੁਲਕ ਹਨ ਜਿਹੜੇ ਦੂਜੇ ਮੁਲਕਾਂ ਵਿਚ ਆਪਣਾ ਪੈਸਾ ਭੇਜ ਕੇ, ਆਪਣੇ ਬੰਦੇ ਭੇਜ ਕੇ ਆਪਣੀ ਪਲਾਨਿੰਗ ਨਾਲ ਕੁਝ ਮੁਲਕਾਂ ਨੂੰ ਤੋੜ ਫੋੜ ਕਰ ਦੇਣਾ ਚਾਹੁੰਦੇ ਹਨ, ਉਹ ਲੋਕ ਇਹੋ ਜਿਹਾ ਵਾਯੂ ਮੰਡਲ ਪੈਦਾ ਕਰਨਾ ਚਾਹੁੰਦੇ ਹਨ ਕਿ ਦੂਜਿਆਂ ਦੀ ਮੈਂਟਲ ਕਨਵਰਸ਼ਨ ਹੋ ਜਾਵੇ । ਇਹੋ ਜਿਹੀਆਂ ਵਾਰਦਾਤਾਂ ਹੋ ਰਹੀਆਂ ਹਨ ਜਿਨ੍ਹਾਂ ਦੀ ਰੋਕਥਾਮ ਕਰਨੀ ਅਤਿ ਜ਼ਰੂਰੀ ਹੈ । ਇਸ ਵੇਲੇ ਇਹ ਸਾਰੇ ਮੁਲਕ ਇੱਕਠੇ ਹੋਏ ਹਨ । ਇਹ ਮੁਲਕ ਤਰੱਕੀ ਚਾਹੁੰਦੇ ਹਨ । ਇਹ ਅੰਡਰ ਡੀਵੈਲਪ ਮੁਲਕਾਂ ਨੂੰ ਡਿਵੈਲਪ ਕਰਨਾ ਚਾਹੁੰਦੇ ਹਨ । ਦੂਜੇ ਮੁਲਕ ਜਿਹੜੇ ਬਹੁਤ ਅੱਗੇ ਵਧੇ ਹੋਏ ਹਨ ਜਿਨ੍ਹਾਂ ਪਾਸ ਪੈਸੇ ਦੀ ਬਹੁਤਾਤ ਹੈ ਜੋ ਇਮਪੀਰੀਅਲਿਸਟ ਫੋਰਸਿਜ਼ ਬਣਾ ਕੇ ਸੰਸਾਰ ਨੂੰ ਖਤਮ ਕਰਨਾ ਚਾਹੁੰਦੇ ਹਨ. ਉਨ੍ਹਾਂ ਨੂੰ ਇਹ ਇਕ ਬਹੁਤ ਵੱਡੀ ਵਾਰਨਿੰਗ ਵੀ ਹੈ ਕਿ ਸੰਸਾਰ ਵਿੱਚ ਇਸ ਤਰ੍ਹਾਂ ਦੀਆਂ ਇੰਮਪੀਰੀਅਲਿਸਟ ਤਾਕਤਾਂ ਜਿਨ੍ਹਾਂ ਪਾਸ ਰੁਪਇਆ ਪੈਸਾ ਬਹੁਤ ਹੈ ਔਰ ਜੋ ਸੰਸਾਰ ਦੇ ਲੋਕਾਂ ਨੂੰ ਇਕ ਦੂਜੇ ਤੋਂ ਤੋੜਨ ਲਈ ਲੱਗੇ ਹਨ ਉਹ ਪੈਸੇ ਕਿਸ ਤਰ੍ਹਾਂ ਇਸ ਗੱਲ ਲਈ ਵਰਤਿਆ ਜਾ ਸਕਦਾ ਹੈ । ਜਿਹੜਾ ਪੈਸਾਂ ਬੰਬ ਬਣਾਉਣ ਵਾਸਤੇ ਔਰ ਜ਼ਹਿਰੀਲੀਆਂ ਗੈਸਾਂ ਬਣਾਉਣ ਵਾਸਤੇ ਔਰ ਜੰਗੀ ਹਥਿਆਰ ਬਣਾਉਣ ਵਾਸਤੇ ਜਿਨ੍ਹਾਂ ਨਾਲ ਕਿ ਵੱਡੇ ਵੱਡੇ ਮੁਲਕ ਤਬਾਹ ਹੋ ਸਕਦੇ ਹਨ, ਪਰਮਾਣੂ ਬੰਬ ਬਣਾਉਣ ਵਾਸਤੇ, ਉਹ ਕਰੋੜਾਂ ਰੁਪਏ ਖਰਚ ਕਰ ਰਹੇ ਹਨ, ਉਹ ਸਾਰੀਆਂ ਦੀਆਂ ਸਾਰੀਆਂ ਫੋਰਸਿਜ਼ ਨੂੰ ਇਸ ਪਾਸੇ ਲਾ ਦਿੱਤਾ ਜਾਵੇ ਕਿ ਜਿਹੜਾ ਪੈਸਾ ਉਹ ਏਧਰ ਖ਼ਰਚ ਕਰ ਰਹੇ ਹਨ ਉਹ ਲੋਕਾਂ ਦੀ ਬਿਹਤਰੀ ਵਾਸਤੇ ਖਰਚ ਕੀਤਾ ਜਾਵੇ । ਇਸ ਪਾਸੇ ਲਾਉਣ ਲਈ ਸਭ ਤੋਂ ਜ਼ਰੂਰੀ ਬਾਤ ਇਹ ਹੈ ਕਿ ਲੜਾਈ ਜਿਹੜੀ ਹੈ, ਉਹ ਬੰਦ ਹੋਣੀ ਚਾਹੀਦੀ ਹੈ । ਅਮਨ ਹੋਣਾ ਚਾਹੀਦਾ ਹੈ । ਜੰਗ ਨੂੰ ਖ਼ਤਮ ਕਰਨਾ ਬਹੁਤ ਜ਼ਰੂਰੀ ਹੈ । ਜੋ ਮੁਲਕ ਸ਼ਾਂਤੀ ਚਾਹੁੰਦੇ ਹਨ, ਪੀਸ ਚਾਹੁੰਦੇ ਹਨ, ਉਹ ਅੱਜ ਏਥੇ ਇਕੱਠੇ ਹੋਏ ਹਨ, ਜਿੱਥੇ ਕਿ ਪੀਸ ਦਾ ਮਰਕਜ਼ ਹੈ । ਅੱਜ ਸੰਸਾਰ ਦੇ ਵਿੱਚ ਅਗਰ ਕੋਈ ਮਰਕਜ਼ ਪੀਸ ਹੈ ਤਾਂ ਉਹ ਹਿੰਦੁਸਤਾਨ ਹੈ (ਥੰਪਿੰਗ) ਅੱਜ ਨਾਨ-ਅਲਾਇੰਡ ਮੁਲਕਾਂ ਨੂੰ ਨਾਲ ਲੈਕੇ ਸੰਸਾਰ ਨੂੰ ਦੱਸਣਾ ਚਾਹੀਦਾ ਹੈ ਕਿ ਆਪਣੇ ਪੈਸੇ ਨੂੰ ਹਥਿਆਰਬੰਦੀ ਤੇ ਘੱਟ ਖਰਚ ਕਰੋ ਸਗੋਂ ਲੋਕਾਂ ਦੀ ਬਿਹਤਰੀ ਵਾਸਤੇ ਪੈਸਾ ਖਰਚ ਕੀਤਾ ਜਾਣਾ ਚਾਹੀਦਾ ਹੈ । ਇਸ ਤੋਂ ਪਹਿਲਾਂ ਭਾਵੇਂ ਪ੍ਰੀਜ਼ੀਡੈਂਟ ਮਾਰਸ਼ਲ ਟੀਟੋ ਵੀ ਇਸ

Original with;
Punjab Vidhan Sabha
Digitized by;
Panjab Digital Library

ਦੇ ਚੇਅਰਮੈਨ ਰਹੇ ਹਨ । ਔਰ ਇਸ ਉਪਰੰਤ ਹੋਰ ਵੀ ਕਈ ਸੰਸਾਰ ਦੇ ਵਿੱਚ ਮੁਲਕ ਪਹਿਲਾਂ ਜਿਹੜੇ ਇਕੱਠੇ ਹੋਏ ਹਨ, ਅੱਜ ਉਹਨਾਂ ਸਾਰਿਆਂ ਮੁਲਕਾਂ ਦਾ ਤੁਆਲੱਕ ਪੀਸ ਨਾਲ ਹੈ । ਟੀ.ਵੀ. ਤੇ ਸਾਰੇ ਲੋਕਾਂ ਨੇ ਇਹ ਜ਼ਰੂਰ ਦੇਖਿਆ ਹੋਣਾ ਹੈ, ਸਾਰਿਆਂ ਮੁਲਕਾਂ ਦੇ ਲੋਕਾਂ ਨੇ ਜੋ ਹਾਜ਼ਰ ਸਨ, ਉਹਨਾਂ ਨੇ ਸ੍ਰੀਮਤੀ ਇੰਦਰਾ ਗਾਂਧੀ ਦਾ ਓਵੇਸ਼ਨ ਰੀਸੈਪਸ਼ਨ ਕੀਤਾ ਹੈ । ਇਸ ਤੋਂ ਵੱਧ ਮਾਣ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ । ਅਸੀਂ ਚਾਹੁੰਦੇ ਹਾਂ ਕਿ ਹਰ ਦੇਸ਼ ਜੋ ਅੰਡਰ-ਫੈਡ ਹੈ, ਜਿਸ ਦੀ ਡਿਵੈਲਪਮੈਂਟ ਨਹੀਂ ਹੋ ਸਕੀ, ਜਿਸ ਨੂੰ ਤਰੱਕੀ ਦੀ ਲੋੜ ਹੈ, ਉਹ ਡਿਵੈਲਪ ਹੋਵੇ । ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਮਨ ਕਾਇਮ ਹੋਵੇ । ਅਸੀਂ ਹਿੰਦੁਸਤਾਨ ਵਿੱਚ ਡੈਮੋਕਰੇਸੀ ਨੂੰ ਕਾਇਮ ਕੀਤਾ ਹੈ । ਇਹ ਡੈਮੋਕਰੇਸੀ ਭਾਵੇਂ ਸਲੋਅ ਚਲਦੀ ਹੋਵੇ ਲੇਕਿਨ ਪੁਰਖਾਂ ਤੋਂ ਇਸ ਨੂੰ ਖੜ੍ਹਾ ਕੀਤਾ ਗਿਆ ਹੈ । ਇਹ ਜਿਹੜਾ ਸਿਸਟਮ ਹੈ ਵੋਟ ਦਾ ਸਿਸਟਮ ਹੈ । ਇਸ ਸਿਸਟਮ ਰਾਹੀਂ ਹਰ ਇਨਸਾਨ ਸੰਸਾਰ ਦਾ ਕੋਈ ਵੀ ਆਦਮੀ ਆਪਣੇ ਸੈਂਟੀਮੈਂਟਸ ਦਾ ਐਕਸਪਰੈਸ਼ਨ ਇਸ ਢੰਗ ਨਾਲ ਕਰ ਸਕਦਾ ਹੈ । ਇਸ ਸਿਸਟਮ ਵਿੱਚ ਅੱਜ ਸਾਡੇ ਜੋ ਚੁਣੇ ਹੋਏ ਲੀਡਰ ਹਨ, ਉਹ ਸ੍ਰੀਮਤੀ ਇੰਦਰਾ ਗਾਂਧੀ ਹਨ । ਉਹਨਾਂ ਦੇ ਪਿੱਛੇ ਉਹਨਾਂ ਦੇ ਨਾਲ ਦੂਸਰੇ ਮੁਲਕ ਜੋ ਖੜ੍ਹੇ ਹਨ, ਉਹ ਸੰਸਾਰ ਵਿੱਚ ਡਿਵੈਲਪਮੈਂਟ ਚਾਹੁੰਦੇ ਹਨ । ਉਹ ਅਮਨ ਚਾਹੁੰਦੇ ਹਨ । ਇਸ ਲਈ ਡੈਮੋਕਰੇਸੀ ਦਾ ਵਾਜ਼ਾਹ ਸਬੂਤ ਹੈ । ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਪੰਚਸ਼ੀਲ ਵਲ ਗਏ ਤਾਂ ਉਸ ਵੇਲੇ ਉਹਨਾਂ ਨੇ ਆਖਿਆ ਸੀ ਕਿ ਸੰਸਾਰ ਵਿਚ ਡੈਮੋਕਰੇਸੀ ਕਾਇਮ ਰਹੇਗੀ । ਇਹ ਏਨੀ ਮਜ਼ਬੂਤ ਹੋ ਜਾਵੇਗੀ ਕਿ ਇਸ ਦਾ ਕੋਈ ਪੱਤਾ ਵੀ ਨਹੀਂ ਹਿਲਾ ਸਕੇਗਾ । ਦੇਖਣ ਵਿਚ ਆਇਆ ਹੈ ਕਿ ਉਸ ਤੋਂ ਬਾਅਦ ਸ੍ਰੀਮਤੀ ਇੰਦਰਾ ਗਾਂਧੀ ਨੇ ਉਸ ਡੈਮੋਕਰੈਸੀ ਨੂੰ ਨਾਲ ਲੈ ਕੇ ਸੰਸਾਰ ਦੇ ਉਹਨਾਂ ਮੁਲਕਾਂ ਨੂੰ, ਜਿਹੜੇ ਚਾਹੁੰਦੇ ਹਨ ਕਿ ਅਮਨ ਅਮਾਨ ਨਾਲ ਰਹਿਣਾ ਚਾਹੀਦਾ ਹੈ, ਨਾਲ ਲੈ ਕੇ ਉਭਰ ਕੇ ਸਾਹਮਣੇ ਆਏ ਹਨ ਕਿ ਅਸੀਂ ਦੁਨੀਆਂ ਵਿੱਚ ਅਮਨ ਚਾਹੁੰਦੇ ਹਾਂ, ਜੰਗ ਨਹੀਂ ਕਰਨਾ ਚਾਹੁੰਦੇ, ਸਸਾਰ ਦੀ ਸ਼ਾਂਤੀ ਭੰਗ ਨਹੀਂ ਕਰਨਾ ਚਾਹੁੰਦੇ । ਇਸ ਤਰ੍ਹਾਂ ਜਿਹੜੇ ਮੁਲਕ ਸਾਡੇ ਨਾਲ ਹਨ, ਉਹ ਵੀ ਇਸ ਖ਼ਿਆਲ ਦੇ ਹੀ ਹਨ । ਲੇਕਿਨ ਇਸ ਸਮਿੱਟ ਨੇ ਸਾਬਤ ਕਰ ਦਿੱਤਾ ਹੈ ਕਿ ਸੰਸਾਰ ਵਿਚ ਐਨੇ ਮੁਲਕ ਹਨ ਜਿਹੜੇ ਨਾਨ-ਅਲਾਈਂਡ ਹਨ । ਇਸ ਤੋਂ ਇਲਾਵਾ ਹੋਰ ਵੀ ਮੁਲਕ ਹਨ ਜਿਹੜੇ ਕਿ ਸ੍ਰੀਮਤੀ ਇੰਦਰਾ ਗਾਂਧੀ ਦੀ ਪਾਲਿਸੀ ਨਾਲ ਸਹਿਮਤ ਹਨ ਕਿ ਸੰਸਾਰ ਵਿਚ ਅਮਨ ਔਰ ਸ਼ਾਂਤੀ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਸਾਡੇ ਮੁਲਕ ਵਿਚ ਵਾਤਾਵਰਨ ਐਸਾ ਹੈ । ਇਥੇ ਐਸੇ ਗੁਰੂ ਸਾਹਿਬਾਨ ਹੋਏ ਹਨ ਜਿਨ੍ਹਾਂ ਨੇ ਇਸ ਦੇਸ਼ ਵਿਚ ਅਮਨ ਔਰ ਸ਼ਾਂਤੀ ਕਾਇਮ ਰਖਣ ਲਈ ਪਰਚਾਰ ਕੀਤਾ ਹੈ । ਇਸ ਲਈ ਬਾਕੀ ਦੇ ਮੁਲਕਾਂ ਦੇ ਲੋਕ ਅਗਰ ਕਿਸੇ ਵੇਲੇ ਮਨ ਦੀ ਸ਼ਾਂਤੀ ਖੋਹ ਬੈਠਦੇ ਹਨ ਅਤੇ ਉਥੋਂ ਘਬਰਾ ਕੇ ਇਥੇ ਆਉਂਦੇ ਹਨ ਤਾਂ ਜਦੋਂ ਉਹ ਹਿੰਦੁਸਤਾਨ ਤੋਂ ਵਾਪਸ ਜਾਂਦੇ ਹਨ ਤਾਂ ਇਹ ਕਹਿ ਕੇ ਜਾਂਦੇ ਹਨ ਕਿ ਇਸ ਮੁਲਕ ਵਿਚ ਆਕੇ ਸ਼ਾਂਤੀ ਮਿਲਦੀ ਹੈ । (ਥੰਪਿੰਗ) ਅਗਰ ਇਹ ਸ਼ਾਂਤੀ ਦਾ ਪਰਸਾਰ ਸਾਰੇ ਸੰਸਾਰ ਵਿਚ ਹੋ ਜਾਏ ਤਾਂ ਸੰਸਾਰ ਤੋਂ ਲੜਾਈ ਦੀ ਘਿਨਾਉਣੀ ਤਸਵੀਰ, ਜੋ ਕਿਤੇ ਕਿਤੇ ਵੇਖਦੇ ਹਾਂ, ਉਹ ਮਿਟ ਸਕਦੀ ਹੈ ਅਤੇ ਦੁਨੀਆਂ ਡਿਵੈਲਪਮੈਂਟ ਵਾਲੇ ਪਾਸੇ ਜਾ ਸਕਦੀ ਹੈ, ਜਿਸ ਨੂੰ ਅਸੀਂ ਕਹਿੰਦੇ ਹਾਂ ਕਿ ਇਹ ਬਹਿਸ਼ਤ ਹੈ । ਬਹਿਸ਼ਤ ਔਰ ਨਰਕ ਵਿਚ ਐਨਾ ਹੀ ਫਰਕ ਹੈ ਕਿ ਬਹਿਸ਼ਤ ਵਿਚ ਲੋਕ ਆਰਾਮ ਨਾਲ ਰਹਿੰਦੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹਨ ਅਤੇ ਨਰਕ ਵਿਚ ਉਨ੍ਹਾਂ ਨੂੰ ਇਹ ਸਾਰੀਆਂ ਚੀਜ਼ਾਂ ਦੀ ਗੁਜ਼ਾਇਸ਼ ਨਹੀਂ ਹੈ।

ਮੈਂ ਬਹੁਤਾ ਨਾ ਕਹਿੰਦਾ ਹੋਇਆ ਸਿਰਫ ਐਨੀ ਗੱਲ ਹੀ ਕਹਾਂਗਾ ਕਿ ਇਹ ਰੈਜ਼ੋਲਿਊਸ਼ਨ ਜੋ ਤੁਹਾਡੇ ਸਾਹਮਣੇ ਪੇਸ਼ ਕੀਤਾ ਗਿਆ ਹੈ ਅੱਜ ਉਨ੍ਹਾਂ ਦੇ ਚੇਅਰਮੈਨ ਬਣਨ ਤੇ ਮੁਲਕ ਦੀ ਵਡਿਆਈ ਹੋਈ ਹੈ। ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਹਮੇਸ਼ਾਂ ਕਿਹਾ ਹੈ ਕਿ ਦੇਸ਼ ਵੱਡਾ ਹੈ ਫਿਰ ਪਾਰਟੀ ਆਉਂਦੀ ਹੈ ਅਤੇ ਫਿਰ ਕੋਈ ਹੋਰ ਆਉਂਦਾ ਹੈ। ਅਸੀਂ ਇਸ ਗੱਲ ਤੇ ਚਲਦੇ ਹਾਂ ਕਿਉਂਕਿ ਅੱਜ ਹੋਰ ਵੀ ਜ਼ਰੂਰਤ ਹੈ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ। ਜਿੰਨੇ 101 ਮੁਲਕ ਹਨ ਇਨ੍ਹਾਂ ਨੇ ਆਕੇ ਇਥੇ ਇਸ ਗੱਲ ਦਾ ਇਜ਼ਹਾਰ ਕੀਤਾ ਹੈ ਕਿ ਸਾਡੇ ਲੀਡਰ ਇੰਦਰਾ ਗਾਂਧੀ ਹਨ। ਅਸੀਂ ਇਸ ਨੁਕਤਾ ਨਿਗਾਹ ਨਾਲ ਸੋਚੀਏ ਕਿ ਜਿੰਨੇ ਤੰਗ ਨਜ਼ਰੀਏ ਨਾਲ ਸੋਚਣ ਵਾਲੇ ਲੋਕ ਹਨ, ਇਨ੍ਹਾਂ ਨੂੰ ਸਾਫ ਹੋਣਾ ਚਾਹੀਦਾ ਹੈ ਕਿ ਇਹ ਵੱਡੀ ਉਡਾਣ ਜੋ ਹਿੰਦੁਸਤਾਨ ਮਾਰ ਰਿਹਾ ਹੈ ਉਸ ਨਾਲ ਮਿਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਰਾ ਸੰਸਾਰ ਹਿੰਦੁਸਤਾਨ ਵੱਲ ਵੇਖ ਰਿਹਾ ਹੈ। ਇਹ ਵੱਡਾ ਮੁਲਕ, ਹਿੰਦੁਸਤਾਨ ਜੋ ਮਜ਼ਬੂਤ ਅੱਜ ਹੈ, ਇਸ ਨੂੰ ਕਾਇਮ ਰੱਖਣਾ ਚਾਹੀਦਾ ਹੈ ਅਤੇ ਅੱਗੇ ਚੱਲਣਾ ਚਾਹੀਦਾ ਹੈ। ਇਹ ਮਤਾ ਜੋ ਤੁਹਾਡੇ ਸਾਹਮਣੇ ਹੈ, ਮੈਂ ਅਰਜ਼ ਕਰਦਾ ਹਾਂ ਕਿ ਕਿਸ ਤਰ੍ਹਾਂ ਨਾਲ ਬਾਕੀ ਦੇ ਮੁਲਕਾਂ ਨੇ ਇਥੇ ਆਕੇ ਮਾਨ ਸਨਮਾਨ ਦਿੱਤਾ ਹੈ। ਇਨ੍ਹਾਂ ਨੇ ਇਥੇ ਆਕੇ ਜਿੰਨਾ ਮਾਨ ਸਨਮਾਨ ਇੰਦਰਾ ਗਾਂਧੀ ਨੂੰ ਦਿੱਤਾ ਹੈ ਸ਼ਾਇਦ ਹੀ ਐਨਾ ਮਾਨ ਸਨਮਾਨ ਸੰਸਾਰ ਵਿਚ ਕਿਸੇ ਨੂੰ ਮਿਲਿਆ ਹੋਵੇ। ਇਸ ਤੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਇਆਂ ਮੈਂ ਇੰਦਰਾ ਗਾਂਧੀ ਨੂੰ ਮੁਬਾਰਕਬਾਦ ਦਿੰਦਾ ਹਾਂ।

ਜੈ ਹਿੰਦ।

**Mr. Speaker**: Motion Moved—

"This House expresses its warm greetings to the distinguished Heads of the States and other esteemed Delegates from 101 countries of four Continents, who have assembled at New Delhi, to attend the Seventh Non-aligned Summit.

It is a matter of great pride that the Prime Minister of India, Shrimati Indira Gandhi, has been unanimously elected as Chairman of the Summit for which this House heartily congratulates her. This is a befitting honouir to India and a tribute to the policies of peace laid down by the first Prime-Minister of India, late Pt. Jawahar Lal Nehru, which have been ably continued by Shrimati Indira Gandhi.

This House hails the Non-aligned Movement as the single largest force of world peace against imperialism, colonialism and Neo colonialism and wish the Summit all success".

**ਕਾਮਰੇਡ ਰਾਜ ਕੁਮਾਰ (ਧਾਰੀਵਾਲ)** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜੋ ਪ੍ਰਸਤਾਵ ਇਸ ਸਦਨ ਸਾਹਮਣੇ ਰਖਿਆ ਹੈ, ਮੈਂ ਉਸ ਦਾ ਸਮਰਥਨ ਕਰਨ ਲਈ ਖੜਾ ਹੋਇਆ ਹਾਂ। ਇਸ ਗੱਲ ਵੱਲ ਮਾਨਯੋਗ ਮੈਂਬਰਾਂ ਦਾ ਧਿਆਨ ਦਿਲਾਉਂਦਾ ਹਾਂ ਜੋ ਇਸ ਦੁਨੀਆਂ ਵਿਚ ਰਹਿ ਰਹੇ ਹਨ, ਜਿਸ ਦੁਨੀਆਂ ਵਿਚ ਸੰਸਾਰ ਦੀਆਂ ਗੁੰਝਲਾਂ, ਸਮੱਸਿਆਵਾਂ ਹੱਲ ਕਰਨ ਵਾਸਤੇ ਜੰਗ ਹੁਣ ਇਲਾਜ ਨਹੀਂ ਰਹੇਗੀ। ਸੀ ਜੰਗ ਮੁਲਕਾਂ ਦ ਦਰਮਿਆਨ ਝਗੜਾ ਉਠਣ ਤੇ ਇਲਾਜ ਦੇ ਤੌਰ ਤੇ ਕਿਸੇ ਵੇਲੇ, ਪਰ ਇਹ 1915 ਤੱਕ ਹੀ ਸੀ।

Original with;
Punjab Vidhan Sabha
Digitized by;
Panjab Digital Library

ਉਸ ਵੇਲੇ ਜਦੋਂ ਵੀ ਕੋਈ ਮੁਲਕਾਂ ਦੇ ਦਰਮਿਆਨ ਝਗੜਾ ਉਠਦਾ ਸੀ ਤਾਂ ਉਸ ਦੇ ਹੱਲ ਵਾਸਤੇ ਲੜਾਈ ਹੁੰਦੀ ਸੀ। ਉਹ ਯੁਗ ਝਗੜਾ ਉਠਣ ਤੇ ਲੜਾਈ ਨਾਲ ਉਸ ਦਾ ਹੱਲ ਕਰਨ ਦਾ ਯੁਗ ਸੀ। ਪਰ ਮਾਨਯੋਗ, ਸਪੀਕਰ ਸਾਹਿਬ, 1920 ਤੋਂ ਬਾਅਦ ਅਸੀਂ ਜਿਸ ਸੰਸਾਰ ਵਿਚ ਰਹਿ ਰਹੇ ਹਾਂ ਇਹ ਬੜੀ ਤੇਜ਼ੀ ਨਾਲ ਕਰਵਟਾਂ ਬਦਲਦਾ ਹੋਇਆ ਅੱਗੇ ਵਧ ਰਿਹਾ ਹੈ। ਸੰਸਾਰ ਦੀ ਪਹਿਲੀ ਬੜੀ ਜੰਗ 1914 ਵਿਚ ਹੋਈ ਸੀ ਜੋ ਕਿ 1918 ਵਿਚ ਖ਼ਤਮ ਹੋਈ। 1918 ਤੋਂ 1939 ਦੇ ਦਰਮਿਆਨ 21 ਸਾਲਾਂ ਦਾ ਅਰਸਾ ਰਿਹਾ ਜਦੋਂ ਕਿ ਦੂਜੀ ਵੱਡੀ ਜੰਗ ਹੋਈ। ਲੇਕਿਨ ਇਹ ਦੁਨੀਆਂ 1945 ਵਿਚ ਸਮਾਪਤ ਹੋਣ ਵਾਲੀ ਜੰਗ ਦੀ ਤਬਾਹੀ ਨੂੰ ਵੇਖਣ ਤੋਂ ਬਾਅਦ ਇਸ ਸਿੱਟੇ ਤੇ ਪੁਜੀ ਕਿ ਸਮੱਸਿਆਵਾਂ ਦਾ ਹੱਲ ਮੁਲਕਾਂ ਦੇ ਦਰਮਿਆਨ ਲੜਾਈ ਨਹੀਂ ਬਲਕਿ ਅਮਨ; ਬਾਤ ਚੀਤ ਔਰ ਆਪਸੀ ਸਹਿਹੋਂਦ ਹੈ। (ਥੰਪਿੰਗ) 1939 ਔਰ 1983 ਵਿਚ ਕਿੰਨਾ ਲੰਬਾ ਅਰਸਾ ਹੈ। ਇਹ ਛੋਟਾ ਅਰਸਾ ਨਹੀਂ। ਪਹਿਲੀ ਔਰ ਦੂਸਰੀ ਜੰਗ ਦੇ ਦਰਮਿਆਨ 21 ਸਾਲਾਂ ਦਾ ਅਰਸਾ ਸੀ। ਅਤਿਅੰਤ ਕੋਸ਼ਿਸ਼ਾਂ ਦੇ ਬਾਵਜੂਦ ਆਪਣੀ ਸਰਵਾਈਵਲ ਨੂੰ ਕਾਇਮ ਰੱਖਣ ਲਈ ਦੁਨੀਆਂ 1983 ਤਕ ਆਪਣੇ ਆਪ ਨੂੰ ਕਿਸੇ ਜੰਗ ਵਿਚ ਨਹੀਂ ਝੋਂਕ ਸਕੀ। ਇਸ ਦਾ ਮਤਲਬ ਇਹ ਨਹੀਂ ਕਿ ਲੜਾਈ ਨਹੀਂ ਹੋਈ। ਇਸ ਦਾ ਮਤਲਬ ਇਹ ਹੈ ਕਿ ਦੁਨੀਆਂ ਅੰਦਰ ਉਨ੍ਹਾਂ ਸ਼ਕਤੀਆਂ ਦੀ ਕਮੀ ਹੋਈ ਹੈ ਜਿਹੜੀਆਂ ਅੱਜ ਇਹ ਸਮਝਦੀਆਂ ਹਨ ਕਿ ਝਗੜਿਆਂ ਦਾ ਇਲਾਜ ਲੜਾਈ ਹੈ। ਨਵੀਂ ਗੱਲ ਇਹ ਹੈ ਕਿ ਅੱਜ ਦੇ ਯੁਗ ਵਿਚ ਇਨ੍ਹਾਂ ਸਾਰੀਆਂ ਸ਼ਕਤੀਆਂ ਦੇ ਕੋਸ਼ਿਸ਼ਾਂ ਦੇ ਬਾਵਜੂਦ ਜਦੋਂ ਵੀ ਕੋਈ ਝਗੜਾ ਉਠਿਆ ਉਸ ਦਾ ਇਲਾਜ ਜੰਗ ਤੋਂ ਬਗ਼ੈਰ ਕੱਢਣਾ ਪਿਆ ਹੈ। 1945 ਤੋਂ ਲੈ ਕੇ 1983 ਤਕ 38 ਸਾਲਾਂ ਦਾ ਅਰਸਾ ਹੋ ਗਿਆ ਹੈ ਜਦੋਂ ਤਕ ਤੀਸਰੀ ਵੱਡੀ ਜੰਗ ਟਾਲੀ ਗਈ ਹੈ। ਇਸ ਦਾ ਮਤਲਬ ਇਹ ਹੈ ਕਿ Humanity has dismissed war as a means to solve its problems.

ਹੁਣ ਜਿਹੜਾ ਰਸਤਾ ਅਪਣਾਇਆ ਗਿਆ ਹੈ, ਜਿਸ ਦੀ ਕਿਰਨ ਫੁਟੀ ਸੀ ਹਿੰਦੁਸਤਾਨ ਵਿਚ ਜਿਸ ਨੂੰ ਪਹਿਲਾਂ 21 ਮੁਲਕਾਂ ਨੇ ਅਪਣਾਇਆ ਸੀ ਅੱਜ ਉਹ ਕਿਰਨ ਚਮਕੇ ਹੋਏ ਸੂਰਜ ਦੀ ਤਰ੍ਹਾਂ ਅਨ੍ਹੇਰੇ ਬਦਲਾਂ ਵਿਚੋਂ ਰੋਸ਼ਨੀ ਬਣਕੇ ਬਾਹਰ ਆ ਗਈ ਹੈ ਅਤੇ ਇਹੋ ਜਿਹੇ 101 ਮਲਕ ਬਣ ਗਏ ਹਨ (ਥੰਪਿੰਗ) ਇਹ 101 ਮੁਲਕਾਂ ਦੀ ਕੋਸ਼ਿਸ਼ ਦੇ ਸਿੱਟੇ ਕਰਕੇ ਹੀ ਦੁਨੀਆਂ ਅੰਦਰ ਮਾਰੂ ਜੰਗ ਨਹੀਂ ਹੋਈ। ਰਾਤ ਸਾਡੇ ਪ੍ਰਾਈਮ-ਮਨਿਸਟਰ ਜਦੋਂ ਟੀ. ਵੀ. ਤੇ ਬੋਲ ਰਹੇ ਸਨ ਤਾਂ ਮੈਂ ਸੁਣ ਰਿਹਾ ਸੀ। ਉਦੋਂ ਦੱਸਿਆ ਜਾ ਰਿਹਾ ਸੀ ਕਿ ਇਕ ਮੋਸਟ ਸਫਿਸਟੀਕੇਟਿਡ ਵੈਪਨ ਕੈਰੀਅਰ ਬਨਾਉਣ ਵਾਸਤੇ ਇਤਨਾ ਰੁਪਿਆ ਦਰਕਾਰ ਹੈ ਜਿਤਨਾ ਕਿ ਦੁਨੀਆਂ ਦੇ 54 ਮੁਲਕਾਂ ਦੀ ਗਰਾਸ ਨੈਸ਼ਨਲ ਪ੍ਰੋਡਿਊਸ ਦੀ ਕੀਮਤ ਹੈ। ਇਸ ਕਿਸਮ ਦਾ ਮਾਰੂ ਹਥਿਆਰ ਬਣ ਚੁੱਕਾ ਹੈ। ਅਗਰ ਜੰਗ ਹੋਏਗੀ ਤਾਂ ਉਹ ਨਾ ਸਾਲਹਾ-ਸਾਲ ਚਲਣ ਵਾਲੀ ਹੋਏਗੀ ਔਰ ਨਾ ਹੀ ਮਹੀਨੇ ਬੱਧੀ ਚੱਲਣ ਵਾਲੀ ਜੰਗ ਹੋਏਗੀ ਬਲਕਿ ਉਹ ਘੰਟਿਆਂ ਔਰ ਦਿਨਾਂ ਦੀ ਜੰਗ ਹੋਏਗੀ। ਦੁਨੀਆਂ ਅੰਦਰ ਕੰਪਲੀਟ ਤਬਾਹੀ ਕਰਨ ਵਾਲੀ ਜੰਗ ਹੋਏਗੀ। ਇਸ ਕਰਕੇ ਦੁਨੀਆਂ ਦੇ ਅੰਦਰ ਨਾਨ-ਅਲਾਈਂਡ ਤਹਿਰੀਕ ਨੂੰ ਫਰੋਗ ਦੇਣਾ ਚਾਹੀਦਾ ਹੈ। ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣੀ ਤਕਰੀਰ ਵਿਚ ਕਿਹਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਹੈ ਕਿ ਅਗਰ ਦੁਨੀਆਂ ਵਿਚ ਅਮਨ ਕਾਇਮ ਰੱਖਣਾ ਹੈ ਤਾਂ ਨਾਨ-ਅਲਾਈਂਡ ਇਸ ਲਈ ਸਭ ਤੋਂ ਵੱਡੀ ਤਹਿਰੀਕ ਹੈ। ਇਹ ਕਹਿ ਕੇ ਉਨ੍ਹਾਂ ਨੇ ਹਕੀਕਤ ਦਾ ਇਜ਼ਹਾਰ ਕੀਤਾ ਹੈ (ਥੰਪਿੰਗ) ਜਿਸ ਲਈ ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ।

ਸਪੀਕਰ ਸਾਹਿਬ, ਜੰਗ ਔਰ ਅਮਨ ਤੋਂ ਇਲਾਵਾ ਆਜ਼ਾਦੀ ਦਾ ਸਵਾਲ, ਆਜ਼ਾਦੀ ਮੁਲਕ ਨੂੰ 1947 ਵਿਚ ਮਿਲੀ ਇਸ ਤੋਂ ਪਹਿਲਾਂ ਭਾਵੇਂ ਅਫਰੀਕਾ, ਭਾਵੇਂ ਏਸ਼ੀਆ ਅਤੇ ਭਾਵੇਂ ਲੈਟਿਨ ਅਮਰੀਕਾ ਹੋਵੇ, ਇਨ੍ਹਾਂ 38 ਸਾਲਾਂ ਵਿਚ ਇਨ੍ਹਾਂ ਨੇ ਇਨਸਾਨੀਅਤ ਦੇ ਮਸਲਿਆਂ ਨੂੰ ਜੰਗ ਰਾਹੀਂ ਹੱਲ ਕਰਨ ਦਾ ਤਰੀਕਾ ਰਿਜੈਕਟ ਕਰ ਦਿਤਾ ਸੀ। ਇਨ੍ਹਾਂ 38 ਸਾਲਾਂ ਵਿਚ ਦੁਨੀਆਂ ਦੇ ਅਕਸਰੀਅਤ ਵਿਚ ਮੁਲਕ ਆਜ਼ਾਦ ਹੋ ਗਏ ਹਨ। ਜੇਕਰ ਇਨ੍ਹਾਂ ਮੁਲਕਾਂ ਦਾ ਇਤਮਾਦ ਇਸ ਵਿਚ ਨਾ ਹੁੰਦਾ ਕਿ ਬਗੈਰ ਲੜਾਈ ਕੀਤੇ ਮਸਲੇ ਹੱਲ ਹੋ ਸਕਦੇ ਹਨ ਤਾਂ ਹੁਣ 101 ਮੁਲਕ ਦਿੱਲੀ ਵਿਚ ਇਕੱਠੇ ਨਾ ਹੁੰਦੇ। ਇਨ੍ਹਾਂ ਮੁਲਕਾਂ ਨੇ ਜੰਗ ਨਾਲ ਮਸਲੇ ਹੱਲ ਕਰਨ ਦੀ ਪਾਲਿਸੀ ਰਿਜੈਕਟ ਕਰ ਦਿੱਤੀ ਹੈ। ਇਸ ਤੋਂ ਅੱਗੇ ਆਜ਼ਾਦੀ ਤੋਂ ਬਾਅਦ ਸਾਰੇ ਮਨੁੱਖਾਂ ਨੂੰ ਇਕੱਠੇ ਹੋ ਕੇ ਸਾਰਿਆਂ ਨੂੰ ਇਨਸਾਨ ਸਮਝ ਕੇ ਤਰੱਕੀ ਕਰਨੀ ਚਾਹੀਦੀ ਹੈ। ਜਿਹੜੇ ਮੁਲਕ ਤਰੱਕੀ ਯਾਫਤਾ ਨਹੀਂ ਹੋਣਗੇ ਉਹ ਪਿਛੇ ਰਹਿ ਜਾਣਗੇ।

ਇਸ ਨਾਨ-ਅਲਾਈਂਡ ਕਾਨਫਰੰਸ ਦੀ ਅਹਿਮੀਅਤ ਇਹ ਹੈ ਕਿ ਅੱਜ ਦੁਨੀਆਂ ਗੁਲਾਮੀ ਦੀਆਂ ਜੰਜੀਰਾਂ ਵਿਚੋਂ ਨਿਕਲ ਆਈ ਹੈ। ਸਾਰੀ ਦੁਨੀਆਂ ਸੁਖੀ ਵਸੇ। ਸੰਸਾਰ ਦਾ ਹਰ ਸੁਖ ਹਰ ਮਨੁੱਖ ਲਈ ਹੋਵੇ। ਹਿੰਦੁਸਤਾਨ ਨੇ 1947 ਵਿਚ ਅੰਗਰੇਜ਼ੀ ਰਾਜ ਦਾ ਜੂਲਾ ਆਪਣੇ ਗਲ ਤੋਂ ਲਾਹਿਆ। ਸਾਡੀ ਅੱਜ ਵੀ ਇਕਾਨੋਮੀ ਇੰਪੀਰੀਅਲਿਸਟ ਮੁਲਕਾਂ ਨਾਲ ਜੁੜੀ ਹੋਈ ਹੈ। ਕਿਉਂ? ਇਸ ਕਰਕੇ ਕਿਉਂਕਿ ਸਾਡੇ ਮੁਲਕ ਤੇ ਇੰਪੀਰੀਅਲਿਸਟ ਰਾਜ ਕਰਦੇ ਰਹੇ ਹਨ। ਨਾਨ-ਅਲਾਈਂਡ ਮੂਵਮੈਂਟ ਜਿਹੜੀ ਹੈ, ਇਹ ਇੰਪੀਰੀਅਲਿਸਟ ਦੇ ਖ਼ਿਲਾਫ ਅਤੇ ਸਰਮਾਏਦਾਰੀ ਢਾਂਚੇ ਦੇ ਖ਼ਿਲਾਫ ਇਕ ਤਹਿਰੀਕ ਹੈ। ਹਿੰਦੁਸਤਾਨ ਅੱਜ ਇਸ ਸਰਮਾਇਦਾਰੀ ਢਾਂਚੇ ਦੇ ਇਕਤਸਾਦੀ ਪ੍ਰਬੰਧ ਨੂੰ ਤੋੜਨ ਦੇ ਖ਼ਿਲਾਫ ਲੜ ਰਿਹਾ ਹੈ। ਇਹ ਠੀਕ ਹੈ ਕਿ ਅਸੀਂ ਆਪਣੀ ਨੈਸ਼ਨਲ ਪ੍ਰੋਡਕਟਸ ਨੂੰ ਵਧਾਇਆ ਹੈ, ਅਸੀਂ ਬਹੁਤ ਡੀਵੈਲਪਮੈਂਟ ਕੀਤੀ ਹੈ, ਇਹ ਸਾਰਾ ਕੁਝ ਅਸੀਂ ਆਪਣੀ ਮਿਹਨਤ ਸਦਕਾ ਕੀਤਾ ਹੈ। ਪਰ ਅੱਜ ਦੇ ਢਾਂਚੇ ਵਿਚ ਰਹਿੰਦਿਆਂ ਹੋਇਆਂ ਜਦ ਤਕ ਅਸੀਂ ਇਸ ਢਾਂਚੇ ਨੂੰ ਬਦਲਣ ਦਾ ਯਤਨ ਨਹੀਂ ਕਰਾਂਗੇ ਜਿਸ ਢਾਂਚੇ ਵਿਚ ਇੰਪੀਰੀਅਲਿਸਟ ਰੁਕਾਵਟਾਂ ਪਾ ਰਿਹਾ ਹੈ ਉਤਨੀ ਦੇਰ ਤਕ ਅਸੀਂ ਉਸ ਨਿਸ਼ਾਨੇ ਵੱਲ ਅਗੇ ਨਹੀਂ ਵਧ ਸਕਾਂਗੇ ਕਿ ਹਰ ਇਕ ਮਨੁੱਖ ਨੂੰ ਸੁਖ ਮਿਲ ਸਕੇ। ਇਹ ਨਿਸ਼ਾਨਾ ਇਕੱਲੇ ਹਿੰਦੁਸਤਾਨ ਦਾ ਹੀ ਨਹੀਂ ਹੈ, ਇਹ ਨਿਸ਼ਾਨਾ 101 ਮੁਲਕਾਂ ਦਾ ਹੈ ਜਿਹੜੇ ਨਾਨ-ਅਲਾਈਂਡ ਕੰਟਰੀਜ਼ ਕਾਨਫਰੰਸ ਵਿਚ ਹਿਸਾ ਲੈ ਰਹੇ ਹਨ ਜਿਨ੍ਹਾਂ ਨੇ ਹਰ ਇਕ ਸਪੀਕਰ ਨੇ ਸ਼੍ਰੀਮਤੀ ਗਾਂਧੀ ਦੀ ਸਪੀਚ ਤੋਂ ਬਾਅਦ ਉਨ੍ਹਾਂ ਨੂੰ ਪ੍ਰਧਾਨ ਚੁਣੇ ਜਾਣ ਤੇ ਉਨ੍ਹਾਂ ਨੂੰ ਗਰੀਟ ਕੀਤਾ। ਸੀ. ਐਮ. ਸਾਹਿਬ ਨੇ ਜਿਹੜਾ ਉਨ੍ਹਾਂ ਨੂੰ ਗਰੀਟ ਕਰਨ ਵਾਸਤੇ ਰੈਜ਼ੋਲਿਊਸ਼ਨ ਲਿਆਂਦਾ ਹੈ ਇਹ ਸਾਡੇ ਲਈ ਫ਼ਖ਼ਰ ਵਾਲੀ ਗੱਲ ਹੈ। ਸ਼੍ਰੀਮਤੀ ਇੰਦਰਾ ਗਾਂਧੀ ਨੂੰ ਇਸ ਕਾਨਫਰੰਸ ਦਾ ਚੇਅਰਮੈਨ ਬਣਾਇਆ ਹੈ, ਇਹ ਬੜੀ ਫ਼ਖ਼ਰ ਵਾਲੀ ਗੱਲ ਹੈ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

ਇਹ ਜਿਹੜਾ ਸਾਡੀ ਪ੍ਰਾਈਮ ਮਨਿਸਟਰ ਨੂੰ ਮਾਣ ਪ੍ਰਾਪਤ ਹੋਇਆ ਹੈ ਅਤੇ ਜਿਸ ਨੂੰ ਕਾਂਗਰੈਚੂਲੇਟ ਕਰਨ ਵਾਸਤੇ ਇਥੇ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਇਸ ਵਿਚ ਕੋਈ ਸਾਨੂੰ ਇਤਰਾਜ਼ ਨਹੀਂ ਹੈ। ਸਾਰੇ ਇਸ ਨੂੰ ਹੇਲ ਕਰ ਰਹੇ ਹਨ ਅਤੇ ਜੇ ਮੈਂ ਇਸ ਨੂੰ ਹੇਲ ਨਾ ਕਰਾਂ ਤਾਂ ਠੀਕ ਨਹੀਂ ਹੈ। (ਥੰਪਿੰਗ)

ਅੰਤ ਵਿਚ ਮੈਂ ਇਹ ਖਾਹਿਸ਼ ਜ਼ਾਹਿਰ ਕਰਦਾ ਹਾਂ ਕਿ ਜਿਸ ਕਾਨਫਰੰਸ ਨੂੰ ਅਸੀਂ ਹੇਲ ਕਰ ਰਹੇ ਹਾਂ ਇਹ ਇੰਪੀਰੀਅਲਿਸਟ ਅਤੇ ਸਾਮਰਾਜੀ ਤਾਕਤਾਂ ਦੇ ਦੁਨੀਆਂ ਵਿਚ ਜਿਹੜੇ ਗਲਬੇ ਹਨ ਉਨ੍ਹਾਂ ਦੇ ਖ਼ਿਲਾਫ਼ ਇਹ ਇਕ ਲੜਾਈ ਹੈ। ਅਸੀਂ ਇਸ ਕਾਨਫਰੰਸ ਦੀ ਸਕਸੈਸ ਦੀ ਕਾਮਨਾ ਕਰਨੀ ਹੈ। ਅਸੀਂ ਇਸ ਸਬੰਧ ਵਿਚ ਹਾਊਸ ਦੀ ਤਰਫੋਂ ਜ਼ਰੂਰ ਸਰਬ-ਸੰਮਤੀ ਨਾਲ ਮਤਾ ਪਾਸ ਕਰਕੇ ਉਸ ਦੀ ਪੂਰਨ ਕਾਮਯਾਬੀ ਲਈ ਭੇਜੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। (ਥੰਪਿੰਗ)

**ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ)**: ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਜਿਹੜਾ ਮਤਾ ਪੇਸ਼ ਕੀਤਾ ਹੈ, ਮੈਂ ਆਪਣੀ ਪਾਰਟੀ ਵਲੋਂ ਉਸ ਉਤੇ ਆਪਣੇ ਵਿਚਾਰ ਜ਼ਾਹਿਰ ਕਰਨਾ ਚਾਹੁੰਦਾ ਹਾਂ। ਇਹ ਬਹੁਤ ਹੀ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਭਾਰਤ ਦੀ ਧਰਤੀ ਤੇ ਗੁੱਟ ਨਿਰਲੇਪ ਮੁਲਕਾਂ ਦੀ ਕਾਨਫਰੰਸ ਹੋ ਰਹੀ ਹੈ ਜਿਹੜੀ ਕਿ ਇਤਿਹਾਸ ਵਿਚ ਬੜਾ ਹੀ ਅੱਛਾ ਰੋਲ ਅਦਾ ਕਰਨ ਜਾ ਰਹੀ ਹੈ। ਇਸ ਵਿਚ ਹਿੰਦੁਸਤਾਨ ਨੂੰ, ਇਥੋਂ ਦੇ ਅਵਾਮ ਨੂੰ ਹੋਰ ਵੀ ਮਾਣ ਜਾਂਦਾ ਹੈ ਕਿ ਸਾਡੀ ਪ੍ਰਧਾਨ ਮੰਤਰੀ ਨੂੰ ਇਸ ਕਾਨਫਰੰਸ ਦਾ ਚੇਅਰਮੈਨ ਚੁਣਿਆ ਗਿਆ ਹੈ। ਪਰ, ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਹੀ **

**ਸ਼੍ਰੀ ਬ੍ਰਹਮ ਮਹਿੰਦਰਾ**: ਸਪੀਕਰ ਸਾਹਿਬ, ਇਨ੍ਹਾਂ ਨੇ** ਦਾ ਜ਼ਿਕਰ ਕੀਤਾ ਹੈ। ਉਥੇ About 100 ਮੁਲਕਾਂ ਦੇ ਹੈਡਜ਼ ਆਏ ਹੋਏ ਹਨ। ਉਨ੍ਹਾਂ ਦੀ ਸਿਕਿਊਰਿਟੀ ਦਾ ਬੰਦੋਬਸਤ ਕਰਨ ਵਾਸਤੇ ਇਹ ਲਾਈ ਹੋਈ ਹੈ। Reference to ** may be expunged.

**ਸ਼੍ਰੀ ਸਪੀਕਰ**: ਪ੍ਰੋਫੈਸਰ ਜੀ ਐਨੇ ਹੈਡਜ਼ ਆਫ ਦੀ ਸਟੇਟਸ ਉਥੇ ਆਏ ਹੋਏ ਹਨ, ਉਨ੍ਹਾਂ ਦੀ ਸਿਕਿਊਰਿਟੀ ਦਾ ਪ੍ਰਬੰਧ ਕਰਨਾ ਹਿੰਦੁਸਤਾਨ ਦੀ ਸਰਕਾਰ ਦਾ ਫਰਜ਼ ਹੈ।

**ਪ੍ਰੋਫੈਸਰ ਬਲਵੰਤ ਸਿੰਘ**: ਤੁਸੀਂ ਆਪਣੇ ਵਿਚਾਰ ਰਖ ਸਕਦੇ ਹੋ, ਮੈਂ ਆਪਣੇ ਵਿਚਾਰ ਰੱਖ ਸਕਦਾ ਹਾਂ।

**ਸ਼੍ਰੀ ਸਪੀਕਰ**: ਇਹ ਲਫਜ਼ ਤੁਸੀਂ ਜਾਂ ਤਾਂ ਵਾਪਿਸ ਲੈ ਲਓ ਨਹੀਂ ਤਾਂ ਐਕਸਪੰਜ ਕਰ ਦਿੰਦੇ ਹਾਂ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਬਲਵੰਤ ਸਿੰਘ:** ਮੈਂ ਵਾਪਿਸ ਨਹੀਂ ਲੈਂਦਾ ।

**ਸ੍ਰੀ ਸਪੀਕਰ:** ਇਹ ਰਿਮਾਰਕਸ ਐਕਸਪੰਜ ਕੀਤੇ ਜਾਂਦੇ ਹਨ ।

**ਪ੍ਰੋਫੈਸਰ ਬਲਵੰਤ ਸਿੰਘ:** ਇਹ ਬੜੀ ਮਹੱਤਵਪੂਰਨ ਗੱਲ ਹੈ ਜਿਸ ਵਾਤਾਵਰਨ ਵਿਚ ਇਹ ਆਪਣੀ ਜ਼ਿਮੇਵਾਰੀ ਨਿਭਾਉਣ ਜਾ ਰਹੀ ਹੈ । ਇੰਪੀਰੀਅਲਿਸਟ ਮੁਲਕ ਜਿਹੜੇ ਹਨ ਉਹ ਅਮਨ ਪਸੰਦ ਮੁਲਕਾਂ ਨੂੰ ਜੰਗ ਦੀ ਭੱਠੀ ਵਿਚ ਪਾਉਣਾ ਚਾਹੁੰਦੇ ਹਨ । ਇੰਪੀਰੀ-ਅਲਿਸਟ ਮੁਲਕ ਜੰਗ ਦਾ ਸਾਮਾਨ, ਬਾਰੂਦ ਆਦਿ ਪੈਦਾ ਕਰ ਰਹੇ ਹਨ । ਉਹ ਐਸੇ ਬੰਬ ਤਿਆਰ ਕਰ ਰਹੇ ਹਨ ਜਿਸ ਵਾਤਾਵਰਨ ਵਿਚ ਸਾਹ ਲੈਣ ਵਾਲੇ ਨੂੰ ਆਕਸੀਜਨ ਨਹੀਂ ਮਿਲੇਗੀ । ਇਸ ਨੂੰ ਜੇ ਇੰਪੀਰੀਅਲਿਸਟ ਬੰਬ ਕਿਹਾ ਜਾਵੇ ਤਾਂ ਇਹ ਕੋਈ ਮਾੜੀ ਗੱਲ ਨਹੀਂ ਹੈ । ਬਹੁਤ ਸਾਰੇ ਮੁਲਕਾਂ ਨੇ ਇਸ ਦੇ ਬਾਰੇ ਫਿਕਰ ਜ਼ਾਹਿਰ ਕੀਤਾ ਹੈ । ਜੇ ਇਸ ਚੀਜ਼ ਨੂੰ ਖ਼ਤਮ ਨਾ ਕੀਤਾ ਗਿਆ ਤਾ ਦੁਨੀਆਂ ਦੇ 1/3 ਲੋਕਾਂ ਨੂੰ ਇਹ ਤਬਾਹ ਕਰ ਦੇਣਗੇ ਅਤੇ 50% ਲੋਕ 20 ਸਾਲਾਂ ਵਾਸਤੇ ਕਿਸੇ ਨਾਂ ਕਿਸੇ ਬੀਮਾਰੀ ਦਾ ਸ਼ਿਕਾਰ ਹੋ ਸਕਦੇ ਹਨ । ਇਸ ਦੇ ਖਿਲਾਫ ਨਾਨ-ਅਲਾਈਂਡ ਕੰਟਰੀਜ਼ ਨੇ ਰੋਲ ਅਦਾ ਕਰਨਾ ਹੈ ।

ਜੇ ਅਜਿਹੀਆਂ ਤਾਕਤਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਅਤੇ ਉਨ੍ਹਾਂ ਦੇ ਖਿਲਾਫ ਆਵਾਜ਼ ਨਾ ਉਠਾਈ ਗਈ ਤਾਂ ਇਹ ਤਾਕਤਾਂ ਬਹੁਤ ਖਤਰਨਾਕ ਸਾਬਤ ਹੋ ਸਕਦੀਆਂ ਹਨ । ਇਹ ਤਾਕਤਾਂ ਦੁਨੀਆਂ ਨੂੰ ਅੱਗ ਦੇ ਭਾਂਬੜ ਵਿਚ ਝੋਂਕਣਾ ਚਾਹੁੰਦੀਆ ਹਨ । ਸਾਮਰਾਜ-ਵਾਦੀ ਤਾਕਤਾਂ ਬੈਂਕਾਂ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਰਾਹੀਂ ਲੋਕਾਂ ਦੀਆਂ ਆਜ਼ਾਦੀਆਂ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਹਨ । ਉਹ ਉਪਰਾਲੇ ਕਰਦੇ ਹਨ ਕਿ ਆਜ਼ਾਦ ਦੇਸ਼ਾਂ ਦੀ ਆਜ਼ਾਦੀ ਲੁੱਟ ਲਈਏ । ਫੀਡਲ ਕਾਸਟਰੋ ਨੇ ਠੀਕ ਆਖਿਆ ਹੈ ਕਿ ਕਿਵੇਂ ਕਾਫੀ ਅਤੇ ਪਟਸਨ ਸਸਤਾ ਲੈ ਕੇ ਸਾਮਰਾਜੀ ਮੁਲਕ ਗੱਡੀਆਂ ਅਤੇ ਫਰਟੇਲਾਈਜ਼ਰ ਮਹਿੰਗਾ ਵੇਚਦੇ ਹਨ ਅਤੇ 1959 ਤੋਂ ਹੁਣ ਤੱਕ ਸਾਮਰਾਜੀ ਮੁਲਕਾਂ ਤੋਂ ਆਉਣ ਵਾਲੀਆਂ ਵਸਤਾਂ ਦਾ ਮੁੱਲ ਉਨ੍ਹਾਂ ਆਪ ਹੀ ਦੁੱਗਣਾ ਕਰ ਲਿਆ ਹੈ ।

ਅੰਤਰ-ਰਾਸ਼ਟਰੀ ਮੁਦਰਾ ਕੋਸ਼ ਰਾਹੀਂ ਆਪਣੀਆਂ ਨੀਤੀਆਂ ਡਿਕਟੇਟ ਕਰਵਾ ਕੇ ਸਾਡੀ ਛੋਟੀਆਂ ਸੱਨਅਤਾਂ ਕੈਮੀਕਲ ਇੰਡਸਟਰੀਜ਼ ਅਤੇ ਪੈਟਰੋ-ਕੈਮੀਕਲ ਇੰਡਸਟਰੀਜ਼ ਸਟੈਗਨੇਟ ਹੋਕੇ ਰਹਿ ਗਈਆਂ ਹਨ । ਗੁੱਟ ਨਿਰਲੇਪ ਦੇਸ਼ਾਂ ਨੂੰ ਇਕੱਠੇ ਹੋ ਕੇ ਸਾਮਰਾਜੀ ਦੇਸ਼ਾਂ ਦੀਆਂ ਕੋਝੀਆਂ ਚਾਲਾਂ ਨਾਕਾਮਯਾਬ ਬਣਾਉਣ ਲਈ ਵਿਚਾਰ ਕਰਨਾ ਚਾਹੀਦਾ ਹੈ । ਸਾਮਰਾਜੀ ਦੇਸ਼ ਦੂਜੇ ਮੁਲਕਾ ਦਾ ਬਹੁਤ ਸ਼ੋਸ਼ਣ ਕਰ ਰਹੇ ਹਨ । ਅੰਤਰ-ਰਾਸ਼ਟਰੀ ਮੁਦਰਾ ਕੋਸ਼ ਵਰਗੀਆਂ ਸੂਹੀਆ ਏਜੰਸੀਆਂ ਨੂੰ ਵਰਤ ਕੇ ਵਾਤਾਵਰਣ ਨੂੰ ਗੰਦਾ ਕਰਨ ਅਤੇ ਆਪਣੀ ਲੁੱਟ ਦਾ ਸ਼ਿਕਾਰ ਬਣਾਉਣ ਲਈ ਉਹ ਆਪਣਾ ਪੂਰਾ ਵਾਹ ਲਾ ਰਹੇ ਹਨ । ਆਪਣੀਆਂ ਸੂਹੀਆਂ ਏਜੰਸੀਆਂ ਰਾਹੀਂ ਉਹ ਹਰ ਦੇਸ਼ ਵਿਚ ਘੁਸਪੈਠ ਕਰਕੇ ਤਬਾਹੀ ਕਰਾਉਂਦੇ ਹਨ । ਗੁੱਟ ਨਿਰਲੇਪ ਲਹਿਰ ਉਨ੍ਹਾਂ ਦੀਆਂ ਕੋਝੀਆਂ ਚਾਲਾਂ ਤੋਂ ਦੁਨੀਆਂ ਨੂੰ ਬਚਾਉਣ ਲਈ ਬਹੁਤ ਸ਼ਾਨਦਾਰ ਰੋਲ ਅਦਾ ਕਰ ਰਹੀ

Original with;
Punjab Vidhan Sabha
Digitized by;
Panjab Digital Library

ਹੈ । ਮੈਂ ਸਮਝਦਾ ਹਾਂ ਕਿ ਇਸ ਵਿਚ ਭਾਗ ਲੈਣ ਵਾਲੇ ਦੇਸ਼ਾਂ ਨੂੰ ਹਿੰਦ ਮਹਾਂਸਾਗਰ ਨੂੰ ਅਮਨ ਦਾ ਖਿੱਤਾ ਬਣਾਉਣ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਮੈਨੂੰ ਅਫ਼ਸੋਸ ਹੈ ਕਿ ਪਿਛਲੀ ਵਾਰ ਜਦੋਂ ਵਿਦੇਸ਼ ਮੰਤਰੀ ਇੱਕਠੇ ਹੋਏ ਸਨ ਤਾਂ ਉਸ ਵੇਲੇ ਇਹ ਡੀਗੋ ਗਾਰਸ਼ੀਆ ਦਾ ਸਵਾਲ ਨਹੀਂ ਉਠਾਇਆ ਗਿਆ ਸੀ । ਅਸੀਂ ਉਮੀਦ ਕਰਦੇ ਹਾਂ ਕਿ ਇਸ ਵਾਰ ਇਹ ਸਵਾਲ ਜ਼ਰੂਰ ਉਠਾਇਆ ਜਾਵੇਗਾ ਅਤੇ ਸਾਰੇ ਦੇਸ਼ ਆਪਣੀ ਆਵਾਜ਼ ਨੂੰ ਲਾਮਬੰਦ ਕਰਕੇ ਹਿੰਦਮਹਾਂਸਾਗਰ ਨੂੰ ਅਮਨ ਭਰੇ ਪਾਣੀਆਂ ਦਾ ਖਿੱਤਾ ਬਣਾਉਣ ਲਈ ਜ਼ਰੂਰ ਯਤਨ ਕਰਨਗੇ । ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸੁਤਰਾਣਾ, ਐਸ. ਸੀ.): ਸਪੀਕਰ ਸਾਹਿਬ, ਗੁਟ ਨਿਰਲੇਪ ਦੇਸ਼ਾਂ ਦੀ ਕਾਨਫਰੰਸ ਸਬੰਧੀ ਜਿਹੜਾ ਮਤਾ ਇਥੇ ਲਿਆਂਦਾ ਗਿਆ ਹੈ, ਮੈਂ ਉਸ ਨਾਲ ਸਹਿਮਤ ਹਾਂ। ਦੁਨੀਆਂ ਵਿਚ ਜਿੰਨੇ ਵੀ ਝਗੜੇ ਹੁੰਦੇ ਹਨ, ਉਹ ਆਮ ਤੌਰ ਤੇ ਸਾਮਰਾਜੀ ਮੁਲਕਾਂ ਦੀ ਸ਼ਹਿ ਤੇ ਹੀ ਹੁੰਦੇ ਹਨ । ਸਾਮਰਾਜੀ ਮੁਲਕ ਹੀ ਝਗੜੇ ਪੈਦਾ ਕਰਦੇ ਹਨ । ਜਿਸ ਤਰ੍ਹਾਂ ਕਿ ਮਾਰਕਸ ਨੇ ਕਿਹਾ ਹੈ, ਇਮਪੀਰੀਅਲਿਸਟ ਮੁਲਕ ਇਸ ਲਈ ਜੰਗ ਲਾਉਂਦੇ ਹਨ ਤਾਂ ਕਿ ਉਨ੍ਹਾਂ ਦਾ ਬਣਾਇਆ ਹੋਇਆ ਜੰਗੀ ਸਮਾਨ ਵੇਚਿਆ ਜਾ ਸਕੇ, ਉਨ੍ਹਾਂ ਲਈ ਨਵੀਆਂ ਮੰਡੀਆਂ ਲੱਭੀਆਂ ਜਾ ਸਕਣ ਅਤੇ ਜਿਹੜੇ ਗ਼ਰੀਬ ਮੁਲਕ ਹਨ, ਉਨ੍ਹਾਂ ਦੀ ਲੁਟ-ਖਸੁੱਟ ਕਰਕੇ ਆਪਣੇ ਆਪ ਨੂੰ ਹੋਰ ਮਾਲੋਮਾਲ ਕੀਤਾ ਜਾ ਸਕੇ । ਮਾਰਕਸ ਨੇ ਕਿਹਾ ਹੈ ਕਿ ਇਹ ਸਾਮਰਾਜੀ ਦੇਸ਼ ਹਰ 15-20 ਜਾਂ 25 ਸਾਲਾਂ ਬਾਦ ਜੰਗ ਲਗਾਈ ਰੱਖਦੇ ਹਨ ਤਾਂ ਕਿ ਉਨਾਂ ਦਾ ਬਣਾਇਆ ਹੋਇਆ ਮਾਲ ਵਿਕ ਸਕੇ ਅਤੇ ਉਨ੍ਹਾਂ ਲਈ ਨਵੀਂਆਂ ਮੰਡੀਆਂ ਲੱਭੀਆਂ ਜਾਂ ਸਕਣ । ਇਸ ਤਰ੍ਹਾਂ ਦੇ ਹਾਲਾਤ ਵਿਚ ਲੇਨਿਨ ਨੇ ਅਮਨ ਦਾ ਨਾਹਰਾ ਦਿਤਾ, ਜਿਸ ਨੂੰ ਬਰੇਜ਼ਨੇਵ ਨੇ ਅੱਗੇ ਵਧਾਇਆ । 1918 ਤੋਂ ਬਾਦ ਜੇ 20 ਕੁ ਸਾਲ ਲੜਾਈ ਲੱਗਣ ਵਿਚ ਪੈ ਗਏ ਸਨ ਤਾਂ ਇਸ ਲਈ ਨਹੀਂ ਕਿ ਸਾਮਰਾਜੀ ਦੇਸ਼ਾਂ ਨੂੰ ਦੂਸਰੇ ਮੁਲਕਾਂ ਦੇ ਲੋਕਾਂ ਨਾਲ ਪਿਆਰ ਹੋ ਗਿਆ ਸੀ ਸਗੋਂ ਉਸ ਦਾ ਕਾਰਨ ਲੈਨਿਨ ਅਤੇ ਸਟਾਲਿਨ ਵੱਲੋਂ ਚਲਾਈ ਹੋਈ ਲਹਿਰ ਸੀ । ਹੁਣ ਵੀ, ਜੇ ਦੂਸਰੀ ਸੰਸਾਰ ਜੰਗ ਤੋਂ ਬਾਦ 38-39 ਸਾਲ ਲੰਘ ਗਏ ਹਨ ਤਾਂ ਇਸ ਦੀ ਵਜਾ ਇਹ ਨਹੀਂ ਸੀ ਕਿ ਉਹ ਦੂਜੇ ਲੋਕਾਂ ਨੂੰ ਪਿਆਰ ਕਰਨ ਲਗ ਪਏ ਹਨ । ਇਹ ਜੰਗ ਇਸ ਲਈ ਨਹੀਂ ਰੁਕੀ ਹੋਈ ਕਿ ਉਨ੍ਹਾਂ ਦੇ ਦਿਲਾਂ ਵਿਚ ਪਿਆਰ ਪੈਦਾ ਹੋ ਗਿਆ ਹੈ ਸਗੋਂ ਅਸਲ ਵਿਚ ਇਸ ਦਾ ਕਾਰਣ ਇਹ ਹੈ ਕਿ ਅਮਰੀਕਾ ਵਰਗੇ ਮੁਲਕ ਇਹ ਸਮਝਣ ਲੱਗ ਪਏ ਹਨ ਕਿ ਜੇਕਰ ਹੁਣ ਜੰਗ ਲਗੀ ਤਾਂ ਉਹ ਵੀ ਬਚ ਨਹੀਂ ਸਕਣਗੇ, ਨਿਊਯਾਰਕ ਅਤੇ ਵਾਸ਼ਿੰਗਟਨ ਵੀ ਤਬਾਹ ਹੋ ਜਾਣਗੇ । ਉਨ੍ਹਾਂ ਨੂੰ ਇਸ ਗੱਲ ਦਾ ਬੜਾ ਚੰਗੀ ਤਰ੍ਹਾਂ ਪਤਾ ਹੈ ਕਿ ਇਸ ਲੜਾਈ ਵਿਚ ਉਹ ਸਿਰਫ ਤਮਾਸ਼ਾਈ ਹੀ ਨਹੀਂ ਹੋਣਗੇ, ਸਗੋਂ ਆਪ ਵੀ ਇਸ ਦਾ ਸ਼ਿਕਾਰ ਹੋ ਜਾਣਗੇ । ਹਿੰਦੁਸਤਾਨ ਦੇ ਵਿਚ ਇਸ ਵੇਲੇ ਗੁਟ ਨਿਰਲੇਪ ਸੰਮੇਲਨ ਹੋ ਰਿਹਾ ਹੈ । ਇਨ੍ਹਾਂ ਦੇਸ਼ਾਂ ਨੂੰ ਇਕੱਠੇ ਹੋ ਕੇ ਸਾਮਰਾਜੀ ਮੁਲਕਾਂ ਦੇ ਖ਼ਿਲਾਫ ਸੰਘਰਸ਼ ਕਰਨਾ ਚਾਹੀਦਾ ਹੈ । ਇਹ ਮੁਲਕ ਜੇ ਇਕਠੇ ਹੋ ਜਾਣ ਤਾਂ ਫਿਰ ਅਮਰੀਕਾ ਅਤੇ ਹੋਰ ਸਾਮਰਾਜੀ ਦੇਸ਼ ਕਦੇ ਵੀ ਲੜਾਈ ਸ਼ੁਰ ਕਰਨ ਦੀ ਜੁਰਅਤ ਨਹੀਂ ਕਰ ਸਕਣਗੇ । ਗੁਟ ਨਿਰਲੇਪ ਦੇਸ਼ਾਂ ਦੇ ਇਕੱਠੇ ਕਰਕੇ ਹੀ ਅਮਰੀਕਾ ਹੁਣ ਇਹ ਸਮਝ ਗਿਆ ਹੈ ਕਿ ਜੰਗ ਸ਼ੁਰੂ ਕਰਨੀ ਕੋਈ ਆਸਾਨ ਗੱਲ ਨਹੀਂ ਹੈ । ਉਸ ਨੂੰ ਪਤਾ ਹੈ ਕਿ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਮੇਰੇ ਮੁਕਾਬਲੇ ਤੇ ਦੂਜੇ ਦੇਸ਼ ਵੀ ਆ ਸਕਦੇ ਹਨ । ਬੰਗਲਾ ਦੇਸ਼ ਦੀ ਜੰਗ ਸਮੇਂ ਹਿੰਦ ਮਹਾਂ ਸਾਗਰ ਵਿਚ ਅਮਰੀਕਾ ਨੇ ਆਪਣਾ ਸ਼ਕਤੀਸ਼ਾਲੀ ਸਤਵਾਂ ਸਮੁੰਦਰੀ ਬੇੜਾ ਲਿਆ ਖੜ੍ਹਾ ਕੀਤਾ । ਕੁਝ ਦੇਰ ਬਾਦ ਆਪਣੇ ਆਪ ਹੀ ਉਹ ਬੇੜਾ ਵਾਪਸ ਮੁੜ ਗਿਆ । ਕਿਉਂ? ਇਸ ਲਈ ਨਹੀਂ ਕਿ ਉਸ ਨੂੰ ਹਿੰਦੁਸਤਾਨ ਦੇ ਲੋਕਾਂ ਨਾਲ ਪਿਆਰ ਹੋ ਗਿਆ ਸੀ ਬਲਕਿ ਇਸ ਲਈ ਕਿ ਰੂਸ ਨੇ ਵੀ ਉਸ ਦੇ ਮੁਕਾਬਲੇ ਤੇ ਆਪਣਾ ਬੇੜਾ ਭੇਜ ਦਿੱਤਾ ਸੀ । ਹਿੰਦੁਸਤਾਨ ਅਮਨ ਚਾਹੁੰਦਾ ਹੈ ਪਰ ਹੁਣ ਫਿਰ ਅਮਰੀਕਾ ਆਸਾਮ ਅਤੇ ਪੰਜਾਬ ਵਿਚ ਸਾਜ਼ਸ਼ਾਂ ਕਰ ਰਿਹਾ ਹੈ । ਹਿੰਦੁਸਤਾਨ ਵਿਚ ਆਪਣੇ ਪਿੱਠੂਆਂ ਦੀ ਅਮਰੀਕਾ ਮੱਦਦ ਕਰ ਰਿਹਾ ਹੈ । ਸਾਨੂੰ ਉਨ੍ਹਾਂ ਦੇ ਪਿੱਠੂਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ । ਸਾਨੂੰ ਮੁਰਾਰ ਜੀ ਡਿਸਾਈ ਅਤੇ ਵਾਜਪਾਈ ਵਰਗੇ ਬੰਦਿਆਂ ਤੋਂ ਹੁਸ਼ਿਆਰ ਰਹਿਣਾ ਚਾਹੀਦਾ ਹੈ ਜੋ ਕਿ ਅਮਰੀਕਾ ਦਾ ਪੱਖ ਪੂਰਦੇ ਹਨ । ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਮਰੀਕਾ ਦਾ ਮੁਕਾਬਲਾ ਕਰਨ ਲਈ ਸਾਨੂੰ ਕੀ ਰਸਤਾ ਅਖਤਿਆਰ ਕਰਨਾ ਚਾਹੀਦਾ ਹੈ । ਰਸਤਾ ਇਹ ਨਹੀਂ ਹੈ ਕਿ ਵਾਜਪਾਈ ਨੂੰ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਬਣਾ ਦੇਈਏ । ਰਸਤਾ ਇਹ ਹੈ ਕਿ ਸਾਨੂੰ ਹਰ ਉਸ ਪਾਰਟੀ ਦੇ ਖ਼ਿਲਾਫ ਜੱਦੋ ਜਹਿਦ ਕਰਨੀ ਚਾਹੀਦੀ ਹੈ ਜੋ ਅਮਰੀਕਾ-ਪੱਖੀ ਹੋਵੇ ਭਾਵੇਂ ਉਹ ਕਾਂਗਰਸ ਪਾਰਟੀ ਹੋਵੇ, ਭਾਵੇਂ ਜਨ ਸੰਘ ਅਤੇ ਭਾਵੇਂ ਕੋਈ ਹੋਰ । ਸਾਮਰਾਜੀ ਦੇਸ਼ਾਂ ਦੇ ਖਿਲਾਫ ਸਾਨੂੰ ਇਕਮੁੱਠ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਇਸ ਦੇ ਵਿੱਚ ਜੋ ਛੇਵੀਂ ਲਾਈਨ ਹੈ ਉਸ ਦੇ ਵਿਚ 'ਆਫ ਪੀਸ' ਲਫਜ਼ ਪਾਇਆ ਜਾ ਸਕਦਾ ਹੈ ।

The wording should be "policies of peace laid down by the first Prime Minister...."

**ਸ਼੍ਰੀ ਸਪੀਕਰ**: ਤੁਹਾਡੀ ਕਾਪੀ ਤੇ ਨਹੀਂ ਹੈ ਸ਼ਾਇਦ ਲੇਕਿਨ ਇਸ ਦੇ ਵਿਚ ਹੈ ।

**Mr. Speaker**: Question is—

> "This House expresses its warm greetings to the distinguished Heads of States and other esteemed Delegates from 101 countries of four Continents, who have assembled at New Delhi, to attend the Seventh Non-aligned Summit.
>
> It is a matter of great pride that the Prime Minister of India, Shrimati Indira Gandhi, has been unanimously elected as Chairman of the Summit, for which this House heartily congratulates her. This is a befitting honour to India and a tribute to the policies of peace laid down by the first Prime Minister of India, late Pt. Jawahar Lal Nehru, which have been ably continued by Shrimati Indira Gandhi.
>
> This House hails the Non-aligned Movement as the single [illegible] force of world peace against imperialism, colonialism and Neocolonialism and wish the Summit all success".

*The Motion was carried unanimously.*

**Mr. Speaker**: The House stands adjourned till 9.00 A.M. on Wednesday, the 9th March, 1983.

*1.44 P. M. (*The Sabha then *adjourned till 9.00 A.M. on Wednesday, the 9th March, 1983*)

557—14-10-83—325 ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1984

Published under the authority of the Punjab Vidhan Sabha and Printed by the Controller, Printing & Stationery, Punjab, at the Govt. Press, Patiala

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*9th March, 1983*

**Vol. VI—No. 3**

**OFFICIAL REPORT**

CONTENTS

**Wednesday, the 9th March, 1983**

| | | *Page* |
|---|---|---|
| Starred Questions and Answers | ... | (3)1 |
| Written Answers to Starred Questions laid on the Table of the House under rule 38 | .. | (3)17 |
| Unstarred Questions and Answers | .. | (3)17 |
| Points of Order re : Adjournment Motion | ... | (3)18 |
| First Report of the Business Advisory Committee | ... | (3)21 |
| Papers laid on the Table | ... | (3)22 |
| Resumption of discussion on Governor's Address | .. | (3)23 |

Punjab Vidhan Sabha Secretariat, Chandigarh

Price Rs. 33-00.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

# PUNJAB VIDHAN SABHA

**Wednesday, the 9th March, 1983**

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

---

## STARRED QUESTIONS AND ANSWERS

### Milk Plant at Ferozepur

***1831. Sardar Gurnaib Singh Brar :** Will the Minister of State for Co-operation be pleased to state whether the Government has sanctioned the setting up of any Milk Plant at Ferozepur, if so, the time by which its construction is likely to be started and the date by which it is likely to start functioning ?

**ਸਰਦਾਰ ਬੀਰ ਪਾਲ ਸਿੰਘ** : ਮਿਲਕ ਫੈਡਰੇਸ਼ਨ ਵਲੋਂ ਓਪਰੇਸ਼ਨ ਫਲੱਡ-2 ਪ੍ਰੋਗਰਾਮ ਅਧੀਨ ਫਿਰੋਜ਼ਪੁਰ ਵਿਖੇ 50 ਹਜ਼ਾਰ ਲਿਟਰ ਰੋਜ਼ਾਨਾ ਖਪਤ ਦਾ ਮਿਲਕ ਪਲਾਂਟ ਲਗਾਉਣ ਦੀ ਇਕ ਤਜਵੀਜ਼ ਹੈ, ਪਰੰਤੂ ਮਿਲਕ ਪਲਾਂਟ ਦੀ ਉਸਾਰੀ ਦਾ ਕੰਮ ਭਾਰਤ ਡੈਰੀ ਕਾਰਪੋਰੇਸ਼ਨ ਵਲੋਂ ਫੰਡਜ਼ ਦੇਣ ਤੇ ਨਿਰਭਰ ਕਰਦਾ ਹੈ ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੜੇ ਦਿਆਲੂ ਹਨ ਇਨ੍ਹਾਂ ਨੇ ਜੋ ਕਿਹਾ ਹੈ ਕਿ ਮਿਲਕ ਪਲਾਂਟ ਲਾਉਣ ਦੀ ਤਜਵੀਜ਼ ਹੈ। ਇਹ ਬੜੇ ਉਦਘਾਟਨ ਕਰਦੇ ਰਹਿੰਦੇ ਹਨ। ਕੀ ਇਹ ਹਿੰਮਤ ਕਰਕੇ ਸਰਕਾਰ ਤੋਂ ਫੰਡਜ਼ ਲੈ ਲੈਣਗੇ ਅਤੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਵੀ ਉਦਘਾਟਨ ਕਰ ਆਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਦੀ ਯਾਦਹਾਨੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਹ ਪੂਰਾ ਭਰੋਸਾ ਰੱਖਣ, ਅਸੀਂ ਕੇਵਲ ਉਦਘਾਟਨ ਤੱਕ ਹੀ ਮਹਿਦੂਦ ਨਹੀਂ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ, ਜਿੰਨੇ ਕੰਮ ਇਸ ਵਿਭਾਗ ਵਿਚ ਹੋਏ ਉਹ ਆਪ ਮੰਨਦੇ ਹਨ। ਵੈਸੇ ਅਸੀਂ ਸਾਰੇ ਜ਼ਿਲ੍ਹਿਆਂ ਵਿਚ ਪਲਾਂਟ ਲਾਉਣੇ ਹਨ, ਜਿੱਥੋਂ ਤਕ ਇਸ ਜ਼ਿਲ੍ਹੇ ਦਾ ਸੁਆਲ ਹੈ ਮਾਨੋਵਾਲ ਪਿੰਡ ਦੀ ਪੰਚਾਇਤ ਨੇ ਇਕ ਰੈਜ਼ੋਲਿਊਸ਼ਨ ਪਾਸ ਕਰਕੇ 20 ਏਕੜ ਜ਼ਮੀਨ ਦੀ ਆਫਰ ਕੀਤੀ ਹੈ ਔਰ ਜ਼ਮੀਨ ਦਾ ਸਰਵੇ ਵੀ ਹੋ ਚੁੱਕਾ ਹੈ। ਪ੍ਰਾਸਪੈਕਟਿਵ ਪਲਾਂਟ ਵਿਚ 8 ਲੱਖ ਰੁਪਿਆ ਆ ਚੁੱਕਾ ਹੈ । ਅਸੀਂ ਇੰਡੀਅਨ ਡੇਅਰੀ ਕਾਰਪੋਰੇਸ਼ਨ ਦੀ ਸਲਾਹ ਨਾਲ ਇਥੇ ਕੰਮ ਸ਼ੁਰੂ ਕਰ ਦਿਆਂਗੇ ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਮਾਨੋਵਾਲ ਪਿੰਡ ਦਾ ਸਰਵੇ ਹੋ ਗਿਆ ਹੈ। ਮੈਂ ਇਨ੍ਹਾਂ ਦੀ ਸਹੂਲਤ ਲਈ ਦੱਸਣਾ ਚਾਹੁੰਦਾ ਹਾਂ ਕਿ 20 ਏਕੜ ਜ਼ਮੀਨ ਦਾ ਰੈਜ਼ੋਲਿਊਸ਼ਨ ਕਰਕੇ ਪੰਚਾਇਤ ਨੇ ਦਿੱਤਾ ਹੈ, ਕਾਗਜ਼ ਮੇਰੇ ਕੋਲ ਹਨ । ਇਹ ਦੱਸ ਦੇਣ ਕਿ ਕਿੰਨੇ ਚਿਰ ਵਿਚ ਇਹ ਸ਼ੁਰੂ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਸਪੀਕਰ ਸਾਹਿਬ, ਸ਼ਡਿਊਲ ਮੁਤਾਬਿਕ ਕੰਮ ਇਸ ਮਹੀਨੇ ਸ਼ੁਰੂ ਕਰਨਾ ਸੀ But it all depends upon the availability of funds from the Indian Dairy Development Corporation. ਜਦੋਂ ਵੀ ਪੈਸੇ ਆਉਂਦੇ ਹਨ, ਅਸੀਂ ਲਾਜ਼ਮੀ ਤੌਰ ਤੇ ਸ਼ੁਰੂ ਕਰ ਦੇਣਾ ਹੈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮਿਲਕ ਪਲਾਂਟ ਹਨ ਇਨ੍ਹਾਂ ਵਿਚ ਜਿਹੜੇ ਵਰਕਰਜ਼ ਹਨ ਉਨ੍ਹਾਂ ਨੂੰ ਕਦੇ ਵੀ ਕੱਢਿਆ ਜਾ ਸਕਦਾ ਹੈ। ਕੀ ਉਨ੍ਹਾਂ ਦੀ ਸੇਵਾ ਦੀ ਗਰੰਟੀ ਲਈ ਸਰਕਾਰ ਕੋਈ ਕਦਮ ਚੁੱਕ ਰਹੀ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਸ ਸੁਆਲ ਦੇ ਨਾਲ ਸਰਵਿਸ ਗਾਰੰਟੀ ਦਾ ਕੋਈ ਸਬੰਧ ਨਹੀਂ ਹੈ। ਇਹ ਸੁਆਲ ਦੇ ਦੇਣ, ਮੈਂ ਜਵਾਬ ਦੇ ਦਿਆਂਗਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ : 1814**

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸੁਆਲ ਪੁੱਟ ਨਹੀਂ ਕੀਤਾ ਗਿਆ।)

---

**Construction work on Mehmoodpur Drain**

***1752. Master Dalip Chand** : Will the Minister for Agriculture be pleased to state whether it is a fact that the construction work on Mehmoodpur drain in Bet area was started ten years ago, if so, the time by which the same is likely to be completed ?

**Chaudhri Kanshi Ram** : Yes, Sir ; the resumption and completion of the work is contngent on the availability of funds.

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਬੇਟ ਏਰੀਆ ਵਿਚ ਇਹ ਡਰੇਨ 1973 ਵਿਚ ਮਨਜ਼ੂਰ ਹੋਈ ਸੀ । ਇਸ ਦੀ 10 ਕਿਲੋਮੀਟਰ ਲੰਬਾਈ ਹੈ। 8 ਕਿਲੋਮੀਟਰ 1975 ਵਿਚ ਮੁਕੰਮਲ ਹੋ ਗਈ ਸੀ। ਸਿਰਫ 2 ਕਿਲੋਮੀਟਰ ਬਾਕੀ ਰਹਿੰਦੀ ਹੈ। ਇਸ ਲਈ ਇਹ ਜਿਹੜੀ 8 ਕਿਲੋਮੀਟਰ ਬਣੀ ਹੋਈ ਹੈ, ਇਸ ਦਾ ਕੋਈ ਫਾਇਦਾ ਨਹੀਂ ਹੋ ਰਿਹਾ। ਹੁਣ ਦੀਆਂ ਜਿਹੜੀਆਂ ਬਾਰਸ਼ਾਂ ਹੋਈਆਂ, ਇਸ ਨਾਲ 7, 8 ਹਜਾਰ ਏਕੜ ਜ਼ਮੀਨ ਵਿਚ ਪਾਣੀ ਖੜ੍ਹਾ ਹੈ। ਲੋਕਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ। ਇਹ ਦੱਸ ਦੇਣ ਕਿ 2 ਕਿਲੋ-ਮੀਟਰ ਬਣਾਉਣ ਲਈ ਕਿੰਨਾ ਸਮਾਂ ਲੱਗੇਗਾ ਤਾਂਕਿ ਜਿਹੜੀ ਲੋਕਾਂ ਦੀ ਜ਼ਮੀਨ ਖਰਾਬ ਹੋ ਰਹੀ ਹੈ ਉਹ ਨਾ ਹੋਵੇ ?

**ਮੰਤਰੀ**: ਸਪੀਕਰ ਸਾਹਿਬ, ਮੈਂ ਜਵਾਬ ਵਿਚ ਵੀ ਦੱਸਿਆ ਹੈ ਕਿ ਡਰੇਨਾਂ ਦੀ ਪ੍ਰਾਇਰਟੀ ਫਿਕਸ ਕੀਤੀ ਜਾਂਦੀ ਹੈ। ਮਾਸਟਰ ਜੀ ਨੇ ਦੱਸਿਆ ਹੈ ਕਿ ਇਹ ਡਰੇਨ 10 ਸਾਲਾਂ ਤੋਂ ਚੱਲ ਰਹੀ ਹੈ, ਇਸ ਦਾ ਮਤਲਬ ਹੈ ਕਿ ਇਹ ਇੰਨਾ ਪ੍ਰਾਇਰਿਟੀ ਦਾ ਕੰਮ ਨਹੀਂ ਹੈ । ਕੁੱਝ ਟਾਪ ਪ੍ਰਾਇਰਟੀ ਦੇ ਕੰਮ ਹੁੰਦੇ ਹਨ, ਉਨ੍ਹਾਂ ਵਿਚ ਪੈਸਾ ਡਾਈਵਰਟ ਕਰਨਾ ਪੈਂਦਾ ਹੈ। ਥੋੜ੍ਹੇ ਜਿਹੇ ਪੈਸੇ ਦਾ ਕੰਮ ਹੈ ਅਗਰ ਪੈਸੇ ਮਿਲ ਗਏ ਤਾਂ ਕਰ ਦਿਆਂਗੇ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਇਹ 42 ਪਿੰਡਾਂ ਦਾ ਮਸਲਾ ਹੈ। ਲੋਕਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ। ਮੰਤਰੀ ਜੀ ਕੋਈ ਟਾਈਮ ਮੁਕੱਰਰ ਕਰ ਦੇਣ ਕਿ ਕਦੋਂ ਤਕ ਡਰੇਨ ਮੁਕੰਮਲ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਆਨਰੇਬਲ ਮੈਂਬਰ ਦੀ ਐਂਗਜ਼ਾਇਟੀ ਤੋਂ ਬਿਲਕੁਲ ਜਾਣੂ ਹਾਂ। ਇਹ ਦੋ ਕਿਲੋ-ਮੀਟਰ ਕਹਿੰਦੇ ਹਨ। ਮੈਂ ਕਹਿੰਦਾ ਹਾਂ ਕਿ ਜਿਹੜੀ 8 ਕਿਲੋਮੀਟਰ ਪਹਿਲਾਂ ਬਣੀ ਹੋਈ ਹੈ ਉਸ ਦੀ ਸਫਾਈ ਤੇ ਵੀ ਕੁਝ ਖਰਚ ਆਉਣਾ ਹੈ, ਜੇ ਪੈਸਾ ਆ ਗਿਆ ਤਾਂ ਜ਼ਰੂਰ ਕਰ ਦਿਆਂਗੇ।

**ਪੰਡਿਤ ਸਰਵਣ ਰਾਮ**: ਸਪੀਕਰ ਸਾਹਿਬ, ਸਾਡੇ ਇਕ ਮਿੱਲ ਲੱਗੀ ਹੋਈ ਹੈ। ਉਸਦਾ ਗੰਦਾ ਪਾਣੀ ਜਿਹੜਾ ਹੈ ਉਹ ਬਹੁਤ ਨੁਕਸਾਨ ਕਰ ਰਿਹਾ ਹੈ, ਕੀ ਉਸ ਦਾ ਵੀ ਕੋਈ ਪ੍ਰਬੰਧ ਕਰ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਇਸ ਸੁਆਲ ਦਾ ਅਸਲ ਸੁਆਲ ਨਾਲ ਕੋਈ ਸਰੋਕਾਰ ਨਹੀਂ। ਜਿਹੜਾ ਉਸਦਾ ਕੰਮ ਕਰਨਾ ਹੈ, ਉਸ ਲਈ ਅਲਹਿਦਾ ਕੰਟਰੋਲਿੰਗ ਅਥਾਰਿਟੀ ਹੈ ਐਰ ਉਸ ਦੇ ਲਈ ਰੂਲਜ਼ ਐਂਡ ਰੈਗੂਲੇਸ਼ਨਜ਼ ਹਨ। ਸਰਕਾਰ ਉਨ੍ਹਾਂ ਮਿੱਲ ਵਾਲਿਆਂ ਨੂੰ ਕਾਨੂੰਨ ਅਧੀਨ ਔਬਜ਼ਰਵ ਕਰਨ ਲਈ ਕਹੇਗੀ।

**ਕਾਮਰੇਡ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਕਿਸੇ ਡਰੇਨ ਦੀ ਸਫਾਈ ਨਹੀਂ ਹੋਈ ਕਿਉਂਕਿ ਗੌਰਮਿੰਟ ਕੋਲ ਫੰਡਜ਼ ਨਹੀਂ ਸਨ। ਕੀ ਇਸ ਸਾਲ ਜਿਹੜੀਆਂ ਡਰੇਨਾਂ ਬਣੀਆਂ ਹੋਈਆਂ ਹਨ, ਉਨ੍ਹਾਂ ਦੀ ਸਫਾਈ ਲਈ ਕੋਈ ਫੰਡਜ਼ ਰੱਖਣਗੇ ?

**Minister** :Budget Session is going on. Every allocation of fund is approved by the hon. Members in this House and it is very well known to him.

**ਕਾਮਰੇਡ ਬੂਟਾ ਸਿੰਘ**: ਸਪੀਕਰ ਸਾਹਿਬ, ਮੇਰੇ ਹਲਕੇ ਦੀ ਖੀਵਾ ਸਾਹਿਬਜ਼ਾਦਾ ਸਿੰਘ ਵਾਲਾ ਡਰੇਨ ਦਾ ਕੰਮ ਵਜ਼ੀਰ ਸਾਹਿਬ ਨੇ ਪਿਛਲੀ ਵੇਰ ਕਿਹਾ ਸੀ ਕਿ ਛੇਤੀ ਸ਼ੁਰੂ ਕਰਾਂਗੇ ਪਰ ਅਜ ਤਕ ਦਫਾ 4 ਦੀ ਨੋਟੀਫਿਕੇਸ਼ਨ ਨਹੀਂ ਹੋਈ ਇਹ ਦਫਾ 4 ਦੀ ਨੋਟੀਫਿਕੇਸ਼ਨ ਕਦੋਂ ਤਕ ਕਰ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਇਸ ਵਕਤ ਉਸ ਡਰੇਨ ਦੀ ਕੀ ਪੋਜ਼ੀਸ਼ਨ ਹੈ, ਜੇਕਰ ਕੋਈ ਬਹੁਤੀ ਲੋੜ ਮਹਿਸੂਸ ਹੋਈ, ਫਿਰ ਅਸੀਂ ਫਰਦਰ ਪ੍ਰੋਸੀਡ ਕਰਾਂਗੇ।

**ਕਾਮਰੇਡ ਸਰਵਣ ਸਿੰਘ ਧਰਮਕੋਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਅਪੀਲ ਕਰਾਂਗਾ ਕਿ ਇਨ੍ਹਾਂ ਦੇ ਆਪਣੇ ਜ਼ਿਲ੍ਹੇ ਫਿਰੋਜ਼ਪੁਰ ਵਿੱਚ ਸੇਮ ਬਹੁਤ ਹੈ। ਪਿਛਲੀ ਵਾਰੀ ਵੀ ਇਸ ਲਈ ਕੋਈ ਫੰਡ ਨਹੀਂ ਸੀ ਦਿਤਾ ਗਿਆ। ਸੇਮ ਉਸੇ ਤਰ੍ਹਾਂ ਹੈ। ਮੈਂ ਤੁਹਾਡੇ ਰਾਹੀਂ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਕੀ ਇਸ ਵਾਰੀ ਵੀ ਫਿਰੋਜ਼ਪੁਰ ਨਾਲ ਵਿਤਕਰਾ ਕਰਨਗੇ ਜਾਂ ਇਸ ਕੰਮ ਲਈ ਫੰਡਜ਼ ਰੱਖਣਗੇ ?

**ਮੰਤਰੀ**: ਸਪੀਕਰ ਸਾਹਿਬ, ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਜਿੱਥੇ ਜਿੱਥੇ ਇਹ ਕੰਮ ਕਰਨ ਦੀ ਲੋੜ ਹੈ, ਉਸਦੇ ਲਈ ਡਿਊ ਪ੍ਰੋਵੀਜ਼ਨ ਕੀਤੇ ਜਾਣ।

**ਪ੍ਰੋਫੈਸਰ ਦਰਬਾਰੀ ਲਾਲ**: ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਮੁਕਤਸਰ ਅਤੇ ਅਬੋਹਰ ਵਿੱਚ ਵਾਟਰ ਲਾਗਿੰਗ ਬਹੁਤ ਜ਼ਿਆਦਾ ਹੋ ਗਈ ਹੈ। ਮੁਕਤਸਰ ਵਿੱਚ ਲੈਵਲ ਤੋਂ ਦੋ ਫੁੱਟ ਉਪਰ ਪਾਣੀ ਖੜ੍ਹਾ ਹੈ ਅਤੇ ਅਬੋਹਰ ਵਿਚ 14 ਫੁੱਟ ਦੇ ਕਰੀਬ ਲੈਵਲ ਤੋਂ ਉਪਰ ਪਾਣੀ ਖੜ੍ਹਾ ਹੈ। ਇਸ ਕਾਰਨ ਇਕ ਟੈਂਕ ਵੀ ਟੁੱਟ ਗਿਆ ਹੈ। ਕੀ ਪਾਣੀ ਦੇ ਨਿਕਾਸ ਵਾਸਤੇ ਡਰੇਨ ਬਣਾਈ ਜਾਵੇਗੀ ਤਾਂ ਕਿ ਇਸ ਨੁਕਸਾਨ ਤੋਂ ਉਹ ਲੋਕ ਬਚ ਜਾਣ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਪ੍ਰੋਫੈਸਰ ਸਾਹਿਬ ਵੀ ਇਸ ਨਾਲ ਸਬੰਧਤ ਹਨ । ਇਨ੍ਹਾਂ ਦੀ ਐਸੋਸੀਏਸ਼ਨ ਵੀ ਮੁਕਤਸਰ ਦੀ ਪਲਾਨ ਵਿੱਚ ਸ਼ਾਮਲ ਹੈ। ਸਾਡੀ ਸਰਕਾਰ ਨੇ ਵੀ ਇਸ ਕੰਮ ਨੂੰ ਟਾਪ ਪ੍ਰਾਇਰਟੀ ਦਿੱਤੀ ਹੋਈ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ : 1816, 1798, 1815, 1824, 1806 ਅਤੇ 1807**

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤੇ ਗਏ ।)

---

**Delux Bus Service to Ferozepur**

***1832. Sardar Gurnaib Singh Brar :** Will the Minister of State for Transport be pleased to state whether there is any proposal under the consideration of the Government to link Chandigarh with Ferozepur District headquarter by a delux bus, if so, the time by which that is likely to be done ?

**Sardar Avtar Singh Gatwali :** Yes Sir. Efforts are being made to introduce the service soon.

**ਸਰਦਾਰ ਗੁਰਨੈਬ ਸਿਘ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ ਇਸ ਗੱਲ ਨੂੰ ਤਿੰਨ ਸਾਲ ਹੋ ਗਏ ਹਨ, ਇਨ੍ਹਾਂ ਦੀਆਂ ਐਫਰਟਸ ਕਦੋਂ ਤਕ ਮੈਟੀਰੀਅਲਾਈਜ਼ ਹੋਣਗੀਆਂ ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਸ ਗੱਲ ਨੂੰ ਤਿੰਨ ਸਾਲ ਨਹੀਂ ਹੋਏ । ਪਿਛਲੇ ਸੈਸ਼ਨ ਵਿੱਚ ਇਹ ਕੁਐਸ-ਚਨ ਇਨ੍ਹਾਂ ਨੇ ਕੀਤਾ ਸੀ ਅਤੇ ਅਸੀਂ ਅਸ਼ੋਰੇਂਸ ਦਿਤੀ ਸੀ ਕਿ ਨਵੀਆਂ ਬੱਸਾਂ ਖਰੀਦਾਂਗੇ, ਉਨ੍ਹਾਂ ਵਿਚੋਂ ਕੁਝ ਦੀ ਫੈਬਰੀਕੇਸ਼ਨ ਕਰਾਕੇ ਉਨ੍ਹਾਂ ਨੂੰ ਡੀਲਕਸ ਬੱਸਾਂ ਬਣਾ ਦੇਵਾਂਗੇ । ਕਿਉਂਕਿ ਪਿਛਲੀਆਂ ਡੀਲਕਸ ਬੱਸਾਂ ਆਰਡੀਨਰੀ ਬੱਸਾਂ ਵਿਚ ਕਨਵਰਟ ਹੋ ਗਈਆਂ ਸਨ, ਤਿੰਨ ਬੱਸਾਂ ਇਸ ਵਾਸਤੇ ਦਿੱਤੀਆਂ ਹੋਈਆਂ ਹਨ, ਜਿਸ ਦਿਨ ਆ ਗਈਆਂ ਇਹ ਚਾਲੂ ਕਰ ਦਿਆਂਗੇ ।

**ਸ੍ਰੀ ਸਪੀਕਰ :** ਆਪਣੇ ਪ੍ਰੋਗਰਾਮ ਵਿਚ ਕੀ ਤੁਸੀਂ ਇਹ ਬੱਸਾਂ ਚਾਲੂ ਕਰਨ ਲਈ ਰਖੀਆਂ ਹਨ ?

**ਰਾਜ ਮੰਤਰੀ :** ਤਿੰਨ ਬਸਾਂ ਫੈਬਰੀਕੇਸ਼ਨ ਲਈ ਭੇਜੀਆਂ ਹੋਈਆਂ ਹਨ। ਜਿਸ ਦਿਨ ਆ ਗਈਆਂ, ਚਾਲੂ ਕਰ ਦਿਆਂਗੇ ।

**ਸ੍ਰੀ ਰਾਮ ਸਵਰੂਪ ਬਾਗੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਜਦੋਂ ਇਹ ਵਜ਼ੀਰ ਬਣੇ ਸਨ ਅਤੇ ਇਨ੍ਹਾਂ ਨੇ ਸ਼ਪਥ ਲਈ ਸੀ ਉਦੋਂ ਵਧਾਈ ਵਿੱਚ ਇਸ ਗਰੀਬ ਬ੍ਰਾਹਮਣ ਨੇ ਕਿਹਾ ਸੀ ਕਿ ਪਠਾਨਕੋਟ ਤੋਂ ਚੰਡੀਗੜ੍ਹ ਵਾਇਆ ਨਵਾਂ ਸ਼ਹਿਰ ਡੀਲਕਸ ਬੱਸ ਚਲਾਈ ਜਾਵੇ। ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਇਹ ਚਾਲੂ ਕਰਾਂਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਉਹ ਆਪਣਾ ਵਾਅਦਾ ਯਾਦ ਹੈ ਜਾਂ ਨਹੀਂ ? ਜੋ ਤਿੰਨ ਬੱਸਾਂ ਆ ਰਹੀਆਂ ਹਨ, ਕੀ ਉਨ੍ਹਾਂ ਵਿਚੋਂ ਇੱਕ ਬਸ ਇਸ ਰੂਟ ਤੇ ਚਲਾਉਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਗਰੀਬ ਆਦਮੀਆਂ ਦੀ ਹਮੇਸ਼ਾ ਆਰਡੀਨਰੀ ਬੱਸ ਦੀ ਮੰਗ ਹੁੰਦੀ ਹੈ। ਡੀਲਕਸ ਬੱਸਾਂ ਦੀ ਬਹੁਤੀ ਲੋੜ ਨਹੀਂ ਹੁੰਦੀ। ਅਗਰ ਸਾਡੇ ਸਾਥੀ ਮੈਂਬਰਾਂ ਨੂੰ ਲੋੜ ਹੈ ਤਾਂ ਮੈਂ ਜ਼ਰੂਰ ਲਾ ਦਿਆਂਗਾ।

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਸਪੀਕਰ ਸਾਹਿਬ, ਦੂਜੀਆਂ ਸਟੇਟਾਂ ਵਿੱਚ ਏਅਰ ਕੰਡੀਸ਼ਨਡ ਬੱਸਾਂ ਕਾਫੀ ਚਲਦੀਆਂ ਪਈਆਂ ਹਨ। ਸਾਡੀ ਸਟੇਟ ਵਿਚ ਮੇਰਾ ਖਿਆਲ ਹੈ ਇੱਕੋ ਹੈ। ਉਹ ਵੀ ਲੁਧਿਆਣੇ ਨੂੰ ਫੀਡ ਨਹੀਂ ਕਰਦੀ। ਕੀ ਸਰਕਾਰ ਦੀ ਏਅਰ ਕੰਡੀਸ਼ਨਡ ਬੱਸਾਂ ਐਡ ਕਰਨ ਦੀ ਕੋਈ ਸਕੀਮ ਹੈ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਕੋਲ ਏਅਰ ਕੰਡੀਸ਼ਨਡ ਬੱਸਾਂ ਪਹਿਲੇ ਸਨ। 1976 ਵਿੱਚ ਇਹ ਸਨ। ਪਰ ਲੋਕਾਂ ਵਿੱਚ ਉਸਦੀ ਬਹੁਤੀ ਡਿਮਾਂਡ ਨਹੀਂ ਸੀ। ਆਪ ਜੀ ਨੂੰ ਯਾਦ ਹੋਣਾ ਹੈ ਕਿ ਅੰਮ੍ਰਿਤਸਰ ਇੱਕ ਬੱਸ ਜਾਇਆ ਕਰਦੀ ਸੀ ਪਰ ਪੈਸੰਜਰ ਕੋਈ ਨਹੀਂ ਸਨ ਮਿਲਦੇ। ਇਸ ਕਰਕੇ ਅਸੀਂ ਉਹ ਬੰਦ ਕਰ ਦਿਤੀ। ਏਅਰ ਕੰਡੀਸ਼ਨਡ ਸੇਵਾ ਸਾਡੀ ਦਿੱਲੀ ਟੂ ਚੰਡੀਗੜ੍ਹ ਹੁਣ ਵੀ ਚਲਦੀ ਹੈ।

**ਸ੍ਰੀ ਸੁਰਿੰਦਰ ਕਪੂਰ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਰਿਕੁਐਸਟ ਵੀ ਕੀਤੀ ਸੀ, ਲਿਖ ਕੇ ਵੀ ਦਿਤਾ ਹੋਇਆ ਹੈ ਕਿ ਹਰਿਆਣੇ ਦੀਆਂ ਦਿੱਲੀ ਤੋਂ ਚੰਡੀਗੜ੍ਹ ਅਤੇ ਚੰਡੀਗੜ੍ਹ ਤੋਂ ਦਿੱਲੀ ਜਿਹੜੀਆਂ ਡੀਲਕਸ ਬੱਸਾਂ ਚਲਦੀਆਂ ਹਨ, ਉਹ ਪੰਜਾਬ ਦੇ ਵਿਧਾਇਕਾਂ ਨੂੰ ਨਹੀਂ ਬਿਠਾਉਂਦੀਆਂ। ਪਹਿਲਾਂ ਇਹ ਕੁਨਸੈਸ਼ਨ ਸੀ ਪਰ ਹੁਣ ਬੰਦ ਕਰ ਦਿਤੀ ਗਈ ਹੈ। ਕੀ ਪੰਜਾਬ ਸਰਕਾਰ ਰੈਸੀਪਰੋਕਲ ਬੇਸਿਜ਼ ਤੇ ਇਹ ਸੇਵਾ ਦਿਵਾਉਣ ਲਈ ਵਿਚਾਰ ਕਰ ਰਹੀ ਹੈ?

**ਰਾਜ ਮੰਤਰੀ**: ਮੈਂ ਹਾਊਸ ਦੀ ਜਾਣਕਾਰੀ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਮਸਲਾ ਇੰਟਰ ਸਟੇਟ ਦਾ ਹੈ। ਇੰਟਰ ਸਟੇਟ ਰੂਟਸ ਉਤੇ ਜਦੋਂ ਦੂਸਰੇ ਸੂਬਿਆਂ ਨਾਲ ਐਗਰੀਮੈਂਟ ਕਰਦੇ ਹਾਂ ਉਸ ਵੇਲੇ ਕਿਲੋਮੀਟਰੇਜ ਦਾ ਹਿਸਾਬ ਰੱਖਦੇ ਹਾਂ ਕਿ ਅਸੀਂ ਉਨ੍ਹਾਂ ਦੀ ਟੈਰੇਟਰੀ ਵਿੱਚ ਕਿਤਨੇ ਕਿਲੋ-ਮੀਟਰ ਬੱਸ ਚਲਾਉਣੀ ਹੈ ਅਤੇ ਉਨ੍ਹਾਂ ਨੇ ਸਾਡੀ ਟੈਰੀਟਰੀ ਵਿੱਚ ਕਿਤਨੇ ਕਿਲੋਮੀਟਰ ਬੱਸ ਚਲਾਉਣੀ ਹੈ। ਜਦੋਂ ਵੀ ਅਗਲਾ ਐਗਰੀਮੈਂਟ ਕਰਾਂਗੇ ਤਾਂ ਇਸ ਗੱਲ ਨੂੰ ਵੀ ਵਿਚਾਰ ਲਵਾਂਗੇ।

**ਸ੍ਰੀ ਸੁਰਿੰਦਰ ਕਪੂਰ**: ਸਪੀਕਰ ਸਾਹਿਬ, ਮੈਂ ਇਹ ਸਪਲੀਮੈਂਟਰੀ ਕੀਤੀ ਸੀ ਕਿ ਕੀ ਰੈਸੀ-ਪਰੋਕਲ ਬੇਸਿਜ਼ ਤੇ ਇਹ ਅਰੇਂਜਮੈਂਟ ਹਰਿਆਣਾ ਸਰਕਾਰ ਨਾਲ ਕਰਨਗੇ ਤਾਂ ਕਿ ਪੰਜਾਬ ਦੇ ਵਿਧਾਇਕ ਉਨ੍ਹਾਂ ਦੀਆਂ ਡੀਲਕਸ ਬੱਸਾਂ ਵਿਚ ਚੰਡੀਗੜ੍ਹ ਟੂ ਦਿੱਲੀ ਸਫਰ ਕਰ ਸਕਣ ਅਤੇ ਉਨ੍ਹਾਂ ਦੇ ਵਿਧਾਇਕ ਪੰਜਾਬ ਦੀਆਂ ਬੱਸਾਂ ਵਿੱਚ ਸਫਰ ਕਰ ਸਕਣ?

**ਪੰਡਿਤ ਸਰਵਣ ਰਾਮ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੀ ਡੀਲਕਸ ਬੱਸ ਪਠਾਨਕੋਟ ਤੋਂ ਚੰਡੀਗੜ੍ਹ ਵਾਇਆ ਮੁਕੇਰੀਆਂ ਚਲਾਉਣੀ ਹੈ, ਕੀ ਉਹ ਗੜ੍ਹਸ਼ੰਕਰ ਤੋਂ ਵੀ ਹੋ ਕੇ ਜਾਵੇਗੀ?

**ਰਾਜ ਮੰਤਰੀ**: ਮੈਂ ਆਨਰੇਬਲ ਮੈਂਬਰ ਦੀ ਜਾਣਕਾਰੀ ਲਈ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਇਹ ਭਰੋਸਾ ਦਿਵਾਇਆ ਸੀ ਕਿ ਪਠਾਨਕੋਟ ਤੋਂ ਚੰਡੀਗੜ੍ਹ ਇਹ ਬੱਸ ਚਲਾਵਾਂਗੇ। ਰੂਟ ਦਾ ਸਰਵੇ ਅਜੇ ਨਹੀਂ ਕੀਤਾ। ਮੁਕੇਰੀਆਂ ਥਾਣੀਂ ਜ਼ਰੂਰ ਚਲਾਵਾਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਸੁਰਿੰਦਰ ਕਪੂਰ ਜੀ ਦਾ ਸਵਾਲ ਸੀ ਕਿ ਕੀ ਹਰਿਆਣੇ ਨਾਲ ਰੈਸੀਪਰੋਕਲ ਅਰੇਂਜਮੈਂਟ ਕਰਨਗੇ ਤਾਂ ਕਿ ਵਿਧਾਇਕ ਇੱਕ ਦੂਜੇ ਸੂਬੇ ਦੀਆਂ ਬੱਸਾਂ ਵਿਚ ਟਰੈਵਲ ਕਰ ਸਕਣ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਅਸੀਂ ਰੈਸੀਪਰੋਕਲ ਅਰੇਂਜਮੈਂਟ ਲਈ ਹਰਿਆਣੇ ਨੂੰ ਲਿਖਿਆ ਸੀ ਪਰ ਉਨ੍ਹਾਂ ਨੇ ਇਸ ਗੱਲ ਦੀ ਨਾਂਹ ਕਰ ਦਿਤੀ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਠਿੰਡੇ ਤੋਂ ਦਿੱਲੀ ਨੂੰ ਡੀਲਕਸ ਬਸ ਸੇਵਾ ਦੇਣ ਦਾ ਹੋ ਸਕਦਾ ਹੈ ਕਿ ਪ੍ਰਬੰਧ ਨਾ ਹੋ ਸਕੇ। ਕੀ ਇੱਕ ਆਰਡੀਨਰੀ ਬੱਸ ਬਠਿੰਡੇ ਤੋਂ ਦਿੱਲੀ ਵਾਇਆ ਰਾਮਪੁਰਾ ਫੂਲ ਅਤੇ ਬਰਨਾਲ ਚਲਾਉਣ ਦਾ ਪ੍ਰਬੰਧ ਕਰਨਗੇ ?

**ਰਾਜ ਮੰਤਰੀ :** ਮੈਂ ਆਨਰੇਬਲ ਮੈਂਬਰ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਬਠਿੰਡੇ ਤੋਂ ਦਿੱਲੀ ਹੁਣੇ ਬੱਸ ਸ਼ੁਰੂ ਕੀਤੀ ਹੈ ਜਿਹੜੀ ਵਾਇਆ ਸਿਰਸਾ, ਹਿਸਾਰ ਹੋ ਕੇ ਜੀ ਟੀ. ਰੋਡ ਤੇ ਹੋ ਕੇ ਜਾਂਦੀ ਹੈ। ਇਹ ਰਸਤਾ ਨੇੜੇ ਪੈਂਦਾ ਹੈ। ਲੋਕਾਂ ਨੂੰ ਇਸ ਨਾਲ ਕਾਫੀ ਫਾਇਦਾ ਹੈ। ਜਿਹੜਾ ਰੂਟ ਮਾਸਟਰ ਜੀ ਨੇ ਕਿਹਾ ਹੈ, ਇਹ ਬਹੁਤ ਲੰਬਾ ਪੈਂਦਾ ਹੈ, ਲੋਕਾਂ ਦੀ ਐਨੀ ਡੀਮਾਂਡ ਵੀ ਨਹੀਂ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹਵਾਂਗਾ ਕਿ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਭਿਖੀਵਿੰਡ ਲਈ ਸਰਦੀਆਂ ਵਿਚ ਬੱਸ ਚਲਦੀ ਹੈ ਪਰ ਗਰਮੀਆਂ ਵਿਚ ਬੰਦ ਹੋ ਜਾਂਦੀ ਹੈ ਜਿਸ ਨਾਲ ਲੋਕਾਂ ਨੂੰ ਬਹੁਤ ਮੁਸ਼ਕਿਲ ਆਉਂਦੀ ਹੈ। ਕੀ ਮਨਿਸਟਰ ਸਾਹਿਬ ਉਸ ਬੱਸ ਨੂੰ ਗਰਮੀਆਂ ਵਿਚ ਚਲਾਉਣ ਦਾ ਪ੍ਰਬੰਧ ਕਰਨਗੇ ?

ਦੂਜਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਬੱਸਾਂ ਦੀ ਹਾਲਤ ਇਹ ਹੋ ਗਈ ਹੈ ਕਿ ਐਕਸੀਡੈਂਟ ਬਹੁਤ ਹੁੰਦੇ ਹਨ। ਜਿਹੜੀ ਵੀ ਸਵਾਰੀ ਬੱਸ ਵਿਚ ਚੜ੍ਹਦੀ ਹੈ, ਉਹ ਇਹ ਸੋਚਦੀ ਹੈ ਕਿ ਪਤਾ ਨਹੀਂ ਸਮੇਂ ਸਿਰ ਬੱਸ ਪੁਜੇਗੀ ਜਾਂ ਰਸਤੇ ਵਿਚ ਹੀ ਐਕਸੀਡੈਂਟ ਹੋ ਜਾਵੇਗਾ। ਕੀ ਮਨਿਸਟਰ ਸਾਹਿਬ, ਇਸ ਦਾ ਕੋਈ ਪ੍ਰਬੰਧ ਕਰਨਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ, ਉਹ ਮੈਂ ਸੁਣ ਨਹੀਂ ਸਕਿਆ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਮੈਂ ਦੁਬਾਰਾ ਦੱਸ ਦਿੰਦਾ ਹਾਂ। ਮੈਂ ਇਹ ਪੁੱਛਿਆ ਸੀ ਕਿ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਸਾਰੇ ਰੂਟਾਂ ਤੇ ਬੱਸ ਚਲਦੀ ਹੈ। ਇਕ ਬਸ ਮਾੜੀਵਾਲਾ ਦੀ ਵੀ ਭਿਖੀਵਿੰਡ ਲਈ ਚਲਦੀ ਹੈ ਪਰ ਇਹ ਬੱਸ ਸਰਦੀਆਂ ਵਿਚ ਚਲਦੀ ਹੈ, ਗਰਮੀਆਂ ਵਿਚ ਬੰਦ ਕਰ ਦਿੰਦੇ ਹਨ ਜਿਸ ਨਾਲ ਲੋਕਾਂ ਨੂੰ ਬਹੁਤ ਮੁਸ਼ਕਿਲ ਆਉਂਦੀ ਹੈ। ਇਸ ਲਈ ਕੀ ਇਹ ਉਸ ਕੰਪਨੀ ਵਾਲਿਆਂ ਨੂੰ ਕਹਿਕੇ ਜਾਂ ਆਪਣੀ ਸਰਕਾਰੀ ਬੱਸ ਲਾਕੇ ਗਰਮੀਆਂ ਵਿਚ ਵੀ ਇਹ ਬੱਸ ਚਾਲੂ ਰੱਖਣਗੇ ?

**ਰਾਜ ਮੰਤਰੀ :** ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਵੀ ਟਾਇਮ ਟੇਬਲ ਹੈ ਉਸ ਦੇ ਮੁਤਾਬਿਕ ਬੱਸਾਂ ਚਲਦੀਆਂ ਹਨ, ਉਹ ਚਾਹੇ ਪ੍ਰਾਈਵੇਟ ਕੰਪਨੀ ਦੀ ਹੋਵੇ ਜਾਂ ਸਰਕਾਰੀ ਹੋਵੇ। ਜੇ ਕਿਤੇ ਕੋਈ ਬੱਸ ਦੀ ਤਕਲੀਫ ਹੈ ਤਾਂ ਇਹ ਮੈਨੂੰ ਆਕੇ ਮਿਲ ਲੈਣ, ਅਸੀਂ ਐਕਸ਼ਨ ਲੈ ਲਵਾਂਗੇ

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਜਵਾਬ ਨਹੀਂ ਆਇਆ।

**ਸ੍ਰੀ ਸਪੀਕਰ** : ਬੈਠੋ ਜਵਾਬ ਆ ਗਿਆ ਹੈ।

**ਕਾਮਰੇਡ ਸੋਹਣ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਵਿੱਤ ਮੰਤਰੀ ਸਾਹਿਬ ਐਲਾਨ ਕਰਕੇ ਆਏ ਸਨ ਕਿ ਤਰਸਿੱਕਾ ਤੋਂ ਚੰਡੀਗੜ੍ਹ ਨੂੰ ਬੱਸ ਚੱਲਿਆ ਕਰੇਗੀ। ਕੀ ਮਨਿਸਟਰ ਸਾਹਿਬ ਇਹ ਬੱਸ ਹੁਣ ਸ਼ੁਰੂ ਕਰਵਾ ਦੇਣਗੇ ? ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਤਕਰੀਬਨ ਸਾਰੇ ਰੂਟਾਂ ਤੇ ਸਵੇਰੇ ਸਾਢੇ 9 ਵਜੇ ਬੱਸਾਂ ਚਲਦੀਆਂ ਹਨ ਪਰ ਹਰਗੋਬਿੰਦਪੁਰ ਨੂੰ ਕੋਈ ਬੱਸ ਨਹੀਂ ਚਲਦੀ। ਕੀ ਮਨਿਸਟਰ ਸਾਹਿਬ ਇਥੇ ਵੀ ਬੱਸ ਚਲਾਉਣ ਦਾ ਪ੍ਰਬੰਧ ਕਰਨਗੇ ?

**ਰਾਜ ਮੰਤਰੀ**: ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਸਵਾਲਾਂ ਦਾ ਇਸ ਸਵਾਲ ਦੇ ਨਾਲ ਕੋਈ ਸਬੰਧ ਨਹੀਂ। ਇਹ ਸੈਪਰੇਟ ਇਨਫਰਮੇਸ਼ਨ ਚਾਹੁੰਦੇ ਹਨ। ਇਸ ਲਈ ਇਹ ਮੈਨੂੰ ਆਕੇ ਮਿਲ ਲੈਣ, ਮੈਨੂੰ ਦੱਸ ਦੇਣ, ਮੈਂ ਫਿਰ ਐਕਸ਼ਨ ਲੈ ਲਵਾਂਗਾ।

**ਸ੍ਰੀ ਚਮਨ ਲਾਲ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਥੋਂ ਜਿਹੜੀਆਂ ਬੱਸਾਂ ਪਠਾਨਕੋਟ ਨੂੰ ਜਾਂਦੀਆਂ ਹਨ, ਉਨ੍ਹਾਂ ਦਾ ਰਸਤੇ ਵਿਚ ਤੇਲ ਖਤਮ ਹੋ ਜਾਂਦਾ ਹੈ।

**ਸ੍ਰੀ ਸਪੀਕਰ** : ਤੇਲ ਬਸਾਂ ਦਾ ਖਤਮ ਹੁੰਦਾ ਹੈ ਜਾਂ ਤੁਹਾਡਾ ? (ਹਾਸਾ)

**ਸ੍ਰੀ ਚਮਨ ਲਾਲ** : ਉਹ ਤੁਪਕਾ ਤੁਪਕਾ ਤੇਲ ਬੱਸ ਅਡਿਆਂ ਤੋਂ ਮੰਗਦੇ ਰਹਿੰਦੇ ਹਨ, ਇਸ ਨਾਲ ਸਵਾਰੀਆਂ ਨੂੰ ਬਹੁਤ ਤਕਲੀਫ ਹੁੰਦੀ ਹੈ ਇਸ ਲਈ ਕੀ ਮਨਿਸਟਰ ਸਾਹਿਬ ਇਹ ਜਿਹੜੇ ਲੰਬੇ ਰੂਟਾਂ ਤੇ ਬੱਸਾਂ ਜਾਣ ਵਾਲੀਆਂ ਹਨ, ਉਨ੍ਹਾਂ ਨੂੰ ਪੂਰਾ ਤੇਲ ਦੇਣ ਦਾ ਪ੍ਰਬੰਧ ਕਰਨਗੇ ?

ਦੂਜਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਰਿਆਣਾ, ਹਿਮਾਚਲ ਦੀਆਂ ਜਿੰਨੀਆਂ ਵੀ ਬੱਸਾਂ ਚਲਦੀਆਂ ਹਨ, ਉਨ੍ਹਾਂ ਵਿਚ ਐਮ. ਐਲ. ਏਜ਼. ਲਈ ਸੀਟਾਂ ਰਾਖਵੀਆਂ ਹੁੰਦੀਆਂ ਹਨ ਪਰ ਪੰਜਾਬ ਦੀਆਂ ਬੱਸਾਂ ਵਿਚ ਐਮ. ਐਲ ਏਜ਼. ਨੂੰ ਖੜੋ ਕੇ ਜਾਣਾ ਪੈਂਦਾ ਹੈ। ਕੀ ਮਨਿਸਟਰ ਸਾਹਿਬ ਇਸ ਵਲ ਵੀ ਧਿਆਨ ਦੇਣਗੇ ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਗਲ ਠੀਕ ਨਹੀਂ ਕਿ ਗੱਡੀਆਂ ਨੂੰ ਤੇਲ ਪੂਰਾ ਨਹੀਂ ਮਿਲਦਾ। ਉਨ੍ਹਾਂ ਨੂੰ ਪੂਰਾ ਤੇਲ, ਜਿਨ੍ਹਾਂ ਉਸ ਰੂਟ ਤੇ ਫੂਕਣਾ ਚਾਹੀਦਾ ਹੈ, ਉਸ ਨਾਲੋਂ ਵੀ ਥੋੜ੍ਹਾ ਵੱਧ ਦਿੱਤਾ ਜਾਂਦਾ ਹੈ। ਇਹ ਨਹੀਂ ਕਿ ਉਨ੍ਹਾਂ ਨੂੰ ਤੁਪਕਾ ਤੁਪਕਾ ਤੇਲ ਦਿਤਾ ਜਾਂਦਾ ਹੈ। ਜੇ ਇਨ੍ਹਾਂ ਨੂੰ ਕੋਈ ਅਜਿਹੀ ਸ਼ਿਕਾਇਤ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਵਿਚ ਕਿਸੇ ਇੰਪਲਾਈ ਦੀ ਕੋਈ ਗਲਤੀ ਹੋ ਸਕਦੀ ਹੈ, ਇਹ ਮੈਨੂੰ ਉਸ ਬੱਸ ਦਾ ਨੰਬਰ, ਡਰਾਈਵਰ ਦਾ ਅਤੇ ਕੰਡਕਟਰ ਦਾ ਨੰਬਰ ਦੱਸ ਦੇਣ, ਮੈਂ ਪਤਾ ਕਰਵਾ ਲਵਾਂਗਾ ਔਰ ਐਕਸ਼ਨ ਵੀ ਲਵਾਂਗਾ।

ਦੂਜਾ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਐਮ. ਐਲ. ਏਜ਼. ਨੂੰ ਖੜੋ ਕੇ ਜਾਣਾ ਪੈਂਦਾ ਹੈ, ਇਹ ਠੀਕ ਨਹੀਂ। ਹਰ ਬੱਸ ਦੇ ਵਿਚ ਚਾਹੇ ਉਹ ਪੰਜਾਬ ਰੋਡਵੇਜ਼ ਦੀ ਹੈ ਜਾਂ ਪੀ. ਆਰ. ਟੀ. ਸੀ. ਦੀ ਹੈ, ਉਸ ਵਿਚ ਪਹਿਲੀਆਂ ਤਿੰਨ ਸੀਟਾਂ ਜਿਥੋਂ ਬੱਸ ਚਲਦੀ ਹੈ, ਉਥੇ ਰਾਖਵੀਆਂ ਰੱਖੀਆਂ ਜਾਂਦੀਆਂ ਹਨ ਪਰ ਜੇ ਉਥੋਂ ਕੋਈ ਐਮ. ਐਲ. ਏ. ਨਾ ਚੜ੍ਹੇ ਤਾਂ ਉਸ ਤੇ ਹੋਰ ਸਵਾਰੀਆਂ ਨੂੰ ਬਿਠਾ ਦਿਤਾ ਜਾਂਦਾ ਹੈ। ਇਸ ਲਈ ਜੇ ਕੋਈ ਐਮ. ਐਲ. ਏ. ਰਸਤੇ ਵਿਚ ਚੜ੍ਹਦਾ ਹੈ ਤਾਂ ਫਿਰ ਠੀਕ ਨਹੀਂ

Original with;
Punjab Vidhan Sabha
Digitized by;
Panjab Digital Library

[ਰਾਜ਼ ਮੰਤਰੀ, ਆਵਾਜਾਈ]

ਦਰਜਾ, ਇਹ ਆਪ ਵੀ ਠੀਕ ਨਹੀਂ ਸਮਝਣਗੇ ਕਿ ਉਨ੍ਹਾਂ ਨੂੰ ਉਠਾਇਆ ਜਾਵੇ। ਬਾਕੀ ਹਰ ਡਿਪੂ ਤੇ ਹਦਾਇਤ ਕੀਤੀ ਹੋਈ ਹੈ ਕਿ ਜਿਥੋਂ ਵੀ ਐਮ. ਐਲ. ਏ. ਸਾਹਿਬ ਚੜ੍ਹਨ ਉਨ੍ਹਾਂ ਨੂੰ ਪੂਰਾ ਸਤਿਕਾਰ ਦਿਤਾ ਜਾਵੇ।

**ਸਰਦਾਰ ਸ਼ਮਸ਼ੇਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਹਰਿਆਣੇ ਨਾਲ ਰੈਸੀਪਰੋਕਲ ਅਰੇਂਜਮੈਂਟ ਕਰਨ ਲਈ ਚਿੱਠੀ ਪੱਤਰ ਕੀਤੀ ਸੀ ? ਅਸੀਂ ਇਸ ਸਬੰਧ ਵਿਚ ਹਰਿਆਣੇ ਦੇ ਚੀਫ ਮਨਿਸਟਰ ਨੂੰ ਵੀ ਮਿਲੇ ਸੀ। ਪਹਿਲਾਂ ਵੇਲੇ ਕੋਈ ਸਾਡੇ ਤੋਂ ਕਿਰਾਇਆ ਵਗੈਰਾ ਨਹੀਂ ਲਿਆ ਜਾਂਦਾ ਸੀ। ਜੇ ਕੋਈ ਇਨ੍ਹਾਂ ਨੇ ਚਿੱਠੀ ਪੱਤਰ ਕੀਤੀ ਹੈ ਤਾਂ ਉਸਦਾ ਵੇਰਵਾ ਕੀ ਹੈ, ਇਸ ਦਾ ਸਿੱਟਾ ਕੀ ਨਿਕਲਿਆ ?

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਸ ਸਪਲੀਮੈਂਟਰੀ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ।

**ਸਰਦਾਰ ਸ਼ਮਸ਼ੇਰ ਸਿੰਘ :** ਤੁਸੀਂ ਕਿਹਾ ਸੀ ਕਿ ਚਿੱਠੀ ਪੱਤਰ ਕੀਤੀ ਹੈ।

**ਰਾਜ ਮੰਤਰੀ :** ਇਹ ਮੇਰੇ ਕੋਲ ਆ ਜਾਣ, ਜੇ ਅਸੀਂ ਕੋਈ ਚਿੱਠੀ ਪੱਤਰ ਕੀਤੀ ਹੈ ਔਰ ਕੋਈ ਜਵਾਬ ਆਇਆ ਹੈ ਤਾਂ ਇਨ੍ਹਾਂ ਨੂੰ ਸਾਰੀ ਗੱਲ ਦੱਸ ਦਿਆਂਗੇ।

## Film Policy

***1817. Chaudhri Matu Ram :** Will the Minister of State for Housing be pleased to state whether the Government has formulated or propose to formulate any Film Policy for the Development of Punjabi Films in the State on the pattern of film policies formulated by other States in the Country, if so, the details thereof ?

**Sardarni Rajinder Kaur Bhathal :** Yes, Sir, Paper containing the details of the policy is placed on the Table of the House.

### ANNEXURE

The Punjab Government in the Cultural Affairs Department have formulated a Film Policy for the Development of good Punjabi Films in the State on the following lines:—

(i) Film produced in Punjabi language, which are approved by the Preview Committee and where at least 75% of the total length of the film as passed by the Central Board of Censors has been shot in Punjab, shall not be subject to any duty as against the normal duty of 125%.

(ii) Film produced in Punjabi Language, other than those covered by No. (i) above, which are approved by the Preview Committee, shall be subjected to 25% duty as against the normal duty of 125%.

(iii) Film produced in languages other than Punjabi where at least 75% of the length of the film as passed by the Central Board of censors has been shot in Punjab and which are approved by the Preview Committee, shall be subjected to 50% duty as against the normal duty of 125%

(iv) Since it is not possible to determine whether 75% of the length of a picture produced between 2nd February, 1976 and the date of announcement (30th May, 1978) of this policy has been shot in the Punjab, in all such cases a duty of 50% as against the normal duty of 125% shall be levied subject to the Preview Committee approving the film.

Original with;
Punjab Vidhan Sabha
Digitized by;
Panjab Digital Library

(v) The concessions indicated at Nos. (i), (ii) and (iv) above shall be applicable to a maximum of six prints and for six weeks.

(vi) For encouraging and giving recognition to good Punjabi films, two or three awards will be constituted. These awards will be given by the Government to the films on the recommendations of a jury consisting of eminent men of Art/letters.

The exemption from entertainment duty to the films under this scheme is given by the Excise and Taxation Department on the recommendations of the Preview Committee set up by the Government.

**ਸ੍ਰੀ ਸੁਰਿੰਦਰ ਕਪੂਰ** : ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹਵਾਂਗਾ ਕਿ ਜਿਸ ਤਰ੍ਹਾਂ ਦੂਜੀਆਂ ਸਟੇਟਾਂ ਵਿਚ ਗੌਰਮਿੰਟ ਨੇ ਆਪਣੀ ਲੈਂਗੂਏਜ ਦੀ ਫਿਲਮ ਪਾਲਿਸੀ ਬਣਾਈ ਹੈ ਔਰ ਰਿਜਨਲ ਲੈਂਗੂਏਜ ਦੀਆਂ ਫਿਲਮਾਂ ਨੂੰ ਕਾਫੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਕੀ ਇਸੇ ਤਰ੍ਹਾਂ ਪੰਜਾਬ ਸਰਕਾਰ ਵੀ ਕੋਈ ਫਿਲਮ ਪਾਲਿਸੀ ਬਣਾ ਕੇ ਰਿਜਨਲ ਫਿਲਮਾਂ ਨੂੰ ਕੋਈ ਸਹੂਲਤਾਂ ਦੇਣ ਦੀ ਸਕੀਮ ਤੇ ਵਿਚਾਰ ਕਰੇਗੀ ਜਿਸ ਤਰ੍ਹਾਂ ਕਿ ਕੋਈ ਸਟਡੀਓ ਵਗੈਰਾ ਵਿਚ ਸਹੂਲਤ ਦੇਣੀ, ਫਿਲਮ ਰਾਅ ਮੈਟੀਰੀਅਲ ਵਿਚ ਸਬਸਿਡੀ ਦੇਣੀ ਅਤੇ ਵਿੱਤੀ ਸਹਾਇਤਾ ਦੇਣੀ ਤਾਂਕਿ ਪੰਜਾਬ ਦੇ ਕਲਚਰ ਨੂੰ ਚੰਗੇ ਤਰੀਕੇ ਨਾਲ ਉਚਾ ਕੀਤਾ ਜਾ ਸਕੇ ਔਰ ਪੰਜਾਬ ਤਰੱਕੀ ਕਰ ਸਕੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਆਪਣੀ ਫਿਲਮ ਪਾਲਿਸੀ ਬਣੀ ਹੋਈ ਹੈ ਜਿਹੜੀ ਸਦਨ ਦੀ ਮੇਜ਼ ਤੇ ਰੱਖੀ ਹੈ। ਜਿਹੜੀਆਂ ਪੰਜਾਬੀ ਫਿਲਮਾਂ ਪੰਜਾਬੀ ਭਾਸ਼ਾ ਵਿਚ ਪੰਜਾਬ ਵਿਚ ਜਿਨ੍ਹਾਂ ਦੀ ਸ਼ੂਟਿੰਗ ਹੁੰਦੀ ਹੈ, ਉਨ੍ਹਾਂ ਨੂੰ ਅਸੀਂ ਛੋਟ ਦਿੰਦੇ ਹਾਂ। ਬਾਕੀ ਦੂਜੀ ਸਟੇਟ ਦੀਆਂ ਪਾਲਿਸੀਜ਼ ਬਾਰੇ ਅਸੀਂ ਐਗਜ਼ਾਮਿਨ ਕਰ ਲਵਾਂਗੇ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਇਹ ਐਲਾਨ ਹੈ ਕਿ ਜਿਨ੍ਹਾਂ ਪੰਜਾਬੀ ਫਿਲਮਾਂ ਦੀ ਸ਼ੂਟਿੰਗ ਪੰਜਾਬ ਵਿਚ 70–75% ਹੋਵੇਗੀ ਉਨ੍ਹਾਂ ਤੇ ਪੂਰਾ ਟੈਕਸ ਮੁਆਫ ਕੀਤਾ ਜਾਵੇਗਾ ਪਰ ਹਾਲੇ ਤਕ ਕਿਸੇ ਪੰਜਾਬੀ ਫਿਲਮ ਤੇ ਪੂਰਾ ਟੈਕਸ ਮੁਆਫ ਨਹੀਂ ਕੀਤਾ ਗਿਆ, ਸਿਰਫ ਅੱਧਾ ਟੈਕਸ ਹੀ ਮੁਆਫ ਕੀਤਾ ਗਿਆ ਹੈ। ਕੀ ਇਹ ਪੂਰਾ ਟੈਕਸ ਮੁਆਫ ਕਰਨ ਨੂੰ ਤਿਆਰ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਐਸਾ ਕੋਈ ਅਸੀਂ ਐਲਾਨ ਨਹੀਂ ਕੀਤਾ ਹੋਇਆ। ਫਿਲਮ ਪਾਲਿਸੀ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖ ਦਿਤੀ ਹੈ। ਹੋ ਸਕਦਾ ਹੈ ਕਿ ਪਾਲਿਸੀ ਮੁਤਾਬਿਕ ਪੂਰਾ ਟੈਕਸ ਨਾ ਮੁਆਫ ਕਰਨ ਦਾ ਕਾਰਨ ਇਹ ਹੋਵੇ ਕਿ ਉਸ ਪਾਲਿਸੀ ਮੁਤਾਬਿਕ ਕੋਈ ਫਿਲਮ ਪੂਰੀ ਨਾ ਉਤਰੀ ਹੋਵੇ।

**ਸ੍ਰੀ ਰਾਮ ਸਵਰੂਪ ਬਾਗੀ** : ਸਪੀਕਰ ਸਾਹਿਬ, ਪੰਜਾਬ ਵਿਚ ਫਿਲਮ ਇੰਡਸਟਰੀ ਪੰਜਾਬੀ ਦੀ ਡਿਵੈਲਪਮੈਂਟ ਕਰ ਰਹੀ ਹੈ ਅਤੇ ਆਪਣਾ ਸਟੈਂਡਰਡ ਬਣਾ ਰਹੀ ਹੈ ਅਤੇ ਉਹ ਪੰਜਾਬ ਦੇ ਪਿੰਡਾਂ ਦੇ ਖੇਤਾਂ ਵਿਚ ਅਤੇ ਘਰਾਂ ਵਿਚ ਸ਼ੂਟਿੰਗ ਕਰ ਰਹੇ ਹਨ ਤਾਂਕਿ ਪੰਜਾਬ ਦੇ ਕਲਚਰ ਤੇ ਰੌਸ਼ਨੀ ਪਾਈ ਜਾ ਸਕੇ ਲੇਕਿਨ ਜਿਹੜੇ ਪ੍ਰੋਡਿਊਸਰ ਇਥੇ ਫਿਲਮਾਂ ਬਨਾਉਣ ਲਈ ਆਉਂਦੇ ਹਨ, ਉਨ੍ਹਾਂ ਨੂੰ ਫਿਲਮਾਂ ਦੀ ਸ਼ੂਟਿੰਗ ਦੇ ਦੌਰਾਨ ਕੋਈ ਪੁਲਿਸ ਪ੍ਰੋਟੈਕਸ਼ਨ ਨਹੀਂ ਦਿਤੀ ਜਾਂਦੀ ਅਤੇ ਨਾ ਹੀ ਫਾਈਨੈਂਸ਼ਲ ਮਦਦ ਕੀਤੀ ਜਾਂਦੀ ਹੈ। ਕੀ ਸਰਕਾਰ ਉਨ੍ਹਾਂ ਫਿਲਮ ਪ੍ਰੋਡਿਊਸਰਜ਼ ਨੂੰ ਪੁਲਿਸ ਪ੍ਰੋਟੈਕਸ਼ਨ ਸ਼ੂਟਿੰਗ ਦੇ ਦੌਰਾਨ ਅਤੇ ਫਿਲਮਾਂ ਲਈ ਫਾਈਨੈਂਸ਼ਲ ਕਾਰਪੋਰੇਸ਼ਨ ਤੋਂ ਲੋਨ ਜਾਂ ਆਪ ਲੋਨ ਦੇਣ ਦਾ ਕੋਈ ਪ੍ਰਬੰਧ ਕਰਨ ਲਈ ਤਿਆਰ ਹੈ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਸਵਾਲ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ। ਬਾਕੀ ਜਿਹੜੀਆਂ ਇਨ੍ਹਾਂ ਨੇ ਤਕਲੀਫਾਂ ਦੱਸੀਆਂ ਹਨ, ਉਨ੍ਹਾਂ ਤੇ ਗੌਰ ਕਰ ਲਿਆ ਜਾਵੇਗਾ ਪਰ ਮੇਰੇ ਕੋਲ ਅਜ ਤਕ ਅਜਿਹੀ ਕੋਈ ਸ਼ਿਕਾਇਤ ਨਹੀਂ ਆਈ।

ਸ੍ਰੀ ਬ੍ਰਹਮ ਮਹਿੰਦਰਾ: ਸਪੀਕਰ ਸਾਹਿਬ, 2 ਸਾਲ ਪਹਿਲੇ ਫਾਈਨੈਂਸ ਮਨਿਸਟਰ ਸਾਹਿਬ ਨੇ ਬਜਟ ਸਪੀਚ ਵਿਚ ਫਿਲਮ ਕਾਰਪੋਰੇਸ਼ਨ ਨੂੰ ਵਾਈਂਡ ਅਪ ਕਰਨ ਦਾ ਐਲਾਨ ਕੀਤਾ ਸੀ। ਇਸ ਫਿਲਮ ਕਾਰਪੋਰੇਸ਼ਨ ਨੂੰ ਡਿਵੈਲਪ ਕਰਨ ਲਈ ਅਤੇ ਫਾਈਨੈਂਸ਼ਿਅਲ ਰੀਸੋਰਸਿਜ਼ ਨੂੰ ਵਧਾਉਣ ਲਈ ਕੀ ਸਟੈਪਸ ਲਏ ਗਏ ਹਨ ਅਗਰ ਇਸ ਨੂੰ ਸਰਕਾਰ ਨੇ ਵਾਈਂਡ ਅਪ ਨਹੀਂ ਕਰਨਾ ?

ਮੁੱਖ ਮੰਤਰੀ: ਸਪੀਕਰ ਸਾਹਿਬ,.ਸਵਾਲ ਤਾਂ ਕੁਝ ਹੋਰ ਚੱਲ ਰਿਹਾ ਹੈ ਪਰ ਸਪਲੀਮੈਂਟਰੀਜ਼ ਹੋਰ ਆ ਰਹੀਆਂ ਹਨ। ਗੱਲ ਤਾਂ ਸਿਰਫ ਫਿਲਮਾਂ ਨੂੰ ਕਿਸ ਤਰ੍ਹਾਂ ਮੱਦਦ ਦੇਣ ਦੀ ਸੀ। ਅਸੀਂ ਸਿਰਫ 75% ਸ਼ੂਟਿੰਗ ਪੰਜਾਬ ਵਿਚ ਕਰਨ ਦਾ ਐਲਾਨ ਕੀਤਾ ਹੋਇਆ ਹੈ ਪਰ ਕਿਸੇ ਪ੍ਰੋਡਿਊਸਰ ਨੇ ਸਾਡੇ ਕੋਲ ਆ ਕੇ ਕਦੇ ਇਤਰਾਜ਼ ਨਹੀਂ ਕੀਤਾ ਕਿ ਉਨ੍ਹਾਂ ਨੂੰ ਸ਼ੂਟਿੰਗ ਕਰਨ ਦੇ ਵਕਤ ਕੋਈ ਪ੍ਰੋਟੈਕਸ਼ਨ ਨਾ ਮਿਲੀ ਹੋਵੇ। ਪਰ ਉਨ੍ਹਾਂ ਦੀ ਮਦਦ ਕਰਨ ਦੇ ਵਕਤ ਲਾਜ਼ਮੀ ਤੌਰ ਤੇ ਵੇਖਣਾ ਪਵੇਗਾ ਕਿ ਉਸ ਸ਼ੂਟਿੰਗ ਦਾ ਪਬਲਿਕ ਤੇ ਕੋਈ ਬੁਰਾ ਅਸਰ ਨਾ ਪਵੇ ਔਰ ਇਸ ਗਲ ਨੂੰ ਅਸੀਂ ਨਜ਼ਰ ਅੰਦਾਜ਼ ਵੀ ਨਹੀਂ ਕਰ ਸਕਦੇ। ਸ਼ੂਟਿੰਗ ਦੇ ਪਾਰਟਸ ਨੂੰ ਵੇਖਣਾ ਪੈਂਦਾ ਹੈ ਔਰ ਇਸ ਦਾ ਮਾਰਲ ਕੀ ਹੈ। ਸਪੀਕਰ ਸਾਹਿਬ, ਬਹੁਤ ਸਾਰੀਆਂ ਫਿਲਮਾਂ ਲੋਕਾਂ ਨੂੰ ਖੁਸ਼ ਰਖਣ ਵਾਸਤੇ ਹੀ ਬਣਾਈਆਂ ਜਾਂਦੀਆਂ ਹਨ, ਉਸ ਦੇ ਵਿਚ ਮਾਰਲ ਦੀ ਕੋਈ ਗੱਲ ਨਜ਼ਰ ਨਹੀਂ ਆਉਂਦੀ ਅਤੇ ਨਾ ਹੀ ਦੇਸ਼ ਦੀ ਹਾਲਤ ਨੂੰ ਸੁਧਾਰਨ ਵਾਲੇ ਪਾਸੇ ਕੋਈ ਪਾਰਟ ਐਗਜ਼ਿਸਟ ਕਰਦਾ ਹੈ। ਫਿਲਮਾਂ ਕਈ ਕਾਬਲੇ ਕਬੂਲ ਵੀ ਨਹੀਂ ਹੁੰਦੀਆਂ ਜਿਸ ਕਰਕੇ ਪਰੀਵਿਊ ਕਮੇਟੀ ਇਸ ਨੂੰ ਦੇਖਦੀ ਹੈ ਔਰ ਪਾਸ ਕਰਦੀ ਹੈ, ਫੇਰ ਅਸੀਂ ਟੈਕਸ ਵਿਚ ਛੋਟ ਦਿੰਦੇ ਹਾਂ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 1823

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ।)

---

## Setting up of Urban Development Authorities

***1822. Shri Surinder Kapur :** Will the Chief Minister be pleased to state whether there is any proposal under the consideration of the Government to set up Urban Development Authorities in the State, if so, the details thereof ?

**Sardar Darbara Singh :** Yes, a proposal is under consideration of the Government to set up an Urban Development Authority in the State. The object of the proposed Authority shall be to promote planned urban development in the State according to the plans, schemes, programmes as drawn up by the Authority.

ਸ੍ਰੀ ਸੁਰਿੰਦਰ ਕਪੂਰ: ਸਪੀਕਰ ਸਾਹਿਬ, ਸ਼ਹਿਰਾਂ ਨੂੰ ਚੰਗੇ ਢੰਗ ਨਾਲ ਡਿਵੈਲਪ ਕਰਨ ਵਾਸਤੇ ਸਰਕਾਰ ਦਾ ਅਰਬਨ ਡਿਵੈਲਪਮੈਂਟ ਅਥਾਰਿਟੀ ਬਨਾਉਣ ਦਾ ਫੈਸਲਾ ਬਹੁਤ ਅੱਛਾ ਹੈ। ਇਸ ਦੇ ਲਈ ਪਹਿਲੇ ਮੈਂ ਧੰਨਵਾਦ ਸਰਕਾਰ ਦਾ ਕਰਦਾ ਹਾਂ। ਇਹ ਅਥਾਰਿਟੀ ਕਦੋਂ ਤਕ ਕੰਮ ਕਰਨਾ ਸ਼ੁਰੂ ਕਰ ਦੇਵੇਗੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਜਲਦੀ ਹੀ ਕੈਬਨਿਟ ਵਿਚ ਸਾਰੀ ਚੀਜ਼ ਨੂੰ ਲਿਆ ਕੇ ਫੈਸਲਾ ਕਰਨਾ ਹੈ ਕਿਉਂਕਿ ਪਹਿਲੇ ਮੁਖਤਲਿਫ ਕੰਮਾਂ ਨੂੰ ਮੁਖਤਲਿਫ ਮਹਿਕਮੇਂ ਕਰਦੇ ਸਨ ਜਿਸ ਕਰਕੇ ਉਨ੍ਹਾਂ ਦੀ ਆਪਸ ਵਿਚ ਕੋਆਰਡੀਨੇਸ਼ਨ ਨਹੀਂ ਹੁੰਦੀ ਸੀ ਅਤੇ ਕੰਮ ਵਿਚ ਡੀਲੇਅ ਹੁੰਦੀ ਸੀ ਅਤੇ ਉਹ ਆਪਸ ਵਿਚ ਇਨਟੈਗਰੇਟ ਨਹੀਂ ਕਰ ਪਾਉਂਦੇ ਸਨ। ਇਸ ਕਰਕੇ ਸਰਕਾਰ ਇਸ ਅਥਾਰਿਟੀ ਨੂੰ ਕਾਇਮ ਕਰਨ ਦਾ ਫੈਸਲਾ ਜਲਦੀ ਤੋਂ ਜਲਦੀ ਕਰੇਗੀ।

**ਸ੍ਰੀ ਸੁਰਿੰਦਰ ਕਪੂਰ**: ਸਪੀਕਰ ਸਾਹਿਬ, ਸ਼ਹਿਰਾਂ ਵਿਚ ਅਨਆਥੋਰਾਈਜ਼ਡ ਕਲੋਨੀਜ਼ ਡਿਵਲੈਪ ਹੋ ਰਹੀਆਂ ਹਨ ਜਿਸ ਨਾਲ ਸ਼ਹਿਰਾਂ ਦੀ ਖੂਬਸੂਰਤੀ ਖਰਾਬ ਹੋ ਰਹੀ ਹੈ ਅਤੇ ਰੂਪ ਰੇਖਾ ਵੀ ਨਸ਼ਟ ਹੋ ਰਹੀ ਹੈ। ਇਸ ਨੂੰ ਰੋਕਣ ਵਾਸਤੇ ਸਰਕਾਰ ਕਦੋਂ ਤੱਕ ਇਸ ਅਥਾਰਿਟੀ ਨੂੰ ਚਾਲੂ ਕਰ ਦੇਵੇਗੀ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਸਪੈਸੇਫਿਕ ਪੀਰੀਅਡ ਤਾਂ ਨਹੀਂ ਦੱਸਿਆ ਜਾ ਸਕਦਾ ਪਰ ਅਸੀਂ ਇਸ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰ ਦੇਵਾਂਗੇ।

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਸਪੀਕਰ ਸਾਹਿਬ, ਇਸ ਅਥਾਰਿਟੀ ਦੇ ਸਪੁਰਦ ਕਿਹੜੇ ਕਿਹੜੇ ਮਹਿਕਮੇ ਹੋਣਗੇ ਜਿਹੜੇ ਇਸ ਵਿਚ ਕੰਮ ਕਰਨਗੇ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਸਾਰੇ ਸਬੰਧਤ ਮਹਿਕਮੇ ਇਨਟੈਗਰੇਟ ਹੋਣਗੇ ਜੋ ਸ਼ਹਿਰਾਂ ਦੀ ਡਿਵੈਲਪਮੈਂਟ ਨਾਲ ਸਬੰਧਤ ਹੋਣਗੇ।

**ਸਰਦਾਰ ਲੱਖਾ ਸਿੰਘ**: ਸਪੀਕਰ ਸਾਹਿਬ, ਅੰਮ੍ਰਿਤਸਰ ਦੇ 22 ਪਿੰਡ ਕਾਰਪੋਰੇਸ਼ਨ ਵਿਚ ਸ਼ਾਮਲ ਹੋ ਗਏ ਹਨ ਪਰ ਉਨ੍ਹਾਂ ਪਿੰਡਾਂ ਦੀ ਡਿਵੈਲਪਮੈਂਟ ਨਹੀਂ ਹੋ ਰਹੀ। ਇਸ ਲਈ ਕੀ ਸੀ. ਐਮ. ਸਾਹਿਬ ਉਨ੍ਹਾਂ ਪਿੰਡਾਂ ਦੀ ਡਿਵੈਲਪਮੈਂਟ ਦਾ ਪ੍ਰਬੰਧ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜੇ ਪਿੰਡ ਕਾਰਪੋਰੇਸ਼ਨ ਵਿਚ ਸ਼ਾਮਲ ਹੋ ਗਏ ਹਨ, ਉਨ੍ਹਾਂ ਪਿੰਡਾਂ ਵਲ ਘੱਟ ਧਿਆਨ ਦਿਤਾ ਜਾ ਰਿਹਾ ਹੈ ਪਰ ਅਸੀਂ ਕੋਸ਼ਿਸ਼ ਕਰਾਂਗੇ ਕਿ ਜਿਨ੍ਹਾਂ ਚੀਜ਼ਾਂ ਵੱਲ ਇਮੀਜੀਏਟਲੀ ਧਿਆਨ ਦੇਣ ਦੀ ਜ਼ਰੂਰਤ ਹੈ, ਉਹ ਸਹੂਲਤਾਂ ਦਿਤੀਆਂ ਜਾਣ। ਬਾਕੀ ਜੋ ਸਹੂਲਤਾਂ ਸ਼ਹਿਰਾਂ ਨੂੰ ਮਿਲਦੀਆਂ ਹਨ, ਉਨ੍ਹਾਂ ਦਾ ਪ੍ਰਬਧ ਅਰਬਨ ਡਿਵੈਲਪਮੈਂਟ ਅਥਾਰਿਟੀ ਹੇਠ ਲਿਆ ਕੇ ਦਿਤੀਆਂ ਜਾਣਗੀਆਂ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸੀਵਰੇਜ ਬੋਰਡ ਦਾ ਕੰਮ ਵੀ ਅਰਬਨ ਡਿਵੈਲਪਮੈਂਟ ਅਥਾਰਿਟੀ ਨੂੰ ਦਿਉਗੇ ਜਾਂ ਕੋਈ ਕਾਰਪੋਰੇਸ਼ਨ ਬਣਾ ਕੇ ਸਾਰੀਆਂ ਤਾਕਤਾਂ ਉਸ ਨੂੰ ਦਿਓਗੇ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਡੀਟੇਲਜ਼ ਦੀਆਂ ਗੱਲਾਂ ਹਨ। ਸੀਵਰੇਜ ਬੋਰਡ ਦਾ ਕੰਮ ਹੋਵੇ ਜਾਂ ਕੋਈ ਹੋਰ ਕਿਸੇ ਕਿਸਮ ਦਾ ਕੰਮ ਹੋਵੇ, ਉਨ੍ਹਾਂ ਲਈ ਕੋਈ ਪਲੈਨਿੰਗ ਕਰਨੀ ਪਵੇਗੀ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਸਾਡੇ ਰਾਮਪੁਰਾ ਫੂਲ ਵਿਚ ਅਰਬਨ ਐਸਟੇਟ ਮਨਜ਼ੂਰ ਹੋਈ ਸੀ ਪਰ ਉਹ ਲਿੰਗਰ ਆਨ ਕਰ ਰਹੇ ਹਨ। ਕੀ ਉਸ ਬਾਰੇ ਸਪੀਕਰ ਸਾਹਿਬ, ਕੋਈ ਅਸ਼ੋਰੈਂਸ ਸੀ. ਐਮ. ਸਾਹਿਬ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਸ ਦਾ ਸਵਾਲ ਨਾਲ ਤਾਂ ਕੋਈ ਤੁਅੱਲਕ ਨਹੀਂ ਹੈ। ਇਸ ਦਾ ਤੁਅੱਲਕ ਡਾਇਰੈਕਟ ਤਾਂ ਮੇਰੇ ਨਾਲ ਨਹੀਂ ਹੈ, ਫਿਰ ਵੀ ਮੈਂ ਇਸ ਸਵਾਲ ਦਾ ਜਵਾਬ ਮਨਿਸਟਰ ਵਲੋਂ ਭਿਜਵਾ ਦੇਵਾਂਗਾ ।

---

## Atrocities Committed on Harijans

***1797. Sardar Shamsher Singh :** Will the Chief Minister be pleased to state the number of cases registered in district Ludhiana regarding atrocities committed on Harijans during the year 1980-81 and 1981-1982, separately and the action taken or proposed to be taken thereon ?

**Sardar Darbara Singh :** Statement is laid on the Table of the House.

### Statement

During the year 1980, 30 cases on account of atrocities on Harijans were registered, out of which 27 cases were admitted, 23 cases were sent up for trial in the court. Out of these 23 cases, 9 cases are pending in the court, 4 cases resulted in conviction and 10 cases were acquitted while 4 cases were sent as untraced and 3 cases were cancelled.

During the year 1981, only 6 cases were registered, out of which 5 cases were admitted which were sent up in the court for trial. Out of these 5 cases, 2 cases are pending in the court, one case resulted in conviction while the remaining 2 cases were acquitted. One case was cancelled after preliminary investigation.

During the year 1982, 14 cases were registered, out of which 11 cases were admitted and 3 cases were cancelled. Out of admitted 11 cases, 5 cases are still under investigation and 6 cases were sent up in the court for trial. Out of 6 cases sent for trial, 5 cases are under trial while remaining one case had been acquitted from the court.

**ਸਰਦਾਰ ਸ਼ਮਸ਼ੇਰ ਸਿੰਘ**: ਸਪੀਕਰ ਸਾਹਿਬ, 1980 ਵਿਚ ਹਰੀਜਨਾਂ ਉਤੇ ਅਤਿਆਚਾਰ ਸਬੰਧੀ 30 ਮੁਕੱਦਮੇ ਦਰਜ ਹੋਏ ਜਿਨ੍ਹਾਂ ਵਿਚੋਂ 27 ਐਡਮਿਟ ਹੋਏ ਅਤੇ 3 ਮੁਕੱਦਮੇ ਕੈਂਸਲ ਕੀਤੇ ਗਏ। 9 ਕੇਸਿਜ਼ ਪੈਂਡਿੰਗ ਹਨ। ਇਸੇ ਤਰ੍ਹਾਂ ਹੀ ਸਾਲ 1981 ਵਿਚ ਹੋਇਆ ਅਤੇ ਇਸੇ ਤਰ੍ਹਾਂ ਹੀ ਸਾਲ 1982 ਵਿਚ ਹੋਇਆ। ਸਪੀਕਰ ਸਾਹਿਬ, ਕੁਝ ਐਸੇ ਕੇਸ ਹਨ ਜਿਨ੍ਹਾਂ ਤੇ ਪੁਲਿਸ ਵਲੋਂ ਅਜ ਤਕ ਇਨਵੈਸਟੀਗੇਸ਼ਨ ਨਹੀਂ ਕੀਤੀ ਗਈ। ਬਾਕੀ ਇਨਵੈਸਟੀਗੇਸ਼ਨ ਵਿਚ ਟਾਈਮ ਬਹੁਤ ਲਗਦਾ ਹੈ। ਕੀ ਕੇਸਾਂ ਦੀ ਇਨਵੈਸਟੀਗੇਸ਼ਨ ਲਈ ਕੋਈ ਸੀ.ਐਮ. ਸਾਹਿਬ ਟਾਈਮ ਫਿਕਸ ਕਰਨਗੇ ? ਜਿਹੜੇ ਤਿੰਨ ਕੇਸ ਕੈਂਸਲ ਕੀਤੇ ਗਏ ਹਨ, ਕੀ ਉਹ ਅੰਡਰ ਪ੍ਰੈਸ਼ਰ ਤਾਂ ਕੈਂਸਲ ਨਹੀਂ ਕੀਤੇ ਗਏ ? ਕੀ ਮੁੱਖ ਮੰਤਰੀ ਜੀ ਸਾਰੀ ਚੀਜ਼ ਦੀ ਇਨਕੁਆਇਰੀ ਕਰਾਉਣ ਲਈ ਤਿਆਰ ਹਨ ?

**ਮੁੱਖ ਮੰਤਰੀ**: ਜੇ, ਸਪੀਕਰ ਸਾਹਿਬ, ਇਹ ਚਾਹੁਣਗੇ ਤਾਂ ਅਸੀਂ ਜ਼ਰੂਰ ਇਨਕੁਆਇਰੀ ਕਰਾ ਦਿਆਂਗੇ ਲੇਕਿਨ ਇਹ ਕਾਫੀ ਮੁਸ਼ਕਲ ਗੱਲ ਹੈ। ਅਸੀਂ, ਸਪੀਕਰ ਸਾਹਿਬ ਗੌਰਮਿੰਟ ਆਫ ਇੰਡੀਆ ਨੂੰ ਵੀ ਕਿਹਾ ਹੈ ਕਿ ਉਹ ਲਿਸਟ ਤਿਆਰ ਕਰਨ ਕਿ ਕਿਸ ਕਿਸਮ ਦੀ ਐਟਰੋਸਿਟੀ ਨੂੰ ਐਟਰੋਸਿਟੀ ਮੰਨਿਆਂ ਜਾਏ। ਆਮ ਤੌਰ ਤੇ ਹਰੀਜਨਾਂ ਦਾ ਲੜਾਈ ਝਗੜਾ ਜ਼ਮੀਨ ਉਤੇ ਹੁੰਦਾ ਹੈ। ਕੇਸ ਜ਼ਿਆਦਾਤਰ 325 ਅਤੇ 326 ਦੇ ਬਣਦੇ ਹਨ ਪਰ ਕਿਤੇ ਕਿਤਾਈਂ 302 ਦਾ ਕੇਸ ਬਣਦਾ ਹੈ। ਜੇਕਰ ਬਾਈਕਾਟ ਹੋਵੇ ਤਾਂ ਡਾਇਰੈਕਟ ਐਟਰੋਸਿਟੀ ਹੈ, ਅਗਰ ਜ਼ਮੀਨ ਦਾ ਝਗੜਾ ਆਦਿ ਹੋਵੇ ਤਾਂ ਸਿੱਧੀ ਐਟਰੋਸਿਟੀ ਨਹੀਂ ਹੈ। ਜਿਹੜੇ ਕੇਸ ਕੈਂਸਲ ਹੋਏ ਹਨ ਔਰ ਜੇਕਰ ਉਨ੍ਹਾਂ ਕੇਸਾਂ ਲਈ ਕੋਈ ਗਵਾਹੀ ਦੇਣ ਲਈ ਤਿਆਰ ਹੈ ਤਾਂ ਉਹ ਕੇਸ ਮੁੜ ਵਾਪਿਸ ਹੋ ਸਕਦੇ ਹਨ। ਜੇਕਰ ਕਿਸੇ ਦਬਾਅ ਹੇਠ ਆ ਕੇ ਹਰੀਜਨਾਂ ਨੂੰ ਖਰਾਬ ਕੀਤਾ ਗਿਆ ਹੈ, ਉਸ ਬਾਰੇ ਦੱਸਿਆ ਜਾਵੇ, ਉਹ ਐਟਰੋਸਿਟੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਜੇਕਰ ਹਰੀਜਨਾਂ ਨੂੰ ਕਿਤੇ ਜ਼ਮੀਨ ਸਰਕਾਰ ਵਲੋਂ ਅਲਾਟ ਕੀਤੀ ਜਾਂਦੀ ਹੈ ਤਾਂ ਹਰੀਜਨਾਂ ਨੂੰ ਉਸ ਜ਼ਮੀਨ ਦਾ ਕਬਜ਼ਾ ਨਹੀਂ ਮਿਲਦਾ। ਜਦੋਂ ਹਰੀਜਨ ਉਸ ਜ਼ਮੀਨ ਦਾ ਕਬਜ਼ਾ ਲੈਣ ਜਾਂਦਾ ਹੈ ਤਾਂ ਉਸ ਦੀ ਕੁੱਟ ਮਾਰ ਕੀਤੀ ਜਾਂਦੀ ਹੈ। ਕੀ ਸਰਕਾਰ ਹਰੀਜਨਾਂ ਨੂੰ ਜ਼ਮੀਨ ਦਾ ਪੋਜ਼ੈਸ਼ਨ ਦਿਵਾਉਣ ਦਾ ਕੋਈ ਪ੍ਰਬੰਧ ਕਰੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਸਵਾਲ ਤਾਂ ਚੰਗਾ ਕੀਤਾ ਹੈ। ਸਰਕਾਰ ਪਿਛਲੇ ਸਾਲ ਦੀ ਘੋਖ ਕਰੇਗੀ ਕਿ ਹਰੀਜਨਾਂ ਨੂੰ ਜਦੋਂ ਜ਼ਮੀਨ ਅਲਾਟ ਸਰਕਾਰ ਵਲੋਂ ਕੀਤੀ ਗਈ ਤਾਂ ਪੋਜ਼ੈਸ਼ਨ ਵੇਲੇ ਕਿਸੇ ਨੂੰ ਡਿਸਪੋਜ਼ੈਸ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਾਂ ਕਿਸੇ ਹੋਰ ਕਿਸਮ ਦਾ ਝਗੜਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਏਗੀ। (ਥੰਪਿੰਗ)

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਸੀ ਐਮ. ਸਾਹਿਬ ਦੇ ਨੋਟਿਸ ਵਿਚ ਪਿਛੇ ਦੋ ਕੇਸ ਲਿਆਂਦੇ ਸੀ ਅਤੇ ਉਨ੍ਹਾਂ ਨੂੰ ਵੀ ਇਨ੍ਹਾਂ ਕੇਸਾਂ ਬਾਰੇ ਪਤਾ ਸੀ। ਇਨ੍ਹਾਂ ਕੇਸਾਂ ਬਾਰੇ ਡੀ.ਜੀ.ਪੀ. ਨੂੰ ਵੀ ਪਤਾ ਸੀ। ਇਹ ਖਰੜ ਪੁਲਿਸ ਸਟੇਸ਼ਨ ਦੀ ਗੱਲ ਹੈ। ਇੱਕ ਸਰਪੰਚ ਹਕੀਕਤ ਸਿੰਘ ਨੇ ਦੋ ਔਰਤਾਂ ਦਾ ਮੂੰਹ ਕਾਲਾ ਕਰਕੇ ਪਿੰਡ ਵਿਚ ਜਲੂਸ ਕਢਿਆ। ਉਸ ਤੋਂ ਬਾਅਦ ਉਨ੍ਹਾਂ ਔਰਤਾਂ ਤੇ ਦਬਾਅ ਪਾਇਆ ਗਿਆ ਕਿ ਮੇਰੇ ਖਿਲਾਫ ਸ਼ਿਕਾਇਤ ਨਾ ਕਰੋ। ਜਦੋਂ ਪੁਲਿਸ ਇਨਵੈਸਟੀਗੇਸ਼ਨ ਕਰਨ ਲਈ ਗਈ ਤਾਂ ਪੁਲਿਸ ਵਾਲਿਆਂ ਦੀ ਬਰਦੀ ਫਾੜ ਦਿਤੀ। ਇਹ ਕੇਸ ਮੈਂ ਸੀ.ਐਮ. ਸਾਹਿਬ ਦੇ ਪਰਸਨਲੀ ਨੋਟਿਸ ਵਿਚ ਲਿਆਂਦੇ ਸਨ। ਸਪੀਕਰ ਸਾਹਿਬ, ਹੁਣ ਮੈਂ ਮੁੱਖ ਮੰਤਰੀ ਸਾਹਿਬ ਕੋਲੋਂ ਜਾਣਨਾ ਚਾਹਾਂਗਾ ਕਿ ਕੀ ਉਸ ਸਰਪੰਚ ਦੇ ਖਿਲਾਫ ਕੋਈ ਐਕਸ਼ਨ ਲਿਆ ਗਿਆ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਦਾ ਇਸ ਕੁਐਸਸ਼ਨ ਨਾਲ ਤਾਂ ਕੋਈ ਸਬੰਧ ਨਹੀਂ ਹੈ, ਫਿਰ ਵੀ ਮੈਂ ਇਸ ਸਵਾਲ ਦਾ ਜਵਾਬ ਦਿੰਦਾ ਹਾਂ। ਇਸ ਕੇਸ ਤੇ ਐਕਸ਼ਨ ਲਿਆ ਜਾ ਰਿਹਾ ਹੈ ਅਤੇ ਕੇਸ ਕੋਰਟ ਵਿਚ ਦਰਜ ਕਰਵਾ ਕੇ ਇਨਕੁਆਇਰੀ ਹੋ ਰਹੀ ਹੈ। ਕੋਰਟ ਦੀਆਂ ਕੁਝ ਐਸੀਆਂ ਗੱਲਾਂ ਹਨ ਜੋ ਮੈਂ ਇਥੇ ਦੱਸ ਨਹੀਂ ਸਕਦਾ। ਉਸ ਨੂੰ ਸਹੂਲਤ ਕਾਫੀ ਦਿੱਤੀ ਹੈ ਤਾਂ ਕਿ ਅਗੇ ਤੋਂ ਕੋਈ ਅਜਿਹਾ ਕੰਮ ਨਾ ਕਰੇ। (ਹਾਸਾ)

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਬੜੀ ਆਰਟਿਸਟਿਕ ਲੈਂਗੁਏਜ ਨਾਲ ਕਿਹਾ ਹੈ ਕਿ ਸਹੂਲਤ ਦਿਤੀ ਜਾ ਰਹੀ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਉਸ ਨੂੰ ਬੜੇ ਆਰਾਮ ਵਿਚ ਰਖਿਆ ਗਿਆ ਹੈ ਜਿਸ ਤੋਂ ਉਹ ਅਗੇ ਨੂੰ ਕੋਈ ਇਹੋ ਜਿਹਾ ਐਕਸ਼ਨ ਨਾ ਕਰੇ। (ਥੰਪਿੰਗ)

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਹਰੀਜਨਾਂ ਤੇ ਬੜੇ ਅੱਤਿਆਚਾਰ ਹੁੰਦੇ ਹਨ। ਗਰੀਬ ਹਰੀਜਨਾਂ ਦੇ ਥਾਨਿਆਂ ਵਿਚ ਕੇਸ ਦਰਜ ਨਹੀਂ ਹੁੰਦੇ ਅਤੇ ਜਿਹੜੇ ਕੇਸ ਦਰਜ ਹੁੰਦੇ ਹਨ, ਉਨ੍ਹਾਂ ਨੂੰ ਬਿਨਾਂ ਵਜਾਹ ਹੀ ਲੰਬਾ ਕੀਤਾ ਜਾਂਦਾ ਹੈ। ਕਾਫੀ ਦੇਰ ਤਕ ਕੇਸ ਦੀ ਇਨਵੈਸਟੀਗੇਸ਼ਨ ਨਹੀਂ ਹੁੰਦੀ। ਕੀ ਸੀ.ਐਮ. ਸਾਹਿਬ, ਇਹੋ ਜਿਹੇ ਕੇਸਾਂ ਵਿਚ ਸਮਾਂ ਨਿਸਚਿਤ ਕਰਨ ਲਈ ਤਿਆਰ ਹਨ ਤਾਂਕਿ ਗਰੀਬਾਂ ਤੇ ਅੱਤਿਆਚਾਰ ਨਾ ਹੋਣ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਕਈ ਕੇਸਾਂ ਵਿਚ ਲੋਕ ਹਾਈ ਕੋਰਟ ਵਿਚ ਜਾਕੇ ਸਟੇਅ ਲੈ ਆਉਂਦੇ ਹਨ। ਇਸ ਕਰਕੇ ਸਮਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ। ਇਹੋ ਜਿਹੇ ਕੇਸਾਂ ਨੂੰ ਐਕਸਪੀਡਾਈਟ ਕਰਨ ਦੀ ਜ਼ਰੂਰ ਕੋਸ਼ਿਸ਼ ਕਰਾਂਗੇ।

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ: 1751

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ।)

---

**Primary Schools in Kandi Area of Garhshankar Tehsil**

***1697. Pandit Sarwan Ram :** Will the Minister for Education be pleased to state—

(a) the total number of primary schools in Kandi area of Garhshankar Tehsil and the details of the schools in which teaching staff is insufficient according to the sanctioned strength ;

(b) whether it is a fact that some posts of teachers have been shifted on deputation from Kandi area to plain area; if so, the reasons thereof?

**ਸਰਦਾਰ ਹਰਚਰਨ ਸਿੰਘ ਅਜਨਾਲਾ :** (ੳ) 230 ਸਕੂਲਾਂ ਵਿਚ ਸਟਾਫ ਮੰਜ਼ੂਰ ਸ਼ੁਦਾ ਗਿਣਤੀ ਅਨੁਸਾਰ ਦਿੱਤਾ ਹੋਇਆ ਹੈ, ਸਿਵਾਏ ਉਨ੍ਹਾਂ 4 ਅਧਿਆਪਕਾਂ ਦੇ ਜੋ 1977 ਵਿੱਚ ਖੋਲ੍ਹੇ ਗਏ ਸਕੂਲਾਂ ਵਿਚ ਪੋਸਟ ਕੀਤੇ ਹੋਏ ਹਨ।

(ਅ) ਨਹੀਂ ਜੀ।

**ਪੰਡਿਤ ਸਰਵਣ ਰਾਮ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਸਿਵਾਏ 4 ਸਕੂਲਾਂ ਦੇ ਬਾਕੀਆਂ ਵਿੱਚ ਸਟਾਫ ਪੂਰਾ ਹੈ, ਇਹ ਗੱਲ ਠੀਕ ਨਹੀਂ ਹੈ। ਹੁਣ ਵੀ ਮੇਰੇ ਕੋਲ 9 ਪਿੰਡਾਂ ਦੇ ਨਾਂ ਹਨ ਜਿਵੇਂ ਭਵਾਨੀਪੁਰ, ਗੁੱਜਰ, ਗੁੱਜਰਾਂ ਤਰਖਾਣਾ, ਗੁੱਜਰ, ਮਹਿੰਦਵਾਨੀ, ਕੋਟ, ਬਾਰਾਂਪੁਰ, ਅਜਲਪੁਰ, ਹਰ-ਦਿਆਨਾ ਅਤੇ ਗੜ੍ਹੀ-ਮਾਨਸੋਵਾਲ ਜਿਨ੍ਹਾਂ ਦੇ ਪ੍ਰਾਇਮਰੀ ਸਕੂਲਾਂ ਵਿੱਚ ਸਟਾਫ ਘੱਟ ਹੈ। ਇਨ੍ਹਾਂ ਬਾਰੇ ਮਨਿਸਟਰ ਸਾਹਿਬ ਦੱਸ ਦੇਣ।

**ਮੰਤਰੀ :** ਮੈਂ ਜਵਾਬ ਕਲੀਅਰ ਦਿੱਤਾ ਹੈ ਜਿਸ ਵਿੱਚ ਦੱਸਿਆ ਹੈ ਕਿ ਕੰਡੀ ਏਰੀਆ ਦੇ 230 ਸਕੂਲ ਹਨ ਜਿਨ੍ਹਾਂ ਵਿੱਚ ਮਨਜ਼ੂਰ-ਸ਼ੁਦਾ ਸਟਾਫ ਦੀ ਸਟਰੈਂਥ ਦੇ ਅਨੁਸਾਰ ਸਟਾਫ ਮੌਜੂਦ ਹੈ। ਪਿੰਡਾਂ ਦੀ ਲਿਸਟ ਦੇ ਨਾਲ ਇਸ ਸਵਾਲ ਦਾ ਕੋਈ ਸਬੰਧ ਨਹੀਂ ਬਣਦਾ। ਫਿਰ ਵੀ ਇਹ ਮੈਨੂੰ ਲਿਸਟ ਦੇ ਦੇਣ। ਇਸ ਸਬੰਧੀ ਇਨਕੁਆਇਰੀ ਕਰਵਾ ਕੇ ਵਿਚਾਰ ਕਰ ਲਿਆ ਜਾਵੇਗਾ।

**ਪੰਡਿਤ ਸਰਵਣ ਰਾਮ :** ਸਪੀਕਰ ਸਾਹਿਬ, ਇਹ ਏਥੇ ਸਵਾਲ ਨੂੰ ਤੋੜ-ਮਰੋੜ ਕੇ ਦੱਸ ਦੇਦੇ ਹਨ। ਮੈਂ ਕਹਿੰਦਾ ਹਾਂ ਕਿ ਸਟਰੈਂਥ ਦੇ ਮੁਤਾਬਿਕ ਸਕੂਲਾਂ ਵਿੱਚ ਸਟਾਫ ਘੱਟ ਹੈ। ਜਿਹੜੇ ਮਨਜ਼ੂਰਸ਼ੁਦਾ ਮਾਸਟਰਾਂ ਦੀ ਗਿਣਤੀ ਹੈ, ਉਨੀ ਸਕੂਲਾਂ ਵਿੱਚ ਮੌਜੂਦ ਨਹੀਂ ਹੈ। ਗੁੱਜਰ ਸਕੂਲ ਵਿੱਚ ਇਕੋ ਹੀ ਮਾਸਟਰ ਹੈ ਜਿਹੜਾ ਕਦੇ ਆਉਂਦਾ ਹੈ ਅਤੇ ਕਦੇ ਨਹੀਂ ਆਉਂਦਾ। ਉਥੇ 3-4 ਮਾਸਟਰਾਂ ਦੀ ਸਟਰੈਂਥ ਹੈ। ਫਿਰ ਇਹ ਦੱਸ ਰਹੇ ਹਨ ਕਿ ਸਟਾਫ ਪੂਰਾ ਹੈ। ਇਨ੍ਹਾਂ ਨੂੰ ਮੇਰੇ ਖਿਆਲ ਵਿੱਚ ਗਿਣਤੀ ਕਰਨ ਵਿੱਚ ਭੁਲੇਖਾ ਲਗਾ ਹੈ।

**ਮੰਤਰੀ :** ਸਪੀਕਰ ਸਾਹਿਬ, ਗਿਣਤੀ ਵਿੱਚ ਭੁਲੇਖਾ ਲੱਗਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜੀ ਲਿਸਟ ਇਨ੍ਹਾਂ ਨੇ ਪੜ੍ਹਕੇ ਸੁਣਾਈ ਹੈ, ਉਹ ਦੇ ਦੇਣ। ਮੈਂ ਇਨ੍ਹਾਂ ਨਾਲ ਪਰਸਨਲ

Original with;
Punjab Vidhan Sabha
Digitized by;
Panjab Digital Library

ਲੈਵਲ ਤੇ ਵੀ ਸਾਰੀ ਗੱਲ ਡਿਸਕਸ ਕਰ ਲਵਾਂਗਾ। ਅਗਰ ਕੋਈ ਉਥੇ ਕਮੀ ਹੋਵੇਗੀ, ਤਾਂ ਵੇਖ ਲਵਾਂਗੇ ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਠੀਕ ਨਹੀਂ ਆਇਆ। ਇਨ੍ਹਾਂ ਨੂੰ ਚਾਹੀਦਾ ਹੈ ਕਿ ਜਿਹੜੇ ਇਨ੍ਹਾਂ ਨੂੰ ਜਵਾਬ ਬਣਾ ਕੇ ਦੇਂਦੇ ਹਨ, ਉਨ੍ਹਾਂ ਤੋਂ ਪੁੱਛਣ ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੂੰ ਏਥੇ ਐਸਪਰਸ਼ਨ ਕਾਸਟ ਨਹੀਂ ਕਰਨੇ ਚਾਹੀਦੇ। ਮੈਂ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ ਅਤੇ ਮਾਣ ਕਰਦਾ ਹਾਂ। ਮੈਂ ਇਨ੍ਹਾਂ ਨੂੰ ਇਹੀ ਕਿਹਾ ਹੈ ਕਿ ਇਹ ਲਿਸਟ ਬਣਾ ਕੇ ਦੇਣ। ਇਕ ਇਕ ਕੇਸ ਡਿਸਕਸ ਕਰ ਲਵਾਂਗੇ। ਬਾਕੀ ਸਵਾਲ ਦਾ ਜਵਾਬ ਬਿਲਕੁਲ ਠੀਕ ਦਿੱਤਾ ਗਿਆ ਹੈ। ਉਸ ਵਿੱਚ ਕੋਈ ਗਲਤੀ ਨਹੀਂ ਹੈ।

**ਸ੍ਰੀ ਸਪੀਕਰ** : ਪੰਡਿਤ ਸਰਵਣ ਰਾਮ ਜੀ, ਤੁਸੀਂ ਕਿਹਾ ਹੈ ਕਿ ਤੁਹਾਡੇ ਕੋਲ ਲਿਸਟ ਦੇ ਮੁਤਾਬਿਕ 9 ਸਕੂਲਾਂ ਵਿੱਚ ਸਟਾਫ ਪੂਰਾ ਨਹੀਂ ਹੈ। ਇਨ੍ਹਾਂ ਨੇ ਆਪਣੇ ਜਵਾਬ ਵਿੱਚ 4 ਸਕੂਲ ਕਹੇ ਹਨ ਪਰ ਹੁਣ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਤੁਸੀਂ ਇਨ੍ਹਾਂ ਨੂੰ ਲਿਸਟ ਦੇ ਦਿਓ। ਜੇ ਗਿਣਤੀ ਘੱਟ ਹੋਈ ਤਾਂ ਇਹ ਦੇਖ ਲੈਣਗੇ।

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਖੰਨਾ ਬਲਾਕ ਅਤੇ ਖੁਮਾਣੋਂ ਬਲਾਕ ਵਿਚੋਂ ਪਿਛਲੀ ਸਰਕਾਰ ਵੇਲੇ 69 ਟੀਚਰਜ਼ ਵਿਦਪੋਸਟ ਲੁਧਿਆਣਾ ਸ਼ਹਿਰ ਵਿੱਚ ਐਡਜਸਟ ਕੀਤੇ ਗਏ। ਖੰਨਾ ਬਲਾਕ ਵਿੱਚ ਇਕ-ਇਕ ਦੋ-ਦੋ ਟੀਚਰ ਹਨ ਅਤੇ ਦੂਜੇ ਪਾਸੇ ਲੁਧਿਆਣਾ ਸ਼ਹਿਰ ਵਿੱਚ 10-10 ਬੱਚਿਆਂ ਮਗਰ ਇਕ ਟੀਚਰ ਦੇ ਦਿੱਤਾ ਜਾਂਦਾ ਹੈ। ਪਿਛਲੇ ਸੈਸ਼ਨ ਵਿੱਚ ਵੀ ਇਸ ਸਬੰਧੀ ਰਿਕੁਐਸਟ ਕੀਤੀ ਗਈ ਸੀ ਅਤੇ ਗਰੀਵੈਂਸਿਜ਼ ਕਮੇਟੀ ਵਿੱਚ ਵੀ ਕਿਹਾ ਗਿਆ ਸੀ ਕਿ ਕੋਈ ਰੈਸ਼ਨੇਲਾਈਜ਼ ਸਕੀਮ ਅਧੀਨ ਟੀਚਰਜ਼ ਦੀ ਐਡਜਸਟਮੈਂਟ ਕੀਤੀ ਜਾਵੇ । ਲੁਧਿਆਣਾ ਵਿੱਚ ਟੀਚਰਜ਼ ਯੂਨੀਅਨ ਕਰਕੇ ਟੀਚਰਜ਼ ਦਾ ਜ਼ਿਆਦਾ ਜ਼ੋਰ ਪਿਆ ਹੈ ਪਰ ਰੂਰਲ ਏਰੀਆਜ਼ ਵਿੱਚ, ਜਿਥੇ ਗਰੀਬਾਂ ਦੇ ਬੱਚਿਆਂ ਨੇ ਅਤੇ ਹਰੀਜਨਾਂ ਦੇ ਬੱਚਿਆਂ ਨੇ ਪੜ੍ਹਨਾ ਹੁੰਦਾ ਹੈ, ਉਥੇ ਟੀਚਰਜ਼ ਦੀ ਕਮੀ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੇ ਸਕੂਲਾਂ ਵਿਚੋਂ ਟੀਚਰਜ਼ ਵਿਦ-ਪੋਸਟ ਬਦਲ ਕੇ ਸ਼ਹਿਰਾਂ ਵਿੱਚ ਗਏ ਹਨ, ਉਨ੍ਹਾਂ ਨੂੰ ਦੋਬਾਰਾ ਵਾਪਸ ਕਦੋਂ ਤੱਕ ਲਿਆਂਦਾ ਜਾਵੇਗਾ ਅਤੇ ਕਦੋਂ ਤੱਕ ਪਿੰਡਾਂ ਵਿੱਚ ਟੀਚਰਜ਼ ਦੀ ਸਹੂਲਤ ਮੁਹੱਈਆ ਕਰ ਦਿੱਤੀ ਜਾਵੇਗੀ ?

**ਮੰਤਰੀ** : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਫੀ ਸਮਾਂ ਪਹਿਲਾਂ ਇਸ ਤਰ੍ਹਾਂ ਹੋਇਆ ਕਰਦਾ ਸੀ ਕਿ ਟੀਚਰਜ਼ ਸ਼ਹਿਰ ਵਿੱਚ ਵਿਦ-ਪੋਸਟ ਬਦਲ ਜਾਇਆ ਕਰਦੇ ਸਨ। ਹੁਣ ਮੈਂ ਸਰਦਾਰ ਸ਼ਮਸ਼ੇਰ ਸਿੰਘ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪ੍ਰਥਾ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਖ਼ਤਮ ਕਰ ਦਿੱਤੀ ਹੈ । ਹੁਣ ਇਹ ਪ੍ਰਥਾ ਕਾਇਮ ਕੀਤੀ ਗਈ ਹੈ ਕਿ ਕੋਈ ਵੀ ਟੀਚਰ ਵਿਦ-ਪੋਸਟ ਬਦਲ ਕੇ ਸ਼ਹਿਰ ਵਿੱਚ ਨਹੀਂ ਜਾਇਆ ਕਰੇਗਾ। ਦੂਜਾ ਇਨ੍ਹਾਂ ਨੇ ਕਿਹਾ ਹੈ ਕਿ ਪਿੰਡਾਂ ਦੇ ਸਕੂਲਾਂ ਵਿੱਚ ਸਟਾਫ ਦੀ ਕਮੀ ਹੈ । ਇਸ ਬਾਰੇ ਮੈਂ ਇਨ੍ਹਾਂ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਖੰਨਾ ਬਲਾਕ ਅਤੇ ਖਮਾਣੋਂ ਬਲਾਕ ਦੇ ਪਿੰਡਾਂ ਦੀ ਲਿਸਟ ਬਣਾ ਕੇ ਦੇ ਦੇਣ। ਮੈਂ ਉਸ ਬਾਰੇ ਪੂਰੀ ਘੋਖ ਕਰਵਾ ਕੇ, ਜੋ ਕੋਈ ਕਮੀ ਹੋਈ, ਤਾਂ ਪੂਰੀ ਕਰਾਉਣ ਦੀ ਕੋਸ਼ਿਸ਼ ਕਰਾਂਗਾ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਮੈਂ, ਸਪੀਕਰ ਸਾਹਿਬ, ਇਹ ਦੱਸਣਾ ਚਾਹੁੰਦਾ ਹਾਂ ਕਿ ਸਿੰਗਲ ਟੀਚਰ ਸਕੂਲ ਸਿਸਟਮ ਦੀ ਪੰਜਾਬ, ਹਿੰਦੁਸਤਾਨ ਅਤੇ ਇੰਟਰਨੈਸ਼ਨਲ ਲੈਵਲ ਤੇ ਜਿੰਨੇ ਵੀ ਐਜੂ-

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਕੇਸ਼ਨ ਕਮਿਸ਼ਨਜ਼ ਬਣੇ ਹਨ, ਸਭ ਨੇ ਨਿੰਦਿਆ ਕੀਤੀ ਹੈ। ਪੰਜਾਬ ਗੌਰਮਿਟ ਨੇ ਵੀ ਪਾਲਿਸੀ ਬਣਾਈ ਸੀ ਕਿ ਅਸੀਂ ਸਿੰਗਲ ਟੀਚਰ ਸਕੂਲ ਦੀ ਥਾਂ ਤੇ 2–2 ਟੀਚਰਜ਼ ਲਾਵਾਂਗੇ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਕੀਮ ਦੇ ਤਹਿਤ ਕੀ ਸਟੈਪ ਲਏ ਗਏ ਹਨ ਔਰ ਇਸ ਬਿਮਾਰੀ ਨੂੰ ਪੇਂਡੂ ਸਕੂਲਾਂ ਵਿਚੋਂ ਖਤਮ ਕਰਨ ਲਈ ਕਿੰਨਾਂ ਕੁ ਟਾਈਮ ਲੱਗੇਗਾ ?

**ਮੰਤਰੀ** : ਮੈਂ ਚਤਰਥ ਜੀ ਨਾਲ ਇਸ ਗੱਲ ਤੇ ਐਗਰੀ ਕਰਦਾ ਹਾਂ ਕਿ ਸਿੰਗਲ ਟੀਚਰ ਸਕੂਲ ਸਿਸਟਮ ਦੋਸ਼-ਪੂਰਣ ਹੈ ਅਤੇ ਸਾਨੂੰ ਛੇਤੀ ਤੋਂ ਛੇਤੀ ਇਸ ਨੂੰ ਦੂਰ ਕਰਨਾ ਚਾਹੀਦਾ ਹੈ। ਸਰਦਾਰ ਦਰਬਾਰਾ ਸਿੰਘ ਜੀ ਨੇ ਜਿਸ ਵੇਲੇ ਇਹ ਸਰਕਾਰ ਸੰਭਾਲੀ, ਉਦੋਂ ਇਹ ਫੈਸਲਾ ਕੀਤਾ ਕਿ ਕੋਈ ਵੀ ਸਿੰਗਲ ਟੀਚਰ ਸਕੂਲ ਪੰਜਾਬ ਵਿੱਚ ਨਹੀਂ ਰਹਿਣ ਦਿੱਤਾ ਜਾਵੇਗਾ। ਪਰ ਉਸ ਗੱਲ ਨੂੰ ਲਾਗੂ ਕਰਨ ਲਈ ਸਮਾਂ ਜ਼ਰੂਰ ਨੀਅਤ ਹੁੰਦਾ ਹੈ। ਅਸੀਂ ਉਸ ਦੇ ਲਈ ਕਈ ਸਟੈਪਸ ਲੈ ਚੁਕੇ ਹਨ। ਕਈ ਪੋਸਟਾਂ ਜਿਹੜੀਆਂ ਸ਼ਹਿਰਾਂ ਵਿੱਚ ਸਰਪਲਸ ਹੋਈਆਂ ਹਨ, ਉਹ ਪਿੰਡਾਂ ਵਿੱਚ ਵਾਪਸ ਭੇਜੀਆਂ ਹਨ। ਅਸੀਂ ਇਹ ਵੀ ਅਸੈਸਮੈਂਟ ਕੀਤੀ ਹੈ ਕਿ ਕਿੰਨੇ ਕੁ ਟੀਚਰਜ਼ ਦੀਆਂ ਪੋਸਟਾਂ ਕਰੀਏਟ ਕਰੀਏ ਤਾਕਿ ਸਾਡੇ ਪੰਜਾਬ ਵਿਚ ਕੋਈ ਸਿੰਗਲ ਟੀਚਰ ਸਕੂਲ ਨਾ ਰਹੇ। ਮੈਂ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਬੜੇ ਯਤਨਸ਼ੀਲ ਹਾਂ ਕਿ ਸਿੰਗਲ ਟੀਚਰ ਸਕੂਲ ਦੀ ਇੰਸਟੀਚਿਊਸ਼ਨ ਨੂੰ ਛੇਤੀ ਤੋਂ ਛੇਤੀ ਖਤਮ ਕੀਤਾ ਜਾਵੇ। ਬਾਕੀ ਟਾਈਮ ਮੁਕੱਰਰ ਕਰਨ ਬਾਰੇ ਤਾਂ, ਸਪੀਕਰ ਸਾਹਿਬ, ਤੁਸੀਂ ਵੀ ਅਤੇ ਚਤਰਥ ਸਾਹਿਬ ਵੀ ਐਗਰੀ ਕਰਨਗੇ ਕਿ ਠੀਕ ਨਹੀਂ ਹੈ। ਕਿਉਂਕਿ ਏਥੇ ਟਾਈਮ ਮੁਕਰਰ ਕਰਨ ਤੋਂ ਬਾਅਦ ਇਕ ਦਿਨ ਦੀ ਵੀ ਦੇਰੀ ਹੋ ਜਾਵੇ ਤਾਂ ਅੱਛਾ ਨਹੀਂ ਲਗਦਾ।

**ਸ੍ਰੀ ਸਪੀਕਰ** : ਸਰਦਾਰ ਦਲੀਪ ਸਿੰਘ ਪਾਂਧੀ ਦਾ ਅਗਲਾ ਸਵਾਲ ਨੰ: 1744 ਹੈ ਜੋ ਹਾਊਸ ਵਿੱਚ ਹਾਜ਼ਰ ਨਹੀਂ ਹਨ, ਇਸ ਕਰਕੇ ਇਹ ਸਵਾਲ ਪੁੱਟ ਨਹੀਂ ਹੋ ਸਕਦਾ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਸਾਡੇ ਮੈਂਬਰ ਸਾਹਿਬ ਕੋਲ ਅਥਾਰਿਟੀ ਹੈ। ਸਵਾਲ ਬੜਾ ਜ਼ਰੂਰੀ ਹੈ। ਇਹ ਅੱਜ ਲਗਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਘੜੀ ਅਨੁਸਾਰ ਕੇਵਲ ਇੱਕ ਮਿੰਟ ਬਾਕੀ ਹੈ। ਕੀ ਇੱਕ ਮਿੰਟ ਵਿਚ ਤੁਸੀਂ ਕਰ ਸਕੋਗੇ ?

**ਮਾਸਟਰ ਚੰਦ ਸਿੰਘ** : ਨਹੀਂ ਜੀ, ਸਪੀਕਰ ਸਾਹਿਬ, ਇੱਕ ਮਿੰਟ ਵਿੱਚ ਇਹ ਨਹੀਂ ਹੋ ਸਕਦਾ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਇੱਕ ਮਿੰਟ ਵਿੱਚ ਕਰਵਾ ਲਓ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਉਨ੍ਹਾਂ ਦਾ ਸਵਾਲ ਕੱਲ੍ਹ ਵਾਸਤੇ ਰੱਖ ਲਓ।

**ਸਰਦਾਰ ਬੀਰਦਵਿੰਦਰ ਸਿੰਘ** : ਸਵਾਲ ਕਰਨ ਦਿਓ ਜੀ। ਸਪਲੀਮੈਂਟਰੀ ਪੈਂਡਿੰਗ ਰੱਖ ਲਓ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਸਵਾਲ ਪੈਂਡਿੰਗ ਕਰ ਲਓ ਔਰ ਜੋ ਸਵਾਲ ਇਸ ਵੇਲੇ ਚੱਲ ਰਿਹਾ ਹੈ, ਉਸ ਤੇ ਹੀ ਹੋਰ ਸਪਲੀਮੈਂਟਰੀ ਕਰਵਾ ਲਓ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਇਸ ਨੂੰ ਪੈਂਡਿੰਗ ਰੱਖ ਲਓ ਸਾਰੇ ਮੈਂਬਰ ਸਾਹਿਬਾਨ ਕਹਿ ਰਹੇ ਹਨ।

**Mr. Speaker:** Question Hour is over. The remaining quesions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

**Bus Accident**

***1744. Sardar Dalip Singh Pandhi*:** Will the Minister of State for Transport be pleased to state whether any loss of life or property occurred due to any accident(s) of the Pepsu Road Transport Corporation/Punjab Roadways bus during the month of October, 1982, if so, the details thereof ?

ਸਰਦਾਰ ਅਵਤਾਰ ਸਿੰਘ ਗਟਵਾਲੀ : ਜੀ ਹਾਂ। ਅਕਤੂਬਰ, 1982 ਵਿੱਚ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਨਾਲ 41 ਐਕਸੀਡੈਂਟ ਹੋਏ ਜਿਨ੍ਹਾਂ ਵਿਚ 93 ਜਾਨਾਂ ਗਈਆਂ ਤੇ ਲਗ-ਭੱਗ 98,000 ਰੁਪਏ ਦੀ ਸੰਪਤੀ ਦਾ ਨੁਕਸਾਨ ਹੋਇਆ।

**Deaths Due to Spurious Liquor**

***1743 Sardar Dalip* Singh Pandhi :** Will the Chief Minister be pleased to state whether any deaths occurred or some persons became blind in the State due to consumption of spurious liquor since 1969-70 if so, the details thereof ?

ਸਰਦਾਰ ਦਰਬਾਰਾ ਸਿੰਘ : 1969-70 ਤੋਂ 31 ਦਸੰਬਰ, 1982 ਤੱਕ ਨਕਲੀ ਸ਼ਰਾਬ ਪੀਣ ਨਾਲ 9 ਵਿਅਕਤੀਆਂ ਦੀ ਮੌਤ ਹੋਈ ਹੈ ਅਤੇ 2 ਵਿਅਕਤੀ ਅੰਨ੍ਹੇ ਹੋਏ ਹਨ। ਇਸ ਸਬੰਧ ਵਿਚ ਮੁਕੱਦਮਾ ਨੰ: 114 ਮਿਤੀ 21 ਨਵੰਬਰ, 1981 ਅਧੀਨ 302/307/328/326/120–ਬੀ. ਆਈ.ਪੀ.ਸੀ. ਥਾਣਾ ਮੌਲੇਪੁਰ ਵਿਚ ਦਰਜ ਕੀਤਾ ਗਿਆ ਸੀ।

ਦੋਸ਼ੀ ਉਮ ਦੱਤ, ਮਾਨ ਸਿੰਘ, ਕੇਸਰ ਸਿੰਘ, ਬਰਿਜ ਮੋਹਨ, ਰਵੇਲ ਸਿੰਘ, ਬਾਬੂ ਸਿੰਘ, ਰਾਜਿੰਦਰ ਕੁਮਾਰ ਅਤੇ ਵਿਜੈ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਪਾਸੋਂ 2 ਕਾਰਾਂ, 1 ਪਸਤੌਲ, 2 ਕਾਰਤੂਸ 12 ਬੋਰ ਅਤੇ ਇਕ 3.3 ਬੋਰ ਰਾਈਫਲ ਬਰਾਮਦ ਹੋਈ ਸੀ। ਮੁਕੱਦਮੇ ਦੀ ਤਫ਼ਤੀਸ਼ ਮੁਕੰਮਲ ਕਰਕੇ ਕੇਸ ਅਦਾਲਤ ਵਿਚ ਪੇਸ਼ ਕੀਤਾ ਜਾ ਚੁੱਕਾ ਹੈ ਜਿਹੜਾ ਕਿ ਹਾਲੀ ਜ਼ੇਰ ਸਮਾਇਤ ਹੈ।

---

UNSTARRED QUESTIONS AND ANSWERS

**Redemarcation of limits of Police Stations**

**267. Sardar *Dalip Singh Pandhi:** Will the Chief Minister be pleased to state whether there is any proposal under the consideration of Government to redemarcate the limits of the police stations/police posts in the State in view of the increased population, if so, the details thereof and the time by which it is likely to materialise?

---

* He had authorised Master Chand Singh to put his question.

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਇਸ ਤਰ੍ਹਾਂ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਫਿਰ ਵੀ ਸਟੇਟ ਦੇ ਜ਼ਿਲ੍ਹਿਆਂ ਦੇ ਪੁਲਿਸ ਥਾਣਿਆਂ ਦੀਆਂ ਹੱਦਾਂ ਦੀ ਤਬਦੀਲੀ ਜਨਤਾ ਅਤੇ ਪ੍ਰਬੰਧਕੀ ਸਹੂਲਤਾਂ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ।

## Promotions to the posts of Joint Registrar

**268. Sardar *Dalip Singh Pandhi** : Will the Minister of State for Cooperatton be pleased to state the number and names of officers promoted as Joint Registrars in the Cooperative Department during the period from July, 1980 to-date.

ਸਰਦਾਰ ਬੀਰਪਾਲ ਸਿੰਘ: ਜੁਲਾਈ 1980 ਤੋਂ ਲੈਕੇ ਹੁਣ ਤੱਕ 5 ਅਫਸਰ ਬਤੌਰ ਜੁਆਇੰਟ ਰਜਿਸਟਰਾਰ, ਸਹਿਕਾਰੀ ਸਭਾਵਾਂ, ਪਰਮੋਟ ਹੋਏ ਜਿਨ੍ਹਾਂ ਦੇ ਨਾਮ ਹੇਠ ਦਿੱਤੇ ਜਾਂਦੇ ਹਨ :

1. ਸ੍ਰੀ ਗੁਰਚੰਦ ਸਿੰਘ ਸਿਧੂ (ਐਸ.ਸੀ.) ਮਿਤੀ 7 ਅਕਤੂਬਰ, 1981 ਨੂੰ ਪਰਮੋਟ ਹੋਏ।
2. ਸ੍ਰੀ ਅਮਰਜੀਤ ਸਿੰਘ ਢਿਲੋਂ, ਮਿਤੀ 7 ਅਕਤੂਬਰ, 1981 ਨੂੰ ਪਰਮੋਟ ਹੋਏ।
3. ਸ੍ਰੀ ਗੁਲਵੰਤ ਸਿੰਘ, ਮਿਤੀ 7 ਅਕਤੂਬਰ, 1981 ਨੂੰ ਪਰਮੋਟ ਹੋਏ।
4. ਸ੍ਰੀ ਕਪੂਰ ਸਿੰਘ, ਮਿਤੀ 20 ਜੁਲਾਈ, 1982 ਨੂੰ ਪਰਮੋਟ ਹੋਏ ਪਰੰਤੂ ਇਨ੍ਹਾਂ ਨੂੰ ਮਿਤੀ 14 ਅਕਤੂਬਰ, 1981 ਤੋਂ ਸੀਨੀਆਰਤਾ ਦਿੱਤੀ ਗਈ।
5. ਸ੍ਰੀ ਸਰਮੁੱਖ ਸਿੰਘ, ਮਿਤੀ 10 ਜੂਨ, 1982 ਨੂੰ ਪਰਮੋਟ ਹੋਏ।

ਫਿਰ ਵੀ ਸ੍ਰੀ ਕਪੂਰ ਸਿੰਘ ਦਾ ਕੇਸ ਮੁੜ ਵਿਚਾਰਿਆ ਜਾ ਰਿਹਾ ਹੈ।

## Orderlies with Police Officers/Officials

**269. Sardar *Dalip Singh Pandhi:** Will the Chief Minister be pleased to state whether there is any proposal under the consideration of the Government to abolish the system of attaching Orderlies with the police officers/ officials in the state; if so the time by which that is likely to be abolished?

ਸਰਦਾਰ ਦਰਬਾਰਾ ਸਿੰਘ : ਹਾਲ ਦੀ ਘੜੀ, ਸਰਕਾਰ ਪਾਸ, ਪੁਲਿਸ ਵਿਭਾਗ ਵਿਚ ਅਰਦਲੀ ਪ੍ਰਣਾਲੀ ਨੂੰ ਖਤਮ ਕਰਨ ਲਈ ਕੋਈ ਤਜਵੀਜ਼ ਨਹੀਂ।

## POINTS OF ORDER RE. ADJOURNMENT MOTION

ਮਾਸਟਰ ਬਾਬੂ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਪੰਜਾਬੀ ਯੂਨੀਵਰਸਿਟੀ ਦੇ ਸਟੂਡੈਂਟਸ ਔਰ ਟੀਚਰਜ਼ ਨੇ ਹੜਤਾਲ ਕਰ ਦਿੱਤੀ ਹੈ। ਸਾਡੀ ਸਰਕਾਰ ਨੇ ਹਾਲੇ ਤੱਕ ਉਥੇ ਕੋਈ ਵਾਈਸ ਚਾਂਸਲਰ ਨਿਯੁਕਤ ਨਹੀਂ ਕੀਤਾ। ਉਹਨਾਂ ਵਿੱਚ ਬੜੀ ਬੇਚੈਨੀ ਦਿਨ-ਬ-ਦਿਨ ਵੱਧ ਰਹੀ ਹੈ। ਮੈਂ ਐਡਜਰਨਮੈਂਟ ਮੋਸ਼ਨ ਦਿੱਤੀ ਸੀ। ਤੁਸੀਂ ਪਹਿਰਾ 2 ਵਿੱਚ ਆਪਣੇ ਜਵਾਬ ਵਿੱਚ ਦਿੱਤਾ ਹੈ ਕਿ ਸਟਰਾਈਕ ਵਗੈਰਾ ਐਡਜਰਨਮੈਂਟ ਮੋਸ਼ਨ ਰਾਹੀਂ ਡਿਸਕਸ ਨਹੀਂ ਹੋ ਸਕਦੇ। ਪਹਿਲੀ ਗੱਲ ਕੋਈ ਲਾਅ, ਕੋਈ ਰੂਲ ਸਾਨੂੰ ਪਾਬੰਦ ਨਹੀਂ ਕਰਦਾ ਕਿ ਅਸੀਂ

*He had authorised Master Chand Singh to put his question.

Original with;
Punjab Vidhan Sabha
Digitized by;
Panjab Digital Library

ਸਟਰਾਈਕ ਦੇ ਮਸਲੇ, ਮੁਜ਼ਾਹਰੇ ਦੇ ਮਸਲੇ ਏਥੇ ਨਹੀਂ ਰੱਖ ਸਕਦੇ। ਤੁਸੀਂ ਮੈਨੂੰ ਰੂਲਿੰਗ ਕੋਟ ਕਰ ਦਿਓ ਜਿਸ ਅਨੁਸਾਰ ਤੁਸੀਂ ਇਹ ਲਿਖਿਆ ਹੈ। ਸਪੀਕਰ ਸਾਹਿਬ, ਯੂਨੀਵਰਸਿਟੀ ਵਿੱਚ ਬਹੁਤ ਬੇਚੈਨੀ ਵੱਧ ਰਹੀ ਹੈ। ਬੱਚਿਆਂ ਦੇ ਪੇਪਰ ਸ਼ੁਰੂ ਹੋ ਰਹੇ ਹਨ। ਬੱਚਿਆਂ ਦੀ ਐਜੂਕੇਸ਼ਨ ਲਈ, ਉਹਨਾਂ ਦੇ ਮਾਂ ਬਾਪ ਵਾਸਤੇ ਖਿਆਲ ਕਰਦੇ ਹੋਏ ਉਥੇ ਕੋਈ ਵੀ.ਸੀ. ਲਾ ਦਿਓ। ਇਸ ਦੇ ਬਾਰੇ ਤੁਸੀਂ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਹੀ ਦਿਵਾ ਦਿਓ।

**ਸ੍ਰੀ ਸਪੀਕਰ:** ਤੁਸੀਂ ਮੇਰੇ ਚੈਂਬਰ ਵਿੱਚ ਆ ਜਾਣਾ।

**ਕਾਮਰੇਡ ਕੁਲਵੰਤ ਸਿੰਘ:** ** ** **

**ਸ੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ:** ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਇਹ ਦੇਖਿਆ ਹੈ ਕਿ ਰੂਲਜ਼ ਸਾਨੂੰ ਪਰਮਿੱਟ ਨਹੀਂ ਕਰਦੇ ਕਿ ਅਸੀਂ ਬਜਟ ਸੈਸ਼ਨ ਵਿੱਚ ਕੋਈ ਇਹੋ ਜਿਹੀ ਸਟਰਾਈਕ ਦੇ ਮਸਲੇ ਤੇ ਕਾਲ ਅਟੈਨਸ਼ਨ ਮੋਸ਼ਨ ਰਿਸੀਵ ਕਰੀਏ ਲੇਕਿਨ ਕਿਉਂਕਿ ਮਸਲਾ ਇਹੋ ਜਿਹਾ ਹੈ, ਇਸ ਲਈ ਚੰਗੀ ਗੱਲ ਤਾਂ ਇਹ ਹੈ ਕਿ ਜਿਹੜੇ ਮਸਲੇ ਹਨ, ਇਹਨਾਂ ਨੂੰ ਹੱਲ ਕਰਨ ਵਾਸਤੇ ਅਸੀਂ ਗੌਰਮਿਟ ਦੀ ਅਟੈਨਸ਼ਨ ਇਧਰ ਡਰਾਅ ਕਰੀਏ। ਹੁਣ ਇਹ ਪੁਜ਼ੀਸ਼ਨ ਹੈ ਕਿ ਕਈ ਪਰਾਬਲਮਜ਼ ਜਿਹੜੀਆਂ ਕਿ ਸਾਰੀਆਂ ਯੂਨੀਵਰਸਿਟੀਆਂ ਦੀਆਂ ਜਿਵੇਂ ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਦੀਆਂ ਜੋ ਕਾਮਨ ਪਰਾਬਲਮਜ਼ ਹਨ ਮਿਸਾਲ ਦੇ ਤੋਰ ਤੇ ਮੈਰਿਟ ਪਰਮੋਸ਼ਨ ਦੇ ਕੇਸ ਜਿਸ ਕਰਕੇ ਉਹ ਸਾਰੇ ਸਟਰਾਈਕ ਤੇ ਬੈਠੇ ਹਨ ਤੁਸੀਂ ਆਪਣੇ ਗੁੱਡ ਆਫਿਸ ਯੂਜ਼ ਕਰਕੇ ਇਹਨਾਂ ਸਾਰਿਆਂ ਦੀ ਮੀਟਿੰਗ ਕਨਵੀਨ ਕਰਕੇ ਇਹਨਾਂ ਨੂੰ ਹੱਲ ਕਰਵਾਓ। ਅਨਫਾਰਚੂਨੇਟਲੀ ਹੁਣ ਸਟੂਡੈਂਟਸ ਵੀ ਟੀਚਰਜ਼ ਦੇ ਨਾਲ ਰਲ ਚੁੱਕੇ ਹਨ ਜਦੋਂ ਕਿ ਸਟੂਡੈਂਟਸ ਦਾ ਇਸ ਨਾਲ ਕੋਈ ਸਬੰਧ ਨਹੀਂ। ਚੰਗੀ ਗੱਲ ਇਹ ਹੈ ਕਿ ਜਿਹੜੀਆਂ ਯੂਨੀਵਰਸਿਟੀਆਂ ਦੀਆਂ ਸਾਂਝੀਆਂ ਪਰਾਬਲਮਜ਼ ਹਨ ਇਹਨਾਂ ਨੂੰ ਹੱਲ ਕਰਨਾ ਚਾਹੀਦਾ ਹੈ।

**ਮਾਸਟਰ ਚੰਦ ਸਿੰਘ:** ** ** **

**ਸ੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬੀਰਦਵਿੰਦਰ ਸਿਘ:** ਸਪੀਕਰ ਸਾਹਿਬ, ਇਹ ਇੱਕ ਬਹੁਤ ਹੀ ਜ਼ਰੂਰੀ ਮਸਲਾ ਹੈ ਜੋ ਇਸ ਵੇਲੇ ਹਾਊਸ ਦੇ ਸਾਹਮਣੇ ਡਿਸਕਸ ਹੋ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਦਾ ਮਸਲਾ ਹੈ ਔਰ ਉਥੇ ਟੀਚਰਜ਼ ਇਨਡੈਫੀਨੇਟ ਸਟਰਾਈਕ ਤੇ ਹਨ। ਵਿਦਿਆਰਥੀ ਵੀ ਉਥੇ ਸਟਰਾਈਕ ਤੇ ਹਨ। ਜੇ ਪੜ੍ਹਾਉਣ ਵਾਲੇ ਹੀ ਅੰਦਰ ਨਹੀਂ ਜਾਂਦੇ ਤਾਂ ਪੜ੍ਹਣ ਵਾਲੇ ਤਾਂ ਭਾਵੇਂ ਸਟਰਾਈਕ ਤੇ ਨਾ ਵੀ ਹੋਣ, ਉਹਨਾਂ ਦੀ ਤਾਂ ਆਪੇ ਹੀ ਸਟਰਾਈਕ ਹੋ ਗਈ। ਤੁਸੀਂ, ਸਪੀਕਰ ਸਾਹਿਬ, ਹੈਰਾਨ ਹੋਵੋਗੇ ਕਿ ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਦੀ ਮੀਟਿੰਗ ਹੋਈ ਨੂੰ ਛੇ ਮਹੀਨੇ ਹੋ ਚੁੱਕੇ ਹਨ। ਲਾਸਟ ਮੀਟਿੰਗ ਸਤੰਬਰ ਵਿੱਚ ਹੋਈ ਸੀ। ਉਸ ਤੋਂ ਬਾਅਦ ਕੋਈ ਮੀਟਿੰਗ ਨਹੀਂ ਹੋ ਸਕੀ। ਪਿੱਛੇ ਜਿਹੇ ਯੂ.ਜੀ.ਸੀ. ਦੀ ਟੀਮ ਨੇ ਉਥੇ ਵਿਜ਼ਿਟ ਕੀਤਾ ਸੀ ਜਿਸ ਨੇ ਕਿ ਇਸ ਯੂਨੀਵਰਸਿਟੀ ਨੂੰ ਗਰਾਂਟ ਦੇਣੀ ਸੀ। ਉਸ ਸਮੇਂ ਵੀ.ਸੀ. ਮੌਕੇ ਤੇ ਨਾ ਹੋਣ ਕਾਰਨ ਯੂ.ਜੀ.ਸੀ. ਦੀ ਟੀਮ ਨੂੰ ਵੀ ਅਸੀਂ ਤਸੱਲੀ ਨਹੀਂ ਕਰਵਾ ਸਕੇ ਜਿਸ ਕਰਕੇ ਯੂਨੀਵਰਸਿਟੀ ਨੂੰ ਗਰਾਂਟ ਵੀ ਵਾਜਬ ਨਹੀਂ ਮਿਲ ਸਕੀ। ਇਸ ਵਾਸਤੇ ਮੈਂ ਤੁਹਾਡੇ ਰਾਹੀਂ ਇਹ ਕਹਾਂਗਾ ਕਿ ਤੁਸੀਂ ਸਰਕਾਰ ਨੂੰ ਇਸ ਗੱਲ ਦਾ ਜ਼ੋਰ ਦਿਓ ਕਿ

** Expunged as ordered by the Chair

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਇਕ ਤਾਂ ਯੂਨੀਵਰਸਿਟੀ ਦੀ ਸਿੰਡੀਕੇਟ ਦੀ ਮੀਟਿੰਗ ਤੁਰੰਤ ਬੁਲਾਈ ਜਾਵੇ ਅੇਰ ਜਿਹੜੀਆਂ ਅਧਿਆਪਕਾਂ ਅੇਰ ਵਿਦਿਆਰਥੀਆਂ ਦੀਆਂ ਮੰਗਾਂ ਹਨ, ਮਸਲੇ ਹਨ, ਉਹਨਾਂ ਦਾ ਫੌਰਨ ਨਿਪਟਾਰਾ ਕਰਕੇ ਇਸ ਉਜੜ ਰਹੀ ਯੂਨੀਵਰਸਿਟੀ ਨੂੰ ਬਚਾਇਆ ਜਾਵੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਆਨਰੇਬਲ ਮੈਂਬਰ ਸਾਹਿਬਾਨ ਨੇ ਜੋ ਪੁਆਇੰਟਸ ਰੇਜ਼ ਕੀਤੇ ਹਨ, ਇਨਕਲੂਡਿੰਗ ਸਰਦਾਰ ਬੀਰਦਵਿੰਦਰ ਸਿੰਘ, ਪਹਿਲਾਂ ਮੈਂ ਇਸ ਐਡਜਰਨਮੈਂਟ ਨਾਲ ਆਪਣੇ ਆਪ ਨੂੰ ਐਸੋਸੀਏਟ ਕਰਦਾ ਹਾਂ। ਇਸ ਨਾਲ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਤੁਹਾਡੇ ਚੈਂਬਰ ਵਿਚ ਤੁਹਾਡੇ ਸਾਹਮਣੇ ਕੋਈ ਮੋਸ਼ਨ, ਪੁਆ-ਇੰਟਸ ਹੁੰਦੇ ਹਨ, ਕਮ-ਅਜ਼ ਕਮ ਤੁਸੀਂ ਜਿਹੜੇ ਰੀਜ਼ਨਜ਼ ਤੁਹਾਨੂੰ ਸਕੱਤਰੇਤ ਵੱਲੋਂ ਬਣ ਕੇ ਆਉਂਦੇ ਹਨ, ਉਹਨਾਂ ਨੂੰ ਆਪ ਪਰਸਨਲੀ ਧਿਆਨ ਨਾਲ ਜ਼ਰੂਰ ਦੇਖ ਲਿਆ ਕਰੋ। ਮੈਂ ਹੈਰਾਨ ਹਾਂ ਕਿ ਰੂਲ 59 ਐਡਜਰਨਮੈਂਟ ਮੋਸ਼ਨ ਨਾਲ ਤੁਅੱਲਕ ਰੱਖਦਾ ਹੈ ਜਿਸਦਾ ਜ਼ਿਕਰ ਪੇਜ 47 ਤੇ ਹੈ। ਜਿਹੜੇ ਪੇਜ ਐਡਜਰਨਮੈਂਟ ਮੋਸ਼ਨ ਦੇ ਨੋਟਿਸ ਨੂੰ ਰੀਜੈਕਟ ਕਰਨ ਵਾਸਤੇ ਜਵਾਬ ਵਿੱਚ ਲਿਖਿਆ ਹੈ, ਇਸ ਦੇ ਕੋਈ ਤਿੰਨ ਭਾਗ ਹਨ। ਇਸਦਾ ਦੂਸਰਾ ਭਾਗ ਇਹ ਹੈ ਕਿ : Matters relating to strikes cannot be raised through Adjournment Motion.

ਮੈਂ ਬੜੀ ਕੋਸ਼ਿਸ਼ ਕੀਤੀ ਹੈ ਕਿ ਇਸ ਸਾਰੇ ਨੂੰ ਮੈਂ ਪੜ੍ਹਾਂ ਪਰ ਇਸ ਦੇ ਕਿਤੇ ਇੱਕ ਜਗ੍ਹਾ ਤੇ ਵੀ ਅਜਿਹਾ ਕੋਈ ਜ਼ਿਕਰ ਹੋਵੇ। ਇਸ ਦੇ ਕੋਈ 16 ਭਾਗ ਹਨ। ਇਸ ਦੇ 59 ਰੂਲ ਤੇ ਇਹਨਾਂ ਵਿੱਚ ਕਿਤੇ ਨਹੀਂ ਲਿਖਿਆ ਕਿ ਕੋਈ ਮੈਟਰ ਰਿਲੇਟਿੰਗ ਟੂ ਸਟ੍ਰਾਈਕ ਇਥੇ ਥਰੂ ਐਡਜਰਨਮੈਂਟ ਮੋਸ਼ਨ ਰੇਜ਼ ਨਹੀਂ ਹੋ ਸਕਦਾ। ਇੱਕ ਹੋਰ ਗਲ ਹੈ ਕਿ ਤੁਹਾਡੀ ਡਿਸਕ੍ਰੀਸ਼ਨ ਹੈ ਪਰ ਸਵਾਲ ਮਾਮਲੇ ਦੀ ਇੰਪਾਰਟੈਂਸ ਦਾ ਹੈ। 4 ਦਸੰਬਰ ਤੋਂ ਜਦੋਂ ਸਰਦਾਰ ਭਗਤ ਸਿੰਘ ਜੀ ਵੀ. ਸੀ. ਦੀ ਪੋਸਟ ਤੋਂ ਗਏ ਹਨ, ਉਦੋਂ ਤੋਂ ਉਥੇ ਕੋਈ ਵੀ. ਸੀ. ਨਹੀਂ ਲਗਾਇਆ ਗਿਆ। ਸਿੰਡੀਕੇਟ ਦੀ ਮੀਟਿੰਗ ਰਖੀ ਗਈ ਪਰ ਉਹ ਪੋਸਟਪੋਨ ਹੋ ਗਈ। ਕੋਈ ਬਿਜ਼ਨੈਸ ਉਥੇ ਯੂਨੀਵਰਸਿਟੀ ਵਿਚ ਨਹੀਂ ਹੋ ਰਿਹਾ। ਸਿੰਡੀਕੇਟ ਦੀ ਮੀਟਿਗ ਵਿਚ ਫੈਸਲਿਆਂ ਦੀ ਰੈਟੀਫਿਕੇਸ਼ਨ ਹੋਣੀ ਸੀ, ਉਹ ਨਹੀਂ ਹੋ ਰਹੀ। ਇਸ ਦੇ ਨਤੀਜੇ ਵਜੋਂ ਸਾਰਾ ਟੀਚਿੰਗ ਸਟਾਫ ਸਟ੍ਰਾਈਕ ਤੇ ਚਲਾ ਗਿਆ ਹੈ। ਇਹ ਸਟਾਫ 12 ਫਰਵਰੀ ਤੋਂ ਸਟ੍ਰਾਈਕ ਤੇ ਹੈ। ਇਹ ਵੀ ਦੇਖਣਾ ਚਾਹੀਦਾ ਹੈ ਕਿ ਦਿਨ ਕਿਹੜੇ ਜਾ ਰਹੇ ਹਨ। ਜੇਕਰ ਟੀਚਿੰਗ ਸਟਾਫ ਸਟਰਾਈਕ ਤੇ ਹੈ ਤਾਂ ਫਿਰ ਬੱਚਿਆਂ ਅਤੇ ਮਾਂ ਬਾਪ ਦਾ ਕੀ ਕਸੂਰ ਹੈ ਅਤੇ ਮੁਲਕ ਦਾ ਕੀ ਕਸੂਰ ਹੈ। ਵੀ. ਸੀ. ਨੂੰ ਉਥੇ ਫੌਰੀ ਤੌਰ ਤੇ ਲਗਾਇਆ ਜਾਣਾ ਚਾਹੀਦਾ ਹੈ। ਸਾਡੇ ਪਹਿਲੇ ਗਵਰਨਰ ਸਾਹਿਬ ਦੀ ਉਥੋਂ ਤਕਰੀਰ ਹੋਈ ਸੀ ਅਤੇ ਪ੍ਰੈਸ ਕਾਨਫਰੰਸ ਵੀ ਹੋਈ ਸੀ। ਉਸ ਵਿਚ ਇਸ ਬਾਰੇ ਜ਼ਿਕਰ ਆਇਆ ਸੀ। ਇਸ ਮਾਮਲੇ ਨੂੰ ਜੋ ਰਿਜੈਕਟ ਕੀਤਾ ਗਿਆ ਹੈ, ਮੈਂ ਅਰਜ਼ ਕਰਦਾ ਹਾਂ ਕਿ ਇਸ ਨੂੰ ਐਡਜਰਨ-ਮੈਂਟ ਮੋਸ਼ਨ ਰਾਹੀਂ ਨਾ ਡਿਸਕਸ ਕਰੋ। Let us have discussion for one hour in this House. What is blocking the Government of Punjab to appoint regular Vice-Chancellor of Patiala University which has suffered on that account? ਕੀ ਪ੍ਰਾਬਲਮ ਹੈ ਸਾਨੂੰ ਚੀਫ ਮਨਿਸਟਰ ਸਾਹਿਬ ਦੱਸ ਦੇਣ ? ਜੇਕਰ ਕੋਈ ਇਸ ਵਿਚ ਪੁਲੀਟੀਕਲ ਪ੍ਰਾਬਲਮ ਹੈ, ਕੋਈ ਕਮਿਊਨਲ ਪ੍ਰਬਿਲਮ ਹੈ ਜਾਂ ਫਾਈਨੈਂਸ਼ਿਅਲ ਪ੍ਰਾਬਲਮ ਹੈ ਤਾਂ ਉਸ ਬਾਰੇ ਇਹ ਸਾਨੂੰ ਦੱਸ ਦੇਣ। ਤੁਹਾਡੇ ਵਲੋਂ ਰਿਜੈਕਟ ਕਰਨ ਨਾਲ ਇਹ ਮਾਮਲਾ ਟਰਮੀਨੇਟ ਨਹੀਂ ਹੋ ਜਾਂਦਾ।

Original with;
Punjab Vidhan Sabha
Digitized by;
Panjab Digital Library

We have to determine the issue and not to terminate the issue. The issue is not to be terminated. Let us agree on this. Either we should admit this motion and adjourn the business for discussing it right now or it should be converted into Call Attention Motion keeping in view the gravity of the situation. The importance of the matter is also obviously very very important.

**Mr. Speaker:** I stick to the disallowing of the adjournment motion. You come to my Chamber. I will satisfy you on this point.

**Comrade Raj Kumar:** This is also Assembly Chamber.

**Mr. Speaker:** You come to my Chamber.

---

## FIRST REPORT OF THE BUSINESS ADVISORY COMMITTEE

**Mr. Speaker:** I have to present to the House the First Report of the Business Advisory Committee. The Report reads as under:—

After some discussion, it was recommended that the following business be transacted at the sittings of the Punjab Vidhan Sabha from 9th March, 1983 to 11th March, 1983:—

| | |
|---|---|
| Wednesday, the 9th March (9.00 A.M.) | Resumption of discussion on the Governor's Address. |
| Thursday, the 10th March (9.00 A.M.) | Resumption of discussion on the Governor's Address |
| Friday, the 11th March (9.00 A.M.) | Resumption of discussion on the Governor's Address and Vote on the Motion of Thanks. |

Since the 10th March, 1983 (Non-official day) has been recommended to be utilised for the discussion on the Governor's Address, a sitting, in lieu thereof, should be allotted for the transaction of Non-official Business, on a day, to be determined later, during the period subsequent to the 14th March, 1983.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/ are inconsistent with the above recommendations, that rule /those rules will stand suspended to that extent.

**ਕਾਮਰੇਡ ਰਾਜ ਕੁਮਾਰ :** ਇਕ ਛੋਟੀ ਜਿਹੀ ਅਰਜ਼ ਕਰਨੀ ਹੈ । ਇਸ ਨਾਲ ਇੱਕ ਪ੍ਰੋਸੀਜਰਲ ਮਾਮਲਾ ਫਿਰ ਆਏਗਾ । ਨਾਨ-ਆਫੀਸ਼ਲ ਡੇਅ ਵਾਸਤੇ ਨੋਟਿਸਿਜ਼ ਲਈ ਇਕ ਪੀਰੀਅਡ ਦਰਕਾਰ ਹੈ । ਇਸ ਲਈ ਅਗਰ ਇਸ ਵਿਚ ਕੋਈ ਰੂਲ ਰੁਕਾਵਟ ਬਣਦਾ ਹੈ ਤਾਂ ਉਸ ਲਈ ਵੀ ਸੋਚ ਲੈਣਾ ਚਾਹੀਦਾ ਹੈ ।

**ਸ੍ਰੀ ਸਪੀਕਰ :** ਇਸ ਬਾਰੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਵਿਚ ਲਿਖਿਆ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ** : ਜਿਨ੍ਹਾਂ ਨੇ ਇਨ ਟਾਈਮ ਰੈਜ਼ੋਲਿਊਸ਼ਨਜ਼ ਘਲੇ ਹੋਏ ਹਨ, ਉਨ੍ਹਾਂ ਬਾਰੇ ਵੀ ਦੇਖ ਲੈਣਾ ਚਾਹੀਦਾ ਹੈ । (ਵਿਘਨ)

**Mr. Speaker:** Let us first adopt the recommendations of the Busines Advisory Committee.

**Finance Minister (Doctor Kewal Krishan):** Sir, I beg to move—

That this House agrees with the recommendations contained in the First Report of the Business Advisory Committee.

**Mr. Speaker:** Motion moved—

That this House agrees with the recommendations contained in the First Report of the Business Advisory Committee.

**Mr. Speaker:** Question is—

That this House agrees with the recommendations contained in the First Report of the Business Advisory Committee.

*The Motion was carried unanimously.*

---

## PAPERS LAID ON THE TABLE

**HEALTH AND FAMILY WELFARE MINISTER (Shri Joginder Pal Pandey):** Sir, I beg to lay on the Table—

1. The Corrigendum dated the 29th September, 1982 to Notification No. G.S.R. 67/C.A.4/39/Ss. 24 and 41/Amd. 94/82, dated the 24th May, 1982, as required under section 133(3) of the Motor Vehicles Act, 1939.

2. The Annual Financial Statement incorporating 1981-82 (Actuals), 1982-83 (Budget/Revised Estimates) and 1983-84 (Budget Estimates) of the Punjab State Electricity Board, as required under section 61 (3) of the Electricity (Supply) Act, 1948.

3. (i) the Finance Accounts, 1980-81;

(ii) the Appropriation Accounts 1980-81;

(iii) The Report of the Comptroller and Auditor General of India (Civil) for the year 1980-81;

(iv) The Report of the Comptroller and Auditor General of India (Commercial) for the year 1980-81; and

(v) The Report of the Comptroller and Auditor General of India (Revenue Receipts) for the year 1980-81, as required under

Article 151 (2) of the Constitution of India.

---

Original with;
Punjab Vidhan Sabha
Digitized by;
Panjab Digital Library

## RESUMPTION OF DISCUSSION ON GOVERNOR'S ADDRESS

**Mr. Speaker:** Now the House will resume discussion on the motion moved by Sardar Jagdev Singh Jassowal, MLA and seconded by Shri Piara Ram Dhanowalia, M.L.A. on the 8th March, 1983. Shri Yash may speak.

**श्री यश** (जालंधर केन्द्री) : स्पीकर साहिब, कल जो श्री जगदेव सिंह जस्सोवाल जी ने प्रस्ताव पेश किया था, मैं उस का समर्थन करने के लिये खड़ा हुआ हूं । राज्यपाल महोदय ने अपने भाषण में जिस पीरीअड का जिक्र किया है वह बड़ा अहम और कठिन था। अगर इस के लिये अंग्रेजी के शब्द इस्तेमाल किये जायें तो यह स्टरेन एण्ड स्टरैस का पीरीअड था जिस में से गुजरना काफी मुशकिल था । एक तरफ तकाजा था कि कठोर से कठोर कार्यवाई की जाये और दूसरी तरफ ऐसी मजबूरियां थीं जिन के होते हुए कार्यवाही करना आसान नहीं था । मिसाल के तौर पर कुछ लोग गोलियां चलाते थे और धर्मस्थानों में जा कर पनाह ले लेते थे । यह ठीक है कि सरकार की राह में कोई रुकावट नहीं है वह किसी भी जगह पर जा कर मुलजमों को ग्रिफ्तार कर सकती है, लेकिन हमारी सरकार की ऐसी परम्परा रही है कि धर्मस्थानों की पवित्रता का सम्मान करने के लिये पुलिस इस सिलसिले में कार्यवाई करने से गुरेज करती रही है, यह कठिन काम है और इस का कोई हल नहीं निकला । (1)

** **

10.20 ਪੂਰਵ ਦੁਪਹਿਰ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

इसी तरह पंजाब में बिजली की कमी रहती है। यह कमी दूर करने में वक्त लगेगा, इस हालत में किस तरह से एगरीकलचर का भी ध्यान रखा जाये और दूसरी तरफ इन्डस्ट्रीयल आऊटपुट का भी ध्यान कैसे रखा जाये। (2)

जिन हालात में से हम गुजर रहे हैं अगर आप देखें तो पता चलता है कि फिरकेदाराना तनाव पैदा करने की कोशिश की गई है। हिन्दुओं और सिक्खों में झगड़ा कराने की कोशिश की गई मगर हमारी सरकार ने पूरी जिम्मेवारी से काम लिया जिस से हालात ठीक रहें। हमारी सरकार ने अपनी पूरी जिम्मेवारी निभाई है। यह कहा गया कि पंजाब सरकार ने भारत सरकार के सामने अच्छी तरह से केस पेश नहीं किया। मैं कहता हूं कि पंजाब का केस कोई नया केस नहीं है, इस में कोई तबदीली नहीं आई। पिछले वर्ष जब बजट सैशन हुआ था तो उस वक्त के हमारे गवर्नर ने अपने भाषण में कहा था :— (3)

> A long standing dispute pending for the last several years regarding the sharing of surplus Ravi-Beas waters has been settled in the national interest.

---

Sardar Jagdev Singh Jassowal M.L.A.: to move that an Address be presented to the Governor in the following terms:—

> "That the Members of this House assembled in this Session are deeply grateful to the Governor for the Address which he has been pleased to deliver to the House on the 7th March, 1983"

Original with;
Punjab Vidhan Sabha
Digitized by;
Panjab Digital Library

[श्री यश]

नैशनल इन्ट्रैस्ट को ध्यान में रखना जरूरी है। इस बात से कोई इन्कार नहीं कर सकता कि पंजाब को ज्यादा पानी मिले। सरदार दरबारा सिंह ने सटैन्ड लिया और कहा कि मैं Ravi-Beas waters के मामले को रीओपन करने के लिये इस शर्त पर तैयार हूं कि पंजाब को ज़्यादा पानी मिले। इस बात को हम नज़र अन्दाज़ नहीं कर सकते। आज के ट्रिब्यून में नदी-पानियों के एक माहिर की रिपोर्ट छपी है। अगर उस की बात को मान लिया जाये तो इस से पंजाब को ज़्यादा पानी भी मिल सकता है और कम भी हो सकता है। हम इस बात से इन्कार नहीं कर सकते कि पिछले साल इस सम्बन्ध में जो समझौता हुआ है, उस को हम सब ने स्वीकार किया है। अब अगर यह मामला री-ओपन करने से पंजाब को ज़्यादा पानी मिल सकता है, तब मैं इस के हक में हूं। हमारी यह बदकिस्मती रही है कि हमारा वास्ता एक ऐसी पार्टी से रहा है जिस का आधार राजनैतिक नहीं, धर्म है, जिस का आधार साम्प्रदायिकता है, तंग नजरिया रहा है। वह समुचे राष्ट्र का ध्यान नहीं रखती। इसी लिये अकाली पार्टी की नीतियों से पंजाब का हमेशा नुकसान होता रहा है।

मैं पंजाब के पुनर्गठन की बात करता हूं। पुनर्गठन का मामला उठा कर अकालियों ने कोई अनोखी बात नहीं की क्योंकि बहुत से सूबे भाषा के आधार पर बने हैं मगर अकाली जल्दबाजी से काम लेते रहे हैं। उन्होंने सभी पंजाबियों को विश्वास में लेने की बजाये मोर्चे बाजी और मरण व्रतों की धमकियां देनी शुरु कर दीं। भाषा के आधार पर हम कहीं लकीर नहीं खींच सकते। जो भाषा राजपुरा की है, वही अम्बाला की है। जो भाषा करनाल की है, वही भाषा रोहतक की है। इस लिये भाषा के नाम पर हम कहीं लकीर नहीं खींच सकते। मगर अकालियों का सोचने और काम करने का तरीका गलत रहा है। वह दबाव डाल कर मसले हल करवाना चाहते हैं। वह ऐसे टैकटिक्स अपनाते हैं जिससे दूसरे चिड़ें और वातावरण में तनाव पैदा हो। पहले पंजाब का पुनर्गठन गलत बताया। फिर कहने लगे अगर चंडीगढ़ उन्हें न मिला तो वे जलकर मर जायेंगे। अगर जल कर मर गये तो पंजाब जल जायेगा। इस तरह के तरीके अपना कर वे सभी मसलों का फैसला जल्दी जल्दी करवाना चाहते हैं। जब यह फैसला हुआ कि चंडीगढ़ पंजाब को मिलेगा मगर अबोहर और फाजिल्का हरियाणा को जायेगा यह फैसला गलत था। यह फैसला कल भी गलत था और आज भी गलत है लेकिन यह फैसला इसलिये हुआ क्योंकि अकाली पार्टी दबाव डाल कर फैसला करवाना चाहती थी। अब भी जो कुछ हो रहा है, अगर अकाली दल धीरज से काम लेकर पंजाब का मसला हल कराने की कोशिश करें तो कोई कठिनाई नहीं है। कोई कारण नहीं कि यह मसला हल न हो सके श्रीमती इन्दिरा गांधी को 101 देशों ने नान-अलाईन्ड समिट का प्रधान चुना है। क्या श्रीमती गांधी पंजाब का छोटा सा मामला हल नहीं कर सकती। (थंपिंग) पंजाब का मसला तो वह बड़ी आसानी से हल कर सकती हैं मगर अकाली करने नहीं देते। अकाली चाहते हैं कि जो हम कहते हैं वही होना चाहिये और तत्काल होना चाहिये। संत हरचंद सिंह लोंगोवाल अकालियों के डिकटेटर हैं पर वह अपने आप को सारे हिन्दुस्तान का डिकटेटर समझते हैं। पहले उन्होंने अपनी पार्टी के M.L. As and M.P. को अस्तीफा देने को कहा। उसके बाद उन्होंने दूसरे सिक्खों को भी अस्तीफा देने के लिये कहा और अब धमकी दे रहे हैं कि यदि गैर-अकाली सदस्यों ने त्याग पत्र न दिया तो गड़बड़ होगी। उन्हें नैशनल लेवल

Original with;
Punjab Vidhan Sabha
Digitized by;
Punjab Digital Library

पर सोचना चाहिये। सारे हिन्दुस्तान का ध्यान रखना चाहिये तभी हम इन मसलों को हल कर सकते हैं। हमें केवल पंजाब का ही ध्यान नहीं रखना चाहिये, दूसरे सूबों का भी ध्यान रखना चाहिए। मगर अकालियों ने इस तरफ ध्यान नहीं दिया। पंजाब कितना खुशहाल है, कितनी प्रौसपैरिटी यहां है, कितनी अनाज की पैदावार बढ़ी है, कितनी बिजली बढ़ी है। मगर हमारे थीन डैम हैं, भाखड़ा डैम, पौंग डैम और पंडोह डैम, यह सब हिमाचल प्रदेश में हैं। वह इनकी धरती पर हैं। गांव हिमाचल के उजड़े मगर खेत पंजाब के हरियाले हुये। हमारे अकाली भाई इस बात को क्यों नहीं समझते?

संत फतेह सिंह ने जल मरने की धमकी देकर कहा कि चंडीगढ़ हमारा है। सारे का का सारा है। मगर हम कहते हैं कि सारा देश हमारा है, जब तक हम सारे देश का नक्शा सामने रख कर बात नहीं करेंगे, तब तक मसला हल नहीं होगा। तनाव पैदा होगा और तनाव से गलत फैसले होंगे। पंजाब में जितने गलत फैसलें होते हैं, वे सारी अकाली दल की जिम्मेवारी है या उनकी जिम्मेवारी है जो उनकी मदद करते हैं। पठानकोट में बी.जे.पी. ने कान्फ्रेंस की, उन्होंने अकालियों की मांगों का समर्थन किया है, कहते हैं उन्होंने दुरूस्त मांगें रखी हैं। अकाली दरूस्त रास्ते पर क्यों आयें? भाजपा गठ जोड़ कर लेगी कि पता नहीं क्या बात हो जायेगी। इस तरह मसला हल नहीं हो सकता। वह पूरे राष्ट्र का ध्यान रखें और ठीक बात करें। कमियुनिस्ट पार्टी ने भी अकाली दल के साथ गठजोड़ किया था। अकाली दल वाले कहते हैं कि हम आगे बात चीत नहीं करेंगे।

**ਕਾਮਰੇਡ ਰਾਜ ਕੁਮਾਰ** : ਪੁਆਇੰਟ ਆਫ ਆਰਡਰ, ਸਰ।

**ਸ੍ਰੀ ਯਸ਼** : ਜੇ ਇਨ੍ਹਾਂ ਨੇ ਇਨਟਰਪਸ਼ਨ ਕਰਨੀ ਹੈ ਤਾਂ ਠੀਕ ਹੈ।

**ਕਾਮਰੇਡ ਰਾਜ ਕੁਮਾਰ** : ਮੈਂ ਇਨਟਰਪਸ਼ਨ ਵਿਚ ਬਿਲੀਵ ਨਹੀਂ ਕਰਦਾ। ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਇੱਕ ਐਸੀ ਗੱਲ ਕਹੀ ਹੈ ਜਿਹੜੀ ਕਿ ਫੈਕਟਸ ਦੇ ਬਿਲਕੁੱਲ ਉਲਟ ਹੈ ਜੋ ਕਿ ਸਾਡੀ ਪਾਰਟੀ ਤੇ ਐਸਪਰਸ਼ਨ ਹੈ। ਕਮਿਊਨਿਸਟ ਪਾਰਟੀ ਨੇ ਅਕਾਲੀ ਦਲ ਨਾਲ ਕੋਈ ਗੱਠਜੋੜ ਨਹੀਂ ਕੀਤਾ। ਅਕਾਲੀ ਦਲ ਨੇ ਜਦੋਂ ਕਪੂਰੀ ਤੋਂ ਮਾਰਚ ਸ਼ੁਰੂ ਕੀਤਾ ਸੀ ਤਾਂ ਅਸੀਂ ਇਸ ਗੱਲ ਤੇ ਆਬਜੈਕਟ ਕੀਤਾ ਸੀ। ਜੇ ਉਨ੍ਹਾਂ ਨੇ ਧਾਰਮਿਕ ਅਸਥਾਨ ਤੋਂ ਮੋਰਚਾ ਸ਼ੁਰੂ ਕੀਤਾ ਤਾਂ ਅਸੀਂ ਇਸ ਨੂੰ ਆਬਜੈਕਟ ਕੀਤਾ। ਜੇ ਉਹ ਗਲਤ ਕੰਮ ਕਰਨਗੇ ਤਾਂ ਅਸੀਂ ਗਲਤ ਕਹਾਂਗੇ। ਕਮਿਊਨਿਸਟ ਪਾਰਟੀ ਉਨ੍ਹਾਂ ਨਾਲ ਗੱਠਜੋੜ ਨਹੀਂ ਕਰਦੀ।

**ਸ੍ਰੀ ਡਿਪਟੀ ਸਪੀਕਰ** : ਯਸ਼ ਜੀ, ਤੁਸੀਂ ਕੰਟੀਨਿਊ ਕਰੋ।

**ਸ੍ਰੀ ਯਸ਼** : ਮੈਂ ਪਿਛਲੇ 2 ਸਾਲ ਦੀ ਗੱਲ ਨਹੀਂ ਕਰਦਾ ਮੈਂ ਪਿਛਲੇ 30 ਸਾਲਾਂ ਦੀ ਗੱਲ ਕਰਦਾ ਹਾਂ। ਮੈਂ ਉਸ ਵਕਤ ਦੀ ਗੱਲ ਕਰਦਾ ਹਾਂ ਜਦੋਂ ਕਮਿਊਨਿਸਟ ਪਾਰਟੀ ਨੇ ਮੁਸਲਿਮ ਲੀਗ ਦੀ ਮੱਦਦ ਕਰ ਕੇ ਹਿੰਦੂਸਤਾਨ ਦਾ ਬਟਵਾਰਾ ਕਰਾਇਆ ਸੀ।

**ਕਾਮਰੇਡ ਰਾਜ ਕੁਮਾਰ** : ਇਹ ਬਿਲਕੁਲ ਗਲਤ ਗੱਲ ਹੈ। ਅਸੀਂ ਬਟਵਾਰੇ ਤੇ ਦਸਖਤ ਨਹੀਂ ਕੀਤੇ। ਮਹਾਤਮਾ ਗਾਂਧੀ ਨੇ ਬਟਵਾਰੇ ਤੇ ਦਸਖਤ ਕੀਤੇ ਸੀ। ਜੇ ਇਹ ਸਾਬਤ ਕਰ ਦੇਣ ਕਿ ਕਮਿਊਨਸਟ ਪਾਰਟੀ ਨੇ ਬਟਵਾਰੇ ਤੇ ਦਸਖਤ ਕੀਤੇ ਸਨ ਤਾਂ ਅਸੀਂ ਅਸਤੀਫ਼ੇ ਦੇ ਦਿਆਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਯਸ਼ ਜੀ, ਤੁਸੀਂ ਕੰਟੀਨਿਊ ਕਰੋ ।

**ਕਾਮਰੇਡ ਰਾਜ ਕੁਮਾਰ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਬਗੈਰ ਪਰਮਿਸ਼ਨ ਬੋਲ ਰਹੇ ਹਨ, ਇਹ ਰਿਕਾਰਡ ਨਹੀਂ ਕਰਨਾ । ਯਸ਼ ਜੀ, ਤੁਸੀਂ ਕੰਟੀਨਿਊ ਕਰੋ ।

**ਕਾਮਰੇਡ ਰਾਜ ਕੁਮਾਰ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਰਿਕਾਰਡ ਨਾ ਕੀਤਾ ਜਾਏ । ਰਾਜ ਕੁਮਾਰ ਜੀ, ਤੁਹਾਨੂੰ ਮੈਂ ਟਾਈਮ ਦੇਵਾਂਗਾ, ਫਿਰ ਤੁਸੀਂ ਵੀ ਬੋਲ ਲੈਣਾ । ਇਸ ਵਕਤ ਇਨ੍ਹਾਂ ਨੂੰ ਬੋਲ ਲੈਣ ਦਿਓ, ਇਨ੍ਹਾਂ ਨੂੰ ਤੁਸੀਂ ਇੰਟਰਪਟ ਨਾ ਕਰੋ ।

**ਵਿੱਤ ਮੰਤਰੀ** : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਿਕ ਕੋਈ ਮਾਨਯੋਗ ਮੈਂਬਰ ਆਪਣੇ ਖਿਆਲਾਤ ਦਾ ਇਜ਼ਹਾਰ ਕਰ ਰਿਹਾ ਹੋਵੇ ਤਾਂ ਉਸ ਨੂੰ ਇੰਟਰਪਟ ਨਹੀਂ ਕਰਨਾ ਚਾਹੀਦਾ । ਜੋ ਕੁਝ ਯਸ਼ ਜੀ ਨੇ ਕਿਹਾ ਹੈ, ਉਸ ਉਤੇ ਕਾਮਰੇਡ ਰਾਜ ਕੁਮਾਰ ਜੀ ਨੇ ਆਪੱਤੀ ਉਠਾਈ ਹੈ । ਤੁਸੀਂ ਯਸ਼ ਜੀ ਨੂੰ ਕੰਟੀਨਿਊ ਕਰਵਾਓ ਤਾਂ ਕਿ ਉਨ੍ਹਾਂ ਨੂੰ ਆਪਣੀ ਗੱਲ ਪੂਰੀਪੂਰੀ ਕਹਿਣ ਦਾ ਮੌਕਾ ਮਿਲ ਸਕੇ ਅਤੇ ਕਾਮਰੇਡ ਸਾਹਮਣੇ ਸਵਾਲਾਂ ਦਾ ਜਵਾਬ ਉਹ ਦੇ ਸਕਣ ।

**ਸ੍ਰੀ ਡਿਪਟੀ ਸਪੀਕਰ**: ਯਸ਼ ਜੀ, ਤੁਸੀਂ ਕੰਟੀਨਿਊ ਕਰੋ ।

**ਕਾਮਰੇਡ ਸਰਵਣ ਸਿੰਘ ਚੀਮਾ** : ** ** **

**ਸ੍ਰੀ ਡਿਪਟੀ ਸਪੀਕਰ**: : ਜੋ ਕੁਝ ਇਹ ਬਗੈਰ ਪਰਮਿਸ਼ਨ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ ।

**ਮਾਸਟਰ ਚੰਦ ਸਿਘ** : ** ** ** **

**ਸ੍ਰੀ ਡਿਪਟੀ ਸਪੀਕਰ**: ਇਹ ਜੋ ਕੁਝ ਬਗੈਰ ਪਰਮਿਸ਼ਨ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ

**ਸਿਹਤ ਮੰਤਰੀ**: ਡਿਪਟੀ ਸਪੀਕਰ ਸਾਹਿਬ, ਤੁਸੀਂ ਹਾਊਸ ਨੂੰ ਇਨ ਆਰਡਰ ਰੱਖੋ ।

**ਸ੍ਰੀ ਡਿਪਟੀ ਸਪੀਕਰ** : ਹਾਂ ਜੀ, ਯਸ਼ ਜੀ, ਤੁਸੀਂ ਬੋਲੋ ।

**श्री यश**: डिप्टी स्पीकर साहिब, मैं कामरेड राज कुमार जी का बहुत मशकूर हूं कि उन्होंने मुझे अपनी बात को ऐक्सपलेन करने का मौका दिया है। उन्होंने मेरी बातों को गलत बतलाया है लेकिन मैं दावा करता हूं कि मैंने जो कुछ कहा है वह बिलकुल ठीक है। मैंने कोई गल्त लफ्ज नहीं बोला मैंने कहा है कि कम्यूनिस्ट पार्टी ने अकालियों के साथ समझौता किया है,

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

गठजोड़ किया है तो मैंने कुछ गलत नहीं कहा है। आज जो यह हाऊस में बैठे हैं तो यह अकालियों के साथ समझौता करने की बदौलत बैठे हैं। अगर अकाली इन को वोटें न देते तो यह कभी भी यहां नहीं बैठ सकते थे। विघ्न)।

(ਇਸ ਵਕਤ ਬਹੁਤ ਸਾਰੇ ਮੈਂਬਰ ਸਾਹਿਬਾਨਬੋਲਣ ਲਗ ਪਏ)

**ਸਿਹਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਕਿ ਕੀ ਇਹ ਡਿਬੇਟ ਹੋ ਰਹੀ ਹੈ।

ਇਹ ਜਿਹੜੇ ਧਾਰਮਿਕ ਜਥੇਬੰਦੀਆਂ ਦੇ ਕਾਲਜ ਹਨ, ਖਾਲਸਾ, ਸਨਾਤਨ ਕਾਲਜ ਹੈ, ਇਹ ਸਾਰੇ ਕਾਲਜ ਨੈਸ਼ਨੇਲਾਈਜ਼ ਕਰਨੇ ਚਾਹੀਦੇ ਹਨ। ਐਜੂਕੇਸ਼ਨ ਨੈਸ਼ਨੇਲਾਈਜ਼ ਕਰਨੀ ਚਾਹੀਦੀ ਹੈ ਤਾਕਿ ਫਿਰਕੂ ਤਾਕਤਾਂ ਦਾ ਉਨ੍ਹਾਂ ਤੇ ਦਬਾਅ ਨਾ ਰਹੇ ਅਤੇ ਜਮਹੂਰੀ ਲਹਿਰ ਨੂੰ ਅੱਗੇ ਵਧਾਇਆ ਜਾਵੇ। ਗਰੀਬਾਂ ਨੂੰ ਦਸਵੀਂ ਕਲਾਸ ਤਕ ਮੁਫਤ ਐਜੂਕੇਸ਼ਨ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਕਿਤਾਬਾਂ ਅਤੇ ਵਰਦੀਆਂ ਮੁਫਤ ਦੇਣੀਆਂ ਚਾਹੀਦੀਆਂ ਹਨ। ਗਰੀਬਾਂ ਦੇ ਬੱਚਿਆਂ ਨੂੰ ਮੈਂ ਤਾਂ ਕਹਾਂਗਾ ਕਿ ਬੀ.ਏ., ਐਮ.ਏ. ਤਕ ਐਜੂਕੇਸ਼ਨ ਫਰੀ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਪਹਿਲੀ ਜਮਾਤ ਤੋਂ ਵਜ਼ੀਫੇ ਮਿਲਣੇ ਚਾਹੀਦੇ ਹਨ। ਮੇਰੇ ਹਲਕੇ ਦੇ ਸਕੂਲ ਟਿਬਾ ਤੇ ਖੇੜੀ ਚਹਿਲਾ ਹਾਈ ਸਕੂਲ ਬਣਾਓ। ਟਿਬਾ ਬੜੇ ਪੁਰਾਣੇ ਸਮੇਂ ਤੋਂ ਮਿਡਲ ਚਲ ਰਿਹਾ ਹੈ। ਪ੍ਰਾਇਮਰੀ ਧਲੇਰ, ਕਲਿਆਨ ਤੇ ਰੰਗੀਆ ਨੂੰ ਮਿਡਲ ਬਣਾਓ।

ਹੁਣ ਮੈਂ ਬੁਢਾਪਾ ਪੈਨਸ਼ਨ ਦੀ ਗਲ ਕਰਦਾ ਹਾਂ। ਜਦੋਂ ਦਾ ਚੌਧਰੀ ਜਗਤ ਰਾਮ ਇਸ ਮਹਿਕਮੇ ਦਾ ਵਜ਼ੀਰ ਬਣਿਆ ਹੈ ਉਦੋਂ ਦਾ ਪੈਨਸ਼ਨਾਂ ਦਾ ਬੇੜਾ ਗਰਕ ਹੋ ਗਿਆ ਹੈ। ਇਸ ਮਹਿਕਮੇ ਦਾ ਬੇੜਾ ਗਰਕ ਹੋ ਗਿਆ ਹੈ। ਉਹ ਚਾਰ ਚਾਰ ਵਾਰ ਰਸੀਦਾਂ ਭੇਜਦੇ ਹਨ ਪਰ ਮਹਿਕਮੇ ਵਾਲੇ ਕੋਈ ਧਿਆਨ ਨਹੀਂ ਕਰਦੇ। ਇਨ੍ਹਾਂ ਨੂੰ ਪੂਰੀ ਪੜਤਾਲ ਕਰਕੇ ਉਨ੍ਹਾਂ ਦੀਆਂ ਪੈਨਸ਼ਨਾਂ ਭੇਜਣੀਆਂ ਚਾਹੀਦੀਆਂ ਹਨ। ਜੇ ਅਸੀਂ ਕਿਹਾ ਕਿ ਇਸ ਪਰੋਸੀਜਰ ਨੂੰ ਸਿੰਪਲੀਫਾਈ ਕਰ ਦਿਓ ਤਾਂ ਇਨ੍ਹਾਂ ਨੇ ਐਸਾ ਕੰਮ ਕੀਤਾ ਕਿ ਪਹਿਲਾਂ ਉਹ ਵਿਚਾਰੇ ਸਰਪੰਚ ਤੋਂ ਦਸਖਤ ਕਰਾਉਂਦੇ ਹਨ। ਫਿਰ ਬੀ.ਡੀ.ਓ. ਤੋਂ ਕਰਾਉਂਦੇ ਹਨ। ਇਸ ਤਰ੍ਹਾਂ ਇਹ ਬੜਾ ਲੰਬਾ ਪਰੋਸੀਜਰ ਹੈ। ਇਕ ਇਨ੍ਹਾਂ ਨੇ ਹੋਰ ਕਰ ਦਿਤਾ ਹੈ ਕਿ ਇਹ ਜਿਹੜੀ ਵਿਧਵਾ ਪੈਨਸ਼ਨ ਮਿਲਦੀ ਹੈ, ਜਦੋਂ ਉਸ ਦੀ ਲੜਕੀ ਬਾਲਗ ਹੋ

Original with;
Punjab Vidhan Sabha
Digitized by;
Punjab Digital Library

ਜਾਂਦੀ ਹੈ ਤਾਂ ਉਸ ਦੀ ਪੈਨਸ਼ਨ ਬੰਦ ਕਰ ਦਿਤੀ ਹੈ। ਇਸ ਪੈਨਸ਼ਨ ਨੂੰ ਚਾਲੂ ਰਖਣਾ ਚਾਹੀਦਾ ਹੈ। (ਘੰਟੀ)

**ਸ੍ਰੀ ਸਭਾਪਤੀ:** ਤੁਸੀਂ ਵਾਈਂਡ ਅੱਪ ਕਰੋ ਜੀ।

**ਮਾਸਟਰ ਚੰਦ ਸਿੰਘ:** ਗਵਰਨਰ ਐਡਰੈਸ ਵਿਚ ਇਨ੍ਹਾਂ ਗਲਾਂ ਵਲ ਧਿਆਨ ਨਹੀਂ ਦਿਤਾ ਗਿਆ ਅਤੇ ਹਕੀਕਤ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ।

ਹੁਣ ਮੈਂ ਕੁਰੱਪਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਕਿਸੇ ਦਫ਼ਤਰ ਵਿਚ ਪੈਸੇ ਤੋਂ ਬਿਨਾਂ ਕੰਮ ਨਹੀਂ ਹੁੰਦਾ। ਕਿਸੇ ਦਫਤਰ ਵਿਚ ਕੋਈ ਕਾਗਜ਼ ਪੈਸੇ ਤੋਂ ਬਿਨਾਂ ਅਗੇ ਨਹੀਂ ਜਾਂਦਾ। ਤੁਹਾਨੂੰ ਪਤਾ ਹੈ ਕਿ ਤਹਿਸੀਲਦਾਰ ਅਤੇ ਐਸ.ਡੀ.ਐਮ. ਦੇ ਦਫਤਰ ਵਿਚ ਪੈਸੇ ਤੋਂ ਬਿਨਾਂ ਕੰਮ ਨਹੀਂ ਹੁੰਦਾ। ਉਥੇ ਕੁਰੱਪਸ਼ਨ ਘਰ ਕਰ ਚੁਕੀ ਹੈ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਦੱਸਿਆ ਹੈ ਕਿ ਕੁਰੱਪਸ਼ਨ ਦੇ ਸਬੰਧ ਵਿਚ ਅਸੀਂ ਕੁਝ ਬੰਦੇ ਫੜੇ ਹਨ। ਇਸ ਤਰ੍ਹਾਂ ਕੁਰੱਪਸ਼ਨ ਦੂਰ ਨਹੀਂ ਹੋਣੀ। ਤੁਹਾਨੂੰ ਪਤਾ ਹੋਣਾ ਹੈ ਕਿ ਮੋਹਾਲੀ ਵਿਖੇ ਰਨਬੈਕਸੀ ਫੈਕਟਰੀ ਵਿਚ ਮਜ਼ਦੂਰਾਂ ਦੀ ਹੜਤਾਲ ਚਲ ਰਹੀ ਸੀ। ਉਥੇ ਲੇਬਰ ਮਨਿਸਟਰ ਗਏ ਪਰ ਉਨ੍ਹਾਂ ਨੇ ਪ੍ਰਬੰਧਕਾਂ ਦਾ ਪੱਖ ਲਿਆ। ਇਸੇ ਤਰ੍ਹਾਂ ਜ਼ਿਲ੍ਹਾ ਸੰਗਰੂਰ ਵਿਚ ਪੇਪਰ ਮਿੱਲ ਵਿਚ ਹੜਤਾਲ ਸੀ। ਉਥੇ 6 ਵਰਕਰ ਕੱਢੇ ਗਏ। ਇਹ ਸਾਰਾ ਵਜ਼ੀਰ ਦੀ ਮਿਹਰਬਾਨੀ ਨਾਲ ਹੋਇਆ। ਮਿੱਲ ਵਾਲਿਆਂ ਨਾਲ ਮਿਲ ਕੇ ਘਾਲਾ ਮਾਲਾ ਕਰ ਲਿਆ (ਘੰਟੀ)

**ਸ੍ਰੀ ਸਭਾਪਤੀ:** ਤੁਸੀਂ ਖਤਮ ਕਰੋ।

**ਮਾਸਟਰ ਚੰਦ ਸਿੰਘ:** ਇਸ ਕੁਰੱਪਸ਼ਨ ਨੂੰ ਖਤਮ ਕਰਨ ਲਈ ਪਿਛਲੇ ਸਮੇਂ ਵਿਚ ਜਿਹੜੇ ਬੰਦੇ ਫੜੇ ਗਏ ਉਨ੍ਹਾਂ ਨੂੰ ਇਨ੍ਹਾਂ ਦੇ ਬੰਦੇ ਸ਼ੈਲਟਰ ਦੇ ਰਹੇ ਹਨ। ਕੁਰੱਪਸ਼ਨ ਨੂੰ ਸਖਤੀ ਨਾਲ ਦੂਰ ਕਰਨ ਦੀ ਲੋੜ ਹੈ। ਕੁਰੱਪਟ ਅਫਸਰਾਂ ਨੂੰ ਸਖਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਤਾਂਕਿ ਕੁਰਪ-ਸ਼ਨ ਦੂਰ ਹੋ ਸਕੇ ਨਹੀਂ ਤਾਂ ਕੁਰੱਪਸ਼ਨ ਵਧੇਗੀ। (ਘੰਟੀ)

ਹੁਣ ਮੈਂ ਰੀਜ਼ਰਵੇਸ਼ਨ ਦੀ ਪਾਲਿਸੀ ਬਾਰੇ ਕਹਿਣਾ ਚਾਹੁੰਦਾ ਹਾਂ। ਰੀਜ਼ਰਵੇਸ਼ਨ ਦੀ ਪਾਲਿਸੀ ਲਾਗੂ ਹੋਣੀ ਚਾਹੀਦੀ ਹੈ। ਸਰਕਾਰ ਕੋਲੋਂ ਰੀਜ਼ਰਵੇਸ਼ਨ ਦੀ ਪਾਲਿਸੀ ਪਿਛਲੇ 35 ਸਾਲਾਂ ਵਿਚ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕੀ। ਜਦੋਂ ਅਸੀਂ ਕਮੇਟੀਆਂ ਵਿਚ ਮਹਿਕਮਿਆਂ ਨੂੰ ਬੁਲਾਉਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਪੋਸਟ ਨੂੰ ਡੀਰੀਜ਼ਰਵ ਕਰਨ ਲਈ ਵੈਲਫੇਅਰ ਡਿਪਾਰਟਮੈਂਟ ਤੋਂ ਕੋਈ ਐਨ.ਓ.ਸੀ. ਨਹੀਂ ਲਿਆ ਜਾਂਦਾ ਅਤੇ ਗਰੀਬਾਂ ਦੇ ਬੱਚਿਆਂ ਨੂੰ ਇਗਨੋਰ ਕੀਤਾ ਜਾ ਰਿਹਾ ਹੈ। ਅਤੇ ਉਨ੍ਹਾਂ ਦੀਆਂ ਏ.ਸੀ.ਆਰ. ਖਰਾਬ ਕੀਤੀਆਂ ਜਾਂਦੀਆਂ ਹਨ। ਮੰਡੀਕਰਣ ਬੋਰਡ ਵਿਚ, ਚੇਅਰ-ਮੈਨ ਸਾਹਿਬ, ਪਿਛਲੇ ਸਮੇਂ ਵਿਚ ਇਸ ਤਰ੍ਹਾਂ ਹੋਇਆ ਕਿ ਅਸਿਸਟੈਂਟ ਤੋਂ ਉਪਰ ਪਰਮੋਸ਼ਨ ਦੇਣੀ ਸੀ ਉਥੇ ਸ਼ਡਿਊਲਡ ਕਾਸਟਸ ਦਾ ਜਿਹੜਾ ਬੰਦਾ ਛੇਵੇਂ ਨੰਬਰ ਤੇ ਸੀ ਅਤੇ ਜਿਸ ਦਾ ਹੱਕ ਬਣਦਾ ਸੀ ਉਸ ਨੂੰ ਛੱਡ ਦਿੱਤਾ। ਉਸ ਨੂੰ ਇਹ ਕਹਿ ਕੇ ਛੱਡ ਦਿਤਾ ਕਿ ਉਸ ਦੀ ਏ.ਸੀ.ਆਰ. ਖਰਾਬ ਹੈ। ਜੇ ਉਸ ਦੀ ਏ.ਸੀ.ਆਰ. ਖਰਾਬ ਸੀ ਤਾਂ ਉਸ ਕੋਲੋਂ ਨੋਟ ਕਰਵਾਇਆ ਜਾਂਦਾ, ਪਰ ਉਸ ਕੋਲੋਂ ਕੋਈ ਨੋਟ ਨਹੀਂ ਕਰਵਾਇਆ ਗਿਆ ਕਿ ਤੇਰੀ ਏ.ਸੀ.ਆਰ. ਖਰਾਬ ਹੈ। ਇਸ ਤਰ੍ਹਾਂ ਉਸਨੂੰ ਇਗਨੋਰ ਕਰਕੇ ਦੂਜੇ ਨੂੰ ਬਣਾ ਦਿਤਾ। ਸ਼ਡਿਊਲਡ ਕਾਸਟਸ ਕਾਰਪੋਰੇਸ਼ਨ, ਸੋਸ਼ਲ ਵੈਲਫੇਅਰ ਡਿਪਾਰਟਮੈਂਟ, ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਵਿਚ ਵੀ ਸਾਡੇ ਗਰੀਬਾਂ ਨੂੰ ਪੂਰੀ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਰੀਜ਼ਰਵੇਸ਼ਨ ਦੇ ਘਾਟੇ ਨੂੰ ਪੂਰਾ ਕਰਨ ਦੀ ਲੋੜ ਹੈ। ਤੁਹਾਨੂੰ ਪਤਾ ਹੈ ਕਿ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਪਿਛੇ ਜਿਹੇ ਕੁਝ ਲੋਕਾਂ ਨੇ ਚਾਹੇ ਉਹ ਰੂਲਿਗ ਪਾਰਟੀ ਦੇ ਸਨ ਜਾਂ ਹੋਰ ਲੋਕ ਸਨ ਉਨ੍ਹਾਂ ਨੇ ਭਰਾ ਨੂੰ ਭਰਾ ਨਾਲ ਲੜਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਤਰ੍ਹਾਂ ਐਂਟੀਰੀਜ਼ਰਵੇਸ਼ਨ ਨਾਹਰੇ ਲਗਾਏ ਗਏ। ਮੈਂ ਕਹਿੰਦਾ ਹਾਂ ਕਿ ਰੀਜ਼ਰਵੇਸ਼ਨ ਦੀ ਪਾਲਿਸੀ ਪੂਰੀ ਤਰ੍ਹਾਂ ਲਾਗੂ ਕਰੋ। ਗਵਰਨਰ ਨੇ ਆਪਣੇ ਭਾਸ਼ਣ ਵਿਚ ਅਜਿਹੀਆਂ ਗੱਲਾਂ ਦਾ ਠੀਕ ਢੰਗ ਨਾਲ ਜ਼ਿਕਰ ਨਹੀਂ ਕੀਤਾ। ਉਸ ਵਿਚ ਓਪਰੀਆਂ ਗੱਲਾਂ ਕੀਤੀਆਂ ਗਈਆਂ ਹਨ । ਇਹ ਭਾਸ਼ਣ ਬਿਲਕੁਲ ਥੋਥਾ ਹੈ। (ਘੰਟੀ)

ਹੁਣ ਮੈਂ ਤੁਹਾਡਾ ਧਿਆਨ ਪਿੰਡਾਂ ਵਲ ਦਿਵਾਉਣਾ ਚਾਹੁੰਦਾ ਹਾਂ । ਪਿੰਡਾਂ ਵਲ ਧਿਆਨ ਦੇਣ ਦੀ ਲੋੜ ਹੈ। ਪਿੰਡ ਪਛੜੇ ਹੋਏ ਹਨ। ਰੰਧਾਵਾ ਜੀ ਨੇ ਪਿਛੇ ਇਕ ਮਾਡਲ ਸਕੀਮ ਸ਼ੁਰੂ ਕੀਤੀ ਸੀ। ਉਸ ਵਿਚ ਕਈ ਘਾਟਾਂ ਰਹਿ ਗਈਆਂ ਹਨ। ਕਈ ਪਿੰਡਾਂ ਵਿਚ ਪੈਸਾ ਮੁੱਕ ਗਿਆ ਹੈ ਅਤੇ ਇਸ ਤਰ੍ਹਾਂ ਇਹ ਸਕੀਮ ਇਨਕੰਪਲੀਟ ਹੈ। ਉਸ ਨੂੰ ਕੰਪਲੀਟ ਕੀਤਾ ਜਾਵੇ ਅਤੇ ਪਿੰਡਾਂ ਵਿਚ ਵੱਧ ਤੋਂ ਵੱਧ ਰਿਆਇਤ ਦੇਣੀ ਚਾਹੀਦੀ ਹੈ।

ਮੈਂ ਪਿਛੇ ਜਿਹੇ ਚੌਧਰੀ ਕਾਂਸ਼ੀ ਰਾਮ ਨੂੰ ਮਾਰਕਿਟ ਕਮੇਟੀਆਂ ਬਾਰੇ ਕਿਹਾ ਸੀ । ਮੈ ਉਨ੍ਹਾਂ ਨੂੰ ਕਿਹਾ ਸੀ ਕਿ ਮਾਰਕਿਟ ਕਮੇਟੀਆਂ ਬਣਾਓ। ਸ਼ੇਰਪੁਰ ਵੀ ਮਾਰਕਿਟ ਕਮੇਟੀ ਬਣਾਓ। ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ।

ਫਿਰ ਸੜਕਾਂ ਦੀ ਹਾਲਤ ਬਹੁਤ ਬੁਰੀ ਹੈ। ਭਾਵੇਂ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਅਸੀਂ ਸੜਕਾਂ ਬਹੁਤ ਬਿਹਤਰ ਬਣਾਈਆਂ ਹਨ ਪਰ ਮੈ ਦੱਸਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਸੰਗਰੂਰ ਇਕੱਲੇ ਬਾਰੇ ਹੀ ਮੈਂ ਨਹੀਂ ਕਹਿਣਾ ਚਾਹੁੰਦਾ, ਜਲੰਧਰ, ਕਪੂਰਥਲਾ ਕੀ, ਕੋਈ ਵੀ ਹੋਰ ਜ਼ਿਲ੍ਹਾ ਦੇਖ ਲਓ ਉਥੇ ਸੜਕਾਂ ਦਾ ਬਹੁਤ ਮੰਦਾ ਹਾਲ ਹੈ । ਸੜਕਾਂ ਵਿਚ ਗੋਡੇ ਗੋਡੇ ਟੋਏ ਪਏ ਹੋਏ ਹਨ ਪਰ ਉਨ੍ਹਾਂ ਦੀ ਮੁਰੰਮਤ ਨਹੀ ਹੋਈ। ਮੈ ਕਹਿਣਾ ਚਾਹੁੰਦਾ ਹਾਂ ਕਿ ਸੜਕਾਂ ਲਈ ਸਪੈਸ਼ਲ ਪੈਸੇ ਰਖੇ ਜਾਣ । ਜਿਥੇ ਇਕ ਸੜਕ ਨੂੰ ਦੋ ਮਾਰਕਿਟ ਕਮੇਟੀਆਂ ਪੈਂਦੀਆਂ ਹਨ ਉਹ ਪੂਰੀਆਂ ਕਰੇ (ਘੰਟੀ)।

**ਸ੍ਰੀ ਸਭਾਪਤੀ** : ਤੁਸੀ ਵਾਈਂਡ ਅੱਪ ਕਰੋ।

**ਮਾਸਟਰ ਚੰਦ ਸਿੰਘ** : ਸਾਡੇ ਇਕ ਸੜਕ ਸਦੌੜ ਤੋਂ ਕਸਬੇ ਨੂੰ ਜਾਂਦੀ ਹੈ ਅਤੇ ਇਕ ਸੜਕ ਬੜੀ ਤੋਂ ਸ਼ੇਰਪੁਰ ਨੂੰ ਜਾਂਦੀ ਹੈ। (ਘੰਟੀ) ਮੈਂ ਖ਼ਤਮ ਹੀ ਕਰਦਾ ਹਾਂ ਜੀ । ਇਕ ਸੜਕ ਦੋ ਮਾਰਕਿਟ ਕਮੇਟੀਆਂ ਵਿਚ ਪੈਂਦੀ ਹੈ। ਇਕ ਨੇ ਬਣਾ ਦਿਤੀ ਹੈ ਅਤੇ ਇਕ ਨੇ ਨਹੀਂ ਬਣਾਈ। ਉਹਦੇ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਸੜਕਾਂ ਦੀ ਪੂਰੀ ਪੂਰੀ ਦੇਖ ਭਾਲ ਹੋ ਸਕੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਤੱਥਾਂ ਨੂੰ ਬਿਲਕੁਲ ਤੋੜ ਮਰੋੜ ਕੇ ਪੇਸ਼ ਕੀਤਾ ਹੈ ਅਤੇ ਉਨ੍ਹਾਂ ਦਾ ਭਾਸ਼ਣ ਤਥਾਂ ਦੇ ਬਿਲਕੁਲ ਉਲਟ ਹੈ। ਇਨ੍ਹਾਂ ਲਫਜ਼ਾਂ ਨਾਲ ਮੈਂ ਗਵਰਨਰ ਸਾਹਿਬ ਦੇ ਭਾਸ਼ਣ ਪ੍ਰਤੀ ਪੇਸ਼ ਕੀਤੇ ਗਏ ਧੰਨਵਾਦ-ਮਤੇ ਦੀ ਵਿਰੋਧਤਾ ਕਰਦਾ ਹਾਂ।

**ਸਰਦਾਰ ਇਕਬਾਲ ਸਿੰਘ (ਰਾਜਾ ਸਾਂਸੀ)** : ਚੇਅਰਮੈਨ ਸਾਹਿਬ, ਸਰਦਾਰ ਜਗਦੇਵ ਸਿੰਘ ਜੱਸੋਵਾਲ ਨੇ ਗਵਰਨਰ ਸਾਹਿਬ ਦੇ ਸ਼ੁਕਰੀਏ ਦਾ ਜਿਹੜਾ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੀ ਤਾਈਦ ਕਰਨ ਲਈ ਖੜਾ ਹੋਇਆ ਹਾਂ। ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਵੀਰਾਂ ਸਰਦਾਰ ਜਸਦੇਵ ਸਿੰਘ ਜੱਸੋਵਾਲ, ਸ੍ਰੀ ਯਸ਼ ਜੀ ਅਤੇ ਪ੍ਰੋਫੈਸਰ ਦਰਬਾਰੀ ਲਾਲ ਜੀ ਹੋਰਾਂ ਨੇ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਬੜੇ ਵਿਸਥਾਰ ਨਾਲ ਰੋਸ਼ਨੀ ਪਾਈ ਹੈ । ਲਾਅ ਐਂਡ ਆਰਡਰ ਦੇ ਮੁਤੱਲਿਕ ਵੀ ਇਨ੍ਹਾਂ ਵੀਰਾਂ ਅਤੇ ਮੇਰੇ ਸੱਜੇ ਹੱਥ ਬੈਠੇ ਵੀਰਾਂ ਨੇ ਬਹੁਤ ਕੁਝ ਕਿਹਾ ਹੈ। ਇਹ ਬੜਾ ਗੰਭੀਰ ਮਸਲਾ

Original with;
Punjab Vidhan Sabha
Digitized by;
Panjab Digital Library

ਹੈ ਪਰ ਇਸ ਨੂੰ ਗੰਭੀਰ ਜਾਣ ਬੁਝ ਕੇ ਬਣਾਇਆ ਗਿਆ ਹੈ। ਅਕਾਲੀਆਂ ਦਾ ਰਵੱਈਆ ਹਾਰੇ ਹੋਏ ਜੁਆਰੀਆਂ ਵਾਲਾ ਹੈ। ਉਹ ਹਰ ਹਰਬਾ ਵਰਤ ਕੇ ਤਾਕਤ ਲੈਣਾ ਚਾਹੁੰਦੇ ਹਨ। ਉਨ੍ਹਾਂ ਨੇ ਧਰਮ ਯੁੱਧ ਦੇ ਨਾਂ ਤੇ ਮੋਰਚਾ ਲਾਇਆ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਪੂਰੀ ਵਿਖੇ ਸਤਲੁਜ ਯਮਨਾ ਲਿੰਕ ਕੈਨਾਲ ਦੇ ਪੁੱਟੇ ਜਾਣ ਦੇ ਵਿਰੋਧ ਵਿਚ ਮੋਰਚਾ ਲਾਇਆ। ਧਰਮ ਯੁੱਧ ਦਾ ਜਿਹੜਾ ਉਨ੍ਹਾਂ ਦਾ ਮੋਰਚਾ ਹੈ, ਇਹ ਤਕਰੀਬਨ 2 ਸਾਲ ਤੋਂ ਚਲਿਆ ਆ ਰਿਹਾ ਹੈ। ਮੋਰਚਾ ਉਨ੍ਹਾਂ ਨੇ ਇਸ ਕਰਕੇ ਲਾਇਆ ਕਿ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਕਰਾਰ ਦਿੱਤਾ ਜਾਵੇ ਅਤੇ ਉਥੇ ਸਿਗਰਟ, ਬੀੜੀ ਜਾਂ ਤਮਾਕੂ ਦੀ ਵਿਕਰੀ ਬੰਦ ਕਰ ਦਿੱਤੀ ਜਾਵੇ।

ਚੇਅਰਮੈਨ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਮੌਜੂਦਾ ਹਾਲਾਤ ਉਤੇ ਬੋਲਾਂ, ਮੈਂ ਉਨ੍ਹਾਂ ਹਾਲਾਤ ਦੇ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ ਅਤੇ ਇਕ ਦੋ ਮਿਸਾਲਾਂ ਦੇਣੀਆਂ ਚਾਹੁੰਦਾ ਹਾਂ ਜਦੋਂ 1977 ਤੋਂ ਲੈ ਕੇ 1980 ਤੱਕ ਉਹ ਆਪ ਤਾਕਤ ਵਿਚ ਸਨ ਅਤੇ ਉਨ੍ਹਾਂ ਦੀ ਆਪਣੀ ਵਜ਼ਾਰਤ ਸੀ। ਸਭ ਤੋਂ ਪਹਿਲਾਂ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ 1978 ਵਿਚ ਇਨ੍ਹਾਂ ਅਕਾਲੀ ਵੀਰਾਂ ਨੇ ਅੰਮ੍ਰਿਤਸਰ ਸ਼ਹਿਰ ਦਾ 400 ਸਾਲਾ ਸਥਾਪਨਾ ਦਿਵਸ ਮਨਾਇਆ। ਉਸ ਵਕਤ ਇਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਬਣਾਉਣ ਦੀ ਖੇਚਲ ਨਹੀਂ ਕੀਤੀ। ਹਾਂ, ਇਹ ਜ਼ਰੂਰ ਕੰਮ ਕੀਤਾ ਕਿ ਸਰਕਾਰੀ ਖਜ਼ਾਨੇ ਵਿਚੋਂ ਅੰਮ੍ਰਿਤਸਰ ਦੀ ਡਿਵੈਲਪਮੈਂਟ ਵਾਸਤੇ 1 ਕਰੋੜ ਰੁਪਿਆ ਕਢਾ ਲਿਆ। ਇਸ ਇਕ ਕਰੋੜ ਰੁਪਏ ਦੇ ਖਰਚੇ ਸਬੰਧੀ ਪਿਛਲੇ ਸਾਲ ਮੈਂ ਅਸੈਂਬਲੀ ਵਿਚ ਸਵਾਲ ਕਰਕੇ ਉਨ੍ਹਾਂ ਤੋਂ ਪੁਛਿਆ ਸੀ। ਉਨ੍ਹਾਂ ਨੇ ਜਿਹੜਾ ਵੇਰਵਾ ਦਿੱਤਾ ਸੀ, ਉਸ ਮੁਤਾਬਿਕ 22 ਲੱਖ ਰੁਪਏ ਦੇ ਕਰੀਬ ਖਰਚਾ ਮਿਊਂਸਪਲ ਕਮਿਸ਼ਨਰ ਦੇ ਰੈਜ਼ੀਡੈਂਸ ਉਤੇ ਕਰ ਦਿੱਤਾ, ਉਸ ਦੇ ਦਫਤਰ ਉਤੇ ਕਰ ਦਿੱਤਾ। ਬਾਕੀ ਖਰਚਾ ਇਸੇ ਤਰ੍ਹਾਂ ਹੀ ਕਿਸੇ ਸੜਕ ਤੇ ਕਰ ਦਿੱਤਾ ਅਤੇ ਕਿਸੇ ਹੋਰ ਕੰਮ ਤੇ ਕਰ ਦਿੱਤਾ। ਕਿਸੇ ਨੇਕ ਕੰਮ ਵਾਸਤੇ ਇਨ੍ਹਾਂ ਨੇ ਖਰਚਾ ਨਹੀਂ ਕੀਤਾ। ਇਸ ਦੇ ਉਲਟ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਹਰਿਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਰ ਦੇ ਪਵਿੱਤਰ ਸਰੋਵਰਾਂ ਵਿਚ ਸਾਫ ਸੁਥਰਾ ਪਾਣੀ ਮੁਹਈਆ ਕਰਨ ਲਈ 41 ਲੱਖ ਰੁਪਿਆ ਦਿੱਤਾ। ਅਕਾਲੀਆਂ ਨੇ ਕਦੀ ਇਹੋ ਜਿਹੀ ਗੱਲ ਨਹੀਂ ਸੋਚੀ। ਮੇਰੇ ਮਨ ਉਤੇ ਇਸ ਚੀਜ਼ ਦਾ ਬੜਾ ਬੋਝ ਹੈ ਕਿ 1977 ਵਿਚ ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਸੀ ਤਾਂ ਨਿਰੰਕਾਰੀਆਂ ਨੇ ਸਰਕਾਰ ਕੋਲੋਂ ਇਜਾਜ਼ਤ ਲੈ ਕੇ ਵਿਸਾਖੀ ਦਾ ਜਲੂਸ ਕਢਿਆ ਅਤੇ ਜਲਸੇ ਦਾ ਪ੍ਰਬੰਧ ਕੀਤਾ। ਜਲਸਾ ਪੁਰ-ਅਮਨ ਨਿਕਲ ਗਿਆ ਅਤੇ ਜਲਸਾ ਵੀ ਸ਼ਾਂਤੀ ਨਾਲ ਚਲ ਰਿਹਾ ਸੀ। ਉਸ ਵੇਲੇ ਮੰਜੀ ਸਾਹਿਬ ਵਿਖੇ ਅਕਾਲੀਆਂ ਦਾ ਦੀਵਾਨ ਸੱਜਿਆ। ਉਸ ਵੇਲੇ ਭਿੰਡਰਾਂਵਾਲੇ ਸੰਤਾਂ ਨੇ ਇਕ ਵੱਡੇ ਅਕਾਲੀ ਵਜ਼ੀਰ ਦੀ ਮੌਜੂਦਗੀ ਵਿਚ ਇਸ ਗੱਲ ਦਾ ਰੋਸ ਪ੍ਰਗਟ ਕੀਤਾ ਕਿ ਵਿਸਾਖੀ ਦੇ ਦਿਨ ਸਰਕਾਰ ਨੇ ਨਿਰੰਕਾਰੀਆਂ ਨੂੰ ਜਲੂਸ ਕੱਢਣ ਅਤੇ ਜਲਸਾ ਕਰਨਾ ਦੀ ਇਜਾਜ਼ਤ ਕਿਉਂ ਦਿੱਤੀ। ਉਸ ਵੇਲੇ ਅਕਾਲੀ ਵਜ਼ੀਰ ਨੇ ਕਿਹਾ ਕਿ ਸੰਵਿਧਾਨ ਦੇ ਮੁਤਾਬਿਕ ਹਰ ਸ਼ਖਸ ਨੂੰ ਆਪੋ ਆਪਣੇ ਧਰਮ ਦੇ ਮੁਤਾਬਿਕ ਰਹੁ ਰੀਤਾਂ ਕਰਨ ਦਾ ਹੱਕ ਹੈ, ਨਿਰੰਕਾਰੀਆਂ ਨੇ ਸਰਕਾਰ ਪਾਸੋਂ ਇਜਾਜ਼ਤ ਲੈ ਕੇ ਇਹ ਕੰਮ ਕੀਤਾ ਹੈ ਜਿਸ ਕਰਕੇ ਅਸੀਂ ਉਨ੍ਹਾਂ ਦੇ ਜਲਸੇ ਜਲੂਸ ਨੂੰ ਬੰਦ ਨਹੀਂ ਕਰ ਸਕਦੇ ਪਰ ਉਹ ਵਜ਼ੀਰ ਸੰਗਤਾਂ ਦੀ ਤਸੱਲੀ ਨਾ ਕਰਵਾ ਸਕੇ। ਨਿਰੰਕਾਰੀਆਂ ਦਾ ਜਲਸਾ 4-5 ਕਿਲੋਮੀਟਰ ਦੀ ਦੂਰੀ ਤੇ ਹੋ ਰਿਹਾ ਸੀ। ਸੰਗਤਾਂ ਉਸ ਨੂੰ ਬੰਦ ਕਰਵਾਉਣ ਲਈ ਅਕਾਲੀ ਵਜ਼ੀਰ ਦੀ ਮੌਜੂਦਗੀ ਵਿਚ ਹੀ ਚਲ ਪਈਆਂ। ਜਦ ਉਹ ਉਥੇ ਪਹੁੰਚੇ ਤਾਂ ਝਗੜਾ ਹੋ ਗਿਆ। ਸਰਕਾਰ ਦੇ ਰਿਕਾਰਡ ਦੇ ਮੁਤਾਬਿਕ 19 ਬੰਦੇ ਕਤਲ ਹੋ ਗਏ। ਉਸ ਪਵਿੱਤਰ ਸ਼ਹਿਰ ਵਿਚ ਖੂਨ ਦੀਆਂ ਨਦੀਆਂ ਬਹਿ ਗਈਆਂ ਉਹ ਸ਼ਹਿਰ ਅਪਵਿੱਤਰ ਹੋ ਗਿਆ। ਪਰ ਕਤਲ ਹੋਏ 19 ਬੰਦਿਆਂ ਦੀ ਥਾਂ ਕੇਵਲ 14 ਬੰਦਿਆਂ ਦੇ ਕਤਲ ਦਾ ਹੀ ਚਲਾਨ ਪੇਸ਼ ਹੋਇਆ। ਉਸ ਕਾਂਡ ਦੀ ਤਫਤੀਸ਼ ਵਾਸਤੇ ਤੁਹਾਨੂੰ ਪਤਾ ਹੀ ਹੈ ਕਿ ਕੀ ਕੀਤਾ ਗਿਆ। ਇਸ ਖੂਨੀ ਕਾਂਡ ਨਾਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ]

ਉਹ ਸ਼ਹਿਰ ਅਪਵਿੱਤਰ ਹੋ ਗਿਆ ਜਿਸ ਨੂੰ ਕਿ ਇਹ ਤਮਾਕੂ ਬੰਦ ਕਰਕੇ ਪਵਿੱਤਰ ਕਰਨਾ ਚਾਹੁੰਦੇ ਹਨ। ਅੰਮ੍ਰਿਤਸਰ ਸ਼ਹਿਰ ਗੁਰੂ ਰਾਮ ਦਾਸ ਜੀ ਦਾ ਵਸਾਇਆ ਹੋਇਆ ਹੈ। ਉਸ ਵਕਤ ਮੁਗਲਾਂ ਦਾ ਰਾਜ ਸੀ। ਉਸ ਪਿਛੋਂ ਕੁਝ ਸਮੇਂ ਲਈ 12 ਸਿੱਖ ਮਿਸਲਾਂ ਦਾ ਰਾਜ ਵੀ ਆਇਆ। ਉਨ੍ਹਾਂ 12 ਸਿੱਖ ਮਿਸਲਾਂ ਦਾ ਹੈਡ ਕੁਆਟਰ ਅੰਮ੍ਰਿਤਸਰ ਹੀ ਸੀ। ਲੜਾਈਆਂ ਕਰਨ ਤੋਂ ਬਾਦ ਜਦੋਂ ਉਹ ਅੰਮ੍ਰਿਤਸਰ ਸ਼ਹਿਰ ਦੀ ਹੱਦ ਵਿਚ ਆ ਜਾਂਦੇ ਸਨ ਤਾਂ ਹਥਿਆਰ ਬਾਹਰ ਹੀ ਰੱਖ ਆਉਂਦੇ ਸਨ ਅਤੇ ਫਿਰ ਆਪੋ ਆਪਣੇ ਕਟੜਿਆਂ ਵਿਚ ਰਹਿੰਦੇ ਸਨ। ਅੰਮ੍ਰਿਤਸਰ ਸ਼ਹਿਰ ਦੀ ਪਵਿੱਤਰਤਾ ਨੂੰ ਮੁੱਖ ਰਖ ਕੇ ਹਥਿਆਰਾਂ ਨੂੰ ਉਹ ਸ਼ਹਿਰ ਤੋਂ ਬਾਹਰ ਹੀ ਰੱਖ ਆਉਂਦੇ ਸਨ। ਉਨ੍ਹਾਂ ਜ਼ਮਾਨਿਆਂ ਵਿਚ ਵੀ ਸਿਗਰਟ, ਬੀੜੀ, ਤਮਾਕੂ ਨੂੰ ਬੰਦ ਕਰਨ ਦਾ ਨਾਹਰਾ ਨਹੀਂ ਲਗਾਇਆ ਗਿਆ ਅਤੇ ਨਾ ਹੀ ਜ਼ਬਰਦਸਤੀ ਬੰਦ ਕਰਨ ਵਾਸਤੇ ਕਿਸੇ ਨੂੰ ਕਿਹਾ ਗਿਆ। ਫਿਰ 12 ਸਿੱਖ ਮਿਸਲਾਂ ਤੋਂ ਬਾਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ। ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਦੀ ਡਿਵੈਲਪ-ਮੈਂਟ ਵਾਸਤੇ ਬਹੁਤ ਕੁਝ ਕੀਤਾ। ਹਰਮਿੰਦਰ ਸਾਹਿਬ ਦੀ ਸੇਵਾ ਕੀਤੀ, ਰਾਮ ਬਾਗ ਬਣਵਾਇਆ। ਪਰ ਇਹ ਗੱਲ ਮਹਾਰਾਜਾ ਰਣਜੀਤ ਸਿੰਘ ਨੇ ਵੀ ਨਹੀਂ ਕੀਤੀ ਕਿ ਉਸ ਸ਼ਹਿਰ ਵਿਚ ਸਿਗਰਟ, ਬੀੜੀ, ਤਮਾਕੂ ਤੇ ਪਾਬੰਦੀ ਲਾ ਦਿੱਤੀ ਜਾਵੇ। 1967 ਵਿਚ ਵੀ ਅਕਾਲੀਆਂ ਦਾ ਆਪਣਾ ਰਾਜ ਆਇਆ। ਉਸ ਵੇਲੇ ਇਹ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਨਹੀਂ ਦੇ ਸਕੇ, 1969 ਵਿਚ ਵੀ ਇਹ ਕੰਮ ਨਹੀਂ ਕਰ ਸਕੇ। 1977 ਤੋਂ 1980 ਤੱਕ ਫਿਰ ਇਨ੍ਹਾਂ ਦਾ ਆਪਣਾ ਰਾਜ ਰਿਹਾ। ਇਸ ਸਮੇਂ ਦੌਰਾਨ ਵੀ ਇਹ ਅਕਾਲੀ ਇਹ ਕੰਮ ਨਹੀਂ ਕਰ ਸਕੇ। ਹੁਣ ਹੀ ਇਨ੍ਹਾਂ ਨੂੰ ਇਸ ਗੱਲ ਦਾ ਖਿਆਲ ਆਇਆ ਹੈ। ਮੈਂ ਸਰਦਾਰ ਜਗਦੇਵ ਸਿੰਘ ਜੱਸੋਵਾਲ ਦੀ ਪੁਰਜ਼ੋਰ ਲਫਜ਼ਾਂ ਵਿਚ ਤਾਈਦ ਕਰਦਾ ਹਾਂ ਜਿਨ੍ਹਾਂ ਨੇ ਕਿਹਾ ਹੈ ਕਿ ਅਕਾਲੀ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਨਹੀਂ, ਅਪਵਿੱਤਰ ਕਰ ਰਹੇ ਹਨ। ਜਿਸ ਤਰ੍ਹਾਂ ਮੈਂ ਪਹਿਲਾਂ ਬੇਨਤੀ ਕੀਤੀ ਹੈ, 12 ਸਿਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੀ ਵੀ ਲੋਕਾਂ ਦੇ ਖਾਣ ਪੀਣ ਅਤੇ ਧਰਮ ਵਿਚ ਦਖਲ-ਅੰਦਾਜ਼ੀ ਨਹੀਂ ਕੀਤੀ ਗਈ। ਅਕਾਲੀ ਰਾਜਨੀਤੀ ਦੀ ਟਰੈਜਿਡੀ ਇਹ ਹੈ ਕਿ ਅਕਾਲੀ ਨੇਤਾ ਧਾਰਮਿਕ ਆਗੂਆਂ ਦੇ ਅੱਗੇ ਕਠਪੁਤਲੀਆਂ ਹਨ। ਇਹ ਆਗੂ ਜਦੋਂ ਕਿਤੇ ਬਾਹਰ ਨਿਕਲਦੇ ਹਨ ਤਾਂ ਉਨ੍ਹਾਂ ਦੇ ਨਾਲ 20-20 ਮਸੱਲ੍ਹਾ ਸਿੱਖ ਹੁੰਦੇ ਹਨ।

ਇਥੇ ਹੀ ਬਸ ਨਹੀਂ ਸਾਡੇ ਸਿੱਖ ਧਰਮ ਵਿੱਚ, ਚੇਅਰਮੈਨ ਸਾਹਿਬ, ਸੰਗਤ ਔਰ ਪੰਗਤ ਦੀ ਦੀ ਬਹੁਤ ਮਾਨਤਾ ਹੈ। ਪੰਗਤ ਬਾਰੇ ਮੈਂ ਆਪ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਕਬਰ ਬਾਦਸ਼ਾਹ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਸੀ, ਉਨ੍ਹਾਂ ਨੂੰ ਮਿਲਣ ਵਾਸਤੇ ਜਦੋਂ ਆਏ ਸੀ ਤਾਂ ਜਦੋਂ ਉਨ੍ਹਾਂ ਨੇ ਗੁਰੂ ਜੀ ਪਾਸੋਂ ਮਿਲਣ ਵਾਸਤੇ ਵਕਤ ਮੰਗਿਆ ਤਾਂ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਨ੍ਹਾਂ ਨੇ ਇਕ ਪ੍ਰੰਪਰਾ ਬਣਾਈ ਹੋਈ ਹੈ ਕਿ ਜਿਹੜਾ ਵੀ ਮੈਨੂੰ ਮਿਲਣਾ ਚਾਹੁੰਦਾ ਹੈ ਪਹਿਲਾਂ ਉਹ ਪੰਗਤ ਵਿੱਚ ਬੈਠ ਕੇ ਪ੍ਰਸ਼ਾਦ ਛੱਕ ਕੇ ਆਵੇ, ਫਿਰ ਉਹ ਮੈਨੂੰ ਮਿਲ ਸਕਦਾ ਹੈ। ਅਕਬਰ ਬਾਦਸ਼ਾਹ ਨੇ ਕਿਹਾ ਕਿ ਮੈਂ ਹਿੰਦੁਸਤਾਨ ਦਾ ਸ਼ਹਿਨਸ਼ਾਹ ਹਾਂ ਮੈਨੂੰ ਪ੍ਰਸ਼ਾਦ ਛੱਕਣ ਦੀ ਲੋੜ ਨਹੀਂ। ਮੈਂ ਤਾਂ ਸਿਰਫ ਉਨ੍ਹਾਂ ਦੇ ਦਰਸ਼ਨ ਕਰਨ ਆਇਆ ਹਾਂ, ਉਨ੍ਹਾਂ ਨਾਲ ਕੁਝ ਵਿਚਾਰ ਸਾਂਝੇ ਕਰਨ ਆਇਆ ਹਾਂ। ਗੁਰੂ ਸਾਹਿਬ ਨੇ ਕਿਹਾ ਕਿ ਮੇਰੇ ਵਾਸਤੇ ਕੋਈ ਸ਼ਹਿਨਸ਼ਾਹ ਨਹੀਂ, ਕੋਈ ਅਮੀਰ ਗਰੀਬ ਨਹੀਂ, ਮੇਰੇ ਵਾਸਤੇ ਸਾਰੇ ਇਕੋ ਜਿਹੇ ਹਨ। ਪਹਿਲਾਂ ਸੰਗਤ ਵਿੱਚ, ਪੰਗਤ ਵਿੱਚ ਬੈਠ ਕੇ ਲੰਗਰ ਛੱਕ ਕੇ ਆਉਣ ਫਿਰ ਮੈਨੂੰ ਜਦੋਂ ਮਰਜ਼ੀ ਆ ਕੇ ਮਿਲ ਲੈਣ। ਅਕਬਰ ਬਾਦਸ਼ਾਹ ਨੂੰ ਉਥੇ ਬੈਠ ਕੇ ਲੰਗਰ ਛੱਕਣਾ ਪਿਆ। ਚੇਅਰਮੈਨ ਸਾਹਿਬ, ਇਹ

Original with;
Punjab Vidhan Sabha
Digitized by;
Panjab Digital Library

ਅੱਜ ਗੁਰੂ ਦੇ ਲੰਗਰ ਵਿੱਚ ਵੀ ਫਰਕ ਕਰਨ ਲਗ ਪਏ ਹਨ। ਦੋ ਕਿਸਮ ਦਾ ਲੰਗਰ ਬਣਦਾ ਹੈ। ਇਕ ਆਮ ਸੰਗਤ ਲਈ ਅਤੇ ਇਕ ਵੀ.ਆਈ.ਪੀਜ਼. ਲਈ। ਚੇਅਰਮੈਨ ਸਾਹਿਬ, ਇਨ੍ਹਾਂ ਗੱਲਾਂ ਨੂੰ ਡੂੰਘੇ ਤੌਰ ਤੇ ਵਿਚਾਰਨਾ ਚਾਹੀਦਾ ਹੈ। ਅੰਮ੍ਰਿਤਸਰ ਸ਼ਹਿਰ ਵਿੱਚ ਹਰਿਮੰਦਰ ਸਾਹਿਬ, ਜਿਸ ਦੀ ਬਹੁਤ ਮਹਾਨਤਾ ਹੈ, ਉਸ ਵਿੱਚ ਇਹ ਸਿੱਖ ਜਿਸ ਦੇ ਸੰਗਤ ਅਤੇ ਪੰਗਤ ਵਿੱਚ ਬੈਠ ਕੇ ਛਕਣ ਅਤੇ ਵੰਡ ਛਕਣ ਦੇ ਅਸੂਲ ਹਨ ਉਥੇ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਤਾਂ ਇਹ ਕਿੱਥੋਂ ਤਕ ਠੀਕ ਹੈ; ਔਰ ਫਿਰ ਮੋਰਚੇ ਦਾ ਨਾਮ ਇਹ ਧਰਮ ਯੁੱਧ ਰੱਖ ਦੇਣ ਤਾਂ ਇਹ ਕਿਥੋਂ ਤਕ ਠੀਕ ਹੈ। ਇਹ ਤੁਸੀਂ ਆਪ ਚੰਗੀ ਤਰ੍ਹਾਂ ਸਮਝਦੇ ਹੋ ਔਰ ਮੇਰੇ ਆਸੇ ਪਾਸੇ ਬੈਠੇ ਸਜਣ ਭਾਵੇਂ ਇਨ੍ਹਾਂ ਵਿਚੋਂ ਬਹੁਤ ਸਾਰੇ ਧਰਮ ਦੇ ਵਿੱਚ ਯਕੀਨ ਨਹੀਂ ਰਖਦੇ ਪਰ ਉਨ੍ਹਾਂ ਦੇ ਬਹੁਤ ਨੇੜੇ ਹਨ, ਇਨ੍ਹਾਂ ਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਇਹ ਕਿਥੋਂ ਤਕ ਠੀਕ ਹੈ।

ਚੇਅਰਮੈਨ ਸਾਹਿਬ, ਦਿੱਲੀ ਵਿੱਚ ਜਦੋਂ ਏਸ਼ੀਅਨ ਗੇਮਜ਼ ਸ਼ੁਰੂ ਹੋਈਆਂ ਤਾਂ ਇਨ੍ਹਾਂ ਨੇ ਉਥੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਪਹਿਲਾਂ ਮੋਰਚਾ ਅੰਮ੍ਰਿਤਸਰ ਵਿੱਚ ਲਗਿਆ ਹੋਇਆ ਸੀ ਅਤੇ ਫਿਰ ਇਹ ਇਸ ਮੋਰਚੇ ਨੂੰ ਦਿੱਲੀ ਲੈ ਗਏ ਅਤੇ ਕਹਿਣ ਲਗੇ ਕਿ ਖੇਡਾਂ ਨਹੀਂ ਹੋਣ ਦੇਣੀਆਂ, ਅਸੀਂ ਵਿਖਾਵਾ ਕਰਨਾ ਹੈ। ਮੋਰਚਾ ਔਰ ਖੇਡਾਂ ਦਾ ਆਪਸ ਵਿੱਚ ਕੋਈ ਸਬੰਧ ਨਹੀਂ ਹੈ। ਅੰਗਰੇਜ਼ੀ ਵਿੱਚ ਇਹ ਕਿਹਾ ਜਾਂਦਾ ਹੈ ਕਿ ਫਲਾਣੇ ਬੰਦੇ ਨੇ ਬੜੀ ਸਪੋਰਟਸਮੈਨਸ਼ਿਪ ਦਿਖਾਈ ਹੈ। ਹਾਰਿਆ ਹੋਇਆ ਜਿਤੇ ਨੂੰ ਵਧਾਈ ਦਿੰਦਾ ਹੈ। ਪਰ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਸਪੋਰਟਸ ਵਿੱਚ, ਖੇਡਾਂ ਵਿੱਚ ਵੀ ਖਰਾਬੀ ਕਰਨ ਦੀ ਕੋਸ਼ਿਸ਼ ਕੀਤੀ। ਇਹ ਆਪਣੇ ਮੋਰਚੇ ਨੂੰ ਦਿੱਲੀ ਵਿੱਚ ਉਸ ਮੌਕੇ ਤੇ ਲੈ ਗਏ ਜਦੋਂ ਸਾਰੇ ਏਸ਼ੀਆ ਦੇ ਮੁਲਕ ਦਿੱਲੀ ਵਿੱਚ ਆਏ ਹੋਏ ਸਨ। ਇਹ ਉਨ੍ਹਾਂ ਵਾਸਤੇ ਠੀਕ ਨਹੀਂ ਸੀ ਔਰ ਖਾਸ ਤੌਰ ਤੇ ਸਿੱਖਾਂ ਵਾਸਤੇ ਕਿਸੇ ਤਰ੍ਹਾਂ ਵੀ ਇਹ ਲਾਭਦਾਇਕ ਨਹੀਂ ਸੀ, ਸਗੋਂ ਹਾਨੀਕਾਰਕ ਸੀ ਔਰ ਇਹ ਹਾਨੀਕਾਰਕ ਸਾਬਤ ਹੋਇਆ। ਆਮ ਸਿੱਖ ਜਿਹੜੇ ਅਕਾਲੀ ਨਹੀਂ ਸੀ ਉਨ੍ਹਾਂ ਨੂੰ ਵੀ ਉਥੇ ਜਾਣ ਲਈ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਕਈਆਂ ਨੂੰ ਕਈ ਕਿਸਮ ਦੀ ਪ੍ਰੇਸ਼ਾਨੀ ਉਠਾਉਣੀ ਪਈ। ਲੋਕਾਂ ਵਿੱਚ ਇਸ ਚੀਜ਼ ਦਾ ਬੜਾ ਚਰਚਾ ਹੋਇਆ ਔਰ ਇਹ ਹੁਣ ਇਹੀ ਪ੍ਰਚਾਰ ਕਰਦੇ ਹਨ ਕਿ ਚੰਗਾ ਹੁੰਦਾ ਜੋ ਧਰਮ ਯੁੱਧ ਚਲ ਰਿਹਾ ਸੀ ਉਥੇ ਹੀ ਚਲਦਾ ਜਾਂਦਾ, ਖੇਡਾਂ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਸੀ, ਇਸ ਨੂੰ ਉਥੇ ਨਾ ਲਿਜਾਂਦੇ।

ਚੇਅਰਮੈਨ ਸਾਹਿਬ, ਕੱਲ ਦੀ ਅਖ਼ਬਾਰ ਵਿੱਚ ਆਇਆ ਹੈ ਕਿ ਪਾਲਕਾ ਬਜ਼ਾਰ ਵਿੱਚ 2 ਬੰਬ ਸੁਟੇ ਗਏ। ਇਕ ਪਾਸੇ ਤਾਂ ਸਾਡੀ ਮਹਾਨ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਜੀ ਨੂੰ 101 ਮੁਲਕਾਂ ਨੇ ਮੁਤਫਿਕਾ ਤੌਰ ਤੇ ਨਾਨ-ਅਲਾਈਨਮੈਂਟ ਕਾਨਫਰੰਸ ਵਿੱਚ ਆਪਣਾ ਪ੍ਰਧਾਨ ਚੁਣਿਆ ਔਰ ਦੂਸਰੀ ਤਰਫ਼ ਸਿੱਖ ਹੁੰਦੇ ਹੋਏ ਇਸ ਤਰ੍ਹਾਂ ਦੀਆਂ ਗਲਾਂ ਕਰੀਏ ਜਿਨ੍ਹਾਂ ਦੇ ਗੁਰੂ ਸਾਹਿਬਾਨ ਨੂੰ, ਜਿਨ੍ਹਾਂ ਦੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ, ਜਿਨ੍ਹਾਂ ਨੇ ਹਿੰਦੂ ਧਰਮ ਲਈ ਆਪਣੀ ਕੁਰਬਾਨੀ ਦਿੱਤੀ ਔਰ ਦਿੱਲੀ ਦੇ ਵਿੱਚ ਆਪਣਾ ਸੀਸ ਦਿੱਤਾ ਔਰ ਹਿੰਦ ਨੂੰ ਬਚਾਇਆ ਔਰ ਉਸੇ ਦਿਲੀ ਦੇ ਵਿੱਚ ਵਸਣ ਵਾਲੇ ਲੋਕਾਂ ਦੇ ਉਤੇ ਬੰਬ ਇਸ ਤਰ੍ਹਾਂ ਸੁਟੇ ਜਾਣ ਤਾਂ ਇਹ ਕੋਈ ਬਹੁਤੀ ਚੰਗੀ ਗਲ ਨਹੀਂ ਹੈ।

ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਦੀਆਂ ਅਕਲ ਦੀਆਂ ਗਲਾਂ ਦੱਸਦਾ ਹਾਂ। ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਇਨ੍ਹਾਂ ਦੀਆਂ ਧਾਰਮਿਕ ਮੰਗਾਂ ਯਕਤਰਫ਼ਾ ਤੌਰ ਤੇ ਗੁਰਦੁਆਰਾ ਬੰਗਲਾ ਸਾਹਿਬ ਜਾ ਕੇ ਮੰਨ ਲਈਆਂ ਔਰ ਬਜਾਏ ਇਸ ਗਲ ਦੇ ਕਿ ਇਹ ਉਨ੍ਹਾਂ ਦੇ ਸ਼ੁਕਰਗੁਜ਼ਾਰ ਹੁੰਦੇ, ਇਨ੍ਹਾਂ ਦੇ ਪ੍ਰਧਾਨ ਨੇ ਇਹ ਕਿਹਾ ਕਿ ਇਹ ਸਿੱਖਾਂ ਨਾਲ ਬਹੁਤ ਵਡਾ ਫਰਾਡ ਕੀਤਾ ਗਿਆ ਹੈ। ਮਗਾਂ ਉਹੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ]

ਸਨ ਜਿਨ੍ਹਾਂ ਵਾਸਤੇ ਇਹ ਬਹੁਤ ਜ਼ੋਰ ਲਾਉਂਦੇ ਰਹੇ ਔਰ ਜਦੋਂ ਉਹ ਮੰਨੀਆਂ ਗਈਆਂ ਤਾਂ ਫਿਰ ਇਸ ਤਰ੍ਹਾਂ ਦੀਆਂ ਗਲਾਂ ਕਹਿੰਦੇ ਹਨ। ਅੱਜ ਦੇ ਅਖ਼ਬਾਰ ਵਿੱਚ ਆਇਆ ਹੈ ਕਿ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਨੇ ਸ਼੍ਰੀਮਤੀ ਇੰਦਰਾ ਗਾਂਧੀ ਜੀ ਵੱਲੋਂ ਸਿੱਖਾਂ ਦੀਆਂ ਧਾਰਮਕ ਮੰਗਾਂ ਮੰਨਣ ਦਾ ਸਵਾਗਤ ਕੀਤਾ ਹੈ ਔਰ ਉਨ੍ਹਾਂ ਦੀ ਬੜੀ ਪ੍ਰਸ਼ੰਸਾ ਕੀਤੀ ਹੈ। ਇਹ ਮੁਤਜ਼ਾਦ ਗਲਾਂ ਕਿਉਂ ਹਨ ? ਇਸ ਦੇ ਪਿੱਛੇ ਵੀ ਕੋਈ ਰਾਜ਼ ਹੈ। ਖਾਹਮਖਾਹ ਝਗੜਾ ਵਧਾਉਣ ਵਾਸਤੇ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹਨ। ਇਹ ਕਿਹਾ ਜਾਂਦਾ ਹੈ ਕਿ ਅੰਮ੍ਰਿਤਸਰ ਵਿੱਚ ਰਹਿਣ ਵਾਲੇ ਹਿੰਦੂ ਸਿੱਖਾਂ ਦਾ ਆਪਸ ਵਿੱਚ ਬੜਾ ਤਨਾਓ ਹੈ, ਇਹ ਗਲ ਠੀਕ ਨਹੀਂ ਹੈ। ਕੁਝ ਲੋਕੀਂ ਗੁੰਮਰਾਹ ਕਰਨ ਵਾਲੇ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹਨ ਅਤੇ ਉਨ੍ਹਾਂ ਲੋਕਾਂ ਦੇ ਅਸਰ ਥਲੇ ਆ ਕੇ ਜਿਹੜਾ ਬੰਦਾ ਉਨ੍ਹਾਂ ਦੇ ਸਾਹਮਣੇ ਕੋਈ ਆ ਜਾਵੇ ਉਸ ਨੂੰ ਗੋਲੀ ਮਾਰ ਕੇ ਭੱਜ ਕੇ ਗੁਰਦੁਆਰੇ ਜਾ ਵੜਦੇ ਹਨ। ਚੇਅਰਮੈਨ ਸਾਹਿਬ, ਉਨ੍ਹਾਂ ਨੇ ਸਿਰਫ ਹਿੰਦੂ ਨਹੀਂ ਮਾਰੇ, ਸਿੱਖ ਵੀ ਮਾਰੇ ਹਨ, ਉਨ੍ਹਾਂ ਨੇ ਨਿਰੰਕਾਰੀ ਵੀ ਮਾਰੇ ਹਨ, ਪੁਲਿਸ ਅਫ਼ਸਰ ਵੀ ਮਾਰੇ ਹਨ। ਜਿਸ ਤਰ੍ਹਾਂ ਕੋਈ ਹਲਕਿਆ ਹੁੰਦਾ ਹੈ ਔਰ ਉਸ ਹਲਕੇ ਦੇ ਸਾਹਮਣੇ ਕੋਈ ਆ ਜਾਵੇ ਤਾਂ ਉਸ ਨੂੰ ਉਹ ਵੱਢਦਾ ਜਾਂਦਾ ਹੈ। ਇਸੇ ਤਰ੍ਹਾਂ ਹੀ ਕੁਝ ਹਲਕੇ ਹੋਏ ਇਨਸਾਨ ਹਨ ਜਿਨ੍ਹਾਂ ਦੇ ਸਾਹਮਣੇ ਜਿਹੜਾ ਵੀ ਆਵੇ ਉਸ ਨੂੰ ਗੋਲੀ ਮਾਰ ਦਿੰਦੇ ਹਨ। ਉਨ੍ਹਾਂ ਨੇ ਸਿੱਖਾਂ ਤੇ ਵੀ ਗੋਲੀਆਂ ਚਲਾਈਆਂ ਹਨ। ਇਕ ਸਿਖ ਡੀ.ਐਸ.ਪੀ. ਨੂੰ ਕਿਰਪਾਨਾਂ ਵੀ ਮਾਰੀਆਂ ਗਈਆਂ। ਇਹ ਹਲਕੇ ਹੋਏ ਬੰਦਿਆਂ ਦਾ ਕੰਮ ਹੈ ਪਰ ਜਿਥੋਂ ਤਕ ਲੋਕਾਂ ਦਾ ਤੁਅੱਲਕ ਹੈ ਲੋਕਾਂ ਵਿੱਚ ਇਸ ਦਾ ਕੋਈ ਬਹੁਤਾ ਅਸਰ ਨਹੀਂ। ਅੰਮ੍ਰਿਤਸਰ ਸ਼ਹਿਰ ਅਮਨ ਨਾਲ ਵਸ ਰਿਹਾ ਹੈ ਔਰ ਪੰਜਾਬ ਸਰਕਾਰ ਸਰਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ ਇਸ ਮਸਲੇ ਨੂੰ ਨਜਿੱਠਣ ਲਈ ਕਾਫੀ ਸਰਗਰਮ ਹੈ ਔਰ ਕਾਫੀ ਮਜ਼ਬੂਤ ਹੈ। ਉਹ ਕੋਸ਼ਿਸ਼ ਕਰ ਰਹੇ ਹਨ ਕਿ ਇਕ ਟੇਬਲ ਤੇ ਬੈਠ ਕੇ ਗਲਬਾਤ ਕਰਕੇ ਮਾਮਲਾ ਨਿਪਟਾਇਆ ਜਾਵੇ ਤਾਂਕਿ ਕੋਈ ਖਰਾਬੀ ਨਾ ਹੋਵੇ। ਫਿਰ ਵੀ ਜੇ ਕੋਈ ਹਰਕਤ ਕਰਦਾ ਹੈ ਤਾਂ ਮੈਂ ਆਸ ਕਰਦਾ ਹਾਂ ਕਿ ਪੰਜਾਬ ਸਰਕਾਰ ਉਸ ਨੂੰ ਮਜ਼ਬੂਤ ਹੱਥਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕਰੇਗੀ।

ਚੇਅਰਮੈਨ ਸਾਹਿਬ, ਇਨ੍ਹਾਂ ਦੀਆਂ ਜਿਹੜੀਆਂ ਪੋਲੀਟੀਕਲ ਮੰਗਾਂ ਹਨ ਉਨ੍ਹਾਂ ਦੇ ਨਾਲ ਹਰ ਪੰਜਾਬੀ ਸਹਿਮਤ ਹੈ। ਇਹ ਖਾਹਮਖਾਹ ਇਸ ਤਰ੍ਹਾਂ ਕਰਕੇ ਉਨ੍ਹਾਂ ਨੂੰ ਕਮਜ਼ੋਰ ਕਰ ਰਹੇ ਹਨ। ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਇਹੋ ਜਿਹੀਆਂ ਗੱਲਾਂ ਕਰਕੇ ਜਿਸ ਤਰ੍ਹਾਂ ਇਨ੍ਹਾਂ ਨੇ ਪਹਿਲਾਂ ਪੰਜਾਬ ਨੂੰ ਛੋਟਾ ਬਣਾ ਲਿਆ ਸੀ ਤੇ ਫਿਰ ਚੰਡੀਗੜ੍ਹ ਦੇ ਇਸ਼ੂ ਤੇ ਅਗਨ ਕੁੰਡ ਬਣਾ ਕੇ ਸੜਨ ਮਰਨ ਦੀ ਅਰਦਾਸ ਕਰ ਦਿਤੀ ਤੇ ਫੈਸਲਾ ਕਰ ਲਿਆ ਕਿ ਜੇ, ਚੰਡੀਗੜ੍ਹ ਨਾ ਦਿੱਤਾ ਗਿਆ ਤੇ ਸੰਤਾਂ ਸਮੇਤ ਪੰਜ ਸਿਘ ਇਹਨਾਂ ਅਗਨ ਕੁੰਡਾਂ ਵਿਚ ਸੜ ਮਰਨਗੇ। ਉਸ ਵੇਲੇ ਅਕਾਲੀ ਦਲ ਦੀ ਸਰਕਾਰ ਸੀ। ਇਹ ਫੈਸਲਾ ਕਰ ਲਿਆ ਕਿ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਏਗਾ ਔਰ ਇਸ ਦੇ ਬਦਲੇ ਵਿਚ ਅਬੋਹਰ ਅਤੇ ਫਾਜ਼ਿਲਕਾ ਹਰਿਆਣਾ ਨੂੰ ਦੇ ਦਿੱਤੇ ਜਾਣਗੇ। ਇਹ ਚੀਜ਼ ਇਨ੍ਹਾਂ ਨੇ ਮਨ ਲਈ ਅਤੇ ਦੀਪਮਾਲਾ ਕੀਤੀ ਅਤੇ ਅਗਨ ਕੁੰਡ ਢਾਹ ਦਿਤੇ ਗਏ। ਹੁਣ ਅਸੀਂ ਮੰਗ ਕਰਦੇ ਹਾਂ ਕਿ ਚੰਡੀਗੜ੍ਹ ਪੰਜਾਬ ਦਾ ਹੈ, ਅਬੋਹਰ ਫਾਜ਼ਿਲਕਾ ਵੀ ਪੰਜਾਬ ਦੇ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬ ਦੇ ਨਾਲ ਹੋਰ ਲਗਦੇ ਜਿਹੜੇ ਪੰਜਾਬੀ ਬੋਲਦੇ ਇਲਾਕੇ ਹਨ, ਜਿਹੜੇ ਪੰਜਾਬ ਤੋਂ ਬਾਹਰ ਰਹਿ ਗਏ ਹਨ, ਉਹ ਪੰਜਾਬ ਨੂੰ ਮਿਲਣੇ ਚਾਹੀਦੇ ਹਨ। ਪਰ ਜਿਹੜਾ ਤਰੀਕਾਕਾਰ ਇਹ ਅਪਣਾ ਰਹੇ ਹਨ ਉਹ ਠੀਕ ਨਹੀਂ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਇਕ ਬਹੁਤ ਵੱਡੀ ਗੱਲ ਦੱਸਦਾ ਹਾਂ ਕਿ ਚੰਡੀਗੜ੍ਹ ਹਾਸਲ ਕਰਨ ਵਾਸਤੇ ਮੇਰੇ ਅਕਾਲੀ ਵੀਰਾਂ ਨੇ ਅਕਾਲ ਤਖਤ ਤੇ ਜਾ ਕੇ ਮਰਨ ਸੜਨ

Original with;
Punjab Vidhan Sabha
Digitized by;
Panjab Digital Library

ਦੀਆਂ ਕਈ ਵਾਰੀ ਅਰਦਾਸਾਂ ਕੀਤੀਆਂ ਅਤੇ ਵਰਤ ਰਖੇ ਪਰ ਕੋਈ ਸਿਰੇ ਨਾ ਚੜ੍ਹੇ। ਉਸ ਵਕਤ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਸੀ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਕਿਹਾ ਕਿ ਮੈਂ 15 ਅਗਸਤ ਨੂੰ ਅਕਾਲ ਤਖਤ ਤੇ ਅਰਦਾਸ ਕਰਕੇ ਮਰਨ ਵਰਤ ਰਖਾਂਗਾ ਕਿ ਚੰਡੀਗੜ੍ਹ ਪੰਜਾਬ ਨੂੰ ਦਿਤਾ ਜਾਏ ਨਹੀਂ ਤਾਂ ਮੈਂ ਅਰਦਾਸ ਦੀ ਮਹਾਨਤਾ ਰੱਖਣ ਲਈ ਆਪਣੀ ਜ਼ਿੰਦਗੀ ਵਾਰ ਦਿਆਂਗਾ। ਪਰ ਇਨ੍ਹਾਂ ਨੇ ਉਨ੍ਹਾਂ ਨੂੰ ਅਕਾਲ ਤਖਤ ਜਾਣ ਦੀ ਆਗਿਆ ਤਕ ਨਾ ਦਿਤੀ। ਉਸ ਨੂੰ 15 ਅਗਸਤ ਤੋਂ ਪਹਿਲਾਂ ਪਹਿਲਾਂ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੇ ਜੇਲ੍ਹ ਵਿਚ ਅਰਦਾਸ ਕਰਕੇ 74 ਦਿਨਾਂ ਦੀ ਭੁਖ ਹੜਤਾਲ ਰਖੀ ਅਤੇ 74 ਦਿਨਾਂ ਤੋਂ ਬਾਦ ਉਨ੍ਹਾਂ ਨੇ ਆਪਣਾ ਸਰੀਰ ਛੱਡ ਦਿਤਾ। ਜਿਸ ਵੇਲੇ ਉਨ੍ਹਾਂ ਦੀ ਮੌਤ ਹੋਈ ਉਹ ਅੰਮ੍ਰਿਤਸਰ ਹਸਪਤਾਲ ਵਿਚ ਸਨ। ਇਨ੍ਹਾਂ ਦੀ ਸਰਕਾਰ ਸੀ। ਉਨ੍ਹਾਂ ਦੀ ਲਾਸ਼ ਨੂੰ ਵਡੇ ਦਰਵਾਜ਼ੇ ਵਿਚ ਦੀ ਨਹੀਂ ਲਿਆਂਦਾ ਗਿਆ ਬਲਕਿ ਇਕ ਖਿੜਕੀ ਰਾਹੀ ਕੱਢ ਕੇ ਤੇ ਰਾਤ ਦੇ ਵਕਤ ਸੰਗੀਨਾਂ ਦੇ ਸਾਏ ਥਲੇ ਉਸ ਦੇ ਸ਼ਰੀਰ ਦਾ ਸੰਸਕਾਰ ਕਰ ਦਿਤਾ। ਜਿਹੜੀ ਗੱਲ ਇਹ ਮੰਗਦੇ ਸਨ ਉਹੀ ਉਹ ਮੰਗ ਰਿਹਾ ਸੀ। ਉਹ 20ਵੀਂ ਸਦੀ ਦਾ ਮਹਾਨ ਸਿੱਖ ਹੈ ਜਿਸ ਨੇ ਅਰਦਾਸ ਦੀ ਮਹਾਨਤਾ ਨੂੰ ਮੁੱਖ ਰਖਦਿਆਂ ਕੁਰਬਾਨੀ ਦਿਤੀ, ਪਰ ਇਨ੍ਹਾਂ ਨੇ ਉਸ ਨੂੰ ਅਜੇ ਤਕ ਓਨ ਨਹੀਂ ਕੀਤਾ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਇਨ੍ਹਾਂ ਨੇ ਹੋਰ ਵੀ ਕਈ ਚੀਜ਼ਾਂ ਅਰਦਾਸ ਵਿਚ ਸ਼ਾਮਲ ਕੀਤੀਆਂ ਹਨ ਪਰ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਨੂੰ ਕਿਉਂ ਨਹੀਂ ਉਸ ਵਿਚ ਸ਼ਾਮਲ ਕਰਦੇ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਨੀਅਤ ਹੀ ਖਰਾਬ ਹੈ। ਚੰਡੀਗੜ੍ਹ ਲੈਣਾ ਹੈ ਜਾਂ ਪਾਣੀ ਦਾ ਮਸਲਾ ਹੈ, ਇਹ ਸਾਰੇ ਬਹਾਨੇ ਕਰ ਰਹੇ ਹਨ ਔਰ ਦਿਖਾਵੇ ਲਈ ਅਸਤੀਫੇ ਦੇ ਰਹੇ ਹਨ। ਅਗਰ ਅਸੀਂ ਕੁਰਸੀਆਂ ਛੱਡ ਕੇ ਚਲੇ ਜਾਈਏ ਤਾਂ ਇਨ੍ਹਾਂ ਨੇ ਫੌਰਨ ਇਥੇ ਆ ਕੇ ਬੈਠ ਜਾਣਾ ਹੈ। ਝਗੜਾ ਇਹ ਸਿਰਫ ਕੁਰਸੀ ਲਈ ਕਰਦੇ ਹਨ। ਇਹ ਕੋਈ ਧਰਮ ਯੁੱਧ ਨਹੀਂ, ਕੋਈ ਇਨ੍ਹਾਂ ਦਾ ਅਸੂਲ ਨਹੀਂ।

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਵੀਰ ਇਥੇ ਹਾਊਸ ਵਿਚ ਨਹੀਂ ਆਉਂਦੇ ਉਹ ਲੱਖਾਂ ਲੋਕਾਂ ਦੁਆਰਾ ਚੁਣੇ ਹੋਏ ਹਨ। ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾਈਆਂ ਹਨ। ਉਹ ਆਪਣੇ ਫ਼ਰਜ਼ ਦੀ ਕੋਤਾਹੀ ਕਰ ਰਹੇ ਹਨ। ਇਹ ਵੋਟਾਂ ਦਾ ਜ਼ਮਾਨਾ ਹੈ, ਇਥੇ ਜਮਹੂਰੀਅਤ ਦਾ ਬੋਲ ਬਾਲਾ ਹੈ। ਜਿਸ ਨੂੰ ਵੋਟਾਂ ਜ਼ਿਆਦਾ ਮਿਲਣਗੀਆਂ ਉਹ ਲੋਕਾਂ ਦੀ ਸੇਵਾ ਕਰੇਗਾ। ਇਹ ਜਿਹੜੀ ਇਸ ਤਰ੍ਹਾਂ ਦਬਾਓ ਵਾਲੀ ਗੱਲ ਕਰਦੇ ਹਨ ਇਸ ਤਰ੍ਹਾਂ ਕੋਈ ਕਾਮਯਾਬੀ ਨਹੀਂ ਮਿਲਣੀ, ਇਸ ਦੇ ਸਿੱਟੇ ਮਾੜੇ ਨਿਕਲਣਗੇ।

ਚੇਅਰਮੈਨ ਸਾਹਿਬ, ਮੈਂ ਡਾਕਟਰ ਸਾਹਿਬ ਨੂੰ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਐਡਰੈਸ ਦੇ ਪੈਰਾ 30 ਵਿਚ ਸੇਲਜ਼ ਟੈਕਸ ਦੀ ਸੇਲਫ ਅਸੈਸਮੈਂਟ ਦੀ ਟਰਨ ਓਵਰ 2 ਲੱਖ ਕਰ ਦਿੱਤੀ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਦੇ ਨਾਲ ਵਪਾਰੀ ਨੂੰ ਕੋਈ ਲਾਭ ਨਹੀਂ ਹੋਣਾ। ਇਸ ਦੇ ਨਾਲ ਕੁਰੱਪਸ਼ਨ ਵਧੇਗੀ ਅਤੇ ਪਰੇਸ਼ਾਨੀ ਵਧੇਗੀ। ਅਗਰ ਸਰਕਾਰ ਵਪਾਰੀ ਨੂੰ ਕੋਈ ਰਲੀਫ ਦੇਣਾ ਚਾਹੁੰਦੀ ਹੈ ਤਾਂ ਟੈਕਸੇਬਲ ਲਿਮਿਟ 2 ਲੱਖ ਤਕ ਵਧਾ ਦੇਣੀ ਚਾਹੀਦੀ ਹੈ ਤਾਕਿ ਜਿਹੜਾ 2 ਲੱਖ ਦੀ ਸੇਲ ਵਾਲਾ ਹੈ ਉਸ ਦਾ ਮਹਿਕਮਾ ਸੇਲਜ਼ ਟੈਕਸ ਨਾਲ ਕੋਈ ਤੁਅੱਲਕ ਨਾ ਰਹੇ। ਇਹ ਜਿਹੜਾ ਸੈਲਫ ਅਸੈਸਮੈਂਟ ਵਾਲਾ ਤਰੀਕਾ ਹੈ ਇਹ ਇਨਕਮ ਟੈਕਸ ਵਿਚ ਤਾਂ ਕਾਮਯਾਬ ਹੋ ਸਕਦਾ ਹੈ ਪਰ ਸੇਲਜ਼ ਟੈਕਸ ਵਿਚ ਨਹੀਂ। ਜੇਕਰ ਇਹ ਰਲੀਫ ਦੇਣਾ ਚਾਹੁੰਦੇ ਹਨ ਤਾਂ ਇਹ ਜਿਹੜੀ ਪਹਿਲਾਂ ਇਕ ਲੱਖ ਦੀ ਲਿਮਿਟ ਸੀ ਉਹ 2 ਲੱਖ ਵੀ ਕਰ ਦੇਣ। ਜਦੋਂ ਐਕਟ ਬਣਿਆ ਸੀ ਉਸ ਵੇਲੇ ਇਹ 20 ਹਜ਼ਾਰ ਦੀ ਸੀ ਹੁਣ ਇਕ ਲੱਖ ਹੈ। ਇਹ ਲਿਮਿਟ ਵਧਾ ਦੇਣ, ਚੰਗੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ]

ਗੱਲ ਹੈ। ਇਹ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਵਿਚ ਵੀ ਹੈ। ਸੈਲਫ ਅਸੈਸਮੈਂਟ ਵਿਚ ਨਾ ਸਿਰਫ ਕੁਰੱਪਸ਼ਨ ਵਧੇਗੀ ਬਲਕਿ ਸੇਲ ਟੈਕਸ ਦੀ ਚੋਰੀ ਵੀ ਬਹੁਤ ਵਧ ਜਾਏਗੀ। ਇਹ ਕੋਈ ਜਚਦੀ ਸਕੀਮ ਨਹੀਂ।

ਹੁਣ ਮੈਂ ਤਾਲੀਮ ਦੇ ਮੁਤੱਲਕ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਜਦੋਂ ਦੀ ਇਹ ਸਰਕਾਰ ਆਈ, ਬਹੁਤ ਸਾਰੇ ਪਿੰਡਾਂ ਵਿਚ ਜਿਥੇ ਪ੍ਰਾਇਮਰੀ ਸਕੂਲ ਤਾਂ ਸਨ ਪਰ ਕੋਈ ਇਮਾਰਤ ਬੱਚਿਆਂ ਦੇ ਬੈਠਣ ਵਾਸਤੇ ਨਹੀਂ ਸੀ। ਉਥੇ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ 30–30 ਹਜ਼ਾਰ ਰੁਪਏ ਖਰਚ ਕੇ ਇਸ ਸਰਕਾਰ ਨੇ ਬਣਾਈਆਂ ਅਤੇ ਸਰਕਾਰ ਬਚਨਬਧ ਹੈ ਕਿ ਆਪਣੀ ਟਰਨ ਵਿਚ ਹਰ ਇਕ ਪਿੰਡ ਵਿਚ ਪ੍ਰਾਇਮਰੀ ਸਕੂਲ ਦੀਆਂ ਬਿਲਡਿੰਗਾਂ ਬਣਾ ਦਿੱਤੀਆਂ ਜਾਣਗੀਆਂ। ਮੈਂ ਇਸ ਗਲ ਦੀ ਵਧਾਈ ਦਿੰਦਾ ਹਾਂ। ਔਰ ਬੇਨਤੀ ਕਰਦਾ ਹਾਂ ਕਿ ਬਹੁਤ ਸਾਰੇ ਪਿੰਡਾਂ ਦੇ ਸਕੂਲ ਪੁਰਾਣੇ ਹਨ, ਉਨ੍ਹਾਂ ਦੀ ਹਾਲਤ ਬੜੀ ਖਸਤਾ ਹੈ ਔਰ ਮੇਰਾ ਖਿਆਲ ਹੈ ਕਿ 1947 ਤੋਂ ਬਾਦ ਸ਼ਾਇਦ ਹੀ ਉਨ੍ਹਾਂ ਦੀ ਕਿਸੇ ਨੇ ਮੁਰੰਮਤ ਕੀਤੀ ਹੋਵੇ। ਇਸ ਲਈ ਉਨ੍ਹਾਂ ਦੀ ਮੁਰੰਮਤ ਲਈ ਕੁਝ ਫੰਡਜ਼ ਜ਼ਰੂਰ ਰਖੇ ਜਾਣ ਤਾਕਿ ਕੋਈ ਅਜਿਹੀ ਪ੍ਰਸਥਿਤੀ ਨਾ ਪੈਦਾ ਹੋ ਜਾਏ ਜਿਸ ਨਾਲ ਸਰਕਾਰ ਨੂੰ ਪ੍ਰੇਸ਼ਾਨੀ ਉਠਾਉਣੀ ਪਏ।

ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ ਅਤੇ ਜੱਸੋਵਾਲ ਜੀ ਨੇ ਜੋ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ।

**ਮਾਸਟਰ ਬਾਬੂ ਸਿੰਘ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਬੋਲਣ ਵਾਲੇ ਮੈਂਬਰ ਸਾਹਿਬ ਨੇ ਸੇਲਜ਼ ਟੈਕਸ ਬਾਰੇ ਇਕ ਬੜਾ ਚੰਗਾ ਸੁਝਾਹ ਦਿਤਾ ਸੀ। ਸਾਡੇ ਮਨਿਸਟਰ ਸਾਹਿਬਾਨ ਵਿਚੋਂ ਉਹ ਪੁਆਇੰਟ ਨੋਟ ਕਰਨ ਦੀ ਕਿਸੇ ਦੀ ਡਿਊਟੀ ਨਹੀਂ ਲਗਾਈ ਗਈ ਜਾਪਦੀ ਹੈ। ਇਹ ਮਾਮਲਾ ਚੀਫ਼ ਮਨਿਸਟਰ ਜਾਂ ਵਿੱਤ ਮੰਤਰੀ ਸਾਹਿਬ ਨਾਲ ਤੁਅੱਲਕ ਰਖਦਾ ਹੈ, ਉਨ੍ਹਾਂ ਦਾ ਇਥੇ ਹੋਣਾ ਜ਼ਰੂਰੀ ਹੈ।

**ਅਵਾਜ਼ਾਂ** : ਨੋਟ ਕਰ ਲਿਆ ਹੈ ਜੀ।

**ਸ੍ਰੀ ਸਭਾਪਤੀ** : ਮਨਿਸਟਰ ਸਾਹਿਬ ਬੈਠੇ ਹਨ, ਉਨ੍ਹਾਂ ਨੇ ਨੋਟ ਕਰ ਲਿਆ ਹੋਣਾ ਹੈ।

**ਸ੍ਰੀ ਚਮਨ ਲਾਲ** (ਸੁਜਾਨਪੁਰ) : ਜਨਾਬ ਚੇਅਰਮੈਨ ਸਾਹਿਬ, ਮੈਂ ਆਪ ਜੀ ਨੂੰ ਇਸ ਕੁਰਸੀ ਤੇ ਬਿਰਾਜਮਾਨ ਹੋਣ ਲਈ ਮੁਬਾਰਕਬਾਦ ਦਿੰਦਾ ਹਾਂ। (ਥੰਪਿੰਗ)

ਚੇਅਰਮੈਨ ਸਾਹਿਬ, ਭਾਵੇਂ ਸਾਰੇ ਤੁਰ ਜਾਣ ਪਰ ਇਨ੍ਹਾਂ ਨੂੰ (ਕਮਿਊਨਿਸਟ ਪਾਰਟੀ ਦੇ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਲੰਬਰਦਾਰੀ ਨਹੀਂ ਮਿਲਣੀ, ਭਾਵੇਂ ਜਿਨ੍ਹਾਂ ਮਰਜ਼ੀ ਇਹ ਅਕਾਲੀਆਂ ਦਾ ਪੱਖ ਲੈਣ ਤੇ ਭਾਵੇਂ ਜਨਸੰਘੀਆਂ ਦਾ ਚੇਅਰਮੈਨ ਸਾਹਿਬ ਦੂਜੀ ਮੁਬਾਰਕਬਾਦ ਇਹ ਹੈ ਕਿ ਹਿੰਦੁਸਤਾਨ ਵਿਚ ਸਾਨੂੰ ਅੱਜ ਬੜਾ ਫਖਰ ਮਹਿਸੂਸ ਹੋ ਰਿਹਾ ਹੈ ਅਤੇ ਸਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ 101 ਮੁਲਕਾਂ ਦਾ ਤਿੰਨ ਸਾਲਾਂ ਵਾਸਤੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਚੇਅਰਮੈਨ ਬਣਾਇਆ ਗਿਆ ਹੈ। ਤੀਸਰੀ ਮੁਬਾਰਕਬਾਦ ਇਹ ਹੈ ਕਿ ਜਿਹੜਾ ਗਵਰਨਰ ਐਡਰੈਸ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦਾ ਪੇਸ਼ ਕੀਤਾ ਗਿਆ

Original with;
Punjab Vidhan Sabha
Digitized by;
Panjab Digital Library

ਹੈ, ਮੈਂ ਇਸ ਦਾ ਸਮਰਥਨ ਕਰਦਾ ਹਾਂ ।ਪਿਛਲੇ ਸਾਲ 2600 ਕਰੋੜ ਰੁਪਏ ਦਾ ਬਜਟ ਸੀ ਉਹ ਵਧਾ ਕੇ 2800 ਕਰੋੜ ਕਰ ਦਿਤਾ ਗਿਆ ਹੈ । ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਪੰਜਾਬ ਅਤੇ ਹਿੰਦੁਸਤਾਨ ਦੀ ਬੇਹਤਰੀ ਦੀਆਂ ਜੋ ਚੀਜ਼ਾਂ ਪੇਸ਼ ਕੀਤੀਆਂ ਹਨ ਉਨ੍ਹਾਂ ਦੇ ਲਈ ਮੈਂ ਬੜਾ ਧੰਨਵਾਦੀ ਹਾਂ । ਜੱਸੋਵਾਲ ਜੀ ਨੇ ਇਹ ਜੋ ਮਤਾ ਹਾਊਸ ਦੇ ਸਾਹਮਣੇ ਰਖਿਆ ਹੈ, ਮੈਂ ਉਸ ਦਾ ਸਮਰਥਨ ਕਰਦਾ ਹਾਂ ।

ਚੇਅਰਮੈਨ ਸਾਹਿਬ, ਅੱਜ ਪੰਜਾਬ ਵਿਚ ਜਿਨ੍ਹਾਂ ਲੋਕਾਂ ਨੇ ਆਪਸ ਵਿਚ ਫਿਰਕਾ ਪ੍ਰਸਤੀ ਦਾ ਨਾਅਰਾ ਲਾ ਕੇ ਸਾਨੂੰ ਤਬਾਹ, ਬਰਬਾਦ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਕਰ ਰਹੇ ਹਨ ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਮਯਾਬ ਨਹੀਂ ਹੋ ਸਕਣਗੀਆਂ ਕਿਉਂ ਕਿ ਜਿਨ੍ਹਾਂ ਲੋਕਾਂ ਨੂੰ ਇਹ ਐਕਸ-ਪਲਾਇਟ ਕਰਨ ਦੀ ਕੋਸ਼ਿਸ਼ ਕਰਦੇ ਹਨ ਉਹ ਬਹੁਤ ਸਿਆਣੇ ਹੋ ਗਏ ਹਨ । ਮੈਂ ਦਿਹਾਤਾਂ ਵਿਚ ਜਾ ਕੇ ਵੇਖਿਆ ਹੈ ।ਉਥੇ ਕੋਈ ਅਜਿਹੀ ਗਲ ਨਹੀਂ ਹੈ । ਪਠਾਨਕੋਟ ਵਿਚ ਵਾਜਪਾਈ ਸਾਹਿਬ ਗਏ ਸਨ । ਉਨ੍ਹਾਂ ਨੇ ਹਿੰਦੂਆਂ ਨੂੰ ਵੀ ਐਕਸਪਲਾਈਟ ਕੀਤਾ । ਉਨ੍ਹਾਂ ਨੇ ਕਿਹਾ ਕਿ ਇਸ ਸਰਕਾਰ ਨੇ ਉਨ੍ਹਾਂ ਲੋਕਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਜਿਨਾਂ ਨੇ ਗਊਆਂ ਦੇ ਸਿਰ ਮੰਦਰਾਂ ਵਿਚ ਸੁਟੇ । ਹਿੰਦੂਆਂ ਨੂੰ ਐਕਸਪਲਾਇਟ ਕਰਨ ਦਾ ਮੌਕਾ ਮਿਲਿਆ । ਪਰ ਮੇਰੇ ਕੋਲ ਚਸ਼ਮ ਦੀਦ ਵਾਕਿਆ ਹਨ ਕਿ ਸਿੱਖ ਭਰਾ ਗਊ ਮਾਤਾ ਦੀ ਬੜੀ ਪੂਜਾ ਕਰਦੇ ਹਨ ਅਤੇ ਕੌਮ ਨਾਲ ਸਭ ਤੋਂ ਜ਼ਿਆਦਾ ਉਨ੍ਹਾਂ ਨੂੰ ਪਿਆਰ ਹੈ । ਮੈਂ ਭੁਲੱਥ ਜਾ ਰਿਹਾ ਸੀ । ਕੋਈ ਇੰਡਸਟਰੀ ਦਾ ਉਦਘਾਟਨ ਹੋ ਰਿਹਾ ਸੀ । ਮਨਿਸਟਰ ਸਾਹਿਬ ਉਥੇ ਗਏ ਸਨ । ਅਸੀਂ ਵੀ ਗਏ ਸੀ । ਸਰਦਾਰ ਸੁਖਜਿੰਦਰ ਸਿੰਘ ਦਲ ਖਾਲਸਾ ਦੇ ਠੇਕੇਦਾਰ ਬਣੇ ਹੋਏ ਹਨ ਅਤੇ ਉਹ ਇਸ ਲਈ ਜੇਲ੍ਹ ਵਿਚ ਵੀ ਗਏ ਹਨ ਤਾ ਕਿ ਹਿੰਦੂ ਸਿੱਖਾਂ ਵਿਚ ਲੜਾਈ ਨੂੰ ਵਧਾਇਆ ਜਾਵੇ । ਮੈਂ ਵੇਖਿਆ ਕਿ ਦੋ ਤਿੰਨ ਮੋਨਿਆਂ ਨੂੰ ਜ਼ਿਮੀਂਦਾਰ ਭਰਾ ਮਾਰ ਰਹੇ ਸਨ । ਮੈਂ ਕੋਲੋਂ ਦੀ ਲੰਘ ਰਿਹਾ ਸੀ । ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਗੱਲ ਹੈ, ਕਿਉਂ ਇਨ੍ਹਾਂ ਨੂੰ ਮਾਰ ਰਹੇ ਹੋ ਉਹ ਕਹਿਣ ਲੱਗੇ ਕਿ ਤੁਸੀਂ ਸਾਨੂੰ ਪੁਛਣ ਵਾਲੇ ਕੌਣ ਹੋ । ਮੈਂ ਕਿਹਾ ਕਿ ਮੈਂ ਤੁਹਾਡਾ ਸੇਵਕ ਹਾਂ, ਤੁਹਾਡਾ ਐਮ. ਐਲ. ਏ. ਹਾਂ । ਉਨ੍ਹਾਂ ਨੇ ਮੈਨੂੰ ਉਨ੍ਹਾਂ ਦੀ ਕਰਤੂਤ ਦੱਸੀ । ਤਿੰਨ ਬੋਰੀਆਂ ਪਈਆਂ ਸਨ । ਇੱਕ ਵਿੱਚ ਗਊ ਦਾ ਕੱਟਿਆ ਹੋਇਆ ਮੀਟ ਸੀ । ਇੱਕ ਵਿਚ ਗਊ ਦੀ ਖੱਲ ਸੀ ਅਤੇ ਇੱਕ ਵਿਚ ਚਰਬੀ ਸੀ । ਇਹ ਰਾਮਗੜ੍ਹ ਦੀ ਗੱਲ ਹੈ ਜਿਥੇ ਸਰਦਾਰ ਸੁਖਜਿੰਦਰ ਸਿੰਘ ਦਾ ਪਿੰਡ ਹੈ । ਮੈਂ ਪੁਛਿਆ ਕਿ ਇਹ ਮਾਮਲਾ ਕੀ ਹੈ । ਉਨ੍ਹਾਂ ਨੇ ਕਿਹਾ ਕਿ ਇਹ ਗਊਆਂ ਨੂੰ ਮਾਰ ਕੇ ਹੋਟਲਾਂ ਵਿਚ ਜਾ ਕੇ ਇਨ੍ਹਾਂ ਦਾ ਮੀਟ ਵੇਚਦੇ ਹਨ । ਇਸ ਲਈ ਅਸੀਂ ਇਨ੍ਹਾਂ ਤਿੰਨਾਂ ਨਾਲ ਉਹ ਦਸ਼ਾ ਕਰਦੀ ਹੈ ਜੋ ਇਨ੍ਹਾਂ ਨੇ ਜੀਉਂਦੀ ਗਊ ਨੂੰ ਮਾਰ ਕੇ ਉਸ ਨਾਲ ਕੀਤੀ ਹੈ । ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਕਾਨੂੰਨ ਹੱਥ ਵਿੱਚ ਨਾ ਲਓ ਨਹੀਂ ਤਾਂ ਤੁਸੀਂ ਵੀ ਫਾਂਸੀ ਦੇ ਤਖਤੇ ਤੇ ਲਟਕ ਜਾਉਗੇ । ਉਨ੍ਹਾਂ ਨੇ ਕਿਹਾ ਕਿ ਖਾਹ ਅਸੀਂ ਫਾਂਸੀ ਦੇ ਤਖਤੇ ਤੇ ਚੜ੍ਹ ਕੇ ਮਰੀਏ ਪਰ ਅਸੀਂ ਇਨ੍ਹਾਂ ਨੂੰ ਜ਼ਰੂਰ ਮਾਰਨਾ ਹੈ ਕਿਉਂ ਕਿ ਇਨ੍ਹਾਂ ਨੇ ਜੀਉਂਦੀ ਗਊ ਮਾਰੀ ਹੈ । ਇਨੇ ਚਿਰ ਵਿਚ ਐਸ. ਪੀ. ਕਪੂਰਥਲਾ ਉਥੇ ਆ ਗਿਆ । ਉਨ੍ਹਾਂ ਨੇ ਸਾਰਾ ਮਾਮਲਾ ਪੁਛਣ ਤੋਂ ਬਾਅਦ ਕਿਹਾ ਕਿ ਤੁਸੀਂ ਕਾਨੂੰਨ ਹੱਥ ਵਿਚ ਨਾ ਲਓ । ਅਸੀਂ ਪੁਲਿਸ ਨੂੰ ਭੇਜ ਦਿੰਦੇ ਹਾਂ ਅਤੇ ਫੌਰਨ ਸਖਤ ਸਜ਼ਾ ਦੇਣ ਦਾ ਇਨ੍ਹਾਂ ਨੂੰ ਪ੍ਰਬੰਧ ਕਰਾਂਗੇ । ਜਨ ਸੰਘ ਅਤੇ ਜਨਤਾ ਪਾਰਟੀ ਵਾਲੇ ਹਿੰਦੂਆਂ ਨੂੰ ਭੜਕਾਉਂਦੇ ਹਨ । ਸਿੱਖਾਂ ਤੇ ਗਊਆਂ ਦੇ ਸਿਰ ਦਾ ਇਲਜ਼ਾਮ ਲਾਉਂਦੇ ਹਨ ਅਤੇ ਹਿੰਦੂਆਂ ਦੇ ਸਿਰ ਸਿਗਰਟ ਬੀੜੀ ਦਾ ਇਲਜ਼ਾਮ ਲਗਾਉਂਦੇ ਹਨ ਅਤੇ ਇਸ ਤਰ੍ਹਾਂ ਲੋਕਾਂ ਨੂੰ ਐਕਸਪਲਾਇਟ ਕਰਦੇ ਹਨ । ਲੇਕਿਨ ਦਿਹਾਤਾਂ ਵਿਚ ਇਨ੍ਹਾਂ ਦੀ ਮੂਵਮੈਂਟ ਬਿਲਕੁਲ ਅਸਰ ਅੰਦਾਜ਼ ਨਹੀਂ ਹੈ । ਮੈਂ ਇਸ ਲਈ ਲੋਕਾਂ ਨੂੰ ਮੁਬਾਰਕਬਾਦ ਦਿੰਦਾ ਹਾਂ । ਉਨ੍ਹਾਂ ਦੇ ਦਿਲ ਵਿਚ ਦੂਜ ਕੋਈ ਨਹੀਂ ਹੈ । ਅੱਜ ਇਹ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਚਮਨ ਲਾਲ]

ਕਹਿੰਦੇ ਹਨ ਕਿ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਹਿੰਦੋਸ-ਤਾਨ ਜਾਂ ਪੰਜਾਬ ਵਿਚ ਕੀ ਵਿਤਕਰਾ ਇਨ੍ਹਾਂ ਨਾਲ ਹੋ ਰਿਹਾ ਹੈ। ਸਿੱਖਾਂ ਦੀ ਅਤੇ ਗੁਰਦੁਆਰਿਆਂ ਦੀ ਪੂਰੀ ਮਾਨਤਾ ਹੈ। ਅਗਰ ਮੰਦਰਾਂ ਵਿਚ ਕੋਈ ਕਿਸੇ ਕਿਸਮ ਦੀ ਚੋਰੀ ਹੁੰਦੀ ਹੈ ਤਾਂ ਉਹ ਬਰਦਾਸ਼ਤ ਨਹੀਂ ਕੀਤੀ ਜਾਂਦੀ। ਪਰ ਦੂਜੇ ਪਾਸੇ ਗੁਰਦੁਆਰਿਆਂ ਵਿਚ ਕੋਈ ਚੋਰੀ, ਕਤਲ ਜਾਂ ਹੋਰ ਗੈਰ-ਜ਼ਿਮੇਂਦਾਰਾਨਾ ਚੀਜ਼ ਕਰਕੇ ਜਾਂਦਾ ਹੈ ਤਾਂ ਗੁਰਦੁਆਰਿਆਂ ਦੀ ਇਤਨੀ ਮਹਾਨਤਾ ਹੈ ਕਿ ਉਥੇ ਪੁਲਿਸ ਵੀ ਨਹੀਂ ਜਾ ਸਕਦੀ ਅਤੇ ਨਾ ਹੀ ਕੋਈ ਸ਼ਰੀਫ ਆਦਮੀ ਜਾ ਸਕਦਾ ਹੈ। ਮੈਂ ਚਸ਼ਮਦੀਦ ਵਾਕਿਆ ਦੱਸਦਾ ਹਾਂ। ਸਾਡੇ ਨਜ਼ਦੀਕ ਗੁਰੂ ਨਾਨਕ ਦੇਵ ਜੀ ਦਾ ਬੜਾ ਵੱਡਾ ਅਸਥਾਨ ਹੈ। ਪਹਿਲਾਂ ਉਥੇ 40, 50 ਹਜ਼ਾਰ ਰੁਪਏ ਲੋਕ ਚੜ੍ਹਾਉਂਦੇ ਸਨ ਲੇਕਿਨ ਅੱਜ ਮੈਂ ਵੇਖਿਆ ਹੈ ਕਿ ਉਥੇ ਸਾਰਾ 16, 17 ਹਜ਼ਾਰ ਰੁਪਿਆ ਹੀ ਚੜ੍ਹਿਆ ਹੈ। ਸਿੱਖ ਵੀ ਉਥੇ ਡਰਦੇ ਨਹੀਂ ਜਾਂਦੇ ਅਤੇ ਨਾ ਹੀ ਮੋਨੇ ਜਾਂਦੇ ਹਨ। ਮੈਂ ਬੇਨਤੀ ਕਰਾਂਗਾ ਕਿ ਅਗਰ ਇਸ ਤਰ੍ਹਾਂ ਇਹ ਪੰਜਾਬ ਵਿਚ ਕਰਦੇ ਰਹੇ ਤਾਂ ਤਰੱਕੀ ਵਿਚ ਬੜਾ ਫਰਕ ਪਵੇਗਾ। ਮੈਂ ਇਸ ਗੱਲ ਲਈ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਜੋ ਕਿਹਾ ਸੀ ਕਿ ਅਸੀਂ 5 ਸਾਲਾਂ ਵਿਚ ਸਾਰੇ ਦਿਹਾਤ ਪੱਕੇ ਕਰ ਦਿਆਂਗੇ, ਗਾਲਬਨ 80 ਪ੍ਰਤੀਸ਼ਤ ਇਨ੍ਹਾਂ ਨੇ ਤਿੰਨ ਸਾਲਾਂ ਵਿਚ ਸਾਰੇ ਦਿਹਾਤਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰ ਦਿਤੀਆਂ ਹਨ ਅਤੇ ਦਿਹਾਤ ਸੜਕਾਂ ਨਾਲ ਭਰਪੂਰ ਹੋ ਗਏ ਹਨ। ਮੇਰੇ ਸਾਥੀ ਕਮਿਉਨਿਸਟ ਵੀਰ ਬੈਠੇ ਹਨ। ਮੈਨੂੰ ਦੁੱਖ ਹੁੰਦਾ ਹੈ ਕਿ ਇਨ੍ਹਾਂ ਨੇ ਅਕਾਲੀਆਂ ਦੀ ਠੇਕੇਦਾਰੀ ਦਾ ਜ਼ਿਮਾ ਲਿਆ ਹੈ। ਇਹ ਠੀਕ ਹੈ ਕਿ ਇਹ ਅਹਿਸਾਨ ਫਰਾਮੋਸ਼ ਨਹੀਂ ਹਨ। ਇਨ੍ਹਾਂ ਨੇ ਇਕਠੇ ਵੋਟਾਂ ਲਈਆਂ ਹਨ। ਮੈਂ ਕਹਿੰਦਾ ਹਾਂ ਕਿ ਜਿਥੇ ਇਹ ਕਹਿੰਦੇ ਹਨ ਕਿ ਗਰੀਬਾਂ ਦੀ ਗਰੀਬੀ ਦੂਰ ਕਰਨ ਦਾ ਇਹ ਸਰਕਾਰ ਯਤਨ ਨਹੀਂ ਕਰਦੀ, ਉਥੇ ਇਹ ਆਪ ਇਸ ਚੀਜ਼ ਨੂੰ ਬੜ੍ਹਾਵਾ ਦੇ ਰਹੇ ਹਨ।

ਚੇਅਰਮੈਨ ਸਾਹਿਬ, ਥੀਨ ਡੈਮ ਮੇਰੇ ਇਲਾਕੇ ਵਿਚ ਬਣ ਰਿਹਾ ਹੈ। ਇਨ੍ਹਾਂ ਨੇ ਉਥੇ ਕੀ ਕੀਤਾ। ਸਫਾਂ ਵਿਛਾ ਦਿੱਤੀਆਂ, ਪੀਲੇ ਝੰਡੇ ਲਾ ਦਿਤੇ। ਹਰੇਕ ਮਜ਼ਦੂਰ ਤੋਂ ਪੰਜ, ਪੰਜ ਰੁਪਏ ਉਗਰਾਹੇ ਅਤੇ ਉਨ੍ਹਾਂ ਨੂੰ ਇਸ ਗਲ ਤੇ ਐਕਸਪਲਾਇਟ ਕੀਤਾ ਕਿ ਉਨ੍ਹਾਂ ਦੀ ਮਜ਼ਦੂਰੀ ਵਧਾਈ ਜਾਵੇਗੀ। ਉਹ ਮਜ਼ਦੂਰ ਅਫਸਰਾਂ ਕੋਲ ਗਏ। ਕਈ ਦਿਨ ਕੰਮ ਬੰਦ ਰਿਹਾ ਹੈ ਅਤੇ ਕਾਫੀ ਨੁਕਸਾਨ ਹੋਇਆ। ਅਸੀਂ ਸਾਰੇ ਉਥੇ ਗਏ ਅਤੇ ਲੋਕਾਂ ਨੂੰ ਸਮਝਾਇਆ ਅਤੇ ਉਨ੍ਹਾਂ ਨੇ ਕੰਮ ਸ਼ੁਰੂ ਕਰ ਦਿਤਾ। ਅਸੀਂ ਸਮਝਦੇ ਸੀ ਕਿ ਸਾਡੇ ਇਲਾਕੇ ਵਿਚ ਕੋਈ ਇੰਡਸਟਰੀ ਨਹੀਂ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਅਗੇ ਬੇਨਤੀ ਕਰਾਂਗਾ ਕਿ ਜਿਹੜਾ ਥੀਨ ਡੈਮ ਦਾ ਕੰਮ ਸ਼ੁਰੂ ਹੋਇਆ ਹੈ ਇਸ ਨੂੰ ਪ੍ਰਾ-ਇਰਟੀ ਦਿਤੀ ਜਾਵੇ ਅਤੇ ਇਸ ਦੇ ਲਈ ਜ਼ਿਆਦਾ ਪੈਸੇ ਦਿਤੇ ਜਾਣ। ਇਹ ਇੰਡਸਟਰੀ ਸਾਡੇ ਹਲਕੇ ਵਿਚ ਸ਼ੁਰੂ ਹੋਈ ਸੀ। ਪਰ ਬਦ ਕਿਸਮਤੀ ਹੈ ਕਿ ਬਜਟ ਵਿਚ ਕਮੀ ਹੋਣ ਦੇ ਕਾਰਨ ਇਸ ਵਾਰੀ ਵੀ ਇਸ ਵਾਸਤੇ ਜ਼ਿਆਦਾ ਪੈਸੇ ਨਹੀਂ ਮਿਲੇ। ਮੈਂ ਬੇਨਤੀ ਕਰਾਂਗਾ ਕਿ ਅਗਰ ਥੀਨ ਡੈਮ ਪੂਰਾ ਨਾ ਹੋਇਆ ਤਾਂ ਇਸ ਨਾਲ ਹਿੰਦੁਸਤਾਨ ਨੂੰ ਕਾਫੀ ਨੁਕਸਾਨ ਹੋਵੇਗਾ, ਪੰਜਾਬ ਨੂੰ ਵੀ ਨੁਕਸਾਨ ਹੋਵੇਗਾ। ਪੈਸੇ ਦੀ ਸਮੱਸਿਆ ਚੀਫ਼ ਮਨਿਸਟਰ ਦੂਰ ਕਰਨ ਤਾ ਕਿ ਕੰਮ ਬਦ-ਦਸਤੂਰ ਚਲਦਾ ਰਹੇ। ਇਹ ਠੀਕ ਹੈ ਕਿ ਇਨ੍ਹਾਂ ਨੇ ਗੋਇੰਦਵਾਲ ਸਾਹਿਬ ਅਤੇ ਰੋਪੜ ਥਰਮਲ ਪਲਾਂਟ ਦਾ ਕੰਮ ਸ਼ੁਰੂ ਕੀਤਾ ਹੈ। ਇਹ ਠੀਕ ਹੈ ਕਿ ਇਨ੍ਹਾਂ ਦੀ ਰਿਟਰਨ ਬੜੀ ਜਲਦੀ ਮਿਲਦੀ ਹੈ। ਲੇਕਿਨ ਥੀਨ ਡੈਮ ਬਣਨ ਨਾਲ ਸਾਰੇ ਹਿੰਦੁਸਤਾਨ ਨੂੰ ਫਾਇਦਾ ਪਹੁੰਚ ਸਕਦਾ ਹੈ। ਮੈਂ ਕਮਿਉਨਿਸਟ ਭਰਾਵਾਂ ਅਗੇ ਬੇਨਤੀ ਕਰਾਂਗਾ ਕਿ ਜਿਥੇ ਇਹ ਜ਼ੋਰਦਾਰ ਤਕਰੀਰਾਂ ਕਰਦੇ ਹਨ ਉਥੇ ਪੰਜਾਬ ਨਾਲ ਵੀ ਇਨ੍ਹਾਂ ਨੂੰ ਪਿਆਰ ਹੋਣਾ ਚਾਹੀਦਾ ਹੈ। ਜਿਥੇ ਇੰਡਸਟਰੀ ਅਜੇ ਸ਼ੁਰੂ ਨਹੀਂ ਹੁੰਦੀ ਇਹ ਸਫਾਂ ਪਹਿਲਾਂ ਉਥੇ

Original with;
Punjab Vidhan Sabha
Digitized by;
Panjab Digital Library

ਮੰਗਾਂ ਮੰਨ ਲਈਆਂ ਅਤੇ ਐਲਾਨ ਕਰ ਦਿਤਾ ਹੈ ਪਰ ਉਸ ਨੂੰ ਸਿੱਖਾਂ ਦੇ ਲੀਡਰਾਂ ਨੇ, ਪ੍ਰਧਾਨ ਨੇ ਇਸ ਨੂੰ ਫਰਾਡ ਦੱਸਿਆ ਹੈ ਜਿਸ ਤੇ ਸਾਨੂੰ ਬਹੁਤ ਦੁੱਖ ਹੋਇਆ ਬਜਾਏ ਇਹ ਉਨ੍ਹਾਂ ਦਾ ਧੰਨਵਾਦ ਕਰਦੇ। ਉਨ੍ਹਾਂ ਨੇ ਦਿੱਲੀ ਗੁਰਦੁਆਰੇ ਵਿਚ ਜਾ ਕੇ ਧਾਰਮਿਕ ਮੰਗਾਂ ਮੰਨੇ ਜਾਣ ਦਾ ਐਲਾਨ ਕੀਤਾ।

ਚੇਅਰਮੈਨ ਸਾਹਿਬ, ਪਿਛਲੇ ਡੇਢ ਸਾਲ ਵਿਚ ਪੰਜਾਬ ਅੰਦਰ ਅਕਾਲੀਆਂ ਨੇ ਅਤੇ ਲੁਟੇਰਿਆਂ ਨੇ ਪੰਜਾਬ ਦਾ ਵਾਤਾਵਰਨ ਖਰਾਬ ਕੀਤਾ। ਪੰਜਾਬ ਦੇ ਨਿਹੱਥੇ ਲੋਕਾਂ ਤੇ, ਗਰੀਬਾਂ ਤੇ ਗੋਲੀਆਂ ਚਲਾਈਆਂ। ਪੰਜਾਬ ਵਿਚ ਖੂਨ ਦੀ ਹੋਲੀ ਖੇਡਣ ਦਾ ਪਰੋਗਰਾਮ ਬਣਾਇਆ ਪਰ ਸਾਡੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਬੜੇ ਸੂਝਵਾਨ ਨੇਤਾ ਹਨ। ਉਨ੍ਹਾਂ ਨੇ ਪੰਜਾਬ ਦੀ ਵਿਗੜ ਰਹੀ ਹਾਲਤ ਨੂੰ ਸਿਆਣਪ ਨਾਲ ਸੰਭਾਲਿਆ। ਅੱਤ ਵਾਦੀਆਂ ਵਲੋਂ ਹਿੰਦੂ ਸਿੱਖਾਂ ਵਿਚ ਲੜਾਈ ਪਾਉਣ ਦਾ ਯਤਨ ਕੀਤਾ ਗਿਆ ਅਤੇ ਪੰਜਾਬ ਦੀ ਤਰੱਕੀ ਵਿਚ ਰੋਕ ਪਾਈ ਗਈ ਪਰ ਪੰਜਾਬ ਦੇ ਮੁੱਖ ਮੰਤਰੀ ਜੀ ਨੇ ਬੜੀ ਸੂਝ ਬੂਝ ਦੇ ਨਾਲ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਨੂੰ ਸੰਭਾਲਿਆ। ਸਾਡੇ ਮੁੱਖ ਮੰਤਰੀ ਜੀ ਬੜੇ ਮਜ਼ਬੂਤ ਦਿਲ ਦੇ ਹਨ। ਉਨ੍ਹਾਂ ਨੇ ਅਕਾਲੀਆਂ ਦਾ ਇਹ ਸੁਪਨਾ ਪੂਰਾ ਨਹੀਂ ਹੋਣ ਦਿਤਾ। (ਥੰਪਿੰਗ) ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਅਕਾਲੀ ਵੀਰਾਂ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਥੇ ਹਾਊਸ ਵਿਚ ਹਾਜ਼ਰ ਹੋਣਾ ਚਾਹੀਦਾ ਸੀ। ਉਨ੍ਹਾਂ ਅਕਾਲੀ ਵੀਰਾਂ ਨੂੰ ਅਸਤੀਫੇ ਨਹੀਂ ਦੇਣੇ ਚਾਹੀਦੇ ਸਨ। ਉਨ੍ਹਾਂ ਅਕਾਲੀਆਂ ਨੂੰ ਲੋਕਾਂ ਨੇ ਵੋਟਾਂ ਪਾ ਕੇ ਚੁਣ ਕੇ ਇਥੇ ਭੇਜਿਆ ਹੈ। ਇਸ ਲਈ ਉਨ੍ਹਾਂ ਨੂੰ ਇਥੇ ਬੈਠ ਕੇ ਆਪਣੇ ਖਿਆਲ ਰਖਣੇ ਚਾਹੀਦੇ ਸਨ। ਉਨ੍ਹਾਂ ਨੂੰ ਡੈਮੋਕਰੇਟਿਕ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ। ਮੈਂ ਤਾਂ, ਚੇਅਰਮੈਨ ਸਾਹਿਬ, ਸਮਝਦਾ ਹਾਂ ਕਿ ਉਨ੍ਹਾਂ ਅਕਾਲੀ ਭਰਾਵਾਂ ਨੇ ਲੋਕਾਂ ਨਾਲ ਵਿਸ਼ਵਾਸ ਘਾਤ ਕੀਤਾ ਹੈ ਜੋ ਕਿ ਇਥੇ ਹਾਊਸ ਵਿਚ ਹਾਜ਼ਰ ਨਹੀਂ ਹਨ ਜਦੋਂ ਕਿ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਇਥੇ ਭੇਜਿਆ ਹੈ। ਸਾਡੀ ਪਾਰਟੀ ਅਤੇ ਹੋਰ ਦੂਜੀਆਂ ਪਾਰਟੀਆਂ ਦੇ ਮੈਂਬਰਾਂ ਨੂੰ ਅਕਾਲੀ ਪਾਰਟੀ ਵਲੋਂ ਅਸਤੀਫੇ ਦੇਣ ਬਾਰੇ ਕਹਿਣਾ ਬਿਲਕੁਲ ਹੀ ਗਲਤ ਗੱਲ ਹੈ। ਮੈਂ 7,000 ਵੋਟਾਂ ਵੱਧ ਲੈ ਕੇ ਇਨ੍ਹਾਂ ਦੀ ਪਾਰਟੀ ਦੇ ਬੰਦੇ ਨੂੰ ਹਰਾ ਕੇ ਇਥੇ ਹਾਊਸ ਵਿਚ ਆਇਆ ਹਾਂ। ਇਨ੍ਹਾਂ ਦੀ ਆਪਣੀ ਪਾਰਟੀ ਦਾ ਪਰੋਗਰਾਮ ਸੀ ਅਤੇ ਮੇਰੀ ਆਪਣੀ ਪਾਰਟੀ ਦਾ ਪਰੋਗਰਾਮ ਸੀ। ਲੋਕਾਂ ਨੇ ਇਨ੍ਹਾਂ ਦੀ ਪਾਰਟੀ ਦੇ ਪਰੋਗਰਾਮ ਨੂੰ ਰਿਜੈਕਟ ਕੀਤਾ ਹੈ ਅਤੇ ਮੇਰੀ ਕਾਂਗਰਸ ਪਾਰਟੀ ਦੇ ਪਰੋਗਰਾਮ ਨੂੰ ਅਕਸੈਪਟ ਕੀਤਾ। (ਥੰਪਿੰਗ) ਚੇਅਰਮੈਨ ਸਾਹਿਬ, ਕਈ ਦੋਸ਼ੀ ਗੁਰਦੁਆਰਿਆਂ ਵਿਚ ਜਾ ਕੇ ਛੁਪ ਜਾਂਦੇ ਹਨ। ਬਾਹਰ ਜਾ ਕੇ ਅੱਤਵਾਦੀ ਗੋਲੀਆਂ ਚਲਾਉਂਦੇ ਹਨ ਅਤੇ ਫਿਰ ਗੁਰਦੁਆਰਿਆਂ ਵਿਚ ਛੁਪ ਜਾਂਦੇ ਹਨ। ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਅਕਾਲੀ ਭਰਾਵਾਂ ਨੂੰ ਕਹਾਂਗਾ ਕਿ ਦੋਸ਼ੀਆਂ ਨੂੰ ਗੁਰਦੁਆਰਿਆਂ ਵਿਚੋਂ ਬਾਹਰ ਕਢਿਆ ਜਾਵੇ। ਉਨ੍ਹਾਂ ਦੋਸ਼ੀਆਂ ਨੂੰ ਫੜਨ ਵਿਚ ਮਦਦ ਕੀਤਾ ਜਾਵੇ ਤਾ ਕਿ ਪੰਜਾਬ ਦਾ ਮਹੌਲ ਠੀਕ ਹੋਵੇ। ਦੋਸ਼ੀਆਂ ਨੂੰ ਸਜ਼ਾਵਾਂ ਮਿਲਣ। ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਕਿਹਾ ਗਿਆ ਹੈ ਕਿ ਬਹੁਤ ਸਾਰੇ ਮੁਲਜ਼ਮਾਂ ਨੂੰ ਇਡੈਂਟੀਫਾਈ ਕਰ ਲਿਆ ਹੈ ਅਤੇ ਉਨ੍ਹਾਂ ਨੂੰ ਪਕੜ ਲਿਆ ਜਾਵੇਗਾ। ਇਸ ਨਾਲ ਪੰਜਾਬ ਦੇ ਲੋਕਾਂ ਨੂੰ ਇਨਸਾਫ ਮਿਲੇਗਾ। ਇਨ੍ਹਾਂ ਅਕਾਲੀ ਭਰਾਵਾਂ ਨੂੰ ਐਲਾਨ ਕਰਨਾ ਚਾਹੀਦਾ ਹੈ ਅਤੇ ਸਰਕਾਰ ਦੀ ਮਦਦ ਕਰਨੀ ਚਾਹੀਦੀ ਹੈ। ਇਹ ਅਕਾਲੀ ਭਰਾ ਗੁਰੂਆਂ ਨੇ ਜੋ ਸਿਖਿਆ ਦਿਤੀ ਸੀ ਕਿ ਸਰਬਤ ਦਾ ਭਲਾ ਹੋਵੇ, ਉਸ ਤੋਂ ਇਹ ਭਰਾ ਭਟਕ ਗਏ ਹਨ। ਉਸ ਦੇ ਇਹ ਉਲਟ ਚਲਦੇ ਹਨ। ਸਾਨੂੰ ਗੁਰੂਆਂ ਦੀ ਸਿਖਿਆ ਤੇ ਚਲਣਾ ਚਾਹੀਦਾ ਹੈ। ਪਰ ਅਕਾਲੀ ਭਰਾ ਦੂਸਰੇ ਪਾਸੇ ਜਾ ਰਹੇ ਹਨ। ਅਕਾਲੀ ਭਰਾ ਪੰਜਾਬ ਦੀ ਤਰੱਕੀ ਵਿਚ ਰੋਕ ਪਾ ਰਹੇ ਹਨ। ਚੇਅਰਮੈਨ ਸਾਹਿਬ, ਸਰਦਾਰ ਦਰਬਾਰਾ ਸਿੰਘ, ਮੁਖ ਮੰਤਰੀ ਜੀ ਦੇਸ਼ ਭਗਤ ਹਨ। ਉਹ ਪੰਜਾਬ ਨੂੰ ਖੁਸ਼ਹਾਲੀ ਦੇ ਰਸਤੇ ਤੇ ਲਿਜਾਣਾ ਚਾਹੁੰਦੇ ਹਨ। ਚੇਅਰਮੈਨ ਸਾਹਿਬ, ਅਕਾਲੀਆਂ ਦੀ ਮੰਗਾਂ ਬਾਰੇ ਤਾਂ ਇਨ੍ਹਾਂ ਦਾ ਇਕ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਬਹਾਨਾ ਹੈ। ਅਸਲੀਅਤ ਵਿਚ ਉਹ ਕੁਰਸੀ ਹਾਸਲ ਕਰਨਾ ਚਾਹੁੰਦੇ ਹਨ। ਲੋਕਾਂ ਨੇ ਵੋਟਾਂ ਨਾਲ ਉਨ੍ਹਾਂ ਨੂੰ ਜਵਾਬ ਦੇ ਦਿਤਾ ਹੈ ਪਰ ਹੁਣ ਉਹ ਗੋਲੀ ਅਤੇ ਤਲਵਾਰ ਦੇ ਨਾਲ ਸੱਤਾ ਹਾਸਲ ਕਰਨਾ ਚਾਹੁੰਦੇ ਹਨ। ਅਕਾਲੀ ਭਰਾ ਚਾਹੁੰਦੇ ਹਨ ਕਿ ਕਿਸੇ ਤਰੀਕੇ ਨਾਲ ਵੀ ਕੁਰਸੀ ਮਿਲ ਜਾਵੇ। ਪਰ, ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਅੱਜ ਦੇ ਯੁਗ ਵਿਚ ਗੋਲੀ ਜਾਂ ਤਲਵਾਰ ਨਾਲ ਕੋਈ ਚੀਜ਼ ਹਾਸਲ ਨਹੀਂ ਹੋ ਸਕਦੀ। ਦਿੱਲੀ ਵਿਚ ਗੁਟ ਨਿਰਲੇਪ ਕਾਨਫਰੰਸ ਹੋ ਰਹੀ ਹੈ ਸਾਰੇ ਮੁਲਕਾਂ ਦੇ ਪ੍ਰਤੀਨਿਧ ਆਏ ਹੋਏ ਹਨ ਅਤੇ ਇਕ ਟੇਬਲ ਤੇ ਬੈਠ ਕੇ ਸਾਰੀ ਗੱਲ ਬਾਤ ਹੋ ਰਹੀ ਹੈ। ਇਸੇ ਤਰ੍ਹਾਂ ਹੀ ਪੰਜਾਬ ਦੇ ਸਾਰੇ ਮਸਲੇ ਗੱਲਾਂ ਬਾਤਾਂ ਦੇ ਨਾਲ ਹੀ ਹੱਲ ਹੋ ਸਕਦੇ ਹਨ। ਸਾਡੇ ਦੇਸ਼ ਦੇ ਹੋਮ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਾਡੇ ਹਮੇਸ਼ਾਂ ਗੱਲ ਬਾਤ ਲਈ ਦਰਵਾਜ਼ੇ ਖੁਲ੍ਹੇ ਹਨ। ਜਿਹੜੇ ਵੀ, ਚੇਅਰਮੈਨ ਸਾਹਿਬ, ਪੰਜਾਬ ਦੇ ਮਸਲੇ ਹਨ, ਉਹ ਸਭ ਦੀ ਸਲਾਹ ਨਾਲ ਇਕਠੇ ਬੈਠ ਕੇ ਹੱਲ ਕੀਤੇ ਜਾ ਸਕਦੇ ਹਨ। ਜਿਹੜੀਆਂ ਜਾਇਜ਼ ਮੰਗਾਂ ਹਨ, ਉਹ ਸੈਂਟਰ ਦੀ ਸਰਕਾਰ ਨੇ ਪਹਿਲਾਂ ਹੀ ਮੰਨ ਲਈਆਂ ਹਨ ਅਤੇ ਉਨ੍ਹਾਂ ਮੰਗਾਂ ਬਾਰੇ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਐਲਾਨ ਕਰ ਦਿਤਾ ਹੈ। ਧਾਰਮਿਕ ਮੰਗਾਂ ਸਾਰੀਆਂ ਮੰਨ ਲਈਆਂ ਗਈਆਂ ਹਨ। ਬਾਕੀ ਚੰਡੀਗੜ੍ਹ ਦਾ ਮਸਲਾ ਹੈ। ਚੰਡੀਗੜ੍ਹ ਪੰਜਾਬ ਦਾ ਹੈ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਕਹਿੰਦੀਆਂ ਹਨ ਕਿ ਚੰਡੀਗੜ੍ਹ ਪੰਜਾਬ ਦਾ ਹੈ। (ਥੰਪਿੰਗ) ਚੰਡੀਗੜ੍ਹ ਨੂੰ ਹਾਸਲ ਕਰਨ ਲਈ ਸਾਡੀ ਪਾਰਟੀ ਵਚਨ ਬੱਧ ਹੈ। ਚੰਡੀਗੜ੍ਹ ਨੂੰ ਹਾਸਲ ਕਰਨ ਲਈ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਜਿਤਨੇ ਵੀ ਪੰਜਾਬ ਦੇ ਮਸਲੇ ਹਨ, ਉਹ ਇਕਠੇ ਬੈਠ ਕੇ ਹੱਲ ਕੀਤੇ ਜਾ ਸਕਦੇ ਹਨ। ਲੇਕਿਨ ਗੋਲੀ ਔਰ ਤਲਵਾਰ ਦਾ ਜੋ ਇਨ੍ਹਾਂ ਨੇ ਤਰੀਕਾ ਅਪਨਾਇਆ ਹੈ, ਉਹ ਤਰੀਕਾ ਗਲਤ ਹੈ। ਉਹ ਤਰੀਕਾ ਮਾੜਾ ਹੈ ਜਿਸ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਸੁਖੀ ਨਹੀਂ ਰਹਿ ਸਕਦਾ, ਸ਼ਾਂਤੀ ਨਾਲ ਨਹੀਂ ਵਸ ਸਕਦਾ। ਮੈਂ, ਚੇਅਰਮੈਨ ਸਾਹਿਬ, ਤੁਹਾਡੀ ਮਾਰਫਤ ਉਨ੍ਹਾਂ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਕਿ ਉਹ ਅਸੈਂਬਲੀ ਹਾਲ ਦੇ ਆਲੇ ਦੁਆਲੇ ਤੁਰੀ ਫਿਰਦੇ ਹਨ। ਜੀ ਉਨ੍ਹਾਂ ਦਾ ਵੀ ਕਰਦਾ ਹੈ ਕਿ ਅਸੀਂ ਮੁੜ ਕੇ ਕੁਰਸੀਆਂ ਤੇ ਆ ਕੇ ਬੈਠੀਏ। ਅਸਤੀਫੇ ਤਾਂ ਉਨ੍ਹਾਂ ਨੇ ਮਜਬੂਰੀ ਵਿਚ ਦੇ ਦਿਤੇ ਹਨ। ਉਨ੍ਹਾਂ ਨੇ ਅਸਤੀਫੇ ਆਪਣੇ ਮਨੋਂ ਨਹੀਂ ਦਿਤੇ, ਦਿਲੋਂ ਨਹੀਂ ਦਿਤੇ। ਲੇਕਿਨ ਹਰ ਇਕ ਦਾ ਦਿਲ ਕਰਦਾ ਹੈ ਕਿ ਇਥੇ ਆ ਕੇ ਬੈਠੀਏ। ਉਹ ਆਪਣੀ ਹਠ ਧਰਮੀ ਛੱਡ ਕੇ ਅਸੈਂਬਲੀ ਵਿਚ ਆਉਣ. ਇਥੇ ਆ ਕੇ ਗੱਲਾਂ ਕਰਨ ਤਾਂ ਕਿ ਉਨ੍ਹਾਂ ਤੇ ਸੋਚ ਵਿਚਾਰ ਹੋ ਸਕੇ।

**Mr. Chairman:** The House stands adjourned till 9.00 A.M. on Thursday, the 10th March, 1983.

*

*1.30 P.M. | *(The Sabha then adjourned till 9.A.M. on Thursday, the 10th March*, 1983)

---

12552/PVS—Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1983

Published under the authority of the Punjab Vidhan Sabha and printed by the Controller, Printing and Stationery Department, U.T., Chandigarh

Original with;
Punjab Vidhan Sabha
Digitized by;
Panjab Digital Library

4

# Punjab Vidhan Sabha Debates

*10th March, 1983*

**Vol. VI--No. 4**

**OFFICIAL REPORT**

CONTENTS

*Thursday, the 10th March,* 1983


| | | *Page* |
|---|---|---|
| Starred Questions and Answers | .. | (4)1 |
| Written Answers to Starred Questions laid on the Table of the House under Rule 38 | .. | (4)17 |
| Unstarred Questions and Answers | .. | (4)28 |
| Points of order *re.* functioning of Punjab School Education Board and increase in the rate of electricity and securities by the Punjab State Electricity Board. | .. | (4)30 |
| Walk-out | .. | (4)31 |
| Points of order *re.* functioning of Punjab School Education Board and increase in the rate of electricity and securities by the Punjab State Electricity Board (*Resumption*) | .. | (4)31 |
| Walk-out | .. | (4)33 |
| Call Attention Notices under Rule 66 | .. | (4)33 |
| Papers laid on the Table | .. | (4)37 |
| Presentation of Report of the Committee on Public Accounts | .. | (4)37 |
| Resumption of Discussion on Governor's Address | ... | (4)37 |
| Appendices. | .. | (i) |



PUNJAB VIDHAN SABHA SECRETARIAT, CHANDIGARH.

**Price: Rs.——** Rs 50-50



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Thursday, the* 10*th March*, 1983

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

## STARRED QUESTIONS AND ANSWERS

**ਨਿਸ਼ਾਨ ਵਾਲਾ ਪ੍ਰਸ਼ਨ ਨੰ:** 1833

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ)

### Professional Tax

***1826. Shri Gurdial Saini :** Will the Minister for Local Government be pleased to state the criteria adopted by the Government to impose a new professional tax on shopkeepers ?

**Shri Sardari Lal Kapoor :** No professional tax has been imposed on shopkeepers by the Local Government Department.

**ਸ੍ਰੀ ਓਮ ਪ੍ਰਕਾਸ਼ ਗੁਪਤਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਰਿਹੜਿਆਂ ਵਾਲੇ ਹਨ, ਜਿਹੜੇ 24 ਘੰਟੇ ਕੰਮ ਕਰਦੇ ਹਨ, ਉਨ੍ਹਾਂ ਤੋਂ ਪਹਿਲਾਂ 25 ਰੁਪਿਆ ਮਹੀਨਾ ਤਹਿਬਜ਼ਾਰੀ ਲਈ ਜਾਂਦੀ ਸੀ ਜਿਹੜੀ ਹੁਣ ਵਧਾ ਕੇ 150 ਰੁਪਏ ਤੋਂ 180 ਰੁਪਏ ਤਕ ਕਰ ਦਿਤੀ ਗਈ ਹੈ। ਕੀ ਇਹ ਇਸਨੂੰ ਵੀ ਵਾਪਸ ਲੈਣਗੇ ?

**ਮੰਤਰੀ:** ਦਰਅਸਲ ਤਹਿਬਜ਼ਾਰੀ ਦਾ ਸਿਸਟਮ ਪੈਸੇ ਇਕੱਠੇ ਕਰਨ ਲਈ ਨਹੀਂ ਹੈ। ਇਸ ਦਾ ਮਕਸਦ ਕੰਟਰੋਲ ਕਰਨਾ ਹੈ। ਕੰਟਰੋਲ ਕਰਨ ਦੇ ਸਿਲਸਿਲੇ ਵਿੱਚ ਵਿਚਾਰ ਕਰਕੇ ਘੱਟਾ ਦੇਵਾਂਗੇ।

**ਸ੍ਰੀ ਗੁਰਦਿਆਲ ਸੈਣੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਦਾ ਹਾਂ ਕਿ ਦੁਕਾਨਦਾਰਾਂ ਤੇ ਪਹਿਲਾਂ ਥੜ੍ਹਾ ਟੈਕਸ ਇਕੱਲਾ ਹੀ ਹੁੰਦਾ ਸੀ। ਪਰ ਹੁਣ ਇਨ੍ਹਾਂ ਨੇ ਛੱਪਰ ਟੈਕਸ ਵੀ ਲਗਾ ਦਿਤਾ ਹੈ। ਮਿਉਂਸਪਲ ਕਮੇਟੀ ਦੀ ਜ਼ਮੀਨ ਜਦੋਂ ਇਕ ਹੈ, ਤਾਂ ਇਹ ਦੋ ਟੈਕਸ ਕਿਉਂ ਲਗਾਏ ਗਏ ਹਨ ? ਕੀ ਇਹ ਦੂਸਰਾ ਟੈਕਸ ਵਾਪਸ ਲੈਣਗੇ ?

**ਮੰਤਰੀ:** ਇਹ ਨੋਟਿਸ ਦੇ ਦੇਣ, ਜਵਾਬ ਦੇ ਦੇਵਾਂਗੇ।

**ਸਰਦਾਰ ਗੁਰਨੈਬ ਸਿੰਘ ਬਰਾੜ:** ਸਪੀਕਰ ਸਾਹਿਬ, ਮੈਨੂੰ ਮੇਰਾ ਸਵਾਲ ਪੁਟ ਕਰਨ ਦੀ ਇਜ਼ਾਜ਼ਤ ਦਿਓ। ਮੈਂ ਅੱਧਾ ਮਿੰਟ ਹੀ ਲੇਟ ਹਾਂ।

**ਸ੍ਰੀ ਸਪੀਕਰ:** ਹੁਣ ਇਜਾਜ਼ਤ ਨਹੀਂ ਦਿਤੀ ਜਾ ਸਕਦੀ ਕਿਉਂਕਿ ਤੁਸੀਂ ਲੇਟ ਹੋ।

*Original with;*
Punjab Vidhan Sabha
*Digitized by;*
Panjab Digital Library

## Children's Park

***1835. Shri Gurdial Saini :** Will the Minister for Local Government be pleased to state whether it is a fact that the Finance Minister announced in October, 1980 that a Children's Park opposite to the School in Gandhi Camp, Jallandhar would be set up; if so, the action taken or proposed to be taken by the Government in the matter ?

**Shri Sardari Lal Kapoor :** Yes, Sir. The Children's Park at the proposed site in this area cannot be developed as the land already stands transferred to the B.S.F. Co-operative House Building Society, Jallandhar.

**ਸ਼੍ਰੀ ਗੁਰਦਿਆਲ ਸੈਣੀ :** ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਫਾਈਨਾਂਸ ਮਨਿਸਟਰ ਸਾਹਿਬ ਨੇ ਹਰੀਜਨਾਂ ਦੀ ਉਸ ਆਬਾਦੀ ਵਿਚ ਜਿਥੇ ਕੋਈ 30,000 ਦੇ ਕਰੀਬ ਗਰੀਬ ਲੋਕ ਵਸਦੇ ਹਨ, ਉਥੇ ਸਕੂਲ ਦੇ ਸਾਹਮਣੇ ਖਾਲੀ ਜਗ੍ਹਾਂ ਤੇ ਚਿਲਡਰਨ ਪਾਰਕ ਬਨਾਉਣ ਦੀ ਅਨਾਉਂਸਮੈਂਟ ਕੀਤੀ ਸੀ। ਇਸ ਬਾਰੇ ਸਥਾਨਕ ਸਰਕਾਰ ਮੰਤਰੀ ਜੀ ਨੇ ਵੀ ਕਿਹਾ ਸੀ ਜਿਹੜੇ ਕਿ ਬਹੁਤ ਮਹਾਨ ਗਾਂਧੀਵਾਦੀ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਹਾਲੇ ਵੀ ਬੀ. ਐਸ. ਐਫ. ਨੂੰ ਟਰਾਂਸਫਰ ਨਹੀਂ ਹੋਈ, ਇਸ ਲਈ ਆਲਰੇਡੀ ਸਟੇ ਆਰਡਰ ਹੋਇਆ ਹੈ ਮੇਰੀ ਤਜਵੀਜ਼ ਇਹ ਹੈ ਕਿ ਕੁਲ ਜ਼ਮੀਨ 118 ਕਨਾਲ ਹੈ। ਉਸ ਵਿਚੋਂ 112 ਕਨਾਲ ਵੀ ਜੇ ਬੀ. ਐਸ. ਐਫ. ਵਾਲਿਆਂ ਨੂੰ ਦੇ ਦਿਤੀ ਜਾਵੇ ਤਾਂ ਵੀ 6 ਕਨਾਲ ਜ਼ਮੀਨ ਤੇ ਚਿਲਡਰਨ ਪਾਰਕ ਬਣਾਇਆ ਜਾ ਸਕਦਾ ਹੈ। ਜਿਹੜੀ ਇਨ੍ਹਾਂ ਨੇ ਅਨਾਉਂਸਮੈਂਟ ਕੀਤੀ ਹੈ, ਉਸਦੇ ਮੁਤਾਬਿਕ ਜ਼ਮੀਨ ਦਿੱਤੀ ਜਾਵੇ ।

**ਮੰਤਰੀ :** ਇਹ ਜਿਸ ਜ਼ਮੀਨ ਦੀ ਗੱਲ ਕਰ ਰਹੇ ਹਨ, ਉਹ ਪਹਿਲਾਂ ਸਬਜ਼ੀ ਮੰਡੀ ਵਿਚ ਤਬਦੀਲ ਕੀਤੀ ਜਾ ਰਹੀ ਸੀ ਪਰ ਨਹੀਂ ਕੀਤੀ ਗਈ ਕਿਉਂਕਿ ਉਸਨੂੰ ਰੈਜ਼ੀਡੈਂਸ਼ੀਅਲ ਬਣਾ ਦਿਤਾ ਗਿਆ ਸੀ। ਫੇਰ ਜ਼ਮੀਨ ਬੀ. ਐਸ. ਐਫ. ਵਾਲਿਆਂ ਨੂੰ ਦੇਣ ਦਾ ਰੈਜ਼ੋਲਿਊਸ਼ਨ ਆਇਆ। ਕਿਉਂਕਿ ਬੀ. ਐਸ. ਐਫ. ਦੀਆਂ ਸਰਵਿਸਿਜ਼ ਜ਼ਿਆਦਾ ਹਨ, ਇਸ ਲਈ ਗੌਰਮਿੰਟ ਨੇ ਇਹ ਜ਼ਮੀਨ ਉਨ੍ਹਾਂ ਨੂੰ ਦੇ ਦਿੱਤੀ ।

**ਸ਼੍ਰੀ ਗੁਰਦਿਆਲ ਸੈਣੀ :** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਮੇਰੀ ਗੱਲ ਨੂੰ ਵਜ਼ੀਰ ਸਾਹਿਬ ਗੌਰ ਨਾਲ ਸੁਣਨ। ਮੈਨੂੰ ਕੋਈ ਇਤਰਾਜ਼ ਨਹੀਂ ਬੀ. ਐਸ. ਐਫ. ਦੇ ਨੌਜਵਾਨਾਂ ਨੂੰ ਇਹ ਜ਼ਮੀਨ ਦੇਣ ਤੇ। ਉਥੇ 118 ਕਨਾਲ ਜਗ੍ਹਾ ਹੈ। ਜਿਥੇ ਸਬਜ਼ੀ ਮੰਡੀ ਬਣਨੀ ਸੀ, ਇਹ ਜਗ੍ਹਾ ਉਹ ਨਹੀਂ ਹੈ। ਸਿਰਫ 6 ਕਨਾਲ ਜਗ੍ਹਾ ਦਾ ਹੀ ਸਵਾਲ ਹੈ। 112 ਕਨਾਲ ਜਗ੍ਹਾ ਇਹ ਬੇਸ਼ਕ ਬੀ. ਐਸ. ਐਫ. ਵਾਲਿਆਂ ਨੂੰ ਦੇ ਦੇਣ। ਉਥੋਂ ਦੇ ਲੋਕ ਖੁਦ ਆਪ ਰਿਜ਼ਰਵ ਪ੍ਰਾਈਸ ਦੇ ਕੇ ਜ਼ਮੀਨ ਖਰੀਦਣ ਲਈ ਤਿਆਰ ਹਨ। ਇਹ ਸਾਈਟ ਉਸ ਸਾਈਟ ਨਾਲੋਂ ਵਖਰੀ ਹੈ ਜਿਸਦਾ ਇਹ ਜ਼ਿਕਰ ਕਰ ਰਹੇ ਹਨ। ਉਥੇ ਚਿਲਡਰਨ ਪਾਰਕ ਬਨਾਉਣਾ ਬਹੁਤ ਹੀ ਜ਼ਰੂਰੀ ਹੈ।

**ਸ਼੍ਰੀ ਸਪੀਕਰ :** ਤੁਹਾਡਾ ਸੁਝਾਓ ਨੋਟ ਕਰ ਲਿਆ ਗਿਆ ਹੈ।

**ਸ਼੍ਰੀ ਗੁਰਦਿਆਲ ਸੈਣੀ :** ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਇਸ ਤਰ੍ਹਾਂ ਗਰੀਬ ਆਦਮੀ ਨਾਲ ਧੱਕਾ ਹੋ ਰਿਹਾ ਹੈ। ਮੈਨੂੰ ਇਸਦਾ ਜਵਾਬ ਲੈਣ ਦਿਓ । ਇਹ ਗਰੀਬ ਹਰੀਜਨਾਂ ਨਾਲ ਧੱਕਾ ਹੋ ਰਿਹਾ ਹੈ ਜਿਹੜਾ ਮੈਂ ਨਹੀਂ ਹੋਣ ਦਿਆਂਗਾ। ਸਿਰਫ 6 ਕਨਾਲ ਜਗ੍ਹਾ ਵਾਸਤੇ ਹੀ ਤਾਂ ਕਹਿ ਰਿਹਾ ਹਾਂ ਜਿਸਦੀ ਉਹ ਪੇਮੈਂਟ ਕਰਨ ਨੂੰ ਵੀ ਤਿਆਰ ਹਨ। ਫਿਰ ਇਨ੍ਹਾਂ ਨੂੰ ਕੀ ਇਤਰਾਜ਼ ਹੈ ।

Original with;
Punjab Vidhan Sabha
Digitized by;
Panjab Digital Library

ਮੰਤਰੀ : ਜਿਹੜਾ ਸਵਾਲ ਸੈਣੀ ਸਾਹਿਬ ਨੇ ਪੁੱਛਿਆ ਹੈ, ਉਸ ਦੇ ਸਬੰਧ ਵਿਚ ਮੈਂ ਇਹ ਕਹਾਂਗਾ ਕਿ ਜੇ 6 ਕਨਾਲ ਜਗ੍ਹਾ ਉਨ੍ਹਾਂ ਲੋਕਾਂ ਨੂੰ ਮਿਲ ਜਾਵੇ ਤਾਂ ਕੋਈ ਹਰਜ਼ ਦੀ ਗੱਲ ਨਹੀਂ। ਇਹ ਮੌਕਾ ਦੇਖ ਲਵਾਂਗੇ।

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਅਪੀਲ ਕਰਾਂਗਾ ਕਿ ਭਾਰਗੋ ਕੈਂਪ ਪਾਕਿਸਤਾਨ ਤੋਂ ਉਜੜ ਕੇ ਆਏ ਗਰੀਬ ਲੋਕਾਂ ਦੀ ਬਸਤੀ ਹੈ ਜਿਥੇ ਬੱਚਿਆਂ ਦੇ ਪੜ੍ਹਨ ਨੂੰ ਵੀ ਕੋਈ ਜਗ੍ਹਾ ਨਹੀਂ ਹੈ। ਜਿਹੜਾ ਇਹ ਐਲਾਨ ਕਰ ਆਏ ਹਨ ਉਸਨੂੰ ਪੂਰਾ ਕਰਨ ਜਾਂ ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਐਲਾਨ ਹੀ ਨਾ ਕਰਦੇ। ਇਹ ਸਰਕਾਰ ਦੀ ਅਸ਼ਿਓਰੈਂਸ ਹੈ, ਇਹ ਇਸਨੂੰ ਸਿਰੇ ਕਿਉਂ ਨਹੀਂ ਚੜ੍ਹਾਉਂਦੇ ?

ਮੰਤਰੀ : ਮੈਂ ਹਣੇ ਕਿਹਾ ਹੈ ਕਿ ਮੌਕਾ ਦੇਖ ਲਵਾਂਗੇ।

ਮਾਸਟਰ ਬਾਬੂ ਸਿੰਘ : ਸਪੀਕਰ ਸਾਹਿਬ, ਮੈ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ। ਜਿਹੜਾ ਸਵਾਲ ਸੈਣੀ ਸਾਹਿਬ ਨੇ ਪੁੱਛਿਆ ਹੈ, ਉਸ ਵਿੱਚ ਬੜਾ ਕਲੀਅਰ ਹੈ ਕਿ ਐਫ. ਐਮ. ਸਾਹਿਬ ਕੁਮਿਟਮੈਂਟ ਕਰਕੇ ਆਏ ਹਨ ਕਿ ਚਿਲਡਰਨ ਪਾਰਕ ਬਣਾ ਦਿਤਾ ਜਾਵੇਗਾ। ਹੁਣ ਲੋਕਲ ਸੈਲਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜ਼ਮੀਨ ਬੀ. ਐਸ. ਐਫ. ਨੂੰ ਦੇ ਦਿਤੀ ਗਈ ਹੈ। ਇਹ ਵਜ਼ੀਰਾਂ ਨੂੰ ਤਾੜਨਾ ਦੇ ਦਿਓ ਕਿ ਪਾਲਿਸੀ ਮੈਟਰਜ਼ ਤੇ ਫੈਸਲਾ ਕਰਨ ਤੋਂ ਬਾਅਦ ਹੀ ਕੋਈ ਅਨਾਉਂਸ-ਮੈਂਟ ਕਰਿਆ ਕਰਨ। ਇਸਦਾ ਐਟ ਰੈਂਡਮ ਹੀ ਐਲਾਨ ਨਹੀਂ ਕਰਨਾ ਚਾਹੀਦਾ। ਜਦੋਂ ਐਫ. ਐਮ. ਨੇ 1980 ਵਿਚ ਅਨਾਉਂਸ ਕੀਤਾ ਹੈ ਤਾਂ ਹੁਣ ਕੀ ਵਜਾਹ ਹੈ ਕਿ ਜ਼ਮੀਨ ਨਹੀਂ ਦਿੱਤੀ ਜਾ ਰਹੀ।

ਵਿੱਤ ਮੰਤਰੀ : ਇਸ ਵਿਚ ਕੋਈ ਸ਼ੱਕ ਨਹੀਂ ਕਿ ਅਨਾਉਂਸਮੈਂਟ ਕੀਤੀ ਗਈ ਸੀ ਪਰ ਉਹ ਅਸ਼ੋਰੈਂਸ ਹਾਊਸ ਦੀ ਨਹੀਂ ਹੈ। ਜਦੋਂ ਐਲਾਨ ਕੀਤਾ ਗਿਆ ਸੀ ਤਾਂ ਉਸ ਵਕਤ ਜ਼ਮੀਨ ਪਾਰਕ ਦੀ ਸ਼ਕਲ ਵਿਚ ਸੀ। ਉਸ ਵਕਤ ਮਹਿਸੂਸ ਕੀਤਾ ਗਿਆ ਕਿ ਚਿਲਡਰਨ ਪਾਰਕ ਬਣਾ ਦਿੱਤਾ ਜਾਵੇ। ਪਰ ਹਰ ਵਕਤ ਪਰਾਇਰਟੀ ਉਸ ਚੀਜ਼ ਦੀ ਅਰਜੈਂਸੀ ਐਮਰਜੈਂਸੀ ਅਤੇ ਉਸਦੀ importance ਦੇ ਅਨੁਸਾਰ ਹੀ ਨਿਸ਼ਚਿਤ ਕੀਤੀ ਜਾਂਦੀ ਹੈ। ਇਹ announcement ਕੋਈ ਐਸੀ ਚੀਜ਼ ਨਹੀਂ ਹੈ ਕਿ ਪਰਮਾਨੈਂਟ ਫੈਸਲਾ ਸਰਕਾਰ ਦਾ ਬਣ ਗਿਆ। ਇਹ ਗੌਰਮਿੰਟ ਦੀ ਪਰੋਪੋਜ਼ਲ ਸੀ ਕਿ ਪਾਰਕ ਬਣਾਇਆ ਜਾਵੇਗਾ। ਪਰ ਕਿਉਂਕਿ ਬੀ. ਐਸ. ਐਫ. ਦੀ ਅਰਜੈਂਸੀ ਜ਼ਿਆਦਾ ਸੀ, ਇਸ ਲਈ ਗੌਰਮਿੰਟ ਨੇ ਫੈਸਲਾ ਉਸ ਦੇ ਹੱਕ ਵਿਚ ਕਰ ਦਿਤਾ।

ਸ੍ਰੀ ਸਪੀਕਰ : ਅਨਾਉਂਸਮੈਂਟ ਕਰਨ ਤੋਂ ਪਹਿਲਾਂ ਮਾਮਲੇ ਨੂੰ ਠੀਕ ਤਰ੍ਹਾਂ ਘੋਖ ਲੈਣਾ ਚਾਹੀਦਾ ਹੈ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਵਾਲ ਬੜਾ ਸਪਸ਼ਟ ਹੈ। ਇਨ੍ਹਾਂ ਨੇ ਕਿਹਾ ਸੀ ਕਿ ਉਥੇ ਪਾਰਕ ਬਣਾਇਆ ਜਾਏਗਾ ਪਰ ਇਥੇ ਹੁਣ ਇਹਨਾਂ ਨੇ ਹੋਰ ਗੱਲ ਕਹਿ ਦਿੱਤੀ ਹੈ। ਹੁਣ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਥੇ ਪਾਰਕ ਬਣਾਉਣਗੇ ਕਿ ਨਹੀਂ ਜਾਂ ਕਿ ਇਹ ਆਪਣੀ ਉਹ ਅਨਾਉਂਸ-ਮੈਂਟ ਜਿਹੜੀ ਉਥੇ ਕਰਕੇ ਆਏ ਹਨ ਉਸਨੂੰ ਵਾਪਿਸ ਲੈ ਰਹੇ ਹਨ ?

ਸ੍ਰੀ ਸਪੀਕਰ : ਇਸਦਾ ਜਵਾਬ ਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਦਿਤੀ ਹੈ। ਸਪੀਕਰ ਸਾਹਿਬ, ਇੱਕ ਜ਼ਿੰਮੇਵਾਰ ਮਨਿਸਟਰ ਆਪ ਜਾਕੇ ਅਨਾਉਂਸ ਕਰੇ ਔਰ ਹਾਊਸ ਵਿੱਚ ਆ ਕੇ ਕਹਿ ਦੇਵੇ ਕਿ ਪਹਿਲਾਂ ਕੁਝ ਹੋਰ ਕਿਹਾ ਸੀ ਔਰ ਐਸ਼ੋਰੈਂਸ ਸਿਰਫ ਉਹੀ ਹੈ ਜਿਹੜੀ ਹਾਊਸ ਵਿਚ ਦਿਤੀ ਜਾਵੇ। ਪਬਲਿਕ ਵਿਚ ਕੀਤੀ ਅਨਾਉਂਸਮੈਂਟ ਨਾ ਮੰਨੀ ਜਾਵੇ। ਇਹ ਗਲ ਗਲਤ ਹੈ।

**ਵਿੱਤ ਮੰਤਰੀ** : ਜਦੋਂ ਕੋਈ ਮਨਿਸਟਰ ਬਾਹਰ ਪਬਲਿਕ ਵਿਚ ਜਾਂਦਾ ਹੈ ਤਾਂ ਇਲਾਕੇ ਦੇ ਲੋਕ ਗੌਰਮਿੰਟ ਦੇ ਸਾਹਮਣੇ ਆਪਣੀ ਪਰਪੋਜ਼ਲ ਰੱਖਦੇ ਹਨ। ਉਸ ਵਕਤ ਉਹਨਾਂ ਦੀ ਪਰਪੋਜ਼ਲ ਬਾਰੇ ਮਨਿਸਟਰ ਕਹਿ ਦਿੰਦੇ ਹਨ ਕਿ ਇਸ ਤੇ ਹਮਦਰਦੀ ਨਾਲ ਵਿਚਾਰ ਕਰਾਂਗੇ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਗੌਰਮਿੰਟ ਦਾ ਡਿਸੀਜ਼ਨ ਉਹੀ ਹੁੰਦਾ ਹੈ ਜਿਹੜਾ ਚੀਫ ਮਨਿਸਟਰ ਜਾਂ ਕੈਬਨਿਟ ਕਰਦੀ ਹੈ।

---

## Widening of road from Adampur to Bhogpur

***1856. Comrade Kulwant Singh**
**Comrade Sarwan Singh Cheema** : Will the Minister for Public Works be pleased to state whether it is a fact that the work relating to widening of the road from Adampur to Bhogpur has been taken in hand ; if so, the date when it was taken in hand and the time by which it is likely to be completed ?

**Sardar Beant Singh :** Yes. The work of widening Adampur-Bhogpur road from 9' to 23' was started in March, 1981. Efforts will be made to complete it as early as possible.

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਸਵਾਲ ਬੜਾ ਕਲੀਅਰ ਹੈ। ਇਕ ਮੈਂ ਪੁੱਛਿਆ ਸੀ ਕਿ ਮੈਨੂੰ ਸਮਾਂ ਦੱਸਿਆ ਜਾਵੇ ਕਿ ਕਦੋਂ ਤੱਕ ਇਹ ਸੜਕ ਚੌੜੀ ਕਰਨੀ ਸ਼ੁਰੂ ਕੀਤੀ ਸੀ। ਉਹ ਤਾਂ ਇਹਨਾਂ ਨੇ ਦੱਸ ਦਿਤਾ ਹੈ। ਦੂਸਰਾ ਮੇਰਾ ਸਵਾਲ ਹੈ ਕਿ ਕਦੋਂ ਤੱਕ ਇਹ ਸੜਕ ਮੁਕੰਮਲ ਹੋ ਜਾਵੇਗੀ। ਉਸ ਬਾਰੇ ਇਹਨਾਂ ਨੇ ਦਸਿਆ ਹੈ, ਸਪੀਕਰ ਸਾਹਿਬ, ਕਿ ਕੰਮ ਜਲਦੀ ਮੁਕੰਮਲ ਕੀਤਾ ਜਾ ਰਿਹਾ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਆਦਮਪੁਰ ਭੋਗਪੁਰ ਜੋ ਸੜਕ ਹੈ ਇਹ ਸੜਕ ਡੀਫੈਂਸ ਪੱਖ ਤੋਂ ਕੇਵਲ ਪੰਜਾਬ ਨੂੰ ਹੀ ਨਹੀਂ ਸਗੋਂ ਹਿੰਦੁਸਤਾਨ ਨੂੰ ਵੀ ਲੋੜੀਂਦੀ ਹੈ। ਕਿਉਂਕਿ ਜੇ ਆਦਮਪੁਰ ਐਰੋਡਰੋਮ ਤੋਂ ਪਠਾਨਕੋਟ ਨੂੰ ਜਾਣਾ ਹੋਵੇ ਤਾਂ 40 ਕਿਲੋਮੀਟਰ ਰਸਤੇ ਦਾ ਫਰਕ ਹੈ। ਜੇ ਇਹ ਸੜਕ ਬਣਾ ਦਿਤੀ ਜਾਵੇ ਤਾਂ ਇਹ ਰਸਤਾ ਘਟਦਾ ਹੈ। ਇਸ ਨੂੰ 1981 ਵਿੱਚ ਸ਼ੁਰੂ ਕੀਤਾ ਗਿਆ ਸੀ। ਸਪੀਕਰ ਸਾਹਿਬ, ਇਹ ਕੋਈ ਪੱਕੀ ਤਾਰੀਖ ਦੇਣ ਕਦੋਂ ਤਕ ਇਹ ਚੌੜੀ ਕਰ ਦਿੱਤੀ ਜਾਵੇਗੀ। ਦੂਸਰੇ ਪਾਸੇ ਇਕਨਾਮਿਕ ਪੱਖ ਤੋਂ ਵੀ ਇਹ ਠੀਕ ਹੈ ਕਿਉਂਕਿ ਉਥੇ ਭੋਗਪੁਰ ਗੰਨਾ ਮਿਲ ਵਿੱਚ ਰੋਜ਼ ਬਹੁਤ ਗੰਨਾ ਜਾਂਦਾ ਹੈ, ਸੜਕ ਤੇ ਬਹੁਤ ਰਸ਼ ਰਹਿੰਦਾ ਹੈ ਜਿਸ ਕਰਕੇ ਉਥੇ ਰੋਜ਼ ਐਕਸੀਡੈਂਟ ਹੋ ਜਾਂਦੇ ਹਨ। ਜਦੋਂ ਇਹ ਸੜਕ ਚੌੜੀ ਹੋ ਜਾਵੇਗੀ ਤਾਂ ਲੋਕਾਂ ਦੀ ਖਲਾਸੀ ਹੋ ਸਕਦੀ ਹੈ। ਸਪੀਕਰ ਸਾਹਿਬ, ਕਦੋਂ ਤੱਕ ਇਹ ਸੜਕ ਮੁਕੰਮਲ ਕਰ ਦਿਤੀ ਜਾਵੇਗੀ? ਹੁਣ ਤਾਂ ਇਨ੍ਹਾਂ ਕੋਲ ਪੈਸੇ ਵੀ ਆ ਗਏ ਹਨ। ਹੁਣ ਤਾਂ ਇਹਨਾਂ ਨੇ ਮਾਰਕਿਟ ਸੈਸ ਵਗੈਰਾ ਵੀ ਲਾ ਦਿੱਤੇ ਹਨ। ਪ੍ਰਾਇਰਿਟੀ ਦੇ ਕੇ ਕਦੋਂ ਤਕ ਚੌੜੀ ਕਰ ਦਿਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਜਿਹੜੀ ਇਨ੍ਹਾਂ ਨੇ ਡੀਫੈਂਸ ਵਾਲੀ ਗੱਲ ਕਹੀ ਹੈ ਉਹ ਸਾਨੂੰ ਡੀਫੈਂਸ ਡਿਪਾਰਟਮੈਂਟ ਹੀ ਦੱਸਦਾ ਹੈ ਕਿ ਕਿਹੜਾ ਸਟਰੈਟਜਿਕ ਰੋਲ ਹੈ ਪਰ ਉਹ ਗੱਲ ਤਾਂ ਇਸ ਵਿਚ ਆਉਂਦੀ ਨਹੀਂ। ਦੂਸਰੀ ਗੱਲ ਇਨ੍ਹਾਂ ਨੇ ਕੀਤੀ ਹੈ ਕਿ ਉਥੇ ਗੰਨਾ ਜਾਂਦਾ ਹੈ ਇਸ ਕਰਕੇ ਬਹੁਤ ਰਸ਼ ਰਹਿੰਦਾ ਹੈ। ਇਹ ਗਲ ਮੰਨਣਯੋਗ ਹੈ । ਠੀਕ ਹੈ ਉਥੇ ਇਸ ਮਿੱਲ ਵਿੱਚ ਗੰਨਾ ਜਾਂਦਾ ਹੈ। ਅਸੀਂ ਯਤਨ ਕਰਕੇ ਤੀਸਰਾ ਹਿੱਸਾ ਕੰਮ ਮੁਕੰਮਲ ਕਰ ਵੀ ਲਿਆ ਹੈ। ਸਪੀਕਰ ਸਾਹਿਬ, ਡੇਟ ਨਹੀਂ ਦੱਸੀ ਜਾ ਸਕਦੀ ਕਿਉਂਕਿ ਇਸ ਸੰਸਾਰ ਵਿਚ ਡੇਟ ਫਿਕਸ ਕਰਨਾ ਬਹੁਤ ਔਖਾ ਹੈ। ਲੇਕਿਨ ਸੜਕ ਜ਼ਰੂਰ ਚੌੜੀ ਕਰ ਦਿਤੀ ਜਾਵੇਗੀ।

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕ ਦਾ ਫਾਸਲਾ 16 ਕਿਲੋਮੀਟਰ ਹੈ । ਇਸ ਦੇ ਇਕ ਪਾਸੇ ਸ਼ੂਗਰ ਮਿੱਲ ਹੈ ਔਰ ਦੂਜੇ ਪਾਸੇ ਹਵਾਈ ਅੱਡਾ ਹੈ। ਆਵਾਜਾਈ ਇਸ ਸੜਕ ਤੇ ਬਹੁਤ ਹੈ। ਇਸ ਕਰਕੇ ਐਕਸੀਡੈਂਟ ਹੋ ਰਹੇ ਹਨ। ਸੜਕ ਦੀ ਚੌੜਾਈ ਕਾਫੀ ਘੱਟ ਹੈ। ਫਿਰ ਇਹ 16 ਕਿਲੋਮੀਟਰ ਸੜਕ ਦੋ ਸਾਲ ਵਿੱਚ ਨਹੀਂ ਬਣ ਸਕਦੀ। ਤਿੰਨ ਕਿਲੋਮੀਟਰ ਹਰ ਸਾਲ ਦੀ ਬਣ ਰਹੀ ਹੈ। ਇਹ ਕੀ ਫਾਰਮੂਲਾ ਹੈ। ਕਿਸ ਫਾਰਮੂਲੇ ਨਾਲ ਇਹ ਸੜਕ ਬਣ ਰਹੀ ਹੈ। ਇਸਦੇ ਮੁਕੰਮਲ ਹੋਣ ਦੀ ਕੋਈ ਤਾਰੀਕ ਵੀ ਨਹੀਂ ਦੱਸੀ ਜਾ ਰਹੀ।

**ਮੰਤਰੀ** : ਸਪੀਕਰ ਸਾਹਿਬ, ਫਾਰਮੂਲਾ ਤਾਂ ਕੋਈ ਨਹੀਂ। ਇਨ੍ਹਾਂ ਨੇ ਕਿਹਾ ਹੈ ਕਿ ਐਕਸੀ-ਡੈਂਟ ਹੋ ਰਹੇ ਹਨ। ਐਕਸੀਡੈਂਟ ਇਸ ਕਰਕੇ ਨਹੀਂ ਹੁੰਦੇ ਕਿ ਸੜਕ ਚੌੜੀ ਨਹੀਂ ਹੁੰਦੀ। ਸੜਕ ਚੌੜੀ ਕਰਨ ਵਾਸਤੇ ਅਸੀਂ ਭਰਪੂਰ ਕੋਸ਼ਿਸ਼ ਕੀਤੀ ਹੈ। ਇਸ ਵਾਰ ਵੀ ਪੈਸੇ ਮੰਗੇ ਹਨ । ਹੋਰ ਪੈਸੇ ਲੈ ਕੇ ਇਸ ਨੂੰ ਜ਼ਰੂਰ ਚੌੜਾ ਕੀਤਾ ਜਾਵੇਗਾ। ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਯਕੀਨ ਦਿਵਾਉਂਦਾ ਹਾਂ ਕਿ ਡੇਟ ਨਹੀਂ ਦਿਤੀ ਜਾ ਸਕਦੀ ਇਹ ਕੰਮ ਡੇਟ ਤੋਂ ਅੱਗੇ ਪਿਛੇ ਵੀ ਮੁਕੰਮਲ ਹੋ ਸਕਦਾ ਹੈ ਲੇਕਿਨ ਸੜਕ ਚੌੜੀ ਜ਼ਰੂਰ ਕੀਤੀ ਜਾਵੇਗੀ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਮਾਨਯੋਗ ਮਨਿਸਟਰ ਸਾਹਿਬ ਜੀ ਨੇ ਪਿਛਲੇ ਸੈਸ਼ਨ ਵਿੱਚ ਮੇਰੇ ਇੱਕ ਸਵਾਲ ਦੇ ਜਵਾਬ ਵਿਚ ਆਖਿਆ ਸੀ ਕਿ ਮਾਨਸਾ-ਸਿਰਸਾ ਸੜਕ ਨੂੰ ਚੌੜੀ ਕਰਨ ਦਾ ਕੰਮ ਬੜੀ ਛੇਤੀ ਚਲ ਰਿਹਾ ਹੈ। ਇਸੇ ਤਰ੍ਹਾਂ ਹੀ ਬੁਢਲਾਡੇ ਤੋਂ ਰਤੀਆ ਜਿਹੜੀ ਸੜਕ ਹੈ ਉਸਦੀ ਹਾਲਤ ਬੜੀ ਖਰਾਬ ਪਈ ਹੈ। ਉਥੇ ਇਨ੍ਹਾਂ ਨੇ ਕੰਮ ਕਰਨਾ ਸ਼ੁਰੂ ਕੀਤਾ ਸੀ ਪਰ ਹੁਣ ਇਹ ਬਿਲਕੁਲ ਬੰਦ ਪਿਆ ਹੈ ਜਦੋਂ ਕਿ ਇਹਨਾਂ ਨੇ ਪਿਛਲੇ ਸੈਸ਼ਨ ਵਿੱਚ ਕਿਹਾ ਸੀ ਕਿ ਉਹ ਕੰਮ ਬੜੀ ਛੇਤੀ ਮੁਕੰਮਲ ਕਰਾਂਗੇ, ਔਰ ਹੁਣ ਵੀ ਇਹ ਇਸ ਤਰ੍ਹਾਂ ਹੀ ਆਖੀ ਜਾ ਰਹੇ ਹਨ ।

**ਮੰਤਰੀ** : ਸਪੀਕਰ ਸਾਹਿਬ, ਆਦਮਪੁਰ ਤੋਂ ਭੋਗਪੁਰ ਦੀ ਸੜਕ ਦਾ ਸਵਾਲ ਹੈ, ਔਰ ਇਹ ਮੈਂਬਰ ਸਾਹਿਬਾਨ ਮਾਨਸਾ ਤੇ ਬੁਢਲਾਡਾ ਦੀ ਗੱਲ ਕਰੀ ਜਾ ਰਹੇ ਹਨ। ਇਹ ਆਦਮਪੁਰ ਤੋਂ ਟੱਪ ਕੇ ਮਾਨਸਾ ਬੁਢਲਾਡਾ ਵੱਲ ਨੂੰ ਚਲੇ ਗਏ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਦੀ ਸੜਕ ਵੀ ਚੌੜੀ ਕਰਨੀ ਹੈ ਤਾਂ ਇਹ ਮੇਰੇ ਕੋਲ ਚੈਂਬਰ ਵਿਚ ਆ ਕੇ ਗੱਲ ਕਰ ਲੈਣ ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਜਿਹੜੀਆਂ ਸੜਕਾਂ ਚੌੜੀਆਂ ਕੀਤੀਆਂ ਜਾਂਦੀਆਂ ਹਨ ਉਸਦੇ ਨਾਰਮਜ਼ ਕੀ ਹਨ ? ਸਾਡੇ ਦੇਖਣ ਵਿੱਚ ਆਇਆ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਹੈ ਕਿ ਜਿਹੜੀਆਂ ਸੜਕਾਂ ਵਜ਼ੀਰਾਂ ਦੇ ਪਿੰਡਾਂ ਵਿੱਚ ਜਾਂਦੀਆਂ ਹਨ ਜਾਂ ਉਨ੍ਹਾਂ ਦੇ ਨੇੜੇ ਤੇੜੇ ਦੇ ਪਿੰਡਾਂ ਵੱਲ ਨੂੰ ਜਾਂਦੀਆਂ ਹਨ ਉਨ੍ਹਾਂ ਨੂੰ ਹੀ ਚੌੜਾ ਕੀਤਾ ਜਾ ਰਿਹਾ ਹੈ । ਜਿਹੜੇ ਆਮ ਲੋਕ ਹਨ ਉਹਨਾਂ ਦੇ ਪਿੰਡਾਂ ਨੂੰ ਜਾਣ ਵਾਲੀਆਂ ਜਿਹੜੀਆਂ ਸੜਕਾਂ ਹਨ ਉਹਨਾਂ ਦੀ ਹਾਲਤ ਬੜੀ ਖਸਤਾ ਹੈ। ਸੜਕਾਂ ਚੌੜੀਆਂ ਕਰਨ ਲਈ ਕਿਹੜੀ ਕਸਵੱਟੀ ਹੈ ਜਿਸ ਨਾਲ ਸੜਕ ਚੌੜੀ ਕੀਤੀ ਜਾਂਦੀ ਹੈ। ਇਹ ਕਸੌਟੀ ਸਾਨੂੰ ਵੀ ਦੱਸੀ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਇਨ੍ਹਾਂ ਦਾ ਜਿਹੜਾ ਸਵਾਲ ਹੈ ਇਹ ਬੜਾ ਐਮਬੀਗੁਅਸ ਹੈ। ਇਹ ਕੋਈ ਪਰਟੀਕੁਲਰ ਸਵਾਲ ਨਹੀਂ। ਇਹ ਐਵੇਂ ਹੀ ਆਖੀ ਜਾਂਦੇ ਹਨ ਕਿ ਵਜ਼ੀਰਾਂ ਦੇ ਪਿੰਡਾਂ ਦੀਆਂ ਸੜਕਾਂ ਚੌੜੀਆਂ ਹੋ ਗਈਆਂ ਹਨ। ਸਪੀਕਰ ਸਾਹਿਬ, ਇਹ ਐਸ-ਪਰਸ਼ਨ ਹੈ। ਇਹ ਦੱਸਣ ਕਿੱਥੇ ਇਸ ਤਰ੍ਹਾਂ ਕੀਤਾ ਗਿਆ ਹੈ। ਐਵੇਂ ਆਖੀ ਜਾ ਰਹੇ ਹਨ ।

(ਇਸ ਸਮੇਂ ਪ੍ਰੋਫੈਸਰ ਬਲਵੰਤ ਸਿੰਘ ਸਪਲੀਮੈਂਟਰੀ ਕਰਨ ਲਈ ਬੇਨਤੀ ਕਰ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਕਾਮਰੇਡ ਸੋਹਣ ਸਿੰਘ ਨੂੰ ਸਪਲੀਮੈਂਟਰੀ ਕਰਨ ਲਈ ਇਜਾਜ਼ਤ ਦਿਤੀ)

**ਕਾਮਰੇਡ ਸੋਹਣ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਤੋਂ ਮਹਿਤਾ ਨੂੰ ਜਿਹੜੀ ਸੜਕ ਜਾਂਦੀ ਹੈ ਇਹ ਸੜਕ ਬੜੀ ਹੀ ਅਹਿਮ ਹੈ । ਅਗੇ ਜਾ ਕੇ ਇਹ ਸੜਕ ਹੁਸ਼ਿਆਰਪੁਰ ਨੂੰ ਨਿਕਲ ਜਾਂਦੀ ਹੈ। ਇਹ ਸੜਕ ਬੜੀ ਛੋਟੀ ਹੈ। ਪਿੱਛੇ ਜਿਹੇ ਇਹਨਾਂ ਨੇ ਉਸ ਸੜਕ ਨੂੰ ਚੌੜਾ ਕਰਨਾ ਸ਼ੁਰੂ ਕੀਤਾ ਪਰ ਉਹ ਹਾਲੇ ਤੱਕ ਵੀ ਅਧੂਰੀ ਪਈ ਹੈ। ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਪੁਛਦਾ ਹਾਂ ਕਿ ਅੰਮ੍ਰਿਤਸਰ ਤੋਂ ਜਿਹੜੀ ਮਹਿਤੇ ਨੂੰ ਸੜਕ ਜਾਂਦੀ ਹੈ ਉਸ ਨੂੰ ਕਦੋਂ ਚੌੜਾ ਕਰਨਾ ਸ਼ੁਰੂ ਕੀਤਾ ਹੈ ਔਰ ਉਹ ਕਦੋਂ ਤੱਕ ਚੌੜੀ ਕੀਤੀ ਜਾਵੇਗੀ। ਅੱਜ ਹਾਊਸ ਵਿਚ ਬੜਾ ਅਹਿਮ ਮਸਲਾ ਆ ਗਿਆ ਹੈ। ਇਹ ਸਾਨੂੰ ਯਕੀਨ ਦਿਵਾਉਣ ਕਿ ਇਹ ਕਦੋਂ ਤੱਕ ਪੂਰੀ ਕੀਤੀ ਜਾਵੇਗੀ।

**ਮੰਤਰੀ :** ਆਮ ਤੌਰ ਤੇ ਸੜਕਾਂ ਚੌੜੀਆਂ ਟ੍ਰੈਫਿਕ ਦੇ ਵਾਲਿਊਮ ਦੇ ਮੁਤਾਬਿਕ ਕੀਤੀਆਂ ਜਾਂਦੀਆਂ ਹਨ। ਠੀਕ ਹੈ ਇਸ ਤਰ੍ਹਾਂ ਕਰਨਾ ਸ਼ੁਰੂ ਕੀਤਾ ਹੈ। ਇਹ ਦੱਸਣਾ ਕਿ ਕੀ ਪਰੋਗਰਾਮ ਹੈ ਔਰ ਇਹ ਕਿੰਨੇ ਚਿਰ ਵਿਚ ਹੋਏਗਾ ਔਰ ਕਿੰਨੇ ਪੈਸੇ ਚਾਹੀਦੇ ਹਨ, ਇਸ ਲਈ ਸੈਪਰੇਟ ਨੋਟਿਸ ਦੇਣਾ ਚਾਹੀਦਾ ਹੈ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ ;** ਸਪੀਕਰ ਸਾਹਿਬ, ਮੈਂ ਬਹੁਤ ਦੁਖੀ ਹਾਂ। ਸਰਦਾਰ ਬੇਅੰਤ ਸਿੰਘ ਜੀ ਮੇਰੇ ਨਾਲ ਤਿੰਨ ਸਾਲਾਂ ਤੋਂ ਵਾਅਦਾ ਕਰ ਰਹੇ ਹਨ। ਮੇਰੇ ਹਲਕੇ ਵਿਚ ਦੋ ਤਿੰਨ ਸੜਕਾਂ ਰਹਿੰਦੀਆਂ ਹਨ ਜਿਥੇ ਕਦੇ ਵੀ ਮੁਰੰਮਤ ਨਹੀਂ ਹੋਈ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਬਾਰੇ ਮੈਂ ਇਨ੍ਹਾਂ ਨੂੰ ਦੱਸਿਆ ਹੈ ਉਨ੍ਹਾਂ ਨੂੰ ਕਦੋਂ ਤੱਕ ਇਹ ਬਣਾ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਥੋੜ੍ਹਾ ਜਿਹਾ ਸਬਰ ਤੋਂ ਇਹ ਕੰਮ ਲਿਆ ਕਰਨ। ਤਿੰਨ ਸਾਲਾਂ ਤੋਂ ਕਦੋਂ ਮੈਂ ਇਨ੍ਹਾਂ ਨੂੰ ਯਕੀਨ ਦਿਲਾਉਂਦਾ ਰਿਹਾ ਹਾਂ। ਮੇਰੇ ਕੋਲ ਤਾਂ ਇਹ ਮਹਿਕਮਾ ਹੁਣ ਹੀ ਆਇਆ ਹੈ। ਇਨ੍ਹਾਂ ਦਾ ਸਾਰਾ ਇਲਾਕਾ ਸ਼ਹਿਰ ਵਿਚ ਆਉਂਦਾ ਹੈ। ਕੋਈ ਮਾੜਾ ਮੋਟਾ ਹਿਸਾ ਇਨ੍ਹਾਂ ਦਾ ਪੀ. ਡਬ-ਲਿਊ. ਡੀ. ਕੋਲ ਆਉਂਦਾ ਹੈ ਜਿਥੋਂ ਦੀ ਜੀ. ਟੀ. ਰੋਡ ਲੰਘਦੀ ਹੈ ਜਾਂ ਫਿਰ ਸਮਰਾਲਾ ਰੋਡ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਸਮਰਾਲਾ ਰੋਡ ਦੀ ਮੁਰੰਮਤ ਕਰਾਉਣੀ ਸ਼ੁਰੂ ਕੀਤੀ ਹੈ। ਜੇ ਕੋਈ

Original with;
Punjab Vidhan Sabha
Digitized by;
Panjab Digital Library

ਪੀ. ਡਬਲਿਯੂ. ਡੀ. ਦੀ ਸੜਕ ਬਾਰੇ ਇਹ ਕਹਿੰਦੇ ਹਨ ਤਾਂ ਇਹ ਮੇਰੇ ਨੋਟਿਸ ਵਿਚ ਲਿਆ ਦੇਣ ਬਾਕੀ ਸੜਕਾਂ ਇਨ੍ਹਾਂ ਦੀਆਂ ਕਾਰਪੋਰੇਸ਼ਨ ਦੀਆਂ ਹਨ ਅਤੇ ਉਲਾਂਬਾ ਇਹ ਕਿਸੇ ਹੋਰ ਨੂੰ ਦਿੰਦੇ ਹਨ।

**Starred Question No. 1844**

**Mr. Speaker :** Extension has been asked for in respect of Starred Question No. 1844.*

**ਸਰਦਾਰ ਸ਼ਮਸ਼ੇਰ ਸਿੰਘ :** ਸਪੀਕਰ ਸਾਹਿਬ, ਕੀ ਇਸ ਸਵਾਲ ਦਾ ਜਵਾਬ ਇਸੇ ਸੈਸ਼ਨ ਵਿਚ ਆ ਜਾਏਗਾ ?

**ਸ੍ਰੀ ਸਪੀਕਰ :** ਆ ਜਾਏਗਾ।

**Revenue and expenditure of the Punjab School Education Board**

***1846. Shri Gopal Krishan Chatrath**
**Sardar Harcharan Singh Hero** } : Will the Minister for Education be pleased to state the detail of total revenue and expenditure of the Punjab School Education Board during the last five financial years separately?

**Sardar Harcharan Singh Ajnala :** A statement is laid on the Table of the House.

**Statement showing Income and Expenditure of Punjab School Education Board for the period 1977-78 to 1981-82**

The position regarding the total revenue and expenditure of the Punjab School Education Board for the last five years is given below :—

| | 1977-78 | 1978-79 | 1979-80 | 1980-81 | 1981-82 |
|---|---|---|---|---|---|
| | | | (Rs. in lakhs) | | |
| Income .. | 421·32 | 453·50 | 503·41 | 542·22 | 582·78 |
| Expenditure .. | 282·39 | 376·74 | 528·10 | 610·15 | 600·08 |
| Net Position .. | +138·93 | +·76·76 | —24·69 | —67·93 | —17·30 |

Further details are as under :—

HEADS OF INCOME AND EXPENDITURE
(Rs. in lakhs)

| Income | 1977-78 | 1978-79 | 1979-80 | 1980-81 | 1981-82 |
|---|---|---|---|---|---|
| 1. Examination fee .. | 187·82 | 194·00 | 184·10 | 208·46 | 224·22 |
| 2. Certificate fee etc. .. | 1·08 | 1·54 | 1·99 | 2·35 | 2·97 |
| 3. Interest on investments .. | 26·35 | 26·65 | 25·90 | 34·44 | 23·47 |
| 4. Publications .. | 196·25 | 216·60 | 269·02 | 273·67 | 304·70 |
| 5. Miscellaneous .. | 5·00 | 11·25 | 14·51 | 15·28 | 18·20 |
| 6. Loans and Advances .. | 2·81 | 3·46 | 4·12 | 4·95 | 6·16 |
| 7. Suspense accounts .. | 2·01 | .. | 3·77 | 3·07 | 3·06 |
| Total .. | 421·32 | 453·50 | 503·41 | 542·22 | 582·78 |

*For Starred Question No. 1844 and reply thereto please see Punjab Vidhan Sabha Debates dated 15th March, 1983.

Original with;
Punjab Vidhan Sabha
Digitized by;
Panjab Digital Library

[Minister for Education]

| | 1977-78 | 1978-79 | 1979-80 | 1980-81 | 1981-82 |
|---|---|---|---|---|---|
| | | | (Rs. in lakhs) | | |
| Expenditure— | | | | | |
| 1. General Administration .. | 73·52 | 74·50 | 109·23 | 154·07 | 61·49* |
| 2. Conduct of Exams .. | 88·20 | 121·24 | 117·45 | 137·28 | 225·53 |
| 3. Education Development | 2·07 | 3·15 | 9·28 | 9·88 | 30·20 |
| 4. Publications .. | 83·70 | 85·34 | 154·60 | 192·38 | 134·40 |
| 5. Text Book Sales Depots | 9·96 | 12·20 | 20·07 | 34·15 | 72·87 |
| 6. Health Centre .. | 2·18 | 2·79 | 3·13 | 4·41 | 5·03 |
| 7. Miscellaneous .. | 16·82 | 24·73 | 34·74 | 27·18 | 28·02 |
| 8. Loans and Advances .. | 5·94 | 7·79 | 8·51 | 15·02 | 15·79 |
| 9. Capital Expenditure .. | .. | .. | .. | 10·15 | 6·05 |
| 10. Adarsh Schools .. | .. | 45·00 | 71·09 | 25·63 | 20·70 |
| Total .. | 282·39 | 376·74 | 528·10 | 610·15 | 600·08 |

*From 1981-82 the expenditure on establishment of certain branches has been started to be included under the respective heads of those branches by excluding it from the head 'General Administration."

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਮੈਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਆਮਦਨ ਅਤੇ ਖਰਚ ਪਿਛਲੇ ਪੰਜ ਸਾਲਾਂ ਦਾ ਪੁੱਛਿਆ ਸੀ। 1977-78 ਵਿਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੂੰ 138 ਲੱਖ ਦਾ ਪ੍ਰਾਫਿਟ ਹੋਇਆ। 1978-79 ਵਿਚ 76 ਲੱਖ ਦਾ ਫਾਇਦਾ ਹੋਇਆ। 1979-80 ਵਿਚ 24 ਲੱਖ ਦਾ ਘਾਟਾ ਹੋਇਆ। ਫਿਰ 1980-81 ਵਿਚ 67 ਲੱਖ ਦਾ ਘਾਟਾ ਹੋਇਆ ਅਤੇ 1981-82 ਵਿਚ 17 ਲੱਖ ਦਾ ਘਾਟਾ ਹੋਇਆ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਓਵਰ ਆਲ ਪਿਕਚਰ ਨੂੰ ਦੇਖਦਿਆਂ ਹੋਇਆਂ ਕੀ ਮਨਿਸਟਰ ਸਾਹਿਬ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਫੰਕਸ਼ਨਿੰਗ ਨੂੰ ਵੇਖਣ ਲਈ ਕਿ ਇਥੇ ਘਾਟਾ ਪੈਣ ਦੇ ਕੀ ਕਾਰਨ ਹਨ, ਕੋਈ ਇਨਕੁਆਇਰੀ ਕਮਿਸ਼ਨ ਮੁਕੱਰਰ ਕਰਨ ਨੂੰ ਤਿਆਰ ਹਨ?

**ਮੰਤਰੀ**: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਦੇ ਸਵਾਲ ਦੇ ਜਵਾਬ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਦਾ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਆਮਦਨ ਔਰ ਖਰਚ ਬਾਰੇ ਵੇਰਵਾ ਦਿਤਾ ਹੋਇਆ ਹੈ। ਇਨ੍ਹਾਂ ਨੇ ਕਿਹਾ ਹੈ ਕਿ ਪਹਿਲੇ ਸਾਲ ਵਿਚ ਫਾਇਦਾ ਜ਼ਿਆਦਾ ਸੀ। ਦੂਜੇ ਸਾਲ ਵਿਚ ਉਸ ਤੋਂ ਘੱਟ ਫਾਇਦਾ ਸੀ। ਪਰ ਤੀਜੇ ਸਾਲ ਤੋਂ ਘਾਟਾ ਪੈਣਾ ਸ਼ੁਰੂ ਹੋ ਗਿਆ। ਚੌਥੇ ਸਾਲ ਵਿਚ ਇਹ ਘਾਟਾ ਹੋਰ ਵਧ ਗਿਆ। ਇਸੇ ਤਰ੍ਹਾਂ ਹੀ ਪੰਜਵੇਂ ਸਾਲ ਫਿਰ ਘਾਟਾ ਪਿਆ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ। ਇਸ ਦੇ ਕਈ ਕਾਰਨ ਹਨ (ਵਿਘਨ) ਮੈਂ ਬਿਲਕੁਲ ਤਸੱਲੀ ਨਾਲ

Original with;
Punjab Vidhan Sabha
Digitized by;
Panjab Digital Library

ਜਵਾਬ ਦਿਆਂਗਾ। ਗਲ ਇਸ ਤਰ੍ਹਾਂ ਹੈ ਕਿ 1977-78 ਵਿਚ 138 ਲੱਖ ਦਾ ਫਾਇਦਾ ਹੋਇਆ। 1978-79 ਵਿਚ 76.76 ਲੱਖ ਦਾ ਸਰਪਲਸ ਰਿਹਾ। ਇਸ ਤੋਂ ਅੱਗੇ ਜੋ ਘਾਟਾ ਪੈਣਾ ਸ਼ੁਰੂ ਹੋਇਆ ਉਸ ਦਾ ਕਾਰਣ ਇਹ ਹੈ ਕਿ ਪਹਿਲੀ ਸਰਕਾਰ ਨੇ ਆਦਰਸ਼ ਸਕੂਲ ਖੋਲ੍ਹ ਦਿੱਤੇ ਸਨ ਇਸ ਬੋਰਡ ਰਾਹੀਂ ਹਾਲਾਂਕਿ ਇਹ ਬੋਰਡ ਦਾ ਕੰਮ ਨਹੀਂ ਹੈ ਕਿ ਸਕੂਲਾਂ ਨੂੰ ਰਨ ਕਰੇ। ਐਜੂਕੇਸ਼ਨ ਬੋਰਡ ਦਾ ਕੰਮ ਤਾਂ ਕੇਵਲ ਇਤਨਾ ਹੈ ਕਿ ਉਹ ਐਗਜ਼ਾਮਿਨੇਸ਼ਨ ਕੰਡਕਟ ਕਰਾਏ, ਸੁਪਰਵਾਈਜ਼ਰੀ ਸਟਾਫ ਅਰੇਂਜ ਕਰੇ, ਪੇਪਰ ਸੈਟ ਕਰੇ ਅੌਰ ਜਿਹੜੀਆਂ ਬੁਕਸ ਦੀ ਪਬਲੀਕੇਸ਼ਨ ਇਨ੍ਹਾਂ ਦੇ ਜ਼ਿੰਮੇ ਲਗੀ ਹੈ ਉਨ੍ਹਾਂ ਦੀ ਪ੍ਰਿੰਟਿੰਗ ਦਾ ਕੰਮ ਇਹ ਕਰੇ। ਇਹ ਕਿਤਾਬਾਂ ਬਿਫੋਰ ਦੀ ਨੈਕਸਟ ਅਕੈਡਮਿਕ ਯੀਅਰ ਮਾਰਕਿਟ ਵਿਚ ਅਵੇਲੇਬਲ ਕਰਾਏ। ਪੁਰਾਣੀ ਸਰਕਾਰ ਨੇ ਹੁਕਮਨ ਕਹਿ ਦਿਤਾ ਸੀ ਕਿ ਉਹ ਆਦਰਸ਼ ਸਕੂਲ ਖੋਲ੍ਹ ਦੇਣ। 45 ਲੱਖ ਰੁਪਿਆ ਇਨ੍ਹਾਂ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣ ਵਾਸਤੇ ਬੋਰਡ ਨੇ ਪੀ. ਡਬਲਿਯੂ. ਡੀ. ਵਾਲਿਆਂ ਨੂੰ ਦਿੱਤਾ ਜਿਹੜਾ ਕਿ ਗਲਤ ਸੀ। ਅਸੀਂ ਇਸਨੂੰ ਅਨ-ਡੂ ਕਰ ਦਿੱਤਾ ਹੈ। ਇਹ ਹੁਣ ਫੈਸਲਾ ਕੀਤਾ ਹੈ। ਇਹ 45 ਲੱਖ ਜਾਣ ਤੋਂ ਬਾਅਦ ਘਾਟਾ ਪੈਣਾ ਲਾਜ਼ਮੀ ਸੀ। 1979-80 ਵਿਚ 24.69 ਲੱਖ ਦਾ ਡੈਫਿਸਿਟ ਹੋਇਆ। ਇਸ ਦਾ ਰੀਜ਼ਨ ਵੀ ਇਹੀ ਹੈ ਕਿ ਪਹਿਲਾਂ ਤਾਂ ਆਦਰਸ਼ ਸਕੂਲਾਂ ਦੀਆਂ ਬਿਲਡਿੰਗਾਂ ਵਾਸਤੇ ਪੈਸਾ ਇਨ੍ਹਾਂ ਨੇ ਦਿੱਤਾ ਸੀ ਪਰ ਫਿਰ ਇਨ੍ਹਾਂ ਦੀ ਮੈਨੇਜਮੈਂਟ ਵੀ ਇਨ੍ਹਾਂ ਦੇ ਸਪੁਰਦ ਕਰ ਦਿਤੀ ਗਈ। 71 ਲੱਖ ਇਨ੍ਹਾਂ ਸਕੂਲਾਂ ਨੂੰ ਰਨ ਕਰਨ ਲਈ ਬੋਰਡ ਨੂੰ ਖਰਚ ਕਰਨਾ ਪਿਆ ਜਿਸ ਨਾਲ ਡੈਫੀਸਿਟ ਹੋਰ ਵਧ ਗਿਆ। ਇਸਤੋਂ ਬਾਅਦ ਆਦਰਸ਼ ਸਕੂਲਾਂ ਦੇ ਸਟਾਫ ਦੀਆਂ ਸੈਲਰੀਜ਼ ਤੇ ਖਰਚ ਅਤੇ ਬਿਲਡਿੰਗਾਂ ਲਈ ਪੀ. ਡਬਲਿਯੂ. ਡੀ. ਨੂੰ ਰੁਪਿਆ ਦੇਣ ਨਾਲ ਇਹ ਸਾਰੀਆਂ ਚੀਜ਼ਾਂ ਹੋਈਆਂ ਅੌਰ ਘਾਟਾ ਪਿਆ।

**ਸ੍ਰੀ ਸਪੀਕਰ** : ਇਹ ਸਾਰੇ ਫੈਕਟਸ ਤਾਂ ਤੁਹਾਡੇ ਜਵਾਬ ਵਿਚ ਆਏ ਹੋਏ ਹਨ।

**ਮੰਤਰੀ** : 1980-81 ਵਿਚ ਜੋ ਡੈਫੀਸਿਟ ਹੋਇਆ, ਇਹ ਇਸ ਕਰਕੇ ਹੋਇਆ ਕਿਉਂਕਿ ਜੋ ਪੇ ਕਮਿਸ਼ਨ ਬਣਿਆ ਸੀ ਉਸ ਕਰਕੇ ਸਟਾਫ ਦੀਆਂ ਸੈਲਰੀਜ਼ ਵਿਚ ਵਾਧਾ ਹੋਇਆ, ਕਈ ਅਨਾਮ-ਲੀਜ਼ ਰਿਮੂਵ ਕੀਤੀਆਂ ਗਈਆਂ। ਏ. ਡੀ. ਏ. ਦੀਆਂ ਇਨਸਟਾਲਮੈਂਟਸ ਵੀ ਇਨ੍ਹਾਂ ਨੂੰ ਪੇ ਕਰਨੀਆਂ ਪਈਆਂ।

**ਸ੍ਰੀ ਸਪੀਕਰ** : ਮੈਂਬਰ ਸਾਹਿਬ ਦਾ ਸਪੈਸੇਫਿਕ ਸਵਾਲ ਹੈ ਕਿ ਕੀ ਤੁਸੀਂ ਇਸ ਸਬੰਧੀ ਇਨਕੁਆਇਰੀ ਕਰਾਉਣ ਨੂੰ ਤਿਆਰ ਹੋ ?

**ਮੰਤਰੀ** : ਇਹ ਸਵਾਲ ਦਾ ਸੈਕੰਡ ਪਾਰਟ ਹੈ। (ਵਿਘਨ) ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ 1977 ਤੋਂ ਪਹਿਲਾਂ ਕਦੇ ਵੀ ਇਨ੍ਹਾਂ ਨੇ ਬੈਲੈਂਸ ਸ਼ੀਟ, ਸਟੇਟਮੈਂਟ ਆਫ ਐਕਸਪੈਂਡੀਚਰ ਅਤੇ ਸਟੇਟਮੈਂਟ ਆਫ ਇਨਕਮ ਰੈਗੂਲਰਲੀ ਸਪਲਾਈ ਨਹੀਂ ਸੀ ਕੀਤੀ ਬਲਿਕ ਇਹ ਬਣਾਉਂਦੇ ਹੀ ਨਹੀਂ ਸਨ।

You will be pleased to know and I would like to tell the House, through you, Sir, since this Government, the Government of Sardar Darbara Singh took over, it has been made obligatory on the part of the Punjab School Education Board to regularly supply the balance-sheet of income and expenditure. With this, there is a great improvement and this has also toned the administration and functioning of the Board.

ਇਹ ਸਾਰੀਆਂ ਚੀਜ਼ਾਂ ਆ ਗਈਆਂ ਹਨ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀਆਂ ਜਿਹੜੀਆਂ ਰਿਪੋਰਟਾਂ ਹਨ।

Original with;
Punjab Vidhan Sabha
Digitized by;
Panjab Digital Library

[Minister for Education]
They are always examined by the P.A.C. and the Estimates Committee. So under these things, I do not propose Enquiry Commission, Sir, and I do not suggest. It is not at all possible and justified.

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਮਾਨਯੋਗ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਆਦਰਸ਼ ਸਕੂਲ ਜੋ ਪਿਛਲੀ ਸਰਕਾਰ ਨੇ ਖੋਲ੍ਹੇ ਉਨ੍ਹਾਂ ਤੇ 1978-79 ਵਿਚ ਖਰਚਾ 45 ਲੱਖ ਰੁਪਏ ਹੋਇਆ ਅਤੇ ਪ੍ਰਾਫਿਟ 76 ਲੱਖ ਰੁਪਏ ਹੋਇਆ। ਇਸ ਤੋਂ ਅਗਲੇ ਸਾਲ 1979-80 ਵਿਚ ਖਰਚਾ 71 ਲੱਖ ਰੁਪਏ ਹੋਇਆ ਅਤੇ ਪ੍ਰਾਫਿਟ ਘਟਕੇ 24 ਲੱਖ ਰੁਪਏ ਰਹਿ ਗਿਆ। ਫਿਰ 1980-81 ਦਾ ਖਰਚਾ 25 ਲੱਖ ਰੁਪਏ ਸੀ ਅਤੇ ਘਾਟਾ 67 ਲੱਖ ਰੁਪਏ ਹੋ ਗਿਆ। ਪਿਛਲੇ ਉਸ ਸਾਲ ਨਾਲੋਂ ਆਦਰਸ਼ ਸਕੂਲਾਂ ਤੇ 50 ਲੱਖ ਰੁਪਏ ਸਾਲ ਦੇ ਘੱਟ ਖਰਚ ਕਰਨ ਦੇ ਬਾਵਜੂਦ ਸਾਨੂੰ ਇਹ ਲਾਸ ਹੋਇਆ ਹੈ। ਕੀ ਇਹ ਗਲੇਅਰਿੰਗ ਸਬੂਤ ਨਹੀਂ ਹੈ ? ਇਸ ਦੇ ਬਾਰੇ ਇਨ੍ਹਾਂ ਨੇ ਕਿਹਾ ਕਿ ਡੀ. ਏ. ਵਧਾਇਆ ਗਿਆ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ 1977-78 ਵਿਚ ਜਿਹੜੀ ਇਨਕਮ ਹੈ ਉਹ 421 ਲੱਖ ਰੁਪਏ ਹੈ। ਫਿਰ 1978-79 ਵਿਚ ਇਹ ਇਨਕਮ 453 ਲੱਖ ਰੁਪਏ ਹੋ ਗਈ। ਇਹ ਕਹਿੰਦੇ ਹਨ ਕਿ ਅਸੀਂ ਡੀ. ਏ. ਵਧਾਇਆ ਪਰ ਦੂਜੇ ਪਾਸੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਚਿਆਂ ਦੀਆਂ ਐਨੀਆਂ ਫੀਸਾਂ ਵਧਾਈਆਂ ਅਤੇ ਉਨ੍ਹਾਂ ਦੇ ਐਗਜ਼ਾਮੀਨੇਸ਼ਨ ਚਾਰਜਿਜ਼ ਵਧਾਏ। (ਵਿਘਨ) ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਦਾ ਭਰਪੂਰ ਸਿੰਘ ਪੰਜਾਬ ਸਕੂਲ ਸਿਖਿਆ ਬੋਰਡ ਦਾ ਚੇਅਰਮੈਨ ਬਣਿਆ ਹੈ ਉਦੋਂ ਦਾ ਬੋਰਡ ਦਾ ਭੱਠਾ ਬੈਠ ਗਿਆ ਹੈ। (ਥੰਪਿੰਗ) ਉਸ ਦਾ ਕਾਰਨ ਅਨਡਿਊ ਐਪੁਆਇੰਟਮੈਂਟਸ, ਫੇਵਰੇਟਿਜ਼ਮ ਅਤੇ ਅਨਕੰਟਰੋਲਡ ਐਕਸਪੈਂਸਿਜ਼ ਹਨ। ਮੈਂ ਮੰਗ ਕਰਾਂਗਾ ਕਿ ਇਸ ਸਾਰੀ ਚੀਜ਼ ਨੂੰ ਦੇਖਣ ਲਈ ਇਕ ਇਨਕੁਆਇਰੀ ਕਮਿਸ਼ਨ ਬਣਾ ਦਿਓ ? (ਥੰਪਿੰਗ)

**Mr. Speaker** : This is a very serious matter.

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਬੱਚਿਆਂ ਦੀ ਫੀਸ ਵਧਾ ਦਿਤੀ, ਮੈਂ ਬੇਨਤੀ ਕਰਾਂਗਾ ਕਿ ਜਿਹੜੀ ਸਟੇਟਮੈਂਟ ਹਾਊਸ ਦੇ ਸਾਹਮਣੇ ਟੇਬਲ ਤੇ ਰੱਖੀ ਗਈ ਹੈ ਉਸ ਵਿਚ ਦਸਿਆ ਗਿਆ ਹੈ ਕਿ ਬਚਿਆਂ ਦੀ ਫੀਸ ਉਸੇ ਤਰ੍ਹਾਂ ਰੈਗੂਲਰਲੀ ਪੁਰਾਣੇ ਰੇਟਾਂ ਤੇ ਚਲਦੀ ਆ ਰਹੀ ਹੈ। ਸਿਵਾਏ ਇਕ ਸਾਲ ਦੇ ਜਦੋਂ ਕਿ ਪ੍ਰਾਇਮਰੀ ਸਕੂਲਾਂ ਦੀ ਐਗਜ਼ਾਮੀਨੇਸ਼ਨ ਫੀਸ ਵਧਾਈ ਹੈ ਨਾ ਮਿਡਲ ਸਕੂਲਾਂ ਦੀ ਵਧਾਈ ਹੈ ਅਤੇ ਨਾ ਹੀ ਹਾਈ ਸਕੂਲਾਂ ਅਤੇ ਨਾ ਹੀ ਹਾਇਰ ਸੈਕੰਡਰੀ ਸਕੂਲਾਂ ਦੀ ਫੀਸ ਵਧਾਈ ਗਈ ਹੈ। ਲੇਕਿਨ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀ ਪੇਪਰਾਂ ਅਤੇ ਆਨਸਰ ਬੁੱਕਸ ਆਦਿ ਦਾ ਕਰਕੇ 3 ਰੁਪਏ ਤੋਂ 5 ਰੁਪਏ ਫੀਸ ਕੀਤੀ ਗਈ ਹੈ। ਇਹ ਵੀ ਜਨਰਲ ਕੈਟੇਗਰੀਜ਼ ਦੇ ਬੱਚਿਆਂ ਦੀ ਵਧਾਈ ਗਈ ਹੈ ਹੋਰ ਕੋਈ ਕਿਤੇ ਫੀਸ, ਐਗਜ਼ਾਮੀਨੇਸ਼ਨ ਫੀਸ ਨਹੀਂ ਵਧਾਈ ਗਈ। (ਵਿਘਨ) ਜਿਥੋਂ ਤਕ ਇਨਕੁਆਇਰੀ ਕਮਿਸ਼ਨ ਬਿਠਾਉਣ ਦੀ ਗਲ ਹੈ। This comes under the purview of the P.A.C. also. They also send us balance-sheets and it is also pre-audited. All its accounts are pre-audited there. Pre-audit was introduced in the Punjab School Education Board and in view of all these things when every penny is pre-audited, there is no justification of Enquiry Commission.

**Shri Gopal Krishan Chatrath:** There is need to look into the fact whether the money spent there is legal or not.

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਥੇ ਜਿਹੜੀਆਂ ਆਮ ਪ੍ਰਬੰਧ ਬਾਰੇ ਫਿੱਗਰਜ਼ ਦਿਤੀਆਂ ਗਈਆਂ ਹਨ ਉਹ ਸਾਲ 1977-78 ਵਿਚ 73 ਲੱਖ 52 ਹਜ਼ਾਰ ਰੁਪਏ ਦੀਆਂ ਹਨ; ਸਾਲ 1978-79 ਵਿਚ 74 ਲੱਖ 50 ਹਜ਼ਾਰ ਰੁਪਏ ਦੀਆਂ ਹਨ; ਸਾਲ 1979-80 ਵਿਚ 109 ਲੱਖ 23 ਹਜ਼ਾਰ ਰੁਪਏ ਦੀਆਂ ਹਨ ਸਾਲ 1980-81 ਦੀਆਂ ਇਹ ਫਿੱਗਰਜ਼ 154 ਲੱਖ 07 ਹਜ਼ਾਰ ਰੁਪਏ ਦੀਆਂ ਹਨ ਅਤੇ ਸਾਲ 1981-82 ਦੀਆਂ ਇਹ ਫਿੱਗਰਜ਼ 61 ਲੱਖ 49 ਹਜ਼ਾਰ ਰੁਪਏ ਦੀਆਂ ਹਨ। ਇਹ ਸਾਰਾ ਜਨਰਲ ਐਡਮਨਿਸਟਰੇਸ਼ਨ ਤੇ ਖਰਚਾ ਹੈ। ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਾਉਣਗੇ ਕਿ ਉਥੇ ਐਨਾ ਸਟਾਫ ਭਰਤੀ ਕੀਤਾ ਗਿਆ ਹੈ, ਐਡਹਾਕ ਬੇਸਿਜ਼ ਤੇ ਅਤੇ ਹੋਰ ਤਰ੍ਹਾਂ ਐਪੁਆਇੰਟ-ਮੈਂਟਸ ਹੋਈਆਂ ਹਨ। ਇਸ ਦੇ ਨਾਲ ਖਰਚਾ ਵਧਿਆ ਹੈ ਅਤੇ ਇਸ ਕਰਕੇ ਬੋਰਡ ਨੂੰ ਘਾਟਾ ਪਿਆ ਹੈ। ਕੀ ਇਹ ਇਸ ਦੀ ਇਨਕੁਆਇਰੀ ਕਰਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਦੀ ਕਲੈਰੀਫਿਕੇਸ਼ਨ ਤੁਹਾਡੇ ਰਾਹੀਂ ਕਰਾਂਗਾ ਕਿ ਜਨਰਲ ਹੈਡ ਵਿਚ ਤਨਖਾਹਾਂ ਆਦਿ ਵਧਣ ਕਰਕੇ ਸਾਲ 1980-81 ਵਿਚ ਇਹ ਫਿੱਗਰਜ਼ 154 ਲੱਖ 07 ਹਜ਼ਾਰ ਤੇ ਪਹੁੰਚ ਗਈਆਂ ਹਨ। ਫਿਰ ਉਸ ਤੋਂ ਅਗਲੇ ਸਾਲ ਇਹ ਫਿੱਗਰਜ਼ ਘਟ ਗਈਆਂ ਹਨ ਅਤੇ ਇਹ 61 ਲੱਖ 49 ਹਜ਼ਾਰ ਰੁਪਏ ਤੇ ਆ ਗਈਆਂ ਹਨ। ਇਹ ਦੂਸਰੇ ਹੈਡ ਵਿਚ ਚੀਜ਼ ਆਈ ਹੈ। ਅਗਰ ਇਹ ਇਕੋ ਹੈਡ ਥੱਲੇ ਰਹਿੰਦੀ ਤਾਂ ਸ਼ਾਇਦ ਫਰਕ ਨਾ ਪੈਂਦਾ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਇਸ ਹਾਊਸ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਅਤੇ ਤੁਸੀਂ ਵੀ ਕਿਹਾ ਹੈ ਕਿ ਇਹ ਮਾਮਲਾ ਬੜਾ ਸੀਰੀਅਸ ਹੈ। ਇਸ ਨੂੰ ਅਸੀਂ ਇਥੇ ਹਾਊਸ ਵਿਚ ਹੀ ਸੁਣਿਆ ਹੈ ਅਤੇ ਅਖਬਾਰਾਂ ਵਿਚ ਵੀ ਪੜ੍ਹਿਆ ਹੈ। ਤੁਸੀਂ ਵੀ ਸੁਣਿਆ ਹੈ ਅਤੇ ਅਖਬਾਰਾਂ ਵਿਚੋਂ ਪੜ੍ਹਿਆ ਹੋਵੇਗਾ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਬਾਰੇ ਇਥੇ ਹਾਊਸ ਵਿਚ ਵੀ ਬੜੇ ਐਲੀਗੇਸ਼ਨ ਲਗਦੇ ਹਨ ਅਤੇ ਬਾਹਰ ਵੀ ਲਗਦੇ ਹਨ। ਤੁਸੀਂ, ਸਪੀਕਰ ਸਾਹਿਬ, ਇਸ ਹਾਊਸ ਦੇ ਕਸਟੋਡੀਅਨ ਹੋ। ਜਦੋਂ ਇਥੇ ਸਦਨ ਵਿਚ ਇਹੋ ਜਿਹੇ ਐਲੀਗੇਸ਼ਨ ਲਗਣ ਤਾਂ ਤੁਸੀਂ ਸਦਨ ਦੇ ਕਸਟੋਡੀਅਨ ਹੁੰਦੇ ਹੋਏ ਇਸ ਵਲ ਉਚੇਚਾ ਧਿਆਨ ਦੇ ਕੇ ਕੋਈ ਇਨ-ਕੁਆਇਰੀ ਕਮਿਸ਼ਨ ਇਸ ਦੇ ਵਾਸਤੇ ਜ਼ਰੂਰ ਬਣਾ ਦਿਓ। (ਥੰਪਿੰਗ) ਸ੍ਰੀ ਚਤਰਥ ਜੀ ਪੁਰਾਣੇ ਪਾਰਲੀਮੈਂਟੇਰੀਅਨ ਹਨ, ਉਹ ਐਮ. ਐਲ. ਸੀ. ਵੀ ਰਹਿ ਚੁੱਕੇ ਹਨ। ਉਹ ਕਾਫੀ ਦੇਰ ਤੋਂ ਐਜੂਕੇਸ਼ਨ ਨਾਲ ਸਬੰਧਤ ਰਹੇ ਹਨ। ਉਹ ਵਕੀਲ ਵੀ ਹਨ। ਉਨ੍ਹਾਂ ਨੇ ਵੀ ਇਸ ਸਬੰਧ ਵਿਚ ਇਨਕੁਆਇਰੀ ਕਮਿਸ਼ਨ ਦੀ ਗੱਲ ਕੀਤੀ ਹੈ। ਉਨ੍ਹਾਂ ਨੂੰ ਬੋਰਡ ਦਾ ਮੈਂਬਰ ਬਣਾਇਆ ਜਾਵੇ। ਹੋਰ ਵੀ ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਕਿਹਾ ਹੈ। ਬੋਰਡ ਵਿਚ ਰਿਕਰੂਟਮੈਂਟ ਆਦਿ ਵਿਚ ਕਾਫੀ ਘਪਲੇਬਾਜ਼ੀ ਹੋਈ ਹੈ। ਇਸ ਬਾਰੇ ਹੀਰੋ ਜੀ ਨੇ ਵੀ ਕਿਹਾ ਹੈ ਕਿ ਗਲਤ ਬੰਦੇ ਭਰਤੀ ਕੀਤੇ ਗਏ ਹਨ। ਕੱਢੇ ਵੀ ਗਏ ਹਨ। ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਇਸ ਲਈ ਇਸ ਵਾਸਤੇ ਕੋਈ ਇਨਕੁਆਇਰੀ ਕਮਿਸ਼ਨ ਜ਼ਰੂਰ ਬਣ ਜਾਵੇ ਤਾਂ ਕਿ ਇਨ੍ਹਾਂ ਸਾਰੇ ਐਲੀਗੇਸ਼ਨਜ਼ ਦੀ ਵੈਰੀਫਿਕੇਸ਼ਨ ਹੋ ਜਾਵੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਡੀਟੇਲ ਵਿਚ ਜਵਾਬ ਦਿਤਾ ਹੈ।

If you take cognizance of these vague allegations, it is entirely a different matter. But if there is something specific, I would like to go into that in detail. He can supply us the information and I assure you that I will go very deep into that.

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰਦਵਿੰਦਰ ਸਿੰਘ** : ਇਹ ਜਿਹੜੇ ਅੰਕੜੇ ਇਥੇ ਪੜ੍ਹ ਕੇ ਦੱਸੇ ਗਏ ਹਨ ਅਤੇ ਜਿਹੜੀ ਮਨਿਸਟਰ ਸਾਹਿਬ ਨੇ ਇਨਫਰਮੇਸ਼ਨ ਸਦਨ ਦੀ ਟੇਬਲ ਤੇ ਲੇ ਕੀਤੀ ਹੈ ਉਸ ਤੇ ਮੈਂ ਇਤਬਾਰ ਕਰਦਾ ਹਾਂ ਅਤੇ ਇਹ ਇਨਫਰਮੇਸ਼ਨ ਬੜੀ ਉਚੀ ਉਚੀ ਬੋਲਦੀ ਹੈ ਕਿ ਕਰੋੜਾਂ ਰੁਪਏ ਦਾ ਘਾਟਾ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੂੰ ਪਿਆ ਹੈ। ਸਪੀਕਰ ਸਾਹਿਬ, ਮੈਂ ਇਹ ਮਹਿਸੂਸ ਕਰਦਾ ਹਾਂ...... . . .

The Minister has come very well prepared to reply the questions. There is nothing to be gone into afresh. He has already gone into the affairs of the Punjab School Education Board and he must agree to the demand of the hon'ble members of the House to institute an enquiry. If there is nothing wrong then the Board can be examined. In this way, its prestige would be enhanced. He says that this is not the job of the Punjab School Education Board to impart education. Then why it is called Punjab School Education Board. It should have been called Punjab School Examination Board if it is to conduct the examinations only. Further, when this House has been expressing its desire overwhelmingly to close the Adrash Schools for the last three years and Government was also not in favour of continuing these Schools, then why Punjab School Education Board has spent such a huge amout on the construction of buildings of these Adarsh Schools. Why the Minister has not taken note of the wishes of the House ?

**Minister :** Sir, the points raised by hon'ble member Sardar Birdevinder Singh are already in my cognizance and I am looking into them. As far as the question of Adarsh Schools is concerned, the Government of Sardar Darbara Singh has already taken a decision. But, when we take over some Institutions, you will agree with me, Sir, that we have to take over the staff along with the Institutions. The terms and conditions of the staff to be taken over have also to be determined. Certain formalities are compulsory. We have already held meetings and interviewed the staff. We have seen their qualifications and shortly all the staff is being taken over in the normal Government employment. That is one thing. The second thing which the Hon'ble Member has raised has automatically been replied. Till the services of those employees are taken over by the Government they will have to pay salary for the staff. The third thing has also been answered in detail the supplementaries. have been asked and those have been replied. In view of those supple--mentaries and in view of the clear position explained here, I reiterate that no enquiry is needed.

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਹਾਊਸ ਦਾ ਧਿਆਨ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਲੋਂ ਕੀਤੀਆਂ ਜਾ ਰਹੀਆਂ ਇਰੈਗੂਲੈਰਿਟੀਜ਼ ਵੱਲ ਦਿਵਾਇਆ ਹੈ। ਮੈਂ ਭੀ ਧਿਆਨ ਵਿਚ ਲਿਆਂਦਾ ਹੈ । ਰਿਜ਼ਰਵੇਸ਼ਨ ਦੇ ਮੁਤੱਅਲਿਕ ਗੌਰਮਿੰਟ ਦੀਆਂ ਜੋ ਇੰਸਟਰਕਸ਼ਨਜ਼ ਹਨ, ਉਨ੍ਹਾਂ ਤੇ ਬੋਰਡ ਦੇ ਚੇਅਰਮੈਨ ਨੇ ਕੋਈ ਅਮਲ ਨਹੀਂ ਕੀਤਾ ਜਿਸ ਦਾ ਸਬੂਤ ਸਿਖਿਆ ਮੰਤਰੀ, ਭਲਾਈ ਮੰਤਰੀ ਅਤੇ ਸ੍ਰੀ ਕੇ. ਪੀ. ਸਾਹਿਬ ਦੀਆਂ ਲਿਖੀਆਂ ਉਹ ਚਿੱਠੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਉਤਨੀ ਦੇਰ ਤੱਕ ਹੋਰ ਕੋਈ ਭਰਤੀ ਨਾ ਕੀਤੀ ਜਾਵੇ ਜਿੰਨੀ ਦੇਰ ਤੱਕ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਨਹੀਂ ਕੀਤਾ ਜਾਂਦਾ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਚੇਅਰਮੈਨ ਸਾਹਿਬ ਨੇ ਇਨ੍ਹਾਂ ਚਿਠੀਆਂ ਤੇ ਕਿੰਨਾ ਕੁ ਅਮਲ ਕੀਤਾ ਹੈ। ਇਸ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

**Minister :** I would state on the floor of this House that we respect the reservation policy. The Government of Sardar Darbara Singh fully implements the policy in every Department. As far as the Education Board is concerned......

**ਸਰਦਾਰ ਹਰਚਰਨ ਸਿੰਘ ਹੀਰੋ** : ਮੰਤਰੀ ਸਾਹਿਬ, ਪੰਜਾਬੀ ਵਿਚ ਬੋਲੋ।

**ਮੰਤਰੀ** : ਮੈਂ ਹੀਰੋ ਸਾਹਿਬ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਮੈਨੂੰ ਠੀਕ ਸੇਧ ਦਿੱਤੀ ਹੈ ਅਤੇ ਪੰਜਾਬੀ ਵਿਚ ਬੋਲਣ ਲਈ ਕਿਹਾ ਹੈ। ਹੁਣ ਮੈਂ ਪੰਜਾਬੀ ਵਿਚ ਬੋਲਾਂਗਾ। ਰਿਜ਼ਰਵੇਸ਼ਨ ਦੇ ਬਾਰੇ ਜਿਹੜੀ ਗੱਲ ਕਹੀ ਗਈ ਹੈ ਉਸ ਸਬੰਧ ਵਿਚ ਗੌਰਮਿੰਟ ਦੀ ਪਾਲਿਸੀ ਤੇ ਪੂਰਾ ਪੂਰਾ ਅਮਲ ਨਹੀਂ ਕੀਤਾ ਜਾ ਰਿਹਾ ਅਤੇ ਇਸ ਨੂੰ ਸ਼ਤ ਪ੍ਰਤੀਸ਼ਤ ਲਾਗੂ ਨਹੀਂ ਕੀਤਾ ਜਾ ਰਿਹਾ, ਇਸ ਬਾਰੇ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਅਸੀਂ ਯਤਨਸ਼ੀਲ ਹਾਂ ਅਤੇ ਐਜੂਕੇਸ਼ਨ ਬੋਰਡ ਦੇ ਅਧਿਕਾਰੀਆਂ ਨੂੰ ਇਹ ਕਹਿ ਦਿਤਾ ਗਿਆ ਹੈ ਕਿ ਹੁਣ ਸਿਰਫ ਉਹੀ ਪੋਸਟਾਂ ਭਰੀਆਂ ਜਾਣ ਜਿਹੜੀਆਂ ਰਿਜ਼ਰਵ ਹਨ ਅਤੇ ਖਾਲੀ ਪਈਆਂ ਹੋਈਆਂ ਹਨ। ਕਈ ਵਾਰੀ ਐਸਾ ਹੁੰਦਾ ਹੈ ਕਿ ਰਿਜ਼ਰਵ ਆਸਾਮੀਆਂ ਵਾਸਤੇ ਕੁਆਲੀਫਾਈਡ ਆਦਮੀ ਮਿਲਣੇ ਮੁਸ਼ਕਿਲ ਹੋ ਜਾਂਦੇ ਹਨ। ਫਿਰ ਵੀ ਰਿਜ਼ਰਵੇਸ਼ਨ ਦਾ 100% ਕੋਟਾ ਪੂਰਾ ਕਰਨ ਦਾ ਮੈਂ ਹਾਊਸ ਵਿਚ ਵਿਸ਼ਵਾਸ ਦਿਵਾਉਂਦਾ ਹਾਂ।

**ਸ੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਿਚ ਐਨੇ ਐਮਬੈਜ਼ਲਮੈਂਟ ਦੇ ਕੇਸਿਜ਼ ਕਿਵੇਂ ਹੋ ਰਹੇ ਹਨ ? ਬੋਰਡ ਵਿਚ ਹੇਰਾਫੇਰੀ ਐਨੀ ਜ਼ਿਆਦਾ ਹੈ ਕਿ ਮੈਂ ਦੱਸ ਨਹੀਂ ਸਕਦਾ। ਉਥੇ ਤਕਰੀਬਨ ਸਾਰੀ ਭਰਤੀ ਇਮਪਲਾਇਮੈਂਟ ਐਕਸਚੇਂਜ ਤੋਂ ਬਗੈਰ ਹੋਈ ਜਦ ਕਿ ਗੌਰਮਿੰਟ ਦੀ ਪਾਲਿਸੀ ਇਹ ਹੈ ਕਿ ਕਿਸੇ ਵੀ ਸਰਕਾਰੀ ਅਦਾਰੇ ਵਿਚ ਭਰਤੀ ਇਮਪਲਾਇਮੈਂਟ ਐਕਸਚੇਂਜ ਤੋਂ ਬਗੈਰ ਨਾ ਕੀਤੀ ਜਾਵੇ। ਉਥੇ ਮੇਰੇ ਖਿਆਲ ਵਿਚ ਇਕ ਵੀ ਭਰਤੀ ਇਮਪਲਾਇਮੈਂਟ ਐਕਸਚੇਂਜ ਰਾਹੀਂ ਨਹੀਂ ਕੀਤੀ ਗਈ। ਇਸ ਹਾਊਸ ਵਿਚ ਮੰਗ ਕੀਤੀ ਗਈ ਹੈ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਵਰਕਿੰਗ ਦੀ ਇਨਕੁਆਇਰੀ ਕਰਵਾਈ ਜਾਵੇ। ਮੈਂ ਪੁਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਇਹ ਇਨਕੁਆਇਰੀ ਕਿਉਂ ਨਹੀਂ ਕਰਵਾਉਣਾ ਚਾਹੁੰਦੇ, ਉਨ੍ਹਾਂ ਨੂੰ ਇਸ ਵਿਚ ਕੀ ਇਤਰਾਜ਼ ਹੈ ?

**ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਉਥੇ ਐਮਬੈਜ਼ਲਮੈਂਟ ਦੇ ਐਨੇ ਕੇਸਿਜ਼ ਹਨ ਕਿ ਉਹ ਦੱਸ ਹੀ ਨਹੀਂ ਸਕਦੇ, ਹੇਰਾਫੇਰੀ ਦਾ ਹਿਸਾਬ ਹੀ ਨਹੀਂ ਲਗਾਇਆ ਜਾ ਸਕਦਾ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਹੇਰਾਫੇਰੀ ਦੀ ਬਾਬਤ ਉਹ ਮੈਨੂੰ ਕੋਈ ਸਪੈਸੀਫਿਕ ਇਨਸਟਾਂਸ ਦੇਣ, ਐਵੇਂ ਜਨਰਲ ਐਲੀਗੇਸ਼ਨਜ਼ ਲਾਈ ਜਾਣੇ ਕੋਈ ਚੰਗੀ ਗੱਲ ਨਹੀਂ। ਜਿਥੋਂ ਤਕ ਐਗਜ਼ਾਮੀਨੇਸ਼ਨਜ਼ ਦਾ ਸਵਾਲ ਹੈ, ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਬੋਰਡ ਨੇ ਪੰਜਵੀਂ, ਅੱਠਵੀਂ, ਦਸਵੀਂ ਅਤੇ ਗਿਆਰਵੀਂ ਜਮਾਤ ਦੇ ਇਮਤਿਹਾਨ ਬੜੇ ਅੱਛੇ ਤਰੀਕੇ ਨਾਲ ਸਿਰੇ ਚੜ੍ਹਾਏ ਹਨ। ਇਸ ਦਾ ਕਰੈਡਿਟ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਜਾਂਦਾ ਹੈ। ਪਿਛਲੇ 3 ਸਾਲਾਂ ਤੋਂ ਲਗਾਤਾਰ ਬੋਰਡ ਤਸੱਲੀਬਖਸ਼ ਤਰੀਕੇ ਨਾਲ ਇਮਤਿਹਾਨ ਕਰਵਾ ਰਿਹਾ ਹੈ। ਇਮਤਿਹਾਨਾਂ ਵਿਚ ਹੇਰਾਫੇਰੀ ਦਾ ਇੱਕਾ ਦੁਕਾ ਕੇਸ ਤਾਂ ਹੋ ਸਕਦਾ ਹੈ, ਸਾਰੇ ਨਹੀਂ। ਮਿਡਲ ਦੀ ਪ੍ਰੀਖਿਆ ਵਿਚ ਢਾਈ ਲੱਖ ਸਟੂਡੈਂਟਸ ਸਨ। ਇਹ ਪ੍ਰੀਖਿਆ ਪੂਰੀ ਹੋ ਚੁੱਕੀ ਹੈ। ਇਸੇ ਤਰ੍ਹਾਂ ਪ੍ਰਾਇਮਰੀ ਦੇ ਇਮਤਿਹਾਨ ਵੀ ਕੰਪਲੀਟ ਹੋ ਚੁੱਕੇ ਹਨ। ਹੁਣ ਮੈਟ੍ਰਿਕ ਦੇ ਇਮਤਿਹਾਨ ਵੀ ਸ਼ੁਰੂ ਹੋ ਚੁਕੇ ਹਨ। ਇਹ ਸਾਡਾ ਲਗਾਤਾਰ ਤੀਸਰਾ ਸਕਸੈਸਿਵ ਈਅਰ ਹੈ (ਵਿਘਨ)।

(ਇਸ ਵਕਤ ਬਹੁਤ ਸਾਰੇ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲਣ ਲਗ ਪਏ)

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਹਾਊਸ ਵਿਚ ਇਨਕੁਆਇਰੀ ਦੀ ਮੰਗ ਹੋ ਰਹੀ ਹੈ, ਇਹ ਇਨਕੁਆਇਰੀ ਕਰਵਾਉਣ ਤੋਂ ਕਿਉਂ ਝਿਜਕਦੇ ਹਨ ?

**ਸ੍ਰੀ ਸੰਤ ਰਾਮ ਸਿੰਗਲਾ** : ਸਪੀਕਰ ਸਾਹਿਬ, ਐਜੂਕੇਸ਼ਨ ਬੋਰਡ ਤੇ ਬੜੇ ਐਲੀਗੇਸ਼ਨ ਲਗਾਏ ਜਾ ਰਹੇ ਹਨ ਅਤੇ ਕਿਹਾ ਗਿਆ ਹੈ ਕਿ ਉਥੇ ਬਹੁਤ ਘਪਲੇਬਾਜ਼ੀ ਅਤੇ ਹੇਰਾਫੇਰੀ ਹੋ ਰਹੀ ਹੈ। ਇਹ ਸਾਡੀ ਸਰਕਾਰ, ਜਿਸ ਨੇ ਕਿ ਕਲੀਨ ਐਡਮਨਿਸਟਰੇਸ਼ਨ ਦੇਣ ਦਾ ਵਾਅਦਾ ਕੀਤਾ ਹੋਇਆ ਹੈ, ਦੀ ਬੇਇਜ਼ਤੀ ਹੋ ਰਹੀ ਹੈ। ਐਸੇ ਹਾਲਾਤ ਵਿਚ ਵਜ਼ੀਰ ਸਾਹਿਬ ਨੂੰ ਐਜੂਕੇਸ਼ਨ ਬੋਰਡ ਦੀ ਜ਼ਰੂਰ ਇਨਕੁਆਇਰੀ ਕਰਾਉਣੀ ਚਾਹੀਦੀ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਅਸੀਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦੇ ਹਾਂ, ਇਨਕੁਆਇਰੀ ਜ਼ਰੂਰ ਕਰਵਾਈ ਜਾਵੇ।

**Finance Minister** : I want to intervene.

**Comrade Raj Kumar** : Sir, on a point of order. Important questions regarding allegations have been raised. I draw your attention to Rule 50 of the Rules of Procedure and Conduct of Business in the Punjab Vidhan Sabha (Punjab Legislative Assembly). Now, Sir, I read it....

**Finance Minister** : It is not a point of order.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ ਮੈਨੂੰ ਸੁਣ ਲਓ...... (ਵਿਘਨ) .. ... ... ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਸਪੀਕਰ ਸਾਹਿਬ ਕਿ ਜੋ ਸਵਾਲ ਮੈਂਬਰ ਸਾਹਿਬਾਨ ਵਲੋਂ ਉਠਾਏ ਗਏ ਹਨ ਅਤੇ ਜੋ ਜਵਾਬ ਆਨਰੇਬਲ ਮੰਤਰੀ ਜੀ ਨੇ ਦਿੱਤੇ ਹਨ...........

**ਸਿਹਤ ਮੰਤਰੀ** : ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਿਕ ਇਸ ਵਕਤ ਪੁਆਇੰਟ ਆਫ ਆਰਡਰ ਨਹੀਂ ਉਠਾਇਆ ਜਾ ਸਕਦਾ, ਇਸ ਕਰਕੇ ਤੁਸੀਂ ਰਾਜ ਕੁਮਾਰ ਜੀ ਨੂੰ ਬਿਠਾਓ।

**Comrade Raj Kumar** : Mr. Speaker, I want to ask a supplementary question.

**Mr. Speaker** : I do not allow.

**Comrade Raj Kumar** : I want to ask a supplementary question.

**Mr. Speaker** : Comrade ji, could you please listen me. Please sit down. Do not waste the Question Hour.

**Comrade Raj Kumar** : It is a very important question. Why do not you allow a supplementary question on it. Not even one supplementary question has been allowed to the Opposition Benches.

**Mr. Speaker** : Please sit down and listen me.

**Prof. Balwant Singh** : Supplementary, Sir.

**Mr. Speaker** : I do not allow.

Original with;
Punjab Vidhan Sabha
Digitized by;
Panjab Digital Library

**Prof. Balwant Singh** : Why don't you allow a supplementary, Sir ?

**Mr. Speaker** : Please sit down. ਬੈਠ ਜਾਓ। ਕਾਮਰੇਡ ਰਾਜ ਕੁਮਾਰ ਜੀ, ਇਸ ਸਵਾਲ ਦੇ ਉਤੇ ਮੈਂ ਬਹੁਤ ਸਾਰੇ ਸਪਲੀਮੈਂਟਰੀਜ਼ ਅਲਾਓ ਕੀਤੇ ਹਨ। ਸਪਲੀਮੈਂਟਰੀਜ਼ ਤੇਜ਼ ਕਰਨ ਵੇਲੇ ਜਿਹੜਾ ਮਾਮਲਾ ਹਾਊਸ ਦੇ ਸਾਹਮਣੇ ਮੈਂਬਰ ਸਾਹਿਬਾਨ ਲਿਆਏ ਹਨ ਉਸ ਦੇ ਲਈ ਡਾਕਟਰ ਕੇਵਲ ਕ੍ਰਿਸ਼ਨ ਜੀ ਜਵਾਬ ਦੇਣ ਲਈ ਖੜੇ ਹੋਏ। ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੈਂਬਰ ਸਾਹਿਬ ਉਨ੍ਹਾਂ ਦਾ ਜਵਾਬ ਸੁਣਨ ਲਈ ਤਿਆਰ ਨਹੀਂ।......

**ਪ੍ਰੋਫੈਸਰ ਬਲਵੰਤ ਸਿੰਘ** : ਇਕੋ ਵਾਰੀ ਜਵਾਬ ਦੇ ਦੇਣ। ਸਾਨੂੰ ਵੀ ਆਪਣੀ ਗੱਲ ਕਹਿ ਲੈਣ ਦਿਓ।

**ਸ੍ਰੀ ਸਪੀਕਰ** : ਬੈਠੋ ਤੁਸੀਂ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਜੋ ਸਵਾਲ ਬੜੇ ਜ਼ੋਰ ਨਾਲ ਮੈਂਬਰ ਸਾਹਿਬਾਨ ਵਲੋਂ ਪ੍ਰੈਸ ਕੀਤਾ ਜਾ ਰਿਹਾ ਹੈ ਉਸ ਦੇ ਬਾਰੇ ਮੈਂ ਇਹ ਗੱਲ ਸਾਫ ਕਰ ਦੇਣੀ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਕੁਰੱਪਸ਼ਨ ਨੂੰ ਜ਼ਰਾ ਜਿੰਨਾ ਵੀ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਹੈ। (ਥੰਪਿੰਗ) ਜਿਹੜੇ ਚਾਰਜਿਜ਼ ਕੁਰੱਪਸ਼ਨ ਦੇ ਲਗੇ ਹਨ ਉਨ੍ਹਾਂ ਦੀ ਗੌਰਮਿੰਟ ਪੂਰੀ ਤਰ੍ਹਾਂ ਇਨਕੁਆਇਰੀ ਕਰਵਾਏਗੀ। ਚਾਹੇ ਕੋਈ ਵੀ ਹੋਵੇ ਕਿਸੇ ਦਾ ਕੋਈ ਲਿਹਾਜ਼ ਨਹੀਂ ਕੀਤਾ ਜਾਵੇਗਾ।

**ਸ੍ਰੀ ਸਪੀਕਰ** : ਨੈਕਸਟ ਕੁਐਸਚਨ।

**ਸ੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਮੰਤਰੀ ਜੀ ਨੇ ਨਹੀਂ ਦਿੱਤਾ। ਇਨ੍ਹਾਂ ਨੂੰ ਕਹੋ ਮੇਰੇ ਸਵਾਲ ਦਾ ਜਵਾਬ ਦੇਣ।

---

**Primary Schools without Buildings**

Sardar Gurbachan Singh Cheema.

***1841.** Will the Minister for Education be pleased to state the details of Primary Schools in teshil Dasuya, district Hoshiarpur which have not got their own buildings and the time by which the buildings of those schools are likely to be constructed ?

**ਸਰਦਾਰ ਹਰਚਰਨ ਸਿੰਘ ਅਜਨਾਲਾ** : 88। ਰਾਜ ਦੇ ਵਿੱਤੀ ਸਾਧਨਾਂ ਨੂੰ ਮੁੱਖ ਰਖਦਿਆਂ ਇਨ੍ਹਾਂ ਦੀ ਉਸਾਰੀ ਪੜਾਵਾਰ ਕਰਨ ਲਈ ਯੋਗ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਗੁਰਬਚਨ ਸਿੰਘ ਚੀਮਾ** : ਸਪੀਕਰ ਸਾਹਿਬ, ਪਹਿਲੀ ਗਲ ਤਾਂ ਇਹ ਹੈ ਕਿ ਮੈਂ ਪੁੱਛਿਆ ਸੀ ਕਿ ਪਿੰਡਾਂ ਦੇ ਨਾਮ ਦੱਸੇ ਜਾਣ ਪਰ ਨਾਮ ਨਹੀਂ ਇਨ੍ਹਾਂ ਨੇ ਦੱਸੇ ਕਿ ਕਿਹੜੇ ਕਿਹੜੇ ਪਿੰਡਾਂ ਵਿੱਚ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਤਹਿਸੀਲ ਦਸੂਆ ਵਿੱਚ ਨਹੀਂ ਹਨ। ਇਨ੍ਹਾਂ ਨੇ ਇਹ ਕਹਿ ਦਿੱਤਾ ਹੈ ਕਿ ਜਦੋਂ ਫੰਡਜ਼ ਆਉਣਗੇ ਉਨ੍ਹਾਂ ਦੀ ਉਸਾਰੀ ਕਰ ਦੇਵਾਂਗੇ। ਪਰ ਸਪੀਕਰ ਸਾਹਿਬ, ਕਈ ਜਗ੍ਹਾ ਤੇ ਉਸਾਰੀ ਦਾ ਕੰਮ ਸ਼ੁਰੂ ਹੋ ਰਿਹਾ ਹੈ ਉਨ੍ਹਾਂ ਵਾਸਤੇ ਫੰਡਜ਼ ਕਿਥੋਂ ਆ ਗਏ ? ਕਈ ਹਲਕਿਆਂ ਵਿੱਚ ਕੰਮ ਹੋ ਰਿਹਾ ਹੈ ਅਤੇ ਕਈ ਹਲਕਿਆਂ ਵਿੱਚ ਨਹੀਂ ਹੋ ਰਿਹਾ। ਪਿੱਛਲੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ ਚੀਮਾਂ]

ਸਾਲ ਕੁਝ ਸਕੂਲ ਮਨਜ਼ੂਰ ਹੋਏ ਸਨ ਅਤੇ ਉਨ੍ਹਾਂ ਦੀ ਸੈਂਕਸ਼ਨ ਇਸ਼ੂ ਹੋ ਗਈ ਸੀ। ਉਨ੍ਹਾਂ ਵਿਚੋਂ ਸਾਡੇ ਹਲਕੇ ਵਿੱਚ ਕੋਈ ਬਿਲਡਿੰਗ ਨਹੀਂ ਬਣਾਈ ਜਾ ਰਹੀ ਪਰ ਕਈ ਹਲਕਿਆਂ ਵਿੱਚ ਬਿਲਡਿੰਗਜ਼ ਬਣ ਰਹੀਆਂ ਹਨ। ਇਹ ਕੀ ਵਜ੍ਹਾ ਹੈ ? ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਲਈ ਫੰਡਜ਼ ਕਿਥੋਂ ਆ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਵੈਸੇ ਤਾਂ ਨਾਰਮਲ ਪ੍ਰੋਸੀਜਰ ਇਹ ਹੈ ਕਿ ਜਿਥੇ ਪ੍ਰਾਇਮਰੀ ਸਕੂਲ ਹੋਵੇ ਉਥੇ ਬਿਲ-ਡਿੰਗ ਉਥੋਂ ਦੀ ਲੋਕਲ ਗਰਾਮ ਪੰਚਾਇਤ ਬਣਾਉਂਦੀ ਹੈ। ਪਰ ਫਿਰ ਵੀ ਜਦੋਂ ਇਹ ਸਰਕਾਰ ਆਈ ਤਾਂ ਇਸ ਸਰਕਾਰ ਨੇ ਫੈਸਲਾ ਕੀਤਾ ਕਿ ਕੁਝ ਐਸੇ ਪ੍ਰਾਇਮਰੀ ਸਕੂਲਜ਼ ਹਨ ਜਿਨ੍ਹਾਂ ਦੀਆਂ ਬਿਲਡਿੰਗਾਂ ਨਹੀਂ ਹਨ, ਉਹ ਬਣਾਈਆਂ ਜਾਣ। ਉਸ ਦੇ ਲਈ ਸਰਕਾਰ ਨੇ 1 ਕਰੋੜ ਰੁਪਿਆ ਸਾਲ 1980-81 ਅਤੇ 1981-82 ਵਿੱਚ ਰਖਿਆ। ਇਕ ਬਿਲਡਿੰਗ ਬਣਾਉਣ ਲਈ 30 ਹਜ਼ਾਰ ਰੁਪਿਆ ਕਾਸਟ ਬਣਦੀ ਸੀ। ਇਸ ਦੇ ਲਈ ਇਹ ਕੀਤਾ ਗਿਆ ਕਿ 5 ਹਜ਼ਾਰ ਰੁਪਿਆ ਪਲੱਸ ਲੈਂਡ ਪੰਚਾਇਤ ਦੇਵੇ ਅਤੇ 25 ਹਜ਼ਾਰ ਰੁਪਿਆ ਸਰਕਾਰ ਨੇ ਦੇਣਾ ਸੀ। ਇਹ ਹੋਮ ਲੈਸ ਸਕੂਲ ਸਾਰੇ ਪੰਜਾਬ ਵਿੱਚ 119 ਸਨ। ਪਹਿਲੇ ਸਾਲ ਜਿਨ੍ਹਾਂ ਸਕੂਲਾਂ ਦੀਆਂ ਬਿਲਡਿੰਗਜ਼ ਬਣ ਗਈਆਂ ਜਾਂ ਚੁਣੀਆਂ ਗਈਆਂ ਉਹ 23 ਸਨ, ਉਨ੍ਹਾਂ ਦੀ ਸੈਂਕਸ਼ਨ ਇਸ਼ੂ ਕੀਤੀ ਗਈ। 1981-82 ਵਿੱਚ 8 ਸਕੂਲਾਂ ਦੀ ਸੈਂਕਸ਼ਨ ਕਨਵੇ ਕਰ ਦਿੱਤੀ ਗਈ ਔਰ ਉਹ ਅੰਡਰ ਕੰਸਟ੍ਰਕਸ਼ਨ ਹਨ। 14 ਸਕੂਲ ਬਿਲਡਿੰਗਜ਼ ਹੋਰ ਆਈਡੈਂਟੀਫਾਈ ਫਰਦਰ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਪੰਚਾਇਤਸ ਨੇ 5 ਹਜ਼ਾਰ ਰੁਪਿਆ ਔਰ ਜ਼ਮੀਨ ਦੇਣ ਦਾ ਵਾਇਦਾ ਕੀਤਾ ਸੀ। ਉਨ੍ਹਾਂ ਵਿੱਚੋਂ 10 ਦੀ ਮਨਜ਼ੂਰੀ ਜਾ ਵੀ ਚੁੱਕੀ ਹੈ। ਇਹ ਅਗਰ ਮਨਜ਼ੂਰ ਕੀਤੇ ਸਾਰੇ ਕੱਢ ਦੇਈਏ ਤਾਂ ਗਿਣਤੀ 119 ਦੀ ਥਾਂ ਤੇ 78 ਰਹਿ ਜਾਂਦੀ ਹੈ ਜਿਨ੍ਹਾਂ ਦੀਆਂ ਬਿਲਡਿੰਗਜ਼ ਮੌਜੂਦ ਨਹੀਂ। ਇਹ ਫੇਜ਼ਡ ਮੈਨਰ ਵਿੱਚ ਜਿਵੇਂ ਜਿਵੇਂ ਫੰਡਜ਼ ਆਉਂਦੇ ਜਾਣਗੇ ਅਸੀਂ ਇਹ ਬਣਾਉਂਦੇ ਜਾਵਾਂਗੇ। ਜਦੋਂ ਤਕ ਫੰਡਜ਼ ਨਹੀਂ ਆਉਂਦੇ ਸਾਡੇ ਲਈ ਇਹ ਮੁਸ਼ਕਿਲ ਪੇਸ਼ ਆ ਰਹੀ ਹੈ।

**ਸਰਦਾਰ ਗੁਰਬਚਨ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ 5 ਹਜ਼ਾਰ ਰੁਪਏ ਦੀ ਸ਼ਰਤ ਲਾਈ ਹੈ ਉਸ ਦੇ ਵਾਸਤੇ ਅਸੀਂ ਪਿਛਲੇ ਸਾਲ ਵੀ ਜ਼ੋਰ ਲਾਇਆ ਸੀ ਕਿ ਜਿਹੜੇ ਸੈਮੀ ਪਹਾੜੀ ਏਰੀਆਜ਼ ਹਨ ਜਾਂ ਕੰਡੀ ਦੇ ਏਰੀਆਜ਼ ਹਨ ਉਨ੍ਹਾਂ ਵਾਸਤੇ ਇਹ ਸ਼ਰਤ ਮੁਆਫ ਕਰ ਦਿਓ ਕਿਉਂਕਿ ਉਨ੍ਹਾਂ ਪੰਚਾਇਤਾਂ ਦੀ ਬਿਲਕੁਲ ਕੋਈ ਆਮਦਨ ਨਹੀਂ ਹੈ। ਜ਼ਮੀਨ ਤਾਂ ਉਹ ਦੇ ਸਕਦੇ ਹਨ ਪਰ ਉਨ੍ਹਾਂ ਦੀ ਆਮਦਨ ਕੋਈ ਨਾ ਹੋਣ ਕਾਰਨ ਪੈਸੇ ਨਹੀਂ ਉਹ ਦੇ ਸਕਦੇ। ਮੇਰੇ ਹਲਕੇ ਦੇ ਨਾਲ ਹਿਮਾਚਲ ਲਗਦਾ ਹੈ ਅਤੇ ਜਦੋਂ ਹਿਮਾਚਲ ਦੇ ਬੱਚੇ ਸਕੂਲਾਂ ਦੀਆਂ ਬਿਲਡਿੰਗਾਂ ਵਿੱਚ ਬੈਠ ਕੇ ਪੜ੍ਹਦੇ ਹਨ ਅਤੇ ਸਾਡੇ ਬੱਚੇ ਦਰਖਤਾਂ ਥੱਲੇ ਬੈਠੇ ਪੜ੍ਹਦੇ ਹੋਣ ਤਾਂ ਸਾਨੂੰ ਬੜੀ ਸ਼ਰਮ ਆਉਂਦੀ ਹੈ। ਸਾਡੇ ਉਥੇ ਸੈਮੀ ਪਹਾੜੀ ਏਰੀਆ ਵਿੱਚ ਪੰਚਾਇਤਾਂ ਦੀ ਆਮਦਨੀ ਇਕ ਪਾਈ ਵੀ ਨਹੀਂ ਹੈ। ਕੀ ਵਜ਼ੀਰ ਸਾਹਿਬ ਸੈਮੀ ਪਹਾੜੀ ਏਰੀਆ ਅਤੇ ਕੰਡੀ ਏਰੀਆ ਲਈ ਇਹ ਜਿਹੜੀ 5 ਹਜ਼ਾਰ ਰੁਪਏ ਦੀ ਸ਼ਰਤ ਹੈ ਉਹ ਮੁਆਫ ਕਰ ਦੇਣਗੇ ਤਾਂ ਕਿ ਉਹ ਪਿੰਡ ਵੀ ਇਸ ਕੰਮ ਤੋਂ ਫਾਇਦਾ ਉਠਾ ਸਕਣ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਪੁਆਇੰਟ ਚੀਮਾ ਸਾਹਿਬ ਨੇ ਰੇਜ਼ ਕੀਤਾ ਹੈ ਉਸ ਦੇ ਬਾਰੇ ਮੈਂ ਇਹ ਜਵਾਬ ਦੇਣਾ ਚਾਹਾਂਗਾ ਕਿ ਇਹੀ ਵਜ੍ਹਾ ਸੀ ਕਿ ਉਸ ਵੇਲੇ ਇਹ ਫੈਸਲਾ ਕੀਤਾ ਗਿਆ ਸੀ ਕਿ ਪ੍ਰਾਇਮਰੀ ਸਕੂਲਾਂ ਦੀਆਂ ਜਿਥੇ ਬਿਲਡਿੰਗਾਂ ਨਹੀਂ ਹਨ, ਜਿਥੇ ਬੱਚੇ ਦਰਖਤਾਂ ਦੇ ਸਾਹੇ

Original with;
Punjab Vidhan Sabha
Digitized by;
Panjab Digital Library

ਥੱਲੇ ਬੈਠਦੇ ਹਨ, ਉਨ੍ਹਾਂ ਦੀਆਂ ਬਿਲਡਿੰਗਜ਼ ਬਣਾ ਦਿੱਤੀਆਂ ਜਾਣ। ਜਿਥੋਂ ਤਕ, ਸਪੀਕਰ ਸਾਹਿਬ, 5 ਹਜ਼ਾਰ ਰੁਪਿਆ ਛੋਟ ਦੇਣ ਦਾ ਸਵਾਲ ਹੈ ਕੰਡੀ ਏਰੀਆ ਵਿੱਚ ਜਾਂ ਸਬ-ਮਾਊਂਟੇਨੀਅਸ ਏਰੀਆ ਵਿੱਚ, ਇਹ ਅਮਾਊਂਟ ਉਸ ਵੇਲੇ ਰਖੀ ਸੀ ਜਦੋਂ ਬਿਲਡਿੰਗ ਤੇ ਟੋਟਲ ਕਾਸਟ 30 ਹਜ਼ਾਰ ਰੁਪਿਆ ਬਣਦੀ ਸੀ। ਹੁਣ ਕੀਮਤਾਂ ਕੁਝ ਵੱਧਣ ਕਰਕੇ ਇਸ ਦੀ ਕਾਸਟ ਤਕਰੀਬਨ 38 ਹਜ਼ਾਰ ਰੁਪਏ ਹੋ ਗਈ ਹੈ। ਇਹ ਪੰਜ ਹਜ਼ਾਰ ਰੁਪਿਆ ਇਸ ਕਰਕੇ ਉਸ ਵੇਲੇ ਰਖਿਆ ਸੀ ਤਾਂਕਿ ਪੰਚਾਇਤਾਂ ਦੀ ਐਕਟਿਵ ਪਾਰਟੀਸਿਪੇਸ਼ਨ ਜ਼ਰੂਰ ਰਹੇ ਤਾਂਕਿ ਉਨ੍ਹਾਂ ਨੂੰ ਇਸ ਗਲ ਦਾ ਅਹਿਸਾਸ ਰਹੇ ਕਿ ਉਨ੍ਹਾਂ ਨੇ 5 ਹਜ਼ਾਰ ਰੁਪਿਆ ਔਰ ਜ਼ਮੀਨ ਦਿਤੀ ਹੈ। ਉਹ ਇਸ ਸਾਰੇ ਪ੍ਰੋਜੈਕਟ ਦੇ ਭਾਈਵਾਲ ਹਨ। ਇਸ ਤਰ੍ਹਾਂ ਕਰਕੇ ਡਾਇਰੈਕਟ ਜਾਂ ਇੰਡਾਇਰੈਕਟ ਉਨ੍ਹਾਂ ਦੀ ਜ਼ਿੰਮੇਵਾਰੀ ਹੋ ਜਾਂਦੀ ਹੈ।

ਦੂਸਰੇ ਅਗਰ ਇਸ ਚੀਜ਼ ਦੀ ਕੰਡੀ ਏਰੀਆ ਲਈ ਐਗਜ਼ੈਂਮਪਸ਼ਨ ਕਰੀਏ ਤਾਂ ਸੱਬ ਮਾਊਂਟੇਨਸ ਰੀਜਨ, ਬੈਕਵਰਡ ਏਰੀਆਜ਼, ਬਾਰਡਰ ਏਰੀਆ ਅਤੇ ਬੇਟ ਏਰੀਆਜ਼ ਆਦਿ ਸਾਰਿਆਂ ਦੀ ਕਰਨੀ ਪਏਗੀ। ਉਨ੍ਹਾਂ ਦਾ ਵੀ ਹੱਕ ਬਣਦਾ ਹੈ। ਐਜ਼ ਸੱਚ ਵਿਚਾਰ ਕੀਤਾ ਗਿਆ ਸੀ ਅਤੇ ਫੈਸਲਾ ਕੀਤਾ ਕਿ ਇਹ ਜਿਹੜਾ 5 ਹਜ਼ਾਰ ਨਾਮੀਨਲ ਅਮਾਊਂਟ ਹੈ ਜ਼ਰੂਰ ਲਿਆ ਜਾਵੇ ਤਾਂ ਕਿ ਪੰਚਾਇਤਾਂ ਦੀ ਪਾਰਟੀਸਿਪੇਸ਼ਨ ਰਹੇ ਔਰ ਉਨ੍ਹਾਂ ਨੂੰ ਅਹਿਸਾਸ ਰਹੇ ਕਿ ਉਨ੍ਹਾਂ ਦਾ ਆਪਣਾ ਘਰ ਬਣ ਰਿਹਾ ਹੈ।

**Mr. Speaker :** Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### Martyr Gallery at Fatehgarh Sahib

***1804. Sardar Birdevinder Singh :** Will the Minister for Health be pleased to state whether there is any proposal under consideration of the Government for setting up a Martyr Gallery at Fatehgarh Sahib (Sirhind) District Patiala; if so, the details thereof?

**ਸ੍ਰੀ ਜੋਗਿੰਦਰ ਪਾਲ ਪਾਂਡੇ:** ਨਹੀਂ ਜੀ। ਐਪਰ ਸਰਕਾਰ ਦੇ ਵਿਚਾਰ ਅਧੀਨ ਫਤਹਿਗੜ੍ਹ ਸਾਹਿਬ ਵਿਖੇ ਬੰਦਾ ਬਹਾਦਰ ਆਰਟ ਗੈਲਰੀ ਸਥਾਪਿਤ ਕਰਨ ਦੀ ਤਜਵੀਜ਼ ਹੈ।

### Starred Question No. 1788

**(Extension was asked for in respect of Starred Question No. 1788.*)**

---

*For Starred Questions No. 1788 and reply thereto please see Appendix II to this Debate.

Original with;
Punjab Vidhan Sabha
Digitized by;
Panjab Digital Library

## Starred Question No. 1857

(Extension was asked for in respect of Starred Question No. 1857*)

### Construction of Houses for the Economically Weaker Sections

***1840. Comrade Darshan Singh Jhabal:** Will the Minister of State for Housing be pleased to state:—

(a) the targets fixed by the Government for the construction of houses for the economically weaker sections of the society during the years 1979-80, 1981-82 and 1982-83;

(b) the district-wise number of houses out of those mentioned in part (a) above which had been completed by the 31st January, 1983 year-wise ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** (ੳ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਮਕਾਨਾਂ ਦੀ ਉਸਾਰੀ ਲਈ ਸਾਲ 1979-80, 1981-82 ਅਤੇ 1982-83 ਵਿੱਚ ਨਿਮਨ ਲਿਖਤ ਅਨੁਸਾਰ ਟੀਚੇ ਮਿਥੇ ਗਏ :—

| | |
|---|---|
| 1979–80 | 4760 ਮਕਾਨ |
| 1981–82 | 12898 |
| 1982–83 | 5648 ,, |

(ਅ) ਕਿਉਂਕਿ ਜ਼ਿਲ੍ਹਾਵਾਰ ਸੂਚਨਾ ਲੰਬੀ ਹੈ, ਇਸ ਕਰਕੇ ਮਾਨਯੋਗ ਮੈਂਬਰਾਂ ਦੀ ਸੂਚਨਾਂ ਲਈ ਇਕ ਟੈਬੂਲਰ ਸੂਚੀ ਹਾਉਸ ਦੀ ਟੇਬਲ ਤੇ ਰੱਖੀ ਜਾਂਦੀ ਹੈ ।

**District-wise and Year-wise details of Houses constructed upto 31st January, 1983 for Economically Weaker Sections of Society**

| Name of the District | | 1979-80 | 1981-82 | 1982-83 (Upto January, 1983) |
|---|---|---|---|---|
| Gurdaspur | .. | 176 | 825 | 73 |
| Ferozepur | .. | 99 | 843 | 39 |
| Patiala | .. | 164 | 850 | 62 |
| Amritsar | .. | 148 | 883 | 93 |
| Bhatinda | .. | 99 | 1,307 | 65 |
| Ropar | .. | 99 | 388 | 136 |
| Hoshiarpur | .. | 99 | 818 | 180 |
| Kapurthala | .. | 136 | 385 | 253 |
| Jalandhar | .. | 203 | 1,158 | 772 |
| Sangrur | .. | 281 | 1,233 | 59 |
| Faridkot | .. | 281 | 363 | 110 |
| Ludhiana | .. | 297 | 1,418 | 395 |
| Total | .. | 2,082 | 10,471 | 2,237 |

*For Starred Question No. 1857 and reply there to please see Appendix 1 to this Debate.

Original with;
Punjab Vidhan Sabha
Digitized by;
Panjab Digital Library

## Water Supply Scheme

***1862. Sardar Gurbachan Singh Cheema** : Will the Minister of State for Rehabilitation and Industries be pleased to state the names of the villages in tehsil Dasuya, district Hoshiarpur in which the water under the water Supply Scheme has not so far been provided alongwith the steps being taken to provide the same to those villages ?

**ਸਰਦਾਰ ਦਰਸ਼ਨ ਸਿੰਘ ਕੇ. ਪੀ.** : (i) ਦਸੂਹਾ ਤਹਿਸੀਲ ਵਿਚ ਕੁੱਲ 620 ਪਿੰਡ ਹਨ । ਇਨ੍ਹਾਂ ਵਿਚੋਂ 196 ਪਿੰਡਾਂ ਵਿਚ ਪੀਣ ਦੇ ਪਾਣੀ ਦੀ ਮੁਸ਼ਕਿਲ ਹੈ । ਇਨ੍ਹਾਂ ਵਿਚੋਂ 178 ਪਿੰਡਾਂ ਵਿਚ ਪਾਣੀ ਦੀਆਂ ਯੋਜਨਾਵਾਂ ਚਾਲੂ ਹੋ ਚੁਕੀਆਂ ਹਨ । ਬਾਕੀ ਦੇ 18 ਪਿੰਡਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ii) ਇਨ੍ਹਾਂ ਪਿੰਡਾਂ ਵਿਚ ਜੋ ਪੀਣ ਦਾ ਪਾਣੀ ਮਿਲ ਰਿਹਾ ਹੈ ਉਹ ਹਾਨੀਕਾਰਕ ਨਹੀਂ ਹੈ ਇਸ ਵੇਲੇ ਅਗੇਤ ਉਨ੍ਹਾਂ ਪਿੰਡਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਵਿਚ ਮਿਲ ਰਿਹਾ ਪਾਣੀ ਹਾਨੀਕਾਰਕ ਹੈ । ਇਨ੍ਹਾਂ 18 ਪਿੰਡਾਂ ਨੂੰ ਪਾਣੀ ਦੀਆਂ ਯੋਜਨਾਵਾਂ ਉਨ੍ਹਾਂ ਪਿੰਡਾਂ ਤੋਂ ਬਾਦ ਸ਼ੁਰੂ ਕੀਤੀਆਂ ਜਾਣਗੀਆਂ ਜਿਨ੍ਹਾਂ ਦਾ ਪਾਣੀ ਸਿਹਤ ਵਾਸਤੇ ਹਾਨੀਕਾਰਕ ਹੈ ।

ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡਾਂ ਦੀ ਸੂਚੀ ਜਿਨ੍ਹਾਂ ਪਿੰਡਾਂ ਵਿਚ ਪੀਣ ਦਾ ਪਾਣੀ ਅਜੇ ਤੱਕ ਸਪਲਾਈ ਨਹੀਂ ਕੀਤਾ ਗਿਆ ।

| ਲੜੀ ਨੰ. | ਪਿੰਡ ਦਾ ਨਾਂ |
|---|---|
| 1 | ਬੰਗਾਲੀਪੁਰ |
| 2 | ਬਨਿਆਲ |
| 3 | ਬੀਜਾ ਭਟੋਲੀ |
| 4 | ਛਵਾੜੀਆਂ |
| 5 | ਗਾਜੀ ਭਟੋਲੀ |
| 6 | ਜੰਡੋਰ |
| 7 | ਕੋਲਰ |
| 8 | ਲੈਮੀਂ |
| 9 | ਉਡਰਾ |
| 10 | ਪੰਨਵਾ |
| 11 | ਚੰਡੀ ਦਾਸ |
| 12 | ਰੀਗੀਆਂ |
| 13 | ਗਵਾਲ ਚੱਕਸਲਾਂ ਗੜ੍ਹ |
| 14 | ਜਲੇਟਾ |
| 15 | ਰੰਧਾਵਾ |
| 16 | ਸਥਵਾਂ |
| 17 | ਉਚੀ ਬੱਸੀ |
| 18 | ਪਰੋਲੀਆਂ |

Original with;
Punjab Vidhan Sabha
Digitized by;
Panjab Digital Library

**Establishment Of Special Courts**

*1847. **Shri Gopal Krishan Chatrath, Sardar Harcharn Singh Hero,** : Will the Minister of State for Food and Supplies be pleased to state whether the Government has established courts to deal with the cases under the Essential Commodities Act, 1955; if so, the total number of such cases lying in those courts at present alongwith the number of cases decided so far ?

**ਸ੍ਰੀ ਭਗਵਾਨ ਦਾਸ:** (ੳ) ਹਾਂ ਜੀ ।

(ਅ) ਅਦਾਲਤਾਂ ਵਿੱਚ 10 ਕੇਸ ਪੈਂਡਿੰਗ ਪਏ ਹਨ ।

(ੲ) ਅਜੇ ਤੱਕ ਕਿਸੇ ਕੇਸ ਦਾ ਫੈਸਲਾ ਨਹੀਂ ਹੋਇਆ ।

---

**Amount of Security for new Tubewell Connections**

*1795. **Sardar Birdevinder Singh :** Will the Chief Minister be pleased to state —

(a) whether the Punjab State Electricity Board has increased the amount of security for the new connections for tubewells ; if so, the details thereof ;

(b) whether the amount of security for the domestic connections have also been increased; if so, the reasons thereof ?

**ਸਰਦਾਰ ਦਰਬਾਰਾ ਸਿੰਘ** :(ੳ) ਹਾਂ ਜੀ । 6 ਸਤੰਬਰ, 1982 ਤੋਂ ਜ਼ਾਰੀ ਕੀਤੇ ਜਾਣ ਵਾਲੇ ਟਿਊਬਵੈਲਾਂ ਲਈ ਨਵੇਂ ਕੁਨੈਕਸ਼ਨਾਂ ਵਾਸਤੇ ਪੰਜਾਬ ਰਾਜ ਬਿਜਲੀ ਬੋਰਡ ਨੇ ਸਿਕਿਉਰਟੀ ਦੀ ਰਕਮ 30 ਰੁ: ਕਿਲੋਵਾਟ ਜਾਂ ਉਸ ਦਾ ਭਾਗ ਤੋਂ ਵਧਾਕੇ 40 ਰੁਪਏ ਕਿਲੋਵਾਟ ਜਾਂ ਉਸਦਾ ਭਾਗ ਕਰ ਦਿੱਤੀ ਹੈ ।

(ਅ) ਹਾਂ ਜੀ । 6 ਸਤੰਬਰ, 1982 ਤੋਂ ਘਰੇਲੂ ਕੁਨੈਕਸ਼ਨਾਂ ਲਈ ਸਿਕਿਉਰਿਟੀ ਦੀ ਦਰ 40 ਰੁਪਏ ਕਿਲੋਵਾਟ ਜਾਂ ਉਸ ਦਾ ਭਾਗ ਤੋਂ ਵਧਾ ਕੇ 60 ਰੁਪਏ ਕਿਲੋਵਾਟ ਜਾਂ ਉਸਦਾ ਭਾਗ ਕਰ ਦਿੱਤਾ ਗਿਆ ਹੈ ।

ਰੇਟ ਵਿਚ ਇਸ ਵਾਧੇ ਦੀ ਜ਼ਰੂਰਤ ਜੁਲਾਈ, 1981 ਵਿਚ ਟੈਰਿਫ ਵਿਚ ਕੀਤੇ ਗਏ ਵ ਾਧੇ ਕਾਰਨ ਪਈ । ਖਪਤਕਾਰਾਂ ਤੋਂ ਸਿਕਿਉਰਿਟੀ ਲੈਣ ਦਾ ਮੂਲ ਮੰਤਵ ਪੰਜਾਬ ਚਾਰਜ ਬਿਜਲੀ ਬੋਰਡ ਦੇ ਵਪਾਰਕ ਹਿੱਤ ਦੀ ਸੁਰੱਖਿਆ ਹੈ ਤਾਂ ਜੋ ਖਪਤਕਾਰਾਂ ਦੁਆਰਾ ਅਣ-ਅਦਾਇਗੀ ਦੀ ਹਾਲਤ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੇ ਬਣਕੇ ਬਕਾਇਆ ਦੀ ਵਸੂਲੀ ਸਿਕਿਉਰਿਟੀ ਡਿਪਾਜ਼ਿਟ ਵਿਰੁੱਧ ਬਕਾਇਆ ਖੜੀਆਂ ਰਕਮਾਂ ਦਾ ਮੇਲਾਨ ਕਰਦੇ ਕੀਤੀ ਜਾ ਸਕੇ । 100 ਰੁਪਏ ਤੋਂ ਉਪਰ ਸਾਰੀਆਂ ਸਿਕਿਉਰਿਟੀ ਡਿਪਾਜ਼ਿਟ ਲਈ ਖਪਰਕਾਰਾਂ ਨੂੰ 8% ਦੀ ਦਰ ਨਾਲ ਵਿਆਜ ਅਦਾ ਕੀਤਾ ਜਾਂਦਾ ਹੈ ।

---

**Recruitment of Constables in the State**

*1843. **Shri Hari Mitter Hans** : Will the Chief Minister be pleased to state —

(a) the number of constables recruited during the years 1980-81, 1981-82, and 1982-83 (todate) in the Police Department;

Original with;
Punjab Vidhan Sabha
Digitized by;
Panjab Digital Library

(b) whether the reservation policy was kept in view while recruiting the constables; if not, the reasons therefor?

(c) whether the representation of the Scheduled Castes among the constables is according to the prescribed percentage, if not the reasons therefor and the time by which the deficiency, if any, in the representation thereof is likely to be made up?

ਸਰਦਾਰ ਦਰਬਾਰਾ ਸਿੰਘ : (ੳ) ਪੁਲਿਸ ਵਿਭਾਗ ਵਿਚ ਸਾਲ 1980-81, 1981-82, ਅਤੇ 1982-83 (ਮਿਤੀ 18-2-83 ਤੱਕ) ਵਿੱਚ ਕ੍ਰਮਵਾਰ 735, 3213 ਅਤੇ 1118 ਸਿਪਾਹੀ ਭਰਤੀ ਕੀਤੇ ਗਏ ।

(ਅ) ਜੀ ਹਾਂ । ਸਿਪਾਹੀਆਂ ਦੀ ਭਰਤੀ ਕਰਦੇ ਸਮੇਂ ਰਿਜ਼ਰਵੇਸ਼ਨ ਨੀਤੀ ਨੂੰ ਮੱਦੇ ਨਜ਼ਰ ਰਖਿਆ ਗਿਆ ਸੀ ।

(ੲ) ਜੀ ਨਹੀਂ। ਇਸ ਵੇਲੇ ਰਾਖਵੀਆਂ ਸੀਟਾਂ ਤੇ ਅਨੁਸੂਚਿਤ ਜਾਤੀਆਂ ਦੀ ਪ੍ਰਤੀਨਿਧਤਾ 22.5% ਹੈ ਜੋ ਰੂਲਾਂ ਅਨੁਸਾਰ ਯੋਗ ਉਮੀਦਵਾਰਾਂ ਦੇ ਨਾ ਮਿਲਣ ਕਰਕੇ ਨਹੀਂ ਭਰੀ ਜਾ ਸਕੀ । ਇਨ੍ਹਾਂ ਦੀ ਪ੍ਰਤੀਨਿਧਤਾ ਸ਼ੀਘਰ ਹੀ ਪੂਰੀ ਕਰਨ ਦੀ ਕੋਸ਼ਿਸ਼ ਜਾਰੀ ਹੈ ।

---

## Auction of Village Common Land

***1800. Comrade Baldev Singh Loomba:** Will the Minister for Development be pleased to state —

(a) whether it is a fact that the village common land of Village Panchayat Chalaila, Police Station Moolepur, District Patiala was auctioned on 24th June, 1982;

(b) if the reply to part (a) above be in the affirmative, the names and addresses of the persons who purchased the said land?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) ਹਾਂ ਜੀ ।

(ਅ) ਜ਼ਮੀਨ ਵੇਚੀ ਨਹੀਂ ਗਈ ਸੀ ਸਗੋਂ ਨਿਲਾਮੀ ਰਾਹੀਂ ਚਕੌਤੇ ਉਤੇ ਦਿੱਤੀ ਗਈ ਸੀ । ਜਿਨ੍ਹਾਂ ਵਿਅਕਤੀਆਂ ਨੇ ਜ਼ਮੀਨ ਚਕੌਤੇ ਉਤੇ ਲਈ ਸੀ, ਉਨ੍ਹਾਂ ਦੇ ਨਾਂ ਅਤੇ ਪਤੇ ਹੇਠ ਲਿਖੇ ਅਨੁਸਾਰ ਹਨ:—

ਸਰਵ ਸ੍ਰੀ—

1. ਰਾਮ ਲਾਲ ਪੁੱਤਰ ਗੁਰਬਖਸ਼ ਸਿੰਘ,
2. ਇੰਦਰ ਸਿੰਘ ਪੁੱਤਰ ਬੱਗੂ ਰਾਮ,
3. ਉਜਾਗਰ ਸਿੰਘ ਪੁੱਤਰ ਰਾਮ ਸਿੰਘ,
4. ਅਮਰ ਸਿੰਘ ਪੁੱਤਰ ਇੰਦਰ ਸਿੰਘ,
5. ਰੁਲਦਾ ਰਾਮ ਪੁੱਤਰ ਨੱਥੂ ਰਾਮ ,
6. ਨਸੀਬ ਸਿੰਘ ਪੁੱਤਰ ਗਿਆਨ ਸਿੰਘ,
7. ਹਰਦਿਆਲ ਸਿੰਘ ਪੁੱਤਰ ਹਸਾਖੀ ਅਤੇ.
8. ਮਹਿੰਦਰ ਸਿੰਘ ਪੁੱਤਰ ਸੁਰਜਨ ਸਿੰਘ,

ਸਾਰੇ ਵਸਨੀਕ ਪਿੰਡ ਚਲੇਲਾ, ਥਾਣਾ ਮੂਲੇ ਪੁਰ, ਤਹਿਸੀਲ ਸਰਹੰਦ, ਜ਼ਿਲਾ ਪਟਿਆਲਾ

Original with;
Punjab Vidhan Sabha
Digitized by;
Panjab Digital Library

**Executive Officers of Improvement Trusts**

***1801. Sardar Shamsher Singh**: Will the Minister for Local Government be pleased to state —

(a) the names and particulars of the Executive Officers of Improvement Trusts in the State whose services were terminated during the years 1980-81 and 1981-82 and the reasons therefor;

(b) whether it is a fact that some of the officers referred to in part (a) above are getting their salaries under directions/instructions from the Supreme Court to the State Government; if so, the details thereof?

**ਸ੍ਰੀ ਸਰਦਾਰੀ ਲਾਲ ਕਪੂਰ** : (ੳ) ਪੰਜਾਬ ਰਾਜ ਦੇ ਨਗਰ ਸੁਧਾਰ ਟਰਸਟਾਂ ਦੇ ਨਿਮਨ-ਲਿਖਤ ਕਾਰਜ ਸਾਧਕ ਅਫ਼ਸਰਾਂ ਦੀਆਂ ਸੇਵਾਵਾਂ ਮਿਤੀ 25-9-1980 ਨੂੰ ਅਲੱਗ ਕੀਤੀਆਂ ਗਈਆਂ ਸਨ ਕਿਉਂ ਜੋ ਨਗਰ ਸੁਧਾਰ ਟਰਸਟਾਂ ਦੇ ਮਿਤੀ 11-8-1980 ਨੂੰ ਭੰਗ ਹੋ ਜਾਣ ਕਾਰਨ, ਇਨਾਂ ਕਾਰਜ ਸਾਧਕ ਅਫਸਰਾਂ ਦਾ ਨਗਰ ਸੁਧਾਰ ਟਰਸਟਾਂ ਦੀ ਸੇਵਾ ਵਿਚ ਲੱਗੇ ਰਹਿਣਾ ਨਗਰ ਸੁਧਾਰ ਟਰਸਟਾਂ ਦੇ ਵਿੱਤਾਂ ਤੇ ਗੈਰ ਜ਼ਰੂਰੀ ਬੋਝ ਸਮਝਿਆ ਗਿਆ ਸੀ।

1. ਸ੍ਰੀ ਰਾਜਿੰਦਰ ਸਿੰਘ, ਕ. ਸ. ਅ. ਨ. ਸ. ਟ., ਲੁਧਿਆਣਾ ।
2. ਸ੍ਰੀ ਅਜੀਤ ਇੰਘ ,, ਜਲੰਧਰ ।
3. ਸ੍ਰੀ ਪਵਿੱਤਰ ਸਿੰਘ ਗਿੱਲ ,, ਰੋਪੜ ।
4. ਸ੍ਰੀ ਹਰਜਿੰਦਰ ਸਿੰਘ ,, ਖੰਨਾ ।
5. ਸ੍ਰੀ ਕਰਮ ਸਿੰਘ ਸਿੱਧੂ ,, ਅਬੋਹਰ ।
6. ਸ੍ਰੀ ਰਾਮ ਆਸਰਾ ਸੋਮਨ ,, ਬਟਾਲਾ ।
7. ਸ੍ਰੀ ਰਤਨ ਲਾਲ ਭਗਤ ,, ਹੁਸ਼ਿਆਰਪੁਰ ।
8. ਸ੍ਰੀ ਸਰੂਪ ਸਿੰਘ ਮਾਨ ,, ਪਟਿਆਲਾ ।
9. ਸ੍ਰੀ ਚਮਨ ਲਾਲ ,, ਬਰਨਾਲਾ ।
10. ਸ੍ਰੀ ਗੁਲਾਮ ਸਾਹਰ ਅਲੀ ਖਾਨ ,, ਸੰਗਰੂਰ ।
11. ਸ੍ਰੀ ਅਵਤਾਰ ਸਿੰਘ ,, ਫਗਵਾੜਾ ।

(ਅ) ਸਾਰੇ ਅਫਸਰ ਜਿਨ੍ਹਾਂ ਦਾ ਵੇਰਵਾ ਉਪਰ ਭਾਗ (ੳ) ਵਿਚ ਦਿਤਾ ਗਿਆ ਹੈ ਨੂੰ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੇ ਅਧੀਨ ਅੱਧੀ ਤਨਖਾਹ ਦਿਤੀ ਜਾ ਰਹੀ ਹੈ ।

---

**Upgradation of Schools**

***1787. Master Chand Singh** : Will the Minister for Education be pleased to lay on the Table of the House a list showing the number of schools upgraded from Primary to Middle and Middle to High Schools during the years 1981-82 and 1982-83 (to date) ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਅਜਨਾਲਾ : ਸਥਿਤੀ ਹੇਠਾਂ ਲਿਖੇ ਅਨੁਸਾਰ ਹੈ :—

1981-82 ਵਿਚ ਅਪਗਰੇਡ ਕੀਤੇ ਸਕੂਲਾਂ ਦੀ ਸੂਚੀ ਨਾਲ ਨੱਥੀ ਹੈ ।

1982-83 ਦੀ ਸੂਚੀ ਦਾ ਅੰਤਮ ਫੈਸਲਾ ਹਾਲੇ ਤੀਕ ਨਹੀਂ ਕੀਤਾ ਗਿਆ ਹੈ ।

**District-wise list of 66 Government Schools upgraded from Primary to Middle Standard during the year, 1981-82**

| *S. No.* | | *Name of the School* |
|---|---|---|
| | **DISTRICT AMRITSAR** | |
| 1 | Government Middle School, | Bonian |
| 2 | " | Kot Mohammad Khan |
| 3 | " | Gopal Pura |
| 4 | " | Chainpur Ballaggan |
| 5 | " | Dadher Sahib |
| 6 | " | Gurkwind |
| 7 | " | Daulunangal |
| | **DISTRICT BHATINDA** | |
| 1 | Government Middle School, | Malkhana |
| 2 | " | Paras Ram Nagar |
| 3 | " | Abloo |
| | **DISTRICT FARIDKOT** | |
| 1 | Government Middle School, | Surga Puri Kot Kapura |
| 2 | " | Maur Nau Abad |
| 3 | " | Khote Nihal Singh Wala |
| 4 | " | Baghelawala |
| | **DISTRICT FEROZEPUR** | |
| 1 | Government Middle School, | Buh |
| 2 | " | Karmowala |
| 3 | " | Hastan Kalan |
| 4 | " | Rana |
| 5 | " | Waghewala |
| 6 | " | Panjawa Mandla |
| | **DISTRICT GURDASPUR** | |
| 1 | Government Middle School, | Ferozepur Kalan |
| 2 | " | Narot Mehra |
| 3 | " | Saidowal Kalan |

Original with;
Punjab Vidhan Sabha
Digitized by;
Panjab Digital Library

[Minister for Education]

| | | |
|---|---|---|
| 4 | Government Middle School, | Pubba Reli |
| 5 | " | Khawaja Vardog |
| 6 | " | Bhatoa |
| 7 | " | Dharamkot Bagga |
| 8 | " | Bhadroya |
| 9 | " | Purewal Jattan |

DISTRICT HOSHIARPUR :

| | | |
|---|---|---|
| 1 | Government Middle School, | Ghorewaha |
| 2 | " | Chabewal |
| 3 | " | Ajowal |
| 4 | " | Bahera |
| 5 | " | Kukkar Suha |
| 6 | " | Bhol |
| 7 | " | Mehtiana |
| 8 | " | Bhudha Bar |
| 9 | " | Wichhoi |

DISTRICT JULLUNDUR :

| | | |
|---|---|---|
| 1 | Government Middle School, | Tahli |
| 2 | " | Birpind |
| 3 | " | Dhanda |
| 4 | " | Mazari |
| 5 | " | Kangraur |
| 6 | " | Garhi Fateh Chak |
| 7 | " | Talwandi Butian |
| 8 | " | Shekhe Pind |
| 9 | " | Udhopur Barsal |
| 10 | " | Ladhewali |
| 11 | " | Nangal Salala |

DISTRICT KAPURTHALA

1 Government Middle School, Khera

DISTRICT LUDHIANA

| | | |
|---|---|---|
| 1 | Government Middle School, | Lalheri |
| 2 | " | Salaudi |
| 3 | " | Barmalipur |

Original with;
Punjab Vidhan Sabha
Digitized by;
Panjab Digital Library

| | | |
|---|---|---|
| 4 | Government Middle School, | Ghamnewal |
| 5 | " | Ramgarh Sibian |
| 6 | " | Khera |

DISTRICT PATIALA

| | | |
|---|---|---|
| 1 | Government Middle School | Savaising Wala |
| 2 | " | Badli Malki |
| 3 | " | Haryan Khurd |
| 4 | " | Khanaura |
| 5 | " | Dakonda |
| 6 | " | Sundran |

DISTRICT ROPAR

| | | |
|---|---|---|
| 1 | Government Middle School, | Nangran |
| 2 | " | Kumbra |

DISTRICT SANGRUR

| | | |
|---|---|---|
| 1 | Government Middle School, | Rure-ke-khurd |
| 2 | " | Khurd |

Total 66 Schools

DISTRICT-WISE LIST Of 84- GOVT. SCHOOLS UPGRADED FROM MIDDLE TO HIGH STANDARD DURING THE YEAR 1981-82

1. DISTRICT AMRISTSAR

| *Serial No.* | *Name of the School* | |
|---|---|---|
| 1. | Government High School, | Saril Kalan |
| 2 | " | Talwandi Nahar |
| 3 | " | Harike |
| 4 | " | Sarai Amanat Khan |
| 5 | " | Kamalpura |
| 6 | " | Girls Jasterwal |
| 7 | " | Cheema Bath |
| 8 | " | Jhander |
| 9 | " | Karampura |
| 10 | " | Gandiward |
| 11 | " | Katra Sufaid, Amritsar |

Original with;
Punjab Vidhan Sabha
Digitized by;
Panjab Digital Library

[Minister for Education]

2. DISTRICT BHATINDA

| | | |
|---|---|---|
| 1. | Government High School, | Jagga Ram Tirath |
| 2 | " | Nathana (Girl ) |
| 3 | " (Girls) | Harijan Basti, Rampura Mandi |
| 4 | " | Baloh |
| 5 | " | Jassi Baghwali |

3. DISTRICT FARIDKOT

| | | |
|---|---|---|
| 1 | Government High School, | Kohar Wala |
| 2 | " | Chaina |
| 3 | " (Girl) | Buttar |
| 4 | " | Mehmood Khera |
| 5 | " (Girls) | Dala |
| 6 | " | Tamkot |
| 7 | " | Machaki Mal Singh |
| 8 | " | Assa Butter |

4. DISTRICT FEROZEPUR

| | | |
|---|---|---|
| 1 | Government High School, | Bakainwala |
| 2 | " | Kamalwala |
| 3 | " | Mansoordeva |
| 4 | " | Jhoke Hri Har |
| 5 | " | Sohangarh |
| 6" | " | Bahmniwala |

5. DISTRICT GURDASPUR

| | | |
|---|---|---|
| 1. | Government High School, | Durang Khurd |
| 2 | " | Chashma |
| 3 | " | Kotli Surat Mohli |
| 4 | " (Girls) | Villa Teja |
| 5 | " | Bharat Kazi Chak |
| 6 | " | Gilanwali |
| 7 | " | Hara |
| 8 | " | Mamman |
| 9. | " | Barsola |

6. DISTRICT HOSHIARPUR

| | | |
|---|---|---|
| 1. | Government High School, | Nathupur |
| 2 | " | Patti |

Original with;
Punjab Vidhan Sabha
Digitized by;
Panjab Digital Library

| | | |
|---|---|---|
| 3 | Government High School, | Garlon Bet |
| 4 | ,, | Harta |
| 5 | ,, | Dhadder |
| 6 | ,, | Handwal |
| 7 | ,, | Singhewal |
| 8 | ,, | Pathial |
| 9. | ,, | Pandori Beet |

7. DISTRICT JULLUNDUR

| | | |
|---|---|---|
| 1 | Government High School, | Sunnai Kalan |
| 2 | ,, | Guhawar |
| 3 | ,, | Soondh Maksoodpur |
| 4 | ,, | Ala Chaur |
| 5 | ,, | Gandhi Camp |
| 6 | ,, | Khusropur |
| 7 | ,, | Mahalla Abadpura, Jullundur |
| 8 | ,, | Balona Doaba |

8. DISTRICT KAPURTHALA

| | | |
|---|---|---|
| 1. | Government High School, | Bhularai |

DISTRICT LUDHIANA

| | | |
|---|---|---|
| 1 | Government High School, | Raipur Majri |
| 2 | ,, | Nurpura |
| 3 | ,, | Manki |
| 4 | ,, | Mundian Kalan |
| 5 | ,, (Girls) | Sidhwan Bet |
| 6 | ,, | Leelan |
| 7 | ,, | Ranguwal |
| 8 | ,, | Ladhowali |
| 9 | ,, | Jargari |
| 10 | ,, | Babarpur |
| 11 | ,, | Chaunta |
| 12 | ,, | Jagraon Bridge, Ludhiana |
| 13 | ,, | Madhopuri Street-I (Ludhiana). |

10. DISTRICT PATIALA

| | | |
|---|---|---|
| 1 | Government High School, | Thuha |
| 2 | ,, | Devigarh |

Original with;
Punjab Vidhan Sabha
Digitized by;
Panjab Digital Library

[Minister for Education]

| | | |
|---|---|---|
| 3 | Government High School, | Randhawa |
| 4 | ,, | Pasiana |
| 5 | ,, | Ajnauda |
| 6 | ,, | Mukandpur |
| 7 | ,, | Bhukhri |

11. DISTRICT ROPAR

| | | |
|---|---|---|
| 1 | Government High School, | Dubheta |
| 2 | ,, | Barasalpur |
| 3 | ,, | Kandala |
| 4 | ,, | Dugri |

12. DISTRICT SANGRUR

| | | |
|---|---|---|
| 1 | Government High School, | Jaloor |
| 2 | ,, | Chatha Nanhera |
| 3 | ,, | Jitwal Kalan |

Total Schools : 84

---

## E.S.I. Hospital at Khanna

***1799. Sardar Shamsher Singh** : Will the Minister for Health be pleased to state whether there is any proposal under the consideration of the Government for the construction of an E.S.I. Hospital at Khanna; if so, the time by which it is likely to materialise ?

ਸ੍ਰੀ ਜੋਗਿੰਦਰ ਪਾਲ ਪਾਂਡੇ : ਨਹੀਂ ਜੀ ।

---

## STARRED QUESTION NO. 1779

(Extension was asked for in respect of Starred Question No. 1779.*)

---

## UNSTARRED QUESTIONS AND ANSWERS

### Shortage of Teachers

**273. Sardar Dalip Singh Pandhi** : Will the Minister for Education be pleased to state wheher there is any shortage of trained teachers in the Primary Schools in the State ; if so, the details thereof ?

ਸਰਦਾਰ ਹਰਚਰਨ ਸਿੰਘ ਅਜਨਾਲਾ : ਨਹੀਂ ਜੀ ।

---

*For Starred Question No. 1779 and reply thereto please *see* Appendix-I to this Debate).

Original with;
Punjab Vidhan Sabha
Digitized by;
Panjab Digital Library

## LOAN ADVANCED BY BACKFINCO, ETC.

**274. Sardar Dalip Singh Pandhi** : Will the Minister for Welfare and Labour be pleased to state whether any loan through the Commercial Banks has been advanced by the Punjab Backward Classes Land Development and Finance Corporation and the Punjab State Scheduled Castes Land Development and Finance Corporation in State since the present Ministry assumed office ; if so, the details thereof ?

**ਚੌਧਰੀ ਜਗਤ ਰਾਮ** : ਪੰਜਾਬ ਪਛੜੀਆਂ ਸ਼੍ਰੇਣੀਆਂ ਭੋ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵਲੋਂ ਕਮਰਸ਼ੀਅਲ ਬੈਂਕਾਂ ਰਾਹੀਂ ਕਰਜ਼ੇ ਵੰਡੇ ਜਾਂਦੇ ਹਨ। ਜਦੋਂ ਤੋਂ ਮੌਜੂਦਾ ਸਰਕਾਰ ਨੇ ਸੂਬੇ ਦਾ ਚਾਰਜ ਸੰਭਾਲਿਆ ਹੈ ਇਨ੍ਹਾਂ ਕਾਰਪੋਰੇਸ਼ਨਾਂ ਵਲੋਂ ਕਮਰਸ਼ੀਅਲ ਬੈਂਕਾਂ ਰਾਹੀਂ ਵੰਡਵਾਏ ਗਏ ਕਰਜ਼ਿਆਂ ਦਾ ਸਾਲ ਵਾਰ ਵੇਰਵਾ ਹੇਠ ਅਨੁਸਾਰ ਹੈ :—

ਪੰਜਾਬ ਪਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ

| ਸਾਲ | ਲਾਭ ਪਾਤਰੀਆਂ ਦੀ ਗਿਣਤੀ | ਵੰਡੀ ਗਈ ਰਕਮ (ਰੁ: ਲੱਖਾਂ ਵਿਚ) |
|---|---|---|
| 1980-81 | 37,433 | 1,332.25 |
| 1981-82 | 22,011 | 803.89 |
| 1982-83 (28 ਫਰਵਰੀ 1983 ਤੱਕ) | 5,270 | 197.79 |
| ਕੁਲ ਜੋੜ | 64,714 | 2,333.93 |

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ

| ਸਾਲ | | ਲਾਭ ਪਾਤਰੀਆਂ ਦੀ ਗਿਣਤੀ | ਵੰਡੀ ਗਈ ਰਕਮ (ਰੁਪਏ ਲੱਖਾਂ ਵਿੱਚ) |
|---|---|---|---|
| 1980-81 | ... | 20,268 | 667.14 |
| 1981-82 | ... | 28,101 | 947.15 |
| 1982-83 (28 ਫਰਵਰੀ, 1983 ਤੱਕ) | ... | 12,088 | 435.89 |
| ਕੁੱਲ ਜੋੜ | ... | 60,457 | 2,050.18 |

Original with;
Punjab Vidhan Sabha
Digitized by;
Panjab Digital Library

## POINTS OF ORDER RE. FUNCTIONING OF THE PUNJAB SCHOOL EDUCATION BOARD AND INCREASE IN THE RATE OF ELECTRICITY AND SECURITIES BY THE PUNJAB STATE ELECTRICITY BOARD

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਸਾਡੀਆਂ ਸਾਰਿਆਂ ਦੀਆਂ ਸੀਟਾਂ ਇਥੋਂ ਬਦਲੋ, ਕਿਉਂਕਿ ਕੁਐਸ਼ਚਨ ਆਵਰ ਵਿਚ ਸਾਨੂੰ ਇਕ ਵੀ ਸਪਲੀਮੈਂਟਰੀ ਨਹੀਂ ਦਿੱਤਾ ਗਿਆ।

**ਸ੍ਰੀ ਸਪੀਕਰ** : ਕਾਲ ਅਟੈਨਸ਼ਨ ਮੋਸ਼ਨਜ਼।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਕਲ ਇਥੇ ਅਨਾਊਂਸਮੈਂਟ ਕੀਤੀ ਸੀ ਜਦੋਂ ਪਟਿਆਲਾ ਯੂਨੀਵਰਸਿਟੀ ਦਾ ਮਾਮਲਾ ਹਾਊਸ ਵਿਚ ਆਇਆ ਸੀ ਕਿ ਮੈਨੂੰ ਚੈਂਬਰ ਵਿਚ ਮਿਲ ਲੈਣਾ। ਉਸ ਦੇ ਅਨੁਸਾਰ ਮੈਂ ਤੁਹਾਨੂੰ ਮਿਲ ਲਿਆ ਸੀ ਔਰ ਜਿਸ ਤਰ੍ਹਾਂ ਤੁਸੀਂ ਮੰਨਿਆ ਸੀ ਇਸ ਮਾਮਲੇ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕੰਨਵਰਟ ਕਰ ਦਿਓ।

**ਸ੍ਰੀ ਸਪੀਕਰ** : ਠੀਕ ਹੈ।

**ਕਾਮਰੇਡ ਰਾਜ ਕੁਮਾਰ** : ਮੇਰੀ ਦੂਜੀ ਗੱਲ ਇਹ ਹੈ ਕਿ ਮੈਂ ਜਦੋਂ ਦਾ ਇਸ ਹਾਊਸ ਵਿਚ ਆਇਆ ਹਾਂ ਇਹ ਪਹਿਲੀ ਵਾਰੀ ਹੈ ਕਿ ਇਕ ਕੁਐਸ਼ਚਨ ਜਿਹੜਾ ਕਿ ਹਾਊਸ ਵਿਚ ਆਇਆ ਉਸ ਦੇ ਉਤੇ ਇਤਨੀ ਜ਼ਬਰਦਸਤ ਡਿਮਾਂਡ ਉਠੀ ਹਾਊਸ ਵਿਚ ਕਿ ਇਕ ਅਫ਼ਸਰ ਜਿਹੜਾ ਕਿ ਹੈਡ ਆਫ਼ ਦੀ ਡਿਪਾਰਟਮੈਂਟ ਹੈ ਉਸ ਦੇ ਖਿਲਾਫ਼ ਐਲੀਗੇਸ਼ਨ ਲਗੇ ਹਨ ਕੁਰਪਸ਼ਨ ਦੇ, ਰੌਂਗ ਐਪੁਆਇੰਟਮੈਂਟਸ ਦੇ, ਮਿਸਮੈਨੇਜਮੈਂਟ ਦੇ, ਮਿਸਐਪਲੀਕੇਸ਼ਨ ਆਫ਼ ਫੰਡਜ਼ ਦੇ। ਚੁਨਾਚੇ ਕੋਈ ਐਸਾ ਐਲੀਗੇਸ਼ਨ ਨਹੀਂ ਜਿਹੜਾ ਕਿ ਨਾ ਲਗਾ ਹੋਵੇ। ਆਨਰੇਬਲ ਮੰਤਰੀ ਜੀ ਦਾ ਮੈਂ ਲਿਖਤੀ ਜਵਾਬ ਵੀ ਪੜ੍ਹਿਆ ਹੈ ਅਤੇ ਸਪਲੀਮੈਂਟਰੀ ਦੇ ਜਿਹੜੇ ਜਵਾਬ ਉਨ੍ਹਾਂ ਨੇ ਦਿੱਤੇ ਹਨ ਉਹ ਵੀ ਬੜੇ ਧਿਆਨ ਨਾਲ ਸੁਣੇ ਹਨ। ਡਾਕਟਰ ਸਾਹਿਬ ਨੇ ਇਸ ਮਾਮਲੇ ਦੀ ਗਰੇਵਿਟੀ ਨੂੰ ਵੇਖ ਕੇ ਅਨਾਊਂਸਮੈਂਟ ਕੀਤੀ ਹੈ ਕਿ ਇਸ ਗਲ ਦੀ ਇਨਕੁਆਇਰੀ ਕਰਾ ਲਵਾਂਗੇ। ਸਪੀਕਰ ਸਾਹਿਬ ਜਿਸ ਸ਼ਿੱਦਤ ਨਾਲ ਮਾਮਲਾ ਉਠਾਇਆ ਗਿਆ, ਉਸ ਦਾ ਹਲ ਇਹ ਨਹੀਂ ਜੋ ਡਾਕਟਰ ਸਾਹਿਬ ਨੇ ਕਿਹਾ ਹੈ। ਇਸ ਹਾਊਸ ਵਿਚ ਸਾਰੇ ਪੱਖਾਂ ਤੋਂ ਮੰਗ ਕੀਤੀ ਗਈ ਹੈ ਕਿ ਇਸ ਗਲ ਦੀ ਇਨਕੁਆਇਰੀ ਵਾਸਤੇ ਇਸ ਹਾਊਸ ਦੀ ਇਕ ਕਮੇਟੀ ਸੈਟ ਅੱਪ ਕੀਤੀ ਜਾਏ। ਇਸ ਮਾਮਲੇ ਦੀ ਘੋਖ ਵਾਸਤੇ ਜਿਹੜੇ ਇਲਜ਼ਾਮ ਇਥੇ ਲਗੇ ਹਨ ਉਹ ਮੋਹਮਲ ਨਹੀਂ ਸਾਰੇ ਸਪੈਸਿਫ਼ਿਕ ਇਲਜ਼ਾਮ ਹਨ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਿਚ ਕੁਰੱਪਸ਼ਨ ਹੋਈ, ਇਰਰੇਗੁਲਰ ਐਪੁਆਇੰਟਮੈਂਟਸ ਹੋਈਆਂ, ਮਿਸਐਪਲੀਕੇਸ਼ਨ ਆਫ਼ ਫੰਡਜ਼ ਹੋਈ ਜਿਸ ਕਰਕੇ ਲੌਸਿਜ਼ ਵੱਧ ਰਹੇ ਹਨ। ਹੋਰ ਕੀ ਕੁਝ ਨਹੀਂ ਉਥੇ ਹੋ ਰਿਹਾ ? ਮੈਂ ਸਮਝਦਾ ਹਾਂ ਕਿ ਇਨ੍ਹਾਂ ਤੋਂ ਇਲਾਵਾ ਹੋਰ ਇਲਜ਼ਾਮ ਹੋ ਵੀ ਕੀ ਸਕਦੇ ਹਨ ? ਹਾਊਸ ਦੀ ਖਾਹਿਸ਼ ਨੂੰ ਮੱਦੇਨਜ਼ਰ ਰਖਦੇ ਹੋਏ ਇਸ ਮਾਮਲੇ ਤੇ ਲੈਜਿਸਲੇਟਰਜ਼ ਦੀ ਇਕ ਕਮੇਟੀ ਬਣਾਈ ਜਾਏ।

ਤੀਸਰੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਤੁਹਾਡੇ ਚੈਂਬਰ ਵਿਚ ਵੀ ਮੈਂ ਬੇਨਤੀ ਕੀਤੀ ਸੀ ਕਿ ਜਿਸ ਤਰ੍ਹਾਂ ਦੇ ਮਾਹੌਲ ਵਿਚ ਇਹ ਸੈਸ਼ਨ ਲਗਾ ਹੋਇਆ ਹੈ ਜਿਸ ਦੇ ਵਿਚ ਮੇਜਰ ਪੁਲੀਟੀਕਲ ਪਾਰਟੀ ਐਬਸੈਂਟ ਹੈ, ਜਿਸ ਵਕਤ ਲੋਕ ਮਹੱਤਤਾ ਦਾ ਕੋਈ ਮਾਮਲਾ ਆਉਂਦਾ ਹੈ ਉਸ ਨੂੰ ਰੁਟੀਨ ਵਿਚ ਵੇਖਣ ਦੀ ਬਜਾਏ ਉਸ ਵਲ ਪਰਸਨਲ ਤਵਜੋ ਦਿੱਤੀ ਜਾਇਆ ਕਰੇ। ਇਥੇ ਇਕ

Original with;
Punjab Vidhan Sabha
Digitized by;
Panjab Digital Library

ਮਾਮਲਾ ਉਠਿਆ ਸੀ ਉਹ ਤੁਹਾਡੀ ਪਰਸਨਲ ਤਵਜੋ ਮੰਗਦਾ ਸੀ। ਉਹ ਮਾਮਲਾ ਸੀ ਕਿ ਬਿਜਲੀ ਦੇ ਰੇਟ ਵੱਧਾ ਦਿਤੇ ਭਾਵੇਂ ਫਲੈਟ ਰੇਟ ਸੀ ਤੇ ਭਾਵੇਂ ਦੂਸਰੇ ਅਤੇ ਨਾਲ ਹੀ ਸਿਕਿਉਰਟੀਜ਼ ਦੇ ਰੇਟਸ ਵੱਧਾ ਦਿਤੇ। ਇਕ ਤਾਂ ਇਹ ਹੈ ਕਿ ਇਸ ਤਰ੍ਹਾਂ ਦੀ ਗਲ ਬਜਟ ਤੋਂ ਪਹਿਲਾਂ ਨਾ ਕਰਿਆ ਕਰਨ। ਇਹ ਬੜਾ ਸੀਰੀਅਸ ਮਾਮਲਾ ਸੀ। ਇਸ ਦੇ ਨਾਲ ਹਾਊਸ ਦੀ ਵੀ ਡਿਸਰੈਸਪੈਕਟ ਹੁੰਦੀ ਹੈ। ਕਿਉਂ ਨਾ ਇਥੇ ਡਿਸਕਸ ਕਰਕੇ ਲੈਵੀ ਕਰਿਆ ਕਰਨ। ਤੁਸੀਂ ਉਹ ਚੀਜ਼ ਪ੍ਰਾਜੈਕਟ ਕਰ ਦਿਤੀ। ਤੁਸੀਂ ਆਪ ਵੇਖੋ ਕਿ ਪੰਜਾਬ ਵਿਚੋਂ ਕੋਈ 10 ਹਜ਼ਾਰ ਦੇ ਕਰੀਬ ਕਿਸਾਨਾਂ ਨੇ ਡਿਮਾਂਸਟਰੇਸ਼ਨ ਕੀਤੀ ਅਤੇ ਅੱਜ ਤਕ ਉਹ ਧਰਨੇ ਤੇ ਬੈਠੇ ਹੋਏ ਹਨ। ਮੇਰੀ ਅਰਜ਼ ਹੈ ਕਿ ਇਸ ਮਾਮਲੇ ਤੇ ਹਾਊਸ ਵਿਚ ਡਿਸਕਸ਼ਨ ਕਰਾ ਦਿਓ ਨਹੀਂ ਤਾਂ ਜਿਹੜੀ ਐਡਜਰਨਮੈਂਟ ਮੋਸ਼ਨ ਦਿਤੀ ਹੈ ਉਸ ਨੂੰ ਕਨਵਰਟ ਕਰ ਦਿਓ।

**ਕਾਮਰੇਡ ਸਰਵਣ ਸਿੰਘ ਚੀਮਾ** : ** ** **

**Mr. Speaker**: It is disallowed.

**ਕਾਮਰੇਡ ਸਰਵਣ ਸਿੰਘ ਚੀਮਾ** : ** ** **

**ਸ੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (ਵਿਘਨ)

(ਇਸ ਵਕਤ ਹਾਊਸ ਵਿਚ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਮਾਨਯੋਗ ਸਪੀਕਰ ਨੇ ਸਰਦਾਰ ਗੁਰਨੈਬ ਸਿੰਘ ਬਰਾੜ ਨੂੰ ਇਜਾਜ਼ਤ ਦਿਤੀ)।

## WALK-OUT

**ਪ੍ਰੋਫੈਸਰ ਬਲਵੰਤ ਸਿੰਘ**: ਸਪੀਕਰ ਸਾਹਿਬ, ਤੁਸੀਂ ਸਾਨੂੰ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਦੀ ਇਜਾਜ਼ਤ ਨਹੀਂ ਦਿੰਦੇ। ਇਸ ਲਈ ਐਜ਼ ਏ ਪ੍ਰੋਟੈਸਟ ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਵਕਤ ਸੀ.ਪੀ.ਆਈ (ਐਮ) ਦੇ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵਾਕ ਆਊਟ ਕਰਕੇ ਚਲੇ ਗਏ।)

## POINTS OF ORDER RE. FUNCTIONING OF PUNJAB SCHOOL EDUCATION BOARD AND INCREASE IN THE RATE OF ELECTRICITY AND SECURITIES BY THE PUNJAB STATE ELECTRICITY BOARD (*Resumption*)

**ਸਰਦਾਰ ਗੁਰਨੈਬ ਸਿੰਘ ਬਰਾੜ**: ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਅੱਜ ਦੇ ਜਿਹੜੇ ਸਾਰੇ ਕੁਐਸ਼ਚਨ ਸਨ ਉਹ 19 ਸਨ। ਮੈਂ ਅੱਧਾ ਮਿੰਟ ਲੇਟ ਹੋ ਗਿਆ ਤੇ ਮੇਰਾ ਕੁਐਸ਼ਚਨ ਛੱਡ ਦਿੱਤਾ ਗਿਆ। 19 ਵਿਚੋਂ ਕੇਵਲ 6 ਕੁਐਸ਼ਚਨ ਲਏ ਗਏ ਹਨ ਔਰ 13 ਕੁਐਸ਼ਚਨ ਅਨ-ਸਟਾਰਡ ਹੋ ਗਏ ਹਨ। ਤੁਸੀਂ ਟਾਈਮ ਦਾ ਖਿਆਲ ਰਖੋ ਔਰ ਕੋਈ ਐਸਾ ਤਰੀਕਾ ਅਪਣਾਓ ਜਿਸ ਨਾਲ ਸਾਰੇ ਕੁਐਸ਼ਚਨਾਂ ਦੇ ਜਵਾਬ ਆ ਜਾਣ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਠੀਕ ਹੈ।

**ਸ੍ਰੀ ਗੁਰਦਿਆਲ ਸੈਣੀ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

**ਸ੍ਰੀ ਗੁਰਦਿਆਲ ਸੈਣੀ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

**ਸਰਦਾਰ ਬੀਰਦਵਿੰਦਰ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

**ਸਰਦਾਰ ਬੀਰਦਵਿੰਦਰ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

**ਸਰਦਾਰ ਬੀਰਦਵਿੰਦਰ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਤੁਸੀਂ ਠੀਕ ਹੀ ਫਰਮਾਇਆ ਹੈ ਕਿ ਗਵਰਨਰ ਐਡਰੈਸ ਅਤੇ ਬਜਟ ਤੇ ਡਿਸਕਸ਼ਨ ਕਰਨ ਵੇਲੇ ਸਾਡੇ ਆਨਰੇਬਲ ਮੈਂਬਰ ਇਹ ਸਾਰੇ ਮਸਲੇ ਉਠਾ ਸਕਦੇ ਹਨ। ਕੱਲ ਸੀ.ਐਮ. ਸਾਹਿਬ ਨੇ ਗਵਰਨਰ ਐਡਰੈਸ ਤੇ ਹੋਈ ਡਿਸਕਸ਼ਨ ਦਾ ਜਵਾਬ ਦੇਣਾ ਹੈ। ਮੈਂ ਇੱਕ ਗਲ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ 10 ਹਜ਼ਾਰ ਦੀ ਸਿਕਿਊਰਟੀ ਦਾ ਮਾਮਲਾ ਜੋ ਇਨ੍ਹਾਂ ਨੇ ਰੇਜ਼ ਕੀਤਾ ਹੈ, ਉਸ ਦੇ ਨਾਲ ਕੋਈ ਤੁਅਲਕ ਨਹੀਂ ਹੈ ਕਿਉਂਕਿ ਪ੍ਰਿਆਰਟੀ ਦੇ ਮੁਤਾਬਿਕ ਕੁਨੈਕਸ਼ਨ ਦੇਣੇ ਹਨ। ਲਾਈਨ ਨੂੰ ਬਿਲਕੁਲ ਨਹੀਂ ਤੋੜਿਆ ਜਾਵੇਗਾ ਮੈਂ ਉਨ੍ਹਾਂ ਦੀ ਮਿਸਅੰਡਰਸਟੈਂਡਿੰਗ ਕਲੀਯਰ ਕਰ ਦੇਣਾ ਚਾਹਾਂਗਾ। ਸੀ.ਐਮ. ਸਾਹਿਬ ਕਲ ਰਿਪ-ਲਾਈ ਦਿੰਦੇ ਹੋਏ ਇਸ ਬਾਰੇ ਡਿਟੇਲ ਵਿੱਚ ਦਸ ਦੇਣਗੇ।

**ਕਾਮਰੇਡ ਕੁਲਵੰਤ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਬਜਟ ਤੇ ਡਿਸਕਸ਼ਨ ਕਰਨ ਵੇਲੇ ਇਹ ਮਾਮਲਾ ਉਠਾ ਲੈਣਾ।

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਸਪੀਕਰ ਸਾਹਿਬ, ਕਾਮਰੇਡ ਰਾਜਕੁਮਾਰ ਮੈਂਬਰਾਂ ਨੂੰ ਇੰਸਟੀਗੇਟ ਕਰਕੇ ਖੜਾ ਕਰ ਰਹੇ ਹਨ।

(ਇਸ ਸਮੇਂ ਸੀ.ਪੀ.ਆਈ. ਦੇ ਸਾਰੇ ਆਨਰੇਬਲ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਕਾਲ ਅਟੈਨਸ਼ਨ ਮੋਸ਼ਨਜ਼ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਦੋ ਤਿੰਨ ਮਾਮਲੇ ਹਾਊਸ ਵਿੱਚ ਉਠਾਏ ਗਏ ਹਨ। ਉਨ੍ਹਾਂ ਤੇ ਡਿਸਕਸ਼ਨ ਕਰਾਉਣ ਦੀ ਮੰਗ ਹੋਈ ਹੈ ਪਰ ਤੁਸੀਂ ਬਿਲਕੁਲ 'ਨੋ' ਕਹਿ ਦਿੱਤੀ ਹੈ। ਦੂਸਰਾ ਚਤਰਥ ਸਾਹਿਬ ਐਸਪਰਸ਼ਨ ਕਰ ਗਏ ਹਨ ਕਿ ਰਾਜ ਕੁਮਾਰ ਸੀਟ ਤੇ ਬੈਠ ਕੇ ਮੈਂਬਰਾਂ ਨੂੰ ਇੰਸਟੀਗੇਟ ਕਰ ਰਿਹਾ ਹੈ। ਇਹ ਤਾਂ ਇਸ ਤਰ੍ਹਾਂ ਸਮਝਦੇ ਹਨ ਜਿਵੇਂ ਮੈਂ ਟਿਊਟਰ ਹਾਂ ਅਤੇ ਇਹ ਸਾਰੇ ਮੇਰੇ ਫਾਲੋਅਰ ਹਨ। ਸਪੀਕਰ ਸਾਹਿਬ, ਇਨ੍ਹਾਂ ਮਾਮਲਿਆਂ ਤੇ ਜ਼ਰੂਰ ਡਿਸਕਸ਼ਨ ਕਰਾਓ । ਹਾਊਸ ਦੇ ਸਾਰੇ ਮੈਂਬਰਾਂ ਨੇ ਇਸ ਦੀ ਮੰਗ ਕੀਤੀ ਹੈ। ਤੁਸੀਂ ਜੋ 'ਨੋ' ਕਿਹਾ ਹੈ ਇਸ ਦੀ ਕੀ ਕਨਸਿਸਟੈਂਸੀ ਹੈ।

**Shri Gopal Krishan Chatrath**: This is the finding of the House.

**Comrade Raj Kumar** : Mr. Speaker, a Committee should be appointed to go into the charges levelled against ( * * * ) the Chairman of the Punjab School Education Board.

ਸਪੀਕਰ ਸਾਹਿਬ, ਮਾਰਕਿਟ ਸੈਸ ਵਧਾਈ ਗਈ ਹੈ। ਬਿਜਲੀ ਦੀਆਂ ਸਿਕਊਰਿਟੀਆਂ ਅਤੇ ਫਲੈਟ ਰੇਟ ਵੀ ਵਧਾਏ ਗਏ ਹਨ। ਇਨ੍ਹਾਂ ਮਾਮਲਿਆਂ ਤੇ ਡਿਸਕਸ਼ਨ ਕਰਾਉਣ ਲਈ ਸਮੇਂ ਦਾ ਐਲਾਨ ਕਰੋ ।

**ਸ਼੍ਰੀ ਸਪੀਕਰ** : ਗਵਰਨਰ ਐਡਰੈਸ ਅਤੇ ਬਜਟ ਡਿਸਕਸ ਕਰਨ ਵੇਲੇ ਆਨਰੇਬਲ ਮੈਂਬਰ ਇਹ ਸਾਰੇ ਮਾਮਲੇ ਰੇਜ਼ ਕਰ ਸਕਦੇ ਹਨ। ਜਿਹੜੀ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਉਹ ਮੈਂ ਠੀਕ ਹੀ ਰਿਜੈਕਟ ਕੀਤੀ ਹੈ। ਕਾਮਰੇਡ ਕੁਲਵੰਤ ਸਿੰਘ ਦਾ ਨੋ ਪੁਆਇੰਟ ਆਫ ਆਰਡਰ ਸੀ ।

## WALK-OUT

**Comrade Raj Kumar** : We are sorry for it. We cannot agree to suggestions. Therefore, as a protest, we walk-out.

(At this stage the Members of the C.P.I., present in the House, staged a **walk-out**).

## CALL ATTENTION NOTICES UNDER RULE 66

(*Serial No.* 3)

**Comrade Buta Singh**
**Comrade Kulwant Singh** } : Sir, I beg to draw the attention of the
**Comrade Sarwan Singh**

Government towards a matter of urgent public importance namely, arbitrary increase in price of kerosene oil and shortage of the same in the rural areas of the State as well as in the urban areas and scarcity of controlled (rationed) kerosene oil in the above areas.

**Minister of State for Food and Supplies (Shri Bhagwan Dass)** : The increase in the price of kerosene oil has been made by the Central Government from the February 14-15th mid-night and the State Government is only doing the distribution.

---

**Expunged under orders of the Speaker.

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ :** ਪੰਜਾਬੀ ਵਿੱਚ, ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਪੜ੍ਹਨ।

**ਰਾਜ ਮੰਤਰੀ,** ਖੁਰਾਕ ਅਤੇ ਸਪਲਾਈਜ਼ : ਕਾਲ ਅਟੈਨਸ਼ਨ ਅੰਗਰੇਜ਼ੀ ਵਿੱਚ ਸੀ ਇਸ ਲਈ ਮੈਂ ਅੰਗਰੇਜ਼ੀ ਵਿੱਚ ਜਵਾਬ ਪੜ੍ਹ ਰਿਹਾ ਹਾਂ। ਹੁਣ ਪੰਜਾਬੀ ਵਿੱਚ ਪੜ੍ਹ ਦਿੰਦਾ ਹਾਂ। ਕੇਂਦਰੀ ਸਰਕਾਰ ਵੱਲੋਂ 14/15 ਫਰਵਰੀ ਦੀ ਵਿਚਕਾਰਲੀ ਅੱਧੀ ਰਾਤ ਤੋਂ ਮਿੱਟੀ ਦੇ ਤੇਲ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ ਹੈ ਅਤੇ ਰਾਜ ਸਰਕਾਰ ਕੇਵਲ ਉਨ੍ਹਾਂ ਵੱਲੋਂ ਕੀਮਤ ਅਤੇ ਵੰਡ ਦੀ ਅਪਣਾਈ ਗਈ ਦੂਹਰੀ ਪ੍ਰਣਾਲੀ ਦੀ ਨੀਤੀ ਦੀ ਪਾਲਣਾ ਹੀ ਕਰ ਰਹੀ ਹੈ। ਜਿਸ ਅਨੁਸਾਰ ਘਰੇਲੂ ਖਪਤਕਾਰ 70% ਮਿੱਟੀ ਦਾ ਤੇਲ ਸਬਸੀਡਾਈਜ਼ਡ (ਸਸਤੇ) ਭਾਅ ਤੇ ਅਤੇ 30% ਵੱਧ ਭਾਅ ਤੇ ਪ੍ਰਾਪਤ ਕਰਨਗੇ। ਗੈਰ ਘਰੇਲੂ ਖਪਤਕਾਰ ਜਿਵੇਂ ਕਿ ਢਾਬੇ, ਹੋਟਲ ਅਤੇ ਉਦਯੋਗ ਵਾਲੇ ਨਾਨ-ਸਬਸੀਡਾਈਜ਼ਡ (ਵਧੇਰੇ ਭਾਅ ਵਾਲਾ) ਹੀ ਮਿੱਟੀ ਦਾ ਤੇਲ ਪ੍ਰਾਪਤ ਕਰਨਗੇ । ਨਵੀਂ ਪਾਲਿਸੀ ਦੇ ਫਲਸਰੂਪ ਰਾਜ ਨੂੰ ਕੀਤੀ ਜਾਣ ਵਾਲੀ ਐਲੋਕੇਸ਼ਨ ਵਿੱਚ ਕਮੀ ਨਹੀਂ ਕੀਤੀ ਗਈ ਹੈ ਅਤੇ ਕੇਂਦਰੀ ਸਰਕਾਰ ਵੱਲੋਂ ਇਹ ਯਕੀਨ ਦਿਵਾਇਆ ਗਿਆ ਹੈ ਕਿ ਤੇਲ ਦੀ ਸਪਲਾਈ 1982 ਦੇ ਪੱਧਰ ਤੇ ਜਾਰੀ ਰੱਖੀ ਜਾਵੇਗੀ। ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਤੇਲ ਦੀ ਥੁੜ੍ਹ ਬਾਰੇ ਅਜੇ ਤੱਕ ਕੋਈ ਰਿਪੋਟ ਨਹੀਂ ਮਿਲੀ ਅਤੇ ਮਹੀਨਾ ਫਰਵਰੀ ਅਤੇ ਮਾਰਚ, 1983 ਵਿੱਚ ਤੇਲ ਦੀ ਐਲੋਕੇਸ਼ਨ 20560 ਕਿਲੋ ਲੀਟਰ ਅਤੇ 21460 ਕਿਲੋ ਲਿਟਰ ਹੋਈ ਜਦੋਂ ਕਿ ਸਾਲ 1982 ਵਿੱਚ ਇਹਨਾਂ ਹੀ ਮਹੀਨਿਆਂ ਵਿੱਚ ਤਰਤੀਬ-ਵਾਰ ਐਲੋਕੇਸ਼ਨ 18247 ਕਿਲੋ ਲਿਟਰ ਅਤੇ 19275 ਕਿਲੋ ਲਿਟਰ ਹੋਈ ਸੀ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਕਿਸੇ ਤਰ੍ਹਾਂ ਦੀ ਥੁੜ੍ਹ ਸਾਡੀ ਸਰਕਾਰ ਨਹੀਂ ਆਉਣ ਦੇਵੇਗੀ।

**ਕਾਮਰੇਡ ਬੂਟਾ ਸਿੰਘ :** ਸਪੀਕਰ ਸਾਹਿਬ, ਮੈਂਬਰਾਂ ਨੇ ਕਲ ਬੜੇ ਜ਼ੋਰ ਨਾਲ ਇਸ ਹਾਊਸ ਵਿੱਚ ਇਹ ਸਵਾਲ ਉਠਾਇਆ ਸੀ ਅਤੇ ਵਜ਼ੀਰ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਕਿਸ ਤਰ੍ਹਾਂ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਇੱਕ ਦੁਕਾਨ ਤੇ ਦੋ-ਦੋ ਰੇਟ ਮਿੱਟੀ ਦੇ ਤੇਲ ਦੇ ਚਲ ਰਹੇ ਹਨ। ਇਸ ਦੇ ਬਾਰੇ ਵਜ਼ੀਰ ਸਾਹਿਬ ਨੇ ਕੋਈ ਲਫਜ਼ ਨਹੀਂ ਆਖਿਆ। ਇਸ ਦੇ ਬਾਰੇ ਕੀ ਐਕਸ਼ਨ ਲੈਣਗੇ ? ਦੂਸਰਾ, ਸਪੀਕਰ ਸਾਹਿਬ, ਬਠਿੰਡੇ ਜ਼ਿਲ੍ਹੇ ਵਿੱਚ ਤੇਲ ਦੀ ਮਿਲਾਵਟ ਦੇ ਕਈ ਕੇਸ ਅਸੀਂ ਫੜਾਏ ਹਨ। ਲੇਕਿਨ ਬੜੇ ਅਫ਼ਸੋਸ ਦੀ ਗਲ ਹੈ ਕਿ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ। ਜਿਹੜੇ ਡੀਜ਼ਲ ਵਿੱਚ ਮਿਲਾਵਟ ਕਰਕੇ ਕਰੋੜਾਂ ਰੁਪਏ ਦੀ ਕਿਸਾਨ ਦੀ ਮਸ਼ੀਨਰੀ ਬਰਬਾਦ ਕਰਦੇ ਹਨ, ਇਨ੍ਹਾਂ ਦੇ ਖਿਲਾਫ ਕੀ ਐਕਸ਼ਨ ਲੈਣਗੇ, ਇਹ ਵਜ਼ੀਰ ਸਾਹਿਬ ਦਸਣ ਦੀ ਕ੍ਰਿਪਾਲਤਾ ਕਰਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਖੁਦ ਮੇਰੇ ਸਵਾਲ ਦਾ ਜਵਾਬ ਦੇ ਦਿੱਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਮਿੱਟੀ ਦਾ ਤੇਲ ਡੀਜ਼ਲ ਵਿੱਚ ਮਿਲਾਇਆ ਜਾਂਦਾ ਹੈ। ਮੇਰਾ ਖਿਆਲ ਹੈ ਕਿ ਇਸ ਗਲ ਨੂੰ ਮੱਦੇਨਜ਼ਰ ਰਖਦੇ ਹੋਏ ਹੀ ਸੈਂਟਰਲ ਸਰਕਾਰ ਨੇ 70% ਮਿੱਟੀ ਦਾ ਤੇਲ ਸੱਸਤੇ ਭਾਅ ਤੇ ਅਤੇ 30% ਮਹਿੰਗੇ ਭਾਅ ਤੇ ਵੇਚਣ ਦਾ ਐਲਾਨ ਕੀਤਾ ਹੈ ਤਾਂ ਕਿ ਪੰਜਾਬ ਦੇ ਜ਼ਿਮੀਂਦਾਰ ਜੋ ਕਿ ਸਾਡੀ ਰੀੜ ਦੀ ਹੱਡੀ ਹਨ, ਉਨ੍ਹਾਂ ਦੇ ਟਰੈਕਟਰ ਮਿਲਾਵਟ ਵਾਲੇ ਡੀਜ਼ਲ ਨਾਲ ਖਰਾਬ ਨਾ ਹੋ ਸਕਣ। ਇਹ ਆਮ ਸ਼ਿਕਾਇਤ ਆਉਂਦੀ ਸੀ । ਇਸ ਵਾਸਤੇ 30% ਮਿੱਟੀ ਦੇ ਤੇਲ ਦੀ ਕੀਮਤ ਵੱਧਾ ਕੇ 3 ਰੁਪਏ 27 ਪੈਸੇ ਫਿਕਸ ਕਰ ਦਿੱਤੀ ਹੈ ਤਾਂ ਕਿ ਡੀਜ਼ਲ ਵਿੱਚ ਮਿਲਾਵਟ ਨਾ ਹੋ ਸਕੇ । ਦੋਨੋਂ ਭਾਆਂ ਵਾਲੇ ਮਿੱਟੀ ਦੇ ਤੇਲ ਇੱਕੋ ਡੀਪੂ ਤੇ ਰਖੇ ਗਏ ਹਨ । ਹੋਟਲ ਵਾਲਿਆਂ, ਢਾਬੇ ਵਾਲਿਆਂ

Original with;
Punjab Vidhan Sabha
Digitized by;
Panjab Digital Library

ਅਤੇ ਇੰਡਸਟਰੀ ਵਾਲਿਆਂ ਨੂੰ 3 ਰੁਪਏ 27 ਪੈਸੇ ਦੇ ਹਿਸਾਬ ਨਾਲ ਇਹ ਮਿੱਟੀ ਦਾ ਤੇਲ ਦਿੱਤਾ ਜਾਵੇਗਾ। ਇਸ ਦੀ ਖੁਲੀ ਵੰਡ ਨਹੀਂ ਰਖੀ ਗਈ ਔਰ 3 ਰੁਪਏ 27 ਪੈਸੇ ਵਾਲੇ ਤੇਲ ਦੀ ਖੁਲੀ ਵੰਡ ਹੈ, ਜਿਹੜਾ ਚਾਹੇ ਲੈ ਸਕਦਾ ਹੈ। ਜਿਹੜਾ 1.97 ਪੈਸੇ ਦਾ ਤੇਲ ਹੈ ਉਹ ਗਰੀਬਾਂ ਵਾਸਤੇ ਹੈ। ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਸਰਕਾਰ ਨੇ ਜੋ ਫੈਸਲਾ ਕੀਤਾ ਹੈ ਉਹ ਬਹੁਤ ਅੱਛਾ ਫੈਸਲਾ ਕੀਤਾ ਹੈ।

(*Serial No. 6**)

**Comrade Darshan Singh Jhabal** : Sir, I beg to draw the attention of the Government towards a matter of urgent public importance, namely, non-availability of essential commodities at the Depots in the villages and towns. The articles of daily need, viz. wheat, ghee, cloth etc. are not being made available to the consumers. There is much resentment and discontentment amongst the people on this account. The Minister concerned may be pleased to make a statement in the House to apprise the House about the solid steps, being taken by the Government with regard to the distribution system of the essential commodities.

**ਰਾਜ ਮੰਤਰੀ,** ਖੁਰਾਕ ਤੇ ਸਪਲਾਈਜ਼ (ਸ੍ਰੀ ਭਗਵਾਨ ਦਾਸ) : ਪੰਜਾਬ ਰਾਜ ਵਿਚ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿਚ ਆਟਾ, ਵਨਸਪਤੀ ਘਿਓ, ਕਪੜਾ ਅਤੇ ਦੂਸਰੀਆਂ ਜ਼ਰੂਰੀ ਵਸਤਾਂ ਦੀ ਕੋਈ ਘਾਟ ਨਹੀਂ ਹੈ। 1 ਜਨਵਰੀ, 1982 ਤੋਂ ਲੈ ਕੇ 28 ਫਰਵਰੀ, 1983 ਤਕ ਲੋਕ ਵੰਡ ਪ੍ਰਣਾਲੀ ਰਾਹੀਂ 4,83,820 ਕੁਇੰਟਲ ਆਟਾ ਲੋਕਾਂ ਨੂੰ ਵੇਚਿਆ ਗਿਆ ਜਿਸ ਵਿਚੋਂ 4,02,540 ਕੁਇੰਟਲ ਕੇਵਲ ਟਾਰਗੇਟ ਗਰੁਪ ਨੂੰ ਵੇਚਿਆ ਗਿਆ। ਮਿਲਾਂ ਵਾਲਾ ਕਸਬਿਆਂ ਵਿਚ ਆਟਾ 180.50 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਲੋਕ ਵੰਡ ਪ੍ਰਣਾਲੀ ਰਾਹੀਂ ਵੇਚਿਆ ਜਾ ਰਿਹਾ ਹੈ। ਸਰਕਾਰ ਦੀਆਂ ਕੋਸ਼ਿਸ਼ਾਂ ਦੇ ਫਲਸਰੂਪ ਅਕਤੂਬਰ, 1982 ਤੋਂ ਭਾਰਤ ਸਰਕਾਰ ਲੋਕ ਵੰਡ ਪ੍ਰਣਾਲੀ ਰਾਹੀਂ 80,000 ਕੁਇੰਟਲ ਕਣਕ ਐਲੋਕੇਟ ਕਰ ਰਹੀ ਹੈ। ਸਰਕਾਰ ਕਣਕ/ਕਣਕ ਦਾ ਆਟਾ ਜਨਤਾ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਦੇਵੇਗੀ। ਹੋ ਸਕਦਾ ਹੈ ਕਿ ਵਧੀਆ ਕਿਸਮ ਦਾ selected brand ਆਟਾ ਖੁਲ੍ਹੀ ਮਾਰਕਿਟ ਵਿਚ ਉਚੀਆਂ ਦਰਾਂ ਤੇ ਸਮਾਜ ਦੇ ਵੱਡੀ ਪੱਧਰ ਦੇ ਲੋਕਾਂ ਦੀਆਂ ਲੋੜਾਂ ਪੂਰਾ ਕਰਨ ਵਾਸਤੇ . ਵੱਧ ਕੀਮਤ ਤੇ ਵਿਕ ਰਿਹਾ ਹੈ, ਜਿਸ ਦਾ ਕਿ ਆਮ ਜਨਤਾ ਤੇ ਕੋਈ ਪ੍ਰਭਾਵ ਨਹੀਂ। ਸਾਡੇ ਕੋਲ ਇਸ ਵੇਲੇ 2,77,000 ਕੁਇੰਟਲ ਕਣਕ ਦਾ ਸਟਾਕ ਮੌਜੂਦ ਹੈ।

ਵਿਦੇਸ਼ ਤੋਂ ਮੰਗਵਾਏ ਆਰ. ਬੀ. ਡੀ. ਪਾਮ ਆਇਲ ਆਰਥਿਕ ਤੌਰ ਤੇ ਪਛੜੇ ਹੋਏ ਲੋਕਾਂ ਨੂੰ 9.60 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦਿਤਾ ਜਾ ਰਿਹਾ ਹੈ। ਜਦ ਕਿ ਵਨਸਪਤੀ ਘਿਓ ਬਜ਼ਾਰ ਵਿਚ 15 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਿਹਾ ਹੈ। ਵਨਸਪਤੀ ਘਿਓ ਵੀ ਬਜ਼ਾਰ ਵਿਚ ਆਸਾਨੀ ਨਾਲ ਮਿਲ ਰਿਹਾ ਹੈ। ਸਮਾਜ ਦੇ ਗਰੀਬ ਤਬਕੇ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ 17,475 ਕੁਇੰਟਲ ਆਰ. ਬੀ. ਡੀ. ਪਾਮ ਆਇਲ ਇਸ ਵੇਲੇ ਵੀ ਸਟਾਕ ਵਿਚ ਹੈ ਅਤੇ 6,100 ਕੁਇੰਟਲ ਹਰ ਮਹੀਨੇ ਕੇਂਦਰੀ ਐਲੋਕੇਸ਼ਨ ਰਾਹੀਂ ਵਾਧਾ ਕੀਤਾ ਜਾ ਰਿਹਾ ਹੈ।

---

*Read in Punjabi.

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼]

ਸਸਤੇ ਭਾਅ ਦਾ ਕਪੜਾ ਪਨਸਪ ਅਤੇ ਕੰਸਟੋਫੈਡ ਰਾਹੀਂ 50 : 50 ਦੀ ਅਨੁਪਾਤ ਦੇ ਹਿਸਾਬ ਨਾਲ ਲੋਕਾਂ ਨੂੰ ਵੇਚਿਆ ਜਾ ਰਿਹਾ ਹੈ । ਕਪੜੇ ਦੀ ਘਾਟ ਦੀ ਗਲ ਤਾਂ ਇਕ ਪਾਸੇ ਰਹੀ, ਅਸਲ ਵਿਚ ਸਸਤੇ ਭਾਅ ਦਾ ਕਪੜਾ ਰਾਜ ਵਿਚ ਪੀ. ਡੀ. ਐਸ. ਰਾਹੀਂ ਵੇਚਣ ਦਾ ਇਕ ਮਸਲਾ ਬਣਿਆ ਹੋਇਆ ਹੈ। ਭਾਰਤ ਸਰਕਾਰ ਨੇ ਲੋਕ ਵੰਡ ਪ੍ਰਣਾਲੀ ਦੀ ਮੰਗ ਨੂੰ ਪੂਰਾ ਕਰਨ ਹਿਤ ਸਸਤੇ ਭਾਅ ਦੇ ਕਪੜੇ ਦੀ ਜਿੰਨੀ ਵੀ ਮਾਤਰਾ ਦੀ ਲੋੜ ਹੋਵੇ ਉਸ ਨੂੰ ਪੂਰਾ ਕਰਨ ਦਾ ਭਰੋਸਾ ਦਿਵਾਇਆ ਹੋਇਆ ਹੈ । ਲੋੜ ਨੂੰ ਮੁੱਖ ਰਖਦਿਆਂ ਹੋਇਆ ਸਬੰਧਤ ਏਜੰਸੀਆਂ ਸਸਤੇ ਭਾਅ ਦਾ ਕਪੜਾ ਚੁਕ ਰਹੀਆਂ ਹਨ । ਆਮ ਜਨਤਾ ਜਾਂ ਕਮਜ਼ੋਰ ਵਰਗ ਦੇ ਲੋਕਾਂ ਨੂੰ ਸਸਤੇ ਭਾਅ ਦਾ ਕਪੜਾ ਲੈਣ ਦੀ ਮਿਕਦਾਰ ਤੇ ਕੋਈ ਪਾਬੰਦੀ ਨਹੀਂ ।

ਦਾਲਾਂ ਪੀਲੇ ਕਾਰਡ ਹੋਲਡਰਾਂ ਨੂੰ ਬਾਜ਼ਾਰ ਦੀ ਕੀਮਤ ਨਾਲੋਂ 1 ਰੁਪਏ ਪ੍ਰਤੀ ਕਿਲੋ ਘੱਟ ਕੀਮਤ ਤੇ ਵੇਚੀਆਂ ਜਾ ਰਹੀਆਂ ਹਨ । ਜਨਵਰੀ ਅਤੇ ਫਰਵਰੀ, 1983 ਵਿਚ 735 ਕੁਇੰਟਲ ਅਤੇ 1281 ਕੁਇੰਟਲ ਦਾਲਾਂ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਵੇਚੀਆਂ ਗਈਆਂ । 6948 ਕੁਇੰਟਲ ਮੂੰਗ ਅਤੇ ਸਾਬਤ ਮਾਂਹ ਹਾਲੇ ਵੀ ਪਨਸੱਪ ਦੇ ਸਟਾਕ ਵਿਚ ਪਈਆਂ ਹਨ ।

ਪ੍ਰਧਾਨ ਮੰਤਰੀ ਜੀ ਦੇ 20 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਹਿੱਤ ਪੰਜਾਬ ਸਰਕਾਰ ਨੇ ਲੋਕ ਵੰਡ ਪ੍ਰਣਾਲੀ ਨੂੰ ਵਧਾਉਣ ਅਤੇ ਚੰਗੀ ਤਰ੍ਹਾਂ ਨੇਪਰੇ ਚਾੜ੍ਹਨ ਲਈ ਕਦਮ ਚੁਕੇ ਹਨ । ਇਸ ਵੇਲੇ 10,801 ਸਸਤੇ ਭਾਅ ਦੀਆਂ ਦੁਕਾਨਾਂ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿਚ ਕੰਮ ਕਰ ਰਹੀਆਂ ਹਨ। ਜਿਨ੍ਹਾਂ ਦੀ ਲੋੜ ਪਨਸਪ ਵਲੋਂ ਖੋਲ੍ਹੀਆਂ 301 ਥੋਕ ਦੁਕਾਨਾਂ ਪੂਰੀਆਂ ਕਰ ਰਹੀਆਂ ਹਨ। ਲੋਕਾਂ ਦੀ ਸਹੂਲਤ ਨੂੰ ਮੁੱਖ ਰਖਦਿਆਂ ਹੋਇਆਂ ਹਰ ਸਸਤੇ ਭਾਅ ਦੀ ਦੁਕਾਨ ਤੇ ਵਧ ਤੋਂ ਵੱਧ 500 ਕਾਰਡ ਲਏ ਗਏ ਹਨ ਜਿਨ੍ਹਾਂ ਰਾਹੀਂ ਜਨਤਾ ਹਫਤਾ ਵਾਰੀ ਰਾਸ਼ਨ ਭੀ ਲੈ ਸਕਦੀ ਹੈ । 8266 ਪਿੰਡ ਵਿਚ ਉਨ੍ਹਾਂ ਦੀਆਂ ਆਪਣੀਆਂ ਸਸਤੇ ਭਾਅ ਦੀਆਂ ਦੁਕਾਨਾਂ ਕੰਮ ਕਰ ਰਹੀਆਂ ਹਨ । ਸਰਕਾਰ ਨੇ ਆਪਣੀ ਮਦਦ ਆਪ ਕਰਨ ਦੇ ਆਧਾਰ ਤੇ ਜ਼ਰੂਰੀ ਵਸਤਾਂ ਦੀ ਵੰਡ ਦੇ ਕੰਮ ਪੰਚਾਇਤਾਂ ਨੂੰ ਜਾਂ ਫਿਰ ਪੰਚਾਇਤ ਦੇ ਨੁਮਾਇੰਦਿਆਂ ਨੂੰ ਸੌਂਪਣ ਦਾ ਅਸੂਲ ਬਣਾਇਆ ਹੈ। ਕਮਜ਼ੋਰ ਵਰਗਾਂ ਦੀ ਸਹੂਲਤ ਨੂੰ ਮੁੱਖ ਰਖਦਿਆਂ ਹੋਇਆਂ ਸਰਕਾਰ ਨੇ 168 ਡਿਪੂ ਸਨਅਤੀ ਖੇਤਰ ਵਿਚ ਜਿਥੇ ਕਿ ਸਨਅਤੀ ਕਾਮੇ ਵਸੇ ਹੋਏ ਹਨ ਖੋਲ੍ਹੀਆਂ ਹਨ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਬੜਾ ਲੰਬਾ ਚੌੜਾ ਜਵਾਬ ਪੜ੍ਹ ਕੇ ਯਕੀਨ ਦਿਵਾਇਆ ਹੈ ਕਿ ਪੰਜਾਬ ਵਿਚ ਕੋਈ ਘਾਟ ਨਹੀਂ ਹੈ । ਪਰ ਮੈਂ ਇਨ੍ਹਾਂ ਨੂੰ ਪੁਛਦਾ ਹਾਂ ਕਿ ਅਮਲ ਵਿਚ ਕੀ ਹੈ। ਅਮਲ ਵਿਚ ਇਹ ਹੈ ਕਿ ਡਿਪੂਆਂ ਤੇ ਅੱਜ ਕੋਈ ਚੀਜ਼ ਨਹੀਂ ਮਿਲ ਰਹੀ ਔਰ ਮਾਰਕਿਟ ਵਿਚ ਢਾਈ ਰੁਪਏ ਕਿਲੋ ਆਟਾ ਵਿਕ ਰਿਹਾ ਹੈ। ਪੀਲੇ ਕਾਰਡ ਹੋਲਡਰਾਂ ਨੂੰ ਸਬਸਿਡੀ ਦੀਆਂ ਚੀਜ਼ਾਂ ਨਹੀਂ ਦਿਤੀਆਂ ਜਾ ਰਹੀਆਂ ਮੈਂ ਇਹ ਮਾਮਲਾ ਗਰੀਵੈਂਸਿਜ਼ ਕਮੇਟੀ ਵਿਚ ਵੀ ਉਠਾਇਆ ਸੀ, ਉਸ ਵਿਚ ਇਹ ਦਸਿਆ ਗਿਆ ਸੀ ਕਿ ਸਰਕਾਰ ਨੇ ਹੁਣ ਇਹ ਸਬਸਿਡੀ ਦੇਣੀ ਬੰਦ ਕਰ ਦਿੱਤੀ ਹੈ ਕਿਉਂਕਿ ਸਰਕਾਰ ਨੂੰ ਕੇਂਦਰੀ ਮੁਦਰਾ ਜੋ ਮਿਲਣੀ ਹੈ ਉਨ੍ਹਾਂ ਵਿਚ ਇਹ ਹਦਾਇਤ ਦਿਤੀ ਹੋਈ ਹੈ । ਇਸ ਲਈ ਗਰੀਬਾਂ ਨੂੰ ਹੁਣ ਸਸਤੇ ਭਾਅ ਦੀਆਂ ਚੀਜ਼ਾਂ ਨਹੀਂ ਮਿਲ ਰਹੀਆਂ । ਲੋਕਾਂ ਨੂੰ ਮਹਿੰਗੇ ਰੇਟ ਤੇ ਚੀਜ਼ਾਂ ਲੈਣੀਆਂ ਪੈਂਦੀਆਂ ਹਨ। ਤੇਲ ਮਹਿੰਗਾ ਕਰ ਦਿਤਾ ਹੈ, ਸਸਤਾ ਤੇਲ ਮਿਲਦਾ ਨਹੀਂ। ਮਨਿਸਟਰ ਸਾਹਿਬ ਨੇ ਜਿਹੜਾ ਡੀਜ਼ਲ ਦਾ ਮਹਿੰਗਾ ਰੇਟ ਹੋਣ ਬਾਰੇ ਕਿਹਾ ਹੈ ਇਹ ਤਾਂ ਇਕ ਬਹਾਨਾ ਹੈ ਡੀਜ਼ਲ ਵੀ ਸਸਤਾ ਕੀਤਾ ਜਾ ਸਕਦਾ ਸੀ। ਇਸ ਲਈ ਮੈਂ ਇਹ ਫਿਰ ਪੁਛਦਾ ਹਾਂ ਕਿ ਜਿਹੜੀ ਸਬਸਿਡੀ ਦੀਆਂ ਚੀਜ਼ਾਂ ਗਰੀਬ ਲੋਕਾਂ ਨੂੰ ਮਿਲ ਰਹੀਆਂ ਸਨ ਕੀ ਉਹ ਚਾਲੂ ਰਖਣਗੇ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਵਚਨ ਬੱਧ ਹੈ ਕਿ ਕਿ ਅਸੀਂ ਗਰੀਬਾਂ ਨੂੰ ਸਬਸੀਡਾਈਜ਼ਡ ਰੇਟ ਤੇ ਚੀਜ਼ਾਂ ਦੇਣੀਆਂ ਹਨ । ਆਟਾ 1.80 ਪੈਸੇ ਦੇ ਹਿਸਾਬ ਨਾਲ ਮਿਲ ਰਿਹਾ ਹੈ । ਇਸ ਰੇਟ ਤੇ ਆਟਾ ਖੁਲ੍ਹਾ ਵੀ ਦਿਤਾ ਜਾ ਰਿਹਾ ਹੈ । ਪਾਮ ਆਇਲ 9.60 ਪੈਸੇ ਕਿਲੋ ਦਿਤਾ ਜਾ ਰਿਹਾ ਹੈ । ਇਸ ਲਈ ਮੈਂ ਫਿਰ ਯਕੀਨ ਦਿਵਾਉਂਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵਚਨ ਬੱਧ ਹੈ ਕਿ ਗਰੀਬਾਂ ਨੂੰ ਸਸਤੇ ਰੇਟ ਤੇ ਚੀਜ਼ਾਂ ਦੇਣੀਆਂ ਹਨ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਸਪੀਕਰ ਸਾਹਿਬ, ਸਬਸਿਡੀ ਦੇਣੀ 1 ਦਸੰਬਰ, 1982 ਤੋਂ ਬੰਦ ਕਰ ਦਿਤੀ ਹੈ, ਮੈਂ ਇਹ ਪੁਛਿਆ ਸੀ ।

ਸ੍ਰੀ ਸਪੀਕਰ : ਮੰਤਰੀ ਮਹੋਦਯ ਨੇ ਕਿਹਾ ਹੈ ਕਿ ਸਬਸਿਡੀ ਬੰਦ ਨਹੀਂ ਕੀਤੀ ।

ਰਾਜ ਮੰਤਰੀ : ਮੈਂ ਇਹ ਕਿਹਾ ਹੈ ਕਿ ਸਬਸਿਡੀ ਬਕਾਇਦਾ ਦਿਤੀ ਜਾ ਰਹੀ ਹੈ ।

## PAPERS LAID ON THE TABLE

**Health and Family Welfare Minister** (Shri Joginder Pal Panday): Sir I beg to lay on the Table :—

1. the Punjab Ex-Servicemen Corporation (General Rules, 1982,) as required under Section 32 (3) of the Punjab Ex-Servicemen Corporation Act, 1978
2. the Annual Report on the working of the Punjab Ex-Servicemen Corporation for the year 1981-82, as required under section 23(6) of the Punjab Ex-Servicemen Corporation Act, 1978.

## PRESENTATION OF REPORT OF THE COMMITTEE ON PUBLIC ACCOUNTS

**The Chairman, Committee on Public Accounts (Shri Gopal Krishan Chatrath):** Sir, I beg to present the 51st Report of the Committee on Public Accounts on the Appropriation Accounts of the Government of Punjab for the year 1977-78 and the Report of the Comptroller and Auditor General of India for the year 1977-78 (Civil) relating to the Industries Department.

## RESUMPTION OF DISCUSSION ON GOVERNOR's ADDRESS

**Mr. Speaker** : Now the House will resume consideration of the Motion moved by Sardar Jagdev Singh Jassowal, M.L.A., and seconded by Shri Piara Ram Dhanowalia, M.L.A. on the 8th March, 1983.

Chaudhri Jagjit Singh was on his legs when the House adjourned on the 9th March, 1983. He may please resume his speech.

**ਚੌਧਰੀ ਜਗਜੀਤ ਸਿੰਘ** (ਕਰਤਾਰਪੁਰ, ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਕਲ ਮੈਂ ਗਵਰਨਰ ਐਡਰੈਸ ਤੇ ਬੋਲ ਰਿਹਾ ਸੀ ਅਤੇ ਇਸ ਮਤੇ ਦੀ ਪ੍ਰੋੜ੍ਹਤਾ ਕਰਨ ਲਈ ਬੋਲਿਆ ਸੀ । ਪੰਜਾਬ ਵਿਚ ਅਕਾਲੀਆਂ ਨੇ ਗੋਲੀਆਂ ਅਤੇ ਤਲਵਾਰਾਂ ਨਾਲ ਗਰੀਬ ਲੋਕਾਂ ਦਾ ਕਤਲ ਕਰਨਾ ਸ਼ੁਰੂ ਕਰ ਦਿਤਾ ਹੈ ਅਤੇ ਧਮਕੀਆਂ ਦੇ ਰਹੇ ਹਨ ਕਿ ਅਸੀਂ ਪੰਜਾਬ ਦੇ ਵਿਚ ਲਾਅ ਐਂਡ ਆਰਡਰ ਖਰਾਬ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਕਰ ਦੇਣਾ ਹੈ। ਅਕਾਲੀਆਂ ਦੀਆਂ ਐਜੀਟੇਸ਼ਨਾਂ ਨਾਲ ਪੰਜਾਬ ਵਿਚ ਵਾਤਾਵਰਣ ਖਰਾਬ ਹੋਇਆ ਹੈ ਅਤੇ ਲੋਕ ਬਹੁਤ ਦੁਖੀ ਹਨ।

10.30 ਵਜੇ ਸਵੇਰੇ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)।)

ਜਿਸ ਢੰਗ ਨਾਲ ਅਕਾਲੀ ਪੰਜਾਬ ਵਿਚ ਬੰਦੂਕਾਂ ਅਤੇ ਤਲਵਾਰਾਂ ਦੇ ਜ਼ੋਰ ਨਾਲ ਲੋਕਾਂ ਨੂੰ ਤੰਗ ਕਰ ਰਹੇ ਹਨ, ਮਾਸੂਮ ਲੋਕਾਂ ਦੇ ਕਤਲ ਕਰ ਰਹੇ ਹਨ ਅਤੇ ਕਾਤਲਾਂ ਨੂੰ ਫਿਰ ਗੁਰਦੁਆਰਿਆਂ ਵਿਚ ਸ਼ਰਣ ਦੇ ਰਹੇ ਹਨ ਅਤੇ ਫਿਰ ਉਨ੍ਹਾਂ ਕਾਤਲਾਂ ਦੀ ਕਦੇ ਨਿਖੇਧੀ ਨਹੀਂ ਕਰਦੇ ਜਦ ਕਿ ਪੰਜਾਬ ਦੇ ਸਾਰੇ ਲੋਕ ਇਸ ਗੱਲ ਦਾ ਦੁਖ ਮਹਿਸੂਸ ਕਰ ਰਹੇ ਹਨ ਕਿ ਇਸ ਤਰ੍ਹਾਂ ਬੰਦੂਕਾਂ ਅਤੇ ਤਲਵਾਰਾਂ ਦੇ ਜ਼ੋਰ ਨਾਲ ਕਦੇ ਸਰਕਾਰਾਂ ਨਹੀਂ ਬਦਲਿਆ ਕਰਦੀਆਂ। ਕਾਤਲਾਂ ਨੂੰ ਗੁਰਦੁਆਰਿਆ ਵਿਚ ਆਨਰ ਕੀਤਾ ਜਾਂਦਾ ਹੈ ਅਤੇ ਕਾਨੂੰਨ ਦੀ ਗ੍ਰਿਪ ਵਿਚੋਂ ਦੂਰ ਰਖਿਆ ਜਾ ਰਿਹਾ ਹੈ। ਫੇਰ ਕਹਿੰਦੇ ਹਨ ਕਿ ਸਾਡੇ ਨਾਲ ਸਰਕਾਰ ਵਿਤਕਰਾ ਕਰ ਰਹੀ ਹੈ। ਪੰਜਾਬ ਵਿਚ ਜਿਹੜੀ ਅੱਗ ਅਕਾਲੀਆਂ ਨੇ ਲਾਈ ਹੋਈ ਹੈ ਅਤੇ ਜਿਸ ਸੂਝ ਬੂਝ ਨਾਲ ਸਾਡੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਨੇ ਇਸ ਸਾਰੀ ਸਿਚੁਏਸ਼ਨ ਨੂੰ ਸੰਭਾਲਿਆ ਹੈ ਅਤੇ ਜਿਸ ਤਰ੍ਹਾਂ ਅਕਾਲੀ ਪੰਜਾਬ ਦੀ ਫਿਜ਼ਾ ਨੂੰ ਬਰਬਾਦ ਕਰਨਾ ਚਾਹੁੰਦੇ ਸਨ ਅਤੇ ਫਿਰਕਾਪ੍ਰਸਤੀ ਦੀ ਅੱਗ ਲਗਾ ਕੇ ਤਬਾਹ ਪੰਜਾਬ ਨੂੰ ਕਰਨਾ ਚਾਹੁੰਦੇ ਹਨ ਉਸ ਨੂੰ ਸਰਦਾਰ ਦਰਬਾਰਾ ਸਿੰਘ ਜੀ ਨੇ ਬਚਾਇਆ ਹੈ ਅਤੇ ਇਨ੍ਹਾਂ ਦੀ ਲੀਡਰਸ਼ਿਪ ਤੇ ਸਾਨੂੰ ਸਾਰਿਆਂ ਨੂੰ ਮਾਣ ਹੈ। ਅਕਾਲੀ ਦਲ ਦੇ ਮੈਂਬਰਾਂ ਨੇ ਅਸੈਂਬਲੀ ਤੋਂ ਆਪਣੇ ਅਸਤੀਫੇ ਦਿਤੇ ਹਨ। ਇਹ ਉਨ੍ਹਾਂ ਨੇ ਆਪ ਨਹੀਂ ਦਿਤੇ ਇਹ ਅਸਤੀਫੇ ਕਿਸੇ ਡਰ ਦੇ ਕਾਰਣ ਅਤੇ ਕਿਸੇ ਧਮਕੀ ਦੇ ਕਾਰਣ ਦੇਣੇ ਪਏ ਹਨ। ਇਸ ਗੱਲ ਨੂੰ ਉਹ ਵੀ ਜਾਣਦੇ ਹਨ। ਚਾਹੀਦਾ ਤਾਂ ਇਹ ਸੀ ਕਿ ਜਮਹੂਰੀਅਤ ਦੇ ਵਿਚ ਅਸੈਂਬਲੀ ਇਕ ਫੋਰਮ ਐਸਾ ਹੈ ਜਿਥੇ ਉਹ ਆਪਣੀ ਗੱਲ ਨੂੰ ਕਹਿ ਸਕਦੇ ਸਨ ਅਤੇ ਆਪਣੀਆਂ ਮੰਗਾਂ ਬਾਰੇ ਹਾਊਸ ਵਿਚ ਦੱਸ ਸਕਦੇ ਸਨ ਅਤੇ ਦੂਜੀਆਂ ਪਾਰਟੀਆਂ ਦਾ ਸਹਿਯੋਗ ਪ੍ਰਾਪਤ ਕਰ ਸਕਦੇ ਸਨ। ਲੇਕਿਨ ਉਨ੍ਹਾਂ ਨੇ ਹਾਊਸ ਵਿਚੋਂ ਗੈਰ ਹਾਜ਼ਰ ਹੋ ਕੇ ਉਨ੍ਹਾਂ ਲੋਕਾਂ ਦੀ ਨੁਮਾਇੰਦਗੀ ਨਹੀਂ ਕੀਤੀ ਜਿਨ੍ਹਾਂ ਨੇ ਇਨ੍ਹਾਂ ਨੂੰ ਚੁਣ ਕੇ ਇਥੇ ਭੇਜਿਆ ਹੈ। ਪੰਜਾਬ ਦੇ ਵਿਚ ਐਜੀਟੇਸ਼ਨ ਚਲਾ ਕੇ ਅਕਾਲੀਆਂ ਨੇ ਜਿਹੜੀ ਫਿਜ਼ਾ ਨੂੰ ਤਬਾਹ ਕੀਤਾ ਹੈ, ਹਿੰਦੂਆਂ ਅਤੇ ਹਰੀਜਨਾਂ ਦੇ ਦਿਲਾਂ ਵਿਚ ਡਰ ਪੈਦਾ ਕੀਤਾ ਹੈ ਪਰ ਸੁਰੱਖਿਆ ਉਨ੍ਹਾਂ ਦੀ ਮਹਿਫੂਜ਼ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਕੀਤੀ ਹੈ। ਜਿਸ ਤਰ੍ਹਾਂ ਭੰਨ ਤੋੜ ਕਰਕੇ ਗੋਲੀ ਅਤੇ ਤਲਵਾਰ ਦੇ ਨਿਸ਼ਾਨੇ ਨਾਲ ਸਿੱਖਾਂ ਅਤੇ ਹਿੰਦੂਆਂ ਵਿਚ ਫਿਰਕਾਪ੍ਰਸਤੀ ਫੈਲਾਉਣ ਦੀ ਉਨ੍ਹਾਂ ਨੇ ਕੋਸ਼ਿਸ਼ ਕੀਤੀ ਸੀ ਉਸ ਦੇ ਵਿਚ ਉਹ ਲੋਕ ਕਾਮਯਾਬ ਨਹੀਂ ਹੋ ਸਕੇ ਅਤੇ ਇਸ ਨੂੰ ਨਾ-ਕਾਮਯਾਬ ਕਰਨਾ ਸਰਦਾਰ ਦਰਬਾਰਾ ਸਿੰਘ ਦੀ ਸੂਝ ਬੂਝ ਦਾ ਸਬੂਤ ਹੈ ਜਿਨ੍ਹਾਂ ਨੇ ਬੜੇ ਤਕੜੇ ਤਰੀਕੇ ਨਾਲ ਇਸ ਸਿਚੂਏਸ਼ਨ ਨੂੰ ਹੈਂਡਲ ਕੀਤਾ ਹੈ। ਬਹੁਤ ਸਾਰੀਆਂ ਧਾਰਮਿਕ ਮੰਗਾਂ ਇਨ੍ਹਾਂ ਦੀਆਂ ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਨੇ ਮੰਨ ਲਈਆਂ ਹਨ ਅਤੇ ਉਸ ਮਹਾਨ ਸ਼ਖਸੀਅਤ ਨੂੰ ਹੁਣ 101 ਦੇਸ਼ਾਂ ਦੇ ਨਾਨ ਐਲਾਇੰਡ ਮੁਲਕਾਂ ਦੇ ਲੀਡਰਾਂ ਨੇ ਆਪਣਾ ਚੇਅਰਮੈਨ ਚੁਣਿਆ ਹੈ ਉਹ ਕੇਵਲ ਹਿੰਦੁਸਤਾਨ ਦੀ ਹੀ ਨੇਤਾ ਨਹੀਂ ਹਨ ਬਲਕਿ ਸਾਰੀ ਦੁਨੀਆਂ ਦੇ ਨੇਤਾ ਹਨ ਅਤੇ ਉਨ੍ਹਾਂ ਦੀ ਲੀਡਰਸ਼ਿਪ ਦੁਨੀਆਂ ਦੇ ਬੜੇ ਵੱਡੇ ਵੱਡੇ ਲੀਡਰ ਮੰਨਦੇ ਹਨ। ਉਨ੍ਹਾਂ ਨੇ ਇਨ੍ਹਾਂ ਅਕਾਲੀਆਂ ਨੂੰ ਫਿਰ ਕਿਹਾ ਹੈ ਕਿ ਬਾਕੀ ਦੀਆਂ ਮੰਗਾਂ ਗੱਲ ਬਾਤ ਰਾਹੀਂ ਹੱਲ ਕੀਤੀਆਂ ਜਾ ਸਕਦੀਆਂ ਹਨ। ਪਰ ਇਹ ਗੱਲ ਬਾਤ ਰਾਹੀਂ ਹੱਲ ਕਰਨ ਦੀ ਬਜਾਏ ਗੋਲੀ ਅਤੇ ਤਲਵਾਰ ਰਾਹੀਂ ਹੱਲ ਕਰਨਾ ਚਾਹੁੰਦੇ ਹਨ। ਜਦੋਂ ਪਿਛੇ 3 ਵਾਰੀ ਇਹ ਸਰਕਾਰ ਵੋਟਾਂ ਰਾਹੀਂ ਬਣਾ ਕੇ ਆਏ ਸਨ ਅਤੇ ਸੈਂਟਰ ਦੀ ਸਰਕਾਰ ਵਿਚ ਭਾਈਵਾਲ ਰਹੇ ਸਨ

Original with;
Punjab Vidhan Sabha
Digitized by;
Panjab Digital Library

ਉਸ ਵਕਤ ਜਦੋਂ ਇਨ੍ਹਾਂ ਕੋਲ ਤਾਕਤ ਹੁੰਦੀ ਸੀ। ਉਦੋਂ ਇਨ੍ਹਾਂ ਨੂੰ ਕਦੇ ਯਾਦ ਨਹੀਂ ਆਉਂਦਾ ਅਤੇ ਕਦੇ ਵੀ ਇਨ੍ਹਾਂ ਨੇ ਆਪਣੀਆਂ ਮੰਗਾਂ ਨਹੀਂ ਮੰਗੀਆਂ ਹਨ। ਪਰ ਜਦੋਂ ਇਨ੍ਹਾਂ ਕੋਲੋਂ ਤਾਕਤ ਖੁਸ ਜਾਂਦੀ ਹੈ ਉਸ ਵਕਤ ਇਨ੍ਹਾਂ ਨੂੰ ਐਜੀਟੇਸ਼ਨ ਸ਼ੁਰੂ ਕਰਨ ਲਈ ਕੋਈ ਨਾ ਕੋਈ ਬਹਾਨਾ ਚਾਹੀਦਾ ਹੈ ਤਾ ਕਿ ਪੰਜਾਬ ਵਿਚ ਮਾਹੌਲ ਖਰਾਬ ਹੋਵੇ ਅਤੇ ਲੋਕ ਸਾਨੂੰ ਫਿਰ ਤਾਕਤ ਵਿਚ ਲਿਆਉਣ। ਇਹਨਾਂ ਨੇ ਕਾਫੀ ਦੇਰ ਤੋਂ ਐਜੀਟੇਸ਼ਨ ਕਦੇ ਧਾਰਮਿਕ ਮੰਗਾਂ ਨੂੰ ਲੈ ਕੇ ਸ਼ੁਰੂ ਕੀਤੀ ਹੈ ਔਰ ਹੁਣ ਉਹ ਮੰਨੀਆਂ ਗਈਆਂ ਹਨ। ਇਹ ਤਾਂ ਲੋਕਾਂ ਦੀ ਸਰਕਾਰ ਹੈ ਜਿਸ ਨੂੰ ਉਹ ਚਾਹੁੰਣਗੇ ਉਸ ਨੂੰ ਵੋਟਾਂ ਰਾਹੀਂ ਚੁਣ ਕੇ ਭੇਜ ਦੇਣਗੇ। ਇਨ੍ਹਾਂ ਨੂੰ ਲੋਕਾਂ ਦੇ ਮੈਨਡੇਟ ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ ਨਾ ਕਿ ਤਾਕਤ ਦੀ ਖਾਤਰ ਪੰਜਾਬ ਵਿਚ ਵਾਤਾਵਰਨ ਖਰਾਬ ਕਰਨ। ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਕੇ ਗਲਤ ਰਸਤੇ ਤੇ ਪਾ ਰਹੇ ਹਨ ਅਤੇ ਗਰੀਬ ਲੋਕਾਂ ਦੇ ਕਤਲ ਕਰ ਰਹੇ ਹਨ। ਇਨ੍ਹਾਂ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਉਤਨੀ ਹੀ ਥੋੜ੍ਹੀ ਹੈ। ਸਾਡੇ ਸੀ. ਐਮ. ਸਾਹਿਬ ਨੇ ਬੜੀ ਦਲੇਰੀ ਨਾਲ ਇਨ੍ਹਾਂ ਦੀਆਂ ਧਮਕੀਆਂ ਦਾ ਮੁਕਾਬਲਾ ਕੀਤਾ ਹੈ ਅਤੇ ਪੰਜਾਬ ਦੀ ਤਰੱਕੀ ਵਿਚ ਰੁਕਾਵਟ ਨਹੀਂ ਆਉਣ ਦਿਤੀ ਅਤੇ ਪੰਜਾਬ ਦੀ ਰੂਪ ਰੇਖਾ ਹੀ ਚੇਂਜ ਕਰ ਦਿਤੀ ਹੈ। ਤਰੱਕੀ ਦੇ ਰਸਤੇ ਤੇ ਚਲਣ ਲਈ ਪੰਜਾਬ ਸਰਕਾਰ ਨੇ ਬੜੀਆਂ ਨਵੀਆਂ ਸਕੀਮਾਂ ਨੂੰ ਚਾਲੂ ਕੀਤਾ ਹੈ ਅਤੇ ਕਾਫੀ ਪੈਸਾ ਖਰਚ ਕਰ ਰਹੀ ਹੈ। ਗਰੀਬ ਲੋਕਾਂ ਦੀ ਸਰਕਾਰ ਕਾਫੀ ਮਦਦ ਕਰ ਰਹੀ ਹੈ ਅਤੇ ਸਹੂਲਤਾਂ ਦੇ ਰਹੀ ਹੈ ਤਾ ਕਿ ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਪਾ ਕੇ ਅੱਗੇ ਲਿਆਂਦਾ ਜਾ ਸਕੇ ਅਤੇ ਮੁਲਕ ਵਿਚ ਇਕ ਨੰਬਰ ਰਾਜ ਹੋਵੇ। ਇਹ ਉਨ੍ਹਾਂ ਦੀ ਆਪਣੀ ਖਾਹਿਸ਼ ਹੈ ਕਿ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ ਜਾਵੇ ਅਤੇ ਵੱਧ ਤੋਂ ਵੱਧ ਸਹੂਲਤਾਂ ਲੋਕਾਂ ਨੂੰ ਮਿਲਣ ਚਾਹੇ ਕਿਸੇ ਕੀਮਤ ਤੇ ਕਿਉਂ ਨਾ ਦੇਣੀਆਂ ਪੈਣ। ਡਿਪਟੀ ਸਪੀਕਰ ਸਾਹਿਬ, ਸਾਡੀ ਪੰਜਾਬ ਦੀ ਜਨਤਾ ਵਿਚ ਏਕਤਾ ਹੋਣੀ ਚਾਹੀਦੀ ਹੈ। ਸਾਰੀਆਂ ਪਾਰਟੀਆਂ ਨੂੰ ਪੰਜਾਬ ਦੀ ਤਰੱਕੀ ਵਿਚ ਅਤੇ ਪੰਜਾਬ ਦੀ ਖੁਸ਼ਹਾਲੀ ਵਿਚ ਹਿਸਾ ਪਾਉਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ ਪੰਜਾਬ ਦੀ ਤਰੱਕੀ ਚਾਹੁੰਦੇ ਹਨ। ਮੁੱਖ ਮੰਤਰੀ ਜੀ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲ ਕਰਨਾ ਚਾਹੁੰਦੇ ਹਨ ਲੇਕਿਨ ਅਕਾਲੀ ਭਰਾ ਐਜੀਟੇਸ਼ਨਾਂ ਕਰ ਕੇ ਪੰਜਾਬ ਦੀ ਤਰੱਕੀ ਵਿਚ ਰੁਕਾਵਟ ਪਾਉਣਾ ਚਾਹੁੰਦੇ ਹਨ ਅਤੇ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਨੂੰ ਖਰਾਬ ਕਰਨਾ ਚਾਹੁੰਦੇ ਹਨ। ਪੰਜਾਬ ਦਾ ਸਰਮਾਇਆ ਜਿਹੜਾ ਪੰਜਾਬ ਦੀ ਤਰੱਕੀ ਅਤੇ ਪੰਜਾਬ ਦੀ ਖੁਸ਼ਹਾਲੀ ਵਿਚ ਲਗਣਾ ਸੀ, ਉਹ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਨੂੰ ਠੀਕ ਰਖਣ ਲਈ ਲਗ ਰਿਹਾ ਹੈ। ਇਸ ਤਰ੍ਹਾਂ ਅਕਾਲੀ ਭਰਾ ਪੰਜਾਬ ਦੀ ਤਰੱਕੀ ਵਿਚ ਰੁਕਾਵਟ ਪਾਉਂਦੇ ਹਨ। ਪੰਜਾਬ ਦਾ ਪਲਾਨ ਪਹਿਲਾਂ 385 ਕਰੋੜ ਰੁਪਏ ਦਾ ਸੀ ਅਤੇ ਹੁਣ ਪੰਜਾਬ ਦਾ ਪਲਾਨ 440 ਕਰੋੜ ਰੁਪਏ ਦਾ ਬਣਾਇਆ ਹੈ। ਇਸ ਤੋਂ, ਡਿਪਟੀ ਸਪੀਕਰ ਸਾਹਿਬ, ਇਹ ਪਤਾ ਲਗਦਾ ਹੈ ਕਿ ਪੰਜਾਬ ਦੀ ਸਰਕਾਰ ਅੱਛੀ ਹੈ। ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਲੈ ਜਾਣਾ ਚਾਹੁੰਦੀ ਹੈ। ਪੰਜਾਬ ਨੇ ਖੇਤੀ ਬਾੜੀ ਦੇ ਖੇਤਰ ਵਿਚ ਪ੍ਰਗਤੀ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, 55.44 ਲੱਖ ਟਨ ਪੈਡੀ ਮੰਡੀਆਂ ਵਿਚ ਆਈ। (ਘੰਟੀ) ਇਸ ਤੋਂ ਅੰਦਾਜ਼ਾ ਲਗ ਸਕਦਾ ਹੈ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਸਹੂਲਤਾਂ ਦਿਤੀਆਂ ਹਨ ਜਿਸ ਕਰ ਕੇ ਪੈਦਾਵਾਰ ਵਿਚ ਇਤਨਾ ਜ਼ਿਆਦਾ ਵਾਧਾ ਹੋਇਆ। ਇਸ ਵਾਰ ਰਿਕਾਰਡ ਤੋੜ ਫਸਲ ਪੰਜਾਬ ਵਿਚ ਹੋਈ ਹੈ ਅਤੇ ਸਭ ਤੋਂ ਵੱਧ ਹਿਸਾ ਪੰਜਾਬ ਨੇ ਸੈਂਟਰ ਪੂਲ ਵਿਚ ਦਿਤਾ। (ਥੰਪਿੰਗ) ਇਸ ਨਾਲ ਸਾਰੇ ਪੰਜਾਬ ਦਾ ਸਿਰ ਉਚਾ ਹੋਇਆ। ਡੀਜ਼ਲ, ਬਿਜਲੀ ਅਤੇ ਪਾਣੀ ਦੀ ਜੋ ਕਮੀ ਸੀ, ਉਹ ਮੇਰੀ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਦੀ ਪੂਰੀ ਕੀਤੀ। ਬਿਜਲੀ ਵੀ ਜ਼ਿਆਦਾ ਮਿਕਦਾਰ ਵਿਚ ਦਿਤੀ ਗਈ। ਡੀਜ਼ਲ ਵੀ ਦਿਤਾ ਗਿਆ ਅਤੇ ਪਾਣੀ ਲਈ ਨਹਿਰਾਂ ਦਾ ਜਾਲ ਵਿਛਾ ਦਿਤਾ ਗਿਆ ਤਾਂ ਕਿ ਪੈਦਾਵਾਰ ਵਿਚ ਵਾਧਾ ਹੋ ਸਕੇ। ਇਥੇ ਹੀ ਬੱਸ ਨਹੀਂ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਕਿਸਾਨਾਂ ਨੂੰ ਪੰਜਾਬ ਸਰਕਾਰ ਵਲੋਂ ਸਬਸਿਡੀ ਵੀ ਦਿਤੀ ਗਈ। ਕਲਰ ਵਾਲੀ ਜ਼ਮੀਨ ਨੂੰ ਖੇਤੀਯੋਗ ਬਣਾਇਆ ਗਿਆ ਤਾ ਕਿ ਪੈਦਾਵਾਰ ਜ਼ਿਆਦਾ ਕੀਤੀ ਜਾ ਸਕੇ। ਪੰਜਾਬ ਸਰਕਾਰ ਵਲੋਂ ਦਵਾਈਆਂ ਵੀ ਕਿਸਾਨਾਂ ਨੂੰ ਵੰਡੀਆਂ ਗਈਆਂ ਹਨ ਤਾ ਕਿ ਐਗਰੀਕਲਚਰ ਵਿਚ ਵੱਧ ਤੋਂ ਵੱਧ ਵਾਧਾ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਕੀਤਾ ਜਾ ਸਕੇ। ਐਗਰੀਕਲਚਰ ਵਿਚ ਬੜਾਵਾ ਦੇਣ ਲਈ ਅਤੇ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲ ਕਰਨ ਲਈ ਹਰ ਯਤਨ ਕੀਤੇ ਗਏ। (ਘੰਟੀ) ਪਿੰਡਾਂ ਵਿਚ ਜਿਥੇ ਪਾਣੀ ਦੀ ਕਮੀ ਸੀ ਉਨ੍ਹਾਂ ਪਿੰਡਾਂ ਵਿਚ ਪੀਣ ਦੇ ਪਾਣੀ ਦਾ ਪ੍ਰਬੰਧ ਪੰਜਾਬ ਸਰਕਾਰ ਵਲੋਂ ਕੀਤਾ ਗਿਆ। ਪਿਛਲੇ ਸਾਲਾਂ ਨਾਲੋਂ ਇਸ ਕੰਮ ਲਈ ਵੱਧ ਖਰਚ ਕੀਤਾ ਗਿਆ। ਗਲੀਆਂ ਨਾਲੀਆਂ ਪਿੰਡਾਂ ਦੀਆਂ ਪੱਕੀਆਂ ਕਰਨ ਵਾਸਤੇ ਸਰਕਾਰ ਨੇ 10 ਕਰੋੜ ਰੁਪਏ ਦੇ ਕਰੀਬ ਪੈਸਾ ਰਖਿਆ ਹੈ। ਮੈਂ ਇਸ ਗੱਲ ਦੀ ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਪੰਜਾਬ ਸਰਕਾਰ ਨੂੰ ਨਾਲ ਇਹ ਵੀ ਕਹਿੰਦਾ ਹਾਂ ਕਿ ਇਸ ਕੰਮ ਲਈ ਹੋਰ ਜਿਆਦਾ ਰੁਪਿਆ ਰਖਿਆ ਜਾਵੇ। ਇਸ ਨਾਲ ਪਿੰਡਾਂ ਦੇ ਲੋਕਾਂ ਨੂੰ ਹੋਰ ਸਹੂਲਤਾਂ ਮਿਲਣਗੀਆਂ ਅਤੇ ਪਿੰਡਾਂ ਦੀ ਹੋਰ ਤਰੱਕੀ ਹੋਵੇਗੀ।

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਖੇਤਰ ਵਿਚ ਪੰਜਾਬ ਸਰਕਾਰ ਨੇ ਬਹੁਤ ਧਿਆਨ ਦਿਤਾ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਗਿਆ ਹੈ ਕਿ ਐਜੂਕੇਸ਼ਨ ਤੇ ਕਰੋੜਾਂ ਰੁਪਿਆ ਖਰਚਿਆ ਜਾ ਰਿਹਾ ਹੈ। ਜਿਥੇ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ ਉਥੇ ਪੰਜਾਬ ਸਰਕਾਰ 25,000 ਰੁਪਿਆ ਆਪਣੇ ਕੋਲੋਂ ਅਤੇ 5,000 ਰੁਪਿਆ ਪੰਚਾਇਤਾਂ ਕੋਲੋਂ ਲੈ ਕੇ ਸਕੂਲਾਂ ਦੀਆਂ ਬਿਲ ਡਿੰਗਾਂ ਬਣਾ ਰਹੀ ਹੈ ਜਿਸ ਨਾਲ ਗਰੀਬਾਂ ਦੇ ਬੱਚੇ ਉਨ੍ਹਾਂ ਸਕੂਲਾਂ ਵਿਚ ਪੜ੍ਹ ਸਕਣਗੇ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅਪ ਕਰੋ ਜੀ। ਹੋਰ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬੋਲਣਾ ਹੈ।

**ਚੌਧਰੀ ਜਗਜੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਕਾਹਲੀ ਕਾਹਦੀ ਹੈ, ਮੈਂ ਤਾਂ ਹਾਲੇ ਹੁਣੇ ਹੀ ਬੋਲਣਾ ਸ਼ੁਰੂ ਕੀਤਾ ਹੈ। ਐਜੂਕੇਸ਼ਨ ਡਿਪਾਰਟਮੈਂਟ ਵਲੋਂ ਬਹੁਤ ਅੱਛਾ ਕੰਮ ਕੀਤਾ ਗਿਆ ਹੈ। ਪਿੰਡਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਪੜ੍ਹਨ ਦਾ ਚੰਗਾ ਮੌਕਾ ਦਿਤਾ ਗਿਆ ਹੈ। ਉਨ੍ਹਾਂ ਬੱਚਿਆਂ ਨੂੰ ਕਾਫੀ ਸਹੂਲਤਾਂ ਦਿਤੀਆਂ ਗਈਆਂ ਹਨ। ਜਿਨ੍ਹਾਂ ਸਕੂਲਾਂ ਦੀਆਂ ਆਪਣੀਆਂ ਬਿਲਡਿੰਗਾਂ ਵਗੈਰਾ ਨਹੀਂ ਹਨ, ਉਨ੍ਹਾਂ ਸਕੂਲਾਂ ਦੀਆਂ ਬਿਲਡਿੰਗਾਂ ਬਣ ਰਹੀਆਂ ਹਨ ਅਤੇ ਪੰਜਾਬ ਦਾ ਵਾਤਾਵਰਨ ਬੜਾ ਅੱਛਾ ਬਣ ਰਿਹਾ ਹੈ। ਮਾਡਲ ਸਕੂਲ ਸ਼ੁਰੂ ਕਰ ਦਿਤੇ ਹਨ। ਅੱਛੀ ਵਿਦਿਆ ਬੱਚਿਆਂ ਲਈ ਹਾਸਲ ਕਰਨ ਦਾ ਪੰਜਾਬ ਵਿਚ ਕਾਫੀ ਯਤਨ ਕੀਤਾ ਗਿਆ ਹੈ। ਮੈਨੂੰ, ਡਿਪਟੀ ਸਪੀਕਰ ਸਾਹਿਬ, ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਪੰਜਾਬ ਨੂੰ ਹੋਰ ਤਰੱਕੀ ਵੱਲ ਲੈ ਜਾਣਗੇ। ਪੰਜਾਬ ਹੋਰ ਜ਼ਿਆਦਾ ਖੁਸ਼ਹਾਲ ਹੋਵੇਗਾ। ਪੰਜਾਬ ਦੇ ਲੋਕਾਂ ਨੂੰ ਹੋਰ ਸਹੂਲਤਾਂ ਮਿਲਣਗੀਆਂ। ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਦੀ ਸਰਕਾਰ ਵੱਲੋਂ ਯੈਲੋ ਕਾਰਡ ਵਾਲਿਆਂ ਨੂੰ ਜੋ ਕਿ ਬਿਲੋ ਪਾਵਰਟੀ ਲਾਈਨ ਹਨ, ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ। ਕੋਆਪਰੇਟਿਵ ਸੁਸਾਇਟੀਆਂ ਰਾਹੀਂ, ਪਨਸਪ ਰਾਹੀਂ ਅਤੇ ਫੇਅਰ ਪ੍ਰਾਈਸ ਸ਼ਾਪਸ/ਡਿਪੂਆਂ ਰਾਹੀਂ ਸਸਤੇ ਭਾਅ ਤੇ ਚੀਜ਼ਾਂ ਦਿਤੀਆਂ ਜਾ ਰਹੀਆਂ ਹਨ। ਪੰਜਾਬ ਵਿਚ ਫੇਅਰ ਪਰਾਈਸ ਸ਼ਾਪਸ 10,800 ਅਤੇ 300 ਹੋਲ ਸੇਲ ਡਿਪੂ ਖੋਲ੍ਹੇ ਗਏ ਹਨ। ਇਹ ਬਹੁਤ ਸ਼ਲਾਘਾਯੋਗ ਕਦਮ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਵਲੋਂ ਚੁਕਿਆ ਗਿਆ ਹੈ। ਪੰਜਾਬ ਦੇ ਗਰੀਬ ਲੋਕਾਂ ਨੂੰ ਚਾਹੇ ਉਹ ਸ਼ਹਿਰਾਂ ਵਿਚ ਰਹਿੰਦੇ ਹਨ ਜਾਂ ਪਿੰਡਾਂ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਸਹੂਲਤਾਂ ਦੇਣ ਦਾ ਪ੍ਰਬੰਧ ਮੁੱਖ ਮੰਤਰੀ ਜੀ ਵਲੋਂ ਕੀਤਾ ਗਿਆ ਹੈ। ਇਹ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ। ਗਰੀਬ ਲੋਕ ਜਿਨ੍ਹਾਂ ਪਾਸ ਜ਼ਮੀਨਾਂ ਨਹੀਂ ਹਨ। ਉਨ੍ਹਾਂ ਨੂੰ ਜ਼ਮੀਨਾਂ ਦਿਤੀਆਂ ਜਾ ਰਹੀਆਂ ਹਨ। (ਘੰਟੀ) ਰੂਰਲ ਡਿਵੈਲਪਮੈਂਟ ਏਜੰਸੀ ਰਾਹੀਂ ਗਰੀਬ ਲੋਕਾਂ ਨੂੰ ਜਿਨ੍ਹਾਂ ਨੇ ਮਝਾਂ, ਗਊਆਂ ਆਦਿ ਖਰੀਦਣੀਆਂ ਹਨ, ਉਨ੍ਹਾਂ ਨੂੰ ਸਾਢੇ 33% ਸਬਸਿਡੀ ਦਿਤੀ ਹੈ। ਇਸ ਨਾਲ ਮਿਲਕ ਦੀ ਪਰੋਡਕਸ਼ਨ ਅਗੇ ਨਾਲੋਂ ਵੱਧੀ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਇਸ ਦਾ

Original with;
Punjab Vidhan Sabha
Digitized by;
Panjab Digital Library

ਜ਼ਿਕਰ ਕੀਤਾ ਗਿਆ ਹੈ। ਜੇਕਰ ਰੂਰਲ ਡਿਵੈਲਪਮੈਂਟ ਏਜੰਸੀ ਇਸੇ ਤਰ੍ਹਾਂ ਹੀ ਕੰਮ ਕਰਦੀ ਰਹੀ ਤਾਂ ਆਉਣ ਵਾਲੇ ਸਮੇਂ ਵਿਚ ਮਿਲਕ ਦੀ ਪੈਦਾਵਾਰ ਬਹੁਤ ਜ਼ਿਆਦਾ ਹੋ ਜਾਵੇਗੀ ਜਿਸ ਨਾਲ ਪੰਜਾਬ ਦੇ ਨੌਜਵਾਨ ਦੀ ਸਿਹਤ ਅੱਛੀ ਹੋਵੇਗੀ। ਉਹ ਮਜ਼ਬੂਤ ਸ਼ਹਿਰੀ ਬਣ ਸਕਣਗੇ। ਇਸ ਨਾਲ ਉਨ੍ਹਾਂ ਦਾ ਦਿਮਾਗ ਤੇਜ਼ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਏਥੇ ਹੀ ਬਸ ਨਹੀਂ। ਪੰਜਾਬ ਦੀ ਸਰਕਾਰ ਨੇ ਪਿੰਡਾਂ ਵਿਚ ਪਾਵਰਟੀ ਲਾਈਨ ਤੋਂ ਥੱਲੇ ਰਹਿ ਰਹੇ ਗਰੀਬ ਲੋਕਾਂ ਨੂੰ ਸਸਤਾ ਕਪੜਾ ਮੁਹਈਆ ਕਰਨ ਲਈ ਪਨਟੈਕਸ ਦੇ ਮਾਤਹਿਤ 9 ਨਵੇਂ ਪ੍ਰਾਜੈਕਟ ਚਾਲੂ ਕਰਨੇ ਹਨ ਜਿਨ੍ਹਾਂ ਤੋਂ ਜ਼ਿਆਦਾ ਤੋਂ ਜ਼ਿਆਦਾ ਧਾਗਾ ਪੈਦਾ ਕੀਤਾ ਜਾ ਸਕੇ, ਅਸੀਂ ਕਪੜੇ ਦੀ ਜ਼ਿਆਦਾ ਪੈਦਾਵਾਰ ਕਰ ਕੇ ਲੋਕਾਂ ਦੀ ਸੇਵਾ ਕਰ ਸਕੀਏ ਅਤੇ ਅਸੀਂ ਸਹੀ ਮਾਅਨਿਆਂ ਵਿੱਚ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦੇ ਨਿਸ਼ਾਨੇ ਨੂੰ ਪੂਰਾ ਕਰ ਸਕੀਏ। ਇਥੇ ਹੀ ਬੱਸ ਨਹੀਂ, ਬਹੁਤ ਸਾਰੀਆਂ ਚੀਜ਼ਾਂ ਇਥੇ ਹੋਰ ਕਹਿਣ ਵਾਲੀਆਂ ਹਨ। ਐਸੇ ਪ੍ਰੋਗਰਾਮ ਹਨ ਜਿਨ੍ਹਾਂ ਦੇ ਰਾਹੀਂ ਪੰਜਾਬ ਦੀ ਜਨਤਾ ਦੀ ਜ਼ਿਆਦਾ ਤੋਂ ਜ਼ਿਆਦਾ ਭਲਾਈ ਹੋ ਸਕੇ।ਪੰਜਾਬ ਐਗਰੀਕਲਚਰਲ ਮਾਰਕੀਟਿੰਗ ਬੋਰਡ ਨੇ ਇਨ੍ਹਾਂ ਕੰਮਾਂ ਲਈ 5 ਕਰੋੜ ਰੁਪਿਆ ਰਖਿਆ ਹੈ ਅਤੇ ਕਈ ਨਵੀਆਂ ਮੰਡੀਆਂ ਵੀ ਕਾਇਮ ਕਰਨੀਆਂ ਹਨ ਜਿਸ ਲਈ ਮੈਂ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਆਉਣ ਵਾਲੇ ਸਮੇਂ ਵਿਚ ਸਰਦਾਰ ਦਰਬਾਰਾ ਸਿੰਘ ਦੀ ਅਗਵਾਈ ਥਲੇ ਪੰਜਾਬ ਵਧੇਗਾ, ਫੁਲੇਗਾ ਅਤੇ ਖੁਸ਼ਹਾਲ ਹੋਵੇਗਾ। ਮੈਨੂੰ ਪੂਰਣ ਭਰੋਸਾ ਹੈ ਕਿ ਸਾਡੇ ਕਾਬਲ ਮੁੱਖ ਮੰਤਰੀ, ਮਜ਼ਬੂਤ ਮੁੱਖ ਮੰਤਰੀ ਦੇ ਰਾਜ ਵਿੱਚ ਲਾਅ ਐਂਡ ਆਰਡਰ ਅੱਛੀ ਤਰ੍ਹਾਂ ਕਾਇਮ ਹੋਵੇਗਾ। ਮੈਨੂੰ ਵਿਸ਼ਵਾਸ ਹੈ ਕਿ ਸਾਡੇ ਮੁੱਖ ਮੰਤਰੀ ਜੀ ਪੰਜਾਬ ਦੀ ਅਕਾਲੀ ਪਾਰਟੀ ਦੁਆਰਾ ਪਾਈ ਗਈ ਹਫੜਾ ਦਫੜੀ ਨਾਲ ਪੂਰੀ ਮਜ਼ਬੂਤੀ ਨਾਲ ਨਿਬੜੇਗਾ। ਮੈਨੂੰ ਉਨ੍ਹਾਂ ਦੀ ਤਾਕਤ ਤੇ ਭਰੋਸਾ ਹੈ। ਇਨ੍ਹਾਂ ਨੇ ਹਿੰਦੁਸਤਾਨ ਦੀ ਜੰਗੇ ਆਜ਼ਾਦੀ ਵਿਚ ਵੀ ਵਧ ਚੜ ਕੇ ਹਿਸਾ ਪਾਇਆ ਅਤੇ ਹੁਣ ਪੰਜਾਬ ਦੀ ਤਰੱਕੀ ਵਿਚ ਪੂਰਾ ਹਿਸਾ ਪਾ ਰਹੇ ਹਨ। ਇਹ ਪੰਜਾਬ ਦੇ ਲੋਕਾਂ ਨੂੰ ਏਕਤਾ ਵਿਚ ਪਰੋਣ ਦਾ ਅਤੇ ਹਿੰਦੂ, ਹਰੀਜਨਾਂ ਨੂੰ ਇਕ ਲਾਈਨ ਤੇ ਲਿਆਉਣ ਦਾ ਪੂਰਾ ਯਤਨ ਕਰਦੇ ਹਨ। ਇਸ ਨਾਲ ਕੌਮੀ ਏਕਤਾ ਮਜ਼ਬੂਤ ਹੋਵੇਗੀ ਅਤੇ ਪੰਜਾਬ ਖੁਸ਼ਹਾਲ ਹੋਵੇਗਾ। ਇਸ ਦੇ ਨਾਲ ਹੀ ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜਤਾ ਕਰਦਾ ਹਾਂ। ਜੈ ਹਿੰਦ।

**ਸ੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ, ਉੱਤਰੀ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਸਾਡੇ ਸਾਥੀ ਜੱਸੋਵਾਲ ਜੀ ਅਤੇ ਧੰਨੋਵਾਲੀਆ ਜੀ ਦੁਆਰਾ ਰਖੇ ਗਏ ਰੈਜ਼ੋਲਿਊਸ਼ਨ ਤੇ ਬੋਲਣ ਦਾ ਮੌਕਾ ਦਿਤਾ ਹੈ। ਇਸ ਦੀ ਤਾਈਦ ਕਰਨ ਲਈ ਮੈਂ ਖੜਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਵਿੱਚ ਹੁਣੇ ਜਿਹੇ ਹੀ ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਰਹਿਨੁਮਾਈ ਹੇਠ 2,3 ਈਵੈਂਟਸ ਹੋਏ ਹਨ ਜਿਹੜੇ ਕਿ ਬੜੇ ਹੀ ਸ਼ਲਾਘਾ ਯੋਗ ਹਨ। ਉਸ ਦੇ ਨਾਲ ਹਿੰਦੁਸਤਾਨ ਦੀ ਸ਼ਾਨ ਨੂੰ ਹੋਰ ਵੀ ਚੰਦ ਲਗੇਗਾ। ਜਿਸ ਤਰ੍ਹਾਂ ਕਿ ਏਸ਼ੀਅਨ ਗੇਮਜ਼ ਹੋਈਆਂ ਹਨ ਅਤੇ ਅੱਜ ਕੱਲ ਜਿਹੜਾ ਨਾਨ-ਅਲਾਈਂਡ ਸਮਿਟ ਹੋ ਰਿਹਾ ਹੈ, ਉਸ ਦੇ ਵਿਚ ਸਾਡੀ ਪ੍ਰਧਾਨ ਮੰਤਰੀ ਜੀ ਨੂੰ ਚੇਅਰਮੈਨ ਬਣਾਇਆ ਗਿਆ ਹੈ। ਇਹ ਜਿੰਨੇ ਵੀ ਈਵੈਂਟਸ ਹਨ, ਇਹ ਬਹੁਤ ਹੀ ਸ਼ਾਨਦਾਰ ਹਨ ਜਿਨ੍ਹਾਂ ਦੀ ਸਾਰੇ ਦੇਸ਼ਾਂ ਵਿਚ ਬੜੀ ਸ਼ਲਾਘਾ ਹੋ ਰਹੀ ਹੈ। ਉਨ੍ਹਾਂ ਦਾ ਮਕਸਦ ਏਨਾ ਹੀ ਨਹੀਂ ਹੈ ਬਲਕਿ ਸਾਡੇ ਨਾਨ-ਅਲਾਈਂਡ ਦੇਸ਼ ਵਰਲਡ ਵਿਚ ਫੈਲੀ ਟੈਨਸ਼ਨ ਨੂੰ ਘਟਾਉਣਾ ਚਾਹੁੰਦੇ ਹਨ। ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਆਪਣੇ ਦੇਸ਼ ਵਿਚ ਸਾਡੇ ਸਾਥੀ ਜਿਹੜੇ ਹਿੰਦੁਸਤਾਨ ਦੇ ਮਾਲਕ ਹਨ, ਇਥੋਂ ਦਾ ਪਾਣੀ ਪੀਂਦੇ ਹਨ ਅਤੇ ਸਾਡੇ ਨਾਲ ਰਹਿੰਦੇ ਹਨ, ਉਨ੍ਹਾਂ ਨੇ ਹੋਰ ਹੀ ਲਾਈਨ ਅਖਤਿਆਰ ਕੀਤੀ ਹੋਈ ਹੈ। ਇਹ ਮੈਂ ਨਹੀਂ ਕਹਿ ਸਕਦਾ ਕਿ ਇਹ ਬਾਹਰਲੇ ਮੁਲਕਾਂ ਦੀ ਲਾਈਨ ਹੈ, ਜਾਂ ਉਨ੍ਹਾਂ ਨੂੰ ਪੈਸਾ ਕਿਧਰੋਂ ਆ ਰਿਹਾ ਹੈ। ਪਰ ਮੈਂ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਐਸਾ ਦੁਨੀਆਂ ਵਿਚ ਕੋਈ ਧਰਮ ਨਹੀਂ ਜਿਸ ਦੇ ਵਿੱਚ ਯੁੱਧ ਨਾਲ ਜੋੜਿਆ ਗਿਆ ਹੋਵੇ। ਵੈਸੇ ਵੀ ਕੋਈ ਐਸੀ ਚੀਜ਼ ਏਥੇ ਨਹੀਂ ਵਾਪਰੀ ਸੀ ਜਿਸ ਦੇ ਕਾਰਣ ਇਨ੍ਹਾਂ ਨੂੰ ਇਹ ਸਭ ਕੁਝ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਸ਼ੁਰੂ ਕਰਨ ਦੀ ਲੋੜ ਸੀ। ਹੁਣ ਤਾਂ ਵੈਸੇ ਵੀ ਕੋਈ ਪੜਦੇ ਵਾਲੀ ਗੱਲ ਨਹੀਂ ਰਹਿ ਗਈ ਕਿ ਅਕਾਲੀ ਦਲ ਨੇ ਐਕਸਟਰੀਮਿਸਟਸ ਨਾਲ ਰਲਾਏ ਹੋਏ ਹਨ। ਇਹ ਉਨ੍ਹਾਂ ਦੇ ਨਾਲ ਹਨ ਅਤੇ ਕੁਝ ਪੈਦਾ ਕੀਤੇ ਹਨ। ਇਹ ਉਨ੍ਹਾਂ ਨੂੰ ਖੁਦ ਫਾਈਨਾਂਸ ਕਰਦੇ ਹਨ। ਸੰਤ ਲੌਂਗੋਵਾਲ ਦੇ ਬਿਆਨ ਵਿਚ ਵੀ ਕਿਹਾ ਗਿਆ ਹੈ ਕਿ ਜਿਹੜੇ ਨੌਨ ਅਕਾਲੀ ਐਮ. ਐਲ. ਏਜ਼ ਰੀਜ਼ਾਈਨ ਨਹੀਂ ਕਰਨਗੇ, ਉਨ੍ਹਾਂ ਲਈ ਨੌਜਵਾਨ ਅਤਿਵਾਦੀ ਸੈਕਸ਼ਨ ਜੋ ਮਰਜ਼ੀ ਕਰ ਸਕਦਾ ਹੈ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਦੀਆਂ ਗੱਲਾਂ ਉਨ੍ਹਾਂ ਅਤਿਵਾਦੀਆਂ ਨਾਲ ਹੀ ਚਲਦੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਮੁੱਖ ਮੰਤਰੀ ਜੀ ਨੇ ਪਿਛਲੇ ਦਿਨਾਂ ਤੋਂ ਸਥਿਤੀ ਨੂੰ ਕਾਫੀ ਕੰਟਰੋਲ ਵਿੱਚ ਕੀਤਾ ਹੋਇਆ ਹੈ, ਕਨਫਾਈਨ ਕੀਤਾ ਹੋਇਆ ਹੈ। ਪਰ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕਿਸੇ ਵੇਲੇ ਵੀ ਕੋਈ ਹੋਰ ਗੱਲ ਦੋਬਾਰਾ ਫੇਰ ਸ਼ੁਰੂ ਹੋ ਸਕਦੀ ਹੈ ਜਿਸ ਤਰ੍ਹਾਂ ਕਿ ਤੁਹਾਡੇ ਸਾਹਮਣੇ ਦਿਲੀ ਵਿਚ ਬੰਬ ਚਲ ਗਿਆ। ਇਥੇ ਵੀ ਕਦੇ ਨਿਰੰਕਾਰੀਆਂ ਦੇ ਨਾਂ ਤੇ, ਕਦੇ ਪੁਲਿਸ ਦੇ ਨਾਂ ਤੇ ਕਤਲੇ ਆਮ ਹੋ ਰਿਹਾ ਹੈ ਅਤੇ ਉਸ ਦੇ ਵਿਚ ਮਾਈਨੋਰਿਟੀ ਦੇ ਜ਼ਿਆਦਾ ਆਦਮੀ ਮਾਰੇ ਜਾ ਰਹੇ ਹਨ। ਸਾਡੇ ਹਿੰਦੁਸਤਾਨ ਦੀ ਸਭਿਆਅਤਾ ਪੁਰਾਣੀ ਹੈ। ਇਸ ਦੀਆਂ ਪੁਰਾਣੀਆਂ ਅਤੇ ਮਹਾਨ ਰਵਾਇਤਾਂ ਹਨ। ਇਥੋਂ ਦਾ ਹਰ ਵਾਸੀ ਅਮਨ ਪਸੰਦ ਸੀ। ਉਹ ਸੈਕੂਲਰ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਗੱਲਾਂ ਨੂੰ ਕਦੇ ਸੋਚਿਆ ਹੀ ਨਹੀਂ ਸੀ। ਹੁਣ ਜੋ ਕੁਝ ਕਰਵਾਇਆ ਜਾ ਰਿਹਾ ਹੈ ਉਸ ਨਾਲ ਕੋਈ ਸ਼ੱਕ ਨਹੀਂ ਰਹਿ ਗਿਆ ਕਿ ਹਿੰਦੁਸਤਾਨ ਨੂੰ ਕਮਿਊਨਲ ਲੜਾਈਆਂ ਵੱਲ ਲਿਜਾਇਆ ਜਾ ਰਿਹਾ ਹੈ। ਇਹ ਗੱਲ ਨਹੀਂ ਸੋਚੀ ਜਾ ਰਹੀ ਕਿ ਅਸੀਂ ਸਾਰੇ ਭਰਾ ਹਾਂ, ਸਾਰੇ ਇਕਠਾ ਪਹਿਨਦੇ ਹਾਂ, ਖਾਂਦੇ ਹਾਂ ਅਤੇ ਨਾਲ ਰਹਿੰਦੇ ਹਾਂ। ਸਾਡਾ ਸਾਰਿਆਂ ਦਾ ਇਕ ਖ਼ੂਨ ਹੈ ਜਿਸ ਦਾ ਰੰਗ ਲਾਲ ਹੈ। ਪਰ ਪਤਾ ਨਹੀਂ ਅੱਜ ਸਾਡੇ ਅਕਾਲੀ ਭਰਾਵਾਂ ਦਾ ਖ਼ੂਨ ਕਿਉਂ ਸਫੇਦ ਹੋ ਰਿਹਾ ਹੈ। ਕੋਈ ਵੀ ਗੱਲ ਖੁਲ ਕੇ ਸਾਹਮਣੇ ਨਹੀਂ ਆ ਰਹੀ। ਮੈਂ ਸਰਕਾਰ ਦਾ ਇਸ ਪਾਸੇ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਹੋਰ ਵੀ ਮਜ਼ਬੂਤ ਹੋਣਾ ਚਾਹੀਦਾ ਹੈ ਕਿਉਂਕਿ ਟਾਈਮ ਬੜਾ ਕਰੂਸ਼ਲ ਹੈ। ਇਹ ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਕਿਹਾ ਗਿਆ ਹੈ ਕਿ

> 'Recently, deliberate attempts have been made to thwart the progress of the State by some communal, separatist, secessionist and disruptive elements".

ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ, ਅਨੁਭਵ ਹੈ। ਅਕਾਲੀ ਧਰਮ ਯੁਧ ਦੀ ਗੱਲ ਕਰਦੇ ਹਨ। ਕੋਈ ਵੀ ਫਿਲਾਸਫੀ ਦੀ ਕਿਤਾਬ ਲੈ ਲਵੋ, ਧਰਮ ਦੀ ਕਿਤਾਬ ਲੈ ਲਵੋ, ਤੁਹਾਨੂੰ ਕਿਧਰੇ ਵੀ ਧਰਮ ਅਤੇ ਯੁਧ ਇਕਠੇ ਨਜ਼ਰ ਨਹੀਂ ਆਉਣਗੇ। ਇਹ ਦੋਵੇਂ ਅਲਗ ਅਲਗ ਚੀਜ਼ਾਂ ਹਨ। ਧਰਮ ਨੂੰ ਯੁਧ ਦਾ ਨਾਂ ਲੈ ਕੇ ਨਾਪਾਕ ਕੀਤਾ ਜਾ ਰਿਹਾ ਹੈ। ਇਨ੍ਹਾਂ ਨੇ ਅੱਜ ਧਰਮ ਦੀ ਪਵਿੱਤਰਤਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸਤਿਕਾਰ ਯੋਗ ਧਰਮ ਨੂੰ ਸਾਰਾ ਹਿੰਦੁਸਤਾਨ ਮੰਨਦਾ ਹੈ। ਇਨ੍ਹਾਂ ਨੇ ਵੈਸੇ ਹੀ ਧਰਮ ਦੀ ਆੜ ਲਈ ਹੈ। ਇਸ ਦੇ ਵਿਚ ਸਾਡੇ ਦੇਸ਼ ਦਾ ਕਿੰਨਾ ਭਾਰੀ ਨੁਕਸਾਨ ਹੋਵੇਗਾ, ਇਸ ਗੱਲ ਨੂੰ ਇਹ ਨਹੀਂ ਸੋਚਦੇ। ਅੱਜ ਜਿਸ ਤਰ੍ਹਾਂ ਦੇਸ਼ ਮਜ਼ਬੂਤ ਹੋਇਆ ਹੈ, ਜਿਸ ਤਰ੍ਹਾਂ ਦੇਸ਼ ਨੇ ਅਤੇ ਇਨਸਾਨ ਨੇ ਤਰੱਕੀ ਕੀਤੀ ਹੈ, ਜੇ ਇਨ੍ਹਾਂ ਅਤਿਵਾਦੀਆਂ ਨੂੰ ਕੰਟਰੋਲ ਨਾ ਕੀਤਾ ਗਿਆ, ਕਨਫਾਈਨ ਨਾ ਕੀਤਾ ਗਿਆ, ਜੇ ਪਰਮਾਤਮਾ ਨੇ ਇਨ੍ਹਾਂ ਨੂੰ ਅਕਲ ਨਾ ਦਿਤੀ, ਤਾਂ ਦੇਸ਼ ਦਾ ਸੁਧਾਰ ਨਹੀਂ ਹੋ ਸਕੇਗਾ। ਟਾਈਮ ਬੜਾ ਕਰੂਸ਼ਲ ਹੈ। ਪਿਛੇ ਜਿਹੇ 1977 ਤੋਂ ਲੈ ਕੇ 80 ਤੱਕ ਇਨ੍ਹਾਂ ਦਾ ਰਾਜ ਰਿਹਾ ਸੀ ਔਰ ਉਸ ਦੇ ਵਿੱਚ ਖੁਸ਼ ਕਿਸਮਤੀ ਨਾਲ ਮੈਂ ਵੀ ਅਪੋਜ਼ੀਸ਼ਨ ਦੇ ਵਿੱਚ ਸੀ। ਇਨ੍ਹਾਂ ਦੇ ਵੇਲੇ ਮੇਰੇ ਸੀ.ਪੀ. ਆਈ. ਅਤੇ ਸੀ. ਪੀ. ਐਮ. ਦੇ ਦੋਸਤ ਵੀ ਆਏ ਹੋਏ ਸਨ। ਮੈਂ ਇਨ੍ਹਾਂ ਗੱਲਾਂ ਵਿਚ ਨਹੀਂ ਜਾਂਦਾ ਕਿ ਇਹ ਕਿਸ ਦੀ ਸਪੋਰਟ ਨਾਲ ਆਏ ਸਨ, ਇਨ੍ਹਾਂ ਦੀ ਕਿੰਨੀ ਕੁ ਸਟਰੈਂਥ ਸੀ, ਇਹ ਇਨ੍ਹਾਂ ਦੀ ਪਾਰਟੀ ਦਾ ਸਵਾਲ ਹੈ।

ਇਹ ਮੈਨੂੰ ਪਤਾ ਹੈ ਕਿ ਜਦੋਂ ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਆਇਆ, ਜਦੋਂ ਲੁਧਿਆਣੇ ਇਹਨਾਂ ਨੂੰ ਜਨਤਾ ਪਾਰਟੀ ਨੇ ਸਪੋਰਟ ਕੀਤਾ ਇਹਨਾਂ ਨੇ ਚੀਕਾਂ ਮਾਰ ਮਾਰ ਕੇ ਦੱਸਿਆ ਕਿ ਇਹ ਜਿਹੜਾ

Original with;
Punjab Vidhan Sabha
Digitized by;
Panjab Digital Library

ਖਾਲਿਸਤਾਨ ਦਾ ਰੈਜ਼ੋਲਿਊਸ਼ਨ ਹੈ ਇਸ ਦੇ ਖਿਲਾਫ ਬੋਲੋ। ਇਹ ਉਸ ਵੇਲੇ ਗੂੰਗੇ ਬਣੇ ਰਹੇ। ਇਹ ਭਾਰਤੀ ਜਨਤਾ ਪਾਰਟੀ ਖਾਸ ਤੌਰ ਤੇ ਗੂੰਗੀ ਬਣੀ ਰਹੀ ਹੈ ਔਰ ਇਹਨਾਂ ਨੇ ਇਸ ਚਾਲ ਨੂੰ ਭਾਂਪਿਆ ਨਹੀਂ ਕਿ ਕੀ ਡੇਂਜਰ ਆ ਰਿਹਾ ਹੈ। ਕਦੇ ਸੀ. ਪੀ. ਆਈ. ਘੱਟ ਜਾਂਦੀ ਹੈ ਕਦੇ ਸੀ. ਪੀ. ਆਈ. ਐਮ. ਘੱਟ ਜਾਂਦੀ ਹੈ। ਇਹ ਆਪਸ ਵਿਚ ਘੱਟਦੇ ਵਧਦੇ ਰਹਿੰਦੇ ਹਨ ਪਰ ਟੋਟਲ ਇਹਨਾਂ ਦਾ ਤਕਰੀਬਨ ਉਨਾ ਕੁ ਹੀ ਰਹਿੰਦਾ ਹੈ। ਮਗਰ ਇਹਨਾਂ ਨੇ ਵੀ ਇਸ ਪਾਸੇ ਸੀਰੀਅਸ ਲੀ ਇਸ ਗੱਲ ਨੂੰ ਨਹੀਂ ਲਿਆ ਕਿ ਅੱਜ ਪੰਜਾਬ ਦੀ ਹਾਲਤ ਖਰਾਬ ਕੀਤੀ ਜਾ ਰਹੀ ਹੈ ਔਰ ਪੰਜਾਬ ਨੂੰ ਬਚਾਉਣ ਦੀ ਜ਼ਰੂਰਤ ਹੈ। ਅਗਰ ਭਗਵਾਨ ਨਾ ਕਰੇ ਜੇ ਅੱਗ ਲੱਗ ਗਈ ਤਾਂ ਇਹ ਬਹੁਤ ਦੂਰ ਤੱਕ ਜਾਏਗੀ ਇਹ ਅੱਗ ਬੁਝਣੀ ਨਹੀਂ। ਇਸ ਵਾਸਤੇ ਸਾਰਿਆਂ ਨੂੰ ਇਕੱਠੇ ਹੋ ਕੇ ਇਹਨਾਂ ਦੀ ਕਿਸੇ ਵੀ ਗੱਲ ਦੀ ਸਪੋਰਟ ਨਹੀਂ ਕਰਨੀ ਚਾਹੀਦੀ ਜਿਸ ਵਿਚ ਦੇਸ਼ ਦਾ ਨੁਕਸਾਨ ਹੁੰਦਾ ਹੋਵੇ ਔਰ ਇਸ ਪਾਸੇ ਤੁਰ ਪੈਣ ਕਿ ਦੇਸ਼ ਦੀ ਵੰਡ ਹੋਵੇ। ਇਸ ਲਈ ਸਾਨੂੰ ਤਮਾਸ਼ਬੀਨ ਨਹੀਂ ਬਣਨਾ ਚਾਹੀਦਾ। ਤਮਾਸ਼ਬੀਨ ਬਣਨ ਨਾਲ ਸਾਡੀ ਕੌਮ ਅਤੇ ਸਾਡਾ ਆਪਣਾ ਨੁਕਸਾਨ ਹੋਵੇਗਾ। ਜਿਹੜੀਆਂ ਸੈਕੂਲਰ ਪਾਰਟੀਆਂ ਹਨ ਉਹਨਾਂ ਨੂੰ ਤਮਾਸ਼ਬੀਨ ਵਾਲੇ ਪਾਸੇ ਨਹੀਂ ਚਲਣਾ ਚਾਹੀਦਾ। ਚਾਹੇ ਜਨਤਾ ਪਾਰਟੀ ਹੈ ਚਾਹੇ ਕਮਿਉਨਿਸਟ ਪਾਰਟੀ ਹੈ ਇਹਨਾਂ ਨੂੰ ਅਕਾਲੀਆਂ ਦਾ ਸਾਥ ਬਿਲ ਕੁਲ ਨਹੀਂ ਦੇਣਾ ਚਾਹੀਦਾ। ਹੁਣੇ ਹੀ ਜਿਹੜਾ ਪਠਾਨਕੋਟ ਦਾ ਰੈਜ਼ੋਲਿਊਸ਼ਨ ਪਾਸ ਹੋਇਆ ਹੈ ਉਥੇ ਇਹਨਾਂ ਦਾ ਉਹ ਸਾਥੀ ਵੀ ਸੀ ਜਿਨ੍ਹਾਂ ਦੇ ਪਿਤਾ ਜੀ ਨੂੰ ਇਨ੍ਹਾਂ ਨੇ ਸ਼ੂਟ ਕਰ ਦਿਤਾ। ਮੇਰਾ ਮਤਲਬ ਹੈ ਸ੍ਰੀ ਰਮੇਸ਼। ਜਿਹੜੇ ਜਨਤਾ ਪਾਰਟੀ ਵਿਚ ਸੀ, ਉਹਨਾਂ ਨੇ ਅਖਬਾਰ ਵਿਚ ਇਕ ਆਰਟੀਕਲ ਦਿਤਾ ਸੀ। ਮੈਂ ਉਸ ਆਰਟੀਕਲ ਦੀਆਂ ਕੁਝ ਲਾਈਨਾਂ ਵੀ ਪੜ੍ਹ ਕੇ ਸੁਣਾ ਦਿੰਦਾ ਹੈ। ਡਿਪਟੀ ਸਪੀਕਰ ਸਾਹਿਬ ਉਨ੍ਹਾਂ ਨੇ ਲਿਖਿਆ ਸੀ :

> "ਅਕਾਲੀ ਦਲ ਕੋ ਭਾਰਤੀਯ ਜਨਤਾ ਪਾਰਟੀ ਕਾ ਸ਼ੁਕਰ ਗੁਜ਼ਾਰ ਹੋਨਾ ਚਾਹੀਏ ਕਿ ਭਾਜਪਾ ਨੇ ਅਲਿਹਦਗੀ ਪਸੰਦੋਂ ਔਰ ਇੰਤਿਹਾ ਪਸੰਦੋਂ ਕੀ ਉਨ ਕਾਰਵਾਈਉਂ ਕੇ ਲੀਏ ਕਾਂਗਰਸ ਆਈ ਕੋ ਜ਼ਿਮੇਵਾਰ ਕਰਾਰ ਦੇ ਕਰ ਇਸੀ ਬਾਤ ਕਾ ਸਮਰਥਨ ਕਰ ਦੀਆ ਹੈ ਜੋ ਅਕਾਲੀ ਨੇਤਾ ਕਾਫੀ ਦੇਰ ਸੇ ਕਹਿਤੇ ਆਏ ਹੈਂ। ਇਸ ਤਰ੍ਹਾਂ ਸੇ ਅਬ ਕਮ ਅਜ਼-ਕਮ -ਭਾਰਤੀਯ ਜਨਤਾ ਪਾਰਟੀ ਨੇ ਤੋ ਅਕਾਲੀਉਂ ਕੋ ਇਨ ਇੰਤਿਹਾ ਪਸੰਦੋਂ ਔਰ ਅਲਹਿਦਗੀ ਪਸੰਦੋਂ ਕੀ ਕਾਰਵਾਈਉਂ ਸੇ ਬਰੀ ਅਲਜ਼ਾਮਾ ਕਰਾਰ ਦੇ ਦਿਆ ਹੈ। ਭਾਜਪਾ ਕੋ ਅਗਰ ਅਕਾਲੀਉਂ ਸੇ ਕੋਈ ਸ਼ਕਾਇਤ ਰਹਿ ਗਈ ਹੈ ਤੋ ਵੋ ਯਹੀ ਕਿ ਅਕਾਲੀ ਲੀਡਰ ਇਨ ਇੰਤਹਾ ਪਸੰਦੋਂ ਔਰ ਅਲਹਿਦਗੀ ਪਸੰਦੋਂ ਕੀ ਕਾਰਵਾਈਉਂ ਪਰ ਖਾਮੋਸ਼ ਕਿਉਂ ਰਹੇ ਹੈਂ ਲੇਕਿਨ ਭਾਜਪਾ ਨੇ ਇਨ ਕੀ ਇਸ ਗਲਤੀ ਕੋ ਭੀ ਅਬ ਮੁਆਫ ਕਰ ਦੀਆ ਹੈ ਪਹਿਲੇ ਭਾਰਤੀਯ ਜਨਤਾ ਪਾਰਟੀ ਕਾ ਸਟੈਂਡ ਯਹ ਥਾ ਕਿ ਜਬ ਤਕ ਅਕਾਲੀ ਦਲ ਔਰ ਇਸ ਕੇ ਨੇਤਾ ਅਪਨੀ ਮਾਗੋਂ ਕੋ ਸਿੱਖ ਮਾਂਗੋਂ ਕੇ ਤੌਰ ਪਰ ਪੇਸ਼ ਕਰਨੇ ਕੇ ਰਵੱਈਆ ਕੋ ਨਹੀਂ ਬਦਲਤੇ, ਆਨੰਦਪੁਰ ਰੈਜ਼ੋਲਿਊਸ਼ਨ ਸੇ ਤੌਬਾ ਨਹੀਂ ਕਰਤੇ ਸਿੱਖ ਇਕ ਅਲਗ ਕੌਮ ਕੇ ਨਜ਼ਰੀਆ ਕੋ ਤੱਰਕ ਨਹੀਂ ਕਰਤੇ, ਅਲਹਿਦਗੀ ਪਸੰਦੋਂ ਔਰ ਇੰਤਿਹਾ ਪਸੰਦੋਂ ਸੇ ਨਾਤਾ ਨਹੀਂ ਤੋੜਤੇ ਔਰ ਪੰਜਾਬ ਕੇ ਤਮਾਮ ਹਿੰਦੂਉਂ, ਸਿੱਖੋਂ ਔਰ ਦੂਸਰੇ ਪਾਰਟੀਉਂ ਕੋ ਸਾਥ ਲੇਕਰ ਨਹੀਂ ਚਲਤੇ ਇਨ ਕੇ ਮੌਜੂਦਾ ਅੰਦੋਲਨ ਕੋ ਜਿਸੇ ਵੋ ਧਰਮਯੁਧ ਕਹਿਤੇ ਹੈਂ ਕੋਈ ਤੁਆਵੱਨ ਨਹੀਂ ਦਿਆ ਜਾਏਗਾ"

ਇਸ ਤੋਂ ਦੋ ਚਾਰ ਲਾਈਨਾਂ ਅੱਗੇ ਹੋਰ ਉਹਨਾਂ ਨੇ ਲਿਖਿਆ ਹੈ ਕਿ—

> "ਅਕਾਲੀ ਦਲ ਕੇ ਪ੍ਰਧਾਨ ਔਰ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਜ ਵਾਰਨਿੰਗ ਦੀ ਕਿ ਪੰਜਾਬ ਸੇ ਪਾਰੀਲੀਮੈਂਟ ਔਰ ਅਸੈਂਬਲੀ ਕੇ ਗੈਰ ਅਕਾਲੀ ਅਗਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

15 ਮਾਰਚ ਤੱਕ ਅਸਤੀਫੇ ਨਾ ਦੀਏ ਤੋਂ ਸਿੱਖ ਨੌਜਵਾਨ ਮੁਨਾਸਬ ਐਕਸ਼ਨ ਲੈਨੇ ਮੇਂ ਆਜ਼ਾਦ ਹੋਂਗੇ।

ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਦੀ ਗਲ ਹੈ ਕਿ ਭਾਰਤੀ ਜਨਤਾ ਪਾਰਟੀ ਜਿਹੜੀ ਆਪਣੇ ਆਪ ਨੂੰ ਅੱਜ ਹਿੰਦੁਸਤਾਨ ਦੇ ਉਪਰ ਰਾਜ ਕਰਨ ਦੇ ਸੁਪਨੇ ਲੈਂਦੀ ਹੈ ਉਹਨਾਂ ਦੇ ਅੰਦਰ ਕੁਝ ਹੈ ਔਰ ਬਾਹਰ ਕੁਝ। ਅਸਲੀ ਗੱਲ ਤਾਂ ਇਹ ਹੈ ਕਿ ਉਹਨਾਂ ਨੇ 1969 ਤੋਂ ਲੈ ਕੇ ਅਕਾਲੀਆਂ ਨੂੰ ਰਾਜ ਕਰਨ ਦਾ ਚਸਕਾ ਜਿਹਾ ਪਾ ਦਿਤਾ। ਜੇ ਉਨ੍ਹਾਂ ਦੀ ਸਪੋਰਟ ਤੇ ਉਹ ਨਾ ਆਉਂਦੇ ਤਾਂ ਅਕਾਲੀ ਕਦੇ ਨਾ ਮਜ਼ਬੂਤ ਹੁੰਦੇ ਔਰ ਇਹ ਇਹੋ ਜਿਹੀਆਂ ਗੱਲਾਂ ਕਦੇ ਨਾ ਕਰਦੇ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜਿਹੜੀ ਗੱਲ ਵਧੀ ਹੈ ਇਹ ਇਸ ਵਾਸਤੇ ਵਧ ਗਈ ਹੈ ਕਿ ਇਹਨਾਂ ਦੀਆਂ ਪਾਲਿਸੀਆਂ ਗਲਤ ਰਹੀਆਂ ਹਨ ਔਰ ਇਹ ਕਾਂਗਰਸ ਪਾਰਟੀ ਨੂੰ ਸਮੇਟ ਦੇਣਾ ਚਾਹੁੰਦੇ ਹਨ। ਇਹ ਹਿੰਦੁਸਤਾਨ ਦੇ ਅੰਦਰ ਸਾਰੀ ਕਾਂਗਰਸ ਪਾਰਟੀ ਨੂੰ ਸਮੇਟ ਦੇਣਾ ਚਾਹੁੰਦੇ ਹਨ। ਇਹ ਇਸ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਕਾਂਗਰਸ ਪਾਰਟੀ ਉਹ ਨੈਸ਼ਨਲ ਪਾਰਟੀ ਹੈ ਜਿਹੜੀ ਕਿ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ, ਹਰ ਪਿੰਡ ਵਿੱਚ, ਹਰ ਸ਼ਹਿਰ ਵਿੱਚ ਫੈਲ ਚੁਕੀ ਹੈ। ਇਹ ਇਸ ਨੂੰ ਲਪੇਟਣਾ ਚਾਹੁੰਦੇ ਹਨ। ਮਗਰ, ਡਿਪਟੀ ਸਪੀਕਰ ਸਾਹਿਬ ਇਸ ਦਾ ਨਤੀਜਾ ਸਾਡੇ ਸਾਰਿਆਂ ਦੇ ਸਾਹਮਣੇ ਆ ਗਿਆ। ਤੁਸੀਂ ਵੀ (ਕਮਿਊਨਿਸਟ ਪਾਰਟੀ ਵੱਲ ਇਸ਼ਾਰਾ) ਸਾਡੇ ਨਾਲ ਰੱਲੋ। ਤੁਸੀਂ ਜਿਹੜੀਆਂ ਦੋ ਚਾਰ ਸੀਟਾਂ ਲੈਣੀਆਂ ਹੋਣਗੀਆਂ ਵੰਡ ਲੈਣਾ। ਮਗਰ ਤੁਹਾਨੂੰ ਇਨ੍ਹਾਂ ਦੀ ਗਲਤ ਸਪੋਰਟ ਨਹੀਂ ਕਰਨੀ ਚਾਹੀਦੀ। ਤੁਸੀਂ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਕੰਡੈਮ ਕਰੋ. ਇਨ੍ਹਾਂ ਨੂੰ ਕਮਜ਼ੋਰ ਕਰੋ। ਤੁਸੀਂ ਪਿੱਛੇ ਜਿਹੇ ਅਕਾਲੀਆਂ ਦਾ ਵਰਤਾਉ ਦੇਖ ਵੀ ਲਿਆ ਹੋਣਾ ਹੈ। ਜੇ ਤੁਸੀਂ ਫਿਰ ਇਨ੍ਹਾਂ ਦੀ ਸਪੋਰਟ ਕਰਨਾ ਚਾਹੁੰਦੇ ਹੋ ਤਾਂ ਫਿਰ ਇਹ ਹੋਰ ਵੀ ਜ਼ਿਆਦਾ ਤਕੜੇ ਹੋਣਗੇ। ਇਹ ਦੇਸ਼ ਦੇ ਟੁਕੜੇ ਟੁਕੜੇ ਕਰ ਦੇਣਾ ਚਾਹੁੰਦੇ ਹਨ ਕਿਉਂਕਿ ਇਹਨਾਂ ਦਾ ਤਾਂ ਕੇਵਲ ਇਕ ਹੀ ਟੀਚਾ ਖਾਲਿਸਤਾਨ ਹੈ। ਅੱਜ ਤੁਸੀਂ ਉਹਨਾਂ ਦੀ ਕੁਝ ਵੀ ਗੱਲ ਮੰਨ ਲਓ। ਜੇ ਤੁਸੀਂ ਉਹਨਾਂ ਨੂੰ ਤਾਕਤ ਦਿਓਗੇ ਤਾਂ ਉਹ ਤੁਹਾਡੇ ਖਿਲਾਫ ਜਾਏਗੀ। ਸਾਨੂੰ ਕੋਈ ਵੀ ਅਜਿਹੀ ਗਲਤੀ ਨਹੀਂ ਕਰਨੀ ਚਾਹੀਦੀ ਜਿਸ ਕਾਰਣ ਸਾਨੂੰ ਸਾਰਿਆਂ ਨੂੰ ਪਿਛੋਂ ਪਛਤਾਉਣਾ ਪਵੇ। ਸੋ ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਦੂਸਰੇ ਐਡਰਸ ਵੱਲ ਚਲਦਾ ਹਾਂ। ਪੁਲੀਟੀਕਲ ਗੱਲ ਤਾਂ ਮੈਂ ਇੰਨੀ ਹੀ ਕਹਿਣਾ ਚਾਹੁੰਦਾ ਹਾਂ। ਪ੍ਰਮਾਤਮਾ ਇਹਨਾਂ ਨੂੰ ਅਕਲ ਦੇਵੇ ਵਾਹਿਗੁਰੂ ਇਹਨਾਂ ਨੂੰ ਅਕਲ ਦੇਵੇ ਤਾਂ ਕਿ ਸਾਡੇ ਪੰਜਾਬ ਵਿਚ ਸ਼ਾਂਤੀ ਰਹੇ, ਦੇਸ਼ ਵਿੱਚ ਸ਼ਾਂਤੀ ਰਹੇ। ਮੈਂ, ਡਿਪਟੀ ਸਪੀਕਰ ਸਾਹਿਬ, ਐਫ. ਐਮ. ਸਾਹਿਬ ਅੱਗੇ ਕੁਝ ਸ਼ਬਦ ਕਹਿਣਾ ਚਾਹੁੰਦਾ ਸਾਂ ਪਰ ਹੁਣ ਉਹ ਹਾਊਸ ਤੋਂ ਚਲੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਗਵਰਨਰ ਸਾਹਿਬ ਦੇ ਐਡਰੈਸ ਨੂੰ ਦੋ ਵਾਰੀ ਪੜ੍ਹ ਲਿਆ ਹੈ। ਇਸ ਦੇ ਵਿਚ ਕੋਈ ਸ਼ੱਕ ਨਹੀਂ ਸਾਡੀ ਸਰਕਾਰ ਨੇ ਬੜੇ ਸਟੈਪਸ ਲਏ ਹਨ ਪਿੰਡਾਂ ਦੀ ਤਰੱਕੀ ਵਾਸਤੇ, ਗਰੀਬਾਂ ਨੂੰ ਉਚਾ ਚੁਕਣ ਵਾਸਤੇ ਕਈ ਕਦਮ ਉਠਾਏ ਹਨ, ਹਰੀਜਨਾਂ ਨੂੰ ਉਪਰ ਚੁਕਣ ਲਈ ਕਈ ਸਕੀਮਾਂ ਬਣਾਈਆਂ ਹਨ। ਪਰ ਮੈਨੂੰ ਇੱਕ ਚੀਜ਼ ਇਸ ਵਿਚ ਨਜ਼ਰ ਨਹੀਂ ਆਈ ਕਿਉਂਕਿ ਇਹ ਜਿਹੜਾ ਐਡਰੈਸ ਹੁੰਦਾ ਹੈ ਇਹ ਬਜਟ ਦਾ ਪੇਸ਼ਗਾਮਾ ਹੁੰਦਾ ਹੈ। ਇਹ ਐਡਵਾਂਸ ਕਿਤਾਬਚਾ ਹੁੰਦਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਬਜਟ ਵਿਚ ਕੀ ਕੁਝ ਆ ਰਿਹਾ ਹੈ। ਪਰ, ਡਿਪਟੀ ਸਪੀਕਰ ਸਾਹਿਬ ਇਸ ਵਿਚ ਮੈਂ ਦੇਖਿਆ ਹੈ ਕਿ ਸ਼ਹਿਰਾਂ ਦੀ ਡਿਵੈਲਪ-ਮੈਂਟ ਦੇ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਇਸ ਦੇ ਵਿਚ ਸ਼ਹਿਰਾਂ ਵਾਸਤੇ ਗਵਰਨਰ ਸਾਹਿਬ ਨੇ ਕੁਝ ਵੀ ਨਹੀਂ ਦਸਿਆ ਕਿ ਗਰੀਬ ਮਜ਼ਦੂਰਾਂ ਦਾ ਕੀ ਕੀਤਾ ਜਾ ਰਿਹਾ ਹੈ। ਉਹਨਾਂ ਦੀ ਡਿਵੈਲਪਮੈਂਟ ਕਿਸ ਤਰ੍ਹਾਂ ਹੋਵੇਗੀ ? (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਵਿਚ ਅੱਜ 20 ਲੱਖ ਦੇ ਕਰੀਬ ਬੰਦੇ ਕੰਮ ਕਰ ਰਹੇ ਹਨ। ਇੱਕ ਮਾਲਕ ਤੋਂ ਲੈ ਕੇ ਮਜ਼ਦੂਰ ਤੱਕ ਔਰ ਟਰੇਡਰ ਜਿਹੜਾ ਕਿ ਮਿਡਲਮੈਨ ਹੁੰਦਾ ਹੈ ਜੇ ਤੁਸੀਂ ਸਾਰਿਆਂ ਦਾ ਟੋਟਲ ਕਰੋ ਤਾਂ ਤਕਰੀਬਨ 20 ਲੱਖ ਦੇ ਕਰੀਬ ਮਜ਼ਦੂਰ ਕੰਮ ਕਰ ਰਹੇ ਹਨ

Original with;
Punjab Vidhan Sabha
Digitized by;
Panjab Digital Library

ਜਿਸ ਵਿੱਚੋਂ 15 ਲੱਖ ਦੇ ਕਰੀਬ ਸ਼ਹਿਰਾਂ ਵਿਚ ਹਨ । ਡਿਪਟੀ ਸਪੀਕਰ ਸਾਹਿਬ, ਮੇਰੀ ਬਨਤੀ ਇਹ ਹੈ ਕਿ ਉਨ੍ਹਾਂ ਦੀ ਬਹਿਬੂਦੀ ਲਈ ਕਦੇ ਕਿਸੇ ਨੇ ਨਹੀਂ ਸੋਚਿਆ । ਸਾਡੇ ਸ਼ਹਿਰਾਂ ਤੋਂ ਰੈਵੇਨਿਊ 90% ਸਰਕਾਰ ਨੂੰ ਆਉਂਦਾ ਹੈ ਜਦ ਕਿ ਪਿੰਡਾਂ ਤੋਂ 10% ਰੈਵੇਨਿਊ ਸਰਕਾਰ ਨੂੰ ਆਉਂਦਾ ਹੈ। ਸਾਨੂੰ ਉਨ੍ਹਾਂ ਨਾਲ ਵਿਤਕਰਾ ਕੋਈ ਨਹੀਂ ਚਾਹੇ ਦਬ ਕੇ ਪੈਸੇ ਪਿੰਡਾਂ ਵਾਲਿਆਂ ਨੂੰ ਦਿਓ। ਪਰ ਪਿੰਡਾਂ ਦੀ ਤਰੱਕੀ ਕਰਦੇ ਕਰਦੇ ਸ਼ਹਿਰਾਂ ਦੀ ਤਰੱਕੀ ਬੰਦ ਨਹੀਂ ਕਰਨੀ ਚਾਹੀਦੀ। ਇਹ ਨਹੀਂ ਹੋਣਾ ਚਾਹੀਦਾ ਕਿ ਜਿਹੜੀ ਸ਼ਹਿਰਾਂ ਦੀ ਤਰੱਕੀ ਹੋ ਚੁੱਕੀ ਹੈ ਉਸ ਨੂੰ ਉਜਾੜ ਦਿਤਾ ਜਾਏ । ਸਰਕਾਰ ਨੂੰ ਚਾਹੀਦਾ ਹੈ ਕਿ ਸ਼ਹਿਰਾਂ ਨਾਲ ਐਨਾ ਵਿਤਕਰਾ ਨਾ ਕੀਤਾ ਜਾਏ । ਅਕਾਲੀ ਸਰਕਾਰ ਅਜਿਹੀਆਂ ਪਾਲਿਸੀਆਂ ਬਣਾ ਗਈ ਹੈ ਜਿਸ ਨੂੰ ਕਿ ਜੱਟ ਤੋਂ ਡਰਦੇ ਮਾਰੇ ਸਾਡੀ ਸਰਕਾਰ ਬਦਲਣ ਨੂੰ ਤਿਆਰ ਨਹੀਂ ਹੈ। ਸ਼ਹਿਰ ਦੇ ਮਜ਼ਦੂਰ ਦੀ ਗਲ ਤਾਂ ਕੀ ਕਰਨੀ ਹੈ, ਪਿੰਡ ਦਾ ਮਜ਼ਦੂਰ ਵੀ ਦੁਖੀ ਹੈ। ਉਹ ਜੱਟ ਤੋਂ ਡਰਦਾ ਮਾਰਾ ਕਿਸੇ ਕੋਲ ਗਲ ਨਹੀਂ ਕਰਦਾ ਹੈ। ਅਸੀਂ ਚਾਹੁੰਦੇ ਹਾਂ ਕਿ ਜੱਟ ਦੀ ਤਰੱਕੀ ਹੋਵੇ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੋਵੇਗਾ ਜਾਂ ਪਤਾ ਕਰਾ ਲੈਣਾ ਜੱਟਾਂ ਦਾ ਬੈਂਕਾਂ ਵਿਚ ਚਾਰ ਸਾਢੇ ਚਾਰ ਸੌ ਕਰੋੜ ਰੁਪਿਆ ਜਮ੍ਹਾਂ ਪਿਆ ਹੈ। (ਵਿਘਨ) ਸਾਡੀ ਵਾਰੀ ਨਹੀਂ ਆਉਣੀ। ਮੇਰੀ ਬੇਨਤੀ ਹੈ ਕਿ ਸ਼ਹਿਰਾਂ ਦੀ ਡਿਵੈਲਪ-ਮੈਂਟ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ. ਕਦੇ ਤੁਸੀਂ ਉਥੇ ਚੱਕਰ ਮਾਰੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਸਾਡਾ ਮਜ਼ਦੂਰ ਸੜਕ ਤੇ ਸੌਂਦਾ ਹੈ। ਅਗਰ ਉਹ ਸਟੇਸ਼ਨ ਤੇ ਜਾਂਦਾ ਹੈ ਤਾਂ ਉਸ ਨੂੰ ਪੁਲਿਸ ਪਕੜ ਲੈਂਦੀ ਹੈ ਜਾਂ ਫਿਰ ਜੱਟ ਉਸ ਨੂੰ ਪਕੜ ਕੇ ਲੈ ਜਾਂਦਾ ਹੈ ਤਾਂ ਕਿ ਉਸ ਤੋਂ ਮਜ਼ਦੂਰੀ ਕਰਾਈ ਜਾਏ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਇੰਡਸਟਰੀ ਦੇ ਬਾਰੇ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਇੰਡਸਟਰੀ ਚਾਹੇ ਸਰਕਾਰ ਦੇ ਸਹਿਯੋਗ ਨਾਲ ਕਹਿ ਲਓ ਜਾਂ ਫਿਰ ਲੋਕਾਂ ਦੀ ਆਪਣੀ ਤਾਕਤ ਅਤੇ ਸੂਝ ਬੂਝ ਨਾਲ ਕਹਿ ਲਓ, ਇਹ ਅੱਜ ਸ਼ਹਿਰਾਂ ਵਿਚ ਜ਼ਿਆਦਾ ਡਿਵੈਲਪ ਹੋ ਗਈ ਹੈ। ਪਰ ਇਕ ਪਾਸੇ ਤਾਂ ਬਿਜਲੀ ਦੀ ਕੱਟ ਲਗਾਈ ਜਾ ਰਹੀ ਹੈ ਅਤੇ ਦੂਜੇ ਪਾਸੇ ਬਿਜਲੀ ਦੇ ਰੇਟਸ ਦਿਨ ਬਦਿਨ ਜ਼ਿਆਦਾ ਹੁੰਦੇ ਜਾ ਰਹੇ ਹਨ। ਜੱਟ 12 ਪੈਸੇ ਯੂਨਿਟ ਦੇ ਹਿਸਾਬ ਨਾਲ ਪੈਸੇ ਦਿੰਦਾ ਹੈ ਜਦ ਕਿ ਸ਼ਹਿਰਾਂ ਵਾਲੇ 34 ਪੈਸੇ ਤੋਂ ਲੈ ਕੇ 78 ਪੈਸੇ ਜਾਂ ਫਿਰ 80 ਪੈਸੇ ਪਰ ਯੂਨਿਟ ਤਕ ਦਿੰਦੇ ਹਨ। ਇਨ੍ਹਾਂ ਦੀ ਸਿਕਿਉਰਿਟੀ ਦਾ ਵੀ ਹਜ਼ਾਰ ਰੁਪਏ ਕਿਲੋਵਾਟ ਦੇ ਹਿਸਾਬ ਨਾਲ ਕੋਟਾ ਚਕਦਾ ਹੈ। ਇਸ ਤਰ੍ਹਾਂ ਕਿਉਂ ਹੋ ਰਿਹਾ ਹੈ ? ਇਹ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਬਿਜਲੀ ਬੋਰਡ ਦੀ ਹਾਲਤ ਖਰਾਬ ਹੈ। ਬਿਜਲੀ ਬੋਰਡ ਨੂੰ ਕਈ ਸਾਲਾਂ ਤੋਂ ਘਾਟਾ ਪੈ ਰਿਹਾ ਹੈ ਔਰ ਇਹ ਸਾਰਾ ਬਰਡਨ ਸਟੇਟ ਐਕਸਚੈਕਰ ਤੇ ਪੈ ਰਿਹਾ ਹੈ। ਅੱਜ ਮੁੱਖ ਮੰਤਰੀ ਜੀ ਦਾ ਰੈਜ਼ੋਲਿਊਸ਼ਨ ਸਰਕੂਲੇਟ ਹੋਇਆ ਹੈ। ਇਨ੍ਹਾਂ ਨੇ 100 ਕਰੋੜ ਹੋਰ ਵਿਧਾਨ ਸਭਾ ਤੋਂ ਸੈਂਕਸ਼ਨ ਕਰਾਉਣਾ ਹੈ। ਸਾਨੂੰ ਪੈਸੇ ਦੇਣ ਤੋਂ ਕੋਈ ਇਨਕਾਰੀ ਨਹੀਂ ਹੈ। ਪਰ ਦੇਖਣ ਦੀ ਗਲ ਇਹ ਹੈ ਕਿ ਬਿਜਲੀ ਦੇ ਐਨੇ ਰੇਟ ਵਧਾਉਣ ਦੇ ਬਾਵਜੂਦ ਫਿਰ ਬਿਜਲੀ ਬੋਰਡ ਘਾਟੇ ਵਿਚ ਕਿਉਂ ਜਾ ਰਿਹਾ ਹੈ ? ਇਸ ਦਾ ਕੀ ਰੀਜ਼ਨ ਹੈ ? ਇਸ ਬਾਰੇ ਜੋ ਵੀ ਕੋਈ ਚੀਜ਼ ਹੈ, ਡਿਟੇਲ ਵਿਚ ਇਸ ਬਾਰੇ ਫਿਰ ਕਦੇ ਕਿਸੇ ਵੇਲੇ ਗਲ ਕਰ ਲਵਾਂਗੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨਾਂ ਚਿਰ ਤਕ ਬਿਜਲੀ ਬੋਰਡ ਦੀ ਵਰਕਿੰਗ ਠੀਕ ਨਹੀਂ ਹੋਏਗੀ ਉਤਨਾ ਚਿਰ ਤਕ ਇਸ ਕੰਮ ਵਿਚ ਸੁਧਾਰ ਨਹੀਂ ਆ ਸਕੇਗਾ। ਇੰਜੀਨੀਅਰਜ਼ ਕਦੇ ਕਹਿ ਦਿੰਦੇ ਹਨ ਕਿ ਐਨੇ ਘੰਟੇ ਕੰਮ ਕਰਨਾ ਹੈ, ਕਦੇ ਕਹਿ ਦਿੰਦੇ ਹਨ ਕਿ ਐਨੇ ਘੰਟੇ ਕੰਮ ਕਰਨਾ ਹੈ। ਇਨ੍ਹਾਂ ਇੰਜੀਨੀਅਰਜ਼ ਦੀ ਕਲਪਣਾ ਖਤਮ ਕਰਨੀ ਚਾਹੀਦੀ ਹੈ। ਇਨ੍ਹਾਂ ਦੇ ਕੰਮ ਨਾ ਕਰਨ ਨਾਲ ਇਨਐਫੀਸ਼ੈਂਸੀ ਵਧਦੀ ਹੈ । ਜੇਕਰ ਲਾਈਨਾਂ ਖਰਾਬ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਕੋਈ ਠੀਕ ਨਹੀਂ ਕਰਦਾ ਹੈ। ਇਸ ਵਿਚ ਚੋਰੀਆਂ ਵੀ ਹੁੰਦੀਆਂ ਹਨ। ਅੱਜ ਪਿੰਡਾਂ ਵਿਚ 12 ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਬਿਜਲੀ ਟਿਊਬਵੈਲਾਂ ਨੂੰ ਸਪਲਾਈ ਕੀਤੀ ਜਾ ਰਿਹੀ ਹੈ, ਇਸ ਵਾਸਤੇ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਪਰ ਮੇਰਾ ਸੁਝਾਓ ਹੈ ਕਿ ਉਥੇ ਮੀਟਰ ਲਗਾ ਦੇਣੇ ਚਾਹੀਦੇ ਹਨ। ਅਗਰ ਇਸ ਤਰ੍ਹਾਂ ਕਰ ਦਿਤਾ ਜਾਏ ਤਾਂ ਉਥੇ ਦੀ ਅੱਧੀ ਚੋਰੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਪਕੜੀ ਜਾ ਸਕਦੀ ਹੈ। ਜਿਹੜੀ ਸ਼ਾਰਟੇਜ ਬਿਜਲੀ ਦੀ ਹੈ, ਇਸ ਦੇ ਇਨ੍ਹਾਂ ਨੇ ਨਵੇਂ ਪਰਾਜੈਕਟ ਸ਼ੁਰੂ ਕਰਨੇ ਹਨ। ਮੈਨੂੰ ਕੋਈ ਇਤਰਾਜ਼ ਨਹੀਂ ਹੈ। (ਵਿਘਨ)।

**ਪ੍ਰੋਫੈਸਰ ਬਲਵੰਤ ਸਿੰਘ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਮੈਂ ਤਾਂ ਸੁਜੈਸ਼ਨਜ਼ ਦੇ ਰਿਹਾ ਹਾਂ। ਗੌਰਮਿੰਟ ਨੂੰ ਤਾਂ ਇਸ ਨਾਲ ਫਾਇਦਾ ਹੋਏਗਾ।

ਇਥੇ ਥੋੜ੍ਹੀ ਜਿਹੀ ਗਲ ਕੁਰੱਪਸ਼ਨ ਦੀ ਆਈ ਕਿ ਬੜੀ ਇਰੈਡੀਕੇਸ਼ਨ ਹੋ ਰਹੀ ਹੈ। ਠੀਕ ਹੈ, ਸਟੈਪਸ ਸਰਕਾਰ ਲੈ ਰਹੀ ਹੈ ਮਗਰ ਇਹ ਸਾਰਾ ਕੰਮ ਵਿਜੀਲੈਂਸ ਡਿਪਾਰਟਮੈਂਟ ਦੇ ਸਪੁਰਦ ਹੈ। ਤੁਹਾਨੂੰ ਪਤਾ ਹੋਏਗਾ, ਡਿਪਟੀ ਸਪੀਕਰ ਸਾਹਿਬ, ਜੋ ਅੰਕੜੇ ਗਵਰਨਰ ਐਡਰੈਸ ਵਿਚ ਦਿੱਤੇ ਗਏ ਹਨ ਇਹ ਬਹੁਤ ਸੈਟਿਸਫੈਕਟਰੀ ਨਹੀਂ ਹਨ। ਹਰ ਮਹਿਕਮੇਂ ਵਿਚ ਕੁਰੱਪਸ਼ਨ ਵਧਦੀ ਜਾ ਰਹੀ ਹੈ। ਇਹ ਇਕ ਨੈਸ਼ਨਲ ਫਿਨਾਮੇਨਾ ਬਣ ਗਿਆ ਹੈ। ਜਿਹੜਾ ਕੇਸ ਵਿਜੀਲੈਂਸ ਡਿਪਾਰਟਮੈਂਟ ਨੂੰ ਰੈਫਰ ਹੁੰਦਾ ਹੈ, ਉਹ ਉਥੇ 8-10 ਸਾਲ ਪਿਆ ਰਹਿੰਦਾ ਹੈ। ਇਸ ਤਰ੍ਹਾਂ ਨਾਲ ਫਿਰ ਉਨ੍ਹਾਂ ਨੂੰ ਕੇਸ ਰੈਫਰ ਕਰਨ ਦਾ ਕੀ ਫਾਇਦਾ ਹੋਇਆ ? ਜਿਹੜਾ ਬੰਦਾ ਸਸਪੈਂਡ ਹੋਇਆ ਹੁੰਦਾ ਹੈ ਉਹ ਮੁੜ ਬਹਾਲ ਹੋ ਜਾਂਦਾ ਹੈ। (ਵਿਘਨ) ਸਵਾਲ ਇਹ ਹੈ ਕਿ ਕੁਰੱਪਸ਼ਨ ਕਿਸ ਤਰ੍ਹਾਂ ਨਾਲ ਰੁਕ ਸਕਦੀ ਹੈ। ਜੇਕਰ ਕੁਰੱਪਸ਼ਨ ਚੈਕ ਕਰਨ ਵਾਲਾ ਮਹਿਕਮਾ ਖੁਦ ਢਿਲਾ ਹੋਵੇ ਕੋਈ ਐਕਸ਼ਨ ਨਾ ਲਵੇ ਤਾਂ ਫਿਰ ਕੁਰੱਪਸ਼ਨ ਨਹੀਂ ਰੋਕੀ ਜਾ ਸਕਦੀ। ਇਸ ਲਈ ਮੇਰਾ ਸਰਕਾਰ ਨੂੰ ਸੁਝਾਓ ਹੈ ਕਿ ਸਰਕਾਰ ਨੂੰ ਹਰ ਕੇਸ ਲਈ ਕੋਈ ਟਾਈਮ ਫਿਕਸ ਕਰ ਦੇਣਾ ਚਾਹੀਦਾ ਹੈ ਕਿ ਛੇ ਮਹੀਨਿਆਂ ਦੇ ਅੰਦਰ ਅੰਦਰ ਜਾਂ ਫਿਰ ਸਾਲ ਦੇ ਅੰਦਰ ਅੰਦਰ ਕੇਸ ਦਾ ਨਿਪਟਾਰਾ ਹੋਣਾ ਚਾਹੀਦਾ ਹੈ। ਅਗਰ ਕੇਸ ਡਰਾਪ ਕਰਨ ਵਾਲਾ ਹੈ ਤਾਂ ਉਸ ਨੂੰ ਡਰਾਪ ਕਰ ਦੇਣਾ ਚਾਹੀਦਾ ਹੈ। ਜੇਕਰ ਕੋਈ ਹੋਰ ਐਕਸ਼ਨ ਲੈਣ ਵਾਲਾ ਕੇਸ ਹੈ ਤਾਂ ਉਹ ਐਕਸ਼ਨ ਲੈ ਲੈਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਸਾਲਾਂ ਬੱਧੀ ਕੇਸ ਵਿਜੀਲੈਂਸ ਡਿਪਾਰਟਮੈਂਟ ਵਿਚ ਹੀ ਲਮਕਦਾ ਰਹੇ। ਸਰਕਾਰ ਨੂੰ ਇਸ ਵਲ ਗੌਰ ਕਰਨਾ ਚਾਹੀਦਾ ਹੈ।

**ਕਾਮਰੇਡ ਕੁਲਵੰਤ ਸਿੰਘ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** 20-ਪੁਆਇੰਟ ਪ੍ਰੋਗਰਾਮ ਦਾ ਜ਼ਿਕਰ ਆਇਆ ਹੈ। ਇਸ ਵਾਸਤੇ ਵੀ ਕਾਫੀ ਅੱਛੇ ਕੰਮ ਕੀਤੇ ਗਏ ਹਨ ਔਰ ਕਾਫੀ ਤਰੱਕੀ ਹੋਈ ਹੈ। ਇਸ ਪਾਸੇ ਸਰਕਾਰ ਨੇ ਬੜੇ ਕਦਮ ਚੁਕੇ ਹਨ ਅਤੇ ਉਮੀਦ ਹੈ ਕਿ ਹੋਰ ਵੀ ਸਟੈਪਸ ਇਸ ਪਾਸੇ ਚੁਕ ਜਾਣਗੇ। ਮੈਂ ਸਿਰਫ, ਡਿਪਟੀ ਸਪੀਕਰ ਸਾਹਿਬ, ਇਕ ਦੋ ਪੁਆਇੰਟ ਤੇ ਹੀ ਗਲ ਕਰਨੀ ਹੈ। ਮੈਂ ਐਗਰੀਕਲਚਰਲ ਲੇਬਰ ਦੀ ਗਲ ਕਰਨਾ ਚਾਹੁੰਦਾ ਹਾਂ। ਅੱਗੇ ਹੈ ਪੁਆਇੰਟ ਨੰ: 7 ਯੈਲੋ ਕਾਰਡਜ਼ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਦੀ ਵੈਲਫੇਅਰ ਵਾਸਤੇ ਬਨਾਉਣੇ। ਇਹ ਬੜੀ ਅੱਛੀ ਸਕੀਮ ਹੈ ਔਰ ਇਹ ਸਕੀਮ ਚਲਾਉਣੀ ਚਾਹੀਦੀ ਹੈ। ਪਰ, ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਤੁਹਾਡੇ ਨੋਟਿਸ ਵਿਚ ਹੋਏਗੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਿ ਇਨ੍ਹਾਂ ਨੇ 4.19 ਲਖ ਸ਼ਡਿਊਲਡ ਕਾਸਟਸ ਆਈਡੈਂਟੀਫਾਈ ਕੀਤੇ ਹਨ ਜਿਨ੍ਹਾਂ ਨੂੰ ਯੈਲੋ ਕਾਰਡਜ਼ ਦਿੱਤੇ ਹਨ ਜਿਨ੍ਹਾਂ ਦੀ ਆਮਦਨੀ 3,600 ਰੁਪਏ ਸਾਲਾਨਾ ਤੋਂ ਘੱਟ ਹੈ। 36 ਸੋ ਰੁਪਏ ਦੀ ਇਨਕਮ ਤੋਂ ਘੱਟ ਵਾਲਿਆਂ ਦੇ ਜਿਨ੍ਹਾਂ ਦੇ ਯੈਲੋ ਕਾਰਡ ਬਣੇ ਹਨ ਉਨ੍ਹਾਂ ਸਾਰਿਆਂ ਨੂੰ ਪੂਰੀਆਂ ਫੈਸਿਲਟੀਜ਼ ਦੇਣੀਆਂ ਚਾਹੀਦੀਆਂ ਹਨ। ਸਿਰਫ ਉਨ੍ਹਾਂ ਨੂੰ ਯੈਲੋ ਕਾਰਡ ਦੇਣ ਨਾਲ ਹੀ ਕੁਝ ਨਹੀਂ ਬਣਨਾ। ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਤੁਹਾਨੂੰ ਵੀ ਪਤਾ ਹੈ, ਮੈਨੂੰ ਵੀ ਪਤਾ ਹੈ ਹੈ ਕਿ ਬੈਂਕਾਂ ਵਾਲੇ ਉਨ੍ਹਾਂ ਗਰੀਬਾਂ ਨੂੰ ਲੋਨ ਦੇਣ ਵਾਸਤੇ ਤਿਆਰ ਨਹੀਂ ਹਨ। ਜਿਹੜਾ ਕੋਈ ਹਿੰਮਤ ਕਰ ਕੇ ਲੈ ਗਿਆ ਸੋ ਲੈ ਗਿਆ ਉਹ ਵੀ ਆਪਣਾ ਮਕਾਨ ਜਾਂ ਜ਼ਮੀਨ ਆਦਿ ਦੀ ਰਜਿਸਟਰੀ ਆਦਿ ਦਿਖਾ ਕੇ। ਪਰ ਬਾਕੀ ਦੇ ਸਾਰੇ ਰਹਿ ਗਏ ਹਨ। ਇਸ ਲਈ ਮੈਂ ਸੁਝਾਓ ਦਿਆਂਗਾ ਕਿ ਕੋਈ ਐਸੀ ਏਜੰਸੀ ਹੋਵੇ ਜਿਹੜੀ ਉਨ੍ਹਾਂ ਦੀਆਂ ਇਨ੍ਹਾਂ ਤਕਲੀਫਾਂ ਨੂੰ ਦੇਖੇ। ਕਿਉਂ ਕਿ ਉਨ੍ਹਾਂ ਦੇ ਕਾਗਜ਼ ਪੈਂਡਿੰਗ ਪਏ ਰਹਿੰਦੇ ਹਨ ਅਤੇ ਅਖੀਰ ਨੂੰ ਉਹ ਵਿਚਾਰੇ ਹਾਰ ਥੱਕ ਕੇ ਬੈਠ ਜਾਂਦੇ ਹਨ। ਇਸ ਪਾਸੇ ਸਰਕਾਰ ਨੂੰ ਲੋੜੀਂਦੇ ਸਟੈਪਸ ਲੈਣੇ ਚਾਹੀਦੇ ਹਨ।

ਅਗਲਾ ਪੁਆਇੰਟ ਨੰਬਰ 9 allotment of house sites to rural families ਦਾ ਹੈ। ਇਹ ਸਰਕਾਰ ਦਾ ਬੜਾ ਸੋਹਣਾ ਕਦਮ ਹੈ ਕਿ ਰੂਰਲ ਏਰੀਆਜ਼ ਵਿਚ ਜਿਨ੍ਹਾਂ ਲੋਕਾਂ ਕੋਲ ਮਕਾਨ ਨਹੀਂ ਹਨ ਉਨ੍ਹਾਂ ਨੂੰ ਮਕਾਨ ਬਣਾਉਣ ਲਈ ਕਰਜ਼ੇ ਦਿਆਂਗੇ, ਉਨ੍ਹਾਂ ਨੂੰ ਜ਼ਮੀਨਾਂ ਦਿਆਂਗੇ ਉਨ੍ਹਾਂ ਨੂੰ ਮਕਾਨ ਬਣਾ ਕੇ ਦਿਆਂਗੇ। ਪਰ, ਡਿਪਟੀ ਸਪੀਕਰ ਸਾਹਿਬ, ਇਸ ਕੰਮ ਦੀ ਸਪੀਡ ਬੜੀ ਘੱਟ ਹੈ। ਕਿਉਂ ਕਿ ਜੇ ਇਸ ਕੰਮ ਨੂੰ ਸਪੀਡ ਅੱਪ ਨਾ ਕੀਤਾ ਜਾਵੇ ਤਾਂ ਉਨ੍ਹਾਂ ਜ਼ਮੀਨਾਂ ਤੇ ਹੋਰ ਲੋਕ ਕਬਜ਼ਾ ਕਰ ਜਾਣਗੇ ਅਤੇ ਉਹ ਗਰੀਬ ਲੋਕ ਵਿਚਾਰੇ ਫਿਰ ਉਸੇ ਤਰ੍ਹਾਂ ਰਹਿ ਜਾਣਗੇ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੇ ਸ਼ਡਿਊਲਡ ਕਾਸਟਸ ਜਾਂ ਜਿਹੜੇ ਵੀ ਅਲਾਟੀਜ਼ ਹਨ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣ ਦੇ ਕੰਮ ਨੂੰ ਸਪੀਡ ਅੱਪ ਕਰਨਾ ਚਾਹੀਦਾ ਹੈ ਨਹੀਂ ਤਾਂ ਉਹ ਲੋਕ ਪਹਿਲੇ ਦੀ ਤਰ੍ਹਾਂ ਰੂੜੀਆਂ ਵਿਚ ਗੁਜ਼ਾਰਾ ਕਰਨਗੇ।

**ਮਾਸਟਰ ਬਾਬੂ ਸਿੰਘ** : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਸ ਆਗਸਟ ਹਾਊਸ ਵਿਚ ਗਵਰਨਰ ਦੇ ਐਡਰੈਸ ਤੇ ਬਹਿਸ ਹੋ ਰਹੀ ਹੈ। ਮੈਂ ਕਲ ਵੀ ਬੇਨਤੀ ਕੀਤੀ ਸੀ ਕਿ ਮਨਿਸਟਰ ਸਾਹਿਬਾਨ ਨੂੰ ਇਥੇ ਹਾਊਸ ਵਿਚ ਹਾਜ਼ਰ ਰਹਿਣਾ ਚਾਹੀਦਾ ਹੈ ਅਤੇ ਨੋਟ ਕਰਨਾ ਚਾਹੀਦਾ ਹੈ। ਤੁਸੀਂ ਦੇਖੋ ਕਿ ਇਥੇ ਗੈਲਰੀਜ਼ ਵਿਚ ਕਿੰਨੇ ਅਫ਼ਸਰ ਬੈਠੇ ਹਨ ਜਿਹੜੇ ਕਿ ਨੋਟ ਕਰ ਰਹੇ ਹਨ। ਉਹ ਕੀ ਇੰਪਲੀਮੈਂਟੇਸ਼ਨ ਕਰਨਗੇ ? ਭਾਵੇਂ ਗੁਪਤਾ ਜੀ ਬੋਲਣ, ਸਰਦਾਰ ਇਕਬਾਲ ਸਿੰਘ ਬੋਲਣ ਜਾਂ ਕਾਮਰੇਡ ਰਾਜ ਕੁਮਾਰ ਜੀ ਬੋਲਣ। ਬੱਜਟ ਸੈਸ਼ਨ ਚਲ ਰਿਹਾ ਹੈ ਅਤੇ ਗਵਰਨਰ ਦੇ ਐਡਰੈਸ ਤੇ ਬਹਿਸ ਹੋ ਰਹੀ ਹੈ। ਪਰ ਟਰੇਜ਼ਰੀ ਬੈਂਚਿਜ਼ ਵਾਲੇ ਇਸ ਬਾਰੇ ਸੀਰੀਅਸ ਨਹੀਂ ਹਨ। ਮਨਿਸਟਰ ਸਾਹਿਬਾਨ ਇਥੇ ਹਾਜ਼ਰ ਨਹੀਂ ਹੁੰਦੇ। ਤੁਸੀਂ ਉਨ੍ਹਾਂ ਨੂੰ ਪੁੱਲ ਅੱਪ ਕਰੋ।

**ਸ੍ਰੀ ਡਿਪਟੀ ਸਪੀਕਰ** : ਮੈਂ ਮਨਿਸਟਰ ਸਾਹਿਬਾਨ ਅਤੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਦਨ ਵਿਚ ਆ ਜਾਣ।

**ਕਾਮਰੇਡ ਰਾਜ ਕੁਮਾਰ** : ਡਿਪਟੀ ਸਪੀਕਰ ਸਾਹਿਬ, ਇਹ ਹਾਊਸ ਦੀ ਬੇਅਦਬੀ ਹੈ। ਗੈਲਰੀਜ਼ ਵਿਚ ਪਬਲਿਕ ਨੂੰ ਅਲਾਓ ਨਹੀਂ ਕੀਤਾ। ਦੂਸਰੇ ਪਾਸੇ ਅਫ਼ਸਰ ਸਾਰੇ ਦੇ ਸਾਰੇ ਐਬਸੈਂਟ ਹਨ। ਮਨਿਸਟਰ ਹਾਜ਼ਰ ਨਹੀਂ ਹਨ। ਉਹ ਆਪਣੇ ਡੇਲੀ ਰੁਟੀਨ ਦੇ ਕੰਮ ਨੂੰ ਆਪਣੇ ਕਮਰਿਆਂ ਵਿਚ ਅਟੈਂਡ ਕਰ ਰਹੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਐਮ. ਐਲ. ਏ. ਸਾਹਿਬਾਨ ਉਨ੍ਹਾਂ ਕੋਲ ਉਥੇ ਚਲੇ ਜਾਂਦੇ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਮੈਂ ਉਨ੍ਹਾਂ ਨੂੰ ਬੇਨਤੀ ਕਰ ਦਿਤੀ ਹੈ। They will come

**ਕਾਮਰੇਡ ਰਾਜ ਕੁਮਾਰ** : ਤੁਸੀਂ ਘੰਟੀ ਵਜਾ ਕੇ ਉਨ੍ਹਾਂ ਨੂੰ ਬੁਲਾ ਲਓ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਅਗਲੀ ਆਈਟਮ 20-ਪੁਆਇੰਟ ਪ੍ਰੋਗਰਾਮ ਵਿਚੋਂ ਜਿਹੜੀ ਹੈ ਉਹ ਹੈ improving the environment of slums । ਸਲੱਮਜ਼ ਆਮ ਤੌਰ ਤੇ ਸ਼ਹਿਰਾਂ ਵਿਚ ਕਾਇਮ ਹੋ ਜਾਂਦੇ ਹਨ ਮਗਰ ਉਥੇ ਸਲੱਮਜ਼ ਨੂੰ ਕਲੀਅਰ ਕਰਨ ਲਈ ਕੋਈ ਉਪਾਅ ਨਹੀਂ ਹੋ ਰਹੇ ਹਾਲਾਂ ਕਿ ਸੈਂਟਰਲ ਗੌਰਮਿੰਟ ਵੀ ਇਸ ਬਾਰੇ ਪੈਸੇ ਦਿੰਦੀ ਹੈ। ਸਰਕਾਰ ਨੂੰ ਇਸ ਕੰਮ ਨੂੰ ਸਪੀਡ ਅੱਪ ਕਰਨਾ ਚਾਹੀਦਾ ਹੈ। ਸਰਕਾਰ ਪਹਿਲੀ ਤਾਂ ਗਲ ਇਹ ਹੈ ਕਿ ਇਸ ਬਾਰੇ ਪਲਾਨਿੰਗ ਛੇਤੀ ਨਹੀਂ ਬਣਾਉਂਦੀ ਪਰ ਜੇ ਕੋਈ ਪਲਾਨ ਬਣਾਉਂਦੀ ਹੈ ਅਤੇ ਉਸ ਦੇ ਮੁਤਾਬਿਕ ਕਮੇਟੀਆਂ ਵਾਲੇ ਅਤੇ ਕਾਰਪੋਰੇਸ਼ਨਾਂ ਵਾਲੇ ਸਰਕਾਰ ਪਾਸ ਲਿਖ ਕੇ ਭੇਜ ਦੇ ਹਨ ਤਾਂ ਉਨ੍ਹਾਂ ਦੀ ਇਥੋਂ ਛੇਤੀ ਮਨਜ਼ੂਰੀ ਹੋ ਕੇ ਨਹੀਂ ਜਾਂਦੀ। ਐਨੀ ਦੇਰ ਵਿਚ ਲੋਕੀਂ ਉਥੇ ਘਰ ਬਣਾ ਲੈਂਦੇ ਹਨ। ਸਲੱਮ ਏਰੀਆਜ਼ ਵਿਚ ਗਰੀਬ ਆਦਮੀ ਰਹਿੰਦੇ ਹਨ। ਉਹ ਰਹਿਣ ਵਾਸਤੇ ਕੋਠਾ ਬਣਾ ਲੈਂਦੇ ਹਨ। ਪਿੰਡਾਂ ਵਿਚ ਵੀ ਅਸੀਂ ਦੇਖਿਆ ਹੈ ਕਿ ਜਿਹੜਾ ਰੁਪਿਆ ਆਉਂਦਾ ਹੈ ਉਸ ਦੀ ਪਤਾ ਨਹੀਂ ਕਿਸ ਤਰ੍ਹਾਂ ਵਰਤੋਂ ਹੁੰਦੀ ਹੈ। ਜਿਹੜਾ ਕੋਈ ਉਥੇ ਜਗ੍ਹਾ ਬਣਾ ਵੀ ਲੈਂਦਾ ਹੈ ਤਾਂ ਕਾਰਪੋਰੇਸ਼ਨ ਵਾਲੇ 15 ਰੁਪਏ ਸਕੁਏਅਰ ਫੁਟ ਦੇ ਉਸ ਕੋਲੋਂ ਲੈਂਦੇ ਹਨ। ਉਹ ਗਰੀਬ ਵਿਚਾਰੇ ਦੇ ਨਹੀਂ ਸਕਦੇ। ਇਸ ਬਾਰੇ ਕਮੇਟੀ ਬਣਾਉਣੀ ਚਾਹੀਦੀ ਹੈ ਤਾਂ ਕਿ ਸਲੱਮਜ਼ ਕਲੀਅਰੈਂਸ ਵਾਸਤੇ ਜਿਹੜੀਆਂ ਔਕੜਾਂ ਹਨ ਉਨ੍ਹਾਂ ਨੂੰ ਦੂਰ ਕਰਨ ਦਾ ਬੈਠ ਕੇ ਫੈਸਲਾ ਕੀਤਾ ਜਾਵੇ ਅਤੇ ਇਹ ਜਿਹੜੀ ਸਰਕਾਰ ਦੀ ਅੱਛੀ ਸਕੀਮ ਹੈ, ਇਹ ਕੰਪਲੀਟ ਹੋ ਸਕੇ ਅਤੇ ਲੋਕਾਂ ਨੂੰ ਰਾਹਤ ਮਿਲ ਸਕੇ।

ਅਗਲਾ ਪੁਆਇੰਟ ਨੰਬਰ 11 ਮੈਕਸੀਮਮ ਪਾਵਰ ਜੈਨਰੇਸ਼ਨ ਦਾ ਹੈ। ਇਸ ਦੇ ਬਾਰੇ ਪੁਜ਼ੀਸ਼ਨ ਇਸ ਤਰ੍ਹਾਂ ਹੈ ਕਿ ਨਵੇਂ ਪ੍ਰਾਜੈਕਟਸ ਲਈ ਬਿਜਲੀ ਬੋਰਡ ਨੂੰ ਕਰਜ਼ੇ ਲਿਆਂ ਕਈ ਸਾਲ ਲੰਘ ਜਾਂਦੇ ਹਨ ਅਤੇ ਉਸ ਕਰਜ਼ੇ ਉਤੇ ਬਹੁਤ ਸਾਰਾ ਇੰਟਰੇਸਟ ਪੈ ਜਾਂਦਾ ਹੈ ਜੋ ਕਿ ਲੱਥਦਾ ਨਹੀਂ ਹੈ। ਅਸੀਂ ਪਹਿਲਾਂ ਵੀ ਸੁਝਾਓ ਦਿੱਤਾ ਸੀ ਕਿ ਜਿੰਨੀਆਂ ਸਕੀਮਾਂ ਚਲ ਰਹੀਆਂ ਹਨ, ਜਿੰਨੇ ਪ੍ਰਾਜੈਕਟਸ ਚਲਦੇ ਪਏ ਹਨ ਅਗਰ ਉਨ੍ਹਾਂ ਨੂੰ ਹੋਰ ਡਿਵੈਲਪ ਕਰ ਦਿਤਾ ਜਾਵੇ, ਉਨ੍ਹਾਂ ਨੂੰ ਕੰਪਲੀਟ ਕਰ ਦਿੱਤਾ ਜਾਵੇ ਤਾਂ ਸਾਨੂੰ ਬਿਜਲੀ ਜ਼ਿਆਦਾ ਅਤੇ ਛੇਤੀ ਮਿਲ ਸਕੇਗੀ ਅਤੇ ਸਰਕਾਰ ਦਾ ਇਸ ਤੇ ਖਰਚਾ ਵੀ ਘੱਟ ਹੋ ਜਾਵੇਗਾ। ਇਸ ਤਰ੍ਹਾਂ ਬਿਜਲੀ ਦੀ ਕਮੀ ਜਲਦੀ ਪੂਰੀ ਹੋ ਜਾਵੇਗੀ। ਇਹ ਸਰਕਾਰ ਦਾ ਸ਼ਲਾਘਾਯੋਗ ਕੰਮ ਹੈ। ਪਿਛਲੇ ਸਾਲ ਵੀ ਸਰਕਾਰ ਨੇ ਬਿਜਲੀ ਵਾਸਤੇ ਡੇਢ ਸੌ ਕਰੋੜ ਰੁਪਿਆ ਰਖਿਆ ਸੀ। ਇਹ ਜਿਹੜੀ ਬਿਜਲੀ ਦੀ ਬੇਸਿਕ ਟਰਬਲ ਹੈ ਮੈਨੂੰ ਉਮੀਦ ਹੈ ਕਿ ਸਰਕਾਰ ਯਤਨ ਕਰ ਕੇ ਇਸ ਨੂੰ ਜਲਦੀ ਤੋਂ ਜਲਦੀ ਦੂਰ ਕਰੇਗੀ।

ਅਗਲਾ ਪੁਆਇੰਟ ਨੰਬਰ 15 accelerate programmes of welfare for women and children and nutrition programme ਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਤੁਹਾਡੇ ਵੀ ਇਲਮ ਵਿਚ ਹੈ ਅਤੇ ਸਾਡੇ ਵੀ ਇਲਮ ਵਿਚ ਹੈ ਕਿ ਇਸ ਵਿਚ ਕੋਈ ਵੀ ਕਾਮਯਾਬੀ ਨਹੀਂ ਹੋਈ। ਜਿਹੜੀ ਕੋਈ ਚੀਜ਼ ਆਉਂਦੀ ਹੈ ਉਹ ਮਿਸਯੂਜ਼ ਹੋ ਜਾਂਦੀ ਹੈ ਅਤੇ ਮਿਸਯੂਜ਼ ਵੀ ਉਹ ਕਰ ਜਾਂਦੇ ਹਨ ਜਿਹੜੇ ਡਿਊਟੀ ਤੇ ਹੁੰਦੇ ਹਨ। ਜਿਵੇਂ ਡਬਲ ਰੋਟੀ ਹੈ ਜਾਂ ਹੋਰ ਚੀਜ਼ਾਂ ਹਨ। ਇਹ ਚੀਜ਼ਾਂ ਜਿਥੇ ਪਹੁੰਚਣੀਆਂ ਚਾਹੀਦੀਆਂ ਹਨ ਉਥੇ ਨਹੀਂ ਪਹੁੰਚਦੀਆਂ ਅਤੇ ਇਸ ਤਰ੍ਹਾਂ ਇਨ੍ਹਾਂ ਦੀ ਮਿਸਯੂਟੇਲਾਈਜ਼ੇਸ਼ਨ ਹੋ ਜਾਂਦੀ ਹੈ। ਇਹ ਸਕੀਮ ਤਾਂ ਅੱਛੀ ਹੈ ਪਰ ਇਸ ਦਾ ਮਿਸਯੂਜ਼ ਹੁੰਦਾ ਹੈ। ਗਰੀਬਾਂ ਦੇ ਬੱਚਿਆਂ ਦੀ ਹਾਲਤ ਮਾੜੀ ਹੈ ਉਹ ਸੁੱਕ ਰਹੇ ਹਨ। ਲੇਡੀਜ਼ ਹਨ ਉਨ੍ਹਾਂ ਦੀ ਹਾਲਤ ਖਰਾਬ ਹੈ।

Original with;
Punjab Vidhan Sabha
Digitized by;
Panjab Digital Library

ਕਈਆਂ ਵਿਚਾਰਿਆਂ ਨੂੰ ਟੀ. ਬੀ. ਹੋ ਜਾਂਦੀ ਹੈ, ਉਹ ਤੜਫਦੀ ਮਰ ਜਾਂਦੇ ਹਨ। ਜਿਹੜਾ ਇਨਸਾਨ ਦੁਨੀਆਂ ਵਿਚ ਆਉਂਦਾ ਹੈ ਸਰਕਾਰ ਦੀ ਜ਼ਿਮੇਵਾਰੀ ਹੈ ਕਿ ਉਹ ਜੀਉਂਦਾ ਰਹਿਣਾ ਚਾਹੀਦਾ ਹੈ। ਸਰਕਾਰ ਨੂੰ ਉਸ ਦੇ ਚੰਗੇ ਵਸੇਬੇ ਵਾਸਤੇ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ। ਸ੍ਰੀਮਤੀ ਇੰਦਰਾ ਗਾਂਧੀ ਨੇ ਇਹ ਜਿਹੜੇ 20 ਪ੍ਰੋਗਰਾਮ ਭੇਜੇ ਹਨ ਇਹ ਸਾਰੇ ਬੜੇ ਯੂਜ਼ਫੁਲ ਹਨ। ਇਨ੍ਹਾਂ ਦੀ ਪੂਰਤੀ ਅੱਛੇ ਤਰੀਕੇ ਨਾਲ ਹੋਣੀ ਚਾਹੀਦੀ ਹੈ। ਇਸ ਵਿਚ ਸੁਧਾਰ ਹੋਣਾ ਚਾਹੀਦਾ ਹੈ। ਰਾਈਟ ਆਦਮੀਆਂ ਨੂੰ ਇਹ ਚੀਜ਼ਾਂ ਪਹੁੰਚਣੀਆਂ ਚਾਹੀਦੀਆਂ ਹਨ ਤਾ ਕਿ ਜਿਸ ਪਰਪਜ਼ ਲਈ ਕੋਈ ਕੰਮ ਸ਼ੁਰੂ ਕੀਤਾ ਜਾਂਦਾ ਹੈ ਉਹ ਪਰਪਜ਼ ਹਲ ਹੋ ਸਕੇ।

ਅਖੀਰ ਵਿਚ ਮੈਂ ਪੁਆਇੰਟ ਨੰਬਰ 20 ਬਾਰੇ ਕਹਿਣਾ ਚਾਹੁੰਦਾ ਹਾਂ ਜੋ ਕਿ improve the working of public enterprises ਬਾਰੇ ਹੈ। ਇਸ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਕੋਈ 28 ਦੇ ਕਰੀਬ ਸਾਡੇ ਪ੍ਰਾਜੈਕਟਸ ਹਨ ਜਿਹੜੇ ਕਿ ਸਰਕਾਰ ਦੀ ਮੱਦਦ ਨਾਲ, ਪੈਸੇ ਨਾਲ ਚਲਦੇ ਹਨ। ਉਨ੍ਹਾਂ ਵਿਚੋਂ 25 ਦੇ ਵਿਚ ਘਾਟਾ ਹੈ। ਕਰੋੜਾਂ ਰੁਪਏ ਦਾ ਹਰ ਸਾਲ ਘਾਟਾ ਪੈਂਦਾ ਹੈ। ਇਹ ਠੀਕ ਹੈ ਕਿ ਸਰਕਾਰ ਕਈ ਅੱਛੇ ਕੰਮ ਕਰਦੀ ਹੈ ਮਗਰ ਅਗੇ ਜਾ ਕੇ ਉਨ੍ਹਾਂ ਦੀ ਦੇਖ ਭਾਲ ਨਹੀਂ ਹੁੰਦੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚੋਂ ਸਰਕਾਰ ਵਲੋਂ ਆਈ. ਏ. ਐਸ. ਅਫਸਰ/ ਪੀ. ਸੀ. ਐਸ. ਅਫ਼ਸਰ ਲਗਾ ਦਿਤੇ ਜਾਂਦੇ ਹਨ। ਇਹ ਜਿਹੜੇ ਆਈ. ਏ. ਐਸ. ਅਫ਼ਸਰ ਹੁੰਦੇ ਹਨ ਇਨ੍ਹਾਂ ਕੋਲ ਪਹਿਲਾਂ ਹੀ ਬਹੁਤ ਕੰਮ ਹੁੰਦਾ ਹੈ। ਉਨ੍ਹਾਂ ਦੀਆਂ ਪਹਿਲਾਂ ਹੀ ਆਪਣੀਆਂ ਡਿਊਟੀਆਂ ਬਹੁਤ ਹੁੰਦੀਆਂ ਹਨ। ਉਹ ਇਨ੍ਹਾਂ ਵਿਚ ਜੋ ਘਾਟੇ ਹੁੰਦੇ ਹਨ ਉਨ੍ਹਾਂ ਬਾਰੇ ਨਹੀਂ ਸੋਚਦੇ। ਤੁਹਾਡੇ ਨੋਟਿਸ ਵਿਚ ਆਇਆ ਹੋਣਾ ਹੈ ਕਿ ਉਨ੍ਹਾਂ ਦੀਆਂ ਬੈਲੰਸ ਸ਼ੀਟਸ 10-10 ਸਾਲ ਨਹੀਂ ਆਉਂਦੀਆਂ, ਫਿਰ ਆਡਿਟ ਨਹੀਂ ਹੁੰਦੀਆਂ ਅਤੇ ਫਿਰ ਵਿਧਾਨ ਸਭਾ ਵਿਚ ਨਹੀਂ ਆਉਂਦੀਆਂ। ਜਿਸ ਕਾਰਖਾਨੇ ਦਾ ਜਾਂ ਜਿਸ ਵਪਾਰ ਦਾ ਅਕਾਊਂਟ ਠੀਕ ਨਾ ਹੋਵੇ ਤਾਂ ਉਹ ਕਾਰਖਾਨਾ ਜਾਂ ਵਪਾਰ ਕਦੇ ਕਾਮਯਾਬ ਨਹੀਂ ਹੁੰਦਾ। ਮੈਂ ਸਰਕਾਰ ਨੂੰ ਸੁਝਾਓ ਦਿਆਂਗਾ ਕਿ ਇਨ੍ਹਾਂ ਵਿਚ ਐਫੀਸ਼ੈਂਟ ਆਦਮੀ ਲਗਾਉਣੇ ਚਾਹੀਦੇ ਹਨ ਚਾਹੇ ਉਹ ਬਾਹਰ ਤੋਂ ਰੱਖਣੇ ਪੈਣ ਕਿਉਂ ਕਿ ਆਈ. ਏ. ਐਸ. ਅਫ਼ਸਰਾਂ ਦੀਆਂ ਹੋਰ ਬੜੀਆਂ ਜ਼ਿਮੇਵਾਰੀਆਂ ਹਨ। ਪਬਲਿਕ ਮੈਨ, ਟਰੇਂਡ ਆਦਮੀ ਇਨ੍ਹਾਂ ਵਿਚ ਰੱਖਣੇ ਚਾਹੀਦੇ ਹਨ ਤਾ ਕਿ ਉਹ ਆਪਣੀ ਜ਼ਿਮੇਵਾਰੀ ਸਮਝ ਕੇ ਕੰਮ ਕਰਨ। ਇਹ ਸੈਕਟਰੀ ਬੜੇ ਟਰੇਂਡ ਹੁੰਦੇ ਹਨ, ਉਨ੍ਹਾਂ ਦੀ ਕੋਈ ਜ਼ਿਮੇਵਾਰੀ ਨਹੀਂ ਹੁੰਦੀ, ਉਹ ਤਾਂ ਕਦੇ ਕਦਾਈਆ ਗਿਆ, ਮੀਟਿੰਗ ਅਟੈਂਡ ਕੀਤੀ ਅਤੇ ਚਲਾ ਗਿਆ। ਜੇ ਨਹੀਂ ਆਇਆ ਤਾਂ ਐਮ. ਡੀ. ਪੁਛ ਕੇ ਚਲਾ ਗਿਆ। ਸੋ ਮੇਰੀ ਬੇਨਤੀ ਇਹ ਹੈ ਕਿ ਇਸ ਸਰਕਾਰ ਨੂੰ ਦੁਬਾਰਾ ਗੌਰ ਕਰਨਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਸੁਧਾਰ ਹੋ ਸਕਦਾ ਹੈ ਤਾ ਕਿ ਜਿਹੜਾ ਕਰੋੜਾਂ ਰੁਪਿਆ ਦਾ ਸਰਕਾਰ ਉਤੇ ਬੋਝ ਪੈਂਦਾ ਹੈ, ਉਸ ਨੂੰ ਘਟਾਇਆ ਜਾ ਸਕੇ ਅਤੇ ਖਰਚੇ ਹੋਏ ਪੈਸੇ ਤੋਂ ਪੂਰਾ ਪੂਰਾ ਫਾਇਦਾ ਉਠਾਇਆ ਜਾ ਸਕੇ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਸਰਦਾਰ ਜਸਦੇਵ ਸਿੰਘ ਜੱਸੋਵਾਲ ਨੇ ਜਿਹੜਾ ਮਤਾ ਹਾਊਸ ਵਿਚ ਪੇਸ਼ ਕੀਤਾ ਹੈ ਉਸ ਦੀ ਪੁਰਜ਼ੋਰ ਤਾਈਦ ਕਰਦਾ ਹਾਂ (ਥੰਪਿੰਗ)।

**ਰਾਜ ਮੰਤਰੀ, ਉਦਯੋਗ ਅਤੇ ਪੁਨਰਵਾਸ (ਸਰਦਾਰ ਦਰਸ਼ਨ ਸਿੰਘ ਕੇ. ਪੀ.)** : ਡਿਪਟੀ ਸਪੀਕਰ ਸਾਹਿਬ, ਸਰਦਾਰ ਜਸਦੇਵ ਸਿੰਘ ਜੱਸੋਵਾਲ ਨੇ ਜਿਹੜਾ ਧੰਨਵਾਦ ਦਾ ਮਤਾ ਹਾਊਸ ਵਿਚ ਲਿਆਂਦਾ ਹੈ, ਉਸ ਉਤੇ ਮਾਨ ਯੋਗ ਮੈਂਬਰ ਸਾਹਿਬਾਨ ਸ੍ਰੀ ਯਸ਼ ਜੀ, ਸ੍ਰੀ ਦਰਬਾਰੀ ਲਾਲ ਜੀ ਅਤੇ ਹੋਰ ਦੂਸਰੇ ਭਰਾਵਾਂ ਨੇ ਆਪੋ ਆਪਣੇ ਖਿਆਲਾਤ ਪੇਸ਼ ਕੀਤੇ ਹਨ। ਇਸ ਵਕਤ ਮੈਂ ਸਭ ਤੋਂ ਪਹਿਲਾਂ ਪੰਜਾਬ ਵਿਚ ਇੰਡਸਟਰੀ ਦਾ ਵਾਧਾ ਕਰਨ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਦੱਸਣਾ ਚਾਹਵਾਂਗਾ। ਪੰਜਾਬ ਮੁੱਖ ਤੌਰ ਤੇ ਇਕ ਖੇਤੀ ਬਾੜੀ ਪ੍ਰਧਾਨ ਰਾਜ ਹੈ ਅਤੇ ਮੈਨੂੰ ਮਾਣ ਹੈ ਕਿ ਖੇਤੀ ਬਾੜੀ ਦੇ ਮਾਮਲੇ ਵਿਚ ਪੰਜਾਬ ਹਿੰਦੁਸਤਾਨ ਦੇ ਹੋਰ ਸਾਰੇ ਰਾਜਾਂ ਨਾਲੋਂ ਅੱਗੇ ਹੈ। ਇਸ ਦੇ ਨਾਲ ਨਾਲ ਪੰਜਾਬ ਵਿਚ ਇੰਡਸਟਰੀ ਦੇ ਵਧਣ ਫੁਲਣ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਉਦਯੋਗ ਅਤੇ ਅਤੇ ਪੁਨਰਵਾਸ]

ਲਈ ਜੋ ਉਪਰਾਲੇ ਕੀਤੇ ਗਏ ਅਤੇ ਇਸ ਮੰਤਵ ਲਈ ਪੰਜਾਬ ਦੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਜੋ ਸੈਂਟਰ ਦੀ ਮਦਦ ਨਾਲ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਲੋਕਾਂ ਨੂੰ ਦਿਤੀਆਂ, ਉਸ ਦੇ ਸਬੰਧ ਵਿਚ ਮੈਂ 2-4 ਗੱਲਾਂ ਹਾਊਸ ਦੇ ਅਗੇ ਰਖਣੀਆਂ ਚਾਹੁੰਦਾ ਹਾਂ। ਪੰਜਾਬ ਵਿਚ ਇੰਡਸਟਰੀ ਦੇ ਲਿਹਾਜ਼ ਨਾਲ ਕਈ ਜ਼ਿਲ੍ਹੇ ਬੈਕਵਰਡ ਕਰਾਰ ਦੇ ਦਿਤੇ ਗਏ ਹਨ ਜਿਨ੍ਹਾਂ ਵਿਚ ਹੁਸ਼ਿਆਰ ਪੁਰ, ਸੰਗਰੂਰ, ਬਠਿੰਡਾ, ਫਰੀਦ-ਕੋਟ ਅਤੇ ਕਈ ਹੋਰ ਜ਼ਿਲ੍ਹੇ ਸ਼ਾਮਲ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ ਸੈਂਟਰ ਦੀ ਮੱਦਦ ਨਾਲ ਕਈ ਵੱਡੀਆਂ ਵੱਡੀਆਂ ਇੰਡਸਟਰੀਆਂ ਸਥਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿਚ ਪੇਪਰ ਮਿੱਲਾਂ, ਸਪਿਨਿੰਗ ਮਿੱਲਾਂ ਅਤੇ ਕਈ ਹੋਰ ਅਜਿਹੀਆਂ ਮਿੱਲਾਂ ਸ਼ਾਮਲ ਹਨ। ਇਸ ਤੋਂ ਇਲਾਵਾ ਇੰਡਸਟਰੀ ਦਾ ਵਾਧਾ ਕਰਨ ਲਈ ਗੋਇੰਦਵਾਲ ਸਾਹਿਬ ਨੂੰ ਨਿਊਕਲੀਅਸ ਸਿਟੀ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। 6000 ਏਕੜ ਜ਼ਮੀਨ ਵਿਚੋਂ 500 ਏਕੜ ਜ਼ਮੀਨ ਲੈ ਲਈ ਗਈ ਹੈ। ਇਸ ਸ਼ਹਿਰ ਨੂੰ ਬਹੁਤ ਮਹਤਤਾ ਦਿਤੀ ਜਾ ਰਹੀ ਹੈ। ਵੱਡੇ ਵੱਡੇ ਇੰਡਸਟਰੀਅਲਿਸਟ ਬੰਬਈ, ਦਿੱਲੀ ਅਤੇ ਹੋਰ ਦੂਸਰੀਆਂ ਸਟੇਟਾਂ ਤੋਂ ਆ ਕੇ ਉਥੇ ਇੰਡਸਟਰੀ ਲਗਾ ਰਹੇ ਹਨ। ਬਦੇਸ਼ੀ ਕੁਲੈਬੋਰੇਸ਼ਨ ਨਾਲ ਵੀ ਕਈ ਲੋਕ ਉਥੇ ਇੰਡਸਟਰੀ ਲਾਉਣ ਨੂੰ ਤਿਆਰ ਹਨ। ਸਮਾਲ ਸਕੇਲ ਇੰਡਸਟਰੀ ਨੂੰ ਪਿੰਡਾਂ ਵਿਚ ਵਧਾਉਣ ਲਈ ਵੀ ਅਸੀਂ ਪਰੈਫਰੈਂਸ ਦੇ ਰਹੇ ਹਾਂ। ਪਿਛਲੇ ਸਾਲ ਨਾਲੋਂ 11000 ਯੂਨਿਟ ਇਸ ਸਾਲ ਵਧਾਏ ਗਏ ਹਨ। ਗਵਰਨਰ ਸਾਹਿਬ ਨੇ ਵੀ ਦਸਿਆ ਹੈ ਕਿ ਅਸੀਂ ਸਮਾਲ ਸਕੇਲ ਇੰਡਸਟਰੀ ਨੂੰ ਕਾਫੀ ਮਹਤਤਾ ਦੇ ਰਹੇ ਹਾਂ। ਇਹ ਮਾਣ ਵਾਲੀ ਗੱਲ ਹੈ ਕਿ ਪਿੰਡਾਂ ਵਿਚ, ਜਿਥੇ ਕਿ 80% ਆਬਾਦੀ ਖੇਤੀ ਬਾੜੀ ਨਾਲ ਸਬੰਧਤ ਹੈ, ਵੀ ਇੰਡਸਟਰੀ ਨੂੰ ਅਸੀਂ ਉਤਸਾਹਿਤ ਕਰ ਰਹੇ ਹਾਂ। ਅਕਾਲੀ ਵੀਰਾਂ ਦੇ ਮਗਰ ਲਗ ਕੇ ਪੰਜਾਬ ਦੇ ਇਲਾਕੇ ਨੂੰ ਬਹੁਤ ਛੋਟਾ ਕਰ ਦਿਤਾ ਗਿਆ ਹੈ ਜਿਸ ਕਰ ਕੇ ਖੇਤੀ ਬਾੜੀ ਉਤੇ ਜ਼ਿਆਦਾ ਦੇਰ ਤੱਕ ਨਿਰਭਰ ਨਹੀਂ ਕੀਤਾ ਜਾ ਸਕਦਾ। ਖੇਤੀ ਬਾੜੀ ਤੋਂ ਇਲਾਵਾ ਹੁਣ ਇੰਡਸਟਰੀ ਦਾ ਹੀ ਇਕੋ ਇਕ ਸਾਧਨ ਰਹਿ ਗਿਆ ਹੈ ਜਿਸ ਨਾਲ ਲੋਕਾਂ ਦੀ ਵੱਧ ਤੋਂ ਵੱਧ ਬਿਹਤਰੀ ਕੀਤੀ ਜਾ ਸਕੇ ਅਤੇ ਉਨ੍ਹਾਂ ਵਿਚ ਖੁਸ਼ਹਾਲੀ ਲਿਆਂਦੀ ਜਾ ਸਕੇ। ਪਿੰਡਾਂ ਵਿਚ ਇੰਡਸਟਰੀ ਨੂੰ ਵਧਾਉਣ ਲਈ ਉਥੇ ਫੋਕਲ ਪੁਆਇੰਟ ਲਗਾਏ ਜਾ ਰਹੇ ਹਨ। ਸ਼ਹਿਰਾਂ ਵਿਚ ਜੋ ਜੋ ਰਿਆਇਤਾਂ ਇੰਡਸਟਰੀ ਵਾਸਤੇ ਮਿਲੀਆਂ ਹਨ, ਰਾਅ ਮੈਟੀਰੀਅਲ ਸਮੇਤ, ਉਹ ਸਾਰੀਆਂ ਰਿਆਇਤਾਂ ਪਿੰਡਾਂ ਨੂੰ ਕਵਰ ਕਰ ਰਹੇ ਫੋਕਲ ਪੁਆਇੰਟਾਂ ਵਿਚ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਇੰਡਸਟਰੀ ਦੇ ਲਿਹਾਜ਼ ਨਾਲ ਪਹਿਲਾਂ ਵੀਕਰ ਸੈਕਸ਼ਨਜ਼ ਵਲ ਕਦੇ ਵੀ ਜ਼ਿਆਦਾ ਧਿਆਨ ਨਹੀਂ ਦਿਤਾ ਗਿਆ। ਪਰ ਅਸੀਂ ਹਰੀਜਨ ਅਤੇ ਵੀਕਰ ਸੈਕਸ਼ਨਜ਼ ਵਾਸਤੇ 25% ਪਲਾਟ ਰਾਖਵੇਂ ਰਖੇ ਹਨ ਤਾ ਕਿ ਉਹ ਵੀ ਖੁਸ਼-ਹਾਲ ਹੋ ਸਕਣ। ਇਸ ਕੰਮ ਲਈ ਮੈਂ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਨੂੰ ਵਧਾਈ ਦਿੰਦਾ ਹਾਂ। ਉਨ੍ਹਾਂ ਦੀ ਜਿਸ ਤਰ੍ਹਾਂ ਵੀ ਮਦਦ ਹੋ ਸਕਦੀ ਹੋਈ, ਅਸੀਂ ਕਰਾਂਗੇ ਅਤੇ ਰਿਜ਼ਰਵੇਸ਼ਨ ਸਮੇਤ ਸਾਰੀਆਂ ਰਿਆਇਤਾਂ ਉਨ੍ਹਾਂ ਨੂੰ ਦਿਆਂਗੇ। ਗੁਪਤਾ ਸਾਹਿਬ ਨੇ ਵੀ ਇਸ ਬਾਰੇ ਆਪਣੇ ਖਿਆਲਾਤ ਦਸੇ ਹਨ। ਇੰਡਸਟਰੀ ਜ਼ਿਆਦਾ ਕਰ ਕੇ ਸ਼ਹਿਰਾਂ ਵਿਚ ਹੀ ਹੈ ਪਰ ਹੁਣ ਪਿੰਡਾਂ ਵਿਚ ਵੀ ਇਸ ਦੇ ਵਾਧੇ ਲਈ ਯਤਨ ਕੀਤੇ ਜਾ ਰਹੇ ਹਨ। ਅਸੀਂ ਸ਼ਹਿਰਾਂ ਵਿਚ ਇੰਡਸਟਰੀ ਨੂੰ ਘਟਾਇਆ ਨਹੀਂ ਹੈ ਸਗੋਂ ਉਸ ਨੂੰ ਵੀ ਉਤਸ਼ਾਹ ਦਿਤਾ ਹੈ ਅਤੇ ਉਸ ਦੇ ਨਾਲ ਨਾਲ ਪੇਂਡੂ ਇੰਡਸਟਰੀ ਲਈ ਵੀ ਜ਼ਿਆਦਾ ਸਹੂਲਤਾਂ ਮੁਹਈਆ ਕਰਾਂਗੇ। ਮੈਨੂੰ ਗੌਰਮਿੰਟ ਵਿਚ ਆਇਆਂ ਨੂੰ ਡੇਢ ਕੁ ਸਾਲ ਹੀ ਹੋਇਆ ਹੈ। ਫਿਰ ਵੀ ਅਸੀਂ ਇਸ ਵੱਲ ਵੱਧ ਤੋਂ ਵੱਧ ਧਿਆਨ ਦੇ ਰਹੇ ਹਾਂ। ਪਹਿਲਾਂ ਰਾਅ ਮੈਟੀਰੀਅਲ ਦੀ ਸਪਲਾਈ ਵਿਚ ਚੋਰੀਆਂ ਹੁੰਦੀਆਂ ਸਨ, ਘੱਪਲੇ ਹੁੰਦੇ ਸਨ ਪਰ ਹੁਣ ਪੰਜਾਬ ਸਰਕਾਰ ਦੀ ਕੋਸ਼ਿਸ਼ ਸਦਕਾ ਇੰਡਸਟਰੀ-ਅਲਿਸਟਾਂ ਨੂੰ ਐਨਾ ਲੋਹਾ ਦਿਤਾ ਗਿਆ ਹੈ ਕਿ ਉਹ ਸੰਭਾਲ ਨਹੀਂ ਸਕਦੇ। ਧਨਬਾਦ ਅਤੇ ਹੋਰ ਥਾਵਾਂ ਤੋਂ ਇਲਾਵਾ ਪਾਕਿਸਾਤਾਨ ਅਤੇ ਚੀਨ ਤੋਂ ਵੀ ਲੋਹਾ ਮੰਗਵਾ ਕੇ ਦਿਤਾ ਹੈ। ਇਹੀ ਕਾਰਣ ਹੈ ਕਿ ਅੱਜ ਪੰਜਾਬ ਵਿਚ ਲੋਹੇ ਦੀ ਬਲੈਕ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਿਥੀਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਵਜ਼ੀਰ ਸਾਹਿਬ ਕਹਿ ਰਹੇ ਹਨ ਕਿ ਲੋਹੇ ਦੀ ਬਲੈਕ ਨਹੀਂ ਹੈ । ਪਰ ਮੈਂ ਕਹਿੰਦਾ ਹਾਂ ਕਿ ਸਾਡੇ ਸੂਬੇ ਵਿਚ ਅਜੇ ਵੀ ਲੋਹਾ 1000-1200 ਰੁਪਏ ਬਲੈਕ ਵਿਚ ਵਿੱਕ ਰਿਹਾ ਹੈ । ਅਸਲ ਗੱਲ ਜੋ ਹੈ,ਉਹ ਇਹ ਹੈ ਕਿ ਪੰਜਾਬ ਸਰਕਾਰ ਸਮਾਲ ਸਕੇਲ ਇੰਡਸਟਰੀ ਲਈ ਲੋਹਾ ਮੰਗਵਾ ਕੇ ਦੇ ਹੀ ਨਹੀਂ ਰਹੀ । ਇਹ ਕਿਸ ਤਰ੍ਹਾਂ ਕਹਿ ਰਹੇ ਹਨ ਕਿ ਕਿ ਲੋਹੇ ਦੀ ਬਲੈਕ ਨਹੀਂ ਹੈ ?

ਰਾਜ ਮੰਤਰੀ : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਖੁਦ ਕਾਰਖਾਨੇਦਾਰ ਹਨ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਮਾਲ ਸਕੇਲ ਇੰਡਸਟਰੀ ਜੋ ਹੈ, ਉਹ ਕੇਵਲ ਛੋਟੇ ਲੋਕਾਂ ਦੀ ਮਦਦ ਕਰਦੀ ਹੈ। ਲੋਹੇ ਦੀ ਬਲੈਕ ਸਿਰਫ ਇਸ ਕਰਕੇ ਹੈ ਕਿ ਕਈ ਲੋਕ ਗਲਤ ਥਾਵਾਂ ਤੋਂ ਲੋਹਾ ਖਰੀਦ ਲੈਂਦੇ ਹਨ ਜਦ ਕਿ ਗੌਰਮਿੰਟ ਦੀ ਪਾਲਿਸੀ ਇਹ ਹੈ ਕਿ ਕਿ ਗੌਰਮਿੰਟ ਵਲੋਂ ਬਣਾਈਆਂ ਗਈਆਂ ਏਜੰਸੀਆਂ ਦੀ ਮਾਰਫਤ ਹੀ ਲੋਹਾ ਲਵੇ।

ਜਿਸ ਤਰ੍ਹਾਂ ਸਰਦਾਰ ਪ੍ਰਿਥੀਪਾਲ ਸਿੰਘ ਜੀ ਨੇ ਦੱਸਿਆ ਹੈ, ਮੈਂ ਲੁਧਿਆਣਾ ਵਿਚ ਇੰਡਸਟਰੀਅਲਿਸਟਸ ਨਾਲ ਇਕ ਮੀਟਿੰਗ ਕੀਤੀ ਸੀ ਜਿਸ ਦੇ ਵਿਚ ਲੋਹਾ ਲੈਣ ਵਾਲੇ, ਕੋਲਾ ਲੈਣ ਵਾਲੇ ਵੀ ਸਨ, ਖ਼ਪਤਕਾਰ ਵੀ ਸਨ ਅਤੇ ਹੋਰ ਦੂਸਰੇ ਲੋਕ ਵੀ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਆਪਣੀਆਂ ਮੁਸ਼ਕਲਾਂ ਦੱਸੋ ਕਿ ਤੁਹਾਨੂੰ ਕੀ ਕੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਤੁਹਾਨੂੰ ਲੋਹਾ ਨਹੀਂ ਮਿਲਦਾ ਜਾਂ ਕੋਲਾ ਨਹੀਂ ਮਿਲਦਾ ਜਾਂ ਹੋਰ ਰਾਅ ਮੈਟੀਰੀਅਲ ਹੈ ਜੋ ਨਹੀਂ ਮਿਲਦਾ। ਉਥੇ ਸੈਕਟਰੀ ਇੰਡਸਟਰੀਜ਼ ਵੀ ਸਨ ਅਤੇ ਡਾਇਰੈਕਟੋਰੇਟ ਵਾਲੇ ਵੀ ਮੌਜੂਦ ਸਨ। ਉਥੇ ਇਹ ਗਲ ਕਹੀ ਗਈ ਕਿ ਤੁਸੀਂ ਵੱਡੇ ਵੱਡੇ ਲੋਕਾਂ ਨੂੰ, ਸ਼ਾਹੂਕਾਰਾਂ ਨੂੰ ਕੋਲੇ ਦੀਆਂ ਗੱਡੀਆਂ, ਲੋਹੇ ਦੀਆਂ ਗੱਡੀਆਂ ਵਾਸਤੇ ਕਹਿ ਦਿੰਦੇ ਹੋ ਕਿ ਲੈ ਲਓ ਪਰ ਸਾਨੂੰ ਲੋਕਾਂ ਨੂੰ ਨਹੀਂ ਮਿਲਦੀਆਂ। ਤੁਸੀਂ ਇਸ ਤਰ੍ਹਾਂ ਕਰੋ ਕਿ ਕਿ ਇਕ ਸ਼ਹਿਰ ਵਿੱਚ ਅਗਰ 200,-400 ਜਾਂ 500 ਯੂਨਿਟਸ ਹਨ ਉਨ੍ਹਾਂ ਵਿਚੋਂ 7 ਜਾਂ 8 ਆਦਮੀਆਂ ਦੀ ਇਕ ਐਸੋਸੀਏਸ਼ਨ ਬਣਾ ਦਿਓ ਜਿਹੜੀ ਕਿ ਸਾਰੇ ਜ਼ਿਲ੍ਹੇ ਨੂੰ ਮਾਲ ਦੇਵੇ ਅਤੇ ਉਹ ਸਭ ਨੂੰ ਪੂਰੀ ਮਦਦ ਦੇਣ। ਇਸ ਤਰ੍ਹਾਂ ਜਿਸ ਨੂੰ ਇਕ ਗੱਡੀ ਦੀ ਲੋੜ ਹੈ ਉਸ ਨੂੰ ਵੀ ਮਾਲ ਮਿਲਦਾ ਰਹੇਗਾ ਅਤੇ ਜਿਸ ਨੂੰ 4 ਗੱਡੀਆਂ ਦੀ ਲੋੜ ਹੈ ਜਾਂ 10 ਗੱਡੀਆਂ ਦੀ ਲੋੜ ਹੈ ਉਸ ਨੂੰ ਵੀ ਮਾਲ ਮਿਲਦਾ ਰਹੇਗਾ। ਇਸ ਗਲ ਦਾ ਉਥੇ ਫੈਸਲਾ ਕੀਤਾ ਗਿਆ। ਇੰਡਸਟਰਅਲਿਸਟਸ ਭਰਾ ਗੁਸਾ ਨਾ ਕਰਨ। ਇਹ ਇਕ ਦੂਜੇ ਤੋਂ ਕਾਹਲੇ ਹੁੰਦੇ ਹਨ । ਮੈਂ ਕਿਹਾ ਕਿ ਠੀਕ ਹੈ ਇਕ ਲਿਸਟ ਬਣਾ ਕੇ ਦਿਓ ਨਾਵਾਂ ਦੀ। ਉਸ ਵੇਲੇ ਉਹ ਮੰਨ ਗਏ ਪਰ ਹਾਲੀਂ ਤਕ ਮੈਨੂੰ ਉਹ ਲਿਸਟ ਨਹੀਂ ਮਿਲੀ। ਮੈਂ ਖੇਤੀ ਬਾੜੀ ਕਰਨ ਵਾਲੇ ਦੀ ਵੀ ਗਲ ਕੀਤੀ ਕਿ ਜਿਹੜਾ ਖੇਤੀ ਬਾੜੀ ਕਰਦਾ ਹੈ, ਜਿਹੜਾ ਖੇਤ ਮਜ਼ਦੂਰ ਹੈ ਉਨ੍ਹਾਂ ਵਿਚੋਂ ਵੀ ਇਕ ਨੂੰ ਲਿਆਕੇ ਸਾਹਮਣੇ ਖੜ੍ਹਾ ਕਰ ਦਿਓ ਅਤੇ ਇਕ ਤੁਹਾਡੀ ਇੰਡਸਟਰੀ ਦੇ ਕਿਸੇ ਮਾਲਕ ਨੂੰ ਸਾਹਮਣੇ ਖੜ੍ਹਾ ਕਰ ਦਿਓ । ਫਿਰ ਦੋਨਾਂ ਦੇ ਰੰਗ ਔਰ ਚੇਹਰੇ ਨੂੰ ਦੇਖੋ ਕਿ ਕਿੰਨਾ ਫਰਕ ਹੈ। ਫਿਰ ਇਹ ਕਹਿ ਦਿਤਾ ਕਿ ਇਹ ਐਵੇਂ ਫੂਕ ਨਾਲ ਢਿੱਡ ਮੋਟੇ ਹੋਏ ਹਨ । ਇਹ ਢਿੱਡ ਮੋਟੇ ਫੂਕ ਨਾਲ ਨਹੀਂ ਹੋਏ। ਸ਼ਾਨ ਨਾਲ ਹੋਏ ਹਨ, ਪੈਸੇ ਨਾਲ ਹੋਏ ਹਨ । ਜਿਹੜਾ ਜ਼ਿਮੀਂਦਾਰ ਖੇਤਾਂ ਵਿਚ ਕੰਮ ਕਰਦਾ ਹੈ ਉਸ ਦੇ ਨਾਲੋਂ ਤੁਹਾਡਾ ਫਰਕ ਹੈ। ਮੈਂ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗਲਾਂ ਕੀਤੀਆਂ। ਮੈਂ ਇਹ ਵੀਕਿਹਾ ਕਿ ਸਰਕਾਰ ਜਿਸ ਢੰਗ ਨਾਲ ਕੰਮ ਕਰਨਾ ਚਾਹੁੰਦੀ ਹੈ, ਤੁਹਾਡੀ ਮਦਦ ਕਰਨਾ ਚਾਹੁੰਦੀ ਹੈ ਤੁਸੀਂ ਵੀ ਸਰਕਾਰ ਦੀ ਨੀਤੀ ਦੇ ਮੁਤਾਬਿਕ ਕੰਮ ਕਰੋ। ਹਰ ਵੇਲੇ ਮਾਇਆ ਜੋੜਨ ਵਲ ਹੀ ਆਪਣਾ ਧਿਆਨ ਨਾ ਰਖੋ ।

ਗੁਰੂ ਸਾਹਿਬ ਕਹਿੰਦੇ ਹਨ ਕਿ––

'ਅੰਤ ਕਾਲ ਜੋ ਲੱਛਮੀ ਸਿਮਰੇ,
ਸੋ ਸਰਪ ਜੂਨ ਬਲ ਬਲ ਉਤਰੇ ।'

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਉਦਯੋਗ ਅਤੇ ਪੁਨਰਵਾਸ]

ਆਖ਼ਿਰ ਮਰਨਾ ਵੀ ਤਾਂ ਹੈ ਸਭ ਨੇ। ਆਪਣੇ ਅੰਤ ਦਾ ਧਿਆਨ ਕਰਨਾ ਚਾਹੀਦਾ ਹੈ। ਜਿਹੜਾ ਬੰਦਾ ਹਰ ਵੇਲੇ ਪੈਸੇ ਵਲ ਹੀ, ਧੰਨ ਵਲ ਹੀ ਆਪਣਾ ਧਿਆਨ ਰਖਦਾ ਹੈ, ਅੰਤ ਵੇਲੇ ਪੈਸੇ ਵਲ ਹੀ ਆਪਣਾ ਧਿਆਨ ਰਖਦਾ ਹੈ ਉਹ ਸਰਪ ਦੀ ਜੋਨੀ ਵਿਚ ਜਾਂਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਮਜ਼ੋਰ ਆਦਮੀ ਦੀ ਮਦਦ ਕਰੋ। ਇੰਡਸਟਰੀਅਲਿਸਟਸ ਭਰਾਓ, ਤੁਸੀਂ ਇਹ ਗਲ ਕਹੋ ਕਿ ਕਮਜ਼ੋਰ ਆਦਮੀ ਦੀ ਮਦਦ ਕਰ ਕੇ ਉਸ ਨੂੰ ਅਗੇ ਲਿਆਓ। ਉਥੇ ਐਸੋਸੀਏਸ਼ਨ ਵਾਸਤੇ ਫੈਸਲਾ ਕੀਤਾ ਗਿਆ ਐਸੋਸੀਏਸ਼ਨ ਬਣ ਗਈ, ਰਜਿਸਟਰਡ ਵੀ ਹੋ ਗਈ ਪਰ ਹਾਲੀਂ ਤਕ ਨਾਮ ਨਹੀਂ ਭੇਜੇ। ਠੀਕ ਹੈ ਤੁਸੀਂ ਆਪਣੀ ਮਰਜ਼ੀ ਨਾਲ ਨਾਮ ਭੇਜੋ ਪਰ ਹਾਲੀਂ ਤੱਕ ਨਾਮ ਨਹੀਂ ਭੇਜੇ। ਸੈਕਟਰੀ ਸਾਹਿਬ ਨੂੰ, ਵੀ ਮੈਂ ਕਿਹਾ। ਉਨ੍ਹਾਂ ਨੇ ਵੀ ਚਿਠੀ ਲਿਖੀ। ਮੈਂ ਵੀ ਚਿਠੀ ਲਿਖੀ। ਪਰ ਹਾਲੀਂ ਤਕ ਉਨ੍ਹਾਂ ਨੇ ਨਾਮ ਨਹੀਂ ਭੇਜੇ। ਕਿਉਂ ਨਹੀਂ ਭੇਜੇ ? ਕਿਉਂਕਿ ਰਾਅ ਮੈਟੀਰੀਅਲ ਬਹੁਤ ਪਿਆ ਹੈ ; ਗੱਡੀਆਂ ਦੀਆਂ ਗੱਡੀਆਂ ਪਈਆਂ ਹਨ। ਹੁਣ ਲੋਕੀਂ ਕੁਰੱਪਸ਼ਨ ਕਰਨ ਤੋਂ ਹੱਟ ਗਏ ਹੰਨ। ਜਿੰਨੀ ਕਿਸੇ ਦੀ ਨਸੈ-ਸਿਟੀ ਹੈ ਉਤਨਾ ਮਾਲ ਅਸੀਂ ਉਨ੍ਹਾਂ ਨੂੰ ਦਿਤਾ ਹੈ। ਘਾਟਾ ਹੀ ਕਿਸੇ ਗਲ ਦਾ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਇਕ ਇਹ ਸੋਧ ਕੀਤੀ ਹੈ ਕਿ ਡਾਇਰੈਕਟੋਰੇਟ ਲੈਵਲ ਤੋਂ ਲੈ ਕੇ ਜ਼ਿਲ੍ਹਾ ਪੱਧਰ ਤਕ ਹਰ ਦਫਤਰ ਵਿਚ ਇਕ ਵੱਡਾ ਬੋਰਡ ਲਾ ਦਿਤਾ ਜਾਵੇ ਜਿਸ ਦੇ ਵਿਚ ਇਹ ਦੱਸਿਆ ਹੈ ਕਿ ਪੰਜਾਬ ਵਿਚ ਇੰਡਸ-ਟਰੀ ਦੀਆਂ ਕਿਹੜੀਆਂ ਸਕੀਮਾਂ ਹਨ ਔਰ ਇਸ ਦੇ ਲਈ ਇਹ ਮਦਦ ਸਰਕਾਰ ਨੇ ਦਿਤੀ ਹੈ। ਇਕ ਜਾਣਕਾਰੀ ਇਨਸਪੈਕਟਰ ਰਖ ਦਿਤਾ ਹੈ ਜਿਹੜਾ ਦਲੀਲ ਨਾਲ ਦੱਸ ਸਕੇ ਕਿ ਕੀ ਉਹ ਕਰਨਾ ਚਾਹੁੰਦੇ ਹਨ ਅਤੇ ਸਰਕਾਰ ਕੀ ਉਨ੍ਹਾਂ ਵਾਸਤੇ ਕਰ ਰਹੀ ਹੈ। ਇਹ ਸਾਰੀ ਹਰ ਕਿਸਮ ਦੀ ਜਾਣਕਾਰੀ ਉਹ ਦਿੰਦਾ ਹੈ। ਡਿਪਟੀ ਸਪੀਕਰ ਸਾਹਿਬ, ਇਕੋ ਐਪਲੀਕੇਸ਼ਨ ਤੇ ਜਦੋਂ ਉਹ ਇਹ ਕਹਿੰਦਾ ਹੈ ਕਿ ਮੈਂ ਇੰਡਸਟਰੀ ਲਾਉਣੀ ਹੈ ਮੈਨੂੰ ਇਸ ਦੇ ਬਾਰੇ ਪੂਰੀ ਵਾਕਫੀਅਤ ਦਿਓ ਤਾਂ ਉਸ ਨੂੰ ਪੂਰੀ ਵਾਕਫੀਅਤ ਮਿਲਦੀ ਹੈ। ਉਸ ਨੂੰ ਬਿਜਲੀ ਦੀ ਜਿੰਨੀ ਲੋੜ ਪੈਂਦੀ ਹੈ, ਪਾਵਰ ਦੀ ਜਿੰਨੀ ਲੋੜ ਪੈਂਦੀ ਹੈ ਉਸ ਦੇ ਲਈ ਡਿਸਟ੍ਰਿਕਟ ਇੰਡਸਟਰੀ ਅਫ਼ਸਰ ਰਿਕਮੈਂਡ ਕਰਕੇ ਬਿਜਲੀ ਬੋਰਡ ਨੂੰ ਜਾਂ ਹਲਕੇ ਦੇ, ਉਸ ਏਰੀਏ ਦੇ ਬਿਜਲੀ ਵਾਲਿਆਂ ਦੇ ਐਸ. ਡੀ. ਓ. ਨੂੰ ਭੇਜ ਦਿੰਦਾ ਹੈ ਕਿ ਇਸ ਨੂੰ ਇਤਨੀ ਪਾਵਰ ਮਿਲਣੀ ਚਾਹੀਦੀ ਹੈ ਹਰ ਜ਼ਿਲ੍ਹੇ ਵਿੱਚ ਜਾਣਕਾਰੀ ਦੇਣ ਲਈ ਪੂਰਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ।

ਫਿਰ, ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਵਿਲੇਜ ਖਾਦੀ ਇੰਡਸਟਰੀ ਬੋਰਡ ਹੈ। ਸਾਡੇ ਮੁੱਖ ਮੰਤਰੀ ਸਾਹਿਬ ਨੇ ਖਾਦੀ ਕਮਿਸ਼ਨ ਨੂੰ ਬੇਨਤੀ ਕੀਤੀ ਹੈ ਕਿ ਪੰਜਾਬ ਦੇ ਲੋਕ ਅਨਾਜ ਪੈਦਾ ਕਰਨ ਵਿਚ ਬਹੁਤ ਤਕੜੇ ਹਨ, ਤੁਸੀਂ ਸਾਡੀ ਇਧਰ ਵੀ ਮਦਦ ਕਰੋ। ਖਾਦੀ ਕਮਿਸ਼ਨ ਦੀ ਮੀਟਿੰਗ ਜਲੰਧਰ ਵਿਚ ਹੋਈ ਸੀ ਔਰ ਉਸ ਦੇ ਵਿਚ ਸਾਡੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਦੀ ਮਦਦ ਕਰੋ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਉਸ ਕਮਿਸ਼ਨ ਨੇ 3 ਕਰੋੜ ਰੁਪਿਆ ਪੰਜਾਬ ਨੂੰ ਦਿਤਾ ਹੈ। ਹੁਣ ਪਿੰਡਾਂ ਵਿਚ ਕੋਈ ਲੱਖ ਰੁਪਿਆ, ਕੋਈ 2 ਲੱਖ ਰੁਪਿਆ, ਕੋਈ 50 ਹਜ਼ਾਰ ਰੁਪਿਆ, ਕੋਈ 25 ਹਜਾਰ ਰੁਪਿਆ ਆਪਣੀ ਆਪਣੀ ਜ਼ਰੂਰਤ ਦੇ ਮੁਤਾਬਿਕ ਲੋਨ ਲੈ ਸਕਦਾ ਹੈ ਅਤੇ ਉਸ ਤੇ ਇਨਟੈਰਸਟ ਸਿਰਫ 4% ਹੈ ਜਿਹੜਾ ਸਭ ਤੋਂ ਘੱਟ ਰੇਟ ਹੈ। ਇਸ ਦੇ ਨਾਲ ਹੀ 25 ਫੀ ਸਦੀ ਗਰੀਬ ਆਦਮੀ ਨੂੰ ਸਬ ਸੀਡਾਈਜ਼ ਕਰ ਦਿਤਾ ਹੈ। ਅਸੀਂ ਗਰੀਬ ਆਦਮੀ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਹੈ। ਅਸੀਂ ਇਕ ਲੈਦਰ ਕੰਪਲੈਕਸ ਵੀ ਬਣਾ ਰਹੇ ਹਾਂ ਔਰ ਲੈਦਰ ਕਾਰਪੋਰੇਸ਼ਨ ਵੀ ਬਣਾਈ ਹੈ। ਇਸ ਤੋਂ ਇਲਾਵਾ ਬਹੁਤ ਸਾਰੀਆਂ ਸਕੀਮਾਂ ਅਸੀਂ ਬਣਾਈਆਂ ਹਨ। ਜਿਹੜੇ ਗਰੀਬ ਆਦਮੀ ਹਨ, ਜਿਹੜੇ ਹੱਥੀਂ ਕੰਮ ਕਰਦੇ ਹਨ, ਬੂਟ ਸੀਂਦੇ ਹਨ ਜਾਂ ਫੁਟਵੀਅਰ ਦਾ ਕੰਮ ਕਰਦੇ ਹਨ ਉਨ੍ਹਾਂ ਦੀ ਮਦਦ ਕਰਦੇ ਹਾਂ। ਕਈ ਨਵੇਂ ਸੈਂਟਰਜ਼ ਖੋਲ੍ਹੇ ਹਨ। ਬੂਟ ਸੀਉਣ ਵਾਸਤੇ

Original with;
Punjab Vidhan Sabha
Digitized by;
Panjab Digital Library

ਸੈਂਟਰ ਜੋ ਬਣਾਏ ਹਨ ਉਹ ਅਸੀਂ ਅਜਨਾਲਾ, ਧਾਰੀਵਾਲ, ਨਵਾਂ ਸ਼ਹਿਰ, ਖਰੜ, ਪਟਿਆਲਾ, ਮਲੇਰ ਕੋਟਲਾ ਔਰ ਬਠਿੰਡਾ ਵਿਚ ਔਰ ਹੋਰ ਕਈ ਜਗ੍ਹਾ ਹਨ ਡਿਪਟੀ ਸਪੀਕਰ ਸਾਹਿਬ, ਉਥੇ ਕੁਝ ਇਸ ਤਰ੍ਹਾਂ ਦੀ ਟਰੇਨਿੰਗ ਚਲ ਰਹੀ ਹੈ ਕਿ ਜਿਹੜੇ ਮੈਟਰਿਕ ਪੜ੍ਹੇ ਹੋਣਗੇ ਜਿਸ ਤਰ੍ਹਾਂ ਆਈ. ਟੀ. ਆਈ. ਦੀ ਟਰੇਡ ਹੈ ਉਸ ਤਰ੍ਹਾਂ ਉਸ ਨੂੰ ਡਿਪਲੋਮਾ ਦੇਵਾਂਗੇ । ਜਿਹੜੇ ਪੜ੍ਹੇ ਹੋਏ ਨਹੀਂ ਹੋਣਗੇ ਉਨ੍ਹਾਂ ਨੂੰ ਬੂਟ ਸਿਊਣ ਵਾਸਤੇ ਟਰੇਨਿੰਗ ਮਿਲੇਗੀ ਔਰ ਉਨ੍ਹਾਂ ਨੂੰ 300 ਰੁਪਏ ਵਜ਼ੀਫਾ ਦੇਣਾ ਹੈ। ਇਨ੍ਹਾਂ ਗਰੀਬਾਂ ਨੂੰ 6 ਮਹੀਨੇ ਦੀ ਟਰੇਨਿੰਗ ਦੇ ਕੇ ਮਾਲ ਮੈਟੀਰੀਅਲ ਦੇ ਕੇ ਮਦਦ ਕਰਾਂਗੇ। ਇਹ ਬਹੁਤ ਵੱਡੀ ਗਲ ਕੀਤੀ ਗਈ ਹੈ। ਕੋਈ ਛੋਟੀ ਜਿਹੀ ਗਲ ਨਹੀਂ। 100 ਜਾਂ 50 ਰੁਪਏ ਦੇ ਵਜ਼ੀਫੇ ਨਾਲ ਉਸ ਦਾ ਗੁਜ਼ਾਰਾ ਨਹੀਂ ਹੁੰਦਾ। ਉਸ ਦੀ ਮਦਦ ਕਰਨ ਵਾਸਤੇ 300 ਰੁਪਏ ਦਾ ਵਜ਼ੀਫਾ ਰਖਿਆ ਹੈ ਤਾ ਕਿ ਉਹ ਪੂਰੀ ਸਿਖਲਾਈ ਪਹਿਲਾਂ ਲੈ ਕੇ ਆਪਣਾ ਕਾਰੋਬਾਰ ਕਰ ਸਕੇ ਅਤੇ ਆਪਣੇ ਪੈਰ੍ਹਾਂ ਤੇ ਖੜਾ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਸਾਡੇ ਪਿੰਡਾਂ ਦੇ ਵਿਚ ਸਾਡੀਆਂ ਲੜਕੀਆਂ ਦਰੀਆਂ, ਖੇਸੀਆਂ ਜਾਂ ਹੋਰ ਇਸ ਕਿਸਮ ਦਾ ਕੰਮ ਕਰਦੀਆਂ ਹਨ। ਸਰਕਾਰ ਦੀ ਮਦਦ ਨਾਲ ਇਕ ਪਨਟੈਕਸ ਕਾਰਪੋਰੇਸ਼ਨ ਬਣਾਈ ਗਈ ਹੈ ਜਿਸ ਦੇ ਤਹਿਤ ਉਘੀ, ਨਕੋਦਰ ਅਤੇ ਹੋਰ ਕਈ ਜਗ੍ਹਾ ਸੈਂਟਰ ਬਣਾਏ ਹਨ। ਜੋ 100 ਲੜਕੀ ਹੋਵੇ ਉਸ ਨੂੰ 100 ਰੁਪਿਆ ਮਹੀਨਾ ਵਜ਼ੀਫਾ ਦੇਵਾਂਗੇ, ਉਸ ਦੇ ਬਾਅਦ 6 ਮਹੀਨੇ ਦਾ ਕੋਰਸ ਕਰਵਾ ਕੇ ਅਸੀਂ ਸਾਰੇ ਕਾਗਜ਼ ਵਗੈਰਾ ਕੋਰਸ ਦੇ ਦੇਵਾਂਗੇ। ਇਸ ਦੇ ਨਾਲ ਹੀ ਕਾਰਪੋਰੇਸ਼ਨ ਜਿਹੜੀ ਹੈ ਪਨਟੈਕਸ ਉਹ ਜਿੰਨੀਆਂ ਲੜਕੀਆਂ ਦਰੀਆਂ, ਖੇਸੀਆਂ ਬਣਾ ਸਕਦੀਆਂ ਹੋਣਗੀਆਂ ਉਨ੍ਹਾਂ ਨੂੰ ਲੋਨ ਵੀ ਦੇਵੇਗੀ, ਉਨ੍ਹਾਂ ਨੂੰ ਪੂਰੀ ਖਡੀ ਵਗੈਰਾ ਲਾ ਕੇ ਦੇਵੇਗੀ। ਰੋਜ਼ ਦੇ ਰੋਜ਼ ਕੋਈ ਲੜਕੀ ਜਿਹੜੀ ਦਰੀ, ਖੇਸੀ ਜਾਂ ਹੋਰ ਦੂਸਰੇ ਹੱਥ ਦੇ ਨਾਲ ਕੰਮ ਕਰਨ ਵਾਲੀ ਚੀਜ਼ ਸਿਖ ਕੇ ਜਾਵੇਗੀ ਉਹ 15 ਜਾਂ 20 ਰੁਪਏ ਆਪਣੇ ਘਰ ਬੈਠੇ ਹੀ ਕਮਾ ਲਿਆ ਕਰੇਗੀ। ਜਿੰਨਾ ਸੂਤ ਉਹ ਉਥੋਂ ਲੈ ਜਾਵੇਗੀ ਉਸ ਦਾ ਕਪੜਾ, ਦਰੀ, ਖੇਸੀ ਬਣਾ ਕੇ ਉਥੇ ਹੈਡ ਆਫਿਸ ਵਿਚ ਦੇ ਦੇਵੇਗੀ। ਕਈ ਥਾਵਾਂ ਤੇ ਵੱਡੀਆਂ ਇੰਡਸਟਰੀਆਂ ਵੀ ਲਗਦੀਆਂ ਹਨ। ਪੇਪਰ ਮਿਲਾਂ ਹਨ, ਨੰਗਲ ਖਾਦ ਇੰਡਸਟਰੀ ਹੈ ਅਤੇ ਹੋਰ ਵੀ ਹਨ। ਜਦੋਂ ਕੋਈ ਵੱਡੀ ਇੰਡਸਟਰੀ ਲਗਾਉਂਦੇ ਹਨ ਤਾਂ ਉਹ ਕੁਝ ਇਸ ਤਰ੍ਹਾਂ ਦਾ ਹਿਸਾਬ ਕਿਤਾਬ ਕਰਦੇ ਹਨ ਕਿ ਇੰਡਸਟਰੀ ਤੇ ਤਾਂ 4, 5 ਕਰੋੜ ਰੁਪਿਆ ਲਗਾ ਦਿੰਦੇ ਹਨ ਪਰ ਪਾਣੀ ਦੇ ਨਿਕਾਸ ਲਈ ਟਰੀਟਮੈਂਟ ਪਲਾਂਟ ਲਗਾਉਣ ਲਈ ਕੁਤਾਹੀ ਕਰ ਜਾਂਦੇ ਹਨ। ਜਿਸ ਦੇ ਨਾਲ ਡੰਗਰ ਮਰ ਜਾਂਦੇ ਹਨ ਅਤੇ ਆਲੇ ਦੁਆਲੇ ਦਾ ਵਾਤਾਵਰਣ ਖਰਾਬ ਹੋ ਜਾਂਦਾ ਹੈ। ਨੰਗਲ ਖਾਦ ਫੈਕਟਰੀ ਹੈ ਉਥੇ ਦਾ ਟਰੀਟਮੈਂਟ ਪਲਾਂਟ ਖਰਾਬ ਹੋ ਗਿਆ। ਪਾਣੀ ਓਵਰ ਫਲੋ ਕਰ ਗਿਆ। 40, 50 ਡੰਗਰ ਮਰ ਗਏ। ਸਰਦਾਰ ਆਤਮਾ ਸਿੰਘ ਨੇ ਪਿਛਲੀ ਵਾਰੀ ਸੁਆਲ ਕੀਤਾ ਸੀ ਕਿ ਐਸੇ ਪਾਣੀ ਨਾਲ ਡੰਗਰ ਮਰ ਰਹੇ ਹਨ, ਸਰਕਾਰ ਕੀ ਕਰ ਰਹੀ ਹੈ। ਮੈਂ ਜਵਾਬ ਦਿਤਾ ਸੀ ਕਿ ਅਸੀਂ ਫੈਕਟਰੀਆਂ ਵਾਲਿਆਂ ਨੂੰ ਕਹਾਂਗੇ ਕਿ ਉਨ੍ਹਾਂ ਦੀ ਅਣ ਗਹਿਲੀ ਨਾਲ ਜਿਹੜਾ ਨੁਕਸਾਨ ਹੋ ਰਿਹਾ ਹੈ ਉਸ ਦਾ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਪਏਗਾ। ਹਾਲੇ ਮਹੀਨਾ ਕੁ ਹੋਇਆ ਹੈ ਬਾਲੀ ਸਾਹਿਬ ਜਿਹੜੇ ਨੰਗਲ ਤੋਂ ਜਿੱਤ ਕੇ ਆਏ ਹਨ ਉਹ ਮੇਰੇ ਨਾਲ ਸਨ। ਅਸੀਂ 76,100 ਰੁਪਏ, ਜਿਨ੍ਹਾਂ ਲੋਕਾਂ ਦੇ ਡੰਗਰ ਮਰੇ ਸਨ ਉਨ੍ਹਾਂ ਨੂੰ ਫੈਕਟਰੀ ਵਾਲਿਆਂ ਤੋਂ ਦਿਵਾਏ।

**ਪੰਡਿਤ ਸਰਵਣ ਰਾਮ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਦੇ ਗਿਆਤ ਵਾਸਤੇ ਦਸਣਾ ਚਾਹੁੰਦਾ ਹਾਂ ਕਿ ਕਦੇ ਮਨਿਸਟਰ ਸਾਹਿਬ ਨੇ ਫੈਕਟਰੀਆਂ ਵਿਚ ਜਾ ਕੇ ਵੇਖਿਆ ਹੈ ਕਿ ਜਿਹੜੇ 14 ਰੁਪਏ ਸਰਕਾਰ ਵਲੋਂ ਫਿਕਸ ਹੋਏ ਹਨ ਮਜ਼ਦੂਰ ਲਈ ਕੀ ਉਹ ਮਿਲ ਰਹੇ ਹਨ ? ਉਥੇ ਮਜ਼ਦੂਰਾਂ ਨੂੰ 7, 7 ਰੁਪਏ ਦੇ ਰਹੇ ਹਨ ਅਤੇ ਜਿਹੜਾ ਬੋਲਦਾ ਹੈ ਉਸ ਨੂੰ ਕੱਢੀ ਜਾ ਰਹੇ ਹਨ।

**ਰਾਜ ਮੰਤਰੀ .** ਉਹ ਵੀ ਦਰੁਸਤ ਕਰ ਦਿਆਂਗੇ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਦਲੀਪ ਚੰਦ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੇ ਦਸਿਆ ਹੈ ਕਿ ਨੰਗਲ ਵਿਚ 40, 50 ਪਸ਼ੂ ਮਰ ਗਏ ਸਨ ਤੇ ਮੁਆਵਜ਼ਾ ਦਿਲਵਾਇਆ ਹੈ। ਮੇਰੇ ਹਲ ਕੇ ਵਿਚ ਵੀ ਇਕ ਫੈਕਟਰੀ ਹੈ। ਉਥੇ ਮਨਿਸਟਰ ਸਾਹਿਬ ਵੇਖ ਕੇ ਆਏ ਸਨ ਅਤੇ ਉਥੇ ਕੋਈ 20, 25 ਪਸ਼ੂ ਮਰ ਗਏ ਸਨ। ਕੀ ਉਨ੍ਹਾਂ ਨੂੰ ਵੀ ਮੁਆਵਜ਼ਾ ਦਿਵਾਉਣਗੇ ?

**ਰਾਜ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਪੰਡਿਤ ਸਰਵਣ ਰਾਮ ਨੇ ਠੀਕ ਗਲ ਕਹੀ ਹੈ ਅਤੇ ਮਾਸਟਰ ਜੀ ਨੇ ਵੀ ਸਹੀ ਗਲ ਕਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਗਲ ਕਰ ਰਿਹਾ ਸੀ ਕਿ ਨੰਗਲ ਫੈਕਟਰੀ ਵਾਲਿਆਂ ਤੋਂ ਮੁਆਵਜ਼ਾ ਦਿਲਵਾਇਆ ਹੈ। ਉਥੇ ਲੋਕਾਂ ਨੇ ਦਸਿਆ ਕਿ ਅੱਜ ਤਾਈਂ ਇਥੇ ਬੰਦੇ ਤਕ ਮਰ ਗਏ ਕਿਸੇ ਨੇ ਪਰਵਾਹ ਨਹੀਂ ਕੀਤੀ, ਕੇ. ਪੀ. ਸਾਹਿਬ ਇਹ ਤੁਹਾਡੀ ਅਤੇ ਮੁੱਖ ਮੰਤਰੀ ਜੀ ਦੀ ਕੋਸ਼ਿਸ਼ ਦਾ ਨਤੀਜਾ ਹੈ ਕਿ ਲੋਕਾਂ ਨੂੰ ਮੁਆਵਜ਼ਾ ਮਿਲ ਗਿਆ। ਇਸ ਤਰ੍ਹਾਂ ਉਸ ਫੈਕਟਰੀ ਦਾ ਵਾਤਾਵਰਣ ਵੀ ਠੀਕ ਕੀਤਾ ਹੈ।

ਪੰਡਿਤ ਜੀ ਦੇ ਹਲਕੇ ਵਿਚ ਇਕ ਪੇਪਰ ਮਿਲ ਲਗੀ ਹੋਈ ਹੈ। ਮਿਲ ਵਾਲੇ ਲਾਲਚ ਕਰ ਗਏ ਅਤੇ ਉਥੇ ਟਰੀਟਮੈਂਟ ਪਲਾਂਟ ਨਹੀਂ ਲਗਾਇਆ। ਗੌਰਮਿੰਟ ਸਬਸਿਡੀ ਵੀ ਦਿੰਦੀ ਹੈ ਫੈਕਟਰੀ ਲਾਉਣ ਵਾਸਤੇ। ਪਰ ਇਹ ਵੱਡੀਆਂ ਫੈਕਟਰੀਆਂ ਤਾਂ ਵੱਡਾ ਆਦਮੀ ਲਗਾ ਸਕਦਾ ਹੈ ਹਾਲਾਂਕਿ ਕੰਮ ਛੋਟੇ ਆਦਮੀ ਕਰਦੇ ਹਨ। ਜਿਥੋਂ ਤਕ ਮਜ਼ਦੂਰੀ ਘਟ ਮਿਲਣ ਦਾ ਸੁਆਲ ਹੈ ਮੈਂ ਖੁਦ ਬੰਦੇ ਫੜੇ ਹਨ ਅਤੇ ਜਿਥੇ ਲੇਬਰਰ ਨੂੰ ਸਿਰਫ 8 ਰੁਪਏ ਦਿਹਾੜੀ ਦਿੰਦੇ ਸਨ ਉਨ੍ਹਾਂ ਨੇ ਮੇਰਾ ਖਿਆਲ ਹੈ ਕਿ ਇਸ ਮਹੀਨੇ ਪੂਰੀ ਉਜਰਤ ਦੇ ਦਿਤੀ ਹੋਣੀ ਹੈ। ਜੇਕਰ ਨਹੀਂ ਦਿਤੇ ਹੋਣਗੇ ਤਾਂ ਅਸੀਂ ਉਨ੍ਹਾਂ ਦਾ ਚਲਾਨ ਕਰਾਂਗੇ ਨਹੀਂ ਤਾਂ ਫੈਕਟਰੀ ਬੰਦ ਕਰਾਂਗੇ। (ਵਿਘਨ) ਪੇਪਰ ਮਿਲ ਦੀਆਂ ਬਹੁਤ ਸਮਸਿਆਵਾਂ ਹਨ। ਪਾਣੀ ਜਾ ਰਿਹਾ ਹੈ। ਲੋਕਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ। ਜਦੋਂ ਫਸਲਾਂ ਬਰਬਾਦ ਹੋਈਆਂ ਤਾਂ ਮਿਲ ਵਾਲਿਆਂ ਨੂੰ ਕਿਹਾ। ਉਥੇ ਹਲਕੇ ਦੇ ਸਾਰੇ ਮੈਂਬਰ ਸਾਹਿਬਾਨ ਪੰਡਿਤ ਸਰਵਣ ਰਾਮ, ਮਾਸਟਰ ਕੁੰਦਨ ਸਿੰਘ ਇਕੱਠੇ ਹੋਏ। ਮਿਲ ਵਾਲਿਆਂ ਨੂੰ ਸਦਿਆ। ਸਾਰਾ ਐਸਟੀਮੇਟ ਲਗਾਇਆ ਅਤੇ 80 ਹਜ਼ਾਰ ਰੁਪਿਆ ਉਨ੍ਹਾਂ ਲੋਕਾਂ ਨੂੰ ਦਿਤਾ ਗਿਆ ਜਿਨ੍ਹਾਂ ਦੀਆਂ ਫਸਲਾਂ ਖਰਾਬ ਹੋਈਆਂ ਸਨ। ਉਨ੍ਹਾਂ ਨੂੰ ਇਹ ਵੀ ਕਿਹਾ ਕਿ ਆਪਣਾ ਟਰੀਟਮੈਂਟ ਪਲਾਂਟ ਲਗਾਓ। ਪਰ ਆਖਰ ਪਾਣੀ ਜਾਣਾ ਤਾਂ ਕਿਸੇ ਜ਼ਮੀਨ ਦੇ ਵਿਚ ਦੀ ਹੈ। ਕੋਈ ਨਾ ਕੋਈ ਜ਼ਿਮੀਂਦਾਰ ਕੋਰਟ ਵਿਚੋਂ ਜਾ ਕੇ ਸਟੇਅ ਲੈ ਆਉਂਦਾ ਹੈ ਔਰ ਕੰਮ ਰੁਕ ਜਾਂਦਾ ਹੈ। ਉਨ੍ਹਾਂ ਨੇ ਬਹੁਤ ਮਸ਼ੀਨਰੀ ਲਿਆਂਦੀ ਹੋਈ ਹੈ। ਪਹਿਲਾਂ ਕਹਿੰਦੇ ਸੀ ਜਨਵਰੀ ਵਿਚ ਲਗਾ ਦਿਆਂਗੇ, ਫਿਰ ਮਾਰਚ ਕਿਹਾ ਅਤੇ ਹੁਣ ਮਈ ਤਕ ਮੋਹਲਤ ਲਈ ਹੈ। ਅਸੀਂ ਕਹਿ ਦਿਤਾ ਹੈ ਔਰ ਦਬਕਾ ਮਾਰਿਆ ਹੈ ਕਿ ਇਸ ਤੋਂ ਅਗੇ ਕੋਈ ਮਿਆਦ ਨਹੀਂ ਵਧਾਉਣੀ। ਮਿਲ ਵਾਲਿਆਂ ਦੀ ਵੀ ਸਹਾਇਤਾ ਕਰਨੀ ਪੈਂਦੀ ਹੈ ਕਿਉਂਕਿ ਪ੍ਰੋਡਕਸ਼ਨ ਵਧਾਉਣੀ ਹੈ। ਅਸੀਂ ਮਿਲ ਵਾ-ਲਿਆਂ ਨੂੰ ਵੀ ਕਿਹਾ ਕਿ ਲੋਕਾਂ ਦੀ ਸਿਹਤ ਤੇ ਅਸਰ ਪੈਂਦਾ ਹੈ ਇਸ ਲਈ ਇਸ ਮਾਮਲੇ ਵਿਚ ਦੇਰੀ ਨਹੀਂ ਹੋਣੀ ਚਾਹੀਦੀ। ਮੈਂ ਦਸਦਾ ਹਾਂ ਕਿ ਇਕ ਮਿਲ ਵਾਲਾ ਕਹਿਣ ਲਗਾ ਕਿ ਅਸੀਂ ਤਾਂ ਸੈਂਟਰ ਤੋਂ ਲਸੰਸ ਲੈ ਕੇ ਆਏ ਹਾਂ। ਉਸ ਨੂੰ ਕਿਹਾ ਕਿ ਸਟੇਟ ਗੌਰਮਿੰਟ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਵੇਖੇ ਕਿ ਕਿਤੇ ਮਜ਼ਦੂਰਾਂ ਦਾ ਗਲਾ ਤਾਂ ਨਹੀਂ ਘੁਟਿਆ ਜਾ ਰਿਹਾ, ਮਿਲ ਵਾਲੇ ਚੋਰ ਤਾਂ ਨਹੀਂ, ਵਾਤਾਵਰਣ ਠੀਕ ਹੈ, ਪਾਣੀ ਦਾ ਨਿਕਾਸ ਠੀਕ ਹੈ। ਕੋਈ ਵਾਤਾ ਵਰਣ ਤਾਂ ਖਰਾਬ ਨਹੀਂ ਹੋ ਰਿਹਾ। ਫਿਰ ਸਾਰਾ ਕੁਝ ਦਰੁਸਤ ਕੀਤਾ। ਜੋ ਮਾਸਟਰ ਜੀ ਨੇ ਨੇ ਕਿਹਾ ਹੈ ਮੁਆਵਜ਼ੇ ਬਾਰੇ, ਉਥੇ ਵੀ ਮੁਆਵਜ਼ਾ ਦਿਵਾਵਾਂਗੇ। ਜਿੰਨੀਆਂ ਵੱਡੀਆਂ ਇੰਡਸ-ਟਰੀਆਂ ਹਨ ਉਨ੍ਹਾਂ ਸਾਰਿਆਂ ਨੂੰ ਕਿਹਾ ਹੈ ਕਿ ਉਹ ਪਾਣੀ ਲਈ ਟਰੀਟਮੈਂਟ ਪਲਾਂਟ ਲਗਾਉਣ..........

**ਮਾਸਟਰ ਬਾਬੂ ਸਿੰਘ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮਨਿਸਟਰ ਸਾਹਿਬ ਰਿਪਲਾਈ ਕਰ ਰਹੇ ਹਨ ਜਾਂ ਆਪਣੇ ਹਲਕੇ ਦੀ ਗਲ ਕਰ ਰਹੇ ਹਨ।

Original with;
Punjab Vidhan Sabha
Digitized by;
Panjab Digital Library

ਦੂਜੀ ਮੈਂ ਮੋਦਬਾਨਾ ਅਰਜ਼ ਕਰਦਾ ਹਾਂ ਕਿ ਤੁਸੀਂ ਪੁਆਇੰਟ ਆਫ ਆਰਡਰ ਅਲਾਉ ਕੀਤਾ ਪਰ, ਮਨਿਸਟਰ ਸਾਹਿਬ ਖੜੇ ਰਹਿੰਦੇ ਹਨ। ਐਟੀਕੇਸੀ ਵੀ ਕੋਈ ਚੀਜ਼ ਹੈ। ਇਨ੍ਹਾਂ ਨੂੰ ਬੈਠ ਜਾਣਾ ਚਾਹੀਦਾ ਹੈ।

**ਰਾਜ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਹ ਇੰਡਸਟਰੀ ਬਾਰੇ ਮੈਂ ਮੋਟੀਆਂ ਮੋਟੀਆਂ ਗਲਾਂ ਕੀਤੀਆਂ ਹਨ ਔਰ ਦਸਿਆ ਹੈ ਕਿ ਅਸੀਂ ਕਿਸ ਤਰ੍ਹਾਂ ਮਦਦ ਕਰ ਰਹੇ ਹਾਂ ਤਾਕਿ ਪੰਜਾਬ ਦੇ ਖਰਾਬ ਹਾਲਾਤ ਸੁਧਰਣ ਔਰ ਸਾਡਾ ਸੂਬਾ ਕਿਸੇ ਪੱਖੋਂ ਪਿਛੇ ਨਾ ਰਹੇ। ਮੈਂ ਦਸਦਾ ਹਾਂ ਕਿ ਸਾਡੇ ਲੋਕ ਫਾਰੇਨ ਕੰਟਰੀਜ਼ ਵਿਚ ਜਾਂਦੇ ਹਨ। ਜੇਕਰ ਉਨ੍ਹਾਂ ਨੂੰ ਪੁਛੀਏ ਤਾਂ ਉਹ ਦਸਦੇ ਨਹੀਂ ਕਿ ਕੀ ਕੰਮ ਕਰਦੇ ਹਨ। ਉਹ ਜਟਾਂ ਦੇ ਮੁੰਡੇ ਹਨ ਅਤੇ ਉਥੇ ਜਾ ਕੇ ਲੁਹਾਰਾਂ ਦਾ ਕੰਮ ਕਰਦੇ ਹਨ ਫੈਕਟਰੀਆਂ ਵਿਚ। ਉਹ ਖਾਂਦੇ ਪੀਂਦੇ ਚੰਗਾ ਹਨ। ਜਦੋਂ ਆਉਂਦੇ ਹਨ ਤਾਂ ਬੜੇ ਤੰਦਰੁਸਤ ਹੁੰਦੇ ਹਨ। ਮੈਨੂੰ ਤਾਂ ਪਤਾ ਹੈ ਕਿਉਂਕਿ ਮੇਰੇ ਮੁੰਡੇ ਉਥੇ ਹਨ। ਮੈਂ ਜਾਂਦਾ ਰਹਿੰਦਾ ਹਾਂ। ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਮਦਦ ਨਾਲ ਅਤੇ ਸਰਦਾਰ ਦਰਬਾਰਾ ਸਿੰਘ ਦੀ ਕੋਸ਼ਿਸ਼ ਨਾਲ ਅਸੀਂ ਪੰਜਾਬ ਵਿਚ ਵੱਡੀਆਂ ਵੱਡੀਆਂ ਇੰਡਸਟਰੀਆਂ ਲਗਾ ਰਹੇ ਹਾਂ। ਉਨ੍ਹਾਂ ਲੋਕਾਂ ਨੂੰ ਅਸੀਂ ਇੰਡਸਟਰੀਆਂ ਦਿਆਂਗੇ ਤਾਕਿ ਉਹ ਇਥੇ ਕੰਮ ਕਰਨ। ਅਸੀਂ ਉਨ੍ਹਾਂ ਨੂੰ ਪਲਾਟ ਦਿਆਂਗੇ। ਉਨ੍ਹਾਂ ਦੀ ਹਰ ਤਰ੍ਹਾਂ ਨਾਲ ਹੌਸਲਾ ਅਫਜ਼ਾਈ ਕਰਾਂਗੇ।

ਹੁਣ ਮੈਂ ਸਿਰਫ਼ ਦੋ ਚਾਰ ਗਲਾਂ ਰਿਹੈਬਲੀਟੇਸ਼ਨ ਦੇ ਸਬੰਧ ਵਿਚ ਕਹਿਣੀਆਂ ਚਾਹੁੰਦਾ ਹਾਂ। ਸਾਡੇ ਇਵੈਕਿਉ ਲੈਂਡ ਹੈ, ਨਜ਼ੂਲ ਲੈਂਡ ਹੈ, ਇੰਨਫੀਰੀਅਰ ਲੈਂਡ ਹੈ ਇਹ ਵੀ ਅਸੀਂ ਗਰੀਬਾਂ ਨੂੰ ਦਿਆਂਗੇ।

**ਸਰਦਾਰ ਬੀਰਦਵਿੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਰਿਕੁਐਸਟ ਕਰਾਂਗਾ ਮਨਿਸਟਰ ਸਾਹਿਬ ਨੂੰ ਕਿ ਇਨ੍ਹਾਂ ਨੂੰ ਖੁਲ੍ਹਾ ਸਮਾਂ ਮਿਲੇਗਾ। ਇਹ ਆਪਣੇ ਮਹਿਕਮੇ ਬਾਰੇ ਜੋ ਕਹਿਣਾ ਚਾਹੁੰਣ ਉਦੋਂ ਜਵਾਬ ਦੇ ਦੇਣ, ਅੱਛਾ ਹੋਵੇਗਾ।, ਮਨਿਸਟਰ ਸਾਹਿਬ, ਮੈਂਬਰ ਸਾਹਿਬਾਨ ਦੀਆਂ ਤਜਵੀਜ਼ਾਂ ਸੁਣਨ। ਉਨ੍ਹਾਂ ਵੱਲੋਂ ਉਠਾਏ ਗਏ ਮਸਲਿਆਂ ਬਾਰੇ ਧਿਆਨ ਦੇਣ। ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਮੈਂਬਰਾਂ ਨੂੰ ਹਾਲੇ ਬੋਲ ਲੈਣ ਦੇਣ।

**ਸ੍ਰੀ ਰਾਮ ਸਵਰੂਪ ਬਾਗੀ** : ਡਿਪਟੀ ਸਪੀਕਰ ਸਾਹਿਬ, ਮੈਂ ਚੇਅਰ ਵੱਲੋਂ ਇਸ ਗਲ ਦੀ ਰੋਸ਼ਨੀ ਪ੍ਰਾਪਤ ਕਰਨਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਜੋ ਭਾਸ਼ਣ ਦਿੱਤਾ ਹੈ ਇਹ ਉਨ੍ਹਾਂ ਦੀ ਅਸ਼ਿਓਰੈਂਸ ਹੈ ਜਾਂ ਉਹ ਵੀ ਗਵਰਨਰ ਐਡਰੈਸ ਤੇ ਜੋ ਮਤਾ ਪੇਸ਼ ਹੋਇਆ ਹੈ ਉਸ ਤੇ ਬੋਲ ਰਹੇ ਹਨ।

**ਸ੍ਰੀ ਡਿਪਟੀ ਸਪੀਕਰ** : ਉਹ ਗਵਰਨਰ ਐਡਰੈਸ ਤੇ ਪੇਸ਼ ਹੋਏ ਮਤੇ ਤੇ ਬੋਲ ਰਹੇ ਹਨ।

**ਰਾਜ ਮੰਤਰੀ** : ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਸਟੇਟ ਦੀਆਂ ਪ੍ਰਾਪਤੀਆਂ, ਉਦਮ ਅਤੇ ਉਪਰਾਲਿਆਂ ਬਾਰੇ ਪੰਜਾਬ ਦੇ ਲੋਕਾਂ ਨੂੰ ਦੱਸਿਆ ਹੈ। ਸਰਕਾਰ ਨੂੰ ਇਨ੍ਹਾਂ ਚੀਜ਼ਾਂ ਨੂੰ ਫਾਲੋ ਕਰਨਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ** : ਇੱਕ ਦੋ ਮਿੰਟਾਂ ਵਿੱਚ ਵਾਈਂਡ ਅੱਪ ਕਰੋ ਤਾਕਿ ਅਨਰੇਬਲ ਮੈਂਬਰ ਬੋਲ ਲੈਣ।

**ਰਾਜ ਮੰਤਰੀ** : ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ 8 ਅਪ੍ਰੈਲ, 1964 ਨੂੰ ਸੈਂਟਰਲ ਗੌਰਮਿੰਟ ਤੋਂ ਜੋ ਪੈਕੇਜ ਡੀਲ ਵਿੱਚ ਜ਼ਮੀਨ ਲਈ ਸੀ ਉਹ ਵੀ ਅਸੀ ਸ਼ਡਿਊਲਡ ਕਾਸਟਸ ਅਤੇ ਵੀਕਰ ਸੈਕਸ਼ਨਜ਼ ਦੇ ਲੋਕਾਂ ਨੂੰ ਦਿੱਤੀ ਹੈ। ਮੁੱਖ ਮੰਤਰੀ ਜੀ ਦੀ ਮਦਦ ਨਾਲ ਪੰਜਾਬ ਵਿੱਚ ਪਿੰਡਾਂ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਉਦਯੋਗ ਅਤੇ ਪੁਨਰਵਾਸ]

ਵਿੱਚ ਵਸਦੇ ਲੋਕ ਜਿਨ੍ਹਾਂ ਦੇ ਉਨ੍ਹਾਂ ਜ਼ਮੀਨਾਂ ਤੇ ਕਬਜ਼ੇ ਹਨ ਉਨ੍ਹਾਂ ਨੂੰ ਕਬਜ਼ੇ ਦੇ ਆਧਾਰ ਤੇ ਜ਼ਮੀਨ ਦਿੰਦੇ ਹਾਂ। ਜੇ ਬੋਲੀ ਹੋਵੇ ਤਾਂ ਉਸ ਪਿੰਡ, ਏਰੀਏ ਜਾਂ ਕਾਨੂੰਗੋ ਸਰਕਲ ਦਾ ਜੋ ਹਰੀਜਨ ਹੈ ਉਹੀ ਉਸ ਜ਼ਮੀਨ ਲਈ ਬੋਲੀ ਦੇ ਸਕਦਾ ਹੈ। ਅਰਬਨ ਅਤੇ ਸਬ-ਅਰਬਨ ਏਰੀਆਜ਼ ਵਿੱਚ ਜੋ ਅਜਿਹੀ ਪ੍ਰਾਪਰਟੀ ਹੈ ਉਸਦਾ ਵੀ ਅਸੀਂ ਇਸੇ ਤਰ੍ਹਾਂ ਨਿਪਟਾਰਾ ਕਰ ਰਹੇ ਹਾਂ। ਨਜ਼ੂਲ ਜ਼ਮੀਨ ਵੀ ਹਰੀਜਨਾਂ ਨੂੰ ਦੇ ਰਹੇ ਹਾਂ। ਪਾਣੀ ਦੇ ਸਬੰਧੀ ਵੀ ਸਵਾਲ ਆਇਆ ਸੀ। ਕੰਡੀ ਏਰੀਆਜ਼ ਵਿੱਚ ਜਾਂ ਉਨ੍ਹਾਂ ਇਲਾਕਿਆਂ ਵਿੱਚ ਜਿਥੇ ਪਾਣੀ ਦੀ ਘਾਟ ਹੈ ਜਾਂ ਕੈਮੀਕਲਜ਼ ਕਾਰਣ ਪਾਣੀ ਥੱਲੇ ਹੈ, ਜਿਵੇਂ ਬਠਿੰਡੇ ਅਤੇ ਫਰੀਦਕੋਟ ਦਾ ਇਲਾਕਾ ਹੈ, ਉਥੇ 25, 30 ਲੱਖ ਰੁਪਏ ਲਗਾ ਕੇ ਵਾਟਰ ਵਰਕਸ ਲਾਏ ਹਨ ਤਾਂ ਕਿ ਚਾਰ-ਚਾਰ, ਪੰਜ-ਪੰਜ ਪਿੰਡਾਂ ਨੂੰ ਪਾਣੀ ਦਿੱਤਾ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਵਸਦੇ ਅਤੇ ਭਾਰਤ ਵਿੱਚ ਵਸਦੇ ਇਨਸਾਨਾਂ ਨੂੰ ਸਹੀ ਆਜ਼ਾਦੀ 1947 ਵਿੱਚ ਮਿਲੀ। ਪਹਿਲਾਂ ਇਥੇ ਇਨਸਾਨ ਵੀ ਗੁਲਾਮ ਸਨ ਅਤੇ ਸਾਡਾ ਦੇਸ਼ ਵੀ ਗੁਲਾਮ ਸੀ। ਇਥੇ 35, 36 ਕੌਮਾਂ ਸਨ। ਉਨ੍ਹਾਂ ਨੂੰ ਬਰਾਬਰੀ ਦਾ ਹੱਕ ਨਹੀਂ ਸੀ। ਸਾਡਾ ਗੁਰੂਆਂ, ਰਿਸ਼ੀਆਂ ਦਾ ਦੇਸ਼ ਹੋਵੇ। ਇਹ ਮਹਾਂ ਪੁਰਸ਼ਾਂ ਦੀ ਧਰਤੀ ਹੋਵੇ। ਉਸ ਦੇਸ਼ ਵਿੱਚ ਰਿਸ਼ੀ ਬਾਲਮੀਕ ਦੀ ਪਨਾਹ ਵਿੱਚ ਰਾਮ ਜੀ ਅਤੇ ਸੀਤਾ ਜੀ ਰਹੇ ਹੋਣ। ਗੁਰੂ ਰਵੀ ਦਾਸ ਜੀ ਕਾਂਸ਼ੀ ਵਿੱਚ ਜਾ ਕੇ ਗਿਆਨ ਦੇਣ ਲਗੇ ਜੋ ਕਿ ਹਿੰਦੁਸਤਾਨ ਦਾ ਬਹੁਤ ਵੱਡਾ ਤੀਰਥ ਅਸਥਾਨ ਹੋਵੇ। ਗੁਰੂ ਨਾਨਕ ਦੇਵ ਜੀ ਅਤੇ ਦਸਵੀਂ ਪਾਤਸ਼ਾਹੀ ਨੇ ਸਭ ਦਾ ਭਲਾ ਮੰਗਿਆ। ਦਸਵੀਂ ਪਾਤਸ਼ਾਹੀ ਨੇ ਕਿਹਾ ਸੀ ਕਿ ਗੁਰੂ ਮਾਨਿਓ ਗਰੰਥ। ਉਨ੍ਹਾਂ ਨੇ ਕਿਹਾ ਸੀ ਕਿ ਇਹ ਗੁਰੂਆਂ ਅਤੇ ਵੱਡੇ ਭਗਤਾਂ ਦਾ ਗ੍ਰੰਥ ਹੈ, ਉਨ੍ਹਾਂ ਦੀ ਬਾਣੀ ਹੈ, ਇਸ ਵਿੱਚ ਮੈਂ ਆਪਣੇ ਸ਼ਬਦ ਦਰਜ ਨਹੀਂ ਕਰ ਸਕਦਾ। ਉਨ੍ਹਾਂ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੇਰੇ ਬਾਅਦ ਗੁਰੂ ਮੰਨਣਾ। ਉਨ੍ਹਾਂ ਨੇ ਇਹ ਵੀ ਕਿਹਾ ਸੀ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ'। ਸਭ ਦਾ ਭਲਾ ਉਨ੍ਹਾਂ ਨੇ ਮੰਗਿਆ ਸੀ। ਪਰ ਅੱਜ ਸੂਬਿਆਂ ਦੇ ਵਿੱਚ ਕੀ ਹੋ ਰਿਹਾ ਹੈ। ਜਦੋਂ ਦੇਸ਼ ਭਗਤਾਂ ਨੇ ਆਜ਼ਾਦੀ ਲੈ ਕੇ ਦਿੱਤੀ ਸੀ ਕੀ ਉਨ੍ਹਾਂ ਦੀਆਂ ਗੱਲਾਂ ਨੂੰ ਇਹ ਭੁਲ ਗਏ ਹਨ ? ਦੇਸ਼ ਭਗਤਾਂ ਨੇ ਕੁਰਬਾਨੀਆਂ ਦੇ ਕੇ ਸਾਨੂੰ ਆਜ਼ਾਦੀ ਦਿਵਾਈ। ਹਿੰਦੁਸਤਾਨ ਵਿੱਚ ਇਨਸਾਨ ਗੁਲਾਮ ਸੀ। 360 ਇਥੇ ਰਿਆਸਤਾਂ ਸਨ। ਇਥੇ ਅਸੀਂ ਉਨ੍ਹਾਂ ਦੇਸ਼ ਭਗਤਾਂ ਦੀ ਕੁਰਬਾਨੀ ਭੁੱਲ ਜਾਈਏ ਤਾਂ ਚੰਗੀ ਗਲ ਨਹੀਂ। ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਸੁਖਦੇਵ ਤੇ ਲਾਲਾ ਲਾਜਪਤ ਰਾਏ ਅਤੇ ਮਹਾਤਮਾਂ ਗਾਂਧੀ ਜਿਸ ਨੇ ਹਿੰਦੁਸਤਾਨ ਵਿਚ ਲੋਕਾਂ ਨੂੰ ਲੋਕ ਰਾਜ ਦਿੱਤਾ, ਕੀ ਉਨ੍ਹਾਂ ਦਾ ਨਾਂ ਨਾ ਲਿਆ ਜਾਵੇ। ਅੱਜ ਲੋਕ ਸਰਕਾਰਾਂ ਬਦਲ ਸਕਦੇ ਹਨ। ਡਾਕਟਰ ਅੰਬੇਦਕਰ ਨੇ ਸਾਨੂੰ ਹਿੰਦੁਸਤਾਨ ਦਾ ਵਿਧਾਨ ਦਿੱਤਾ। ਅੱਜ ਉਨ੍ਹਾਂ ਦੇ ਸਦਕਾ ਅਸੀਂ ਇਨ੍ਹਾਂ ਅਸੈਂਬਲੀਆਂ ਵਿੱਚ ਬੈਠੇ ਹਾਂ। ਗੁਰਬਤ ਦੂਰ ਕਰਨ ਲਈ ਰਿਜ਼ਰਵੇਸ਼ਨ ਅਤੇ ਪਰਮੋਸ਼ਨ ਦੇ ਤਰੀਕੇ ਉਨ੍ਹਾਂ ਨੇ ਦੱਸੇ।

**Sardar Birdevinder Singh** : On a point of Order, I want to know whether the Minister is intervening the debate. A Minister is committed to the Governor's Address. It is the Members' right and let the members take precedence.

**ਸ੍ਰੀ ਡਿਪਟੀ ਸਪੀਕਰ** : ਕੇ.ਪੀ. ਸਾਹਿਬ ਤੁਸੀਂ ਇੱਕ ਦੋ ਮਿੰਟਾਂ ਵਿੱਚ ਵਾਈਂਡ ਅੱਪ ਕਰੋ।

ਰਾਜ ਮੰਤਰੀ : ਅਸੀਂ ਇਥੇ ਲੋਕਾਂ ਦੀਆਂ ਵੋਟਾਂ ਨਾਲ ਆਏ ਹਾਂ। ਮਾਰਚ 1977 ਵਿੱਚ ਵੀ ਇਥੇ ਸਰਕਾਰ ਬਦਲੀ। 1980 ਵਿੱਚ ਫਿਰ ਸਰਕਾਰ ਬਦਲੀ। ਅੱਜ ਹਿੰਦੁਸਤਾਨ ਵਿੱਚ ਦੁਨੀਆਂ ਭਰ

Original with;
Punjab Vidhan Sabha
Digitized by;
Panjab Digital Library

ਦੇ 101 ਦੇਸ਼ ਆਏ ਹਨ। ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਨੇ ਜਿਥੇ ਆਪ ਮਾਣ ਲਿਆ ਹੈ ਉਥੇ ਹਿੰਦੁਸਤਾਨ ਦਾ ਮਾਣ ਵੀ ਕਾਇਮ ਕੀਤਾ ਹੈ। (ਥੰਪਿੰਗ) ਇਥੇ ਸਾਰੀਆਂ ਪਾਰਟੀਆਂ ਨੇ ਉਸ ਰੈਜ਼ੋਲਿਊ-ਸ਼ਨ ਦੀ ਤਾਈਦ ਕੀਤੀ ਜੋ ਚੀਫ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਸੀ। ਇਸ ਨਾਲ ਸਾਰਿਆਂ ਦਾ ਸਿਰ ਉੱਚਾ ਹੋਇਆ ਹੈ ਅੱਜ ਇਹ ਲੋਕ ਰਿਸ਼ੀ ਬਾਲਮੀਕ, ਗੁਰੂ ਰਵੀ ਦਾਸ, ਗੁਰੂ ਨਾਨਕ ਦੇਵ ਜੀ ਅਤੇ ਡਾਕਟਰ ਅੰਬੇਦਕਰ ਨੂੰ ਭੁੱਲ ਗਏ ਹਨ। ਹਨ। ਇਨ੍ਹਾਂ ਦੇ ਪਿੱਛੇ ਇਨਸਾਨੀਅਤ ਦਾ ਇਤਿ-ਹਾਸ ਹੈ। ਅਸੀਂ ਹਿੰਦੁਸਤਾਨ ਵਿੱਚ ਵਸਣ ਵਾਲੇ ਹਿੰਦੂ, ਸਿੱਖ, ਮੁਸਲਮਾਨ, ਇਸਾਈ ਅਤੇ ਹਰੀਜਨ ਸਭ ਦੀ ਮਦਦ ਕਰਨੀ ਹੈ ਤਾਂ ਕਿ ਸ਼ਾਂਤੀ ਨਾਲ ਅਤੇ ਜਮਹੂਰੀਅਤ ਨਾਲ ਦੇਸ਼ ਅੱਗੇ ਵੱਧੇ। ਜੋ ਗਵਰਨਰ ਐਡਰੈਸ ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ ਮੈਂ ਉਸ ਦੀ ਤਾਈਦ ਕਰਦਾ ਹਾਂ।

**ਸ੍ਰੀ ਰਾਮ ਸਵਰੂਪ ਬਾਗੀ** (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਆਪ ਜੀ ਨੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਮੋਹਤਰਮ ਸਾਥੀ ਐਮ. ਐਲ.ਏ. ਸ੍ਰੀ ਜਸੋਵਾਲ ਵੱਲੋਂ ਜੋ ਧੰਨਵਾਦ ਦਾ ਪ੍ਰਸਤਾਵ ਗਵਰਨਰ ਐਡਰੈਸ ਤੇ ਇਥੇ ਪੇਸ਼ ਹੋਇਆ ਹੈ, ਉਸ ਤੇ ਆਪਣੇ ਵਿਚਾਰ ਰਖਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਦਿਲ ਵਿੱਚ ਬੜੇ ਵਲਵਲੇ ਸਨ ਕਿ ਕੁਝ ਕਹਾਂ। ਪਰ ਜਦੋਂ ਸਾਹਮਣੇ ਖਾਲੀ ਮੇਜ਼ਾਂ ਵੇਖਦਾ ਹਾਂ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਉਹ ਲੋਕ ਜਿਨ੍ਹਾਂ ਨੇ ਜਮਹੂਰੀਅਤ ਦਾ ਗਲਾ ਦਬਿਆ ਹੈ, ਇਹ ਉਹ ਹਨ। ਸਾਨੂੰ ਲੋਕਾਂ ਨੇ ਚੁਣ ਕੇ ਆਪਣੇ ਆਪਣੇ ਹਲਕਿਆਂ ਵਿੱਚੋਂ ਇਥੇ ਭੇਜਿਆ ਹੈ ਤਾਂਕਿ ਪੰਜ ਸਾਲਾਂ ਵਾਸਤੇ ਅਸੀਂ ਉਨ੍ਹਾਂ ਦੀ ਨੁਮਾਇੰਦਗੀ ਕਰੀਏ। ਬੜੇ ਦੁੱਖ ਦੀ ਗਲ ਹੈ ਕਿ ਪਿਛਲੀ ਵਾਰੀ ਇਨ੍ਹਾਂ ਦੀ ਆਪਣੀ ਬਦਕਿਸਮਤੀ ਹੈ ਐਸੇ ਲੋਕਾਂ ਨਾਲ ਇਹ ਜਾ ਮਿਲੇ ਸਨ ਜਿਹੜੇ ਆਪ ਵੀ ਡੁੱਬੇ ਅਤੇ ਇਨ੍ਹਾਂ ਨੂੰ ਵੀ ਨਾਲ ਲੈ ਡੁੱਬੇ। ਢਾਈ ਸਾਲਾਂ ਵਿੱਚ ਆਪ ਵੀ ਚਲੇ ਗਏ ਅਤੇ ਇਨ੍ਹਾਂ ਨੂੰ ਵੀ ਨਾਲ ਲੈ ਗਏ। ਬਦਕਿਸਮਤੀ ਰਹੀ ਹੈ ਸਾਡੇ ਪੰਜਾਬ ਦੀ ਕਿ ਜਦੋਂ ਕਿਸੇ ਸ਼ਾਨਦਾਰ ਚੀਫ ਮਨਿਸਟਰ ਦੇ ਹੱਥ ਪੰਜਾਬ ਦੀ ਵਾਗਡੋਰ ਆਈ, ਉਸ ਵੇਲੇ ਕੋਈ ਨਾ ਕੋਈ ਖਲਬਲੀ ਮੱਚੀ। ਪੰਜਾਬ ਦੀ ਤਰੱਕੀ, ਸਾਡੇ ਸਾਹਮਣੇ ਬੈਠਣ ਵਾਲੇ ਸਾਥੀਆਂ ਨੂੰ ਜੋ ਅੱਜ ਮੌਜੂਦ ਨਹੀਂ, ਉਨ੍ਹਾਂ ਨੂੰ ਪਸੰਦ ਨਹੀਂ ਆਈ। ਉਨ੍ਹਾਂ ਤੋਂ ਇਹ ਚੀਜ਼ ਬਰਦਾਸ਼ਤ ਨਹੀਂ ਹੋਈ। ਜਿਹੜੇ ਬਾਹਰ ਬੈਠੇ ਹਨ ਜਿਹੜੇ ਇਸ ਵਾਰੀ ਆ ਨਹੀਂ ਸਕੇ, ਮੇਰੀ ਮੁਰਾਦ ਜਨਸੰਘੀ ਵੀਰਾਂ ਤੋਂ ਹੈ, ਜਿਨ੍ਹਾਂ ਦਾ ਨਾਂ ਭਾਰਤੀਆ ਜਨਤਾ ਪਾਰਟੀ ਹੈ, ਉਨ੍ਹਾਂ ਦਾ ਵੀ ਇਹੀ ਹਾਲ ਰਿਹਾ ਹੈ। ਸਾਨੂੰ ਫਖਰ ਹੈ ਇਸ ਵੇਲੇ ਪੰਜਾਬ ਦੀ ਸਰਕਾਰ ਦੀ ਵਾਗਡੋਰ ਇੱਕ ਉਸ ਇਨਸਾਨ ਦੇ ਹੱਥ ਵਿੱਚ ਹੈ ਜਿਹੜਾ ਇਕ ਵਰਕਰ ਹੈ, ਜਿਹੜਾ ਇਕ ਸਿਪਾਹੀ ਹੈ ਜਿਹੜਾ ਬੇਦਾਗ ਹੈ, ਜਿਸ ਦੀ ਚਾਦਰ ਸਫੇਦ ਹੈ ਔਰ ਜਿਸ ਨੇ ਜਨਮ ਹੀ ਕਾਂਗ੍ਰਸ ਵਿਚ ਲਿਆ ਜਿਹੜਾ ਸਟੂਡੈਂਟ ਟਾਈਮ ਵਿਚ ਕਾਂਗ੍ਰਸ ਵਿਚ ਆਇਆ। ਉਸ ਵੇਲੇ ਜਦੋਂ ਕਿ ਪੰਜਾਬ ਦੇ ਅੰਦਰ ਹੀ ਨਹੀਂ ਬਲਕਿ ਹਿੰਦੁਸਤਾਨ ਦੇ ਕਿਸੇ ਕੋਨੇ ਵਿਚ ਵੀ ਕਾਂਗ੍ਰਸ ਦਾ ਨਾਂ ਲੈਣਾ ਮੌਤ ਨੂੰ ਬੁਲਾਉਣ ਦੇ ਬਰਾਬਰ ਸੀ, ਉਸ ਵੇਲੇ ਸਾਡੀ ਕੌਮ ਦਾ ਇਹ ਬਹਾਦਰ, ਸਾਡੀ ਕੌਮ ਦੀ ਸ਼ਾਨ, ਜਿਹੜਾ ਕਿ ਅੱਜ ਚੀਫ ਮਨਿਸਟਰ ਬਣ ਕੇ ਸੇਵਾ ਕਰ ਰਿਹਾ ਹੈ, ਨੇ ਕਾਂਗ੍ਰਸ ਵਿਚ ਆਪਣਾ ਹਿੱਸਾ ਪਾਇਆ। ਅੱਜ ਉਹ ਚੀਫ ਮਨਿਸਟਰ ਛਾਤੀ ਤਾਣ ਕੇ ਗੋਲੀਆਂ ਦੀ ਪਰਵਾਹ ਨਾ ਕਰਦੇ ਹੋਏ ਸੇਵਾ ਕਰ ਰਿਹਾ ਹੈ। ਅੱਜ ਸਾਡੇ ਚੀਫ ਮਨਿਸਟਰ ਇਕ ਖਿਲੇ ਹੋਏ ਫੁੱਲ ਵਾਂਗ, ਜਿਸ ਨੇ ਕਾਂਗਰਸ ਵਿਚ ਜਨਮ ਲੈ ਕੇ ਅੰਗਰੇਜ਼ਾਂ ਨਾਲ ਟੱਕਰ ਲਈ ਸੀ, ਔਰ ਜੇਲਾਂ ਵਿਚ ਗਏ ਸੀ, ਅੱਜ ਉਨ੍ਹਾਂ ਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਗਵਰਨਰ ਐਡਰੈਸ ਵਿਚ ਜਿਹੜਾ ਕਿ ਇਥੇ ਗਵਰਨਰ ਸਾਹਿਬ ਨੇ ਪੇਸ਼ ਕੀਤਾ ਹੈ, ਮੈਂ ਸਮਝਦਾ ਹਾਂ ਕਿ ਬਹੁਤ ਸਾਰੀਆਂ ਉਹ ਗਲਾਂ ਤਾਂ ਰਹਿ ਗਈਆਂ ਹਨ ਜਿਹੜੀਆਂ ਕਿ ਅਕਾਲੀ ਇਸ ਵੇਲੇ ਕਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਸਵਰੂਪ ਬਾਗੀ]

ਰਹੇ ਹਨ। ਪਰ ਉਹ ਕੋਈ ਗਲ ਨਹੀਂ ਰਹੀ ਜਿਹੜੀ ਕਿ ਆਉਣੀ ਚਾਹੀਦੀ ਹੋਵੇ ਔਰ ਨਾ ਆਈ ਹੋਵੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਕਮਿਊਨਿਸਟ ਵੀਰਾਂ ਨੇ ਵੀ ਕਿਹਾ ਹੈ ਕਿ ਸਾਨੂੰ ਇਸ ਐਡ-ਰੈਸ ਵਿਚ ਕੁਝ ਲਭਿਆ ਨਹੀਂ। ਮੈਂ ਸਮਝਦਾ ਹਾਂ ਕਿ ਜਾਂ ਤਾਂ ਉਨ੍ਹਾਂ ਨੇ ਉਹ ਐਡਰੈਸ ਪੜ੍ਹਿਆ ਨਹੀਂ, ਕਿਸੇ ਹੋਰ ਕੰਮ ਵਿਚ ਲਗੇ ਰਹੇ ਜਾਂ ਫਿਰ ਜਾਣ ਬੁਝ ਕੇ ਇਹ ਕਹਿ ਗਏ । ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਇਹ ਇਕ ਐਸਾ ਐਡਰੈਸ ਹੈ ਜਿਸ ਤਰ੍ਹਾਂ ਇਕ ਸਮੁੰਦਰ ਨੂੰ ਕੁਜੇ ਵਿਚ ਬੰਦ ਕੀਤਾ ਗਿਆ ਹੋਵੇ। ਸ੍ਰੀਮਤੀ ਇੰਦਰਾ ਗਾਂਧੀ ਜਿਹੜੇ ਕਿ ਸਾਡੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਦਾ ਨਾਂ ਸਿਰਫ ਹਿੰਦੁਸਤਾਨ ਵਿਚ ਹੀ ਨਹੀਂ" ਬਲਕਿ ਦੁਨੀਆਂ ਭਰ ਵਿਚ ਚਮਕ ਰਿਹਾ ਹੈ ਔਰ ਅਸੀਂ ਹੁਣੇ ਵੀ ਵੇਖ ਲਿਆ ਹੈ ਕਿ ਇਸ ਵੇਲੇ ਜਿਹੜੀ ਕਾਨਫਰੰਸ ਦਿੱਲੀ ਵਿਚ ਨਾਨ ਅਲਾਈਨਡ ਕੰਟਰੀਜ਼ ਦੀ ਹੋ ਰਹੀ ਹੈ ਉਸ ਦੀ ਉਹ ਚੇਅਰਮੈਨ ਚੁਣੇ ਗਏ ਹਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਚੇਅਰਮੈਨ ਚੁਣੇ ਜਾਣ ਨਾਲ ਸਾਡੇ ਹਿੰਦੁਸਤਾਨ ਦਾ ਸਿਰ ਉੱਚਾ ਹੋਇਆ ਹੈ। ਇਕ ਪ੍ਰਾਈਮ ਮਨਿਸਟਰ ਸਨ ਇਨ੍ਹਾਂ ਦੇ ਵੇਲੇ ਮੁਰਾਰਜੀ ਦੇਸਾਈ, ਉਹ ਵਿਚਾਰੇ ਅਮਰੀਕਾ ਗਏ ਤਾਂ ਵੇਖਣ ਲਗੇ ਕਿ ਕੋਈ ਲੈਣ ਵੀ ਆਇਆ ਹੈ ਜਾਂ ਨਹੀਂ। ਇਕ ਪਾਸੇ ਸ੍ਰੀਮਤੀ ਇੰਦਰਾ ਗਾਂਧੀ ਹਨ ਜਿਸ ਨੂੰ ਐਨੀ ਵੱਡੀ ਕਾਨਫਰੰਸ ਦਾ ਚੇਅਰਮੈਨ ਚੁਣਿਆ ਗਿਆ ਹੈ। ਅਜਿਹੇ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਚਲਦੇ ਹੋਏ ਸਰਦਾਰ ਦਰਬਾਰਾ ਸਿੰਘ ਨੇ ਉਨ੍ਹਾਂ ਦੇ 20 ਪੁਆਇੰਟ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਦਾ ਯਤਨ ਕੀਤਾ ਹੈ। ਮੈਂ ਇਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਕੀ ਇਹ 20 ਪੁਆਇੰਟ ਪ੍ਰੋਗਰਾਮ ਬਿਰਲੇ ਨੂੰ ਉੱਚਾ ਚੁੱਕਣ ਵਾਲਾ ਹੈ ? ਕੀ ਇਹ ਟਾਟੇ ਨੂੰ ਉੱਚਾ ਚੁੱਕਣ ਵਾਲਾ ਹੈ ? ਕੀ ਇਹ ਵੱਡੀਆਂ ਵੱਡੀਆਂ ਗੋਗੜਾਂ ਵਾਲੇ ਰਜਵਾੜਿਆਂ ਨੂੰ ਉੱਚਾ ਚੁੱਕਣ ਵਾਲਾ ਹੈ ? ਨਹੀਂ। ਇਹ ਤਾਂ ਗਰੀਬਾਂ ਵਾਸਤੇ ਹੈ, ਯਤੀਮਾਂ ਵਾਸਤੇ ਹੈ ਔਰ ਅਨਪੜ੍ਹਤਾ ਨੂੰ ਦੂਰ ਕਰਨ ਵਾਸਤੇ ਹੈ। ਜਿਹੜੇ ਬੇਇਲਾਜ ਮਰ ਜਾਂਦੇ ਹਨ ਉਨ੍ਹਾਂ ਦੀ ਭਲਾਈ ਵਾਸਤੇ ਬਣਾਇਆ ਗਿਆ ਹੈ। ਇਸ 20 ਪੁਆਇੰਟ ਪ੍ਰੋਗਰਾਮ ਦੇ ਹੇਠ ਉਨ੍ਹਾਂ ਨੂੰ ਹੁਣ ਮਰਨ ਨਹੀਂ ਦਿੱਤਾ ਜਾਵੇਗਾ। ਪਰ ਇਹ ਮੇਰੇ ਕਮਿਊਨਿਸਟ ਦੋਸਤ ਇਸ 20 ਪੁਆਇੰਟ ਪ੍ਰੋਗਰਾਮ ਨੂੰ ਪੜ੍ਹਨ ਦੀ ਹੀ ਕੋਸ਼ਿਸ਼ ਨਹੀਂ ਕਰਦੇ ਕਿਉਂਕਿ ਇਸ ਤੇ ਸ੍ਰੀਮਤੀ ਇੰਦਰਾ ਗਾਂਧੀ ਦਾ ਨਾਂ ਲਿਖਿਆ ਆਉਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਰਿਗਵੇਦ ਦਾ 182ਵਾਂ ਮੰਤਰ ਜਿਹੜਾ ਆਉਂਦਾ ਹੈ ਉਹ ਸੁਣਾਉਂ-ਦਾ ਹਾਂ। ਉਸ ਵਿਚ ਲਿਖਿਆ ਹੈ : " **Let the noble thoughts come to us from every side**".

ਡਿਪਟੀ ਸਪੀਕਰ ਸਾਹਿਬ, ਗੰਗਾ ਬੜੀ ਪਵਿੱਤਰ ਹੈ। ਉਸ ਵਿਚ ਨਾਲਿਆਂ ਦਾ ਵੀ ਪਾਣੀ ਆਉਂਦਾ ਹੈ, ਸ਼ਹਿਰ ਦੀਆਂ ਨਾਲੀਆਂ ਦਾ ਵੀ ਪਾਣੀ ਆਉਂਦਾ ਹੈ। ਪਰ ਜਿਸ ਵੇਲੇ ਇਹ ਪਾਣੀ ਗੰਗਾ ਵਿਚ ਆ ਜਾਂਦਾ ਹੈ ਤਾਂ ਸਾਰਾ ਹੀ ਗੰਗਾ ਦਾ ਪਾਣੀ ਬਣ ਜਾਂਦਾ ਹੈ ਇਸ ਲਈ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜਿਹੜੀਆਂ ਵੀ ਚੰਗੀਆਂ ਗਲਾਂ ਚਾਹੇ ਉਹ ਕਿਸੇ ਪਾਸਿਉਂ ਵੀ ਆਉਂਦੀਆਂ ਹਨ ਉਹ ਇਨ੍ਹਾਂ ਨੂੰ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ। ਪਰ ਇਹ ਤਾਂ 20 ਪੁਆਇੰਟ ਪ੍ਰੋਗਰਾਮ ਨੂੰ ਪੜ੍ਹਨ ਦੀ ਹੀ ਕੋਸ਼ਿਸ਼ ਨਹੀਂ ਕਰਦੇ। ਇਸ ਲਈ ਇਕ ਬੇਨਤੀ ਮੈਂ ਪਾਂਡੇ ਸਾਹਿਬ ਨੂੰ ਵੀ ਕਰਾਂਗਾ ਕਿ ਉਹ ਇਨ੍ਹਾਂ 20 ਪੁਆਇੰਟ ਪ੍ਰੋਗਰਾਮ ਨੂੰ ਇਕ ਚੰਗੀ ਜਿਹੀ ਕਲਰਡ ਕਿਤਾਬ ਵਿਚ ਛਾਪ ਕੇ ਦੇਣ। ਸ਼ਾਇਦ ਇਹ ਵੀਰ ਰੰਗਾਂ ਵਾਲੀ ਕਿਤਾਬ ਵੇਖ ਕੇ ਹੀ ਇਸ ਦੇ ਅੰਦਰ ਝਾਤੀ ਮਾਰ ਲੈਣ। ਇਨ੍ਹਾਂ 20 ਪੁਆਇੰਟ ਪ੍ਰੋਗਰਾਮ ਵਿਚ ਹਰੀਜਨਾਂ ਔਰ ਗਰੀਬਾਂ ਨੂੰ ਉੱਚਾ ਚੁਕਣ ਵਾਸਤੇ ਗਲਾਂ ਲਿਖੀਆਂ ਹੋਈਆਂ ਹਨ ।

ਹੁਣ ਮੈਂ ਹੋਰ ਗਲਾਂ ਦਸਦਾ ਹਾਂ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਇਹ ਬਦਕਿਸਮਤੀ ਹੈ ਕਿ ਅੱਜ ਪੰਜਾਬ ਇਤਨਾ ਛੋਟਾ ਰਹਿ ਗਿਆ ਹੈ। ਜਿਸ ਵੇਲੇ ਇਥੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਚੀਫ

Original with;
Punjab Vidhan Sabha
Digitized by;
Panjab Digital Library

ਮਨਿਸਟਰ ਹੁੰਦੇ ਸਨ ਤਾਂ ਉਹ ਕਿਹਾ ਕਰਦੇ ਸਨ ਕਿ ਮੈਂ ਜਮਰੋਦ ਦੇ ਕਿਲੇ ਤੇ ਜਾਕੇ ਝੰਡਾ ਚੜ੍ਹਾ-ਵਾਂਗਾ। ਇਹ ਉਨ੍ਹਾਂ ਦਾ ਨਾਹਰਾ ਸੀ। ਉਹ ਕਹਿੰਦੇ ਸਨ ਕਿ ਦਿੱਲੀ ਔਰ ਗੁੜਗਾਵਾਂ ਦੀਆਂ ਦਿਵਾਰਾਂ ਤੋਂ ਲੈ ਕੇ ਲਾਹੁਲ ਸਪਿਤੀ ਤਕ ਪੰਜਾਬੀ ਬੋਲੀ ਜਾਂਦੀ ਹੈ, ਇਸ ਲਈ ਇਹ ਇਲਾਕਾ ਸਾਡਾ ਹੈ। ਪਰ ਅੱਜ ਤਾਂ ਮੈਂ ਇਥੇ ਇਹ ਵੇਖਿਆ ਹੈ ਕਿ ਕਈ ਮੈਂਬਰ ਆਪਣੀ ਮਾਂ ਬੋਲੀ ਨੂੰ ਭੁੱਲ ਕੇ ਅੰਗ੍ਰੇਜ਼ੀ ਬੋਲਦੇ ਹਨ। ਸ਼ਾਇਦ ਉਹ ਗੈਲਰੀਆਂ ਵਿਚ ਬੈਠੇ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਅਸੀਂ ਬੜੇ ਕਾਬਲ ਹਾਂ। ਇਹ ਨਹੀਂ ਕਿ ਮੈਂ ਅੰਗ੍ਰੇਜ਼ੀ ਨਹੀਂ ਬੋਲ ਸਕਦਾ ਮੈਂ ਵੀ ਅੰਗ੍ਰੇਜ਼ੀ ਬੋਲ ਸਕਦਾ ਹਾਂ। **I can say in English I can speak in English, but I never like to speak English.** ਡਿਪਟੀ ਸਪੀਕਰ ਸਾਹਿਬ, ਪੰਜਾਬੀ ਸਾਡੀ ਮਾਂ ਬੋਲੀ ਹੈ। ਪੰਜਾਬੀ ਵਿਚ ਘੋੜੀਆਂ ਗਾਈਆਂ ਜਾਂਦੀਆਂ ਹਨ। ਪੰਜਾਬੀ ਵਿਚ ਸੁਹਾਗ ਗਾਏ ਜਾਂਦੇ ਹਨ। ਇਹ ਬੋਲੀ ਅਸੀਂ ਆਪਣੀ ਮਾਂ ਕੋਲੋਂ ਸਿੱਖੀ ਹੈ। ਅੱਜ ਇਸ ਬੋਲੀ ਨੂੰ ਭੁਲਾਣਾ ਕੋਈ ਚੰਗੀ ਗਲ ਨਹੀਂ। ਸਾਨੂੰ ਇਸ ਨਾਲ ਪਿਆਰ ਕਰਨਾ ਚਾਹੀਦਾ ਹੈ। ਉਹ ਬੋਲੀ ਜਿਹੜੀ ਕਿ ਲਾਹੁਲ ਸਪਿਤੀ ਤਕ ਬੋਲੀ ਜਾਂਦੀ ਸੀ ਔਰ ਇਹ ਕਿਹਾ ਜਾਂਦਾ ਸੀ ਕਿ ਇਹ ਸਾਰਾ ਇਲਾਕਾ ਪੰਜਾਬ ਦਾ ਹੈ ਔਰ ਕੈਰੋਂ ਸਾਹਿਬ ਨੇ ਕਿਹਾ ਸੀ ਕਿ ਮੈਂ ਜਮਰੋਦ ਤੇ ਝੰਡਾ ਲਹਿਰਾਵਾਂਗਾ ਪਰ ਬਦਕਿਸਮਤੀ ਪੰਜਾਬ ਦੀ ਹੈ ਕਿ ਇਥੇ ਸੰਤ ਫਤਹਿ ਸਿੰਘ, ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ ਸੀ, ਉਨ੍ਹਾਂ ਨੇ ਪੰਜਾਬ ਨੂੰ ਛੋਟਾ ਕਰਕੇ ਰੱਖ ਦਿੱਤਾ। ਪਰ ਹੁਣ ਜੋ ਛੋਟਾ ਹੋਇਆ ਹੈ ਉਸ ਦੀ ਤਰੱਕੀ ਕਰੋ। ਪਰ ਹਾਲੇ ਵੀ ਇਹ ਚਾਹੁੰਦੇ ਹਨ ਕਿ ਇਸ ਨੂੰ ਹੋਰ ਛੋਟਾ ਕਰ ਦਿੱਤਾ ਜਾਵੇ ਇਹ ਇਥੇ ਇਸ ਗਲ ਲਈ ਲੜਾਈ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਕਾਮਰੇਡ ਰਾਜਕੁਮਾਰ ਜਿਹੜੇ ਕਿ ਪਬਲਿਕ ਅੰਡਰਟੇਕਿੰਗਜ਼ ਕਮੇਟੀ ਦੇ ਚੇਅਰਮੈਨ ਹਨ ਉਹ ਸਾਨੂੰ ਸਿਕਮ ਲੈ ਕੇ ਗਏ ਸਨ। ਉਥੇ ਅਸੀਂ ਜਾ ਕੇ ਆਪੋਜ਼ੀਸ਼ਨ ਦੇ ਲੀਡਰਾਂ ਨੂੰ ਪੁਛਿਆ ਕਿ ਤੁਹਾਡੀ ਇਥੇ ਲੜਾਈ ਕਿਸ ਚੀਜ਼ ਦੀ ਹੈ। ਉਹ ਕਹਿਣ ਲਗੇ ਕਿ ਸਾਡੀ ਨਾ ਕੋਈ ਬਰਾਦਰੀ ਦੀ ਲੜਾਈ ਹੈ, ਨਾ ਕੋਈ ਧਰਮ ਦੀ ਲੜਾਈ ਹੈ। ਸਾਡੀ ਲੜਾਈ ਤਾਂ ਇਹ ਹੈ ਕਿ ਸਿੱਕਮ ਨੂੰ ਕਿਸ ਤਰ੍ਹਾਂ ਨਾਲ ਉੱਚਾ ਕੀਤਾ ਜਾ ਸਕਦਾ ਹੈ। ਇਹ ਗਲਾਂ ਮੈਂ ਇਨ੍ਹਾਂ ਬਾਬਿਆਂ (ਅਕਾਲੀਆਂ) ਨੂੰ ਕਹੀਆਂ। ਪਰ ਫਿਰ ਵੀ ਪੰਜਾਬ ਵਿਚ ਉਹੀ ਲੜਾਈ ਜਾਰੀ ਹੈ। ਉਹ ਸਿੱਕਮ ਦੇ ਲੋਕ ਇੰਦਰਾ ਗਾਂਧੀ ਨੂੰ ਕੀਰਤਨ ਦੀ ਤਰ੍ਹਾਂ ਗਾਉਂਦੇ ਹਨ। ਉਹ ਕਹਿੰਦੇ ਹਨ ਕਿ ਅਸੀਂ ਇੰਦਰਾ ਗਾਂਧੀ ਦੇ ਰਿਣੀ ਹਾਂ ਜਿਸ ਨੇ ਸਾਨੂੰ ਚੁਗਿਆਲ ਦੇ ਚੁੰਗਲ ਤੋਂ ਛੁੜਾਇਆ ਹੈ। ਪਰ ਇਹ ਸਾਡੇ ਬਾਬੇ ਇਥੇ ਬਾਉਂਡਰੀ ਦਾ ਝਗੜਾ ਪਾ ਕੇ ਬੈਠੇ ਹਨ। ਫਿਰ ਵੀ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਕਿ ਜਦੋਂ ਦੀ ਇਨ੍ਹਾਂ ਦੀ ਸਰਕਾਰ ਇਥੇ ਆਈ ਹੈ, ਇਸ ਨੇ ਪੰਜਾਬ ਨੂੰ ਉੱਚਾ ਚੁਕਣ ਦੀ ਕੋਸ਼ਿਸ਼ ਕੀਤੀ ਹੈ। ਅੱਜ ਉਹ ਅਕਾਲੀ ਵੀਰ ਜਿਨ੍ਹਾਂ ਨੇ ਅਸਤੀਫੇ ਦਿੱਤੇ ਹਨ, ਸੋਚਦੇ ਤਾਂ ਉਹ ਵੀ ਹਨ ਕਿ ਉਨ੍ਹਾਂ ਨੇ ਗਲਤੀ ਕੀਤੀ ਹੈ, ਉਹ ਗਲਤ ਕਦਮ ਚੁੱਕ ਬੈਠੇ ਹਨ ਪਰ ਕਰ ਕੁਝ ਨਹੀਂ ਸਕਦੇ। ਮੈਂ ਉਨ੍ਹਾਂ ਨੂੰ ਇਸ ਹਾਊਸ ਵਿਚ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਗਲਤੀ ਨੂੰ ਸੁਧਾਰਨ। ਇਹ ਮੈਂ ਉਨ੍ਹਾਂ ਨੂੰ ਸੁਝਾਵ ਦਿੰਦਾ ਹਾਂ। ਮੈਨੂੰ ਬਾਦਲ ਸਾਹਿਬ ਦਿੱਲੀ ਮਿਲੇ ਸਨ ਅਤੇ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਜਮਹੂ-ਰੀਅਤ ਵਿਚ ਵਿਸ਼ਵਾਸ ਰੱਖਦੇ ਹੋ, ਤੁਸੀਂ ਹਾਊਸ ਦਾ ਬਾਈਕਾਟ ਨਾ ਕਰੋ ਅਤੇ ਹਾਊਸ ਵਿਚ ਆ ਕੇ ਜਮਹੂਰੀਅਤ ਦੇ ਤਰੀਕੇ ਨਾਲ ਆਪਣੀਆਂ ਤਕਲੀਫਾਂ ਅਤੇ ਮੰਗਾਂ ਰੱਖੋ ਅਤੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਕੋਲੋਂ ਮੰਗ ਕਰੋ। ਅਸੀਂ ਵੀ ਤੁਹਾਨੂੰ ਸਪੋਰਟ ਦੇਵਾਂਗੇ। ਤੁਸੀਂ ਨਵੀਆਂ ਸਕੀਮਾਂ ਸਰਕਾਰ ਦੇ ਅਗੇ ਰੱਖੋ। ਅਸੀਂ ਵੀ ਰੱਖਾਂਗੇ ਜਿਸ ਨਾਲ ਪੰਜਾਬ ਵਿਚ ਤਰੱਕੀ ਹੋ ਸਕੇ ਪਰ ਤੁਸੀਂ ਜਿਸ ਤਰੀਕੇ ਨਾਲ ਮੈਂਬਰਸ਼ਿਪ ਤੋਂ ਅਸਤੀਫੇ ਡਰ ਕੇ ਦਿੱਤੇ ਹਨ ਅਤੇ ਸਰਕਾਰ ਨੂੰ ਬਲੈਕਮੇਲ ਕਰਨਾ ਚਾਹੁੰਦੇ ਹੋ, ਇਸ ਦਾ ਅਸਰ ਦੂਜੇ ਰਾਜਾਂ ਵਿਚ ਵੀ ਪਵੇਗਾ। ਪਰ ਸਾਡੀ ਮਹਾਨ ਨੇਤਾ ਇੰਦਰਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਸਵਰੂਪ ਬਾਗੀ]
ਗਾਂਧੀ ਬਿਲਕੁਲ ਇਨ੍ਹਾਂ ਦੀਆਂ ਧਮਕੀਆਂ ਅਤੇ ਅਸਤੀਫੇ ਦੇਣ ਤੋਂ ਘਬਰਾਈ ਨਹੀਂ ਅਤੇ ਇਸ ਬਲੈਕਮੇਲ ਕਰਨ ਵਾਲੀ ਗੱਲ ਦਾ ਉਨ੍ਹਾਂ ਤੇ ਕੋਈ ਅਸਰ ਨਹੀਂ ਹੋਇਆ। ਸਾਡੀ ਲੀਡਰ ਨੇ ਬੜੀ ਸੂਝ ਬੂਝ ਨਾਲ ਪੰਜਾਬ ਦੀ ਡਿਵੈਲਪਮੈਂਟ ਲਈ ਅਤੇ ਤਰੱਕੀ ਲਈ ਉਨ੍ਹਾਂ ਦੀਆਂ ਧਾਰਮਿਕ ਮੰਗਾਂ ਨੂੰ ਮੰਨ ਲਿਆ ਹੈ। ਹੁਣ ਇਹ ਆਪੋਜ਼ੀਸ਼ਨ ਦੇ ਅਕਾਲੀ ਭਰਾ ਬੈਠੇ ਨਹੀਂ ਹਨ। ਇਨ੍ਹਾਂ ਤੋਂ ਵੱਡਾ ਮੈ ਗੁਰੂ ਘਰ ਨੂੰ ਮੰਨਣ ਵਾਲਾ ਹਾਂ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਹਾਜ਼ਰੀ ਭਰਦਾ ਹਾਂ, ਪਾਠ ਕਰਨ ਵਾਲਾ ਹਾਂ। ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਸੰਤ ਜੀ ਤੁਸੀਂ ਸਾਡੇ ਤੇ ਰਹਿਮ ਕਰੋ। ਹਿੰਦੂ ਲੋਕ ਬਹੁਤ ਗੁਰੂ ਘਰ ਨੂੰ ਮੰਨਣ ਵਾਲੇ ਹਨ ਪਰ ਹੁਣ ਉਹ ਗੁਰਦੁਆਰਿਆਂ ਦੇ ਵਿਚ ਡਰ ਦੇ ਮਾਰੇ ਨਹੀਂ ਜਾਂਦੇ ਅਤੇ ਉਨ੍ਹਾਂ ਨੇ ਮਹਾਰਾਜ ਦਾ ਪ੍ਰਕਾਸ਼ ਆਪਣੇ ਘਰਾਂ ਵਿਚ ਕਰ ਲਿਆ ਹੈ, ਉਨ੍ਹਾਂ ਨੇ ਗੁਰੂ ਜੀ ਦੀ ਸ਼ਰਦਾ ਨਹੀਂ ਘਟਾਈ ਹੈ ਇਨ੍ਹਾਂ ਗੱਲਾਂ ਨੂੰ ਵੇਖ ਕੇ ਹੁਣ ਸਿੱਖ ਵੀ ਗੁਰਦੁਆਰਿਆਂ ਵਿਚ ਘੱਟ ਜਾਣ ਲਗ ਪਏ ਹਨ। ਮੈਨੂੰ ਫ਼ਖ਼ਰ ਹੈ ਕਿ ਪੰਜਾਬ ਨੂੰ ਇਕ ਇਮਾਨਦਾਰ ਅਤੇ ਸੂਝ ਬੂਝ ਵਾਲਾ ਚੀਫ ਮਨਿਸਟਰ ਜਿਸ ਦੀ ਚਾਦਰ ਬਿਲਕੁਲ ਸਾਫ ਹੈ, ਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਹ ਮੁੱਖ ਮੰਤਰੀ ਦੀ ਪਦਵੀ ਦੀ ਪਰਵਾਹ ਨਹੀਂ ਕਰਦਾ। ਪਰ ਉਸ ਨੂੰ ਪੰਜਾਬ ਦੇ ਲੋਕਾਂ ਦਾ ਫਿਕਰ ਹੈ ਅਤੇ ਕੇਵਲ ਉਨ੍ਹਾਂ ਦੀ ਹੀ ਪਰਵਾਹ ਕਰਦਾ ਹੈ। ਜਦੋਂ ਸਾਡੇ ਸੀ.ਐਮ. ਸਾਹਿਬ ਦੇਹਰਾਦੂਨ ਬਾਈ ਇਲੈਕਸ਼ਨ ਵਿਚ ਗਏ ਅਤੇ ਉਨ੍ਹਾਂ ਨੇ ਪਦਯਾਤਰਾ ਕੀਤੀ ਤਾਂ ਮੈਂ ਵੀ ਉਥੇ ਸੀ। ਜਿਹੜੇ ਲੋਕ ਇਨ੍ਹਾਂ ਦੇ ਨਾਲ ਸਨ ਉਹ ਪਿਛੇ ਰਹਿ ਜਾਂਦੇ ਸਨ ਅਤੇ ਉਥੋਂ ਦੇ ਲੋਕ ਕਹਿੰਦੇ ਸਨ ਕਿ ਸਰਦਾਰ ਦਰਬਾਰਾ ਸਿੰਘ ਹਾਲੇ ਵੀ ਜਵਾਨ ਹਨ ਜੋ ਸਾਡੇ ਕੋਲੋਂ ਵੀ ਅੱਗੇ ਨਿਕਲ ਜਾਂਦੇ ਹਨ। ਮੈਂ ਕਿਹਾ ਤੁਸੀਂ ਉਨ੍ਹਾਂ ਦੇ ਚਿੱਟੇ ਵਾਲਾਂ ਵੱਲ ਨਾ ਵੇਖੋ ਉਹ ਹਾਲੇ ਵੀ ਨੌਜਵਾਨ ਹਨ ਅਤੇ ਜਵਾਨਾਂ ਨਾਲੋਂ ਵੱਧ ਕੰਮ ਕਰਦੇ ਹਨ। ਮੈਂ ਹਰ ਸੰਤ ਦਾ ਦਿਲੋਂ ਸਤਿਕਾਰ ਕਰਦਾ ਹਾਂ ਅਤੇ ਮਾਣ ਕਰਦਾ ਹਾਂ। ਪਰ ਪਤਾ ਨਹੀਂ ਕਿੰਨੇ ਸੰਤ ਗੁਰਦੁਆਰਿਆਂ ਦੇ ਵਿਚ ਹਨ। ਹਰ ਕੋਈ ਆਪਣੇ ਆਪਣੇ ਨੂੰ ਸੰਤ ਕਹਿੰਦਾ ਹੈ।

**ਮਾਸਟਰ ਬਾਬੂ ਸਿੰਘ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ਼੍ਰੀ ਰਾਮ ਸਵਰੂਪ ਬਾਗੀ** : ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਸੰਤ ਤੋਂ ਡਰਦਾ ਨਹੀਂ ਹਾਂ ਅਤੇ ਮੇਰਾ ਵਿਸ਼ਵਾਸ ਸੱਚੇ ਪਾਤਸ਼ਾਹ ਵਿਚ ਹੈ। ਜਦੋਂ ਉਸ ਨੇ ਮੈਨੂੰ ਬੁਲਾਵਾ ਭੇਜਣਾ ਹੈ ਉਸ ਵਕਤ ਮੈਨੂੰ ਜਾਣ ਤੋਂ ਕੋਈ ਨਹੀਂ ਰੋਕ ਸਕਦਾ ਅਤੇ ਉਸ ਦੇ ਬੁਲਾਵੇ ਤੋਂ ਸਿਵਾਏ ਹਾਲੇ ਕੋਈ ਬਾਗੀ ਨੂੰ ਮਾਰ ਨਹੀਂ ਸਕਦਾ। ਮੈਂ ਕੋਈ ਬੁਜ਼ਦਿਲ ਨਹੀਂ ਹਾਂ। ** ਨੇ ਕਿਹਾ ਸੀ ਕਿ ਅਸੀਂ ਸਿੱਖ ਐਮ. ਐਲ.ਏਜ਼ ਤੋਂ 15 ਮਾਰਚ ਤੱਕ ਅਸਤੀਫੇ ਲੈ ਲਵਾਂਗੇ। ਜੇਕਰ ਨਹੀਂ ਦੇਣਗੇ ਫਿਰ ਅਸੀਂ ਆਪਣੇ ਸਿੱਖ ਸਟੂਡੈਂਟਸ ਅਤੇ ਨੌਜਵਾਨਾਂ ਨੂੰ ਕਮਾਂਡ ਦੇ ਦੇਣੀ ਹੈ ਕਿ ਉਹ ਜੋ ਚਾਹੁੰਣ ਕਰਨ ਅਤੇ ਅਸੀਂ ਫੇਰ 1947 ਵਾਲੇ ਹਾਲਾਤ ਪੰਜਾਬ ਵਿਚ ਪੈਦਾ ਕਰ ਦੇਣੇ ਹਨ। ਪਰ ਇਸ ਗੱਲ ਦਾ ਜਵਾਬ ਬੜੇ ਅੱਛੇ ਢੰਗ ਨਾਲ ਮੇਰੇ ਸਾਥੀ ਜਸੋਵਾਲ ਸਾਹਿਬ ਨੇ ਦੇ ਦਿੱਤਾ ਹੈ। ਸੰਤ ਜੀ ਨੂੰ 1947 ਵਾਲੇ ਹਾਲਾਤਾਂ ਤੋਂ ਖੁਦ ਜਾਣੂੰ ਹੋਣਾ ਚਾਹੀਦਾ ਹੈ। ਉਸ ਵਕਤ ਜਿਨ੍ਹਾਂ ਮਾਵਾਂ ਦੇ ਪੁੱਤਰ ਮਾਰੇ ਗਏ। ਗੋਦ ਵਿਚ ਜਿਹੜੇ ਖੇਲਦੇ ਸਨ ਉਹ ਵਾਪਸ ਨਹੀਂ ਆਏ ਅਤੇ ਹਾਲੇ ਤੱਕ ਤਰਸ ਰਹੀਆਂ ਹਨ ਅਤੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਜਿਨ੍ਹਾਂ ਦੇ ਭਰਾ ਪਾਕਿਸਤਾਨ ਵਿਚ ਰਹਿ ਗਏ ਜਾਂ ਮਰ ਜਾਂ ਮਾਰੇ ਗਏ ਸਨ ਉਨ੍ਹਾਂ ਭੈਣਾਂ ਨੂੰ ਪੁਛੋ ਜਿਨ੍ਹਾਂ ਦੇ ਹੱਥਾਂ ਵਿਚ ਰੱਖੜੀਆਂ ਰਹਿ ਗਈਆਂ ਸਨ ਅਤੇ ਹਾਲੇ ਵੀ ਰੱਖੜੀ ਵਾਲੇ ਦਿਨ ਆਪਣੇ ਭਰਾ ਦੀ ਇੰਤਜ਼ਾਰ ਕਰਦੀਆਂ ਹਨ ਅਤੇ ਰੋਂਦੀਆਂ ਹਨ। ਜਿਨ੍ਹਾਂ ਦੇ ਪਤੀ ਮਾਰੇ ਗਏ ਭੈਣਾਂ ਜਿਨ੍ਹਾਂ ਦੇ ਸੁਹਾਗ ਉਜੜ ਗਏ ਸਨ ਅਤੇ ਜਿਹੜੀਆਂ ਚੂੜੀਆਂ ਪਾਈਆਂ ਹੋਈਆਂ ਸਨ ਉਹ ਫਿਰ ਚੜ੍ਹ ਨਹੀਂ ਸਕੀਆਂ। ਮੇਰਾ ਖਿਆਲ ਹੈ ਕਿ ਸੰਤ ਜੀ ਨੇ ਖੁਦ 1947 ਦਾ ਵਾਕਿਆ ਵੇਖਿਆ ਨਹੀਂ ਹੋਣਾ। ਮੈਂ ਕਹਿੰਦਾ ਹਾਂ ਕਿ ਸੱਚੇ ਪਾਤਸ਼ਾਹ 1947 ਵਾਲੇ ਹਾਲਾਤ ਕਿਸੇ ਮੁਲਕ ਵਿਚ ਪੈਦਾ ਨਾ ਹੋਣ। ਤੁਸੀਂ ਇਸ ਗੱਲ ਦਾ ਸਬਕ ਲੈਣਾ ਹੈ ਤਾਂ ਕਿਸੇ ਦੇਸ਼ ਭਗਤ ਤੋਂ ਲਓ ਜਿਸ ਨੇ ਜੰਗੇ ਆਜ਼ਾਦੀ ਵਿਚ ਲੜਾਈਆਂ ਲੜੀਆਂ ਹੋਣ ਅਤੇ ਕੁਰਬਾਨੀਆਂ ਦਿੱਤੀਆਂ ਹੋਣ। ਸੰਤ ਜੀ ਦੇ ਦਿਮਾਗ ਵਿਚ ਭੁਲੇਖਾ ਹੈ ਕਿ ਉਸ ਤਰ੍ਹਾਂ ਦੇ ਹਾਲਾਤ ਦੁਬਾਰਾ ਪੈਦਾ ਹੋ ਸਕਦੇ ਹਨ। ਜਿਨ੍ਹਾਂ ਜਵਾਨਾਂ ਨੂੰ, ਸਟੂਡੈਂਟਸ ਨੂੰ ਉਹ ਉਕਸਾਉਣਾ ਚਾਹੁੰਦੇ ਹਨ ਅਤੇ ਵਾਤਾਵਰਣ ਨੂੰ ਖਰਾਬ ਕਰਨਾ ਚਾਹੁੰਦੇ ਹਨ ਉਹ ਸਾਡੇ ਆਪਣੇ ਬੱਚੇ ਹਨ ਅਤੇ ਉਨ੍ਹਾਂ ਨੂੰ ਗਲਤ ਰਸਤੇ ਪਾਉਣ ਦੀ ਬਜਾਏ ਸੰਤ ਜੀ ਨੂੰ ਚਾਹੀਦਾ ਹੈ ਕਿ ਉਹ ਖੁਦ ਹਿੰਮਤ ਕਰਨ ਅਤੇ ਗੁਰਦੁਆਰੇ ਤੋਂ ਬਾਹਰ ਆ ਕੇ ਲੋਕਾਂ ਨੂੰ ਆਪਣਾ ਵਿਚਾਰ ਦੱਸਣ। ਉਸ ਦਾ ਰਿਐਕਸ਼ਨ ਵੇਖਣ ਕੀ ਹੁੰਦਾ ਹੈ ਅਤੇ ਸਟੇਜ ਤੇ ਆ ਕੇ ਬੋਲਣ। ਕਿਸੇ ਅਕਾਲੀ ਦਲ ਦੇ ਪ੍ਰਧਾਨ ਦੇ ਵਲੋਂ ਇਸ ਤਰ੍ਹਾਂ ਦਾ ਗੈਰ ਜ਼ਿੰਮੇਦਾਰਨਾ ਬਿਆਨ ਆ ਜਾਣਾ ਬੜੇ ਅਫ਼ਸੋਸ ਦੀ ਗੱਲ ਹੈ। ਉਹ ਪਾਰਟੀ ਦੇ ਪ੍ਰਧਾਨ ਹੀ ਨਹੀਂ ਬਲਕਿ ਇਕ ਸੰਤ ਵੀ ਹਨ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਸਾਡਾ ਚੀਫ ਮਨਿਸਟਰ ਸ਼ੇਰ ਹੈ। ਉਹ ਇਨ੍ਹਾਂ ਦੀਆਂ ਗਿਦੜ ਭਭਕੀਆਂ ਤੋਂ ਡਰਦਾ ਨਹੀਂ ਹੈ। ਇਨ੍ਹਾਂ ਨੇ ਪਹਿਲੇ ਸੋਚਿਆ ਸੀ ਕਿ ਮੀਟਿੰਗਾਂ ਵਿਚ ਸਾਰੇ ਮਨਿਸਟਰਾਂ ਅਤੇ ਐਮ.ਐਲ.ਏਜ਼ ਨੂੰ ਮਜ਼ਬੂਰ ਕੀਤਾ ਜਾਵੇ ਕਿ ਉਹ ਅਸਤੀਫਾ ਦੇਣ। ਮਗਰ ਫੇਰ ਕਿਸੇ ਸਿਆਣੇ ਬੰਦੇ ਨੇ ਇਨ੍ਹਾਂ ਨੂੰ ਸਲਾਹ ਦਿੱਤੀ ਕਿ ਹਿੰਦੂ ਮਨਿਸਟਰਜ਼ ਅਤੇ ਹਿੰਦੂ ਐਮ.ਐਲ.ਏਜ਼ ਨੂੰ ਛੱਡ ਕੇ ਸਿੱਖ ਐਮ.ਐਲ.ਏਜ਼ ਤੋਂ ਅਸਤੀਫਾ ਮੰਗੇ ਜਾਣ ਜਿਸ ਕਰਕੇ ਇਨ੍ਹਾਂ ਨੇ ਆਪਣਾ ਫੈਸਲਾ ਸਿੱਖ ਐਮ.ਐਲ.ਏਜ਼ ਤੱਕ ਹੀ ਰੱਖ ਦਿੱਤਾ ਹੈ। 1977 ਵਿਚ ਜਿਹੜੇ ਸੀ.ਆਈ.ਏ. ਦੇ ਏਜੰਟ ਯੂਥ ਕਾਂਗਰਸ ਵਿਚ ਆ ਗਏ ਸਨ ਅਤੇ ਉਹਨਾਂ ਨੇ ਨਸਬੰਦੀ ਦਾ ਇਲੈਕਸ਼ਨਾਂ ਵਿਚ ਅਡੰਬਰ ਰੱਚਿਆ ਸੀ ਅਤੇ ਸਾਡਾ ਨੁਕਸਾਨ ਹੋਇਆ ਸੀ। ਉਹ ਸੀ. ਆਈ.ਏ. ਦੇ ਏਜੰਟ ਇਨ੍ਹਾਂ ਦੇ ਪਿਛੇ ਲਗੇ ਹੋਏ ਹਨ ਜਿਹੜੇ ਇਨ੍ਹਾਂ ਨੂੰ ਗਾਈਡ ਕਰ ਰਹੇ ਹਨ।

12.30 ਬਾਅਦ ਦੁਪਹਿਰ

(ਇਸ ਸਮੇਂ ਸਰਦਾਰ ਇਕਬਾਲ ਸਿੰਘ ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਮੈਨੂੰ ਇਨ੍ਹਾਂ ਸੰਤਾਂ ਦੀ ਗੱਲ ਸਮਝ ਨਹੀਂ ਆਈ ਹੈ। ਕੀ ਜਸੋਵਾਲ, ਬੀਰਦਵਿੰਦਰ ਸਿੰਘ ਜਾਂ ਲੱਖਾ ਸਿੰਘ ਵਰਗੇ ਇਨ੍ਹਾਂ ਕੋਲੋਂ ਡਰ ਜਾਣਗੇ ਔਰ ਸਿੱਖ ਐਮ.ਐਲ.ਏਜ਼ ਇਨ੍ਹਾਂ ਦੇ ਕਹਿਣ ਤੇ 15 ਮਾਰਚ ਤੱਕ ਅਸਤੀਫੇ ਦੇ ਦੇਣਗੇ। ਹੁਣ ਫੇਰ ਅਕਾਲੀ ਦਲ ਦਾ ਅਤੇ ਜਨਸੰਘ ਵਾਲਿਆਂ ਦਾ ਨਿਕਾਹ ਹੋ ਰਿਹਾ ਹੈ ਅਤੇ ਆਪਸ ਵਿਚ ਦੁਬਾਰਾ ਨਿਕਾਹ ਕਰਕੇ ਇਹ ਤਾਕਤ ਹਾਸਲ ਕਰਨਾ ਚਾਹੁੰਦੇ ਹਨ। ਚੇਅਰਮੈਨ ਸਾਹਿਬ, ਜਿਹੜੀ ਜ਼ਨਾਨੀ ਪਹਿਲਾਂ ਤਲਾਕ ਦੇ ਦੇਵੇ ਅਤੇ ਮਗਰੋਂ ਉਸੇ ਆਦਮੀ ਨਾਲ ਵਿਆਹ ਕਰਾਉਣਾ ਚਾਹੇ ਤਾਂ ਉਹ ਜ਼ਨਾਨੀ ਮੁੜ ਕੇ ਵਿਆਹ ਕਰਵਾ ਸਕਦੀ ਹੈ। ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਅਟਲ ਬਿਹਾਰੀ ਬਾਜਪਾਈ ਨੇ ਪਾਰਲੀਮੈਂਟ ਵਿਚ ਜਦੋਂ ਪੰਜਾਬ ਦੇ ਮਸਲੇ ਬਾਰੇ ਬਹਿਸ ਹੁੰਦੀ ਸੀ ਤਾਂ ਕਿਹਾ ਸੀ। ਅਸੀਂ ਉਥੇ ਬੈਠੇ ਸੁਣ ਰਹੇ ਸੀ। ਮੇਰੇ ਨਾਲ ਇੱਕ ਮੇਰਾ ਸਾਥੀ ਵੀ ਬੈਠਾ ਸੀ। ਚੇਅਰਮੈਨ ਸਾਹਿਬ, ਮੈਨੂੰ ਇੱਕ ਗੱਲ ਯਾਦ ਆ ਗਈ। ਇੱਕ ਗੁਪਤਾ ਜੀ ਆਪਣੀ ਘਰਵਾਲੀ ਤੇ ਸਵੇਰੇ ਸਵੇਰੇ ਬੜਾ ਰੋਹਬ ਪਾਉਂਦਾ ਸੀ ਅਤੇ ਕਹਿੰਦਾ ਸੀ ਕਿ ਮੇਰੇ ਕਪੜੇ ਦੇ ਅਤੇ ਮੈਨੂੰ ਨਾਸ਼ਤਾ ਦੇ, ਜਲਦੀ ਕਰ ਮੈਂ ਕੰਮ ਤੇ ਜਾਣਾ ਹੈ। ਉਹੀ ਬੰਦਾ ਜਦੋਂ ਸ਼ਾਮ ਨੂੰ ਵਾਪਸ ਕੰਮ ਤੋਂ ਆਉਂਦਾ ਸੀ ਤਾਂ ਆਪਣੀ ਘਰ ਵਾਲੀ ਨੂੰ ਕਹਿੰਦਾ ਸੀ ਕਿ ਪ੍ਰੇਮ ਜੀ, ਭਾਗਵਾਨੇ ਚਾਹ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਸਵਰੂਪ ਬਾਗੀ]

ਮਿਲੇਗੀ। ਮੈਂ ਇਸ ਗੱਲ ਨੂੰ ਦੋ ਤਿੰਨ ਵਾਰ ਕਹਿੰਦਾ ਸੁਣਿਆ ਅਤੇ ਮੈਂ ਕਿਹਾ ਕਿ ਗੁਪਤਾ ਜੀ ਇਸੇ ਤਰ੍ਹਾਂ ਦੀਆਂ ਗਲਾਂ ਤੁਸੀਂ ਸਵੇਰੇ ਜਾਣ ਵੇਲੇ ਕਿਉਂ ਨਹੀਂ ਕਹਿੰਦੇ, ਭਾਗਵਾਨੇ ਮੈਨੂੰ ਕਪੜਾ ਦਿਓ ਜੀ ਅਤੇ ਨਾਸ਼ਤਾ ਦੇ ਦਿਓ ਜੀ ? ਚੇਅਰਮੈਨ ਸਾਹਿਬ, ਇਨ੍ਹਾਂ ਦਾ ਨਿਕਾਹ ਤਾਂ ਹੋ ਹੀ ਜਾਣਾ ਹੈ। ਪਹਿਲਾਂ ਨਿਕਾਹ 1977 ਤੋਂ ਪਹਿਲਾਂ ਕੀਤਾ ਸੀ।

"ਮੇਰੀ ਲਗਦੀ ਕਿਸੇ ਨਾ ਦੇਖੀ, ਕਿਸੇ ਨਾ ਦੇਖੀ,
ਟੁੱਟਦੀ ਨੂੰ ਜੱਗ ਜਾਣਦਾ।"

ਚੇਅਰਮੈਨ ਸਾਹਿਬ, ਇਨ੍ਹਾਂ ਦਾ ਨਿਕਾਹ ਤਾਂ ਸ਼ੁਰੂ ਹੋਣ ਹੀ ਵਾਲਾ ਹੈ।

"ਆਖੋਂ ਹੀ ਆਖੋਂ ਮੇਂ ਇਸ਼ਾਰਾ ਹੋ ਗਿਆ।"

**ਮਾਸਟਰ ਬਾਬੂ ਸਿੰਘ** : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਆਨਰੇਬਲ ਮੈਂਬਰ ਨੇ ਆਪਣੀ ਸਪੀਚ ਕਰਦੇ ਹੋਏ ਪਹਿਲਾਂ ** ਦਾ ਨਾਂ ਲਿਆ ਹੈ ਕਿ ਉਸ ਨੇ ਗਊਆਂ ਦੇ ਸਿਰ ਕੱਟ ਕੇ ਮੰਦਰਾਂ ਵਿਚ ਰਖਵਾਏ ਹਨ।

**ਸ੍ਰੀ ਸਭਾਪਤੀ** : ਇਹ ਚੀਜ਼ ਉਨ੍ਹਾਂ ਨੇ ਨਹੀਂ ਕਹੀ।

**ਸਰਦਾਰ ਬੀਰਦਵਿੰਦਰ ਸਿੰਘ** : ਚੇਅਰਮੈਨ ਸਾਹਿਬ, ਆਨਰੇਬਲ ਮੈਂਬਰ ਨੇ ਇਹ ਗੱਲ ਬਿਲਕੁਲ ਨਹੀਂ ਕਹੀ ਹੈ। ਉਨ੍ਹਾਂ ਨੇ ਤਾਂ ਕਿਹਾ ਹੈ ਕਿ ਸੰਤਾਂ ਦੇ ਇਸ਼ਾਰੇ ਤੇ ਇਹ ਸਭ ਕੁਝ ਹੋਇਆ ਹੈ। ਜੇਕਰ ਆਨਰੇਬਲ ਮੈਂਬਰ ਡੈਫੀਨਿਟ ਹਨ ਤਾਂ ਦੱਸਣ ਕਿ ਕਿਹੜੇ ਸੰਤ ਦਾ ਨਾਂ ਲਿਤਾ ਗਿਆ ਹੈ ਤਾਂ ਉਹ ਨਾਂ ਕੱਟ ਦਿੰਦੇ ਹਾਂ।

**ਮਾਸਟਰ ਬਾਬੂ ਸਿੰਘ** : ਚੇਅਰਮੈਨ ਸਾਹਿਬ, ਸੰਤ ਹਰਚੰਦ ਸਿੰਘ ਦਾ ਨਾਮ ਲਿਤਾ ਗਿਆ ਹੈ। ਤੁਸੀਂ ਰਿਕਾਰਡ ਵਿਚੋਂ ਪੜਤਾਲ ਕਰਕੇ ਵੇਖ ਲਵੋ ਜੇਕਰ ਨਾਂ ਹੋਇਆ ਤਾਂ ਕੱਟ ਦਿਓ।

**ਸ੍ਰੀ ਸਭਾਪਤੀ** : ਜੇਕਰ ਰਾਮ ਸਵਰੂਪ ਬਾਗੀ ਜੀ ਦੀ ਸਪੀਚ ਵਿਚ**ਦਾ ਨਾਮ ਹੋਵੇ ਤਾਂ ਕੱਟ ਦਿਓ।

**Sardar Birdevinder Singh** : He should give a definite information to the House if he has some information in addittion to that. Then it can be deleted and there cannot be any objection.

**ਮਾਸਟਰ ਬਾਬੂ ਸਿੰਘ** : ਇਹ, ਚੇਅਰਮੈਨ ਸਾਹਿਬ, ਸਾਰਾ ਕੁਝ ਗੌਰਮੰਟ ਨੇ ਕਰਾਇਆ ਹੈ।

**ਵਿਕਾਸ ਮੰਤਰੀ** : ਚੇਅਰਮੈਨ ਸਾਹਿਬ, ਮੈਂ ਕਲੈਰੀਫਿਕੇਸ਼ਨ ਦੇਣਾ ਚਾਹੁੰਦਾ ਹਾਂ ਕਿ ਜੋ ਆਨਰੇਬਲ ਮੈਂਬਰ ਕਹਿ ਰਹੇ ਹਨ ਇਹ ਐਬਸੋਲਿਊਟਲੀ ਰੌਂਗ ਹੈ। ਇਸ ਵਿਚ ਗੌਰਮਿੰਟ ਦਾ ਕੋਈ ਹੱਥ ਨਹੀਂ ਹੈ। ਗੌਰਮਿੰਟ ਨੇ ਜੋ ਉਪਰਾਲੇ ਕੀਤੇ ਹਨ, ਉਸ ਸਬੰਧੀ ਸੀ.ਐਮ. ਸਾਹਿਬ ਨੇ ਵੀ ਦੱਸ ਦਿਤਾ ਹੈ। ਜੋ ਕੁਝ ਆਨਰੇਬਲ ਮੈਂਬਰ ਕਹਿ ਰਹੇ ਹਨ, ਉਹ ਬਿਲਕੁਲ ਬੇ-ਬੁਨਿਆਦ ਹੈ।

**ਸ੍ਰੀ ਰਾਮ ਸਵਰੂਪ ਬਾਗੀ** : ਚੇਅਰਮੈਨ ਸਾਹਿਬ, ਮੈਂ ਨਿਕਾਹ ਦਾ ਜ਼ਿਕਰ ਕਰ ਰਿਹਾ ਸੀ ਜਨ-ਸੰਘ ਪਾਰਟੀ ਤੋਂ ਜਨਤਾ ਪਾਰਟੀ ਬਣੀ ਫਿਰ ਜਨਤਾ ਪਾਰਟੀ ਤੋਂ ਭਾਰਤੀਯ ਜਨਤਾ ਪਾਰਟੀ ਬਣ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਗਈ। ਚੇਅਰਮੈਨ ਸਾਹਿਬ, ਭਾਰਤੀਏ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਅਟਲ ਬਿਹਾਰੀ ਬਾਜਪਾਈ ਜਦੋਂ ਪਠਾਨਕੋਟ ਆਏ ਸਨ ਤਾਂ ਉਨ੍ਹਾਂ ਨੇ ਬਾਬਿਆਂ ਦੀ ਬੜੀ ਤਾਰੀਫ ਕੀਤੀ। ਇਸ ਦਾ ਮਤਲਬ ਹੈ, ਚੇਅਰਮੈਨ ਸਾਹਿਬ, ਕਿ ਨਿਕਾਹ ਬੜੀ ਜਲਦੀ ਹੋਣ ਵਾਲਾ ਹੈ । ਇਲੈਕਸ਼ਨ ਜਦੋਂ ਨੇੜੇ ਹੁੰਦੇ ਹਨ ਤਾਂ ਫਿਰ ਇਹ ਇਕੱਠੇ ਹੋ ਜਾਂਦੇ ਹਨ। ਇਹ ਦੋਨੋ ਇੱਕ ਥੈਲੀ ਦੇ ਚੱਟੇ ਬੱਟੇ ਹਨ। ਚੇਅਰਮੈਨ ਸਾਹਿਬ, ਜਨ ਸੰਘ ਅਤੇ ਅਕਾਲੀ ਪਾਰਟੀ ਵਿਚ ਲੋਕ ਜਾਂਦੇ ਹਨ, ਪਰ ਜਦੋਂ ਉਨ੍ਹਾਂ ਨੂੰ ਅਕਲ ਆ ਜਾਂਦੀ ਹੈ ਤਾਂ ਉਹ ਵਾਪਿਸ ਆ ਜਾਂਦੇ ਹਨ। (ਹਾਸਾ)

**ਮਾਸਟਰ ਬਾਬੂ ਸਿੰਘ** : ਚੇਅਰਮੈਨ ਸਾਹਿਬ, ਕਿਹੜੇ ਕਿਹੜੇ ਵਾਪਸ ਆਏ ਹਨ। ਉਹ ਵੀ ਮੈਂਬਰ ਸਾਹਿਬਾਨ ਦੱਸ ਦੇਣ।

**ਸ੍ਰੀ ਰਾਮ ਸਵਰੂਪ ਬਾਗੀ** : ਚੇਅਰਮੈਨ ਸਾਹਿਬ, ਸਰਦਾਰ ਬੂਟਾ ਸਿੰਘ, ਸਰਦਾਰ ਸਵਰਨ ਸਿੰਘ, ਸਰਦਾਰ ਪ੍ਰਤਾਪ ਸਿੰਘ, ਜੇਕਰ ਮੈਂ ਸਾਰੀ ਲਿਸਟ ਪੜ੍ਹਨ ਲਗਾਂ ਤਾਂ ਬਹੁਤ ਸਾਰਾ ਟਾਈਮ ਲਗੇਗਾ। ਸਰਦਾਰ ਜਗਦੇਵ ਸਿੰਘ ਜਸੋਵਾਲ ਅਤੇ ਚੀਫ ਵਿਪ ਜੀ ਵਰਗੇ ਕਾਂਗਰਸ ਵਿਚ ਆਏ ਹਨ। ਮੈਂ ਬੇਨਤੀ ਕਰ ਰਿਹਾ ਸੀ ਕਿ ਅਕਾਲੀਆਂ ਦਾ ਕੋਈ ਵੀ ਸਾਥ ਨਹੀਂ ਦੇ ਸਕਦਾ। ਇਨ੍ਹਾਂ ਨੇ ਜਮਹੂਰੀਅਤ ਦਾ ਕਤਲ ਕੀਤਾ ਹੈ। ਇਹ ਪੰਜਾਬ ਦੀ ਤਰੱਕੀ ਵਿਚ ਰੁਕਾਵਟ ਪਾ ਰਹੇ ਹਨ।

ਚੇਅਰਮੈਨ ਸਾਹਿਬ, ਗੌਰਮਿੰਟ ਨੇ ਬੜੀ ਅਚੀਵਮੈਂਟ ਕੀਤੀ ਹੈ। ਲੋਕਾਂ ਦੇ ਭਲੇ ਲਈ ਗੌਰਮਿੰਟ ਨੇ ਬੜਾ ਕੰਮ ਕੀਤਾ ਹੈ। ਅਸੀਂ ਅੱਜ ਛਾਤੀ ਚੌੜੀ ਕਰਕੇ ਪਿੰਡਾਂ ਵਿਚ ਜਾ ਸਕਦੇ ਹਾਂ । ਪਹਿਲਾਂ ਮਣ, ਮਣ ਚਿਕੜ ਹੁੰਦਾ ਸੀ, ਕੋਈ ਸੜਕ ਵਗੈਰਾ ਨਹੀਂ ਸੀ । ਪਿੰਡਾਂ ਦੀਆਂ ਭੈਣਾਂ ਪਾਣੀ ਲੈਣ ਲਈ ਕਈ ਕਈ ਮੀਲ ਚਲ ਕੇ ਘੜਿਆਂ ਵਿਚ ਭਰ ਕੇ ਲਿਆਉਂਦੀਆਂ ਸਨ। ਪਰ ਅੱਜ ਪਿੰਡਾਂ ਵਿਚ ਮੇਰੀਆਂ ਭੈਣਾਂ ਟੂਟੀਆਂ ਖੋਲ੍ਹ ਕੇ ਪਾਣੀ ਭਰ ਲੈਂਦੀਆਂ ਹਨ । ਸ੍ਰੀ ਸਰਦਾਰੀ ਲਾਲ ਕਪੂਰ, ਲੋਕਲ ਗੌਰਮਿੰਟ ਮਨਿਸਟਰ, ਜਿਨ੍ਹਾਂ ਨੂੰ ਮੈਂ ਸੰਤ ਕਹਿੰਦਾ ਹਾਂ ਬੜਾ ਚੰਗਾ ਕੰਮ ਕਰਦੇ ਹਨ। ਹਰੀਜਨਾਂ ਵਾਸਤੇ ਵੀ ਬਹੁਤ ਭਲਾਈ ਦੇ ਕੰਮ ਮੇਰੀ ਸਰਕਾਰ ਨੇ ਕੀਤੇ ਹਨ । ਵਿਕਾਸ ਮਨਿਸਟਰ, ਸਰਦਾਰ ਸੰਤੋਖ ਸਿੰਘ ਰੰਧਾਵਾ, ਜੀ ਨੇ ਬੜਾ ਚੰਗਾ ਕੰਮ ਕੀਤਾ ਹੈ। ਐਜੂਕੇਸ਼ਨ ਮਨਿਸਟਰ ਸਾਹਿਬ ਨੇ ਵੀ ਬੜਾ ਚੰਗਾ ਕੰਮ ਕੀਤਾ ਹੈ। ਸਕੂਲ ਜਿਹੜੇ ਕਿ ਪਹਿਲਾਂ ਬਾਹਰ ਲਗਦੇ ਸਨ ਅਤੇ ਬੱਚੇ ਧੁੱਪ, ਮੀਂਹ ਵਿਚ ਮਰਦੇ ਸਨ ਉਥੇ ਹੁਣ ਸਕੂਲਾਂ ਲਈ ਸਰਕਾਰੀ ਬਿਲਡਿੰਗਾਂ ਬਣਾ ਦਿੱਤੀਆਂ ਗਈਆਂ ਹਨ ।

ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਹਰੀਜਨਾਂ ਵਾਸਤੇ ਵੀ ਬਹੁਤ ਕੁਝ ਕੀਤਾ ਹੈ। ਜਿਵੇਂ ਪਹਿਲਾਂ ਕਿਸੇ ਚੰਗੇ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ ਪੰਡਿਤਾਂ ਨੂੰ ਪਰੋਹਿਤ ਦੇ ਤੌਰ ਤੇ ਬੁਲਾਇਆ ਜਾਂਦਾ ਸੀ ਉਵੇਂ ਹੀ ਹੁਣ ਸਾਡੀ ਕਾਂਗਰਸ ਸਰਕਾਰ ਹਰੀਜਨਾਂ ਦਾ ਹਰ ਕੰਮ ਪਹਿਲਾਂ ਕਰਨ ਦੀ ਕੋਸ਼ਿਸ਼ ਕਰਦੀ ਹੈ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਮਾਰਕਿਟਿੰਗ ਕਮੇਟੀਆਂ ਬਣਾਈਆਂ ਚੌਧਰੀ ਕਾਂਸ਼ੀ ਰਾਮ ਨੇ ਪਿੰਡਾਂ ਵਿਚ ਨਵੀਆਂ ਮੰਡੀਆਂ ਬਣਵਾਈਆਂ ਹਨ ਅਤੇ ਪਿੰਡਾਂ ਵਿਚ ਪੀ. ਡਬਲਿਯੂ. ਡੀ. ਵਾਲਿਆਂ ਨੇ ਨਵੀਆਂ ਸੜਕਾਂ ਧੜਾਧੜ ਬਣਾਈਆਂ ਹਨ। ਇਨ੍ਹਾਂ ਗੱਲਾਂ ਵੱਲ ਇਹ ਝਾਤ ਮਾਰ ਕੇ ਦੇਖਣ ਤਾਂ ਪਤਾ ਲੱਗ ਜਾਵੇਗਾ ਕਿ ਸਾਡੀ ਸਰਕਾਰ ਨੇ ਕੀ ਕੁਝ ਕੀਤਾ ਹੈ। ਬਾਕੀ, ਚੇਅਰਮੈਨ ਸਾਹਿਬ, ਮੈਂ ਬਜਟ ਦੀ ਬਹਿਸ ਵਿਚ ਇਕੱਲੀ ਇਕੱਲੀ ਆਈਟਮ ਤੇ ਬੋਲਾਂਗਾ। ਇਨ੍ਹਾਂ ਸ਼ਬਦਾਂ ਦੇ ਨਾਲ ਹੀ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਨਾਲ ਹੀ ਆਪਣੇ ਵੀਰਾਂ ਦਾ ਵੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਮੈਨੂੰ ਸੁਣਿਆ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਲੱਖਾ ਸਿੰਘ** (ਖਡੂਰ ਸਾਹਿਬ, ਐਸ. ਸੀ.): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਟਾਈਮ ਦਿਤਾ ਹੈ। ਮੈਂ ਜੋ ਮਤਾ ਜੱਸੋਵਾਲ ਜੀ ਅਤੇ ਧੰਨੋਵਾਲੀਆ ਜੀ ਨੇ ਰਖਿਆ ਹੈ, ਉਸ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਬਾਕੀ ਜੋ ਗੱਲਾਂ ਮੇਰੇ ਸਾਥੀ ਬਾਗੀ ਜੀ ਨੇ ਕੀਤੀਆਂ ਹਨ, ਉਹ ਬਿਲਕੁਲ ਠੀਕ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਸਾਡੇ ਅਕਾਲੀ ਵੀਰ ਥੋੜ੍ਹੇ ਜਿਹੇ ਤੇਜ਼ੀ ਨਾਲ ਰੁਝੇ ਹੋਏ ਹਨ। ਉਥੇ ਸੁਲ-ਤਾਨਪੁਰ ਹਲਕੇ ਵਿਚੋਂ ਅਕਾਲੀ ਭਰਾ ਤਾਰਾ ਸਿੰਘ ਜਿਤ ਗਿਆ। ਮੈਂ ਵੀ ਉਸ ਨੂੰ ਕਿਹਾ ਕਿ ਤੁਹਾਨੂੰ ਲੋਕਾਂ ਨੇ ਵੋਟਾਂ ਪਾ ਕੇ ਜਿਤਾਇਆ ਹੈ, ਤੁਸੀਂ ਕਿਉਂ ਨਹੀਂ ਵਿਧਾਨ ਸਭਾ ਵਿੱਚ ਜਾ ਕੇ ਆਪਣੀ ਗੱਲ ਦੱਸਦੇ ? ਤੁਸੀਂ ਐਵੇਂ ਹੀ ਕਿਉਂ ਰੁੱਸ ਕੇ ਬੈਠੇ ਹੋ ਜਿਵੇਂ ਕੋਈ ਬੀਬੀ ਰੁੱਸ ਕੇ ਬੈਠ ਜਾਂਦੀ ਹੈ ਅਤੇ ਬਾਅਦ ਵਿਚ ਆਲਾਦੁਆਲਾ ਤੱਕਦੀ ਹੈ ਕਿ ਕੋਈ ਉਸਨੂੰ ਮੰਨਾਏ। ਪਰ ਇਨ੍ਹਾਂ ਨੂੰ ਤਾਂ ਮੰਨਾਉਣ ਵਾਲਾ ਵੀ ਕੋਈ ਨਹੀਂ ਹੈ। ਪਰ ਜਿਨ੍ਹਾਂ ਲੋਕਾਂ ਨੇ ਵੋਟਾਂ ਪਾਈਆਂ ਹਨ, ਉਨ੍ਹਾਂ ਦਾ ਹੀ ਖਿਆਲ ਰਖਣਾ ਚਾਹੀਦਾ ਹੈ ਉਨ੍ਹਾਂ ਦੀ ਗੱਲ ਏਥੇ ਆ ਕੇ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਫਾਇਦੇ ਬਾਰੇ ਸੋਚਣਾ ਚਾਹੀਦਾ ਹੈ। ਪਿਛਲੇ ਸੈਸ਼ਨ ਵਿੱਚ ਵੀ ਇਹ ਰੁੱਸ ਕੇ ਬੈਠ ਗਏ ਅਤੇ ਹੁਣ ਵੀ ਉਹੀ ਵਤੀਰਾ ਹੈ। ਹੁਣ ਗੱਲ ਵਿਚਲੀ ਕਿਹੜੀ ਹੈ, ਇਹ ਪਤਾ ਨਹੀਂ। ਪ੍ਰਧਾਨ ਮੰਤਰੀ ਜੀ ਨੇ ਅਤੇ ਮੁੱਖ ਮੰਤਰੀ ਜੀ ਨੇ ਇਨ੍ਹਾਂ ਦੀਆਂ ਧਾਰਮਿਕ ਮੰਗਾਂ ਵੀ ਮੰਨ ਲਈਆਂ ਹਨ ਜਿਨ੍ਹਾਂ ਵਾਸਤੇ ਇਨ੍ਹਾਂ ਨੇ ਧਰਮ ਯੁੱਧ ਲਾਇਆ ਸੀ। ਹੁਣ ਕਿਹੜੀ ਲੜਾਈ ਰਹਿ ਗਈ ਹੈ ਜਿਸ ਦੇ ਕਰਕੇ ਇਹ ਹੁਣ ਵੀ ਬੈਠੇ ਹਨ। ਹੁਣ ਤਾਂ ਸਿਰਫ ਕੁਰਸੀ ਦਾ ਹੀ ਮੋਰਚਾ ਰਹਿ ਗਿਆ ਹੈ, ਹੋਰ ਕੋਈ ਨਹੀਂ ਹੈ। ਨਾਂ ਹੀ ਇਨ੍ਹਾਂ ਦਾ ਕਿਸੇ ਡਿਵੈਲਪਮੈਂਟ ਦੇ ਕੰਮ ਵੱਲ ਖਿਆਲ ਹੈ ਅਤੇ ਨਾ ਹੀ ਕੋਈ ਚੰਗੇ ਅਤੇ ਨੇਕ ਨੀਤੀ ਵਾਲੇ ਕੰਮਾਂ ਵੱਲ ਖਿਆਲ ਹੈ। ਇਨ੍ਹਾਂ ਦਾ ਕੰਮ ਸਿਰਫ ਐਮ. ਐਲ. ਏਜ਼ ਦਾ ਘਿਰਾਓ ਕਰੋ ਅਤੇ ਸਿਖ ਐਮ. ਐਲ. ਏਜ਼. ਤੋਂ ਰਿਜ਼ਾਈਨ ਲੈਣ ਤੱਕ ਹੀ ਰਹਿ ਗਿਆ ਹੈ। ਲੋਕਾਂ ਦਾ ਵੀ ਕੁਝ ਸੋਚਣਾ ਚਾਹੀਦਾ ਹੈ ਜਿਨ੍ਹਾਂ ਨੇ ਵੋਟਾਂ ਪਾ ਕੇ ਇਥੇ ਘੱਲਿਆ ਹੈ। ਜਿਵੇਂ ਜੱਸੋਵਾਲ ਜੀ ਨੇ ਵੀ ਕਿਹਾ ਸੀ ਕਿ ਇਨ੍ਹਾਂ ਨੂੰ ਸਮਝਾਉਣ ਦੀ ਕੋਈ ਲੋੜ ਨਹੀਂ ਹੈ, ਇਨ੍ਹਾਂ ਨੂੰ ਤਾਂ ਲੋਕਾਂ ਨੇ ਹੀ ਸਮਝਾ ਦੇਣਾ ਹੈ। ਪਿਛਲੇ ਮਹੀਨੇ ਦੀ 15 ਤਾਰੀਖ ਨੂੰ ਸਰਦਾਰ ਬੀਰਪਾਲ ਸਿੰਘ ਨੇ ਗੋਇੰਦਵਾਲ ਵਿੱਚ ਇਕ ਬਹੁਤ ਵੱਡੀ ਧਾਗਾ ਮਿੱਲ ਦਾ ਨੀਂਹ ਪੱਥਰ ਰਖਿਆ ਜਿਸ ਤੋਂ 2500 ਦੇ ਕਰੀਬ ਗਰੀਬ ਲੋਕਾਂ ਨੂੰ ਰੁਜ਼ਗਾਰ ਮਿਲਣਾ ਹੈ। 26 ਜਨਵਰੀ, ਨੂੰ ਜਦੋਂ ਜੋਗਿੰਦਰ ਪਾਲ ਜੀ ਨੇ ਝੰਡਾ ਚੜ੍ਹਾਉਣਾ ਸੀ, ਉਸ ਆਜ਼ਾਦੀ ਲਈ ਝੰਡਾ ਚੜ੍ਹਾਉਣਾ ਸੀ ਜਿਸਦੇ ਲਈ ਸਾਡੇ ਕਈ ਵੀਰਾਂ ਨੇ ਕੁਰਬਾਨੀਆਂ ਦਿੱਤੀਆਂ, ਕਈ ਭੈਣਾਂ ਨੇ ਬੱਚੇ ਝੋਲੀਆਂ ਵਿਚ ਪੁਆ ਲਏ, ਉਦੋਂ ਇਨ੍ਹਾਂ ਨੇ ਬੰਬ ਮਾਰਿਆ। ਜਿਥੇ ਸਰਦਾਰ ਪ੍ਰਿਥੀਪਾਲ ਸਿੰਘ ਗਏ, ਉਥੇ ਵੀ ਬੰਬ ਮਾਰਿਆ। ਬਾਬੇ ਨਸੀਬ ਦੇ ਚੌਂਕ ਵਿਚ ਵੀ ਬੰਬ ਮਾਰਿਆ, ਉਥੇ ਮੈਂ ਗਿਆ ਸੀ। ਜੱਲਿਆਂ ਵਾਲਾ ਬਾਗ ਜਿਹੜੀ ਸ਼ਹੀਦਾਂ ਦੀ ਅਮਰ ਯਾਦਾਸ਼ਤ ਹੈ, ਉਥੇ ਵੀ ਬੰਬ ਮਾਰਨ ਤੋਂ ਇਨ੍ਹਾਂ ਗੁਰੇਜ਼ ਨਹੀਂ ਕੀਤਾ। ਪਿਛਲੇ ਦਿਨਾਂ ਵਿਚ ਇਨ੍ਹਾਂ ਨੇ ਮੇਰੇ ਘਰ ਤੇ ਵੀ ਬੰਬ ਮਾਰਿਆ ਸੀ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇ ਇਨ੍ਹਾਂ ਨੂੰ ਇਸ ਤਰ੍ਹਾਂ ਦੇ ਕੰਮ ਕਰਕੇ ਕੁਝ ਚੰਗਾ ਮਿਲਦਾ ਹੈ ਤਾਂ ਅਸੀਂ ਕੁਰਬਾਨੀ ਕਰਨ ਲਈ ਵੀ ਤਿਆਰ ਹਾਂ। ਸਾਡੇ ਬਾਬਿਆਂ ਨੇ ਜੋ ਅਢਾਈ ਪਿਛੇ ਸੀਸ ਦੇ ਦਿੱਤੇ ਤਾਂ ਅਸੀਂ ਵੀ ਉਨ੍ਹਾਂ ਦੀ ਹੀ ਓਲਾਦ ਹਾਂ। ਅਸੀਂ ਵੀ ਪਿਛੇ ਨਹੀਂ ਹਟਾਂਗੇ। ਪਿਛੇ ਜਿਹੇ ਅਜਨਾਲਾ ਸਾਹਿਬ ਦੇ ਘਰ ਵੀ ਬੰਬ ਮਾਰਿਆ ਸੀ। ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਇਨ੍ਹਾਂ ਨੂੰ ਨਹੀਂ ਪੈਣਾ ਚਾਹੀਦਾ। ਸਾਡਾ ਅੰਮ੍ਰਿਤਸਰ ਜ਼ਿਲ੍ਹਾ ਬਾਰਡਰ ਦਾ ਜ਼ਿਲ੍ਹਾ ਹੈ। ਉਥੇ ਤਾਂ ਪਾਕਿਸਤਾਨ ਦੇ ਗੋਲੇ ਹੀ ਗਿਰਦੇ ਰਹੇ ਹਨ। ਜਦੋ ਜਹਿਦ ਵਿਚ ਵੀ ਇਨ੍ਹਾਂ ਨੂੰ ਆਰਾਮ ਨਹੀਂ ਆਉਂਦਾ। ਪੱਟੀ ਵਿੱਚ ਅਤੇ ਫੇਰ ਤਰਨਤਾਰਨ ਵਿਚ ਵੀ ਬੰਬ ਸੁੱਟੇ ਗਏ ਪਰ ਸਰਦਾਰ ਦਰਬਾਰਾ ਸਿੰਘ ਨੂੰ ਵਧਾਈ ਹੈ ਜਿਨ੍ਹਾਂ ਨੇ ਐਨੀ ਜਦੋ ਜਹਿਦ

Original with;
Punjab Vidhan Sabha
Digitized by;
Panjab Digital Library

ਵਿਚ ਵੀ ਡਿਵੈਲਪਮੈਂਟ ਦਾ ਕੰਮ ਰੁਕਣ ਨਹੀਂ ਦਿਤਾ ਅਤੇ ਪੰਜਾਬ ਦੀ ਡਿਵੈਲਪਮੈਂਟ ਵਿਚ ਸਭ ਤੋਂ ਵੱਡਾ ਹਿਸਾ ਪਾਇਆ ਹੈ। ਜਦੋਂ ਇਨ੍ਹਾਂ ਦੀ ਸਰਕਾਰ ਦੋ ਢਾਈ ਸਾਲ ਰਹੀ ਸੀ, ਤਾਂ ਇਨ੍ਹਾਂ ਨੇ ਜਗ੍ਹਾ ਜਗ੍ਹਾ ਤੇ ਬੋਰਡ ਲਗਵਾ ਦਿੱਤੇ ਸਨ ਕਿ ਗੋਇੰਦਵਾਲ, ਸਿੱਖੀ ਦਾ ਧੁਰਾ । ਪਰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਸਿਰਫ ਲਿਖਿਆ ਹੈ ਮੰਨਿਆ ਨਹੀਂ । ਇਸ ਨੂੰ ਸਰਦਾਰ ਦਰਬਾਰਾ ਸਿੰਘ ਨੇ ਮੰਨਿਆ ਹੈ। ਉਥੋਂ ਦੇ ਪ੍ਰਾਜੈਕਟ ਲਈ ਇਨ੍ਹਾਂ ਨੇ 100 ਕਰੋੜ ਰੁਪਿਆ ਰਖਿਆ ਹੈ। ਇੰਡਸਟਰੀ ਲਗ ਰਹੀ ਹੈ ਅਤੇ ਕੰਮ ਚਲ ਰਿਹਾ ਹੈ। ਸਰਕਾਰ ਇਕ ਗੱਲ ਵਿਚ ਲੱਗੀ ਹੈ ਕਿ ਇਧਰ ਕੋਈ ਰੁਕਾਵਟ ਨਾ ਪਵੇ । ਜਿਵੇਂ ਮੈਂ ਪਹਿਲਾਂ ਵੀ ਕਿਹਾ ਹੈ ਸਰਦਾਰ ਬੀਰਪਾਲ ਜੀ ਨੇ 15 ਫਰਵਰੀ, ਵਾਲੇ ਦਿਨ ਉਥੇ ਇਕ ਬਹੁਤ ਵੱਡੀ ਧਾਗਾ ਮਿਲ ਦਾ ਨੀਂਹ ਪੱਥਰ ਰਖਿਆ ਅਤੇ ਉਨ੍ਹਾਂ ਨੇ ਭਰੋਸਾ ਦਿਤਾ ਕਿ 1984 ਤੱਕ ਇਹ ਚਾਲੂ ਕਰ ਦਿਤੀ ਜਾਵੇਗੀ। ਉਥੇ 2500 ਗਰੀਬਾਂ ਨੇ ਕੰਮ ਕਰਨਾ ਹੈ ਤੇ ਰੁਜ਼ਗਾਰ ਤੇ ਲਗਣਾ ਹੈ। ਕਿਥੇ ਤਾਂ ਸਰਕਾਰ ਇਸ ਕੰਮ ਵਿਚ ਲਗੀ ਹੈ ਅਤੇ ਕਿਥੇ ਇਹ ਰੁਕਾਵਟਾਂ ਪਾਉਣ ਵਾਲੇ ਪਾਸੇ ਲਗੇ ਹਨ, ਘੇਰਾਓ ਕਰਨ ਵਲ ਲਗੇ ਹਨ । ਏਸੇ ਤਰ੍ਹਾਂ ਸਰਦਾਰ ਸੰਤੋਖ ਸਿੰਘ ਕੋਲ ਡਿਵੈਲਪਮੈਂਟ ਦਾ ਕੰਮ ਹੈ। ਸਰਕਾਰ ਨੇ 65 ਪਿੰਡਾਂ ਦੀਆਂ ਨਾਲੀਆਂ ਅਤੇ ਗਲੀਆਂ ਪੱਕੀਆਂ ਕਰਨ ਲਈ ਪੈਸੇ ਦਿੱਤੇ ਹਨ । ਮੇਰੇ ਹਲਕੇ ਵਿੱਚ ਚੌਧਰੀ ਕਾਸ਼ੀ ਰਾਮ ਦੇ ਡਿਪਾਰਟਮੈਂਟ ਵਲੋਂ ਦਰਿਆ ਦਾ ਸੱਪਰ ਲਗਾਉਣ ਵਾਸਤੇ ਕੰਮ ਚਾਲੂ ਹੈ। ਉਥੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਸੇਮ ਤੋਂ ਬਚਾਉਣ ਲਈ ਬੰਨ੍ਹ ਲਗਾਇਆ ਜਾਣਾ ਹੈ । ਇਨ੍ਹਾਂ ਨੂੰ ਵੀ ਆਪ ਸਮਝਣਾ ਵਿਚਾਰਨਾ ਚਾਹੀਦਾ ਹੈ ਅਤੇ ਜਿਹੜੀ ਦੁਖ ਤਕਲੀਫ ਹੈ, ਉਹ ਇਥੇ ਆ ਕੇ ਦੱਸਣੀ ਚਾਹੀਦੀ ਹੈ । ਬਾਕੀ ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਪੀਲੇ ਕਾਰਡ ਦਿੱਤੇ ਗਏ ਹਨ, ਇਨ੍ਹਾਂ ਗਰੀਬਾਂ ਨੂੰ ਕੋਈ ਖਾਸ ਫਾਇਦਾ ਨਹੀਂ ਪਹੁੰਚ ਰਿਹਾ ਕਿਉਂਕਿ ਡੀਪੂਆਂ ਤੋਂ ਜ਼ਰੂਰੀ ਵਸਤਾਂ ਦੂਸਰਿਆਂ ਨੂੰ ਹੀ ਮਿਲ ਜਾਂਦੀਆਂ ਹਨ ਅਤੇ ਗਰੀਬ ਆਦਮੀ ਨੂੰ ਨਹੀਂ ਪੁਛਿਆ ਜਾਂਦਾ। ਸਰਕਾਰ ਇਸ ਗਲ ਵਲ ਧਿਆਨ ਦੇਵੇ। ਹੋਰ ਜਿਹੜੇ ਟਿਊਬਵੈਲਜ਼ ਦੇ ਕੁਨੈਕਸ਼ਨਜ਼ ਦਿੱਤੇ ਜਾਂਦੇ ਹਨ, ਉਨ੍ਹਾਂ ਲਈ 3000 ਰੁਪਿਆ ਸਿਕਿਉਰਿਟੀ ਲਈ ਜਾਂਦੀ ਹੈ । ਛੋਟੇ ਛੋਟੇ ਕਿਸਾਨ ਵੀ ਹਨ ਜਿਨ੍ਹਾਂ ਕੋਲ ਸਿਰਫ 5 ਜਾਂ 10 ਕਿਲੇ ਜ਼ਮੀਨ ਹੁੰਦੀ ਹੈ । ਸਰਕਾਰ ਨੂੰ ਉਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਬੇਟ ਏਰੀਏ ਦੇ ਕਿਸਾਨ ਇੰਨੀ ਰਕਮ ਅਫੋਰਡ ਨਹੀਂ ਕਰ ਸਕਦੇ। ਸਰਕਾਰ ਨੂੰ ਇਸ ਗਲ ਦਾ ਖਿਆਲ ਰਖਣਾ ਚਾਹੀਦਾ ਹੈ । ਇਸ ਤਰ੍ਹਾਂ ਚੇਅਰਮੈਨ ਸਾਹਿਬ, ਜਿਹੜੇ ਚੰਗੇ ਕੰਮ ਕਰਨਗੇ ਲੋਕੀਂ ਜ਼ਰੂਰ ਉਨ੍ਹਾਂ ਦੀ ਇਜ਼ਤ ਕਰਦੇ ਹਨ। ਜਿਵੇਂ ਕਿ ਮੇਰੇ ਭਾਈ ਨੇ ਦਸਿਆ ਹੈ ਕਿ ਜੋ ਕੋਈ ਨੇਕ ਕੰਮ ਕਰਨ ਤਾਂ ਕੁਰਸੀ ਉਨ੍ਹਾਂ ਨੂੰ ਹੀ ਮਿਲਦੀ ਹੈ । ਚੇਅਰਮੈਨ ਸਾਹਿਬ, ਇਨ੍ਹਾਂ ਦਾ ਯੁੱਧ ਕੇਵਲ ਧਰਮ ਯੁੱਧ ਹੀ ਨਹੀਂ ਇਹਨਾਂ ਦਾ ਯੁੱਧ ਕੁਰਸੀ ਵਾਸਤੇ ਹੈ। ਕੁਰਸੀ ਤਾਂ ਮੈਂ ਕਹਿੰਦਾ ਹਾਂ ਕਿ ਲੋਕਾਂ ਨੇ ਦੇਣੀ ਹੈ। ਜਿਹੜੇ ਚੰਗੇ ਕੰਮ ਕਰਨਗੇ ਉਨ੍ਹਾਂ ਨੂੰ ਹੀ ਮਿਲਣੀ ਹੈ। ਜਿਹੜੇ ਮਾੜੇ ਕੰਮ ਕਰਨਗੇ ਉਸ ਨੂੰ ਕੁਰਸੀ ਨਹੀਂ ਮਿਲਣੀ। ਸੋ ਚੇਅਰਮੈਨ ਸਾਹਿਬ, ਅੰਤ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ।

**ਮਾਸਟਰ ਦਲੀਪ ਚੰਦ** (ਬਲਾਚੌਰ) : ਸਤਿਕਾਰਯੋਗ ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿਉਂਕਿ ਆਪ ਜੀ ਨੇ ਮੈਨੂੰ ਗਵਰਨਰ ਐਡਰੈਸ ਤੇ ਸਰਦਾਰ ਜਗਦੇਵ ਸਿੰਘ ਜੱਸੋਵਾਲ ਵਲੋਂ ਰਖੇ ਧੰਨਵਾਦ ਦੇ ਪ੍ਰਸਤਾਵ ਦੀ ਤਾਈਦ ਕਰਨ ਦੀ ਆਗਿਆ ਦਿਤੀ ਹੈ। ਚੇਅਰਮੈਨ ਸਾਹਿਬ, ਇਹ ਤੁਹਾਨੂੰ ਪਤਾ ਹੀ ਹੈ ਕਿ ਜਦੋਂ ਤੋਂ ਦੇਸ਼ ਆਜ਼ਾਦ ਹੋਇਆ ਹੈ, ਜਦੋਂ ਵੀ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਆਈ ਤਾਂ ਦੇਸ਼ ਨੇ, ਪੰਜਾਬ ਨੇ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕੀਤੀ। ਇਹ ਪੱਕੀ ਗੱਲ ਹੈ ਕਿ ਜਿਸ ਵੇਲੇ ਵੀ ਦੇਸ਼ ਦੇ ਵਿਚ ਡਿਵੈਲਪਮੈਂਟ ਸ਼ੁਰੂ ਹੋ ਜਾਂਦੀ ਹੈ

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

ਤਾਂ ਆਪੋਜੀਸ਼ਨ ਵਾਲੇ ਇਸ ਨੂੰ ਬਰਦਾਸਤ ਨਹੀਂ ਕਰਦੇ। ਲੇਕਿਨ ਚਾਹੀਦਾ ਇਹ ਹੈ ਕਿ ਉਹ ਇਸ ਨੂੰ ਬਰਦਾਸ਼ਤ ਜ਼ਰੂਰ ਕਰਨ। ਮੈਂ ਵੀ ਦੇਖਿਆ ਹੈ ਕਿ 70 ਤੋਂ ਲੈ ਕੇ ਹੁਣ ਤਕ ਜਿਹੜਾ ਟਾਈਮ ਪਹਿਲਾਂ ਸੀ ਸਾਡੀ ਸਰਕਾਰ ਨੇ ਪੰਜ ਸਾਲ ਰਾਜ ਕੀਤਾ। ਉਸ ਪੀਰੀਅਡ ਵਿਚ ਪੰਜਾਬ ਵਿਚ ਬੜੀ ਤਰੱਕੀ ਹੋਈ। ਔਰ ਉਸ ਤੋਂ ਬਾਅਦ ਇਹ ਆਏ ਅਤੇ ਹੁਣ ਤਿੰਨ ਸਾਲਾਂ ਤੋਂ ਬਾਅਦ ਫਿਰ ਸਾਡੀ ਸਰਕਾਰ ਆਈ ਹੈ ਤਾਂ ਆਪੋਜੀਸ਼ਨ ਵਾਲੇ ਅਕਾਲੀ ਪਾਰਟੀ ਵਾਲਿਆਂ ਨੇ ਇਹ ਮਹਿਸੂਸ ਕੀਤਾ ਕਿ ਜਿਸ ਤਰ੍ਹਾਂ ਪਹਿਲਾਂ ਪੰਜ ਸਾਲ ਕਾਂਗਰਸ ਸਰਕਾਰ ਨੇ ਤਰੱਕੀ ਕੀਤੀ ਹੈ ਜੇ ਹੁਣ ਵੀ ਇਸੇ ਸਪੀਡ ਨਾਲ ਹੀ ਤਰੱਕੀ ਹੁੰਦੀ ਗਈ ਤਾਂ ਮੇਰਾ ਖਿਆਲ ਹੈ ਕਿ ਪੰਜਾਬ ਵਿਚ ਕਿਸੇ ਪੱਖ ਵਿਚ ਕੋਈ ਕਮੀ ਨਹੀਂ ਰਹਿਣ ਦੇਣੀ। ਕਿਉਂਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਕਾਰ ਕਰਦਗੀ ਨੂੰ ਆਪੋਜੀਸ਼ਨ ਸ਼ੁਰੂ ਤੋਂ ਹੀ ਜਾਣਦੇ ਹਨ ਕਿ ਇਹਨਾਂ ਨੇ ਆਪਣਾ ਸਾਰਾ ਜੀਵਨ ਆਪਣੇ ਦੇਸ਼ ਦੀ ਤਰੱਕੀ ਵਾਸਤੇ ਖਰਚ ਕੀਤਾ ਔਰ ਤਿੰਨ ਸਾਲਾਂ ਵਿੱਚ ਤੁਸੀਂ ਦੇਖਿਆ ਹੈ ਕਿ ਇਨ੍ਹਾਂ ਫਿਰਕੂ, ਵੱਖ ਵਾਦ ਅਨਸਰਾਂ ਨੇ ਰਾਜ ਵਿੱਚ, ਦੇਸ਼ ਵਿੱਚ ਗੜਬੜ ਕਰਨ ਦਾ ਹਮੇਸ਼ਾ ਯਤਨ ਕੀਤਾ ਜਿਸ ਵਿੱਚ ਸਾਡੀ ਸਰਕਾਰ ਨੇ ਔਰ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੇ ਆਪਣੀ ਬੜੀ ਲਿਆਕਤ ਨਾਲ ਇਨ੍ਹਾਂ ਨੂੰ ਬੁਰੀ ਤਰ੍ਹਾਂ ਦਬਾਇਆ। ਇਨ੍ਹਾਂ ਦੇ ਦਿਮਾਗ ਵਿੱਚ ਜਿਹੜੀ ਪਲਾਨ ਸੀ ਉਸ ਨੂੰ ਪੂਰੀ ਤਰ੍ਹਾਂ ਫੇਲ੍ਹ ਕੀਤਾ ਕਿਉਂਕਿ ਇਹ ਹਿੰਦੂ ਸਿੱਖ ਏਕਤਾ ਵਿਚ ਵਿਤਕਰਾ ਪਾਉਣਾ ਚਾਹੁੰਦੇ ਸੀ। ਛੋਟੇ ਵਰਗਾਂ ਨੂੰ ਕਮਜ਼ੋਰ ਕਰਨਾ ਚਾਹੁੰਦੇ ਸੀ। ਉਹ ਤਾਂ ਪਹਿਲਾਂ ਹੀ ਕਮਜ਼ੋਰੀ ਦੇ ਨੇੜੇ ਹਨ। ਉਸ ਦੇ ਨਾਲ ਹੀ ਸਾਡੀ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ 20 ਨੁਕਾਤੀ ਪ੍ਰੋਗਰਾਮ ਦਿਤਾ ਜਿਹੜਾ ਕਿ ਗਰੀਬ ਲੋਕਾਂ ਦੇ ਜੀਵਨ ਨੂੰ ਉੱਚਾ ਕਰਨ ਵਾਸਤੇ ਬਣਾਇਆ ਗਿਆ ਹੈ। ਇਸ ਵਾਸਤੇ ਮੈਂ ਪੰਜਾਬ ਸਰਕਾਰ ਨੂੰ ਵਧਾਈ ਦੇਂਦਾ ਹਾਂ ਕਿ ਇਹਨਾਂ ਨੇ 20 ਨੁਕਾਤੀ ਪ੍ਰੋਗਰਾਮ ਵਾਸਤੇ ਵੱਖਰਾ ਹੀ ਸੈੱਲ ਬਣਾ ਦਿੱਤਾ ਹੈ ਜਿਸ ਨਾਲ ਅੱਜ ਸਾਰੇ ਪੰਜਾਬ ਵਿੱਚ ਮੈਂ ਸਮਝਦਾ ਹਾਂ ਕਿ ਇਸ 20 ਨੁਕਾਤੀ ਪ੍ਰੋਗਰਾਮ ਦੇ ਲਾਗੂ ਹੋਣ ਨਾਲ ਹਰ ਪੱਖ ਤੋਂ ਤਰੱਕੀ ਹੋ ਰਹੀ ਹੈ। ਚੇਅਰਮੈਨ ਸਾਹਿਬ, 1976 ਦੀ ਗੱਲ ਹੈ। ਉਸ ਵੇਲੇ ਵੀ ਸਾਡੀ ਕਾਂਗਰਸ ਦੀ ਸਰਕਾਰ ਸੀ। ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਨੂੰ ਮੈਂ ਵੀ ਅਕਾਲੀ ਵੀਰਾਂ ਦਾ ਭਾਸ਼ਨ ਸੁਣ ਰਿਹਾ ਸੀ। ਉਸ ਵੇਲੇ ਇਨ੍ਹਾਂ ਦੀ ਸਿਰਫ ਧਾਰਮਿਕ ਮੰਗਾਂ ਦੀ ਹੀ ਮੰਗ ਸੀ। ਹੋਰ ਕੋਈ ਉਸ ਸਮੇਂ ਇਨ੍ਹਾਂ ਦੀ ਡੀਮਾਂਡ ਨਹੀਂ ਸੀ। ਉਸ ਤੋਂ ਬਾਅਦ 1977 ਵਿਚ ਇਨ੍ਹਾਂ ਦੀ ਪਾਰਟੀ ਆਈ। 1978–79 ਵਿਚ ਵੀ ਇਹੀ ਸੀ, ਸਿਰਫ ਪੰਜਾਬ ਵਿਚ ਹੀ ਨਹੀਂ ਦਿੱਲੀ ਵਿੱਚ ਵੀ ਸੈਂਟਰ ਸਰਕਾਰ ਇਨ੍ਹਾਂ ਦੀ ਆਪਣੀ ਹੀ ਸੀ। ਲੇਕਿਨ ਉਸ ਵਕਤ ਇਨ੍ਹਾਂ ਨੇ ਆਪਣੀਆਂ ਧਾਰਮਿਕ ਮੰਗਾਂ ਵੱਲ ਕੋਈ ਧਿਆਨ ਨਹੀਂ ਦਿਤਾ ਔਰ ਉਸ ਤੋਂ ਬਾਅਦ ਅੱਜ ਜਦੋਂ ਕਿ ਸਾਡੀ ਪ੍ਰਾਈਮ ਮਨਿਸਟਰ, ਸ੍ਰੀਮਤੀ ਇੰਦਰਾ ਗਾਂਧੀ, ਨੇ ਐਲਾਨ ਕਰ ਦਿੱਤਾ ਤੇ ਇਨ੍ਹਾਂ ਦੀਆਂ ਧਾਰਮਿਕ ਮੰਗਾਂ ਮੰਨਣ ਤੋਂ ਮਗਰੋਂ ਉਹਨਾਂ ਨੇ ਤੁਰੰਤ ਅਮਲ ਵੀ ਸ਼ੁਰੂ ਕਰ ਦਿਤਾ ਹੈ ਜਿਸ ਤਰ੍ਹਾਂ ਕਿ ਤੁਸੀਂ ਅਖਬਾਰ ਵਿਚ ਅੱਜ ਪੜ੍ਹਿਆ ਹੋਵੇਗਾ ਕਿ ਅੰਮ੍ਰਿਤਸਰ ਤੋਂ 14 ਮਾਰਚ ਤੋਂ ਧਾਰਮਿਕ ਪ੍ਰੋਗਰਾਮ ਰੀਲੇਅ ਹੋਇਆ ਕਰਨਗੇ, ਇਸ ਨਾਲ ਸ੍ਰੀਮਤੀ ਗਾਂਧੀ ਨੇ ਸਾਬਤ ਕਰ ਦਿਤਾ ਹੈ ਕਿ ਜੋ ਤੁਹਾਡੀਆਂ ਮੰਗਾਂ ਧਾਰਮਿਕ ਹਨ ਉਨ੍ਹਾਂ ਤੇ ਅਮਲ ਸ਼ੁਰੂ ਕਰ ਦਿਤਾ ਗਿਆ ਹੈ। ਮੈਂ, ਚੇਅਰਮੈਨ ਸਾਹਿਬ, ਇਹ ਸਮਝਦਾ ਹਾਂ ਕਿ ਅੱਜ ਦੇ ਜ਼ਮਾਨੇ ਵਿਚ ਕੰਮ ਕਰਨਾ ਬੜਾ ਔਖਾ ਹੋ ਗਿਆ ਹੈ। ਲੇਕਿਨ ਨੁਕਤਾਚੀਨੀ ਕਰਨਾ ਬਹੁਤ ਆਸਾਨ ਹੈ। ਅੱਜ ਸਾਡੇ ਚੀਫ ਮਨਿਸਟਰ ਸਾਹਿਬ ਨੇ ਜਿਸ ਤਰ੍ਹਾਂ ਆਪੋਜੀਸ਼ਨ ਕਹਿ ਰਹੀ ਹੈ, ਮੈਂ ਸਮਝਦਾ ਹਾਂ ਕਿ ਇਨ੍ਹਾਂ ਦੋ ਢਾਈ ਸਾਲਾਂ ਵਿਚ ਇਤਨੀਆਂ ਤਕਲੀਫਾਂ ਦੇ ਬਾਵਜੂਦ ਵੀ ਪੰਜਾਬੀ ਦੀ ਡਿਵੈਲਪਮੈਂਟ ਨਹੀਂ ਰੁਕਣ ਦਿਤੀ। ਇਤਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਕੇ ਵੀ ਇੰਡਸਟਰੀ ਦੇ ਵਿਕਾਸ ਲਈ ਵੱਡੇ ਵੱਡੇ ਪ੍ਰਾਜੈਕਟ 27/28 ਦੇ ਕਰੀਬ ਸਾਡੇ

Original with;
Punjab Vidhan Sabha
Digitized by;
Panjab Digital Library

ਸੂਬੇ ਵਿੱਚ ਚਲ ਰਹੇ ਹਨ। ਅਸੀਂ ਉੱਨਤੀ ਕੀਤੀ ਹੈ ਔਰ ਇਹਨਾਂ ਭਰਾਵਾਂ ਨੇ ਜਿਥੇ ਪੰਜਾਬ ਦੀ ਤਰੱਕੀ ਵਾਸਤੇ ਕੁਝ ਕਰਨਾ ਸੀ ਉਥੇ ਇਹਨਾਂ ਨੇ 15/20 ਕਰੋੜ ਰੁਪਿਆ ਸਾਡੀ ਸਰਕਾਰ ਦਾ ਜਿਹੜਾ ਸੀ ਉਹ ਵਿਅਰਥ ਖਰਚ ਕਰਵਾ ਦਿਤਾ ਜਿਸ ਨਾਲ ਸਾਡੀ ਅੱਜ ਤਰੱਕੀ ਰੁਕ ਰਹੀ ਹੈ। ਆਪੋ-ਜ਼ੀਸ਼ਨ ਵਾਲੇ ਭਰਾਵਾਂ ਨੂੰ ਚਾਹੀਦਾ ਸੀ ਕਿ ਉਹ ਸੈਸ਼ਨ ਵਿਚ ਆਉਂਦੇ ਇਥੇ ਆ ਕੇ ਆਪਣੇ ਹਲਕੇ ਦੀਆਂ ਤਕਲੀਫਾਂ ਨੂੰ ਹਾਊਸ ਵਿੱਚ ਰਖਦੇ ਔਰ ਉਹਨਾਂ ਦੀ ਜਿਹੜੀ ਡਿਊਟੀ ਲੋਕਾਂ ਨੇ ਲਾਈ ਹੈ ਉਸ ਨੂੰ ਪੂਰਾ ਕਰਦੇ। ਲੇਕਿਨ ਉਹ ਪਿਛਲੇ ਕਾਫੀ ਲੰਮੇ ਸਮੇਂ ਤੋਂ ਪੰਜਾਬ ਦੀ ਤਰੱਕੀ ਦਾ ਕੋਈ ਕੰਮ ਨਹੀਂ ਹੋਣ ਦਿੰਦੇ। ਉਹ ਪਿਛਲੇ ਸੈਸ਼ਨ ਵਿਚ ਨਹੀਂ ਆਏ ਔਰ ਹੁਣ ਉਹਨਾਂ ਨੇ ਇਹ ਵੀ ਛੱਡ ਦਿਤਾ। ਉਹ ਹਮੇਸ਼ਾ ਗੜਬੜ ਵਾਲੇ ਪਾਸੇ ਚੱਲ ਰਹੇ ਹਨ। ਕਿਉਂਕਿ ਉਹ ਫੇਲ੍ਹ ਹੋ ਚੁੱਕੇ ਹਨ। ਚੇਅਰਮੈਨ ਸਾਹਿਬ, ਮੈਂ ਇਕ ਮਿਸਾਲ ਦੱਸਦਾ ਹਾਂ ਕਿ ਇੱਕ ਪਿੰਡ ਵਿਚ ਸਵੇਰ ਦੇ ਸਮੇਂ ਕੋਈ ਚਾਰ ਵਜੇ ਦੇ ਲਗ ਭਗ ਇਕ ਬੁੱਢੀ ਉਠ ਕੇ ਸਹਿਜੇ ਹੀ ਆਪਣੇ ਘਰ ਵਿੱਚ ਬੈਠ ਕੇ ਰੋਣ ਲੱਗ ਪਈ। ਜਿਸ ਵੇਲੇ ਦਿਨ ਚੜ੍ਹਨਾ ਸ਼ੁਰੂ ਹੋਇਆ ਤਾਂ ਉਸ ਦੀਆ ਗੁਆਂਢਣਾਂ ਵੀ ਆਉਣ ਲੱਗ ਗਈਆਂ ਅਤੇ ਉਹਨਾਂ ਨੇ ਵੀ ਉਸ ਨੂੰ ਰੋਂਦੀ ਦੇਖ ਕੇ ਨਾਲ ਹੀ ਰੋਣਾ ਸ਼ੁਰੂ ਕਰ ਦਿਤਾ। ਜਿਸ ਵੇਲੇ ਉਹਨਾਂ ਨੂੰ ਰੋਂਦੀਆਂ ਨੂੰ ਘੰਟਾ ਕੁ ਹੋ ਗਿਆ ਤਾਂ ਉਨ੍ਹਾਂ ਵਿਚੋਂ ਇਕ ਦੂਜੀ ਨੂੰ ਪੁੱਛਣ ਲੱਗੀ ਕਿ ਗੱਲ ਕੀ ਹੈ? ਜਦੋਂ ਦੋ ਤਿੰਨ ਘੰਟੇ ਹੋ ਗਏ ਤਾਂ ਇਕ ਬੁੱਢੀ ਆਈ ਉਹ ਕਹਿਣ ਲਗੀ ਕਿ ਜਿਹੜਾ ਨੁਕਸਾਨ ਹੋਣਾ ਸੀ ਉਹ ਤਾਂ ਹੋ ਗਿਆ ਜਿਹੜਾ ਧਰਤੀ ਤੇ ਆਇਆ ਹੈ ਉਸ ਨੇ ਵਾਪਿਸ ਵੀ ਤਾਂ ਜਾਣਾ ਹੈ। ਪਰ ਉਹ ਵੀ ਐਵੇਂ ਹੀ ਆਖੀ ਜਾ ਰਹੀ ਸੀ। ਜਦੋਂ ਉਸ ਨੇ ਘੰਰ ਦੀ ਮਾਲਕਣ ਤੋਂ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਜਦੋਂ ਮੈਂ ਅੱਜ ਸਵੇਰੇ ਉਠੀ ਤਾਂ ਮੈਂ ਸਮਝਿਆ ਕਿ ਅੱਜ ਵੇਹਲੀ ਹਾਂ ਸੋ ਵੇਹਲੀ ਹੋਣ ਕਰਕੇ ਇਹ ਕੰਮ ਹੀ ਕਰ ਲਵਾਂ। ਸੋ ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਅਕਾਲੀ ਭਰਾ ਹੁਣ ਪੂਰੀ ਤਰ੍ਹਾਂ ਵੇਹਲੇ ਹਨ। ਇਨ੍ਹਾਂ ਨੂੰ ਪੂਰਾ ਸਮਾਂ ਮਿਲ ਗਿਆ ਹੈ। ਹੁਣ ਤਾਂ ਨਾਂ ਇਹ ਹਾਊਸ ਵਿੱਚ ਆਉਂਦੇ ਹਨ ਔਰ ਨਾ ਹੀ ਆਪਣਾ ਪੱਖ ਪੇਸ਼ ਕਰਦੇ ਹਨ। ਉਸ ਮਿਸਾਲ ਵਾਂਗ ਆਪਣਾ ਰੋਸ ਦਸਦੇ ਹਨ। ਮੈਂ ਕੁਝ ਸਰਕਾਰ ਦੀ ਅਚੀਵਮੈਂਟ ਬਾਰੇ 72 ਤੋਂ 78 ਤੱਕ ਦੱਸਣਾ ਚਾਹੁੰਦਾ ਹਾਂ ਕਿ ਆਪਣੇ ਸਤਿਕਾਰਯੋਗ ਸੀ. ਐਮ. ਸਾਹਿਬ ਤੇ ਐਫ. ਐਮ. ਸਾਹਿਬ ਪਾਸ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਕੰਡੀ ਕੈਨਾਲ ਦਾ ਕੰਮ ਸ਼ੁਰੂ ਹੋਇਆ ਹੈ ਜਿਹੜਾ ਕਿ ਭਾਸ਼ਣ ਵਿਚ ਵੀ ਆ ਚੁੱਕਾ ਹੈ। ਸਾਡੀ ਬੇਨਤੀ ਹੈ ਕਿ ਬਲਾਚੌਰ ਹਲਕੇ ਵਿਚ ਇਹ ਕੰਮ ਜਲਦੀ ਸ਼ੁਰੂ ਹੋਣਾ ਚਾਹੀਦਾ ਹੈ ਤਾਂਕਿ ਲੋਕਾਂ ਨੂੰ ਯਕੀਨ ਹੋ ਜਾਵੇ, ਉਹਨਾਂ ਨੂੰ ਕੁਝ ਹੌਂਸਲਾ ਹੋ ਜਾਵੇ। ਕਿਉਂਕਿ ਇਕ ਸਾਲ ਤੋਂ ਸੋਕਾ ਪਿਆ ਹੋਇਆ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਇਸ ਨਹਿਰ ਤੋਂ ਉਪਰ ਮੇਰੇ ਹਲਕੇ ਵਿਚ 34 ਪਿੰਡ ਅਜਿਹੇ ਹਨ ਜਿਹੜੇ ਨਹਿਰ ਤੋਂ ਉਪਰ ਪਹਾੜੀ ਇਲਾਕੇ ਵਿਚ ਆਉਂਦੇ ਹਨ। ਉਹਨਾਂ ਬਾਰੇ ਸਰਕਾਰ ਨੂੰ ਪਹਿਲਾਂ ਵੀ ਮੈਂ ਪਰਪੋਜ਼ਲ ਭੇਜੀ ਸੀ ਕਿ ਸੋਇਆ ਬਲਾਕ ਵਿਚ 10 ਟਿਊਬਵੈੱਲ ਔਰ ਬਲਾਚੌਰ ਬਲਾਕ ਵਿਚ 15 ਟਿਊਬਵੈਲ ਲੱਗਣੇ ਚਾਹੀਦੇ ਹਨ। ਇਹ ਸਾਰੀ ਸਕੀਮ ਤਿਆਰ ਹੋ ਚੁੱਕੀ ਹੈ। ਇਨ੍ਹਾਂ ਪਿੰਡਾਂ ਵਿੱਚ ਇਹ 25 ਟਿਊਬਵੈਲ ਜਲਦੀ ਲੱਗਣੇ ਚਾਹੀਦੇ ਹਨ।

ਬਾਕੀ ਕੇ. ਪੀ. ਸਾਹਿਬ ਬੈਠੇ ਹਨ। ਇਨ੍ਹਾਂ ਦੇ ਮਹਿਕਮੇਂ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ। ਪੰਜਾਬ ਵਿਚ ਮਿਡਲ ਅਤੇ ਹਾਈ ਸਕੂਲਾਂ ਵਿਚ ਨਲਕੇ ਜ਼ਰੂਰ ਲਗਣੇ ਚਾਹੀਦੇ ਹਨ ਕਿਉਂਕਿ ਨਲਕੇ ਨਾ ਹੋਣ ਕਰਕੇ ਉਥੇ ਬੱਚਿਆਂ ਨੂੰ ਪੀਣ ਦੇ ਪਾਣੀ ਦੀ ਬੜੀ ਔਖ ਮਹਿਸੂਸ ਹੁੰਦੀ ਹੈ। ਇਸ ਦੇ ਨਾਲ ਹੀ ਗੁਰਦਵਾਰਿਆਂ ਅਤੇ ਮੰਦਰਾਂ ਵਿਚ ਵੀ ਇੱਕ ਇੱਕ ਪੁਆਇੰਟ ਚਾਹੀਦਾ ਹੈ। ਇਸ ਦੇ ਨਾਲ ਹੀ ਬਿਜਲੀ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਔਰ ਖਾਸ ਤੌਰ ਤੇ ਮੈਂ ਕੰਡੀ ਏਰੀਆ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਉਥੇ ਸਿਕਿਉਰਿਟੀ ਲਈ ਜੋ ਲਿਮਿਟ ਰਖੀ ਗਈ ਹੈ,

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

ਉਸ ਨਾਲ ਉਥੇ ਹਾਹਾਕਾਰ ਮਚੀ ਹੋਈ ਹੈ। ਪਹਿਲਾਂ ਸਿਕਿਉਰਿਟੀ ਦੇ 15 ਰੁਪਏ ਦੇਣੇ ਪੈਂਦੇ ਸਨ। ਪਰ ਹੁਣ 100 ਰੁਪਏ ਦੇਣੇ ਪੈਂਦੇ ਹਨ। ਇਸ ਵਲ ਧਿਆਨ ਦੇਣ ਦੀ ਲੋੜ ਹੈ।

ਪਾਂਡੇ ਸਾਹਿਬ ਇਸ ਵੇਲੇ ਇਥੇ ਬੈਠੇ ਨਹੀਂ ਹਨ। ਆਪਣੇ ਹਲਕੇ ਬਾਰੇ ਮੈਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ। 1974 ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਮੇਰੇ ਹਲਕੇ ਵਿਚ ਇਕ ਹਸਪਤਾਲ ਮਨਜ਼ੂਰ ਹੋਇਆ ਸੀ। ਇਸ ਲਈ ਜ਼ਮੀਨ ਐਕੁਆਇਰ ਹੋ ਚੁੱਕੀ ਹੈ। ਪਰ ਬਿਲਡਿੰਗ ਦਾ ਕੰਮ ਸ਼ੁਰੂ ਨਹੀਂ ਹੋਇਆ। ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਚੌਧਰੀ ਜਗਤ ਰਾਮ, ਮਨਿਸਟਰ ਸਾਹਿਬ ਇਸ ਵੇਲੇ ਇਥੇ ਬੈਠੇ ਹਨ। ਸਾਰੇ ਪੰਜਾਬ ਵਿਚ 12,188 ਪਿੰਡ ਹਨ। ਇਨ੍ਹਾਂ ਵਿਚੋਂ ਸੱਤ ਅੱਠ ਹਜ਼ਾਰ ਪਿੰਡ ਅਜਿਹੇ ਹਨ ਜਿਨ੍ਹਾਂ ਦੀਆਂ ਧਰਮਸਾਲਾਂ ਦੇ 8–10 ਸਾਲਾਂ ਤੋਂ ਕਿਸੇ ਦੀ ਛੱਤ ਨਹੀਂ ਹੈ ਔਰ ਕਿਸੇ ਦਾ ਫਰਸ਼ ਨਹੀਂ ਹੈ। ਅਗਰ ਇਸ ਸਾਲ ਢਾਈ ਲੱਖ ਰੁਪਿਆ ਇਸ ਕੰਮ ਲਈ ਕੱਢ ਲਿਆ ਜਾਏ ਤਾਂ ਇਸ ਤਰ੍ਹਾਂ 3,000 ਪ੍ਰਤੀ ਧਰਮਸ਼ਾਲਾ ਦੇ ਹਿਸਾਬ ਨਾਲ ਕਈ ਧਰਮਸ਼ਾਲਾਂ ਦਾ ਸੁਧਾਰ ਹੋ ਸਕਦਾ ਹੈ ਅਤੇ ਇਨ੍ਹਾਂ ਦੀਆਂ ਮੁਰੰਮਤਾਂ ਹੋ ਸ਼ਕਦੀਆਂ ਹਨ।

ਚੌਧਰੀ ਕਾਂਸ਼ੀ ਰਾਮ ਜੀ, ਐਗਰੀਕਲਚਰਲ ਮਨਿਸਟਰ ਸਾਹਿਬ, ਨੂੰ ਵੀ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਲੋਕਾਂ ਦੀਆਂ ਜ਼ਮੀਨਾਂ ਵਿਚ ਦਰਖਤ ਲਗਵਾਉਣ ਲਈ ਇਨ੍ਹਾਂ ਨੇ ਸਾਢੇ ਚਾਰ ਕਰੋੜ ਰੁਪਿਆ ਰਖਿਆ ਹੈ। ਮੈਂ ਬੇਨਤੀ ਕਰਦਾ ਹਾਂ ਸਾਂਝੀ ਜ਼ਮੀਨ ਵਿਚ ਘੱਟ ਦਰਖਤ ਲਗਾਏ ਜਾਣ ਕਿਉਂਕਿ ਉਥੇ ਇਨ੍ਹਾਂ ਦਰਖਤਾਂ ਦੀ ਦੇਖ ਭਾਲ ਕਰਨ ਵਾਲਾ ਕੋਈ ਨਹੀਂ ਹੁੰਦਾ। ਇਹ ਦਰਖਤ ਲੋਕਾਂ ਦੀਆਂ ਆਪਣੀਆਂ ਜ਼ਮੀਨਾਂ ਵਿਚ ਲਗਵਾਏ ਜਾਣ ਤਾਂਕਿ ਉਹ ਇਨ੍ਹਾਂ ਦੀ ਦੇਖ ਭਾਲ ਵੀ ਕਰ ਸਕਣ।

ਫਾਈਨਾਂਸ ਮਨਿਸਟਰ ਸਾਹਿਬ ਨੂੰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਲਾਚੌਰ ਵਿਚ ਐਸ. ਡੀ. ਐਮ. ਸਾਹਿਬ ਵਾਸਤੇ ਨਾ ਕੋਰਟ ਲਗਾਉਣ ਵਾਸਤੇ ਕੋਈ ਜਗ੍ਹਾ ਹੈ ਔਰ ਨਾ ਹੀ ਉਨ੍ਹਾਂ ਦੇ ਰਹਿਣ ਵਾਸਤੇ ਕੋਈ ਮਕਾਨ ਹੈ। ਇਸ ਵੇਲੇ ਸੰਮਤੀ ਦੇ ਦਫਤਰ ਵਿਚ ਉਹ ਆਪਣੀ ਕੋਰਟ ਲਗਾਉਂਦੇ ਹਨ ਔਰ ਬਤੌਰ ਰੈਜ਼ੀਡੈਂਸ ਵੀ ਉਸ ਨੂੰ ਹੀ ਇਸਤੇਮਾਲ ਕਰਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਉਥੇ ਸਬ-ਡਵੀਜ਼ਨ ਵਿਚ ਐਸ. ਡੀ. ਐਮ. ਵਾਸਤੇ ਕੋਰਟ ਲਈ ਅਤੇ ਰਹਿਣ ਲਈ ਜ਼ਰੂਰ ਜਗ੍ਹਾ ਬਣਾਉਣੀ ਚਾਹੀਦੀ ਹੈ।

ਕੇ. ਪੀ. ਸਾਹਿਬ ਤੁਹਾਡੀ ਮੇਹਰਬਾਨੀ ਨਾਲ ਅਤੇ ਸੀ. ਐਮ. ਸਾਹਿਬ ਦੀ ਮਿਹਰਬਾਨੀ ਨਾਲ ਮੇਰੇ ਹਲਕੇ ਵਿਚ ਇੰਡਸਟਰੀ ਬਹੁਤ ਲਗ ਗਈ ਹੈ। ਜਿਸ ਵੇਲੇ ਮੇਰੇ ਵੀਰ ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਲੰਘਦੇ ਹਨ ਤਾਂ ਉਹ ਦੇਖਦੇ ਹਨ ਕਿ ਵਾਕਿਆ ਹੀ ਫੈਕਟਰੀਆਂ ਬਹੁਤ ਉਥੇ ਲਗਾਈਆਂ ਗਈਆਂ ਹਨ। ਪਰ ਸਭ ਤੋਂ ਬੜੀ ਘਾਟ ਇਹ ਹੈ ਕਿ ਉਥੇ ਦੇ ਲੋਕਾਂ ਨੂੰ ਰੁਜ਼ਗਾਰ ਬਹੁਤ ਘਟ ਮਿਲ ਰਿਹਾ ਹੈ। ਇਹ ਜ਼ਰੂਰ ਕਰ ਦੇਣਾ ਚਾਹੀਦਾ ਹੈ ਕਿ ਉਥੇ ਜੋ ਫੈਕਟਰੀਆਂ ਲਗੀਆਂ ਹਨ ਉਨ੍ਹਾਂ ਵਿਚ ਐਮਪਲਾਇਮੈਂਟ ਲਈ ਵੀ ਉਥੋਂ ਦੇ ਲੋਕਾਂ ਦਾ ਕੋਟਾ ਫਿਕਸ ਕਰ ਦੇਣਾ ਚਾਹੀਦਾ ਹੈ ਕਿ ਇਸ ਇਲਾਕੇ ਦੇ ਲੋਕਾਂ ਨੂੰ ਐਨੇ ਪਰਸੈਂਟ ਜ਼ਰੂਰ ਐਂਪਲਾਏਮੈਂਟ ਮਿਲਣੀ ਚਾਹੀਦੀ ਹੈ। ਜੇ ਉਥੇ ਲੋਕ ਅਵੇਲੇਬਲ ਨਾ ਹੋਣ ਤਾਂ ਉਹ ਰਿਜ਼ਰਵੇਸ਼ਨ ਉਸ ਇਲਾਕੇ ਦੇ ਐਡਜੇਸੈਂਟ ਇਲਾਕੇ ਦੇ ਲੋਕਾਂ ਵਿਚ ਪੂਰੀ ਕੀਤੀ ਜਾਏ। ਜੇ ਫਿਰ ਵੀ ਇਹ ਨਾ ਪੂਰੀ ਹੋਵੇ ਤਾਂ ਉਸ ਇਲਾਕੇ ਦੇ ਜ਼ਿਲ੍ਹੇ ਵਿਚੋਂ

Original with;
Punjab Vidhan Sabha
Digitized by;
Panjab Digital Library

ਰਿਜ਼ਰਵੇਸ਼ਨ ਪੂਰੀ ਹੋਣੀ ਚਾਹੀਦੀ ਹੈ। ਜਿਸ ਵੇਲੇ ਹੁਣ ਅੰਕੜੇ ਦੇਖੇ ਜਾਂਦੇ ਹਨ ਤਾਂ ਪਤਾ ਲਗਦਾ ਹੈ ਕਿ 100 ਵਿਚੋਂ ਕੇਵਲ 2 ਨੂੰ ਹੀ ਉਸ ਇਲਾਕੇ ਵਿਚੋਂ ਐਂਪਲਾਇਮੈਂਟ ਮਿਲੀ ਹੋਈ ਹੁੰਦੀ ਹੈ। ਮੇਰਾ ਇਹ ਸੁਝਾਉ ਹੈ ਕਿ ਇਸ ਲਈ ਕੋਟਾ 50% ਦਾ ਫਿਕਸ ਹੋਣਾ ਚਾਹੀਦਾ ਹੈ। ਜਿਸ ਇਲਾਕੇ ਵਿਚ ਇੰਡਸਟਰੀ ਲਗ ਰਹੀ ਹੋਵੇ ਉਸ ਇਲਾਕੇ ਦੇ 50% ਲੋਕਾਂ ਨੂੰ ਉਥੇ ਰੋਜ਼ਗਾਰ ਮਿਲਣਾ ਚਾਹੀਦਾ ਹੈ ।

ਚੌਧਰੀ ਜਗਤ ਰਾਮ ਜੀ ਨੂੰ ਮੈਂ ਪੀਲੇ ਕਾਰਡਾਂ ਬਾਰੇ ਬੇਨਤੀ ਕਰਨਾ ਚਾਹੁੰਦਾ ਹਾਂ। ਡਾਕਟਰ ਸਾਹਿਬ ਨੇ ਸਾਰੀ ਖੋਜ ਕਰਾਈ ਹੈ ਕਿ ਪੀਲੇ ਕਾਰਡ ਕਿਹੜੇ ਕਿਹੜੇ ਬਣਨੇ ਚਾਹੀਦੇ ਹਨ। ਪੀਲੇ ਕਾਰਡ ਬਨਾਉਣੇ ਚਾਹੀਦੇ ਹਨ। ਇਹ ਅੱਛੀ ਗਲ ਹੈ। ਮੈਂ ਚੈਲੰਜ ਕਰਦਾ ਹਾਂ ਤੁਸੀਂ ਪੰਜਾਬ ਵਿਚ ਕਿਸੇ ਪਿੰਡ ਵਿਚ ਵੀ ਚਲੇ ਜਾਓ, ਕੋਈ ਪਿੰਡ ਤੁਹਾਨੂੰ ਅਜਿਹਾ ਨਹੀਂ ਮਿਲੇਗਾ ਜਿਥੇ 50% ਇਹ ਕਾਰਡ ਠੀਕ ਬਣੇ ਹੋਣ। ਜਿਨ੍ਹਾਂ ਦੀ ਜ਼ਮੀਨ ਹੈ ਔਰ ਚੰਗੀ ਆਮਦਨੀ ਹੈ ਉਨ੍ਹਾਂ ਦੇ ਕਾਰਡ ਬਣ ਗਏ ਹਨ ਔਰ ਜਿਨ੍ਹਾਂ ਕੋਲ ਕੁਝ ਨਹੀਂ ਔਰ ਗਰੀਬ ਹਨ ਉਨ੍ਹਾਂ ਦੇ ਕਾਰਡ ਨਹੀਂ ਬਣੇ ਹਨ। ਮੇਰੀ ਬੇਨਤੀ ਹੈ ਕਿ ਜਿਹੜੇ ਗਰੀਬ ਹਨ ਉਨ੍ਹਾਂ ਦੇ ਪੀਲੇ ਕਾਰਡ ਬਣਨੇ ਚਾਹੀਦੇ ਹਨ। ਔਰ ਜਿਨ੍ਹਾਂ ਦੇ ਪੀਲੇ ਕਾਰਡ ਜਾਇਜ਼ ਨਹੀਂ ਬਣੇ ਹਨ ਉਨ੍ਹਾਂ ਦੇ ਕੈਂਸਲ ਕਰਨੇ ਚਾਹੀਦੇ ਹਨ। ।

ਰੰਧਾਵਾ ਸਾਹਿਬ ਦੇ ਮਹਿਕਮੇਂ ਬਾਰੇ ਕਹਿਣ ਤੋਂ ਬਿਨਾਂ ਨਹੀਂ ਰਹਿ ਸਕਦਾ । ਸਾਡੇ ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਸਾਰੇ ਪੰਜਾਬ ਦਾ ਨਕਸ਼ਾ ਹੀ ਬਦਲ ਕੇ ਰੱਖ ਦਿਤਾ ਹੈ। ਪੰਜਾਬ ਵਿਚ ਗਲੀਆਂ ਪੱਕੀਆਂ ਕਰਨ ਬਾਰੇ ਜੋ ਕੰਮ ਕੀਤਾ ਗਿਆ ਹੈ ਇਸ ਨਾਲ ਪੰਜਾਬ ਦੀ ਹਾਲਤ ਹੀ ਸੁਧਰ ਗਈ ਹੈ। ਬੇਟ ਏਰੀਆ ਵਿਚ 42 ਪਿੰਡ ਹਨ। ਪਹਿਲਾਂ ਬਰਸਾਤ ਦੇ ਦਿਨਾਂ ਵਿਚ ਉਥੇ ਐਨਾ ਬੁਰਾ ਹਾਲ ਹੋ ਜਾਂਦਾ ਸੀ ਕਿ ਲੋਕ ਇੱਕ ਪਿੰਡ ਤੋਂ ਦੂਜੇ ਪਿੰਡ ਵਿਚ ਆ ਜਾ ਨਹੀਂ ਸਕਦੇ ਸਨ। ਪਰ ਹੁਣ ਉਥੇ ਜਾ ਕੇ ਦੇਖੋ ਉਹ ਮੌਡਲ ਗਰਾਮ ਦੀ ਸ਼ਕਲ ਵਿਚ ਨਜ਼ਰ ਆ ਰਹੇ ਹਨ। (ਥੰਪਿੰਗ) ਉਥੇ ਦੇ ਲੋਕ ਇਹ ਮਹਿਸੂਸ ਕਰਨ ਲਗ ਪਏ ਹਨ ਕਿ ਉਨ੍ਹਾਂ ਦੀ ਤਰੱਕੀ ਅੱਜ ਸ਼ੁਰੂ ਹੋਈ ਹੈ । ਇਨ੍ਹਾਂ ਗਰੀਬਾਂ ਦੇ ਮੁਹੱਲੇ ਪੱਕੇ ਹੋ ਗਏ ਹਨ। ਮੇਰਾ ਖਿਆਲ ਹੈ ਕਿ ਕਿਸੇ ਵੀ ਭਰਾ ਨੇ ਇਹ ਨਹੀਂ ਕਿਹਾ ਕਿ ਗਲੀਆਂ ਪੱਕੀਆਂ ਹੋ ਗਈਆਂ ਹਨ। ਇਸ ਬਾਰੇ ਜੋ ਹੁਣ ਕਮੀ ਰਹਿ ਗਈ ਹੈ, ਉਸ ਬਾਰੇ ਮੈਂ ਦਸਣਾ ਚਾਹੁੰਦਾ ਹਾਂ। ਅੱਜ ਤੋਂ ਢਾਈ ਸਾਲ ਪਹਿਲਾਂ ਗਲੀਆਂ ਪੱਕੀਆਂ ਕਰਨ ਲਈ ਗਰਾਂਟਾਂ ਗਈਆਂ ਸਨ। ਪਿਛਲੇ ਮਹੀਨੇ ਤੋਂ ਇਹ ਸ਼ਰਤ ਲੱਗ ਗਈ ਹੈ ਕਿ ਖਰਚ ਦਾ ਚੌਥਾ ਹਿਸਾ ਪਿੰਡ ਦੀ ਪੰਚਾਇਤ ਜਮ੍ਹਾਂ ਕਰਾਏ ਤਾਂ ਉਥੇ ਦੀਆਂ ਗਲੀਆਂ ਪੱਕੀਆਂ ਹੋਇਆ ਕਰਨਗੀਆਂ। ਕੋਈ ਵੀ ਪੰਚਾਇਤ ਇਹ ਰਕਮ ਜਮ੍ਹਾਂ ਨਹੀਂ ਕਰਾ ਸਕਦੀ। ਅਗਰ ਇਕ ਲੱਖ ਰੁਪਿਆ ਮਿਲਣਾ ਹੈ ਤਾਂ ਇਸ ਲਈ ਪੰਚਾਇਤ ਨੂੰ 25,000 ਰੁਪਏ ਜਮ੍ਹਾਂ ਕਰਾਉਣੇ ਪੈਣਗੇ ਤਾਂ ਉਥੇ ਕੰਮ ਹੋਵੇਗਾ। ਮੇਰੀ ਆਪਣੀ ਸਰਕਾਰ ਨੂੰ ਮੇਰੀ ਇਹ ਬੇਨਤੀ ਹੈ ਕਿ ਇਸ ਵਿਚ ਅਮੈਂਡਮੈਂਟ ਕਰਨੀ ਚਾਹੀਦੀ ਹੈ। ਇਹ ਜੋ ਚੌਥਾ ਹਿਸਾ ਪੰਚਾਇਤ ਵਾਲਿਆਂ ਤੋਂ ਲੈਣਾ ਹੈ, ਇਹ ਮੁਆਫ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਪਹਿਲਾਂ ਕੰਮ ਹੁੰਦਾ ਰਿਹਾ ਹੈ ਅਤੇ ਕੋਈ ਪੈਸਾ ਪੰਚਾਇਤ ਵਾਲਿਆਂ ਤੋਂ ਜਮ੍ਹਾਂ ਨਹੀਂ ਕਰਾਇਆ ਜਾਂਦਾ ਸੀ, ਉਸੇ ਤਰ੍ਹਾਂ ਹੀ ਰਖਣਾ ਚਾਹੀਦਾ ਹੈ।

ਸਰੋਈ ਬਲਾਕ ਵਿਚ ਜੋ ਕਿ ਕੰਡੀ ਏਰੀਆ ਹੈ, ਪਹਾੜੀ ਏਰੀਆ ਹੈ ਜਿਥੇ ਆਉਣ ਜਾਣ ਦੇ ਸਾਧਨ ਨਹੀਂ ਹਨ, ਉਥੇ ਵਾਸਤੇ ਜੀਪ ਦੇਣੀ ਚਾਹੀਦੀ ਹੈ।

ਸਾਡੀ ਸਰਕਾਰ ਨੇ ਕਾਫੀ ਸੜਕਾਂ ਬਣਾਈਆਂ ਹਨ ਕੋਈ ਹੀ ਸ਼ਾਇਦ ਅਜਿਹਾ ਪਿੰਡ ਰਹਿ ਗਿਆ ਹੋਵੇ ਜਿਥੇ ਲਿੰਕ ਰੋਡ ਨਾ ਹੋਵੇ। ਸਾਡੀ ਸਰਕਾਰ ਇੰਟਰ ਲਿੰਕ ਰੋਡਜ਼ ਵੀ ਦੇ ਰਹੀ ਹੈ ।

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

ਇਕ ਸੜਕ ਮੇਰੇ ਹਲਕੇ ਭੱਦੀ ਤੋਂ ਸਿੰਘ ਪੱਟਾ ਦਸ ਮੀਲ ਬਣੀ ਹੋਈ ਹੈ। ਇਸ ਦੇ ਦੋਨੋ ਪਾਸੇ 40–45 ਪਿੰਡ ਆਉਂਦੇ ਹਨ। ਇਹ ਤਿੰਨ ਚਾਰ ਕਰਮ ਦੀ ਚੌੜਾਈ ਹੈ। ਜੇਕਰ ਉਥੇ ਪੁਲੀਆਂ ਨਹੀਂ ਬਣਾ ਸਕਦੇ ਤਾਂ ਉਥੇ ਰੈਂਪ ਹੀ ਬਣਾ ਦਿਓ ਜਿਸ ਨਾਲ ਆਵਾਜਾਂਈ ਹੋ ਜਾਏ ਔਰ ਬੱਸਾਂ ਚਲਣ ਲਗ ਪੈਣ। ਇਹ ਤਿੰਨ ਚਾਰ ਕਰਮ ਦੀ ਲੰਬਾਈ ਹੈ, ਇਥੇ ਰੈਂਪ ਬਣਾ ਦੇਣੀ ਚਾਹੀਦੀ ਹੈ।

ਮੇਰੇ ਵੀਰ ਜਗਜੀਤ ਸਿੰਘ ਨੇ ਰੂਰਲ ਡਿਵੈਲਪਮੈਂਟ ਏਜੰਸੀ ਬਾਰੇ ਵਰਣਨ ਕੀਤਾ ਸੀ। ਮੈਂ ਉਸ ਦੀ ਇਕ ਕਮੀ ਬਾਰੇ ਦੱਸਣਾ ਚਾਹੁੰਦਾ ਹਾਂ। ਸਾਡੀ ਸਰਕਾਰ ਨੇ ਗਰੀਬਾਂ ਦੀ ਸਹਾਇਤਾ ਵਾਸਤੇ ਬੜੀ ਅੱਛੀ ਸਕੀਮ ਚਲਾਈ ਹੈ, ਉਨ੍ਹਾਂ ਨੂੰ ਕਰਜ਼ੇ ਮਿਲ ਰਹੇ ਹਨ, ਉਨ੍ਹਾਂ ਨੂੰ ਸਬਸਿਡੀ ਮਿਲ ਰਹੀ ਹੈ। ਛੋਟੇ ਛੋਟੇ ਆਦਮੀਆਂ ਨੂੰ ਕਰਜ਼ੇ ਮਿਲ ਰਹੇ ਹਨ। ਉਹ ਜਿੰਨੀ ਲਿਮਿਟ ਵਿਚ ਚਾਹੁਣ ਉਨ੍ਹਾਂ ਨੂੰ ਕਰਜ਼ੇ ਮਿਲਦੇ ਹਨ। ਇਸ ਬਾਰੇ ਮੇਰੇ ਹਲਕੇ ਵਿਚ ਇਕ ਬੜੀ ਭਾਰੀ ਘਾਟ ਹੈ। ਸਾਡੇ ਉਥੇ 8–10 ਬੈਂਕ ਹਨ ਜਿਥੋਂ ਗਰੀਬਾਂ ਨੂੰ ਲੋਨ ਮਿਲਦਾ ਹੈ। ਉਸ ਬਾਰੇ ਮਹਿਕਮੇਂ ਵੱਲੋਂ ਹਦਾਇਤ ਕਰ ਦਿਤੀ ਜਾਵੇ ਕਿ ਲੋਨ ਜਿਸ ਪਰਪਜ਼ ਲਈ ਲਿਆ ਜਾਵੇ ਜਿਸ ਮਕਸਦ ਲਈ ਸਬਸਿਡੀ ਦਿਤੀ ਜਾਵੇ ਉਹ ਉਸੇ ਕੰਮ ਵਾਸਤੇ ਵਰਤੀ ਜਾਵੇ ਅਤੇ ਉਸਦਾ ਕੰਮ ਉਦੋਂ ਹੀ ਸ਼ੁਰੂ ਹੋ ਜਾਵੇ ਤਾਂ ਕਿ ਉਹ ਗਰੀਬ ਲੋਕ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਲੇਕਿਨ ਹੁੰਦਾ ਕੀ ਹੈ ਕਿ ਪੈਸੇ ਜਲਦੀ ਨਹੀਂ ਮਿਲਦੇ ਅਤੇ ਫਿਰ ਛੇਤੀ ਵਾਪਿਸ ਲੈਣ ਦੀ ਕਰਦੇ ਹਨ। ਇਸ ਤਰ੍ਹਾਂ ਉਨ੍ਹਾਂ ਗਰੀਬਾਂ ਦਾ ਕੰਮ ਵਿਚ ਹੀ ਰਹਿ ਜਾਂਦਾ ਹੈ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਜਿਸ ਕੰਮ ਵਾਸਤੇ ਕਰਜ਼ਾ ਦਿਤਾ ਜਾਵੇ ਉਹ ਕੰਮ ਸਿਰੇ ਚੜ੍ਹਾਉਣਾ ਚਾਹੀਦਾ ਹੈ ਤਾਂ ਹੀ ਗਰੀਬਾਂ ਦਾ ਕੁਝ ਭਲਾ ਹੋ ਸਕਦਾ ਹੈ ਅਤੇ ਉਹ ਕੁਝ ਤਰੱਕੀ ਕਰ ਸਕਣਗੇ ਨਹੀਂ ਤਾਂ ਉਨ੍ਹਾਂ ਗਰੀਬ ਭਰਾਵਾਂ ਦਾ ਕੋਈ ਫਾਇਦਾ ਨਹੀਂ ਹੋਣਾ।

ਹੁਣ ਮੈਂ ਐਜੂਕੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਸਕੂਲਾਂ ਦੀਆਂ ਬਿਲਡਿੰਗਾਂ ਬਾਰੇ ਕਾਫੀ ਮੈਂਬਰਾਂ ਨੇ ਦਸਿਆ ਹੈ। ਸਾਡੀ ਸਰਕਾਰ ਨੇ ਮਹਾਨ ਕਿਰਪਾ ਕੀਤੀ ਹੈ। ਖਾਸ ਕਰਕੇ ਕੰਡੀ ਏਰੀਆ ਅਤੇ ਬੇਟ ਏਰੀਆ ਵਿਚ। ਉਥੇ 1952 ਤੋਂ ਲੈ ਕੇ ਸਕੂਲਾਂ ਦੀ ਕੋਈ ਬਿਲਡਿੰਗ ਨਹੀਂ ਸੀ ਪਿੰਡਾਂ ਵਿਚ ਬੱਚੇ ਛੱਪਰਾਂ ਅਤੇ ਦਰਖਤਾਂ ਹੇਠ ਪੜ੍ਹਦੇ ਸਨ। ਉਥੇ ਕਈ ਪ੍ਰਾਇਮਰੀ ਸਕੂਲ ਧਰਮ-ਸ਼ਾਲਾਂ ਵਿਚ ਚਲ ਰਹੇ ਹਨ। ਕਈ ਪ੍ਰਾਇਮਰੀ ਸਕੂਲਾਂ ਵਾਸਤੇ ਲੋਕਾਂ ਨੇ ਆਪ ਜਗ੍ਹਾ ਬਣਾ ਕੇ ਦਿਤੀ ਹੈ ਜਿਥੇ ਉਹ ਚਲ ਰਹੇ ਹਨ। ਲੇਕਿਨ ਸਰਕਾਰ ਨੇ ਇਹ ਬੜਾ ਅੱਛਾ ਕੰਮ ਕੀਤਾ ਹੈ ਕਿ ਜਿਨ੍ਹਾਂ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ ਉਨ੍ਹਾਂ ਲਈ 25 ਹਜਾਰ ਰੁਪਿਆ ਮਨਜ਼ੂਰ ਕੀਤਾ ਹੈ। ਪਰ ਨਾਲ ਹੀ ਇਹ ਸ਼ਰਤ ਲਗਾ ਦਿਤੀ ਹੈ ਕਿ 5 ਹਜਾਰ ਰੁਪਿਆ ਪੰਚਾਇਤ ਵਾਲੇ ਪਾਉਣ। ਇਹ 5 ਹਜ਼ਾਰ ਰੁਪਏ ਦੀ ਸ਼ਰਤ ਹਟਾ ਦੇਣੀ ਚਾਹੀਦੀ ਹੈ ਕਿਉਂਕਿ ਪੰਚਾਇਤਾਂ ਕੋਲ ਐਨਾ ਪੈਸਾ ਨਹੀਂ ਹੈ। ਇਹ ਸ਼ਰਤ ਇਸ ਤਰ੍ਹਾਂ ਦੀ ਹੈ ਕਿ ਜੇ ਪੰਚਾਇਤ ਵਾਲੇ 5 ਹਜ਼ਾਰ ਰੁਪਿਆ ਨਹੀਂ ਪਾਉਂਦੇ ਤਾਂ ਫਿਰ ਉਨ੍ਹਾਂ ਨੂੰ 25 ਹਜਾਰ ਰੁਪਿਆ ਨਹੀਂ ਮਿਲਦਾ। ਇਸ ਲਈ ਇਹ 5 ਹਜਾਰ ਦੀ ਸ਼ਰਤ ਹਟਾ ਦੇਣੀ ਚਾਹੀਦੀ ਹੈ।

ਹੁਣ ਮੈਂ ਹੈਲਥ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਜੇ ਕੋਈ ਕੰਮ ਥੋੜ੍ਹੀਆਂ ਥੋੜ੍ਹੀਆਂ ਸਿਸਕੀਆਂ ਲੈ ਕੇ ਕੀਤਾ ਜਾਵੇ ਤਾਂ ਠੀਕ ਨਹੀਂ ਹੈ। ਮੇਰੇ ਹਲਕੇ ਵਿਚ 5 ਪਿੰਡ ਐਸੇ ਹਨ ਜਿਨ੍ਹਾਂ ਵਿਚ ਦੋ ਡਿਸਪੈਂਸਰੀਆਂ ਲਈ ਲਿਖ ਕੇ ਭੇਜੇ ਨੂੰ 6 ਮਹੀਨੇ ਹੋ ਗਏ ਹਨ। ਇਸ ਬਾਰੇ ਮੈਂ ਵੀ ਲਿਖਿਆ ਸੀ ਅਤੇ ਪੰਚਾਇਤਾਂ ਨੇ ਵੀ ਲਿਖਿਆ ਸੀ। ਇਸ ਲਈ ਉਥੇ ਡਿਸਪੈਂਸਰੀਆਂ ਦੇਣੀਆਂ ਚਾਹੀਦੀਆਂ ਹਨ। ਉਥੇ 8–8 ਮੀਲ ਤੇ ਕੋਈ ਡਿਸਪੈਂਸਰੀ ਨਹੀਂ ਹੈ। ਇਸ ਲਈ ਉਥੇ ਡਿਸ-ਪੈਂਸਰੀਆਂ ਦਿਤੀਆਂ ਜਾਣ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਪੀਣ ਦੇ ਪਾਣੀ ਦੀ ਗਲ ਕਰਨਾ ਚਾਹੁੰਦਾ ਹਾਂ। ਜਿਥੇ ਪੀਣ ਵਾਲਾ ਪਾਣੀ ਨਹੀਂ ਹੈ ਉਥੇ ਇਨਸਾਨ ਦਾ ਰਹਿਣਾ ਮੁਸ਼ਕਿਲ ਹੈ। ਮੈਨੂੰ ਪਤਾ ਹੈ ਕਿ ਜਿਸ ਵੇਲੇ 1972 ਵਿਚ ਮੈਂ ਪਹਿਲੀ ਵਾਰ ਇਥੇ ਸਦਨ ਵਿਚ ਚੁਣ ਕੇ ਆਇਆ ਸੀ ਤਾਂ ਸਾਡੇ ਇਲਾਕੇ ਦੇ ਲੋਕ ਮੈਨੂੰ ਕਹਿੰਦੇ ਸਨ ਕਿ ਤੁਸੀਂ ਸਾਨੂੰ ਸਿਰਫ ਪੀਣ ਵਾਲਾ ਪਾਣੀ ਦਿਵਾ ਦਿਓ ਹੋਰ ਸਾਨੂੰ ਨਾ ਬਿਜਲੀ ਅਤੇ ਨਾ ਸੜਕਾਂ ਦੀ ਲੋੜ ਹੈ। ਮੈਂ ਕੇ. ਪੀ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਦੀ ਮਿਹਰਬਾਨੀ ਨਾਲ ਸਾਡੀ ਸਰਕਾਰ ਨੇ ਮੇਰੇ ਹਲਕੇ ਲਈ 8–10 ਸਕੀਮਾਂ ਬਣਾਈਆਂ ਹਨ ਜੋ ਕਿ ਬੜੀ ਕਾਮਯਾਬੀ ਨਾਲ ਚਲ ਰਹੀਆਂ ਹਨ। ਲੇਕਿਨ ਇਕ ਸਕੀਮ ਭੱਦੀ ਹੈ। ਉਥੇ 8–9 ਪਿੰਡ ਐਸੇ ਹਨ ਜਿਨ੍ਹਾਂ ਨੂੰ ਪੀਣ ਦੇ ਪਾਣੀ ਦੀ ਬੜੀ ਕਿੱਲਤ ਹੈ। ਉਥੇ ਕੋਈ ਟਿਊਬਵੈਲ ਨਹੀਂ ਹੈ। ਉਨ੍ਹਾਂ ਨੂੰ ਬਾਉਲੀ ਤੋਂ ਪਾਣੀ ਲਿਆਉਣਾ ਪੈਂਦਾ ਹੈ। ਕੇ. ਪੀ. ਸਾਹਿਬ, ਤੁਸੀਂ ਪਿਛੇ ਜਿਹੇ ਵਾਅਦਾ ਕਰਕੇ ਆਏ ਸੀ ਕਿ ਤੁਸੀਂ ਮਾਰਚ ਵਿਚ ਉਥੇ ਟਿਊਬਵੈਲ ਲਗਵਾ ਦਿਉਗੇ। ਪਰ ਮੈਂ ਕਹਾਂਗਾ ਕਿ ਅਜੇ ਤਕ ਉਥੇ ਕੰਮ ਸ਼ੁਰੂ ਨਹੀਂ ਹੋਇਆ। ਮੈਂ ਕਹਾਂਗਾ ਕਿ ਹੁਣ ਤੁਸੀਂ ਇਹ ਅਪਰੈਲ ਵਿਚ ਜ਼ਰੂਰ ਲਗਵਾ ਦਿਓ ਤਾਂਕਿ ਲੋਕਾਂ ਦੀ ਇਹ ਤਕਲੀਫ ਦੂਰ ਹੋ ਸਕੇ। (ਵਿਘਨ)

**ਪੰਡਿਤ ਸਰਵਣ ਰਾਮ** : ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਬੇਟ ਏਰੀਏ ਨੂੰ ਬਿਲੌਂਗ ਕਰਦੇ ਹਨ ਜਾਂ ਕੰਡੀ ਏਰੀਏ ਨੂੰ ਬਿਲੌਂਗ ਕਰਦੇ ਹਨ ? ਇਹ ਕਿਸ ਏਰੀਏ ਦੀ ਗੱਲ ਕਰਦੇ ਹਨ ?

**ਮਾਸਟਰ ਦਲੀਪ ਚੰਦ** : ਮੇਰੇ ਹਲਕੇ ਦੇ ਵਿਚ ਬੇਟ ਦੇ 42 ਪਿੰਡ ਹਨ। 128 ਪਿੰਡ ਕੰਡੀ ਏਰੀਆ ਦੇ ਹਨ ਅਤੇ 24 ਪਿੰਡ ਦੁਆਬੇ ਦੇ ਹਨ ਜਿਹੜੇ ਕਿ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਦੇ ਹਲਕੇ ਨਾਲ ਲਗਦੇ ਹਨ। ਇਸ ਲਈ ਮੈਂ ਹਰ ਏਰੀਏ ਦਾ ਖਿਆਲ ਰਖਦਾ ਹਾਂ। ਇਹ ਨਹੀਂ ਕਿ ਮੈਂ ਇਨ੍ਹਾਂ ਵਾਂਗਰ ਕੰਡੀ ਜਾਂ ਬੇਟ ਦੇ ਏਰੀਏ ਦਾ ਹੀ ਖਿਆਲ ਰੱਖਾਂ। (ਵਿਘਨ) ਮੈਂ ਅਖੀਰ ਵਿਚ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਕਿ ਤੁਸੀਂ ਸਰਦਾਰ ਜਗਦੇਵ ਸਿੰਘ ਜਸੋਵਾਲ ਦੇ ਧੰਨਵਾਦ ਦੇ ਮਤੇ ਤੇ ਬੋਲਣ ਲਈ ਟਾਈਮ ਦਿਤਾ ਹੈ ਅਤੇ ਮੈਂ ਉਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। (ਥਪਿੰਗ)

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ)** : ਚੇਅਰਮੈਨ ਸਾਹਿਬ ਗਵਰਨਰ ਦੇ ਐਡਰੈਸ, ਜਿਸ ਲਈ ਧੰਨਵਾਦ ਦਾ ਮਤਾ ਸਰਦਾਰ ਜਗਦੇਵ ਸਿੰਘ ਜਸੋਵਾਲ ਨੇ ਪੇਸ਼ ਕੀਤਾ ਅਤੇ ਜਿਸ ਦੀ ਪ੍ਰੋੜ੍ਹਤਾ ਕੀਤੀ ਸ੍ਰੀ ਪਿਆਰਾ ਰਾਮ ਧੰਨੋਵਾਲੀਆ ਨੇ, ਤੇ ਬਹਿਸ ਹੋ ਰਹੀ ਹੈ। ਮੈਂ ਉਸ ਮਤੇ ਦੀ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ। ਗਵਰਨਰ ਐਡਰੈਸ ਇਸ ਗਲ ਦਾ ਪ੍ਰਤੀਕ ਹੁੰਦਾ ਹੈ ਕਿ ਸਰਕਾਰ ਨੇ ਇਸ ਸਾਲ ਦੇ ਦੌਰਾਨ ਵਿਚ ਕੀ ਕਰਨਾ ਹੈ। ਗਵਰਨਰ ਦਾ ਐਡਰੈਸ ਇਸ ਗਲ ਦਾ ਪ੍ਰਗਟਾਵਾ ਕਰਦਾ ਹੈ ਕਿ ਸਟੇਟ ਗੌਰਮਿੰਟ ਨੂੰ ਆਉਣ ਵਾਲੇ ਸਾਲਾਂ ਦੇ ਵਿਚ ਕਿਸ ਡਾਇਰੈਕਸ਼ਨ ਤੇ ਖੜ੍ਹਨਾ ਚਾਹੀਦਾ ਹੈ। ਗਵਰਨਰ ਐਡਰੈਸ ਸਰਕਾਰ ਦੇ ਪ੍ਰੋਗਰਾਮ, ਪਾਲਿਸੀ ਦਾ ਇਕ ਚਿੰਨ੍ਹ ਹੁੰਦਾ ਹੈ, ਉਸ ਦਾ ਇਕ ਐਕਸਪਲੇਨੇਟਰੀ ਨੋਟ ਹੁੰਦਾ ਹੈ। ਇਸ ਕਰਕੇ, ਚੇਅਰਮੈਨ ਸਾਹਿਬ, ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈਸ ਹੈ ਜਿਸ ਦੇ ਵਿਚ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਜਿਹੜੀ ਕਿ ਜੂਨ, 1980 ਵਿਚ ਇਸ ਸੂਬੇ ਵਿਚ ਬਣੀ, ਉਨ੍ਹਾਂ ਨੇ ਇਕ ਨਿਸ਼ਾਨਾ ਮਿਥਿਆ। ਨਿਸ਼ਾਨਾ ਇਹ ਸੀ ਕਿ ਪੰਜਾਬ ਦੇ ਲੋਕਾਂ ਨੂੰ ਪਰਾਸਪੈਰਿਟੀ ਵਲ ਲੈ ਜਾਣਾ ਹੈ, ਉਨ੍ਹਾਂ ਦੀ ਆਲ ਰਾਊਂਡ ਡਿਵੈਲਪਮੈਂਟ ਕਰਨੀ ਹੈ, ਉਨ੍ਹਾਂ ਵਿਚ ਇਕ ਉਮੰਗ ਪੈਦਾ ਕੀਤੀ ਜਾਵੇ ਤਾਂ ਕਿ ਪੰਜਾਬ ਨੂੰ ਹਰ ਮੈਦਾਨ ਵਿਚ ਇਸ ਢੰਗ ਨਾਲ ਅਗੇ ਲਿਆਂਦਾ ਜਾਵੇ ਅਤੇ ਦੂਜੇ ਸੂਬੇ ਸਾਡੇ ਸੂਬੇ ਦੀ ਪਰਗਤੀ ਵੇਖ ਕੇ ਹਰ ਥਾਂ ਪੁੱਛਣ ਦਾ ਯਤਨ ਕਰਨ ਕਿ ਇਨ੍ਹਾਂ ਦੀ ਤਰੱਕੀ ਦਾ ਕੀ ਰਾਜ਼ ਹੈ। ਚੇਅਰਮੈਨ ਸਾਹਿਬ, ਬਦਕਿਸਮਤੀ ਪੰਜਾਬ ਦੀ ਹੈ ਕਿ ਇਥੇ ਕੁਝ ਐਸੇ ਲੋਕ ਹਨ ਜਿਨ੍ਹਾਂ ਨੂੰ ਸੂਬੇ ਦੀ ਤਰੱਕੀ ਭਾਉਂਦੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਨਹੀਂ ਸੀ। ਉਨ੍ਹਾਂ ਦਾ ਦਿਮਾਗ ਤੰਗਦਿਲੀ ਵਾਲਾ ਸੀ। ਉਨ੍ਹਾਂ ਦੇ ਦਿਮਾਗ ਵਿਚ ਡੈਮੋਕਰੇਸੀ ਦੀ ਥਾਂ ਤੇ ਡਾਂਗੋਕਰੇਸੀ ਸੀ। ਉਨ੍ਹਾਂ ਦੇ ਦਿਮਾਗ ਵਿਚ ਲੋਕ ਰਾਜ ਦੀ ਥਾਂ ਤੇ ਲੱਠ ਰਾਜ ਸੀ। ਉਨ੍ਹਾਂ ਦੇ ਦਿਮਾਗ ਵਿਚ ਸਰਬੱਤ ਦੇ ਭਲੇ ਦੀ ਥਾਂ ਤੇ ਇਕ ਸੈਕਸ਼ਨ ਦਾ ਖਿਆਲ ਸੀ। ਉਨ੍ਹਾਂ ਦਾ ਤੰਗ ਦਿਲੀ ਵਾਲਾ ਨਜ਼ਰੀਆ ਸੀ। ਉਨ੍ਹਾਂ ਦੇ ਦਿਮਾਗ ਵਿਚ ਇਲਾਕਾ ਪ੍ਰਸਤੀ ਸੀ। ਉਨ੍ਹਾਂ ਦੇ ਦਿਮਾਗ ਵਿਚ ਫਿਰਕਾਪ੍ਰਸਤੀ ਸੀ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ :** ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋ ਰਹੀ ਹੈ। ਆਉਣ ਵਾਲੇ ਸਾਲਾਂ ਦੀ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਝਲਕ ਦੱਸੀ ਹੈ। ਲੇਕਿਨ, ਚੇਅਰਮੈਨ ਸਾਹਿਬ, ਮੈਨੂੰ ਬੜਾ ਅਫਸੋਸ ਹੈ ਕਿ ਸਾਹਮਣੇ ਜਿਹੜੀ ਅਫਸਰ ਗੈਲਰੀ ਹੈ ਉਥੇ ਸਿਰਫ ਦੋ ਡਾਇਰੈਕਟਰ ਬੈਠੇ ਹਨ, ਹੋਰ ਨਾ ਕੋਈ ਸੈਕਟਰੀ ਬੈਠਾ ਹੈ ਅਤੇ ਨਾ ਕੋਈ ਕਮਿਸ਼ਨਰ ਬੈਠਾ ਹੈ। ਗੈਲਰੀ ਖਾਲੀ ਹੈ।

**ਸ੍ਰੀ ਸਭਾਪਤੀ :** ਉਹ ਅਸਤੀਫਾ ਦੇ ਕੇ ਨਹੀਂ ਗਏ, ਉਹ ਵੈਸੇ ਉਠ ਕੇ ਚਲੇ ਗਏ ਹਨ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਸੋ, ਚੇਅਰਮੈਨ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਫਿਰਕਾ-ਪ੍ਰਸਤੀ, ਤੰਗਦਿਲੀ ਅਤੇ ਤਸ਼ੱਦਦ ਤੇ ਤੁਲੇ ਹੋਏ ਕੁਝ ਲੋਕਾਂ ਨੇ ਜਾਣ ਬੁਝ ਕੇ ਅਤੇ ਪਲੈਨਿੰਗ ਬਣਾ ਕੇ ਸਾਡੀ ਸਰਕਾਰ ਦੇ ਜੋ ਨਿਸ਼ਾਨੇ ਸਨ, ਉਨ੍ਹਾਂ ਨੂੰ ਹਾਸਲ ਕਰਨ ਦੇ ਰਾਹ ਵਿਚ ਰੁਕਾਵਟ ਪਾਉਣ ਦਾ ਯਤਨ ਕੀਤਾ। ਪਰ ਉਹ ਲੋਕ ਭੁੱਲੇ ਜਾਂਦੇ ਹਨ ਕਿ ਚੰਨ ਨਿਕਲਣ ਤੇ ਜੇ ਕੋਈ ਆਦਮੀ ਉਸ ਦੇ ਅੱਗੇ ਪਰਾਤ ਲੈ ਕੇ ਖੜ੍ਹਾ ਹੋ ਜਾਵੇ ਅਤੇ ਸੋਚੇ ਕਿ ਇਸ ਤਰ੍ਹਾਂ ਚੰਨ ਦਾ ਨਿਕਲਣਾ ਰੁੱਕ ਜਾਵੇਗਾ ਤਾਂ ਇਸ ਤਰ੍ਹਾਂ ਕਰਨ ਨਾਲ ਚੰਨ ਨਿਕਲਣੋਂ ਰੁਕ ਨਹੀਂ ਜਾਵੇਗਾ। ਇਸ ਸੂਬੇ ਦੀ ਤਰੱਕੀ ਹੋਣੀ ਸੀ ਅਤੇ ਉਹ ਹੋਈ। ਕਿੰਨੀਆਂ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਬਾਵਜੂਦ ਤਰੱਕੀ ਹੋਈ। ਇਹ ਠੀਕ ਹੈ ਕਿ ਇਨ੍ਹਾਂ ਮੁਸ਼ਕਲਾਂ ਕਰਕੇ ਤਰੱਕੀ ਦੀ ਰਫਤਾਰ ਵਿਚ ਫਰਕ ਪੈ ਗਿਆ ਪਰ ਫਿਰ ਵੀ ਹਰ ਫੀਲਡ ਵਿਚ ਤਰੱਕੀ ਹੋਈ। ਭਾਵੇਂ ਇੰਡਸਟਰੀ ਲੈ ਲਓ, ਐਜੂਕੇਸ਼ਨ ਲੈ ਲਓ ਅਤੇ ਭਾਵੇਂ ਸਮਾਜ ਭਲਾਈ ਦਾ ਕੰਮ ਲੈ ਲਓ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਲੋਕ ਭਲਾਈ ਦੇ ਕੰਮਾਂ ਵਿਚ ਪੰਜਾਬ ਦਾ ਸੂਬਾ ਹਿੰਦੁਸਤਾਨ ਦੇ ਬਹੁਤ ਸਾਰੇ ਸੂਬਿਆਂ ਤੋਂ ਅਗੇ ਹੈ। ਜੇ ਅਸੀਂ ਪਿਛਲੇ ਸਾਲ ਇਸ ਫੀਲਡ ਵਿਚ ਕੀਤੇ ਕੰਮ ਦਾ ਜਾਇਜ਼ਾ ਲਈਏ ਤਾਂ ਉਸਦਾ ਅਕਸ ਸਾਫ ਤੌਰ ਤੇ ਸਾਡੇ ਸਾਹਮਣੇ ਆ ਜਾਂਦਾ ਹੈ। ਅਕਾਲੀਆਂ ਨੇ 66 ਲੱਖ ਰੁਪਿਆ ਉਨ੍ਹਾਂ ਲੋਕਾਂ ਦੇ ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਤੇ ਖਰਚ ਕਰ ਦਿਤਾ ਜਿਨ੍ਹਾਂ ਦੇ ਨੁਮਾਇੰਦੇ ਹੋਣ ਦਾ ਉਹ ਦਾਅਵਾ ਕਰਦੇ ਹਨ। ਮੈਨੂੰ ਖੁਸ਼ੀ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੇਲੇ ਸਾਢੇ ਉਨੀ ਕਰੋੜ ਰੁਪਿਆ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਬਣਾਉਣ ਤੇ ਖਰਚ ਕੀਤਾ ਗਿਆ (ਥੰਪਿੰਗ)। ਜੇ ਭਾਖੜਾ ਡੈਮ ਵੱਲ ਵੇਖ ਕੇ ਵੀ ਕਿਸੇ ਨੂੰ ਉਸ ਦੀ ਬਲੰਦੀ ਦਾ ਅਹਿਸਾਸ ਨਹੀਂ ਹੁੰਦਾ ਤਾਂ ਇਹ ਉਸ ਦੀ ਨਜ਼ਰ ਦਾ ਨੁਕਸ ਹੋ ਸਕਦਾ ਹੈ, ਇਸ ਨਾਲ ਭਾਖੜੇ ਦੀ ਬੁਲੰਦੀ ਨਹੀਂ ਘਟ ਜਾਂਦੀ। ਜੇ ਕਿਸੇ ਨੂੰ ਹੋਈ ਤਰੱਕੀ ਬਾਰੇ ਦਸੀਏ ਤਾਂ ਉਹ ਕਹਿੰਦੇ ਹਨ ਕਿ ਆਹੋ ਜੀ, ਤੁਸਾਂ ਸਰਪੰਚਾਂ ਨੂੰ ਬੇਈਮਾਨ ਕਰ ਦਿਤਾ। ਉਹ ਭਲੇਮਾਣਸੋ, ਜੇ ਤੁਸੀਂ ਕੁਝ ਨਹੀਂ ਕਰ ਸਕੇ ਤਾਂ ਦੂਜਿਆਂ ਦੇ ਕੀਤੇ ਕੰਮ ਦੀ ਤਾਰੀਫ ਤਾਂ ਕਰੋ। ਦੂਜਾ ਵੱਡਾ ਕੰਮ ਇਸ ਸਰਕਾਰ ਨੇ ਇਹ ਕੀਤਾ ਹੈ ਕਿ ਪਿੰਡ ਦਾ ਕਿਸਾਨ, ਪਿੰਡ ਦਾ ਮਜ਼ਦੂਰ ਜੋ ਖੇਤ ਦੇ ਕੰਮ ਤੋਂ ਵਿਹਲਾ ਹੁੰਦਾ ਹੈ, ਉਨ੍ਹਾਂ ਨੂੰ 'ਟਰਾਈਸਮ' ਰਾਹੀਂ ਟ੍ਰੇਨਿੰਗ ਦੇਣ ਦਾ ਯਤਨ

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਉਹ ਚੀਜ਼ ਵੀ ਮੁਹੱਈਆ ਕਰਨ ਦਾ ਯਤਨ ਕੀਤਾ ਗਿਆ ਹੈ ਜੋ ਉਹ ਆਸਾਨੀ ਨਾਲ ਪ੍ਰਾਪਤ ਕਰ ਸਕਦੇ ਸਨ। ਮੇਰਾ ਭਾਵ ਇਹ ਹੈ ਕਿ ਉਨ੍ਹਾਂ ਨੂੰ ਅੱਛੀ ਨਸਲ ਦੀਆਂ ਗਾਈਆਂ, ਮੱਝਾਂ ਲੈ ਕੇ ਦਿਤੀਆਂ ਗਈਆਂ। ਉਨ੍ਹਾਂ ਨੂੰ ਇਨ੍ਹਾਂ ਕੰਮਾਂ ਲਈ ਕਰਜ਼ੇ ਦਿਤੇ ਗਏ। ਉਨ੍ਹਾਂ ਵਾਸਤੇ ਡਿਸਪੈਂਸਰੀਆਂ ਅਤੇ ਵੈਟਰੀਨਰੀ ਹਸਪਤਾਲ ਐਸਟੈਬਲਿਸ਼ ਕੀਤੇ ਗਏ ਅਤੇ ਉਨ੍ਹਾਂ ਵਾਸਤੇ ਪਰਾਪਰ ਫੀਡਿੰਗ ਦਾ ਅਰੇਂਜਮੈਂਟ ਕੀਤਾ ਗਿਆ। ਇਹ ਵਜ੍ਹਾ ਹੈ ਕਿ ਹਿੰਦੁ-ਸਤਾਨ ਵਿਚ ਜਿਥੇ ਵੀ ਮਿਲਕ ਪ੍ਰੋਡਕਸ਼ਨ ਦਾ ਨਾਂ ਆਉਂਦਾ ਹੈ, ਪੰਜਾਬ ਦਾ ਨਾਂ ਉਥੇ ਸਭ ਤੋਂ ਪਹਿਲਾਂ ਆਉਂਦਾ ਹੈ। ਪੰਜਾਬ ਵਿਚ ਪਰ ਕੈਪੀਟਾ ਮਿਲਕ ਦੀ ਸਪਲਾਈ ਸਭ ਤੋਂ ਜ਼ਿਆਦਾ ਹੈ। ਇਹ ਕਿਉਂ ਸੰਭਵ ਹੋ ਸਕਿਆ ? ਇਸ ਕਰਕੇ ਕਿ ਨਾ ਸਿਰਫ ਉਨ੍ਹਾਂ ਨੂੰ ਅੱਛੀਆਂ ਗਾਈਆਂ ਅਤੇ ਮੱਝਾਂ ਲੈ ਕੇ ਦਿਤੀਆਂ ਗਈਆਂ ਸਗੋਂ ਉਨ੍ਹਾਂ ਦੀ ਪਰੋਡਿਊਸ ਨੂੰ ਇਕਨਾਮੀਕਲੀ ਵਾਇਬਲ ਬਣਾਉਣ ਲਈ ਯਤਨ ਕੀਤੇ ਅਤੇ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਅਤੇ ਹੋਰ ਕੋਆਪਰੇਟਿਵ ਮਿਲਕ ਸੋ-ਸਾਇਟੀਜ਼ ਬਣਾ ਕੇ ਉਨ੍ਹਾਂ ਦਾ ਦੁੱਧ ਚੁਕਣ ਅਤੇ ਉਸ ਦਾ ਚੰਗਾ ਭਾਅ ਦੇਣ ਦੇ ਉਪਰਾਲੇ ਕੀਤੇ ਗਏ। ਅਕਾਲੀ ਵੀਰ ਹਮੇਸ਼ਾ ਆਪਣੇ ਆਪ ਨੂੰ ਪੇਂਡੂ ਆਖਦੇ ਹਨ ਪਰ ਜੇ ਉਨ੍ਹਾਂ ਵਲੋਂ ਢਾਈ ਸਾਲਾਂ ਅਤੇ ਸਾਡੇ ਵਲੋਂ ਇਕ ਸਾਲ ਵਿਚ ਕੀਤੇ ਗਏ ਕੰਮ ਦਾ ਮੁਕਾਬਲਾ ਕਰੀਏ ਤਾਂ ਪਤਾ ਲਗੇਗਾ ਕਿ ਹੁਣ ਦੀ ਸਰਕਾਰ ਦੀ ਕਾਰਗੁਜ਼ਾਰੀ ਬਹੁਤ ਜ਼ਿਆਦਾ ਹੈ।

ਹੋਇਆ ਕੀ ਹੈ ਕਿ ਹਰ ਥਾਂ ਤੇ ਰੂਲਜ਼ ਵਿਚ ਕੋਈ ਨਾ ਕੋਈ ਇਹੋ ਜਿਹੀ ਕਲਾਜ਼ ਪਾਈ ਹੋਈ ਹੈ ਕਿ ਉਥੇ ਐਡਮਨਿਸਟ੍ਰੇਟਰ ਪੀ.ਸੀ.ਐਸ. ਜਾਂ ਆਈ.ਏ.ਐਸ. ਲਗ ਸਕਦਾ ਹੈ। ਕਈਆਂ ਕਾਰਪੋਰੇਸ਼ਨਾਂ ਵਿਚ ਤਾਂ ਇਹ ਵੀ ਪ੍ਰੋਵਾਈਡਿਡ ਹੈ ਕਿ ਉਥੇ ਐਡਮਨਿਸਟ੍ਰੇਟਰ ਸਿਰਫ ਉਥੋਂ ਦਾ ਸੈਕਟਰੀ ਹੀ ਲੱਗ ਸਕਦਾ ਹੈ। ਮੈਂ ਇਹ ਸਮਝਦਾ ਹਾਂ ਕਿ ਜੇ ਪਬਲਿਕਮੈਨ ਅਵੇਲੇਬਲ ਨਾ ਹੋਵੇ ਤਾਂ ਕੇਵਲ ਉਦੋਂ ਹੀ ਬਿਊਰੋਕਰੇਟ ਲਾਇਆ ਜਾਵੇ। ਜਿਥੇ ਬਿਊਰੋਕਰੇਟ ਦੀ ਲੋੜ ਹੈ, ਉਥੇ ਉਹ ਲਾਇਆ ਜਾਵੇ ਅਤੇ ਜਿਥੇ ਪਬਲਿਕਮੈਨ ਦੀ ਲੋੜ ਹੈ, ਉਥੇ ਪਬਲਿਕਮੈਨ ਹੀ ਲਾਇਆ ਜਾਵੇ ਜੇਕਰ, ਡਿਪਟੀ ਸਪੀਕਰ ਸਾਹਿਬ, ਸਰਕਾਰ ਇਸ ਗੱਲ ਵੱਲ ਧਿਆਨ ਦੇ ਦੇਵੇ ਤਾਂ ਮੈਂ ਬਹੁਤ ਧਨਵਾਦੀ ਹੋਵਾਂਗਾ। ਇਸ ਤੋਂ ਇਲਾਵਾ, ਮੈਂ ਸਰਦਾਰ ਬੀਰਪਾਲ ਸਿੰਘ ਨੂੰ ਵੀ ਵਧਾਈ ਦਿਆਂਗਾ ਕਿ ਉਨ੍ਹਾਂ ਨੇ ਲੋਕਾਂ ਨੂੰ ਐਨੇ ਜ਼ਿਆਦਾ ਲੋਨ ਵੰਡੇ ਹਨ। ਅਸੀਂ ਲੋਕਾਂ ਵਿਚ ਪ੍ਰਾਪੇਗੰਡਾ ਕਰਦੇ ਹੁੰਦੇ ਸੀ ਕਿ ਤੁਸੀਂ ਆਪਣੇ ਆਪ ਨੂੰ ਖੇਤੀਬਾੜੀ, ਫਿਸ਼ਰੀ, ਪੋਲਟਰੀ ਅਤੇ ਹੋਰ ਅਜਿਹੇ ਕੰਮਾਂ ਵਿਚ ਅਬਜ਼ਾਰਬ ਕਰੋ ਪਰ ਸਰਕਾਰ ਉਨ੍ਹਾਂ ਨੂੰ ਲੋਣ ਦੇਣ ਵਿਚ ਪਹਿਲਾਂ ਜ਼ਿਆਦਾ ਦਿਲਚਸਪੀ ਨਹੀਂ ਰਖਦੀ ਹੁੰਦੀ ਸੀ। ਲੇਕਿਨ ਮੌਜੂਦਾ ਸਰਕਾਰ ਨੇ ਉਨ੍ਹਾਂ ਨੂੰ ਲੋਨ ਵੰਡੇ ਜਿਸ ਕਰਕੇ ਸਰਕਾਰ ਵਧਾਈ ਲੈਣ ਦੀ ਹੱਕਦਾਰ ਹੈ। ਇਸ ਦੇ ਨਾਲ ਨਾਲ ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਸਾਡਾ ਕੋਆਪ੍ਰੇਸ਼ਨ ਡਿਪਾਰਟਮੈਂਟ ਡਿਸਟਰੀਬਿਊਸ਼ਨ ਵਿਚ ਬਹੁਤ ਸਹਾਈ ਹੋਇਆ ਹੈ। ਜਿਹੜਾ ਮਾਲ ਸਰਕਾਰ ਆਪਣੇ ਕੋਲੋਂ ਦੇ ਕੇ ਪਿੰਡਾਂ ਵਿਚ ਵੰਡਣ ਲਈ ਭੇਜੇ, ਉਹ ਲੋਕਾਂ ਵਿਚ ਜ਼ਰੂਰ ਪੁੱਜਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਕ ਅਜਿਹਾ ਲਾਅ ਬਣਾਉਣਾ ਚਾਹੀਦਾ ਹੈ ਕਿ ਜਿਹੜਾ ਡੀਪੂ ਹੋਲਡਰ ਇਸੈਨ-ਸ਼ੀਅਲ ਕਮੋਡਿਟੀਜ਼ ਸਰਕਾਰ ਕੋਲੋਂ ਲੈ ਕੇ ਪਿੰਡਾਂ ਵਿਚ ਨਹੀਂ ਵੰਡਦਾ, ਉਸ ਦਾ ਜੁਰਮ ਐਡਾ ਵੱਡਾ ਸਮਝਿਆ ਜਾਣਾ ਚਾਹੀਦਾ ਹੈ ਜਿਹੜਾ ਕਿ ਸਮੱਗਲਿੰਗ ਅਤੇ ਡਕਾਇਤੀ ਲਈ ਹੁੰਦਾ ਹੈ ਅਤੇ ਉਸ ਨੂੰ ਸਜ਼ਾ ਵੀ ਉਹੀ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਖੇਤੀਬਾੜੀ, ਇੰਡਸ-ਟਰੀ ਅਤੇ ਇਲੈਕਟਰੀਸਿਟੀ ਦਾ ਰੋਲ ਵੀ ਲਾਅਡੇਬਲ ਹੈ। ਜਿਵੇਂ ਕਿ ਫਿਗਰਜ਼ ਤੋਂ ਪਤਾ ਲਗਦਾ ਹੈ, ਇੰਡਸਟਰੀ ਵਿਚ 8000 ਸਮਾਲ, ਮੀਡੀਅਮ ਤੇ ਲਾਰਜ ਯੂਨਿਟਸ ਦਾ ਵਾਧਾ ਹੋਇਆ ਹੈ। ਮੇਰਾ ਖਿਆਲ ਹੈ ਕਿ ਪਿਛਲੇ ਢਾਈ ਸਾਲਾਂ ਵਿਚ ਜਿੰਨੀ ਇੰਡਸਟਰੀ ਵਧੀ ਹੈ, ਉਨੀ ਪਹਿਲਾਂ ਕਦੀ ਵੀ ਨਹੀਂ ਸੀ ਵਧੀ। **But the tendency to install and establish industries only as far as possible near Chandigarh is not very much appreciable.** ਮੇਰੀ ਰਾਏ ਇਹ ਹੈ ਕਿ ਇਹ ਇੰਡਸਟਰੀ, ਖਾਸ ਤੌਰ ਤੇ ਜਿਹੜੀ ਪਬਲਿਕ ਸੈਕਟਰ ਵਿਚ ਹੈ, ਉਹ ਇਕ ਹੀ ਜਗ੍ਹਾ ਤੇ ਨਾ ਲਗਾਈ ਜਾਵੇ। ਮੈਂ ਚਾਹੁੰਦਾ ਹਾਂ ਕਿ ਇਹ ਇੰਡਸਟਰੀ ਟਾਂਡਾ, ਦਸੂਹਾ ਅਤੇ ਮੁਕੇਰੀਆਂ ਵਰਗੀਆਂ ਥਾਵਾਂ ਤੇ ਲਗਣੀ ਚਾਹੀਦੀ ਹੈ। (ਘੰਟੀ) ਇਕ ਗੱਲ ਮੈਂ ਹੋਰ ਵੀ ਕਹਾਂਗਾ ਕਿ ਮਈ, 1981 ਵਿਚ ਸਮਾਲ ਸਕੇਲ ਇੰਡਸਟਰੀਜ਼ ਉਤੇ ਐਨਟਾਈਟਲਮੈਂਟ ਅਸੈੱਸ ਕਰਨ ਦੀ ਪਾਬੰਦੀ ਲਗਾਈ ਗਈ ਸੀ। ਇਸ ਨਾਲ ਸਮਾਲ ਸਕੇਲ ਇੰਡਸਟਰੀ ਦੀ ਪਰਮੋਸ਼ਨ ਰੁਕਦੀ ਹੈ। ਘੱਟੋ ਘੱਟ ਜਦੋਂ ਵੀ ਸਰਕਾਰ ਕੋਲ ਸੋਰਸਿਜ਼ ਹੋਣ, ਇਹ ਇਸ ਯੋਗ ਹੋਣ ਕਿ ਛੋਟੀ ਇੰਡਸਟਰੀ ਵਾਲਿਆਂ ਨੂੰ ਮਾਲ ਦੇ ਸਕਣ, ਉਹ ਦੇ ਦੇਣ।

ਇਕ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਇਹ ਬੜੀ ਖੁਸ਼ਕਿਸਮਤੀ ਦੀ ਗਲ ਹੈ ਕਿ ਇੰਡਸਟਰੀਜ਼ ਡਿਪਾਰਟਮੈਂਟ ਨੇ, ਗੌਰਮਿੰਟ ਨੇ, ਜਿਸ ਡਿਪਾਰਟਮੈਂਟ ਦੇ ਹੈਡ ਮੁੱਖ ਮੰਤਰੀ ਸਾਹਿਬ ਆਪ ਹਨ ਅਤੇ ਇਨ੍ਹਾਂ ਦੇ ਨਾਲ ਸਰਦਾਰ ਦਰਸ਼ਨ ਸਿੰਘ ਕੇ.ਪੀ. ਹਨ, ਉਨ੍ਹਾਂ ਨੇ ਇਕ ਰਿਆਇਤ ਦਿੱਤੀ ਹੈ ਕਿ ਜਿਹੜੀਆਂ ਇੰਡਸਟਰੀਆਂ ਨਵੀਆਂ

Original with;
Punjab Vidhan Sabha
Digitized by;
Panjab Digital Library

ਲਗਣ ਜਾਂ ਆਪਣੀ ਐਕਸਪੈਨਸ਼ਨ ਕਰ ਲੈਣ, ਉਨ੍ਹਾਂ ਨੂੰ ਇਨਟ੍ਰੈਸਟ ਫਰੀ ਲੋਨ ਦਿੱਤਾ ਜਾਵੇ। ਚੀਫ਼ ਮਨਿਸਟਰ ਸਾਹਿਬ, ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਇੰਡਸਟਰੀਜ਼ ਡਿਪਾਰਟਮੈਂਟ ਦੀ ਕਨਾਇਵੈਂਸ ਨਾਲ **Some influential persons got allotted to themselves the maximum.** ਮੈਂ ਤੁਹਾਨੂੰ ਇਕ ਐਗਜ਼ਾਮਪਲ ਦੇਣਾ ਚਾਹੁੰਦਾ ਹਾਂ। ਮੈਂ ਕਿਸੇ ਪਾਰਟੀ ਦਾ ਨਾਮ ਨਹੀਂ ਲੈਣਾ ਚਾਹੁੰਦਾ। ਇਕ ਪਾਰਟੀ ਏ.,ਬੀ.,ਸੀ. ਹੈ। ਉਸ ਪਾਰਟੀ ਨੇ ਕੀ ਕੀਤਾ ਕਿ ਆਪਣੇ ਆਪ ਨੂੰ ਵਾਈਂਡ ਅੱਪ ਸ਼ੋ ਕਰ ਦਿੱਤਾ ਹੈ ਔਰ ਵਾਈਂਡ ਅੱਪ ਕਰਕੇ ਇਕ ਏ., ਬੀ., ਸੀ., ਪ੍ਰਾਈਵੇਟ ਲਿਮਟਿਡ ਬਣਾ ਲਈ। ਉਸ ਦੀ ਆਪਣੀ ਜ਼ਮੀਨ ਸੀ, ਮਸ਼ੀਨਰੀ ਸੀ, ਆਪਣੇ ਅਸੇਟਸ ਸੀ। ਉਸ ਨੇ ਨਵੀਂ ਇੰਡਸਟਰੀ ਨੂੰ ਕਿਰਾਏ ਤੇ ਦੇ ਦਿੱਤਾ। ਚੀਫ਼ ਮਨਿਸਟਰ ਸਾਹਿਬ, ਉਹ ਇਕੱਲੀ ਪਾਰਟੀ 15 ਲੱਖ ਰੁਪਿਆ ਇਨਟ੍ਰੈਸਟ ਫਰੀ ਲੋਨ ਲੈ ਰਹੀ ਹੈ। ਇਹੋ ਜਿਹੀਆਂ ਹੋਰ ਕਈ ਮਿਸਾਲਾਂ ਹਨ। ਇਸ ਲਈ ਮੈਂ ਇਹ ਰਿਕੁਐਸਟ ਕਰਾਂਗਾ ਕਿ ਜਿਨ੍ਹਾਂ ਲੋਕਾਂ ਨੇ ਡਿਸੀਵ ਕਰਕੇ ਗੌਰਮਿੰਟ ਨਾਲ ਹੇਰਾਫੇਰੀ ਕਰਕੇ ਰਿਆਇਤਾਂ, ਜੋ ਗੌਰਮਿੰਟ ਨੇ ਦਿੱਤੀਆਂ ਹਨ, ਉਹ ਹਾਸਲ ਕਰਨ ਦਾ ਯਤਨ ਕੀਤਾ ਹੈ, ਇਕ ਤਾਂ ਉਨ੍ਹਾਂ ਤੋਂ ਇਮੀਜੀਏਟਲੀ ਲੋਨ ਰਿਕਵਰ ਕਰੋ ਔਰ ਦੂਸਰਾ ਇਹ ਕਰੋ ਕਿ ਜਿਨ੍ਹਾਂ ਅਫ਼ਸਰਾਂ ਨੇ ਲੋਨ ਸੈਂਕਸ਼ਨ ਕੀਤਾ ਹੈ ਸੈਕ ਦੇਮ ਤਾਕਿ ਉਨ੍ਹਾਂ ਅਫਸਰਾਂ ਨੂੰ ਪਤਾ ਲਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਜਾਰਿਟੀ ਆਫ਼ ਦੀ ਅਮਾਊਂਟ ਇਸ ਢੰਗ ਨਾਲ ਲੋਕੀਂ ਲੈ ਗਏ ਹਨ ਕਿ ਛੋਟੇ ਆਦਮੀਆਂ ਦੀ ਵਾਰੀ ਹੀ ਨਹੀਂ ਆਈ। ਤੁਸੀਂ ਇਕ ਰਿਸਟ੍ਰਿਕਸ਼ਨ ਲਗਾਓ ਜਿਸ ਤਰ੍ਹਾਂ ਤੁਸੀਂ ਬਾਕੀਆਂ ਵਿੱਚ ਕੀਤਾ ਹੈ ਕਿ ਇਹ ਫੈਸਿਲਿਟੀ ਤੁਹਾਨੂੰ ਜੋ ਦਿੱਤੀ ਹੈ ਇਸ ਲੈਵਲ ਦੀ ਇੰਡਸਟਰੀ ਨੂੰ ਇਹ ਦਿੱਤਾ ਜਾਵੇ, ਇਸ ਲੈਵਲ ਦੀ ਇੰਡਸਟਰੀ ਨੂੰ ਇਹ ਦਿੱਤਾ ਜਾਵੇ, ਇਤਨੇ ਪਰਸੈਂਟ ਵੱਡੀ ਇੰਡਸਟਰੀ ਨੂੰ ਦਿੱਤਾ ਜਾਵੇ ਔਰ ਇਤਨੇ ਪਰਸੈਂਟ ਦੂਸਰੀ ਇੰਡਸਟਰੀ ਨੂੰ ਦਿੱਤਾ ਜਾਵੇ ਤਾਂਕਿ ਵੱਡੀ ਇੰਡਸਟਰੀ ਹੀ ਸਾਰਾ ਕੁਝ ਨਾ ਲੈ ਸਕੇ, ਦੂਸਰਿਆਂ ਨੂੰ ਵੀ ਫੈਸਿਲਿਟੀ ਮਿਲ ਸਕੇ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਹੈਲਥ ਡੀਪਾਰਟਮੈਂਟ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਹੈਲਥ ਦੇ ਮਾਮਲੇ ਵਿੱਚ ਅਸੀਂ ਸਭ ਤੋਂ ਅਗੇ ਹਾਂ। ਫੈਮਿਲੀ ਪਲੈਨਿੰਗ ਦੇ ਮਾਮਲੇ ਵਿੱਚ ਅਸੀਂ ਬਹੁਤ ਅਗੇ ਹਾਂ ਔਰ ਫੈਮਿਲੀ ਪਲੈਨਿੰਗ ਵਿੱਚ ਅਸੀਂ ਸ਼ਾਇਦ ਸਾਰੇ ਹਿੰਦੁਸਤਾਨ ਵਿੱਚ ਲੀਡ ਕਰਾਂਗੇ। ਜਿਹੜਾ ਗੌਰਮਿੰਟ ਆਫ਼ ਇੰਡੀਆ ਨੇ ਢਾਈ ਕਰੋੜ ਦਾ ਪ੍ਰਾਈਜ਼ ਅਨਾਊਂਸ ਕੀਤਾ ਹੈ, ਉਹ ਸ਼ਾਇਦ ਅਸੀਂ ਲੈ ਲਈਏ। ਇਸ ਦੇ ਲਈ ਮੈਂ ਹੈਲਥ ਮਨਿਸਟਰ ਸਾਹਿਬ ਨੂੰ ਅਤੇ ਹੈਲਥ ਡੀਪਾਰਟਮੈਂਟ ਦੇ ਕਰਮਚਾਰੀਆਂ ਨੂੰ ਵਧਾਈ ਦਿੰਦਾ ਹਾਂ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਬਾਰੇ ਜਿਹੜਾ ਮੇਰਾ ਸਬਜੈਕਟ ਹੈ, 2 ਜਾਂ 3 ਸੁਝਾਓ ਦੇਣਾ ਚਾਹੁੰਦਾ ਹਾਂ। ਐਜੂਕੇਸ਼ਨ ਡੀਪਾਰਟਮੈਂਟ ਵਿੱਚ ਐਜੂਕੇਸ਼ਨ ਕੁਝ ਪ੍ਰਾਈਵੇਟ ਸਕੂਲਾਂ ਵਿੱਚ ਅਤੇ ਕੁਝ ਗੌਰਮਿੰਟ ਸਕੂਲਾਂ ਵਿਚ ਹੈ। ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਅਸੀਂ 95% ਆਫ਼ ਡਿਵਿਸਿਟ ਦੇ ਰਹੇ ਹਾਂ। ਤੁਸੀਂ ਸ਼ਾਇਦ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਜਿੰਨੀ 1 ਦਸੰਬਰ, 1967 ਵਿੱਚ ਸਟਰੈਂਥ ਸੀ ਉਹ ਉਸ ਤੋਂ ਵੱਧ ਨਹੀਂ ਸਕੀ। ਉਸ ਸਟਰੈਂਥ ਤੋਂ ਉਪਰ ਕੋਈ ਮਾਸਟਰ ਨਹੀਂ ਵਧਾ ਸਕੇ। ਪਹਿਲਾਂ 5 ਸਬਜੈਕਟ ਹੁੰਦੇ ਸਨ, ਹੁਣ 6 ਸਬਜੈਕਟ ਕਰ ਦਿੱਤੇ ਹਨ। ਅਗੇ ਇਕ ਲੈਂਗੂਏਜ ਪੜ੍ਹਾਈ ਜਾਂਦੀ ਸੀ ਕਿਉਂਕਿ ਸੱਚਰ ਫਾਰਮੂਲਾ ਚਲਦਾ ਸੀ ਕਿ ਲਾਜ਼ਮੀ ਹਿੰਦੀ ਪੰਜਾਬੀ ਪੜ੍ਹਾਈ ਜਾਵੇ ਔਰ ਇਹ ਕਹਿਕੇ ਕਿ 40 ਤੋਂ ਬੱਚੇ ਘੱਟ ਹਨ, ਕਈ ਸਕੂਲਾਂ ਵਿੱਚ ਹਿੰਦੀ ਜਾਂ ਪੰਜਾਬੀ ਦੇ ਟੀਚਰਜ਼ ਨਹੀਂ ਸੀ ਹੁੰਦੇ। ਮੈਂ ਡਾਕਟਰ ਸਾਹਿਬ ਨੂੰ ਇਤਨੀ ਬੇਨਤੀ ਕਰਾਂਗਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਕਿ ਕਾਲਜ ਲੈਵਲ ਤੇ ਤੁਸੀਂ ਫਰੀਜ਼ਿੰਗ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਸਕੂਲਾਂ ਦੀ ਵੀ ਦੇਖ ਲਓ। **Give them the posts which are very essential and according to directions of the Government.** ਜੇ ਅਸੀਂ ਸਾਇੰਸ ਪੜ੍ਹਾਉਣੀ ਕਮਪਲਸਰੀ ਕੀਤੀ ਹੈ ਤਾਂ ਇਕ ਸਾਇੰਸ ਮਾਸਟਰ ਘਟੋ ਘੱਟ ਜ਼ਰੂਰ ਦੇ ਦਿਓ। ਜੇ ਪੰਜਾਬੀ ਪੜ੍ਹਾਉਣੀ ਲਾਜ਼ਮੀ ਕੀਤੀ ਹੈ ਤਾਂ ਪੰਜਾਬੀ ਟੀਚਰ ਜ਼ਰੂਰ ਦਿਓ। ਦੂਜੀ ਚੀਜ਼ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪ੍ਰਾਈਵੇਟ ਸਕੂਲ ਹੈ, ਉਸ ਵਿੱਚ ਪ੍ਰਾਵੀਡੈਂਟ ਫੰਡ ਪੇ ਕਰਦੇ ਹਾਂ। ਡਾਕਟਰ ਸਾਹਿਬ ਸਾਡੇ ਖ਼ਜ਼ਾਨਾ ਮੰਤਰੀ ਜੀ ਹਨ ਉਨ੍ਹਾਂ ਨੂੰ ਮੈਂ ਇਕ ਪ੍ਰੋਪੋਜ਼ਲ ਵੀ ਦਿੱਤੀ ਸੀ ਕਿ ਪ੍ਰਾਈਵੇਟ ਸਕੂਲਾਂ ਦਾ ਜਿਹੜਾ ਪ੍ਰਾਵੀਡੈਂਟ ਫੰਡ ਹੈ ਇਨਕਲੂਡਿੰਗ ਗੌਰਮਿੰਟ ਸ਼ੇਅਰ ਅਗਰ ਸਰਕਾਰ ਲੈ ਲਵੇ, ਗੌਰਮਿੰਟ ਦਾ ਹਿੱਸਾ ਇਨ੍ਹਾਂ ਕੋਲੋਂ ਪ੍ਰਮਾਨੈਂਟਲੀ ਲੈ ਲਵੇ ਤਾਂ ਦੂਜਾ ਜਿਹੜਾ ਹੈ ਉਸ ਦਾ ਕੇਵਲ ਸੂਦ ਹੀ 25 ਲੱਖ ਰੁਪਿਆ ਸਾਲ ਦਾ ਬਣਦਾ ਹੈ। ਅਗਰ ਅਸੀਂ ਉਨ੍ਹਾਂ ਨੂੰ ਪੈਨਸ਼ਨਰੀ ਬੈਨੀਫਿਟਸ ਦੇ ਦੇਈਏ ਤਾਂ ਪਹਿਲੇ 5 ਸਾਲ ਸਰਕਾਰ ਨੂੰ ਇਕ ਪੈਸਾ ਨਹੀਂ ਦੇਣਾ ਪਵੇਗਾ। ਇਹ ਇਕ ਅੱਛੀ ਸਕੀਮ ਹੈ ਅਤੇ ਇਸ ਸਕੀਮ ਬਾਰੇ ਮੇਰੇ ਪਾਸ ਕਾਗਜ਼ ਪੱਤਰ ਸਾਰੇ ਹਨ, ਇਹ ਜਦੋਂ ਚਾਹੁੰਣ ਮੈਂ ਇਨ੍ਹਾਂ ਨੂੰ ਦੇ ਦੇਵਾਂਗਾ। ਪਹਿਲੇ 5 ਸਾਲ ਸਰਕਾਰ ਨੂੰ ਇਕ ਪੈਸਾ ਨਹੀਂ ਦੇਣਾ ਪਵੇਗਾ। ਅਗਲੇ 5 ਸਾਲ ਯਾਨੀ ਦਸ ਸਾਲਾਂ ਤਕ ਇਨ੍ਹਾਂ 5 ਸਾਲਾਂ ਵਿੱਚ ਸਰਕਾਰ ਨੂੰ ਕੁਝ ਦੇਣਾ ਪਵੇਗਾ ਔਰ 10 ਸਾਲ ਤੋਂ ਬਾਅਦ ਕੁਝ ਜ਼ਿਆਦਾ ਦੇਣਾ ਪਵੇਗਾ ਲੇਕਿਨ ਪਹਿਲੇ 5 ਸਾਲ ਕੁਝ ਨਹੀਂ ਦੇਣਾ ਪੈਂਦਾ। ਇਸ ਲਈ ਇਸ ਪਾਸੇ ਵਲ ਸੋਚਣਾ ਚਾਹੀਦਾ ਹੈ। ਜੇ ਪ੍ਰਾਈਵੇਟਮੈਨ ਜਿਹੜਾ 60 ਸਾਲ ਦੀ ਉਮਰ ਵਿੱਚ ਆਉਂਦਾ ਹੈ, ਉਸ ਨੂੰ ਅਸੀਂ 50 ਜਾਂ 100 ਰੁਪਿਆ ਪੈਨਸ਼ਨ ਦਿੰਦੇ ਹਾਂ ਤਾਂ ਇਹ ਲੋਕ ਜਿਹੜੇ ਦੇਸ਼ ਦੀ ਸੇਵਾ ਕਰਦੇ ਹਨ, ਉਨ੍ਹਾਂ ਨੂੰ ਵੀ ਕੋਈ ਬੈਨੀਫਿਟ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਕਾਲਜ਼ ਟੀਚਰਜ਼ ਨੂੰ ਜਿਹੜਾ ਤੁਸੀਂ ਹੈਲਥ ਦਾ ਭੱਤਾ 10 ਰੁਪਏ ਮਹੀਨਾ ਦੇਣਾ ਸ਼ੁਰੂ ਕੀਤਾ ਹੈ, ਇਹ ਬੜੀ ਚੰਗੀ ਗਲ ਕੀਤੀ ਹੈ, ਇਹ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਵੀ ਦੇਣਾ ਚਾਹੀਦਾ ਹੈ ਕਿਉਂਕਿ ਉਹ ਵੀ ਬਿਮਾਰ ਹੋ ਸਕਦੇ ਹਨ। ਇਸ ਲਈ ਮੇਰੀ ਰਿਕੁਐਸਟ ਹੈ ਕਿ ਪ੍ਰਾਈਵੇਟ ਕਾਲਜ ਟੀਚਰਜ਼ ਦੀ ਤਰ੍ਹਾਂ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਵੀ ਇਹ ਭੱਤਾ ਦੇਣਾ ਚਾਹੀਦਾ ਹੈ। ਮੇਰੇ ਮੋਹਤਰਮ ਦੋਸਤ ਪ੍ਰੋਫੈਸਰ ਦਰਬਾਰੀ ਲਾਲ ਜੀ ਵੀ ਟੀਚਰਜ਼ ਦੀ ਨੁਮਾਇੰਦਗੀ ਕਰਦੇ ਹਨ। ਅਸੀਂ ਇਹ ਗਲ ਕਹਾਂਗੇ ਕਿ ਤੁਸੀਂ ਚੰਗਾ ਕੀਤਾ ਹੈ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਇਮਪਲਾਈਜ਼ ਨੂੰ ਪੈਨਸ਼ਨ ਦੇ ਬੈਨੀਫਿਟਸ ਦਿੱਤੇ ਹਨ ਪਰ ਇਨ੍ਹਾਂ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਵੀ ਇਹ ਬੈਨੀਫਿਟਸ ਵੇ ਦੇਣੇ ਚਾਹੀਦੇ ਹਨ।

ਇਕ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ 1978 ਵਿੱਚ ਪੇ ਕਮਿਸ਼ਨ ਬਣਿਆ ਔਰ ਉਸ ਪੇ ਕਮਿਸ਼ਨ ਦੀ ਇਕ ਰਿਕੁਮੈਂਡੇਸ਼ਨ ਸੀ ਕਿ ਜਿਸ ਸੈਕਸ਼ਨ ਨੂੰ 50% ਤੋਂ ਘੱਟ ਚਾਂਸਿਜ਼ ਆਫ ਪ੍ਰੋਮੋਸ਼ਨਜ਼ ਹੋਣ ਉਨ੍ਹਾਂ ਨੂੰ ਘੱਟੋ ਘੱਟ 20% ਸਿਲੈਕਸ਼ਨ ਗਰੇਡ ਦਿੱਤਾ ਜਾਵੇ। **But Education Department is the only department in which it has not been done so far.** ਬਾਕੀ ਸਾਰੀਆਂ ਕੈਟੇਗਰੀਜ਼ ਵਿੱਚ ਹੋ ਗਿਆ ਹੈ। ਮੇਰੀ ਰਿਕੁਐਸਟ ਇਹ ਹੈ ਕਿ ਇਹ ਤੁਹਾਡਾ ਹੀ ਫੈਸਲਾ ਹੈ ਔਰ ਇਸ ਦੇ ਲਈ ਟਾਈਮ ਬਾਊਂਡ ਡਾਇਰੈਕਸ਼ਨਜ਼ ਦਿਓ ਕਿ ਇਤਨੇ ਟਾਈਮ ਵਿੱਚ ਸਾਰਾ ਖਰਚਾ ਵਗੈਰਾ ਕੈਲਕੂਲੇਟ ਕਰ ਦਿਓ ਔਰ ਉਸ ਦੇ ਬਾਅਦ ਜਲਦੀ ਹੀ ਫੈਸਲਾ ਕੀਤਾ ਜਾਵੇ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਇਕ ਹੋਰ ਵਧਾਈ ਮੈਂ ਆਪਣੀ ਸਰਕਾਰ ਨੂੰ ਦੇਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਸੜਕਾਂ ਵਲ ਆਪਣਾ ਪੂਰਾ ਧਿਆਨ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

ਮਰਹੂਮ ਸਰਦਾਰ ਲਛਮਣ ਸਿੰਘ ਗਿੱਲ ਨੇ ਐਪਰੋਚ ਰੋਡਜ਼ ਦਾ ਕੰਮ ਕਰਨਾ ਸ਼ੁਰੂ ਕੀਤਾ ਔਰ ਅਗੋਂ ਉਸ ਦੀ ਕਮਪਲੀਸ਼ਨ ਕਰਨ ਦਾ ਯਤਨ ਕਾਂਗਰਸ ਦੀ ਸਰਕਾਰ ਨੇ ਕੀਤਾ ਹੈ। ਹੁਣ ਤੁਸੀਂ ਸੁਪਰੀਮ ਕੋਰਟ ਦੀ ਜਜਮੈਂਟ ਦੇ ਵਿੱਚ ਰਹਿੰਦਿਆਂ ਇਕ ਪਲੈਨ ਬਣਾਈ ਹੈ ਕਿ ਲਿੰਕ ਰੋਡਜ਼, ਐਪਰੋਚ ਰੋਡਜ਼ ਨੂੰ ਕਮਪਲੀਟ ਕਰਨਾ ਹੈ, ਇਹ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਵੀ ਜ਼ਿਕਰ ਹੈ। ਪਿੰਡਾਂ ਦੇ ਲੋਕਾਂ ਵਾਸਤੇ ਇਹ ਬਹੁਤ ਵੱਡਾ ਕੰਮ ਹੈ ਜੋ ਸਾਡੀ ਸਰਕਾਰ ਕਰ ਰਹੀ ਹੈ। ਪਿੰਡਾਂ ਦੇ ਲੋਕਾਂ ਵਾਸਤੇ ਦੋ ਹੀ ਵਡੇ ਕੰਮ ਹੁੰਦੇ ਹਨ। ਇਕ ਪਿੰਡ ਦੀਆਂ ਨਾਲੀਆਂ ਅਤੇ ਗਲੀਆਂ ਪੱਕੀਆਂ ਕੀਤੀਆਂ ਜਾਣ ਅਤੇ ਦੂਸਰਾ ਪਿੰਡ ਵਿੱਚ ਸੜਕਾਂ ਦਿੱਤੀਆਂ ਜਾਣ, ਸੜਕਾਂ ਬਣਾਈਆਂ ਜਾਣ। ਤੁਸੀਂ ਇਹ ਦੋਨੋਂ ਮੰਗਾਂ ਉਨ੍ਹਾਂ ਦੀਆਂ ਪੂਰੀਆਂ ਕਰਕੇ ਪੇਂਡੂ ਜੀਵਨ ਨੂੰ ਸੁਖਾਲਾ ਕਰਨ ਦਾ ਯਤਨ ਕੀਤਾ ਹੈ। ਇਸ ਦੇ ਲਈ ਵੀ ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ।

ਇਕ ਹੋਰ ਗਲ ਵਲ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਉਹ ਇਹ ਹੈ ਕਿ ਹਰ ਸਾਲ ਅਸੀਂ 2.11 ਲੱਖ ਰੁਪਿਆ ਬਜਟ ਵਿਚ ਪ੍ਰੋਵਾਈਡ ਕਰਦੇ ਹਾਂ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਦੀਆਂ ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ। ਐਫ. ਐਮ. ਸਾਹਿਬ, ਤੁਸੀਂ ਵੇਖੋ ਕਿ ਅਸੀਂ 6, 7 ਕਰੋੜ ਰੁਪਿਆ ਹਰ ਸਾਲ ਦਿੰਦੇ ਹਾਂ। ਤੁਸੀਂ ਪਿਛਲੇ ਢਾਈ ਤਿੰਨ ਸਾਲਾਂ ਦੇ ਫਿਗਰਜ਼ ਵੇਖ ਲਵੋ। ਮੈਂ ਇਸ ਬਾਰੇ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨਾਂ ਅਮਾਉਂਟ ਚਾਹੀਦਾ ਹੈ, ਜਿਸ ਸਾਲ ਦਾ ਹੈ ਉਸ ਸਾਲ ਵਿਚ ਪ੍ਰੋਵਾਈਡ ਕਰਕੇ ਕਿਸਾਨਾਂ ਨੂੰ ਦਿਓ। ਦਿੰਦੇ ਤਾਂ ਅਸੀਂ ਉਨ੍ਹਾਂ ਨੂੰ ਹਾਂ ਜਿਨ੍ਹਾਂ ਦੀ ਅਗਰ 75% ਫਸਲ ਖਰਾਬ ਹੋ ਜਾਏ ਤਾਂ 300 ਰੁਪਏ ਕਿਲਾ, 50% ਹੋਵੇ ਤਾਂ 200 ਰੁਪਏ ਕਿਲਾ ਅਤੇ ਜੇ 25% ਹੋਵੇ ਤਾਂ 100 ਰੁਪਏ ਕਿਲਾ ਔਰ ਅਗਰ ਉਸ ਤੋਂ ਥੱਲੇ ਹੋਵੇ ਤਾਂ ਕੁਝ ਨਹੀਂ ਦਿੰਦੇ। ਇਹ ਲਾਜ਼ਮੀ ਕਰੋ ਕਿ ਗਿਰਦਾਵਰੀਆਂ ਦੇ ਵਿਦਿਨ ਟੂ ਮੰਥਸ ਕਿਸਾਨ ਨੂੰ ਉਸ ਦੀ ਪੇਮੈਂਟ ਹੋ ਜਾਣੀ ਚਾਹੀਦੀ ਹੈ, ਅਗਰ ਨਾ ਹੋਵੇ ਤਾਂ ਡਿਪਟੀ ਕਮਿਸ਼ਨਰ ਦੀ ਜ਼ਿੰਮੇਵਾਰੀ ਹੋਵੇ ਕਿ ਉਹ ਜ਼ਰੂਰ ਦਿਵਾਏ ਤਾਕਿ ਉਹ ਗਰੀਬ ਕਿਸਾਨ ਆਪਣੀ ਅਗਲੀ ਫ਼ਸਲ ਤਾਂ ਬੀਜ ਸਕੇ।

ਇਸ ਤੋਂ ਅਗੇ ਮੈਂ ਵਿਡੋ ਅਤੇ ਓਲਡ ਏਜ ਪੈਨਸ਼ਨਜ਼ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਮੈਂ ਸੀ.ਐਮ. ਸਾਹਿਬ ਦੇ ਸਾਹਮਣੇ ਜ਼ਰੂਰ ਗੁਜ਼ਾਰਸ਼ ਕਰਾਂਗਾ ਕਿ ਇਕ ਔਰਤ ਨੂੰ ਵਿਧਵਾ ਪੈਨਸ਼ਨ ਦੇ ਦਿਤੀ ਔਰ ਉਹ ਬਾਦ ਵਿਚ ਜਦੋਂ 60 ਸਾਲ ਦੀ ਹੋ ਗਈ ਤਾਂ ਇਹ ਕਹਿੰਦੇ ਹਨ ਕਿ ਉਹ ਬੁਢਾਪਾ ਪੈਨਸ਼ਨ ਦੀ ਮੰਗ ਕਰੇ। ਮੈਂ ਪੁੱਛਦਾ ਹਾਂ ਕਿ ਕੀ ਉਹ 60 ਸਾਲ ਦੀ ਉਮਰ ਵਿਚ ਆਕੇ ਵਿਡੋ ਨਹੀਂ ਰਹੀ? ਮੈਂ ਕਹਿੰਦਾ ਹਾਂ ਕਿ ਜਿਸ ਵਿਧਵਾ ਦੀ ਪੈਨਸ਼ਨ ਲਗ ਚੁਕੀ ਹੈ ਉਸ ਨੂੰ ਉਨਾਂ ਚਿਰ ਪੈਨਸ਼ਨ ਮਿਲੇ ਜਿੰਨਾਂ ਚਿਰ ਉਹ ਜਿਉਂਦੀ ਹੈ। ਦੂਸਰਾ ਮਾਸਟਰ ਬਾਬੂ ਸਿੰਘ ਨੇ ਸੁਜੈਸਟ ਕੀਤਾ ਸੀ ਕਿ ਅਗਰ ਕਿਸੇ ਦਾ ਬੱਚਾ ਆਪਣੇ ਮਾਂ ਬਾਪ ਦੇ ਬੁਢਾਪੇ ਨੂੰ ਨਹੀਂ ਸੰਭਾਲ ਸਕਦਾ ਤਾਂ ਉਸ ਨੂੰ ਸੰਭਾਲਣਾ ਇਸ ਵੈਲਫੇਅਰ ਸਟੇਟ ਦੀ ਜ਼ਿੰਮੇਵਾਰੀ ਹੈ, ਇਹ ਹੋਣਾ ਚਾਹੀਦਾ ਹੈ।

ਇਕ ਗਲ ਮੈਂ ਟਰਾਂਸਪੋਰਟ ਬਾਰੇ ਕਰਨੀ ਚਾਹੁੰਦਾ ਹਾਂ। ਸਾਨੂੰ ਢੀਂਡਸਾ ਟਰਾਂਸਪੋਰਟ ਜਾਂ ਪੀਪਾ ਟਰਾਂਸਪੋਰਟ ਮਿਲੀ ਸੀ। ਉਸ ਵਿਚ ਬਾਰੀਆਂ ਤਕ ਨਹੀਂ ਸੀ ਹੁੰਦੀਆਂ। ਅਸੀਂ ਬੜੀ ਇੰਪਰੂਵ-ਮੈਂਟ ਲਿਆਂਦੀ ਔਰ ਬੱਸਾਂ ਐਡ ਵੀ ਕੀਤੀਆਂ। ਮੈਂ ਇਸ ਖੇਤਰ ਵਿਚ ਸਭ ਤੋਂ ਵੱਧ ਵਧਾਈ ਇਸ ਕਰਕੇ ਦਿੰਦਾ ਹਾਂ ਕਿ ਅਸੀਂ ਇਸ ਦੀ ਕਾਸਟ ਆਫ ਵਰਕਿੰਗ ਨੂੰ ਘਟਾਉਣ ਦਾ ਯਤਨ ਕੀਤਾ ਹੈ। ਇਹ ਪਹਿਲਾਂ 3.60 ਕੇ.ਪੀ.ਐਲ. ਸੀ ਪਰ ਅਸੀਂ 4 ਕਰ ਦਿੱਤਾ ਹੈ। ਪਹਿਲਾਂ 208 ਕਿਲੋਮੀਟਰ ਚਲਣ ਦੇ ਬਾਦ ਵਹੀਕਲ ਨੂੰ ਰੈਸਟ ਦਿੰਦੇ ਸੀ, ਹੁਣ 225 ਕਿਲੋਮੀਟਰ ਬਾਦ। ਮੈਂ ਸਮਝਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਇਹ ਇਕ ਬਹਤ ਵਡਾ ਕੰਮ ਕੀਤਾ ਹੈ। ਟਾਇਰ ਰੀਟਰੀਡਿੰਗ ਦਾ ਕੰਮ ਸ਼ੁਰੂ ਕੀਤਾ ਹੈ। ਹਰ ਡਿਸ-ਟ੍ਰਿਕਟ ਹੈਡਕੁਆਟਰ ਤੋਂ ਦਿੱਲੀ ਤਕ ਬੱਸ ਸਰਵਿਸ ਚਲਾਈ ਹੈ । ਇਹ ਇਕ ਨਵਾਂ ਪ੍ਰਫੋਟੇਬਲ ਮੀਨ ਮਿਲਿਆ ਹੈ। ਹੁਣ ਮੈਂ ਇਕ ਸੁਝਾਓ ਦਿਆਂਗਾ। ਜਦੋਂ ਸਾਡੇ ਮੇਲੇ ਆਉਂਦੇ ਹਨ, ਜਿਸ ਤਰ੍ਹਾਂ ਬਿਆਸਾ ਦਾ ਸਤਸੰਗ ਹੁੰਦਾ ਹੈ ਤਾਂ ਬਟਾਲੇ ਤੋਂ ਬਿਆਸਾ ਬੱਸਾਂ ਜਾਂਦੀਆਂ ਹਨ, ਮੁਕਤਸਰ ਦਾ ਮੇਲਾ ਲਗਦਾ ਹੈ, ਅੰਮ੍ਰਿਤਸਰ ਦਾ ਮੇਲਾ ਲਗਦਾ ਹੈ ਤਾਂ ਅਜਿਹੇ ਮੌਕੇ ਤੇ ਪ੍ਰਾਈਵੇਟ ਬੱਸਾਂ ਵਾਲੇ ਪੂਰਾ ਟੈਕਸ ਪੇ ਨਹੀਂ ਕਰਦੇ। ਇਸ ਟੈਕਸ ਦੀ ਚੋਰੀ ਨੂੰ ਰੋਕਣ ਲਈ ਸਾਨੂੰ ਇਕ ਵੇ ਫਿਕਸ ਕਰ ਦੇਣਾ ਚਾਹੀਦਾ ਹੈ। ਜਿਸ ਨੇ ਬੱਸ ਚਲਾਉਣੀ ਹੈ, ਉਸ ਨੂੰ ਕਿਹਾ ਜਾਏ ਕਿ ਪਰ ਕਿਲੋਮੀਟਰ ਇਤਨੇ ਪੈਸੇ ਦਿਤੇ ਜਾਣ । ਇਹ ਚੀਜ਼ ਕੈਲਕੂਲੇਟ ਹੋ ਸਕਦੀ ਹੈ ਅਗਰ ਐਫ.ਡੀ., ਟਰਾਂਸਪੋਰਟ ਡਿਪਾਰਟਮੈਂਟ ਅਤੇ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਵਾਲੇ ਬੈਠ ਕੇ ਮਿਹਨਤ ਕਰਨ । ਮੈਂ ਪੀ.ਏ.ਸੀ. ਦਾ ਚੇਅਰਮੈਨ ਹੋਣ ਕਾਰਨ ਕੁਝ ਸਿਫ਼ਾਰਸ਼ਾਂ ਰਿਪੋਰਟ ਵਿਚ ਕੀਤੀਆਂ ਹਨ ਜਿਹੜੀਆਂ ਕਿ ਮੈਂ ਇਥੇ ਡਾਈਵਲਜ ਨਹੀਂ ਕਰਨਾ ਚਾਹੁੰਦਾ।

ਵਕਤ ਆ ਗਿਆ ਹੈ ਕਿ ਅਸੀਂ ਆਲ ਰਾਊਂਡ ਪ੍ਰੋਗਰੈਸ ਬਾਰੇ ਸੋਚੀਏ ਜਿਹੜੀ ਕਿ ਸਾਡੇ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਦਰਸਾਈ ਗਈ ਹੈ। ਇਸ ਦੇ ਲਈ ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ। ਮੈਂ ਇਕ ਗਲ ਆਪਣੇ ਆਪੋਜ਼ੀਸ਼ਨ ਦੇ ਸਾਥੀਆਂ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਵੀ ਅਜਿਹਾ ਪ੍ਰੋਗਰਾਮ ਸਿਰੇ ਚੜ੍ਹਾਉਣ ਲਈ ਸਹਾਇਤਾ ਕਰਨੀ ਚਾਹੀਦੀ ਹੈ। ਉਨ੍ਹਾਂ ਦਾ ਵੀ ਉਨਾਂ ਫਰਜ਼ ਬਣਦਾ ਹੈ ਜਿੰਨਾਂ ਹੋਰਨਾਂ ਦਾ।

ਮੈਂ ਸੀ.ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ ਵਾਟਰ ਦੇ ਮਸਲੇ ਤੇ ਅਤੇ ਟੈਰੀਟੋਰੀਅਲ ਮਸਲੇ ਤੇ, ਉਨ੍ਹਾਂ ਨੇ ਪੰਜਾਬ ਦੇ ਹਿਤ ਨੂੰ ਸੇਫ ਕਰਨ ਲਈ ਸਟੈਂਡ ਲਏ ਹਨ। ਮੈਂ ਸਮਝਦਾ ਹਾਂ ਕਿ ਸਾਰੇ ਪੰਜਾਬੀਆਂ ਨੂੰ ਪੰਜਾਬ ਦੇ ਇਸ਼ੂ ਤੇ ਸਟੈਂਡ ਲੈਣਾ ਚਾਹੀਦਾ ਹੈ ਜੋ ਮੁੱਖ ਮੰਤਰੀ ਜੀ ਨੇ ਲਿਆ ਹੈ ਕਿ ਅਸੀਂ ਇਕ ਕਤਰਾ ਵੀ ਪਾਣੀ ਦਾ ਨਹੀਂ ਘਟਣ ਦੇਣਾ ਚਾਹੁੰਦੇ। ਉਨ੍ਹਾਂ ਦੀ ਖਾਹਿਸ਼ ਇਸ ਅਸੈਂਬਲੀ ਦੇ ਰਾਹੀਂ ਮਾਨਯੋਗ ਮੈਂਬਰਾਂ ਨੇ ਇੰਡੀਵਿਜੂਅਲ ਜਾਂ ਹੋਰ ਤਰ੍ਹਾਂ ਪ੍ਰਗਟ ਕੀਤੀ ਹੈ। ਜੋ ਕਦਮ ਉਨ੍ਹਾਂ ਨੇ ਇਸ ਸਬੰਧੀ ਚੁਕੇ ਹਨ, ਉਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ।

**ਕਾਮਰੇਡ ਰਾਜ ਕੁਮਾਰ** (ਧਾਰੀਵਾਲ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਅਜ ਗਵਰਨਰ ਸਾਹਿਬ ਦੇ ਭਾਸ਼ਨ ਤੇ ਬਹਿਸ ਦਾ ਆਖਰੀ ਦਿਨ ਹੈ। ਮੇਰੇ ਤੋਂ ਪਹਿਲਾਂ ਮੇਰੇ ਬਹੁਤ ਸਾਰੇ ਮਾਨਯੋਗ ਸਾਥੀਆਂ ਨੇ ਇਸ ਭਾਸ਼ਨ ਸਬੰਧੀ ਆਪਣੇ ਵਖਰ ਵਖਰੇ ਨਜ਼ਰੀਏ ਤੋਂ ਇਸ ਤੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਡਿਪਟੀ ਸਪੀਕਰ ਸਾਹਿਬ, ਅਸੀਂ ਪੰਜਾਬ ਵਿਚ ਹਾਂ ਔਰ ਪੰਜਾਬ ਹਿੰਦੁਸਤਾਨ ਵਿਚ ਹੈ। ਜਦੋਂ ਕੋਈ ਗਲ ਪੰਜਾਬ ਵਿਚ ਹੋਵੇ ਤਾਂ ਉਸ ਤੋਂ ਹਿੰਦੁਸਤਾਨ ਅਸਰਅੰਦਾਜ਼ ਹੋਣ ਤੋਂ ਨਹੀਂ ਰਹਿ ਸਕਦਾ ਔਰ ਜੋ ਅਜ ਸਾਰੇ ਹਿੰਦੁਸਤਾਨ ਦੀ ਅਵਸਥਾ ਹੈ ਉਹ ਅਜ ਪੰਜਾਬ ਤੇ ਆਪਣਾ ਅਸਰ ਛਡੇ ਬਗੈਰ ਨਹੀਂ ਰਹਿ ਸਕਦੀ। ਮੈਂ ਜਦੋਂ ਭਾਸ਼ਨ ਦੇ ਵਰਕੇ ਫੋਲਣ ਤੋਂ ਬਾਦ ਇਸ ਦੀ ਹਕੀਕਤ ਨੂੰ ਵੇਖਿਆ ਤਾਂ ਮੈਨੂੰ ਇਹ ਜਾਪਿਆ ਕਿ ਇਹ ਭਾਸ਼ਨ ਸਾਨੂੰ ਅਵੇਸਲਾ ਕਰਦਾ ਹੈ। ਕਿਉਂਕਿ ਜਿਸ ਪਿਛੋਕੜ ਨੂੰ ਧਿਆਨ ਵਿਚ ਰਖ ਕੇ ਇਸਨੂੰ ਲਿਖਣਾ ਚਾਹੀਦਾ ਸੀ, ਉਹ ਨਹੀਂ ਕੀਤਾ। ਹਿੰਦੁਸਤਾਨ ਦੀ ਜੋ ਅਵਸਥਾ ਹੈ ਉਹ ਕਿਵੇਂ ਨਜ਼ਰਅੰਦਜ਼ ਹੋਵਗੀ। ਪੰਜਾਬ ਸਰਕਾਰ ਦੇ ਸਾਹਮਣੇ ਕਈ ਕੰਮ ਨਿਕਲਣਗੇ, ਸਾਡੇ ਸਾਹਮਣੇ ਕਈ ਕੰਮ ਨਿਕਲਣਗੇ, ਇਸ ਕਰਕੇ ਉਨ੍ਹਾਂ ਬਹੁਤ ਸਾਰੇ ਕੰਮਾਂ ਸਬੰਧੀ ਇਹ ਭਾਸ਼ਨ ਖਾਮੋਸ਼ ਹੈ ਔਰ ਤਾਂ ਹੀ ਕਿਹਾ ਹੈ ਕਿ ਇਸ ਵਿਚੋਂ ਅਵੇਸਲੇ-

Original with;
Punjab Vidhan Sabha
Digitized by;
Panjab Digital Library

ਪਨ ਦੀ ਝਲਕ ਮਿਲ ਰਹੀ ਹੈ । ਨੁਕਤਾਚੀਨੀ ਸਿਰਫ ਨੁਕਤਾਚੀਨੀ ਦੀ ਖਾਤਰ ਨਜ਼ਰ ਨਾ ਆਵੇ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਤੇ ਬੜੀ ਕੋਸ਼ਿਸ਼ ਕਰਾਂਗਾ । ਜਿਹੜੀ ਨੁਕਤਾਚੀਨੀ ਹੋਵੇ ਉਹ ਮਿਸਚੀਵੀਅਸ ਨੁਕਤਾਚੀਨੀ ਨਾ ਹੋਵੇ। ਇਸ ਵਕਤ ਮੇਰੇ ਸਾਹਮਣੇ 1982-83 ਦੇ ਬਜਟ ਤੋਂ ਪਹਿਲਾਂ ਜਿਹੜਾ ਇਕਨਾਮਿਕ ਸਰਵੇ ਗੌਰਮਿੰਟ ਆਫ਼ ਇੰਡੀਆ ਦਾ ਪੇਸ਼ ਹੋਇਆ, ਉਹ ਹੈ । ਉਸ ਨੂੰ ਪੜ੍ਹਨ ਤੋਂ ਬਾਦ ਪੰਜਾਬ ਦੇ ਅੰਦਰ ਕੀਤੇ ਗਏ ਦਾਅਵੇ ਦੇਖਦਾ ਹੋਇਆ ਇਹ ਦੇਖਣਾ ਹੈ ਕਿ ਉਹ ਦਾਅਵੇ ਕਿਤੇ ਸਾਨੂੰ ਗਲਤ ਰਸਤਿਆਂ ਤੇ ਤਾਂ ਨਹੀਂ ਲੈ ਜਾਣਗੇ ਕਿਉਂਕਿ ਉਨ੍ਹਾਂ ਦੇ ਉਤੇ ਹੀ ਪੰਜਾਬ ਦੇ ਦਾਅਵੇ ਕੀਤੇ ਗਏ ਹਨ ਔਰ ਉਨ੍ਹਾਂ ਨੇ ਪੰਜਾਬ ਦੇ ਹਾਲਾਤ ਨੂੰ ਪ੍ਰਭਾਵਤ ਕਰਨਾ ਹੈ। ਉਸ ਗਲ ਨੂੰ ਇਸ ਐਡਰੈਸ ਵਿਚ ਮੱਦੇਨਜ਼ਰ ਰਖਣਾ ਲਾਜ਼ਮੀ ਸੀ। ਉਸ ਦੇ ਵਿਚ ਦੋ ਤਿੰਨ ਇੰਡੀਕੇਟਰ ਹਨ। ਸਾਡੇ ਮੁਲਕ ਨੇ ਆਰਥਿਕ ਫੈਸਲੇ ਕੀਤੇ ਹਨ। ਇਹ ਇਕ ਅਥਾਰੀਟੇਟਿਵ ਡਾਕੂਮੈਂਟ ਹੈ, ਕੋਈ ਅਖ਼ਬਾਰੀ ਖ਼ਬਰਾਂ ਨਹੀਂ। ਇਹ ਪਾਰਲੀਆਮੈਂਟ ਵਿਚ ਪੇਸ਼ ਹੋ ਚੁਕਾ ਹੈ । ਸਾਡਾ ਸਾਰੇ ਹਿੰਦੁਸਤਾਨ ਵਿਚ 1981-82 ਵਿਚ ਐਗਰੀਕਲਚਰਲ ਪ੍ਰੋਡਕਸ਼ਨ ਵਿਚ ਵਾਧਾ 5.5 ਪਰਸੈਂਟ ਸੀ ਅਤੇ 1982-83 ਵਿਚ ਇਹ ਵਾਧਾ ਸਿਰਫ਼ 3 ਪਰਸੈਂਟ ਰਹਿ ਗਿਆ। 1981-82 ਵਿੱਚ 1330 ਕਰੋੜ ਟਨ ਐਗਰੀਕਲਚਰਲ ਪ੍ਰੋਡਕਸ਼ਨ ਸੀ ਤਾਂ ਇਕਨਾਮਿਕ ਸਰਵੇ ਨੋਟ ਕਰਦਾ ਹੈ ਕਿ 1982-83 ਵਿੱਚ ਇਹ 1280 ਕਰੋੜ ਟਨ ਰਹਿ ਗਈ। ਐਗਰੀਕਲਚਰਲ ਫਰੰਟ ਉਤੇ ਸਾਰੇ ਹਿੰਦੁਸਤਾਨ ਦੀ ਇਹ ਤਸਵੀਰ ਹੈ। ਕਿਉਂਕਿ ਅਸੀਂ ਹਿੰਦੁਸਤਾਨ ਦੀ ਗਰੇਨਰੀ ਕਹਾਉਂਦੇ ਹਾਂ, ਅਸੀਂ ਤਕਰੀਬਨ 70 ਤੋਂ 75 ਪਰਸੈਂਟ ਅਨਾਜ ਹਿੰਦੁਸਤਾਨ ਦੇ ਪੂਲ ਵਿੱਚ ਦੇਣਾ ਹੈ, ਇਸ ਲਈ ਇਹ ਸਾਡੇ ਲਈ ਦਿਲਚਸਪੀ ਦੀ ਗਲ ਹੈ। ਅਗਰ ਹਿੰਦੁਸਤਾਨ ਦੀ ਚਿੰਤਾਜਨਕ ਪੁਜ਼ੀਸ਼ਨ ਹੈ ਤਾਂ ਅਸੀਂ ਕਿਸਾਨਾਂ ਵਾਸਤੇ ਮੁਨਾਸਬ ਭਾਅ ਦਿਵਾਉਣ ਲਈ ਏ.ਪੀ.ਸੀ. ਵਿੱਚ ਲੜਨਾ ਹੈ । ਗੌਰਮਿੰਟ ਆਫ ਇੰਡੀਆ ਕੋਲੋਂ ਉਸ ਨੂੰ ਇਨਸਾਫ ਦਿਵਾਉਣ ਦੀ ਕੋਸ਼ਿਸ਼ ਕਰਨੀ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਅਸੀਂ ਇਹ ਧਿਆਨ ਵਿੱਚ ਰਖੀਏ ਕਿ ਕਿਸ ਤਰ੍ਹਾਂ ਦਾ ਮੁਕਾਬਲਾ ਕਰਨਾ ਪੈਣਾ ਹੈ। ਏ.ਪੀ.ਸੀ. ਨੇ 152 ਰੁਪਏ ਕੁਇੰਟਲ ਕਣਕ ਦੇ ਭਾਅ ਦਾ ਐਲਾਨ ਕੀਤਾ ਹੈ। ਜਿਸ ਕਿਸਮ ਦੇ ਮੁਸ਼ਕਿਲ ਹਾਲਾਤ ਸਾਰੇ ਮੁਲਕ ਵਿੱਚ ਹਨ, ਐਗਰੀਕਲਚਰਲ ਪ੍ਰੋਡਕਸ਼ਨ ਦੇ ਸਿਲਸਿਲੇ ਵਿੱਚ, ਉਨ੍ਹਾਂ ਦੇ ਮੁਕਾਬਲੇ ਵਿੱਚ ਸਾਡੀ ਪੁਜ਼ੀਸ਼ਨ ਬੜੀ ਬੇਹਤਰ ਹੈ। ਅਸੀਂ ਬਜਾ ਤੌਰ ਤੇ ਇਸ ਤੇ ਮਾਣ ਕਰ ਸਕਦੇ ਹਾਂ ਭਾਵੇਂ ਉਸ ਮਾਣ ਦਾ ਜ਼ਿਕਰ ਗਵਰਨਰ ਐਡਰੈਸ ਵਿੱਚ ਨਹੀਂ ਹੈ। ਇਹ ਪਹਿਲੀ ਵਾਰ ਹੈ ਕਿ ਇੱਕ ਐਡਰੈਸ ਲਿਖਿਆ ਗਿਆ ਹੋਵੇ ਜਿਸਦੇ ਵਿੱਚ ਪੰਜਾਬ ਦੇ ਕਿਸਾਨ ਨੂੰ ਵਧਾਈ ਦੇਣ ਦੀ ਬਜਾਏ, ਮੁਤੱਲਿਕਾ ਅਦਾਰਿਆਂ ਵਿੱਚ ਅੰਕੜੇ ਇਕੱਠੇ ਕਰਨ ਵਾਲਿਆਂ ਨੂੰ ਵਧਾਈ ਦਿਤੀ ਗਈ ਹੈ। ਇਸ ਐਡਰੈਸ ਦੇ ਪੈਰਾਗਰਾਫ 7, 8 ਅਤੇ 9 ਪੜ੍ਹੋ ਤਾਂ ਤੁਹਾਨੂੰ ਬਿਲਕੁਲ ਪਤਾ ਲਗ ਜਾਵੇਗਾ ਕਿ ਇਸ ਦੇ ਵਿੱਚ ਟਰਿਬਿਊਟਸ ਪੇ ਕੀਤਾ ਹੈ ਇੰਤਜ਼ਾਮ ਕਰਨ ਵਾਲਿਆਂ ਅਤੇ ਅੰਕੜੇ ਇਕੱਠੇ ਕਰਨ ਵਾਲਿਆਂ ਦਾ । ਇਸ ਸਾਰੇ ਗਵਰਨਰ ਐਡਰੈਸ ਵਿਚ ਉਸ ਬਹਾਦਰ ਕਿਸਾਨ ਦਾ ਜ਼ਿਕਰ ਨਹੀਂ ਜਿਸਨੇ ਬੜੀਆਂ ਭਾਰੀਆਂ ਔਕੜਾਂ ਦੇ ਬਾਵਜੂਦ ਪੰਜਾਬ ਦੇ ਅੰਦਰ ਉਸ ਟਰੈਂਡ ਨੂੰ ਦਾਖਲ ਨਹੀਂ ਹੋਣ ਦਿੱਤਾ ਜਿਸ ਨੇ ਬਾਕੀ ਸਾਰੇ ਮੁਲਕ ਵਿਚ ਐਗਰੀਕਲਚਰਲ ਪ੍ਰੋਡਕਸ਼ਨ ਤੇ ਅਸਰ ਪਾਇਆ ਹੈ। ਪੰਜਾਬ ਵਿੱਚ ਐਗਰੀਕਲ-ਚਰਲ ਪ੍ਰੋਡਕਸ਼ਨ ਵਿੱਚ ਵਾਧਾ ਹੋਇਆ ਹੈ। ਉਸ ਕਿਸਾਨ ਦੀ ਕਣਕ ਦਾ ਭਾਅ 152 ਰੁਪਏ ਦੇਣ ਦਾ ਏ.ਪੀ.ਸੀ. ਨੇ ਐਲਾਨ ਕੀਤਾ ਹੈ। ਇਹ ਭਾਅ ਘੱਟ ਹੈ, ਪੰਜਾਬ ਸਰਕਾਰ ਨੂੰ ਉਥੇ ਡਟ ਕੇ ਲੜਨਾ ਪਵੇਗਾ। ਇਹ ਇਕੱਲੀ ਸਰਕਾਰ ਦਾ ਕੰਮ ਨਹੀਂ, ਸਾਰੇ ਪੰਜਾਬ ਨੂੰ ਲੜਨਾ ਪਵੇਗਾ ਤਾਂ ਕਿ ਕਿਸਾਨ ਨੂੰ ਮੁਨਾਸਿਬ ਭਾਅ ਮਿਲੇ। ਇਸ ਸਾਰੇ ਮੁਲਕ ਦੇ ਪਿਛੋਕੜ ਵਿੱਚ ਅਗਰ ਅਸੀਂ ਕਿਸਾਨ ਦਾ ਜ਼ਿਕਰ ਨਹੀਂ ਕਰਾਂਗੇ ਗਵਰਨਰ ਐਡਰੈਸ ਵਿੱਚ, ਜੇ ਉਸਦੀ ਮਿਹਨਤ ਦਾ ਜ਼ਿਕਰ ਨਹੀਂ ਕਰਾਂਗੇ ਤਾਂ ਫਿਰ ਉਸ ਨੂੰ ਠੀਕ ਭਾਅ ਦਿਵਾਉਣ ਲਈ ਉਤਨੀ ਹੀ ਸਾਡੀ ਤੇਜ਼ੀ ਹੋਵੇਗੀ ਅਤੇ ਉਤਨੀ ਹੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਸਾਡੀ ਕੁਮਿਟਮੈਂਟ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਹਿੰਦੁਸਤਾਨ ਭਰ ਦੇ ਪੈਮਾਨੇ ਤੇ ਇਹ ਦੇਖ ਰਹੇ ਹਾਂ ਕਿ 90 ਲੱਖ ਹੈਕਟੇਅਰ ਹੋਰ ਜ਼ਮੀਨ 1973 ਤੋਂ ਲੈ ਕੇ 1983 ਤਕ ਜ਼ੇਰੇ ਕਾਸ਼ਤ ਆਈ ਹੈ ਅਤੇ 20 ਲੱਖ ਟਨ ਜ਼ਿਆਦਾ ਫਰਟੇਲਾਈਜ਼ਰ ਵਰਤਣਾ ਸ਼ੁਰੂ ਹੋਇਆ ਹੈ। ਉਸ ਦੇ ਬਾਵਜੂਦ ਵੀ ਪਿਛਲੇ ਸਾਲ ਵਿੱਚ 40 ਲੱਖ ਟਨ ਕਣਕ ਬਾਹਰੋਂ, ਅਮਰੀਕਾ ਤੋਂ ਮੰਗਵਾਉਣੀ ਪਈ 200 ਰੁਪਏ ਕੁਇੰਟਲ ਦੇ ਭਾਅ ਤੇ। ਇਸਦਾ ਵੀ ਸਾਡੇ ਨਾਲ ਤੁਅੱਲਕ ਹੈ ਕਿਉਂਕਿ ਇਸ ਗਲ ਦਾ ਗੌਰਮਿੰਟ ਆਫ ਇੰਡੀਆ ਦੇ ਸਰਵੇ ਵਿੱਚ ਚਿੰਤਾਜਨਕ ਜ਼ਿਕਰ ਹੈ। ਜਿਥੇ ਇਮਪੋਰਟ ਵਾਸਤੇ ਬੜੀਆਂ ਪਾਬੰਦੀਆਂ ਹਨ ਇੰਟਰਨੈਸ਼ਨਲ ਮੋਨੇਟਰੀ ਫੰਡ ਕੋਲੋਂ ਲੋਨ ਲੈਣ ਹੇਠਾਂ, ਉਥੇ ਐਕਸਪੋਰਟ ਵਾਸਤੇ ਕੋਈ ਸਾਡੇ ਲਈ ਖੁਲ੍ਹ ਨਹੀਂ ਹੈ। ਇਸ ਦਾ ਜ਼ਿਆਦਾ ਅਸਰ ਕਿਸਾਨ ਤੇ ਪੈਂਦਾ ਰਿਹਾ ਹੈ। ਇਸ ਦਾ ਜ਼ਿਆਦਾ ਅਸਰ ਫਰਟੇਲਾਈਜ਼ਰ, ਸਟੀਲ ਅਤੇ ਸੋਡਾ ਐਸ਼ ਉਤੇ ਪੈਂਦਾ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਫਰਟੇਲਾਈਜ਼ਰ ਨੂੰ ਮਹਿੰਗਾ ਕਰਨ ਦੇ ਯਤਨ ਹੋਣਗੇ। ਜੇ ਪੰਜਾਬ ਦਾ ਇਹੀ ਟੈਂਪੋ ਕਾਇਮ ਰਖਣਾ ਹੈ ਤਾਂ ਇਹ ਜ਼ਰੂਰੀ ਹੈ ਕਿ ਇਸ ਐਡਰੈਸ ਅੰਦਰ ਇਨ੍ਹਾਂ ਟਰੈਂਡਜ਼ ਨੂੰ ਨੋਟ ਕਰਕੇ ਉਨ੍ਹਾਂ ਦੇ ਪ੍ਰਭਾਵ ਦਾ ਇਜ਼ਹਾਰ ਕੀਤਾ ਜਾਂਦਾ। ਗਵਰਨਰ ਐਡਰੈਸ ਕੌਂਸਲ ਆਫ ਮਨਿਸਟਰਜ਼ ਦੀ ਪੁਲੀਟੀਕਲ ਸਟੇਟਮੈਂਟ ਹੁੰਦੀ ਹੈ। ਐਡਰੈਸ ਅੰਕੜੇ ਇਕੱਠੇ ਕਰਕੇ ਪੇਸ਼ ਕਰਨ ਵਾਲੀ ਕੋਈ ਚੀਜ਼ ਨਹੀਂ ਹੈ। ਮੈਨੂੰ ਅਫਸੋਸ ਹੈ, ਡਿਪਟੀ ਸਪੀਕਰ ਸਾਹਿਬ, ਇਸ ਐਡਰੈਸ ਨੂੰ ਇਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਇਹ ਕੌਂਸਲ ਆਫ ਮਨਿਸ-ਟਰਜ਼ ਦੀ ਪੁਲੀਟੀਕਲ ਸਟੇਟਮੈਂਟ ਨਾ ਹੋਵੇ ਬਲਕਿ ਮਹਿਕਮਿਆਂ ਦੇ ਅੰਕੜੇ ਇਕੱਠੇ ਕਰਕੇ ਇੱਕ ਛੋਟਾ ਮਿਨੀ ਐਬਸਟ੍ਰੈਕਟ ਬਣਾ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਐਡਰੈਸ ਦੇ ਮੁਤੱਲਕ ਇਹ ਇਤਰਾਜ਼ ਹੈ। ਜਿਸ ਵੇਲੇ ਜੱਸੋਵਾਲ ਜੀ ਨੇ ਇਸ ਧੰਨਵਾਦ ਦੇ ਮਤੇ ਨੂੰ ਪੇਸ਼ ਕੀਤਾ ਸੀ ਅਤੇ ਧੰਨੋਵਾਲੀਆ ਜੀ ਨੇ ਉਸ ਦੀ ਪ੍ਰੋੜਤਾ ਕੀਤੀ ਸੀ, ਮੈਂ ਬਿਲਕੁਲ ਇਸ ਮਨ ਨਾਲ ਬੈਠਾ ਸੀ ਕਿ ਮੈਂ ਵੀ ਇਸ ਦੀ ਪ੍ਰੋੜਤਾ ਵਿੱਚ ਸ਼ਾਮਲ ਹੋਵਾਂ ਪਰ ਮੈਨੂੰ ਅਫਸੋਸ ਹੈ ਕਿ ਜਿਸ ਹੱਦ ਤਕ ਇਨ੍ਹਾਂ ਨੇ ਪ੍ਰੋੜਤਾ ਕੀਤੀ ਹੈ ਉਸ ਹੱਦ ਤਕ ਮੈਂ ਪ੍ਰੋੜਤਾ ਨਹੀਂ ਕਰ ਸਕਣੀ ਅਤੇ ਨਾ ਹੀ ਮੈਂ ਉਤਨੀ ਪ੍ਰੋੜਤਾ ਕਰਨ ਦੀ ਪੁਜ਼ੀਸ਼ਨ ਵਿੱਚ ਹਾਂ ਕਿਉਂਕਿ ਇਸ ਐਡਰੈਸ ਵਿੱਚ ਹੋਰ ਬਹੁਤ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਦਾ ਜ਼ਿਕਰ ਮੈਂ ਇਕ ਇਕ ਕਰਕੇ ਕਰਾਂਗਾ।

11.15 ਪੂਰਵ ਦੁਪਹਿਰ | (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਇਹ ਐਡਰੈਸ ਬੜਾ ਇਨਕੋਹੀਰੈਂਟ ਹੈ। ਜਿਵੇਂ ਕਿਸੇ ਤਸਬੀ ਤੋਂ ਧਾਗਾ ਨਿਕਲ ਜਾਵੇ ਪਰ ਪਈ ਉਹ ਮੇਜ਼ ਤੇ ਹੋਵੇ, ਇਸ ਤਰ੍ਹਾਂ ਇਹ ਜਾਪਦਾ ਹੈ। ਤਸਬੀ ਮੇਜ਼ ਤੇ ਪਈ ਹੈ ਅਤੇ ਜੇ ਕਿਸੇ ਦਾ ਹੱਥ ਵਜ ਜਾਵੇ ਤਾਂ ਸਾਰੇ ਮਣਕੇ ਵਖਰੇ ਵਖਰੇ ਹੋ ਜਾਣਗੇ। ਇਸੇ ਤਰ੍ਹਾਂ ਹੀ ਬਗੈਰ ਧਾਗੇ ਤੋਂ ਮੇਜ਼ ਤੇ ਪਈ ਤਸਬੀ ਦੇ ਤੌਰ ਤੇ ਇਹ ਗਵਰਨਰ ਐਡਰੈਸ ਮੈਨੂੰ ਜਾਪਿਆ ਹੈ। ਮੈਨੂੰ ਖਤਰਾ ਹੈ ਕਿ ਜਿਸ ਤਰ੍ਹਾਂ ਇਹ ਲਿਖਿਆ ਗਿਆ ਹੈ ਇਸ ਨਾਲ ਅਸੀਂ ਕਿਸੇ ਗਲ ਦੇ ਸਿਰੇ ਤੇ ਨਹੀਂ ਪੁਜ ਸਕਾਂਗੇ। ਸਪੀਕਰ ਸਾਹਿਬ, ਮੈਂ ਇਸ ਗਵਰਨਰ ਐਡਰੈਸ ਨੂੰ ਪੜ੍ਹਿਆ ਹੈ ਹਰਿਆਣਾ ਗੌਰਮਿੰਟ ਦੇ ਗਵਰਨਰ ਐਡਰੈਸ ਨੂੰ ਵੀ ਮੈਂ ਪੜ੍ਹਿਆ ਹੈ ਅਤੇ ਨਾਲ ਮਿਲਾ ਕੇ ਵੇਖਿਆ ਹੈ। ਸਪੀਕਰ ਸਾਹਿਬ ਅੱਜ ਸਾਡੇ ਮੁਲਕ ਵਿੱਚ ਕੌਮ ਅਤੇ ਇਲਾਕੇ ਦੇ ਸਵਾਲ ਤੇ ਬਹਿਸ ਚਲ ਰਹੀ ਹੈ। ਅਸੀਂ ਕੌਮਪ੍ਰਸਤ ਵੀ ਹਾਂ ਅਤੇ ਇਲਾਕਾਪ੍ਰਸਤ ਵੀ ਹਾਂ। ਜਿਸ ਵੇਲੇ ਕੌਂਸਲ ਆਫ ਮਨਿਸਟਰਜ਼ ਦੀ ਪੁਲੀਟੀਕਲ ਸਟੇਟਮੈਂਟ ਪੇਸ਼ ਹੋਵੇ ਅਤੇ ਉਸ ਦੇ ਵਿੱਚ ਲੋਕਾਂ ਦੀਆਂ ਭਾਵਨਾਵਾਂ

Original with;
Punjab Vidhan Sabha
Digitized by;
Panjab Digital Library

ਅਤੇ ਐਸਪੀਰੇਸ਼ਨਜ਼ ਨੂੰ ਆਪਣਾ ਪ੍ਰਤੀਕ ਨਹੀਂ ਬਣਾਉਂਦੀ ਤਾਂ ਉਹ ਸਟੇਟਮੈਂਟ ਕਰਨ ਵਾਲੀ ਪਾਰਟੀ ਲੋਕਾਂ ਤੋਂ ਵਖਰੀ ਹੋ ਜਾਂਦੀ ਹੈ। ਜਦੋਂ ਅਸੀਂ ਲੋਕਾਂ ਦੀ ਗਲ ਦਾ ਜ਼ਿਕਰ ਨਹੀਂ ਕਰਦੇ, ਫਿਰ ਕੌਮੀ ਭਾਵਨਾਵਾਂ ਨੂੰ ਆਪਣੇ ਅੰਦਰ ਸਮਾਉਣ ਵਿੱਚ ਫੇਲ੍ਹ ਹੋ ਜਾਂਦੇ ਹਾਂ। ਸਪੀਕਰ ਸਾਹਿਬ, ਮਨੁੱਖ ਦੀ ਇੱਕ ਫਿਜ਼ੀਕਲ ਹੈਸੀਅਤ ਹੁੰਦੀ ਹੈ ਅਤੇ ਇੱਕ ਸਮਾਜੀ ਹੈਸੀਅਤ ਹੁੰਦੀ ਹੈ। ਇੱਕ ਹੋਰ ਹੈਸੀਅਤ ਹੁੰਦੀ ਹੈ ਉਸ ਨੂੰ ਟੈਰੀਟੋਰੀਅਲ ਹੈਸੀਅਤ ਕਿਹਾ ਜਾਂਦਾ ਹੈ। ਟੈਰੀਟੋਰੀਅਲ ਹੈਸੀਅਤ ਸਾਡੇ ਕੋਲੋਂ ਟੈਰੀਟੋਰੀਅਲ ਲਾਇਲਟੀਜ਼ ਮੰਗਦੀ ਹੈ। ਅਗਰ ਅਸੀਂ ਟੈਰੀਟੋਰੀਅਲ ਹੈਸੀਅਤ ਅਤੇ ਟੈਰੀਟੋਰੀਅਲ ਲਾਇਲਟੀਜ਼ ਨੂੰ ਕੁੱਲ ਕੇ ਜ਼ਿਕਰ ਕਰਾਂਗੇ ਤਾਂ ਅਸੀਂ ਕੌਮੀ ਦਾਇਰੇ ਵਿੱਚ ਵੀ ਮਿਸ-ਅੰਡਰਸਟੈਂਡ ਹੋਵਾਂਗੇ ਅਤੇ ਲੋਕਾਂ ਦੇ ਅੰਦਰ ਕੇਵਲ ਮਿਸਅੰਡਰਸਟੈਂਡ ਹੀ ਨਹੀਂ ਹੋਵਾਂਗੇ ਸਗੋਂ ਆਈਸੋਲੇਟ ਹੋ ਜਾਵਾਂਗੇ। ਸਪੀਕਰ ਸਾਹਿਬ, ਇਸੇ ਪ੍ਰਸੰਗ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਸ ਐਡਰੈਸ ਵਿੱਚ ਪੰਜਾਬ ਦੀਆਂ ਅੱਜ ਦੀਆਂ ਕੌਮੀ ਇੰਪਾਰਟੈਂਸ ਦੀਆਂ ਸਮੱਸਿਆਵਾਂ ਦਾ ਜ਼ਿਕਰ ਕਿਉਂ ਨਹੀਂ ਕਰਦੇ। ਕਈ ਲੋਕ ਇਹ ਕਹਿੰਦੇ ਹਨ ਕਿ ਇਨ੍ਹਾਂ ਦਾ ਜ਼ਿਕਰ ਕਰਨ ਨਾਲ ਐਮਬੈਰੇਸਮੈਂਟ ਹੁੰਦੀ ਹੈ। ਜਦੋਂ ਪੰਜਾਬ ਦੇ ਸਾਰੇ ਲੋਕ, ਹਰ ਪਾਰਟੀ ਆਪਣੀ ਆਪਣੀ ਥਾਂ ਇਹ ਮਹਿਸੂਸ ਕਰਦੀ ਹੈ ਕਿ ਪੰਜਾਬ ਵਿਚ ਐਮਬੈਰੇਸਿੰਗ ਸਿਚੂਏਸ਼ਨ ਹੈ ਤਾਂ ਸਾਡਾ ਐਡਰੈਸ ਜ਼ਰੂਰ ਇਸ ਨੂੰ ਰਿਫਲੈਕਟ ਕਰੇਗਾ, ਫਰਦਰ ਐਮਬੈਰੇਸ ਨਹੀਂ ਕਰੇਗਾ, ਫਰਦਰ ਪੈਨਿਕੀ ਨਹੀਂ ਕਰੇਗਾ, ਗਲਤ ਪਾਸੇ ਇਸ ਨੂੰ ਨਹੀਂ ਲੈ ਜਾਵੇਗਾ। ਇਹ ਸਗੋਂ ਸਾਡਾ ਮਾਰਗ ਦਰਸ਼ਨ ਕਰੇਗਾ ਕਿ ਕਿਸ ਤਰ੍ਹਾਂ ਇਸ ਐਮਬੈਰੇਸਿੰਗ ਸਿਚੂਏਸ਼ਨ ਵਿਚੋਂ ਨਿਕਲਣਾ ਹੈ। ਇਸ ਗਵਰਨਰ ਐਡਰੈਸ ਨੂੰ ਮਾਰਗ ਦਰਸ਼ਨ ਦੇ ਇੱਕ ਡਾਕੂਮੈਂਟ ਦੇ ਤੌਰ ਤੇ ਲੋਕ ਵੇਖਦੇ ਹਨ, ਇਕ ਫੈਕਟਸ ਰਿਕਾਰਡਰ ਦੇ ਤੌਰ ਤੇ ਨਹੀਂ, ਇੱਕ ਸਟੈਟਿਸਟੀਕਲ ਐਬਸਟ੍ਰੈਕਟ ਤੇ ਤੌਰ ਤੇ ਨਹੀਂ ਵੇਖਣਗੇ। ਇਸ ਕਰਕੇ ਮੇਰਾ ਇਤਰਾਜ਼ ਹੈ, ਸਪੀਕਰ ਸਾਹਿਬ, ਕਿ ਇਸ ਐਡਰੈਸ ਵਿੱਚ ਉਸ ਚਿੰਤਾ ਦਾ ਜ਼ਿਕਰ ਨਹੀਂ ਜਿਹੜੀ ਚਿੰਤਾ ਦਾ ਮੇਰੇ ਮਾਨਯੋਗ ਮੰਤਰੀ ਜੀ ਨੇ ਸੈਸ਼ਨ ਦੇ ਪਹਿਲੇ ਦਿਨ ਇੱਕ ਛੋਟੀ ਜਿਹੀ ਬਹਿਸ ਦਾ ਜਵਾਬ ਦਿੰਦੇ ਹੋਏ ਇਜ਼ਹਾਰ ਕੀਤਾ ਸੀ। ਪੰਜਾਬ ਦਾ ਮਸਲਾ ਜਿਹੜਾ ਪੁਲਿਟੀਕਲ ਵੀ ਹੈ, ਜਿਸ ਦਾ ਇਕ ਪਹਿਲੂ ਕਲਚਰਲ ਵੀ ਹੈ, ਜਿਸ ਦਾ ਪਹਿਲੂ ਆਰਥਿਕ ਵੀ ਹੈ, ਉਸ ਚੀਜ਼ ਦਾ ਇਸ ਐਡਰੈਸ ਵਿਚ ਜ਼ਿਕਰ ਨਾ ਹੋਵੇ, ਇਹ ਠੀਕ ਨਹੀਂ ਲਗਦਾ। ਸਪੀਕਰ ਸਾਹਿਬ, ਹਰਿਆਣਾ ਗੌਰਮਿੰਟ ਨੇ ਆਪਣੇ ਗਵਰਨਰ ਐਡਰੈਸ ਵਿਚ ਪੇਜ 25 ਤੇ ਇਸ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਲਿਖਿਆ ਹੈ:

> **"The State Government has been participating in the talks held by the Central Government and the Leaders of the Opposition Parties in Parliament regarding the territorial and other demands of the Akalis which affect Haryana. The leaders of the opposition parties in Haryana were throughout associated with the Government in these discussions. I can assure you that my Government will not spare any effort to safeguard the interests of Haryana, both in regard to territory and sharing of surplus Ravi-Beas waters."**

ਸਪੀਕਰ ਸਾਹਿਬ, ਵਰਕੇ ਤੇ ਵਰਕਾ ਫਰੋਲਣ ਤੋਂ ਬਾਅਦ ਪਤਾ ਲਗਦਾ ਹੈ ਕਿ ਇਸ ਐਡਰੈਸ ਵਿਚ ਪੰਜਾਬ ਦੇ ਲੋਕਾਂ ਨੂੰ ਜਿਹੜੀ ਚਿੰਤਾ ਹੈ, ਪੰਜਾਬ ਦੇ ਲੋਕਾਂ ਨੂੰ ਜਿਸ ਦਾ ਆਸ਼ਵਾਸਨ ਮਿਲਣਾ ਚਾਹੀਦਾ ਸੀ, ਉਸ, ਦਾ ਜ਼ਿਕਰ ਇਸ ਐਡਰੈਸ ਵਿਚ ਬਿਲਕੁਲ ਨਹੀਂ ਕੀਤਾ ਗਿਆ। ਇਸ ਕਰਕੇ ਮੈਂ ਇਸ ਐਡਰੈਸ ਦੇ ਬਾਰੇ ਕਿਹਾ ਹੈ ਕਿ ਇਹ ਇਨਕੋਹਰੈਂਟ ਹੈ, ਅਵੇਸਲਾ ਹੈ। ਵੈਸੇ ਤਾਂ ਇਹ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਈ ਅਖਬਾਰਾਂ ਨੇ ਲਿਖਣਾ ਸ਼ੁਰੂ ਕਰ ਦਿੱਤਾ ਸੀ ਕਿ ਪੰਜਾਬ ਦਾ ਇਹ ਇਜਲਾਸ ਫਿਕਾ ਹੋਵੇਗਾ। ਪਤਾ ਨਹੀਂ ਉਨ੍ਹਾਂ ਨੇ ਕਿਸ ਤਰ੍ਹਾਂ ਕਿਹਾ ਕਿ ਫਿਕਾ ਹੋਵੇਗਾ ਔਰ ਇਹ ਕਲਰਡ ਕਿਸ ਤਰ੍ਹਾਂ ਹੋ ਸਕਦਾ ਹੈ। ਮੈਂ ਤਾਂ ਉਨ੍ਹਾਂ ਪ੍ਰੈਸ ਵਾਲਿਆਂ ਨੂੰ ਵੀ ਕਿਹਾ ਸੀ ਕਿ ਇਸ ਇਜਲਾਸ ਨੂੰ ਫਿਕਾ ਨਹੀਂ., ਕਲਰਡ ਬਣਾਵਾਂਗੇ, ਕਾਬਲੇ ਤਾਰੀਫ਼ ਬਣਾਵਾਂਗੇ। ਇਸ ਵਾਸਤੇ ਮੈਂ ਇਕ ਸਟੇਜ ਤੇ ਪਾਰਟੀ ਨਾਲ ਫੈਸਲਾ ਵੀ ਕਰ ਲਿਆ ਸੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਕਿ ਕੱਲ੍ਹ ਨੂੰ ਅਸੀਂ ਹਾਊਸ ਵਿਚ ਇਸ ਤਰ੍ਹਾਂ ਨਹੀਂ ਜਾਣਾ, ਬਲਕਿ ਸਾਰਿਆਂ ਨੇ ਜਾਂਘੀਏ ਪਾ ਕੇ ਔਰ ਤੁਰ ਕੇ ਨਹੀਂ ਜਾਣਾ ਬਲਕਿ ਖਰਬਾਜੀਆਂ ਮਾਰਦੇ ਜਾਣਾ ਹੈ ਤਾਕਿ ਹਾਊਸ ਜਿਹੜਾ ਹੈ ਉਹ ਤਿੱਖਾ ਹੋਵੇ (ਵਿਘਨ) ਮੈਂ ਇਹ ਪਾਰਟੀ ਵਿਚ ਕਿਹਾ ਸੀ ਪਰ ਬਾਅਦ ਵਿਚ ਫੈਸਲਾ ਬਦਲ ਲਿਆ ਸੀ। ਪਰ ਮੈਂ ਇਹ ਕਿਹਾ ਕਿ ਇਹ ਫਿਕਾ ਕਿਉਂ ਹੋਵੇਗਾ ? ਜੇ ਤੁਸੀਂ ਕਹੋ ਕਿ ਮਨਿਸਟਰ ਹਾਊਸ ਵਿਚ ਨਹੀਂ ਬੈਠਦੇ, ਮਨਿਸਟਰ ਵੀ ਇਥੇ ਬੈਠਦੇ ਹਨ, ਜੇ ਤੁਸੀਂ ਕਹੋ ਕਿ ਮੈਂਬਰਜ਼ ਨਹੀਂ ਬੈਠਦੇ, ਮੈਂਬਰਜ਼ ਵੀ ਬੈਠਦੇ ਹਨ, ਜੇ ਤੁਸੀਂ ਕਹੋ ਕਿ ਅਫ਼ਸਰ ਨਹੀਂ ਬੈਠਦੇ, ਅਫ਼ਸਰ ਵੀ ਬੈਠਦੇ ਹਨ, ਜੇ ਤੁਸੀਂ ਕਹੋ ਕਿ ਗੈਲਰੀਜ਼ ਵਿਚ ਰੌਣਕ ਨਹੀਂ, ਗੈਲਰੀਜ਼ ਵਿਚ ਵੀ ਰੌਣਕ ਹੈ ਭਾਵੇਂ ਸਾਰੇ ਸੀ.ਆਈ.ਡੀ. ਦੇ ਬੰਦੇ ਹੀ ਬੈਠੇ ਹਨ ਪਰ ਫਿਰ ਇਹ ਸਾਰੀਆਂ ਗਲਾਂ ਹੋਣ ਦੇ ਬਾਵਜੂਦ ਇਹ ਇਜਲਾਸ ਫਿਕਾ ਕਿਉਂ ਹੈ ? ਮੈਂ ਸਮਝਦਾ ਹਾਂ ਕਿ ਇਕ ਇਜਲਾਸ ਨੂੰ ਚਲਾਉਣ ਵਾਸਤੇ ਤਿੰਨ ਗਲਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਕ ਨੰਬਰ ਤੇ ਸਬਜੈਕਟ ਕਮੇਟੀ, ਇਸ ਤੋਂ ਭਾਵ ਹੈ ਪੁਲਿਟੀ-ਕਲ ਲੀਡਰਸ਼ਿਪ ; ਦੂਜਾ ਨੰਬਰ ਮਾਨਯੋਗ ਮੈਂਬਰਜ਼ ਦਾ ਹੈ ਔਰ ਤੀਜਾ ਨੰਬਰ ਹੈ ਗਵਰਨਰ ਐਡਰੈਸ ਜਿਹੜਾ ਕਿ ਸਭ ਤੋਂ ਇੰਪਾਰਟੈਂਟ ਫੈਕਟਰ ਹੈ। ਜੇ ਕਿਸੇ ਐਡਰੈਸ ਵਿਚ ਕੁਝ ਹੋਵੇ ਤਾਂ ਹੀ ਉਹ ਇਜਲਾਸ ਚੰਗਾ ਬਣੇਗਾ ਔਰ ਜੇ ਐਡਰੈਸ ਵਿਚ ਹੀ ਕੁਝ ਨਹੀਂ ਹੋਵੇਗਾ ਤਾਂ ਉਹ ਇਜ-ਲਾਸ ਤਾਂ ਫਿਕਾ ਹੀ ਰਹੇਗਾ। ਜਿਹੜਾ ਵੀ ਐਡਰੈਸ ਹਾਊਸ ਵਿਚ ਪੇਸ਼ ਕੀਤਾ ਜਾਂਦਾ ਹੈ ਉਸ ਵਿਚ ਲੋਕਾਂ ਦੇ ਮਾਰੇਲ ਨੂੰ ਬੂਸਟ ਕਰਨ ਵਾਸਤੇ ਕੁਝ ਗਲਾਂ ਲਿਖੀਆਂ ਹੁੰਦੀਆਂ ਹਨ, ਜਿਸ ਨਾਲ ਲੋਕਾਂ ਨੂੰ ਇੰਟਰੈਸਟ ਪੈਦਾ ਹੁੰਦਾ ਹੈ ਪਰ ਇਹ ਗਲਾਂ ਇਸ ਐਡਰੈਸ ਵਿਚ ਨਹੀਂ ਆਈਆਂ। ਇਹ ਜਿਹੜੀਆਂ ਤਿੰਨ ਗਲਾਂ ਮੈਂ ਦੱਸੀਆਂ ਹਨ ਇਹ ਆਪਣੇ ਆਪਣੇ ਤਰੀਕੇ ਨਾਲ ਹੀ ਪਲੇ ਕਰ ਰਹੀਆਂ ਹਨ, ਇਸ ਕਰਕੇ ਹੀ ਇਹ ਐਡਰੈਸ ਫਿਕਾ ਰਹਿ ਗਿਆ ਹੈ। ਸਪੀਕਰ ਸਾਹਿਬ, ਮੈਂ ਇਜਲਾਸ ਨੂੰ ਫਿਕਾ ਨਹੀਂ ਕਹਿ ਰਿਹਾ, ਮੈਂ ਤਾਂ ਇਸ ਐਡਰੈਸ ਨੂੰ ਫਿਕਾ ਕਹਿ ਰਿਹਾ ਹਾਂ। ਜਦੋਂ ਭਾਸ਼ਣ ਵਿਚ ਹੀ ਜਾਨ ਨਹੀਂ ਹੋਵੇਗੀ, ਲੋਕਾਂ ਦੀਆਂ ਭਾਵਨਾਵਾਂ ਦਾ ਜ਼ਿਕਰ ਨਹੀਂ ਹੋਵੇਗਾ ਤਾਂ ਫਿਰ ਉਹ ਐਡਰੈਸ ਫਿਕਾ ਹੀ ਰਹੇਗਾ।

ਸਪੀਕਰ ਸਾਹਿਬ, ਮੈਂ ਹੁਣ ਹਿੰਦੁਸਤਾਨ ਦੀ ਗਲ ਕਰਦਾ ਹਾਂ। ਹਿੰਦੁਸਤਾਨ ਦੇ ਹੋਰ ਸੂਬਿਆਂ ਵਿਚ ਜੋ ਕੁਝ ਹੋ ਰਿਹਾ ਹੈ, ਉਹ ਤੁਹਾਡੇ ਸਾਹਮਣੇ ਹੈ। ਐਨ. ਟੀ. ਆਰ. ਰਾਓ ਦਾ ਫਿਨੋਮਨਾ ਤੁਹਾਡੇ ਸਾਹਮਣੇ ਹੈ। ਤਾਮਿਲਨਾਡੂ ਵਿਚ ਜੋ ਹੋ ਰਿਹਾ ਹੈ ਉਹ ਤੁਹਾਡੇ ਸਾਹਮਣੇ ਹੈ, ਅਸਾਮ ਵਿਚ ਜੋ ਹਾਲਾਤ ਵਾਪਰ ਰਹੇ ਹਨ, ਉਹ ਸਭ ਨੂੰ ਪਤਾ ਹੈ। ਇਹ ਕੋਈ ਬਹੁਤ ਦੂਰ ਦੇ ਸੂਬੇ ਨਹੀਂ, ਇਹ ਸਾਡੇ ਹਿੰਦੁਸਤਾਨ ਦੇ ਹੀ ਸੂਬੇ ਹਨ ਔਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ ਪਰਛਾਵਾਂ ਇਥੇ ਵੀ ਪੈ ਰਿਹਾ ਹੈ। ਸਪੀਕਰ ਸਾਹਿਬ ਮੈਨੂੰ ਇਕ ਫਰੇਜ਼ ਯਾਦ ਆ ਗਈ ਹੈ :—

We have come to much adherence to dogmatism.

ਸਪੀਕਰ ਸਾਹਿਬ, ਮੈਂ ਸਿਰਫ ਆਂਧਰਾ ਪ੍ਰਦੇਸ਼ ਦੀ ਹੀ ਗਲ ਨਹੀਂ ਕਰਦਾ, ਬਲਿਕ ਸਾਰੇ ਹਿੰਦੁਸਤਾਨ ਵਿਚ ਜੋ ਇਸ ਵੇਲੇ ਚਰਚਾ ਹੋ ਰਿਹਾ ਹੈ, ਉਸ ਦੀ ਗਲ ਕਰਦਾ ਹਾਂ। 1947 ਵਿਚ ਜਦੋਂ ਸਾਡਾ ਦੇਸ਼ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਿਕਲਿਆ ਸੀ ਤਾਂ ਇਹ ਕਿਹਾ ਗਿਆ ਸੀ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਨਜ਼ਰ ਵਿਚ ਰਖਿਆ ਜਾਵੇਗਾ। ਅੰਗਰੇਜ਼ਾਂ ਦੀਆਂ ਪਾਲਿਸੀਆਂ ਤੇ ਅਮਲ ਨਹੀਂ ਕਰਾਂਗੇ ਬਲਿਕ ਲੋਕਾਂ ਦੀਆਂ ਭਾਵਨਾਵਾਂ ਔਰ ਇਲਾਕਾਈ ਭਾਵਨਾਵਾਂ ਦਾ ਪੂਰਾ ਸਤਿਕਾਰ ਕਰਦੇ ਹੋਏ ਕੌਮੀ ਫਰਜ਼ ਨੂੰ ਅਨੁਭਵ ਕਰਨ ਦਾ ਯਤਨ ਕਰਾਂਗੇ। ਪਰ ਹੋ ਕੀ ਰਿਹਾ ਹੈ ? ਹੁਣ ਦੇ ਹਾਲਾਤ

Original with;
Punjab Vidhan Sabha
Digitized by;
Panjab Digital Library

ਵੇਖ ਕੇ ਕਈ ਲੋਕਾਂ ਨੇ ਇਹ ਕਿਹਾ ਹੈ ਕਿ 1947 ਵਰਗੇ ਹਾਲਾਤ ਪੈਦਾ ਹੋ ਰਹੇ ਹਨ। ਸਪੀਕਰ ਸਾਹਿਬ, ਕੋਈ ਵੀ ਨਾਵਾਜਬ ਗਲ ਦਾ ਵਰਨਣ ਕਰਨਾ ਨੁਕਸਾਨ ਦੇਹ ਹੋ ਸਕਦਾ ਹੈ। ਪਰ ਜਿਹੜੀ ਲੋਕਾਂ ਦੀ ਚਿੰਤਾ ਪਿਛਲੇ ਕੁਝ ਸਮੇਂ ਤੋਂ ਚਲੀ ਆ ਰਹੀ ਹੈ, ਜਿਹੜੀ ਚੀਜ਼ ਲੋਕਾਂ ਦੇ ਦਿਮਾਗ ਵਿਚ ਵਸ ਚੁੱਕੀ ਹੈ, ਉਸ ਦਾ ਜ਼ਿਕਰ ਨਾ ਕਰਨਾ ਚੰਗੀ ਗਲ ਨਹੀਂ। ਇਥੇ ਮੈਂ ਇਕ ਗਲ ਕਰਨੀ ਮੁਨਾਸਿਬ ਸਮਝਦਾ ਹਾਂ ਕਿ ਇੰਦਰਾ ਗਾਂਧੀ ਜੀ ਨੇ ਜਿਹੜਾ ਧਾਰਮਿਕ ਮੰਗਾਂ ਨੂੰ ਮੰਨਣ ਦਾ ਫੈਸਲਾ ਕੀਤਾ ਹੈ, ਇਹ ਬਹੁਤ ਚੰਗਾ ਹੈ। ਇਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ (ਥੰਪਿੰਗ) ਪਰ ਮੈਂ ਇਹ ਸਮਝਦਾ ਹਾਂ ਕਿ ਜ਼ਿਆਦਾ ਚੰਗਾ ਹੁੰਦਾ ਜੇ ਇਹ ਮੰਗਾਂ ਉਨ੍ਹਾਂ ਦੀ ਪਾਰਟੀ ਨਾਲ ਜਿਹੜੀ ਗਲਬਾਤ ਚਲ ਰਹੀ ਸੀ, ਉਸ ਵਿਚ ਵਿਚਾਰ ਕੇ ਮੰਨੀਆਂ ਜਾਂਦੀਆਂ। ਪਰ ਇੰਦਰਾ ਗਾਂਧੀ ਜੀ ਨੇ ਇਹ ਰਿਲੀਜੀਅਸ ਮੰਗਾਂ ਮੰਨਣ ਦਾ ਫੈਸਲਾ ਆਪਣੇ ਤੌਰ ਤੇ ਕੀਤਾ ਜਿਸ ਦਾ ਨਤੀਜਾ ਕੁਝ ਹੋਰ ਨਿਕਲਿਆ ਔਰ ਕਈਆਂ ਦੇ ਦਿਲਾਂ ਵਿਚ ਗਲਤਫਹਿਮੀ ਕ੍ਰੀਏਟ ਹੋ ਗਈ। ਜਿਹੜੀ ਚਰਚਾ ਕਈ ਸਾਲਾਂ ਤੋਂ ਅਕਾਲੀਆਂ ਵਿਚ ਚਲਦੀ ਆ ਰਹੀ ਸੀ, ਆਪਣੀਆਂ ਮੰਗਾਂ ਲਈ ਉਹ ਮੋਰਚੇ ਲਾ ਰਹੇ ਸਨ ਅਤੇ ਇਸ ਸਬੰਧ ਵਿਚ ਜਿਹੜੀ ਗਲਬਾਤ ਸੈਂਟਰ ਨਾਲ ਹੋ ਰਹੀ ਸੀ, ਉਹ ਮੰਗਾਂ ਉਨ੍ਹਾਂ ਦੀਆਂ ਮੰਨੀਆਂ ਗਈਆਂ ਹਨ। ਸਪੀਕਰ ਸਾਹਿਬ, ਜਦੋਂ ਆਪੋਜ਼ੀਸ਼ਨ ਔਰ ਸਰਕਾਰ ਦੇ ਵਿਚਕਾਰ ਗਲ ਚਲ ਰਹੀ ਸੀ ਤਾਂ ਮੈਂ ਵੀ ਉਥੇ ਗਿਆ ਸੀ। ਮੈਂ ਕਿਹਾ ਕਿ ਜੋ ਔਥੰਟੀਕੇਟਿਡ ਮੰਗਾਂ ਤੁਹਾਡੇ ਕੋਲ ਅਕਾਲੀ ਦਲ ਵੱਲੋਂ ਆਈਆਂ ਹਨ, ਜਿਹੜੀਆਂ ਮੰਗਾਂ ਉਨ੍ਹਾਂ ਨੇ ਛੱਡ ਦਿੱਤੀਆਂ ਹਨ, ਬਾਕੀ ਰਹਿੰਦੀਆਂ ਮੰਗਾਂ ਦੀ ਲਿਸਟ ਸਾਨੂੰ ਦਿੱਤੀ ਜਾਵੇ ਜਿਹੜੀ ਅਕਾਲੀ ਦਲ ਦੇ ਡੈਲੀਗੇਸ਼ਨ ਨੇ ਤੁਹਾਨੂੰ ਦਿੱਤੀਆਂ ਸਨ। ਸੇਠੀ ਸਾਹਿਬ, ਹੋਮ ਮਨਿਸਟਰ ਸਾਹਿਬ ਨੇ ਸਾਨੂੰ ਉਨ੍ਹਾਂ ਮੰਗਾਂ ਦਾ ਇਕ ਡਾਕੂਮੈਂਟ, ਜਿਹੜਾ ਵਿਵਰਣ ਵਿਚ ਸੀ, ਦਿੱਤਾ। ਮੈਨੂੰ ਖੁਸ਼ੀ ਹੈ ਕਿ ਅਕਾਲੀ ਦਲ ਦੀਆਂ ਧਾਰਮਿਕ ਮੰਗਾਂ ਸੈਂਟਰਲ ਸਰਕਾਰ ਨੇ ਮੰਨ ਲਈਆਂ ਹਨ। ਪਰ ਅਕਾਲੀ ਦਲ ਵੱਲੋਂ ਇਸ ਨੂੰ ਫਰਾਡ ਕਹਿਣਾ ਬਹੁਤ ਗਲਤ ਹੈ। ਉਹ ਫਰਾਡ ਕਿਸ ਤਰ੍ਹਾਂ ਹੋ ਗਿਆ? ਜਿਨ੍ਹਾਂ ਮੰਗਾਂ ਲਈ ਦੋ ਸਾਲਾਂ ਤੋਂ ਮੰਗ ਕਰੀ ਜਾ ਰਹੇ ਸਨ ਔਰ ਫਿਰ ਮਨਜ਼ੂਰ ਹੋਣ ਤੇ ਫਰਾਡ ਕਹਿ ਦੇਣਾ, ਕੋਈ ਅੱਛੀ ਗੱਲ ਨਹੀਂ ਹੈ। ਇਨ੍ਹਾਂ ਮੰਗਾਂ ਦੀ ਖਾਤਰ ਧਰਮ ਯੁੱਧ ਸ਼ੁਰੂ ਕੀਤਾ ਸੀ ਔਰ ਬਾਕੀ ਗੱਲ ਬਾਤ ਲਈ ਤੁਸੀਂ ਟੇਬਲ ਤੇ ਬੈਠ ਕੇ ਸਮਝੌਤੇ ਤੇ ਪਹੁੰਚੋ। ਅਕਾਲੀ ਪਾਰਟੀ ਦਾ ਰੁੱਸ ਕੇ ਅਲੱਗ ਬਾਹਰ ਹਾਊਸ ਤੋਂ ਰਹਿਣਾ ਇਹ ਠੀਕ ਨਹੀਂ ਹੈ। ਅਗੇ ਵਾਸਤੇ ਇਨ੍ਹਾਂ ਨੂੰ ਯਤਨਸ਼ੀਲ ਰਹਿਣਾ ਚਾਹੀਦਾ ਸੀ। ਪਰ ਉਹ ਇਸ ਅਪਰੋਚ ਵੱਲ ਨਹੀਂ ਜਾ ਰਹੇ। ਪੰਜਾਬ ਦੀਆਂ ਬਾਕੀ ਜਿਹੜੀਆਂ ਮੰਗਾਂ ਨੂੰ ਲੈ ਕੇ ਤੁਸੀਂ ਡੀਮਾਂਡ ਕਰ ਰਹੇ ਹੋ ਉਸ ਨਾਲ ਅਸੀਂ ਵੀ ਸ਼ਾਮਲ ਹਾਂ ਅਤੇ ਸਾਰੇ ਪੰਜਾਬ ਦੇ ਲੋਕ ਤੁਹਾਡੇ ਨਾਲ ਹਨ। ਜਿਨ੍ਹਾਂ ਸਿੱਖਾਂ ਨੇ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿਚ ਯੋਗਦਾਨ ਦਿੱਤਾ, ਪੰਜਾਬ ਨੂੰ ਬਣਾਇਆ ਅਤੇ ਹਿੰਦੁਸਤਾਨ ਨੂੰ ਬਣਾਇਆ, ਉਨ੍ਹਾਂ ਨੂੰ ਅਸੀਂ ਕਿਸ ਤਰ੍ਹਾਂ ਭੁੱਲ ਸਕਦੇ ਹਾਂ ? ਉਨ੍ਹਾਂ ਦੀਆਂ ਸੇਵਾਵਾਂ ਕਾਬਲੇ-ਤਾਰੀਫ ਅਤੇ ਕਾਬਲੇ-ਫਖਰ ਹਨ। ਭਾਵੇਂ ਉਹ ਪੰਜਾਬ ਦੇ ਲਈ ਪਾਣੀ ਦੀ ਮੰਗ ਹੈ ਜਾਂ ਟੈਰੀਟਰੀ ਦਾ ਮਸਲਾ ਹੈ, ਉਸ ਦੇ ਲਈ ਅਸੀਂ ਸਾਰੇ ਤੁਹਾਡੇ ਨਾਲ ਹਾਂ। ਕੋਈ ਪਾਰਟੀ ਵੀ ਤੁਹਾਡੇ ਨਾਲ ਇਨ੍ਹਾਂ ਮੰਗਾਂ ਨਾਲ ਮੁਖਤਿਲਫ ਨਹੀਂ ਹੈ। ਯਸ਼ ਜੀ ਦੀ ਆਪਣੀ ਰਾਏ ਹੋ ਸਕਦੀ ਸੀ; ਮੈਂ ਉਨ੍ਹਾਂ ਤੇ ਕੋਈ ਐਸਪਰਸ਼ਨ ਨਹੀਂ ਕਰਨਾ ਚਾਹੁੰਦਾ। ਪਾਣੀ ਦੇ ਸਬੰਧ ਵਿਚ ਜਦੋਂ 1976 ਵਿਚ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਦਾ ਅਵਾਰਡ ਆਇਆ ਸੀ, ਅਸੀਂ ਉਸ ਵਕਤ ਵੀ ਇਸ ਹਾਊਸ ਵਿਚ ਕਿਹਾ ਸੀ ਕਿ ਇਸ ਅਵਾਰਡ ਵਿਚ ਐਮਰਜੈਂਸੀ ਦੀ ਪਰਛਾਈ ਨਜ਼ਰ ਆਉਂਦੀ ਹੈ ਅਤੇ ਪੰਜਾਬ ਨਾਲ ਬੇਇਨਸਾਫੀ ਕੀਤੀ ਗਈ ਹੈ। ਇਸ ਗੱਲ ਨੂੰ ਪੰਜਾਬ ਦੇ ਹੁਣ ਦੇ ਮੁੱਖ ਮੰਤਰੀ ਨੇ ਮੰਨਿਆ ਹੈ ਕਿ ਪੰਜਾਬ ਨਾਲ ਇਨਸਾਫ ਨਹੀਂ ਹੋਇਆ ਸੀ। ਫਿਰ 1981 ਵਿਚ ਸਮਝੌਤਾ ਹੋਇਆ ਅਤੇ ਸੀ. ਐਮ. ਸਾਹਿਬ ਫਿਰ ਕਹਿ ਰਹੇ ਹਨ ਕਿ ਅਗਰ ਪੰਜਾਬ ਨੂੰ ਪਾਣੀ ਹੋਰ ਮਿਲੇਗਾ ਤਦ ਹੀ ਇਸ ਪਾਣੀ ਦੇ ਮਾਮਲੇ ਨੂੰ ਦੁਬਾਰਾ ਖੋਲ੍ਹਿਆ ਜਾਵੇ। ਅਸੀਂ ਇਸ ਸਦਨ ਵਿਚ ਕਿਹਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਸੀ ਕਿ 1981 ਦਾ ਸਮਝੌਤਾ ਵੀ ਪੰਜਾਬ ਨਾਲ ਇਨਸਾਫ ਨਹੀਂ ਕਰਦਾ, ਇਸ ਬੇਇਨਸਾਫੀ ਨੂੰ ਦੂਰ ਕੀਤਾ ਜਾਵੇ। ਇਹ ਠੀਕ ਹੈ ਕਿ 1976 ਦੇ ਅਵਾਰਡ ਨਾਲੋਂ 1981 ਵਿਚ ਅਸੀਂ ਇਕ ਕਦਮ ਅੱਗੇ ਸੀ, ਪਿੱਛੇ ਨਹੀਂ ਸੀ ਪਰ ਜੋ ਪੰਜਾਬ ਨਾਲ ਧੱਕਾ ਹੋਇਆ ਸੀ, ਉਹ ਹਾਲੇ ਵੀ ਠੀਕ ਨਹੀਂ ਹੋਇਆ। ਇਹ ਗਲ ਸਾਰੇ ਪੰਜਾਬ ਵਿਚ ਕਹੀ ਜਾ ਰਹੀ ਹੈ ਕਿ ਪੰਜਾਬ ਨਾਲ ਹਾਲੇ ਪੂਰਾ ਇਨਸਾਫ ਨਹੀਂ ਹੋਇਆ। ਗਲਤੀ ਕਰਕੇ ਮੰਨ ਲੈਣਾ ਬੜੀ ਮਹਾਨਤਾ ਹੁੰਦੀ ਹੈ ਅਤੇ ਗਲਤੀ ਨੂੰ ਸੁਧਾਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਗਲਤੀ ਨੂੰ ਛੁਪਾਉਣਾ ਗਲਤ ਗੱਲ ਹੈ। He is not wise who does not commit mistakes. Human beings are there to commit mistakes, but he is wise who commits mistakes and knows not to repeat them. ਗਲਤੀਆਂ ਫਰਿਸ਼ਤਿਆਂ ਤੋਂ ਨਹੀਂ ਹੁੰਦੀਆਂ ਬਲਿਕ ਆਦਮੀਆਂ ਕੋਲੋਂ ਹੀ ਹੁੰਦੀਆਂ ਹਨ। ਕੋਈ ਬਾਂਹ ਖੜ੍ਹੀ ਕਰਕੇ ਕਹਿ ਦੇਵੇ ਕਿ ਗਲਤੀ ਹੋਈ ਹੈ ਇਸ ਵਿਚ ਕੋਈ ਮਾੜੀ ਗੱਲ ਨਹੀਂ ਹੈ ਕੋਈ ਸ਼ਰਮ ਨਹੀਂ ਹੋਣੀ ਚਾਹੀਦੀ, ਪਰ ਆਪਣੀ ਹਉਮੈ ਨੂੰ ਛੱਡ ਦੇਣਾ ਚਾਹੀਦਾ ਹੈ। ਅਗਰ ਗਲਤੀ ਮੰਨਣ ਨਾਲ ਪੰਜਾਬ ਬਚਦਾ ਹੋਵੇ ਤਾਂ ਬਚਾ ਲੈਣਾ ਚਾਹੀਦਾ ਹੈ। ਪੰਜਾਬ ਨਾਲ ਇਨਸਾਫ ਕਰਨ ਦੀ ਲੋੜ ਹੈ। ਜਸੋਵਾਲ ਸਾਹਿਬ ਨੇ ਬਿਲਕੁਲ ਠੀਕ ਕਿਹਾ ਸੀ ਕਿ ਅਕਾਲੀ ਦਲ ਦੇ ਨਾਲ ਪਾਣੀ ਦੇ ਮਸਲੇ ਤੇ ਸਾਡੇ ਵਿਚਾਰਾਂ ਵਿਚ ਕੋਈ ਫਰਕ ਨਹੀਂ ਹੈ। ਜਿਸ ਤਰ੍ਹਾਂ ਸੈਂਟਰ ਦੀ ਸਰਕਾਰ ਨੇ ਅਕਾਲੀ ਪਾਰਟੀ ਦੀਆਂ ਧਾਰਮਿਕ ਮੰਗਾਂ ਨੂੰ ਮੰਨ ਲਿਆ ਹੈ ਔਰ ਜੇਕਰ ਤੁਸੀਂ ਸੈਂਟਰ ਤੇ ਪੂਰਾ ਜ਼ੋਰ ਪਾਓ ਤਾਂ ਬਾਕੀ ਰਹਿੰਦੀਆਂ ਮੰਗਾਂ ਵੀ ਮੰਨੀਆਂ ਜਾ ਸਕਦੀਆਂ ਹਨ ਅਤੇ ਇਨ੍ਹਾਂ ਦੀ ਪਰਵਾਨਗੀ ਜਲਦੀ ਤੋਂ ਜਲਦੀ ਹੋਣੀ ਚਾਹੀਦੀ ਹੈ। ਸੈਂਟਰ ਬਾਕੀ ਦੀਆਂ ਰਹਿੰਦੀਆਂ ਡੀਮਾਂਡਜ਼ ਵੱਲ ਕਦਮ ਵਧਾ ਰਿਹਾ ਹੈ ਪਰ ਇਸ ਮਾਮਲੇ ਵਿਚ ਡੀਲੇਅ ਬਹੁਤ ਹਾਨੀਕਾਰਕ ਸਾਬਤ ਹੋ ਸਕਦੀ ਹੈ। ਡੀਲੇਅ ਦਾ ਨੁਕਸਾਨ ਬਾਦ ਵਿਚ ਹੁੰਦਾ ਹੈ ਜਿਸ ਤਰ੍ਹਾਂ ਆਸਾਮ ਵਿਚ ਡੀਲੇਅ ਕਰਦੇ ਕਰਦੇ 20 ਸਾਲਾਂ ਪੁਰਾਣਾ ਮਾਮਲਾ ਫਾਰਨਰਜ਼ ਇਸ਼ੂ ਬਣਕੇ ਫਿਰ ਸਾਹਮਣੇ ਆਇਆ ਹੈ। ਅੱਜ ਤੋਂ 20 ਸਾਲ ਪਹਿਲਾਂ ਆਸਾਮ ਵਿਚ ਹਨੇਰੀ ਦਾ ਬੀਜ ਬੋਇਆ ਗਿਆ ਸੀ। ਝੱਖੜ ਵੀ ਆਉਂਦੇ ਰਹੇ ਪਰ ਡੀਲੇਅ ਹੁੰਦੀ ਗਈ ਔਰ ਇਕ ਨਾ ਇਕ ਦਿਨ ਇਨ੍ਹਾਂ ਹਨੇਰੀਆਂ ਅਤੇ ਝੱਖੜਾਂ ਨੇ ਤੁਫਾਨ ਬਣ ਕੇ ਸਾਹਮਣੇ ਆਉਣਾ ਹੀ ਸੀ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਜਿਹੜੀ ਗਲਤੀ ਸੈਂਟਰ ਨੇ ਮਾਮਲੇ ਨੂੰ ਲਟਕਾ ਕੇ ਆਸਾਮ ਵਿਚ ਕੀਤੀ ਹੈ, ਉਹ ਪੰਜਾਬ ਵਿਚ ਨਾ ਕਰੇ। ਇਸ ਦਾ ਨੁਕਸਾਨ ਵੱਖ ਵੱਖ ਥਾਵਾਂ ਤੇ ਹੋਵੇਗਾ। ਮੇਰੀ ਗੁਜ਼ਾਰਿਸ਼ ਹੈ ਕਿ ਇਸ ਮਾਮਲੇ ਨੂੰ ਜਲਦੀ ਤੋਂ ਜਲਦੀ ਨਿਪਟਾ ਦਿਓ ਅਤੇ ਇਸ ਦੇ ਲਈ ਜ਼ੋਰਦਾਰ ਉਪਰਾਲੇ ਕਰਨ ਦੀ ਲੋੜ ਹੈ। ਮੈਂ ਉਸ ਮੋਟਿਵ ਵਿਚ ਨਹੀਂ ਜਾਣਾ ਚਾਹੁੰਦਾ ਕਿ ਇਹੀ ਮਾਮਲਾ ਹੱਲ ਨਾ ਹੋਵੇ। ਇਹ ਠੀਕ ਹੈ ਕਿ ਇਹ ਮਾਮਲਾ ਕੋਈ ਸਾਦਾ ਨਹੀਂ ਹੈ। ਹਰ ਪਾਸੇ ਤੋਂ ਆਪਣੇ ਆਪਣੇ ਕੁਮੈਂਟਸ ਆਏ ਹਨ। ਮੁਲਕ ਨੂੰ ਚਲਾਉਣ ਲਈ ਬੜੇ ਸਿਆਣੇ ਸੁਲਝੇ ਹੋਏ ਮਨੁੱਖ ਬੈਠੇ ਹਨ। ਪੰਜਾਬ ਨੂੰ ਵੀ ਸਿਆਣੇ ਆਦਮੀ ਚਲਾ ਰਹੇ ਹਨ ਪਰ ਇਸ ਮਾਮਲੇ ਨੂੰ ਜਲਦੀ ਹੱਲ ਕਰਨ ਦੀ ਲੋੜ ਹੈ। ਪੰਜਾਬ ਦੀ ਜ਼ਰੂਰਤ ਕੀ ਹੈ, ਉਸ ਦੇ ਆਧਾਰ ਤੇ ਪੰਜਾਬ ਨਾਲ ਇਨਸਾਫ ਹੋਣਾ ਚਾਹੀਦਾ ਹੈ ਅਤੇ ਕਿਸੇ ਫੈਸਲੇ ਤੇ ਪਹੁੰਚਣਾ ਚਾਹੀਦਾ ਹੈ। ਕੋਈ ਵੀ ਸਿਆਣਾ ਆਦਮੀ ਆਪਣੇ ਘਰ ਦੇ ਝਗੜੇ ਦਾ ਫੈਸਲਾ ਦੋ ਆਦਮੀਆਂ ਤੋਂ ਕਰਵਾ ਲੈਂਦਾ ਹੈ ਪਰ ਕਿਸੇ ਤੀਸਰੇ ਘਰ ਵਿਚ ਆਪਣੇ ਝਗੜੇ ਦਾ ਨਿਪਟਾਰਾ ਕਰਨ ਲਈ ਨਹੀਂ ਕਹਿੰਦਾ। ਗੱਲਬਾਤ ਵਿਚ ਪਤਾ ਲੱਗਾ ਕਿ ਮਾਮਲਾ ਕੋਰਟ ਵਿਚ ਭੇਜ ਦਿਓ। ਜਦ ਤੁਹਾਡੇ ਕੋਲ ਇਤਨੇ ਸਿਆਣੇ ਅਤੇ ਸੂਝਵਾਨ ਵਿਅਕਤੀ ਮੁਲਕ ਵਿਚ ਹਨ ਅਤੇ ਪੰਜਾਬ ਵਿਚ ਹਨ, ਫੇਰ ਮਾਮਲਾ ਕੋਰਟ ਵਿਚ ਭੇਜਣ ਦੀ ਕੀ ਲੋੜ ਹੈ। ਕੋਈ ਕਲੇਮ ਵੱਧ ਕਰਦਾ ਹੈ, ਇਸ ਦਾ ਨਿਪਟਾਰਾ ਬੈਠ ਕੇ ਕਰ ਲਓ। ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

ਜੇਕਰ ਅਸੀਂ ਕਿਸੇ ਗੱਲ ਬਾਤ ਵਿਚ ਫੇਲ੍ਹ ਹੋ ਜਾਂਦੇ ਹਾਂ ਫੇਰ ਸਾਨੂੰ ਇੰਡੀਅਨ ਕੋਰਟ ਵਿਚ ਕੇਸ ਨੂੰ ਭੇਜਣਾ ਚਾਹੀਦਾ ਹੈ ਅੋਰ ਕੋਰਟ ਦੇ ਫੈਸਲੇ ਨੂੰ ਮੰਨਣਾ ਚਾਹੀਦਾ ਹੈ। ਇਹ ਗੱਲ ਸਾਡੇ ਲਈ ਕਿੰਨੀ ਸ਼ਰਮਨਾਕ ਹੈ ਕਿ ਅਸੀਂ ਗੱਲਬਾਤ ਕਰਕੇ ਕੋਈ ਫੈਸਲਾ ਨਹੀਂ ਕਰ ਸਕਦੇ। ਮੈਨੂੰ ਯਾਦ ਹੈ ਕਿ ਅਕਾਲੀ ਪਾਰਟੀ ਦੇ ਬੈਂਚਾਂ ਤੋਂ ਇਕ ਬੜੀ ਦਰਦਨਾਕ ਆਵਾਜ਼ ਆਈ ਸੀ ਕਿ ਐਸ. ਵਾਈ.ਐਲ. ਵਿਚ ਪਾਣੀ ਦੀ ਥਾਂ ਤੇ ਸਾਡਾ ਖ਼ੂਨ ਵਗੇਗਾ। ਪਰ ਇਹ ਸਾਡਾ ਖ਼ੂਨ ਕਿਸੇ ਹੋਰ ਕੰਮ ਵੀ ਆ ਸਕਦਾ ਹੈ। ਮੁਲਕ ਦੀ ਖਾਤਰ ਅਤੇ ਪੰਜਾਬ ਦੀ ਬੇਹਤਰੀ ਦੀ ਖਾਤਰ ਅਸੀਂ ਵੀ ਤੁਹਾਡੇ ਨਾਲ ਖ਼ੂਨ ਡੋਲ੍ਹਣ ਲਈ ਤਿਆਰ ਹਾਂ ਪਰ ਅਸੀਂ ਤਾਂ ਦੁਸ਼ਮਣ ਨੂੰ ਖਤਮ ਕਰਨਾ ਹੈ। ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਦੁਸ਼ਮਣ ਢਿੱਲਾ ਨਹੀਂ ਬੈਠਾ ਹੋਇਆ, ਦੁਸ਼ਮਣ ਮਿੱਠਾ ਵੀ ਹੈ, ਪਰ ਇਸ ਝਗੜੇ ਨੂੰ ਹਰ ਤਰ੍ਹਾਂ ਨਾਲ ਖਤਮ ਕਰ ਦੇਣਾ ਚਾਹੀਦਾ ਹੈ। ਅਸੀਂ ਪਹਿਲਾਂ ਆਪਣੀ ਧਰਤੀ ਨੂੰ ਪਾਣੀ ਦੇਵਾਂਗੇ, ਆਪਣੀ ਪਾਣੀ ਦੀ ਲੋੜ ਨੂੰ ਪੂਰਾ ਕਰਾਂਗੇ। ਹਰਿਆਣੇ ਨੂੰ ਵੀ ਪਾਣੀ ਦੇਵਾਂਗੇ ਜਿੰਨੀ ਉਸ ਦੀ ਲੋੜ ਹੈ, ਇਹ ਸਾਡਾ ਧਰਮ ਹੈ। ਆਪਣੀ ਪਾਣੀ ਦੀ ਲੋੜ ਪੂਰੀ ਕਰਦੇ ਹੋਏ ਅਸੀਂ ਰਾਜਿਸਥਾਨ ਦੀ ਪਿਆਸੀ ਧਰਤੀ ਨੂੰ ਵੀ ਪਾਣੀ ਦੇਵਾਂਗੇ। ਉਨ੍ਹਾਂ ਲੋਕਾਂ ਨੂੰ ਪੀਣ ਲਈ ਪਾਣੀ ਦਿਆਂਗੇ। ਸਪੀਕਰ ਸਾਹਿਬ, ਇਹ ਕਹਿਣਾ ਕਿ ਉਨ੍ਹਾਂ ਲੋਕਾਂ ਨੂੰ ਕਤਰਾ ਪਾਣੀ ਦਾ ਵੀ ਪੀਣ ਲਈ ਨਹੀਂ ਦੇਣਾ, ਇਹ ਬੜੇ ਅਚੰਭੇ ਦੀ ਗੱਲ ਹੈ। ਮੈਨੂੰ ਇਸ ਗਲ ਦੀ ਖ਼ੁਸ਼ੀ ਹੈ ਕਿ ਉਨ੍ਹਾਂ ਨੇ ਇਹ ਗੱਲ ਕਹਿਣੀ ਵੀ ਹੁਣ ਬੰਦ ਕਲ ਦਿੱਤੀ ਹੈ। ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿਚ ਵੀ ਹੋਣਾ ਹੈ ਕਿ ਸਰਦਾਰ ਸਵਰਨ ਸਿੰਘ ਜੀ ਵੀ ਆਏ ਅਤੇ ਹੋਰ ਰਾਜੇ ਵੀ ਆਏ। ਕਈ ਲੁਕ ਕੇ ਵੀ ਆਏ ਪਰ ਕਿਸੇ ਨੂੰ ਪੂਰੀ ਕਾਮਯਾਬੀ ਨਹੀਂ ਮਿਲੀ। ਆਪੋਜੀਸ਼ਨ ਪਾਰਟੀਆਂ ਨੂੰ ਇਸ ਮਸਲੇ ਵਿਚ ਸ਼ਾਮਲ ਕਰਕੇ ਪ੍ਰਧਾਨ ਮੰਤਰੀ ਜੀ ਨੇ ਬੋਲਡ ਸਟੈਪ ਲਿਆ ਹੈ। ਸਪੀਕਰ ਸਾਹਿਬ, ਤਿੰਨ ਪੱਖੀ ਮੀਟਿੰਗ ਕਰਕੇ ਥੋੜ੍ਹਾ ਜਿਹਾ ਇਕ ਦੂਜੇ ਦੇ ਨੇੜੇ ਆਏ ਹਨ। ਅਕਾਲੀ ਪਾਰਟੀ ਦੀਆਂ ਮੰਗਾਂ ਵਿਚ ਸਾਰੀਆਂ ਆਪੋਜੀਸ਼ਨ ਪਾਰਟੀਆਂ ਨੂੰ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਦਾਅਵਤ ਦੇ ਕੇ ਚੰਗਾ ਸਟੈਪ ਉਠਾਇਆ ਹੈ। ਮੈਂ ਸਪੀਕਰ ਸਾਹਿਬ, ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਨੂੰ ਇਕ ਵਾਰ ਫਿਰ ਅਕਾਲੀਆਂ ਨੂੰ ਦਾਅਵਤ ਦੇਣੀ ਚਾਹੀਦੀ ਹੈ ਅਤੇ ਸਾਰੀਆਂ ਪਾਰਟੀਆਂ ਨੂੰ ਇਕੱਠੇ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ। ਮੈਂ ਇਸ ਵਿਚ ਆਸ਼ਾਵਾਦੀ ਹਾਂ। ਜੇਕਰ ਦੁਬਾਰਾ ਦਾਅਵਤ ਤੋਂ ਬਾਅਦ ਵੀ ਸਾਰੀਆਂ ਪਾਰਟੀਆਂ ਅਤੇ ਅਕਾਲੀ ਦਲ ਆਪਸ ਵਿਚ ਬੈਠ ਕੇ ਕੋਈ ਫੈਸਲਾ ਨਹੀਂ ਕਰ ਸਕਦੇ ਤਾਂ ਸ੍ਰੀਮਤੀ ਇੰਦਰਾ ਗਾਂਧੀ ਜੀ ਪੰਜਾਬ ਦੇ ਹਿੱਤ ਨੂੰ ਸਾਹਮਣੇ ਰੱਖ ਕੇ ਰਾਜਸਥਾਨ ਅਤੇ ਹਰਿਆਣੇ ਦੇ ਵਾਜਬ ਹਿੱਤ ਨੂੰ ਸਾਹਮਣੇ ਰੱਖ ਕੇ ਆਪਣਾ ਫੈਸਲਾ ਇਨੀਸ਼ੀਏਟਿਵ ਲੈ ਕੇ ਦੇ ਦੇਣ।

ਸਪੀਕਰ ਸਾਹਿਬ, ਟੈਰੀਟੋਰੀਅਲ ਮਸਲੇ ਬਾਰੇ ਮੈਂ ਤੁਹਾਨੂੰ ਕੁਝ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਸਾਡੇ ਤੇ ਤਾਹਨਾ ਮਾਰਿਆ ਜਾ ਰਿਹਾ ਹੈ ਕਿ ਤੁਸੀਂ ਕਿਸੇ ਪਾਰਟੀ ਨਾਲ ਗਠਜੋੜ ਕੀਤਾ ਹੈ। ਇਹ ਬਿਲਕੁਲ ਗਲਤ ਹੈ। ਸਪੀਕਰ ਸਾਹਿਬ, ਸਾਡੀ ਪਾਰਟੀ ਨੇ ਅਤੇ ਸਾਡੇ ਹਰ ਇਕ ਵਰਕਰ ਨੇ ਪਿੰਡਾਂ ਵਿਚ ਜਾਕੇ ਅਤੇ ਸ਼ਹਿਰਾਂ ਵਿਚ ਜਾਕੇ ਪ੍ਰਚਾਰ ਕੀਤਾ ਹੈ। ਜੇਕਰ ਕੋਈ ਗੱਲ ਭਾਰਤ ਦੇ ਟੁਕੜੇ ਕਰਨ ਵਾਸਤੇ ਹੋ ਰਹੀ ਹੈ ਤਾਂ ਉਸ ਦੀ ਅਸੀਂ ਵਿਰੋਧਤਾ ਕੀਤੀ ਹੈ। ਸਾਡੇ ਵਰਕਰਾਂ ਕੋਲ ਕੋਈ ਸ਼ਸਤਰ ਵਗੈਰਾ ਨਹੀਂ ਸੀ ਅਤੇ ਉਨ੍ਹਾਂ ਵਰਕਰਾਂ ਨੂੰ ਡਰ ਸੀ ਕਿ ਸਾਡੇ ਮੂੰਹ ਤੇ ਗੋਲੀ ਚਲ ਸਕਦੀ ਹੈ। ਅਸੀਂ ਕਿਹਾ ਸੀ ਕਿ ਕੌਮ ਦੇ ਸਿਧਾਂਤਾਂ ਦੀ ਵਿਰੋਧਤਾ ਨਾ ਕੀਤੀ ਜਾਏ। ਉਸ ਮਤੇ ਨੂੰ ਅਧਾਰ ਨਾ ਬਣਾਇਆ ਜਾਵੇ। ਅਸੀਂ ਇਸ ਚੀਜ਼ ਦੀ ਮੰਗ ਕੀਤੀ ਕਿ ਕੋਈ ਵੀ ਮੁਲਕ ਵਿਰਕਾਦਰਾਨਾ ਨਜ਼ਰੀਏ ਵਾਲਾ ਨਾ ਹੋਵੇ। ਸਪੀਕਰ ਸਾਹਿਬ, ਸਾਡੇ ਉਤੇ ਕਿਸੇ ਕਿਸਮ ਦਾ ਇਲਜ਼ਾਮ ਲਗਾਉਣ ਤੋਂ ਪਹਿਲਾਂ ਇਹ ਸੋਚਣ। ਚੰਡੀਗੜ੍ਹ ਦੀ ਤਕਸੀਮ ਦੀ ਗੱਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

60:40 ਦੀ ਰੇਸ਼ੋ ਨਾਲ ਕਿਸੇ ਨੇ ਕਹੀ। ਸਪੀਕਰ ਸਾਹਿਬ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਪ੍ਰਧਾਨ ਸ੍ਰੀ ਹੰਸ ਰਾਜ ਸ਼ਰਮਾ ਜੀ ਨੇ ਇਹ ਗੱਲ ਕਹੀ ਹੈ। ਉਨ੍ਹਾਂ ਦੀ ਪਾਰਟੀ ਕੁਝ ਹੋਰ ਕਹਿ ਰਹੀ ਹੈ। ਹਰਿਆਣੇ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਜੀ ਨੇ ਵੀ ਚੰਡੀਗੜ੍ਹ ਨੂੰ 50:50 ਦੀ ਰੇਸ਼ੋ ਨਾਲ ਵੰਡਣ ਦਾ ਸੁਝਾਓ ਦਿੱਤਾ ਸੀ। ਚੰਡੀਗੜ੍ਹ ਬਾਰੇ ਇਹ ਕਾਂਗਰਸ ਪਾਰਟੀ ਦੇ ਲੀਡਰ ਕਿਸ ਤਰ੍ਹਾਂ ਦੇ ਬਿਆਨ ਦੇ ਰਹੇ ਹਨ। ਇਸ ਤਰ੍ਹਾਂ ਦੇ ਸਪੀਕਰ ਸਾਹਿਬ, ਬਿਆਨ ਦੇ ਕੇ ਚੰਡੀਗੜ੍ਹ ਦੇ ਮਸਲੇ ਨੂੰ ਹੱਲ ਕਰਨ ਵਿਚ ਇਹ ਰੁਕਾਵਟ ਪਾ ਰਹੇ ਹਨ। ਉਨ੍ਹਾਂ ਨੂੰ ਪਾਰਟੀ ਦੇ ਡਿਸਿਪਲਨ ਵਿਚ ਰਹਿਣ ਦੀ ਲੋੜ ਹੈ। ਸਪੀਕਰ ਸਾਹਿਬ, ਕੋਈ ਪਾਰਟੀ ਅਜਿਹੀ ਨਹੀਂ ਹੈ ਜਿਹੜੀ ਕਿ ਇਸ ਮਸਲੇ ਨੂੰ ਹੱਲ ਨਹੀਂ ਕਰਨਾ ਚਾਹੁੰਦੀ। ਸਪੀਕਰ ਸਾਹਿਬ, ਗਲਤੀ ਹਰ ਇਕ ਤੋਂ ਹੋ ਸਕਦੀ ਹੈ। ਸਾਰੀਆਂ ਪਾਰਟੀਆਂ ਤੋਂ ਹੀ ਗਲਤੀਆਂ ਹੁੰਦੀਆਂ ਹਨ। ਸਾਡੀ ਪਾਰਟੀ ਤੋਂ ਵੀ ਸ਼ੁਰੂ ਵਿਚ ਕੋਈ ਗਲਤੀ ਹੋਈ ਹੈ। ਇਹ ਗੱਲ, ਸਪੀਕਰ ਸਾਹਿਬ, ਨਹੀਂ ਹੈ ਕਿ ਸਾਡੀ ਪਾਰਟੀ ਵਿਚ ਹੈਸੀਅਤ ਹੀ ਨਹੀਂ ਹੈ। ਕਾਂਗਰਸ ਪਾਰਟੀ ਨੇ ਵੀ ਗਲਤੀਆਂ ਕੀਤੀਆਂ ਹਨ। ਕਮਿਊਨਿਸਟ ਭਰਾ ਹੀ ਹਨ ਜਿਨ੍ਹਾਂ ਨੇ ਕੋਈ ਗਲਤੀ ਨਹੀਂ ਕੀਤੀ ਹੋਵੇਗੀ। ਜੇਕਰ ਕੋਈ ਗਲਤੀ ਕੀਤੀ ਹੈ ਤਾਂ ਅਸੀਂ ਉਸ ਨੂੰ ਮੰਨਦੇ ਹਾਂ। ਸਪੀਕਰ ਸਾਹਿਬ, ਪਾਲੇਟਿਕਸ ਲੋਅ ਲੈਵਲ ਤੇ ਹੈ। ਕਿਸੇ ਪੁਲੀਟੀਕਲ ਪਾਰਟੀ ਦੀ ਐਜ਼ ਸੱਚ ਹੈਸੀਅਤ ਹੈ ਹੀ ਨਹੀਂ।

What is a political party ?

(1) Political party must possess political ideology.

(2) Political Party must have an organisational system of its own.

(3) Political Party must have one clear cut mass programme.

ਸਪੀਕਰ ਸਾਹਿਬ, ਕੋਈ ਵੀ ਕਹਿ ਸਕਦਾ ਹੈ ਕਿ ਇਹ ਤਿੰਨ ਚੀਜ਼ਾਂ ਸਾਡੀ ਪਾਰਟੀ ਵਿਚ ਹਨ। ਕਾਂਗਰਸ ਪਾਰਟੀ ਵਿਚ ਆਰਗੇਨਾਈਜੇਸ਼ਨ ਸਿਸਟਮ ਕਿਥੇ ਹੈ ? ਇਸ ਲਈ ਸਪੀਕਰ ਸਾਹਿਬ, ਕਿਸੇ ਤੇ ਇਲਜ਼ਾਮ ਲਗਾਉਣ ਵੇਲੇ ਵੇਖ ਲੈਣਾ ਚਾਹੀਦਾ ਹੈ। ਕਿਸੇ ਪਾਰਟੀ ਨੂੰ ਹਿੰਦੂ ਰਕਸ਼ਾ ਸੰਮਤੀ ਦੇ ਨੇੜੇ ਖੜ੍ਹਾ ਕਰ ਦੇਣਾ ਅਤੇ ਕਿਸੇ ਦੂਸਰੀ ਪਾਰਟੀ ਨੂੰ ਕਿਸੇ ਹੋਰ ਦੇ ਨੇੜੇ ਖੜ੍ਹਾ ਕਰ ਦੇਣਾ, ਠੀਕ ਨਹੀਂ ਹੈ। ਕਾਂਗਰਸ ਪਾਰਟੀ, ਅਕਾਲੀ ਦਲ, ਭਾਰਤੀਆ ਜਨਤਾ ਪਾਰਟੀ ਅਤੇ ਆਰ. ਐਸ. ਐਸ. ਦੀ ਆਈਡਿਆਲੋਜੀ ਵਿਚ ਕੋਈ ਫਰਕ ਨਹੀਂ ਹੈ।

**Sardar Birdevinder Singh** : What is the election system of Soviet Communist Party ?

**Comrade Raj Kumar** : That you can ask from them.

**Sardar Birdevinder Singh** : To which party you belong ?

**Comrade Raj Kumar** : I belong to Communist Party of India.

**Sardar Birdevinder Singh** : It is affiliated with that.

**Comrade Raj Kumar** : No.

ਸਪੀਕਰ ਸਾਹਿਬ, ਇਹ ਚਿੰਤਾ ਦੀ ਗੱਲ ਹੈ। ਹਿੰਦੁਸਤਾਨ ਅੰਦਰ ਸਾਡਾ ਪੁਲਿਟੀਕਲ ਸਿਸਟਮ ਨਾ ਮੁਕੰਮਲ ਹੈ। ਮੇਰੇ ਦੋਸਤ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਵੀ ਕਹਿ ਰਹੇ ਹਨ ਅਤੇ

Original with;
Punjab Vidhan Sabha
Digitized by;
Panjab Digital Library

ਬੀਰਦਵਿੰਦਰ ਸਿੰਘ ਜੀ ਵੀ ਕਹਿ ਰਹੇ ਹਨ। ਅਗਰ ਇਸ ਮੁਲਕ ਵਿਚ ਪਾਰਟੀ ਸਿਸਟਮ ਮਜ਼ਬੂਤ ਹੋ ਚੁਕਾ ਹੈ ਤਾਂ ਉਹ ਪਾਰਟੀ ਆਪਣੀ ਪਾਲਿਸੀ ਦੇਵੇ ।

**ਮੁੱਖ ਮੰਤਰੀ** : ਕਾਮਰੇਡ ਰਾਜ ਕੁਮਾਰ ਜੀ ਤੁਸੀਂ ਇਹ ਸੂਈ ਕਿਸ ਪਾਸੇ ਲਗਾ ਦਿੱਤੀ ਹੈ ?

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਗੱਲਾਂ ਚੰਗੀਆਂ ਵੀ ਹੁੰਦੀਆਂ ਹਨ ਅਤੇ ਗੱਲਾਂ ਬੁਰੀਆਂ ਵੀ ਹੁੰਦੀਆਂ ਹਨ। ਭਗਵਤ ਗੀਤਾ ਨੂੰ ਹੀ ਲੈ ਲਵੋ। ਭਗਵਤ ਗੀਤਾ ਨੇ ਜ਼ੋਰ ਚੰਗੀਆਂ ਗੱਲਾਂ ਤੇ ਹੀ ਦਿੱਤਾ ਹੈ। ਮੈਂ ਇਹ ਕਹਿੰਦਾ ਹਾਂ ਕਿ ਉਸਦੇ ਵਿੱਚ ਜੋ ਚੰਗੀਆਂ ਗੱਲਾਂ ਹਨ, ਉਨ੍ਹਾਂ ਨੂੰ ਉਭਾਰ ਕੇ ਰੱਖਣਾ ਚਾਹੀਦਾ ਹੈ । ਹਾਂ ਕਿਸੇ ਵੇਲੇ ਮਜ਼ਬੂਰੀ ਹੋ ਜਾਂਦੀ ਹੈ ਕਿ ਅਸੀਂ ਉਨ੍ਹਾਂ ਬਾਰੇ ਕੁਝ ਨਹੀਂ ਕਰ ਸਕਦੇ। ਮੈਂ ਜ਼ਿਆਦਾ ਧਾਰਮਿਕ ਗੱਲਾਂ ਵਿੱਚ ਨਹੀਂ ਪੈਣਾ ਚਾਹੁੰਦਾ। ਸੋ ਇਸ ਕਰਕੇ ਇਹ ਤਾਹਨੇ ਦੇਣ ਦੀ ਲੋੜ ਨਹੀਂ ਕਿ ਸਾਡੀ ਕੋਈ ਹੈਸੀਅਤ ਨਹੀਂ ਹੈ। ਸਾਨੂੰ ਹਰੇਕ ਗੱਲ ਤੋਂ ਸਬਕ ਲੈ ਕੇ ਪਰੀਪੇਅਰ ਹੋਣ ਦੀ ਲੋੜ ਹੈ। ਚਤਰਥ ਜੀ ਨੇ ਜਿੰਨੀਆਂ ਵੀ ਗੱਲਾਂ ਕਹੀਆਂ ਹਨ, ਮੈਂ ਉਨ੍ਹਾਂ ਨਾਲ 100% ਵੀ ਨਹੀਂ, 101% ਐਗਰੀ ਕਰਦਾ ਹਾਂ ਕਿ ਸਾਡੀ ਪੋਜੀਸ਼ਨ ਉਦੋਂ ਤੱਕ ਠੀਕ ਨਹੀਂ ਹੋ ਸਕਦੀ ਜਦੋਂ ਤਕ ਅਸੀਂ ਕਿਸੇ ਤੇ ਹੈਲਪਲੈਸਲੀ ਡਿਪੈਂਡੈਂਟ ਰਹਾਂਗੇ। We will not be dependent upon these gentlemen who are sitting in the lobby of Officers. ਜਿੰਨੀ ਦੇਰ ਤੱਕ ਕਾਂਸਟੀਚਿਊਸ਼ਨ ਵਿੱਚ ਪ੍ਰੋਵਾਈਡ ਕੀਤੀ ਗਈ ਲੀਡਰਸ਼ਿਪ ਨੂੰ ਨਹੀਂ ਮੰਨਿਆ ਜਾਵੇਗਾ ਉਨੀ ਦੇਰ ਤੱਕ ਹਾਲਾਤ ਵਿਚ ਸੁਧਾਰ ਨਹੀਂ ਆ ਸਕਦਾ। ਹਾਲਾਤ ਹੋਰ ਵੀ ਖਰਾਬ ਹੋ ਜਾਣਗੇ। These people should not be ready to be replaced with another bureaucracy, that is, Army. We do not want to hand over the country to the Army. ਅਸੀਂ ਜਿਵੇਂ ਪਾਕਿਸਤਾਨ ਵਿੱਚ ਦੇਖਿਆ ਹੈ ਕਿ ਉਥੇ ਪਟਵਾਰੀ ਤੋਂ ਲੈ ਕੇ ਚੀਫ ਸੈਕਟਰੀ ਤੱਕ ਸਭ ਆਰਮੀ ਦੇ ਅੰਡਰ ਹਨ। ਮੈਂ ਇਹ ਨਹੀਂ ਕਹਿੰਦਾ ਕਿ ਸਾਨੂੰ ਆਪਣੀ ਆਰਮੀ ਤੇ ਪਰਾਊਡ ਨਹੀਂ ਹੈ। ਅਸੀਂ ਆਪਣੀ ਆਰਮੀ ਤੇ ਬਹੁਤ ਪਰਾਊਡ ਕਰਦੇ ਹਾਂ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜੀ ਚੀਜ਼ ਜਿਸ ਖੇਤਰ ਲਈ ਬਣਾਈ ਗਈ ਹੋਵੇ, ਉਹ ਉਸੇ ਲਈ ਹੀ ਯੂਜ਼ ਹੋਣੀ ਚਾਹੀਦੀ ਹੈ। ਨਹੀਂ ਤਾਂ It will create disaster. It will create havoc. ਪਰ ਮੈਂ ਕਹਿੰਦਾ ਹਾਂ ਕਿ ਇਹ ਹੈਵਕ ਪਹਿਲਾਂ ਉਨ੍ਹਾਂ ਤੇ ਹੀ ਪਵੇਗਾ ਜਿਹੜੇ ਇਸ ਨੂੰ ਮਿਸ ਡਾਇਰੈਕਟ ਕਰਦੇ ਹਨ ਅਤੇ ਨਤੀਜੇ ਦੇ ਤੌਰ ਤੇ ਲੋਕ ਸਫਰ ਕਰਦੇ ਹਨ । ਇਨ੍ਹਾਂ ਲੋਕਾਂ ਨੂੰ ਐਡਵਾਈਸ ਦੇਣੀ ਚਾਹੀਦੀ ਹੈ ਕਿ Do not create such conditions so that you are substituted with a superior bureaucracy, that is, Army. This is the suitable system with you.

ਸਪੀਕਰ ਸਾਹਿਬ, ਮੈਂ ਇਸ ਮਾਮਲੇ ਤੇ ਇਕ ਗੱਲ ਸਪਸ਼ਟ ਕਰਨੀ ਚਾਹੁੰਦਾ ਹਾਂ। 1970 ਵਿੱਚ ਸ੍ਰੀਮਤੀ ਇੰਦਰਾ ਗਾਂਧੀ ਦਾ ਅਵਾਰਡ ਆਇਆ। ਪਰ ਭਜਨ ਲਾਲ ਜੀ ਪਤਾ ਨਹੀਂ ਇਹ ਕਿਸ ਤੋਂ ਪੜ੍ਹਵਾਉਂਦੇ ਹਨ। ਉਸ ਵਿਚ ਕਲੀਅਰ ਕੱਟ ਚੰਡੀਗੜ੍ਹ ਨੂੰ ਪੰਜਾਬ ਦੇ ਸਪੁਰਦ ਕੀਤਾ ਹੋਇਆ ਹੈ । It is unconnected with any other provision. ਚੰਡੀਗੜ੍ਹ ਦੀ ਪਾਰਟੀਸ਼ਨ ਨੂੰ ਤਾਂ ਸ੍ਰੀਮਤੀ ਇੰਦਰਾ ਗਾਂਧੀ ਨੇ ਵੀ ਰਿਜੈਕਟ ਕੀਤਾ ਹੈ। ਇਸਦੇ ਨਾਲ ਹੀ ਫਾਜ਼ਿਲਕਾ ਅਤੇ ਅਬੋਹਰ ਦਾ ਮਾਮਲਾ ਖੜ੍ਹਾ ਕੀਤਾ ਹੋਇਆ ਹੈ । ਪਰ ਮੈਂ ਕਹਿੰਦਾ ਹਾਂ ਕਿ Chandigarh is not connected with the problem of Abohar and Fazilka.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਸੰਤ ਸਿੰਘ**: ਕਾਮਰੇਡ ਸਾਹਿਬ, ਪ੍ਰਾਈਮ ਮਨਿਸਟਰ ਨੇ ਤਾਂ ਚਿੱਠੀ ਲਿੱਖੀ ਹੈ; ਕੋਈ ਅਵਾਰਡ ਨਹੀਂ ਦਿੱਤਾ ।

**ਕਾਮਰੇਡ ਰਾਜ ਕੁਮਾਰ**: ਮੈਂ ਜੀ 1970 ਦੇ ਅਵਾਰਡ ਦੀ ਗੱਲ ਕਰ ਰਿਹਾ ਹਾਂ। ਉਸ ਵਿੱਚ ਫਾਜ਼ਿਲਕਾ ਅਤੇ ਅਬੋਹਰ ਬਾਰੇ ਕਲੇਮਜ਼ ਅਤੇ ਕਾਉਂਟਰ ਕਲੇਮਜ਼ ਦਾ ਹੀ ਮਾਮਲਾ ਹੈ। ਸਾਡੇ ਕਲੇਮਜ਼ ਉਨ੍ਹਾਂ ਪਿੰਡਾਂ ਤੇ ਹਨ ਜਿਹੜੇ ਪੰਜਾਬੀ ਬੋਲਦੇ ਹਰਿਆਣੇ ਵਿਚ ਹਨ, ਹਿਮਾਚਲ ਵਿੱਚ ਹਨ ਅਤੇ ਉਨ੍ਹਾਂ ਦੇ ਕਾਉਂਟਰ ਕਲੇਮਜ਼ ਉਨ੍ਹਾਂ ਪਿੰਡਾਂ ਤੇ ਹਨ ਜਿਹੜੇ ਹਿੰਦੀ ਬੋਲਦੇ ਪੰਜਾਬ ਵਿੱਚ ਹਨ। ਫੇਰ ਵੀ ਮੈਂ ਇਹ ਕਹਿੰਦਾ ਹਾਂ ਕਿ ਇਹ ਝਗੜੇ ਕਰਕੇ ਅਸੀਂ ਜਾਣਾ ਕਿਥੇ ਹੈ। ਰਹਿਣਾ ਤਾਂ ਇਸੇ ਮੁਲਕ ਵਿੱਚ ਹੀ ਹੈ। ਇਹ ਤਾਂ ਉਹ ਗੱਲ ਹੋਈ ਕਿ ਆ ਬੈਲ ਮੁਝੇ ਮਾਰ। ਮੈਂ ਇਹ ਕਹਿਦਾ ਹਾਂ ਕਿ ਇਨ੍ਹਾਂ ਕਲੇਮਜ਼ ਐਂਡ ਕਾਉਂਟਰ ਕਲੇਮਜ਼ ਬਾਰੇ ਫੈਸਲਾ ਕਿਸੇ ਕਮਿਸ਼ਨ ਦੇ ਜ਼ਰੀਏ ਤਹਿ ਕਰਾਉਣਾ ਚਾਹੀਦਾ ਹੈ ਜਿਸ ਵਿਚ ਫਾਜ਼ਿਲਕਾ ਅਤੇ ਅਬੋਹਰ ਬਾਰੇ ਕਲੇਮਜ਼ ਨੂੰ ਵੀ ਕੰਸਿਡਰ ਕਰ ਲਿਆ ਜਾਵੇਗਾ । ਪਰ ਭਜਨ ਲਾਲ ਜੀ ਪਤਾ ਨਹੀਂ ਕਿਸ ਤੋਂ ਪੜ੍ਹਾਉਂਦੇ ਹਨ। ਉਨ੍ਹਾਂ ਦਾ ਆਪਣਾ ਹੀ ਕੋਈ ਤਰੀਕਾ ਹੈ। ਉਹ ਬਿਨਾ ਮਤਲਬ ਤੋਂ ਚੰਡੀਗੜ੍ਹ ਦਾ ਮਾਮਲਾ ਹੋਰ ਮਾਮਲਿਆਂ ਨਾਲ ਜੋੜੀ ਜਾ ਰਹੇ ਹਨ। ਮੈਂ ਇਹ ਵੀ ਕਹਿੰਦਾ ਹਾਂ ਕਿ ਕਾਂਗਰਸ ਪਾਰਟੀ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਚੀਫ ਮਨਿਸਟਰਜ਼ ਨੂੰ ਅਤੇ ਲੀਡਰਜ਼ ਨੂੰ ਵੀ ਠੀਕ ਲਾਈਨ ਤੇ ਲਿਆਵੇ। ਇਹ ਉਨ੍ਹਾਂ ਗੱਲਾਂ ਨੂੰ ਜੋ ਇਨ੍ਹਾਂ ਦੀ ਪ੍ਰਧਾਨ ਮੰਤਰੀ ਨੇ ਕਹੀਆਂ ਹੋਈਆਂ ਹਨ, ਉਨ੍ਹਾਂ ਨੂੰ ਹਵਾ ਨਾ ਦੇਣ। ਇਹ ਇਨ੍ਹਾਂ ਦੇ ਕੰਮ ਦੀ ਗੱਲ ਹੈ। ਪਰ ਮੈਂ ਤਾਂ ਕਹਿ ਹੀ ਸਕਦਾ ਹਾਂ। ਮੈਂ ਇਨ੍ਹਾਂ ਗੱਲਾਂ ਨੂੰ ਐਕਸਪਲਾਇਟ ਕਰਨ ਲਈ ਸ਼ਾਇਦ ਤਿਆਰ ਨਾ ਹੋਵਾਂ। ਚੰਡੀਗੜ੍ਹ ਪੰਜਾਬ ਨੂੰ ਬਿਨਾਂ ਕਿਸੇ ਸ਼ਰਤ ਤੇ ਦਿੱਤਾ ਜਾਵੇ। ਹਾਂ ਜੇ ਹਰਿਆਣੇ ਨੂੰ ਕੋਈ ਪੈਸੇ ਆਦਿ ਵੀ ਦੇਣੇ ਪੈਣ ਤਾਂ ਸਾਡੇ ਤੇ ਵੀ ਸੈੱਸ ਲਾ ਦੇਣ, ਉਨ੍ਹਾਂ ਨੂੰ ਕੰਪਨਸੇਟ ਕੀਤਾ ਜਾਵੇ। ਜੇ ਜੰਗਲ ਵਿਚ ਜਾ ਰਹੀ 8 ਘੋੜਿਆਂ ਵਾਲੀ ਬੱਘੀ ਦੇ ਪਿੱਛੇ ਕੋਈ ਖ਼ੂਨਖਾਰ ਲੋਕ ਪੈ ਜਾਣ ਤਾਂ ਸਵਾਰੀਆਂ ਨੂੰ ਤਾਂ ਬਚਾਉਣਾ ਹੀ ਪਵੇਗਾ। ਤਾਰੀਖ ਵਿਚ ਇਸ ਤਰ੍ਹਾਂ ਦੀਆਂ ਕਈ ਸਟੋਰੀਜ਼ ਹਨ । ਹਰਿਆਣੇ ਨੂੰ ਚਾਹੇ ਟੈਰੀਟੋਰੀਅਲੀ ਕੰਪਨਸੇਟ ਵੀ ਕਰ ਦਿੱਤਾ ਜਾਵੇ, ਲੇਕਿਨ ਇਸ ਝਗੜੇ ਨੂੰ ਸੰਭਾਲਿਆ ਜਾਵੇ ਅਤੇ ਨਾਲ ਹੀ ਚੰਡੀਗੜ੍ਹ ਪੰਜਾਬ ਵਿੱਚ ਹੀ ਰਹੇ। ਬਾਕੀ ਜੇ ਫੇਰ ਵੀ ਇਹ ਗੱਲ ਨਾ ਮੰਨਣ ਤਾਂ ਬਦ-ਕਿਸਮਤੀ ਵਾਲੀ ਗੱਲ ਹੀ ਹੋਵੇਗੀ। ਫੇਰ ਤਾਂ ਇਹ ਮਾਮਲਾ ਕਿਸੇ ਐਸੀ ਅਥਾਰਿਟੀ ਨੂੰ ਦੇ ਦਿੱਤਾ ਜਾਵੇ ਜਿਹੜੀ ਬਿਲਕੁਲ ਕਿਰਪੱਖ ਹੋ ਕੇ ਕੰਮ ਕਰੇ ਅਤੇ ਜਿਸਦੀ ਨਿਯੁਕਤੀ ਵੀ ਨਿਰਪੱਖ ਤਰੀਕੇ ਨਾਲ ਹੋ ਜਾਵੇ। ਉਸ ਦੇ ਰੈਫਰੈਂਸਿਜ਼ ਅਤੇ ਟਰਮਜ਼ ਵੀ ਵਾਜਬ ਤਰੀਕੇ ਨਾਲ ਫਿਕਸ ਹੋ ਜਾਣ ਤਾਂਕਿ ਝਗੜੇ ਦਾ ਨਿਪਟਾਰਾ ਹੋ ਸਕੇ। ਮੈਂ ਕਹਿੰਦਾ ਹਾਂ ਕਿ ਕਈ ਦਫਾ ਸਿਕੇ ਨੂੰ ਖੋਟ ਲੱਗ ਜਾਂਦਾ ਹੈ। ਪੁਰਾਣੀ ਲਕੜੀ ਦੇ ਦੁਆਲੇ ਡੈਡ ਵੁੱਡ ਲਗ ਜਾਂਦੀ ਹੈ। ਇਸ ਕਰਕੇ ਕਿ ਉਹ ਛਾਂ ਅੱਛੀ ਦੇਵੇ, ਫਲ ਅੱਛੇ ਦੇਵੇ, ਉਸਦੇ ਦੁਆਲਿਓਂ ਡੈਡ ਵੁੱਡ ਲਾਹੁਣੀ ਪੈਂਦੀ ਹੈ। ਤਾਂ ਕਿ ਉਸਨੂੰ ਸੁਰਜੀਤ ਕੀਤਾ ਜਾਵੇ। ਹਿੰਦੁਸਤਾਨ ਵਿਚ 26 ਜਨਵਰੀ, 1950 ਨੂੰ ਕਾਂਸਟੀਚਿਊਸ਼ਨ ਲਾਗੂ ਹੋਇਆ ਹੈ। ਅੱਜ ਹਿੰਦੁਸਤਾਨ ਬਹੁਤ ਸਾਰੇ ਏਤਹਾਂ ਵਿਚ ਉਹ ਨਹੀਂ ਜੋ 1950 ਵਿੱਚ ਸੀ। ਕੋਈ ਵੀ ਦੁਨੀਆਂ ਦਾ ਕਾਂਸਟੀਚਿਊਸ਼ਨ ਕੁਰਾਨ ਸ਼ਰੀਫ ਨਹੀਂ ਹੋ ਸਕਦਾ, ਕੋਈ ਵੀ ਕਾਂਸਟੀਚਿਊਸ਼ਨ ਬਾਈਬਲ ਨਹੀਂ ਹੋ ਸਕਦਾ ਜਿਸ ਵਿਚ ਕੋਈ ਚੇਂਜ ਨਾ ਹੋ ਸਕੇ। ਕਾਂਸਟੀਚਿਊਸ਼ਨ ਆਦਮੀਆਂ ਦੇ ਰਿਸ਼ਤੇ ਅਤੇ ਗਰੋਹਾਂ ਦੇ ਰਿਸ਼ਤੇ ਤਹਿ ਕਰਦਾ ਹੈ। ਜਦੋਂ ਆਦਮੀ ਦੀ ਨੁਹਾਰ ਬਦਲ ਜਾਵੇ, ਪਾਪੂਲੇਸ਼ਨ ਦੀ ਨੁਹਾਰ ਬਦਲ ਜਾਵੇ, ਗਰੋਹਾਂ ਦੀ ਨੁਹਾਰ ਬਦਲ ਜਾਵੇ ਤਾਂ ਕਾਂਸਟੀਚਿਊਸ਼ਨ ਬਦਲਿਆ ਹੀ ਕਰਦੇ ਹਨ, ਉਨ੍ਹਾਂ ਦਾ ਰਿਵਿਊ ਕੀਤਾ ਹੀ ਜਾਂਦਾ ਹੈ, ਚਾਹੇ ਉਸ ਲਈ ਅਲੱਗ ਮਸ਼ੀਨਰੀ ਬਣਾਈ ਜਾਵੇ, ਸਾਨੂੰ

Original with;
Punjab Vidhan Sabha
Digitized by;
Panjab Digital Library

ਕੋਈ ਇਤਰਾਜ਼ ਨਹੀਂ ਹੋਵੇਗਾ। ਸਾਰੇ ਹਿੰਦੁਸਤਾਨ ਦੇ ਅੰਦਰ ਵੱਖਵਾਦੀ ਅਤੇ ਸੈਪਰੇਟਿਸਟ ਨਾਸੂਰ ਫੈਲਿਆ ਹੋਇਆ ਹੈ। ਉਹ ਸਹੀ ਤਰੀਕਿਆਂ ਨਾਲ ਕਾਬੂ ਵਿਚ ਆ ਜਾਵੇਗਾ।

**ਸ੍ਰੀ ਸਪੀਕਰ** : ਤੁਸੀਂ ਵਾਈਂਡ ਅਪ ਕਰ ਦਿਓ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ 15 ਮਿੰਟ ਹੋਰ ਲਵਾਂਗਾ। ਇਕ ਤਾਂ ਸਾਡੀ ਟੈਰੀਟੋਰੀਅਲ ਲਾਇਲਟੀ ਇਹ ਡਿਮਾਂਡ ਕਰਦੀ ਹੈ ਅਤੇ ਹੋਰ ਵੀ ਕਈ ਸਮੱਸਿਆਵਾਂ ਦੇਸ਼ ਵਿੱਚ ਹਨ।

ਸਪੀਕਰ ਸਾਹਿਬ, ਥੀਨ ਡੈਮ ਸਾਡੀ ਛੇਵੀਂ ਪਲਾਨ ਵਿੱਚ ਨਹੀਂ ਹੈ। ਪਲਾਨਿੰਗ ਕਮਿਸ਼ਨ ਨੇ ਅਪਰੂਵ ਕਰ ਦਿੱਤਾ ਕਲੀਅਰ ਕਰ ਦਿੱਤਾ ਪਰ ਫਾਈਨੈਂਸ ਦਾ ਫੈਸਲਾ ਨਹੀਂ ਹੋ ਸਕਿਆ। ਇਸ ਸਦਨ ਵਿੱਚ ਝੂਠ ਬੋਲਿਆ ਜਾਂਦਾ ਹੈ। ਇਸ ਵਿਧਾਨ ਸਭਾ ਵਿਚ ਇਹ ਚੀਜ਼ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਸਾਰੀ ਆਊਟ ਲੇਅ ਦੇਖੀ ਹੈ, ਭਾਵੇਂ ਇਹ 12 ਕਰੋੜ ਰੁਪਏ ਸੀ ਭਾਵੇਂ ਇਹ 12.25 ਕਰੋੜ ਰੁਪਏ ਸੀ। ਏਨੇ ਵੱਡੇ ਪ੍ਰਾਜੈਕਟ ਤੇ ਇਸ ਤਰ੍ਹਾਂ ਪੈਸੇ ਨਹੀਂ ਖਰਚ ਕੀਤੇ ਜਾਂਦੇ। The money has gone down the currents of Ravi and we have not been able to get any thing out of that. ਥੀਨ ਡੈਮ ਨੂੰ ਜੋ ਬਣਾਉਣਾ ਹੈ ਤਾਂ ਥੀਨ ਡੈਮ ਪੰਜ ਸਾਲਾ ਪਲਾਨ ਵਿੱਚ ਨਹੀਂ ਬਲਿਕ ਪਲਾਨ ਦੇ ਖਰਚੇ ਵਿਚ ਹੋਏ ਔਰ ਇਹ ਰੁਪਿਆ ਪੰਜਾਬ ਨੂੰ ਸੈਂਟਰ ਦੇਵੇ ਤਾਂ ਕਿ ਅਸੀਂ ਇਹ ਥੀਨ ਡੈਮ ਬਣਾ ਸਕੀਏ। ਸਪੀਕਰ ਸਾਹਿਬ, ਸਾਡਾ ਆਪਣਾ ਪਾਣੀ ਹੈ ਜਿਸ ਦੀ ਕੀਮਤ ਅਸੀਂ ਪਾਕਿਸਤਾਨ ਨੂੰ ਅੱਜ ਤੋਂ 13 ਸਾਲ ਪਹਿਲਾਂ ਹੀ ਦੇ ਚੁੱਕੇ ਹਾਂ। ਉਸ ਪਾਕਿਸਤਾਨ ਨੇ ਪਾਣੀ ਦੀਆਂ ਲਹਿਰਾਂ ਦਾ ਮੂੰਹ ਸਾਡੇ ਵਲ ਨੂੰ ਕਰ ਦਿੱਤਾ ਹੈ। ਅਜਨਾਲਾ ਸਾਹਿਬ, ਇਸ ਤਰ੍ਹਾਂ ਕਰਨ ਨਾਲ ਮੇਰੇ ਇਲਾਕੇ ਦੇ ਲਗ ਭਗ 12/13 ਪਿੰਡ ਰੁੜ੍ਹ ਗਏ ਹਨ। ਇਹ ਵਹਾਣ ਕਿਸੇ ਦਿਨ ਤੁਹਾਡੇ ਇਲਾਕੇ ਵੱਲ ਵੀ ਹੋ ਸਕਦਾ ਹੈ। ਇਸ ਨਾਰਮਲ ਵਹਾਣ ਨੂੰ ਰੋਕਣ ਲਈ ਅਜਨਾਲਾ ਸਾਹਿਬ ਉਪਰਾਲੇ ਕਰੋ। ਸਾਡੀਆਂ ਜ਼ਰੂਰਤਾਂ ਮੰਗ ਕਰਦੀਆਂ ਹਨ ਕਿ ਇਰੀਗੇਸ਼ਨ ਡਿਪਾਰਟਮੈਂਟ ਸੈਂਟਰ ਦੇ ਡਿਪਾਰਟਮੈਂਟ ਨਾਲ ਇਹ ਸਾਰੀ ਚੀਜ਼ ਦੇਖ ਕੇ ਉਹਨਾਂ ਨਾਲ ਡਿਸਕਸ ਕਰੇ, ਉਹਨਾਂ ਕੋਲੋਂ ਪਾਕਿਸਤਾਨ ਦੇ ਖਿਲਾਫ ਪਰੋਟੈਸਟ ਕਰਾਏ। ਇਨਡੱਸ ਵਾਟਰ ਕਮਿਸ਼ਨ ਦੀ ਮੀਟਿੰਗ ਕਰਵਾਏ। ਉਹਨਾਂ ਕੋਲੋਂ ਇਸ ਦਾ ਖਰਚ ਮੰਗੇ। ਪਤਾ ਨਹੀਂ ਸਾਨੂੰ ਕਿਹੜੀ ਚੀਜ਼ ਰੋਕਦੀ ਹੈ ਕਿ ਅਸੀਂ ਇਹ ਗਲ ਨਹੀਂ ਕਹਿ ਸਕਦੇ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਸਾਡਾ ਦੁਸ਼ਮਨ ਨਾਲ ਹੀ ਬੈਠਾ ਹੈ। ਦੁਸ਼ਮਣ ਦੀ ਗੋਲੀ ਤਾਂ ਸਾਡੇ ਬੇਸ਼ਕ ਲੱਗ ਜਾਵੇ ਪਰ ਸਾਡੀ ਆਪਣੀ ਛਾਤੀ ਤੇ ਸਪੀਕਰ ਸਾਹਿਬ, ਸਾਡੀ ਆਪਣੀ ਗੋਲੀ ਨਹੀਂ ਵੱਜਣੀ ਚਾਹੀਦੀ। ਇਸ ਪੱਖ ਤੋਂ ਵੀ ਇਹ ਜ਼ਰੂਰੀ ਬਣ ਜਾਂਦਾ ਹੈ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਬਣ ਜਾਂਦੀ ਹੈ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇਹ ਖਰਚਾ ਸੈਂਟਰ ਦੀ ਸਰਕਾਰ ਦੇਵੇ, ਇਹ ਸੈਂਟਰ ਦੇ ਪੈਸੇ ਦੇ ਨਾਲ ਬਣਨਾ ਚਾਹੀਦਾ ਹੈ। ਸਪੀਕਰ ਸਾਹਿਬ, ਸੈਂਟਰ ਦੇ ਇਹ ਪ੍ਰਾਜੈਕਟਸ ਹਨ। ਇਹ ਪੰਜਾਬ ਦੇ ਪੈਸੇ ਨਾਲ ਨਹੀਂ ਬਣਨੇ ਚਾਹੀਦੇ। ਕੋਟਾ ਵਿਚ ਅਟਾਮਿਕ ਪਲਾਂਟ, ਭੱਦਰਪੁਰ ਵਿੱਚ ਸੁਪਰ ਅਟਾਮਿਕ ਪਲਾਂਟ ਲੱਗੇ, ਸੰਗਰੋਲੀ ਵਿਚ, ਬੈਰਾਸੂਲ ਅੰਦਰ ਜਿਹੜੇ ਪ੍ਰਾਜੈਕਟ ਹਨ ਇਹ ਪਾਵਰ ਪੈਦਾ ਕਰਨ ਲਈ ਲੱਗੇ ਹਨ। ਇਹਨਾਂ ਦੀਆਂ ਪ੍ਰਾਜੈਕਟ ਰਿਪੋਰਟਾਂ ਵਿਚ ਇਹ ਲਿਖਿਆ ਹੋਇਆ ਹੈ ਕਿ ਇਹ ਪ੍ਰਾਜੈਕਟ ਮੁਕੰਮਲ ਹੋਣ ਉਪਰੰਤ ਪੰਜਾਬ ਦੀ ਬਿਜਲੀ ਦੀ ਲੋੜ ਨੂੰ ਵੀ ਪੂਰਾ ਕਰਨਗੇ। ਇਸ ਲਈ, ਸਪੀਕਰ ਸਾਹਿਬ, ਇਹ ਜ਼ਰੂਰੀ ਹੈ ਕਿ ਅਸੀਂ ਇਹ ਗੱਲ ਐਨਸ਼ੋਅਰ ਕਰੀਏ ਕਿ ਅੱਜ ਪ੍ਰਾਜੈਕਟਸ ਦੀ ਰਿਪੋਰਟ ਵਿੱਚ ਜੋ ਗੱਲ ਲਿਖੀ ਹੋਈ ਹੈ, ਜਿਸ ਅਨੁਸਾਰ ਜਿਹੜੀ ਬਿਜਲੀ ਪੰਜਾਬ ਵਾਸਤੇ ਬਣਦੀ ਹੈ, ਉਸ ਅਨੁਸਾਰ ਸਾਨੂੰ ਮਿਲਦੀ ਕਿੰਨੀ ਹੈ, ਆਇਆ ਇਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਪੰਜਾਬ ਨੂੰ ਵੀ ਮਿਲਦੀ ਹੈ ਜਾਂ ਨਹੀਂ ? ਇਸ ਗਲ ਨੂੰ ਐਨਸ਼ੋਅਰ ਕਰਨਾ ਬਹੁਤ ਜ਼ਰੂਰੀ ਹੈ। ਸਪੀਕਰ ਸਾਹਿਬ, ਨਿਊਕਲੀਯਰ ਪਲਾਂਟ ਆ ਰਿਹਾ ਹੈ । Let the people select place. ਇੱਕ ਟੀਮ ਕਾਫੀ ਦੇਰ ਇਸ ਬਾਰੇ ਐਫਰਟਸ ਕਰਦੀ ਰਹੀ ਹੈ । ਪਹਿਲਾਂ ਉਹ ਢੋਲਬਾਹਾ ਗਈ, ਫਿਰ ਕੋਟਾ ਗਈ, ਰੋਪੜ ਗਈ ਲੇਕਿਨ ਸਪੀਕਰ ਸਾਹਿਬ, ਇਹਨਾਂ ਦੀ ਪ੍ਰਾ-ਇਰਿਟੀ ਵਿੱਚ ਕੋਈ ਹੋਰ ਗੱਲ ਹੈ। ਪੰਜਾਬ ਵਿੱਚ ਕੋਈ ਇਲਾਕਾ ਨਹੀਂ। ਇਹ ਚੀਜ਼ਾਂ ਦਾ ਐਡਰੈਸ ਵਿੱਚ ਜ਼ਿਕਰ ਕਰਨਾ ਚਾਹੀਦਾ ਸੀ। ਇਹ ਵੀ ਜ਼ਰੂਰੀ ਹੈ ਕਿ ਇਸ ਗਲ ਨੂੰ ਐਨਸ਼ੋਅਰ ਕਰਨ ਲਈ ਕਿ ਨਿਊਕਲੀਯਰ ਪਲਾਂਟ ਪੰਜਾਬ ਨੂੰ ਮਿਲੇ, ਆਪਣੇ ਵੱਲੋਂ ਸਰਕਾਰ ਪੂਰਾ ਜ਼ੋਰ ਲਾਏ। ਅਸੀਂ ਪੂਰਾ ਜ਼ੋਰ ਲਾਈਏ। ਜੋਆਇੰਟ ਪ੍ਰਾਜੈਕਟ ਦੀ ਗੱਲ ਹੈ । ਸਪੀਕਰ ਸਾਹਿਬ, ਸਤਲੁਜ ਦਾ ਪਾਣੀ, ਬਿਆਸ ਦਾ ਪਾਣੀ ਹੈ। ਇਹ ਪਾਣੀ ਹਿਮਾਚਲ ਦੇ ਨੇੜਿਉਂ ਆਉਂਦਾ ਹੈ । ਇਹ ਸਾਡੇ ਭਰਾ ਇਸ ਪਾਣੀ ਨੂੰ ਇਸਤੇਮਾਲ ਕਰ ਸਕਦੇ ਹਨ। ਯਸ਼ ਜੀ ਨੇ ਕਲ੍ਹ ਆਖਿਆ ਸੀ ਕਿ ਇਹ ਸਾਰੇ ਡੈਮ ਹਿਮਾਚਲ ਵੱਲ ਹੀ ਬਣ ਰਹੇ ਹਨ। ਮੈਂ ਕਹਿੰਦਾ ਹਾਂ ਅਸੀਂ ਇਹਨਾਂ ਨਾਲ ਭਰਾਤਰੀ ਰਵੱਈਆ ਰੱਖਣਾ ਹੈ। ਪਰ ਇਹ ਨਹੀਂ ਹੋਣਾ ਚਾਹੀਦਾ ਕਿ ਬਾਕੀ ਪਰਾਂਤਾਂ ਦਾ ਹਿੱਸਾ ਹੋਵੇ ਪਰ ਸਾਡਾ ਕੋਈ ਹਿੱਸਾ ਨਹੀਂ। ਇਹ ਕਿਉਂ ? ਸਾਡੇ ਕੋਲ ਡੈਮ ਬਾਰੇ ਜੋ ਐਗਰੀਮੈਂਟ ਹੈ ਉਹ ਹੋਣਾ ਚਾਹੀਦਾ ਹੈ। ਉਹ ਹਾਲੇ ਤੱਕ ਫੈਸਲਾ ਕਿਉਂ ਨਹੀਂ ਕੀਤਾ ਜਾ ਸਕਿਆ। ਕਿਉਂ ਅਸੀਂ ਪ੍ਰਾਜੈਕਟ ਦਾ ਫੈਸਲਾ ਨਹੀਂ ਕਰ ਸਕੇ ? ਇਨ੍ਹਾਂ ਪ੍ਰਾਜੈਕਟਾਂ ਦੇ ਬਾਰੇ ਫੈਸਲਾ ਕਰਨਾ ਪਏਗਾ। ਅਗਰ ਅਸੀਂ ਪੰਜਾਬ ਦੀਆਂ ਆਉਣ ਵਾਲੀਆਂ 20 ਸਾਲਾਂ ਬਾਅਦ ਦੀਆਂ ਬਿਜਲੀ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ ਤਾਂ ਇਹਨਾਂ ਬਾਰੇ ਸਾਨੂੰ ਛੇਤੀ ਹੀ ਕੋਈ ਫੈਸਲਾ ਕਰਨਾ ਪਏਗਾ ਔਰ ਇਹ ਫੈਸਲਾ ਡੀਲੇਅ ਨਹੀਂ ਹੋਣਾ ਚਾਹੀਦਾ। ਜੇ ਇਸ ਕੰਮ ਵਿਚ ਹੋਰ ਪੰਜਾਬ ਵੱਲੋਂ ਡੀਲੇਅ ਹੋ ਗਈ ਤਾਂ ਇਹ ਪੰਜਾਬ ਦੇ ਹਿੱਤ ਵਿੱਚ ਨਹੀਂ ਹੋਵੇਗਾ। ਇਹ ਪੰਜਾਬ ਲਈ ਬਹੁਤ ਜ਼ਿਆਦਾ ਨੁਕਸਾਨਦੇਹ ਹੋਵੇਗਾ, ਹਾਨੀਕਾਰਕ ਹੋਵੇਗਾ। ਪੰਜਾਬ ਵਿੱਚ ਹੈਵੀ ਇੰਡਸਟਰੀ ਪ੍ਰਾਜੈਕਟ ਹੈ। ਹੈਵੀ ਵਾਟਰ ਅਸੀਂ ਦੇ ਰਹੇ ਹਾਂ। ਆਪਣੀ ਬਹੁਤ ਕੀਮਤੀ ਇਲੈਕਟਰੀਸਿਟੀ ਬਹੁਤ ਵੱਡੀ ਮਾਤਰਾ ਵਿੱਚ ਇਸਤੇਮਾਲ ਕਰ ਰਹੇ ਹਾਂ। ਆਪਣਾ ਇਹ ਪਾਣੀ ਜਿਹੜਾ ਸਾਡੇ ਫਾਰੇਨ ਐਕਸਚੇਂਜ ਲਿਆਉਂਦਾ ਹੈ, ਸਾਡੇ ਲਈ ਜ਼ਰੂਰੀ ਹੈ, ਟੈਰੀਟੋਰੀਅਲ ਲਾਇਲਟੀਜ਼ ਸਾਡੇ ਕੋਲੋਂ ਡੀਮਾਂਡ ਕਰਦੀਆਂ ਹਨ ਕਿ ਅਸੀਂ ਆਪਣੇ ਕਲੇਮਜ਼ ਸਟੇਕ ਕਰੀਏ ਔਰ ਵਾਜਬ ਹਿੱਸਾ ਲਈਏ। ਪਲਾਨ ਆਊਟ ਲੇ ਦੇ ਬਾਰੇ ਲਿਖਿਆ ਹੈ, ਉਸ ਬਾਰੇ ਮੈਂ ਐਗਜ਼ਾਜਰੇਟਿਡ ਪਿਕਚਰ ਦੇਣ ਦੀ ਲੋੜ ਨਹੀਂ ਸਮਝਦਾ। ਸਪੀਕਰ ਸਾਹਿਬ, ਇਹ ਜੇਕਰ 380 ਕਰੋੜ ਤੋਂ 440 ਕਰੋੜ ਹੈ ਤਾਂ ਬਹੁਤ ਅੱਛੀ ਗੱਲ ਹੈ। I would have welcomed it in most superlative terms. ਜੇਕਰ ਅਸੀਂ ਇਹ ਕਨਸਿਡਰ ਕਰੀਏ ਕਿ ਇੰਡਸਟਰੀਅਲ ਕਾਸਟ ਐਸਕੇਲੇਸ਼ਨ ਇੱਕ ਈਸ਼ਾਰੀਆ ਤੋਂ ਉਪਰ ਹੈ ਔਰ ਸਾਰੇ ਫੈਕਟਰਜ਼ ਨੂੰ ਕੈਲਕੂਲੇਟ ਕਰਕੇ ਕਹੀਏ ਤਾਂ ਇਹ ਮੋਸਟ ਵੈਲਕਮ ਨਹੀਂ ਬਣਦਾ। ਇਹ ਸਾਡਾ ਡੀਮਾਂਡ ਕਰਨ ਦਾ ਹੱਕ ਹੈ ਕਿ ਸਾਡਾ ਆਊਟ ਲੇਅ ਵਧੇ ।

**ਸ਼੍ਰੀ ਸਪੀਕਰ :** ਹੁਣ ਇਸ ਨੂੰ ਖਤਮ ਕਰੋ।

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਮੇਰੇ 15 ਮਿੰਟ ਹਾਲੇ ਰਹਿੰਦੇ ਹਨ। ਮੈਂ ਛੇਤੀ ਹੀ ਵਾਈਂਡ ਅਪ ਕਰਨ ਦੀ ਕੋਸ਼ਿਸ਼ ਕਰਦਾ ਹਾਂ। Speaker Sahib, Governor's Address is a good reporter but it reports performance less and reports non-performance more. It reports acting less

Original with;
Punjab Vidhan Sabha
Digitized by;
Panjab Digital Library

and non-acting more. It reports the dependence of the Government rather helplessly on Central and State bureaucracy more than by real association. Why I say so ?

ਸਪੀਕਰ ਸਾਹਿਬ, ਯਸ਼ ਜੀ ਨੇ ਕੱਲ੍ਹ ਕਿਹਾ ਹੈ ਕਿ ਤੁਸੀਂ 'ਪਨਸਪ' ਦੇ ਡਿਪੂ ਬੰਦ ਕਰ ਦਿੱਤੇ, ਕਿਉਂ ਕਰ ਦਿੱਤੇ ? ਜਿਹੜੇ ਤੁਸੀਂ 'ਪਨਸਪ' ਦੇ ਡਿਪੂ ਬੰਦ ਕਰ ਦਿੱਤੇ ਹਨ ਉਹਨਾਂ ਦੀ ਥਾਂ ਤੇ ਹੁਣ ਕੀ ਨਵਾਂ ਖੋਲ੍ਹਿਆ ਹੈ। ਡਿਪੂ ਹੋਲਡਰਾਂ ਨੂੰ ਕੀ ਮਿਲਦਾ ਹੈ ? ਉਹਨਾਂ ਨੂੰ ਕਿਹਾ ਜਾਂਦਾ ਹੈ ਕਿ ਜਿਸ ਭਾਅ ਤੇ ਤੁਸੀਂ ਚੀਨੀ ਖਰੀਦ ਕਰਦੇ ਹੋ ਉਸੇ ਭਾਅ ਤੇ ਵੇਚੋ ਪਰ ਦੇਖਣ ਵਾਲੀ ਗੱਲ ਇਹ ਹੈ ਕਿ ਇਸ ਖਰੀਦਣ/ਵੇਚਣ ਵਿੱਚ ਉਸਨੂੰ ਤਾਂ ਸਿਰਫ ਬੋਰੀ ਹੀ ਬਚਦੀ ਹੈ । ਇਹ ਕਹਿੰਦੇ ਹਨ ਕਿ ਇਸ ਸਭ ਕੁਝ ਦੇ ਬਾਅਦ ਤੁਹਾਡੀ ਆਮਦਨ ਸਿਰਫ ਬੋਰੀ ਹੀ ਹੋਈ ਹੈ। ਤੁਹਾਡੀ ਕਮਾਈ ਏਹੀ ਹੈ। ਸਪੀਕਰ ਸਾਹਿਬ, ਉਹਨਾਂ ਕੋਲ ਸਭ ਕੁਝ ਹੁੰਦਾ ਹੈ ਪਰ ਉਹ ਕਹਿੰਦੇ ਹਨ ਉਨ੍ਹਾਂ ਕੋਲ ਕੁਝ ਵੀ ਨਹੀਂ। ਇਹ ਇਸ ਕਰਕੇ ਕਹਿੰਦੇ ਹਨ ਕਿਉਂਕਿ ਉਹ ਸਾਰੇ ਸਾਮਾਨ ਨੂੰ ਬਲੈਕ ਮਾਰਕਿਟ ਵਿੱਚ ਵੇਚਦੇ ਹਨ। ਹੁਣ ਇਨ੍ਹਾਂ ਨੇ ਕੈਰੋਸੀਨ ਬਾਰੇ ਡਿਊਲ ਪਾਲਿਸੀ ਲਿਆਂਦੀ ਹੈ। ਤੇਲ ਦੋ ਕਿਸਮ ਦਾ ਹੈ; ਰਾਸ਼ਨ ਵਾਲਾ ਵੀ ਹੈ ਅੌਰ ਬਗੈਰ ਰਾਸ਼ਨ ਵਾਲਾ ਵੀ ਹੈ। ਸਪੀਕਰ ਸਾਹਿਬ, ਲੋਕਾਂ ਨੂੰ ਡਿਪੂ ਹੋਲਡਰ ਤੇਲ ਮਹਿੰਗਾ ਵੇਚਦਾ ਹੈ ਸਸਤਾ ਨਹੀਂ ਵੇਚਦਾ। ਇਹ ਜੋ ਪਾਲਿਸੀ ਆਈ ਹੈ ਇਸ ਨਾਲ ਸਾਰੇ ਹਿੰਦੁਸਤਾਨ ਵਿਚ ਰੋਲਾ ਪਿਆ ਹੋਇਆ ਹੈ। ਕੈਰੋਸੀਨ ਦੀ ਡਿਊਲ ਪਾਲਿਸੀ ਹੈ। ਇਸ ਬਾਰੇ ਪਤਾ ਨਹੀਂ ਡੀਸੀਜ਼ਨ ਕਰਨ ਵਿਚ ਕੌਣ ਜ਼ਿੰਮੇਵਾਰ ਹੈ ? ਇਸ ਤਰ੍ਹਾਂ ਇਕ ਵਾਰੀ ਪਹਿਲਾਂ ਖੰਡ ਬਾਰੇ ਹੋਇਆ ਸੀ ਫਿਰ ਸਰਕਾਰ ਨੇ ਇਹ ਚੀਜ਼ ਛੱਡ ਦਿੱਤੀ। ਹੁਣ ਫਿਰ ਇਹਨਾਂ ਨੇ ਤੇਲ ਦੀ ਨਵੀਂ ਪਾਲਸੀ ਲੈ ਆਂਦੀ ਹੈ। ਉਸਨੂੰ ਵੀ ਇਹਨਾਂ ਨੇ ਬਾਅਦ ਵਿਚ ਛਡਿਆ ਸੀ ਇਸ ਨੂੰ ਵੀ ਛਡਣਾ ਚਾਹੀਦਾ ਹੈ। ਕੋਆਪ੍ਰੇਟਿਵ ਡਿਪਾਰਟਮੈਂਟ ਵਾਲੇ ਮੈਨੇਜਰ ਵਾਸਤੇ ਗਰਾਂਟ ਦਿੰਦੇ ਹਨ। ਕੋਆਪ੍ਰੇਟਿਵ ਸੋਸਾਇਟੀਆਂ ਵਾਲੇ ਇਸ ਪਰਕਾਰ ਜਿਹੜੇ ਸਟੋਰਾਂ ਤੇ ਕਲਰਕ ਰੱਖਦੇ ਹਨ ਉਹਨਾਂ ਨੂੰ ਇਹ ਤਨਖਾਹ ਦਿੰਦੇ ਹਨ। ਇਹ ਡਿਪੂ ਹੋਲਡਰਾਂ ਤੋਂ ਕੰਮ ਤਾਂ ਕਰਵਾ ਰਹੇ ਹਨ ਪਰ ਉਹਨਾਂ ਨੂੰ ਦਿੰਦੇ ਕੁਝ ਨਹੀਂ। ਇਨ੍ਹਾਂ ਦਾ ਰੇਟ ਆਫ ਪਰਾਫਿਟ ਬਿਲਕੁਲ ਘੱਟ ਹੈ। ਜਾਂ ਤਾਂ ਸਬਸੇਡਾਈਜ਼ਡ ਕਰੋ ਨਹੀਂ ਤਾਂ ਆਪਣੇ ਮਹਿਕਮੇ ਨੂੰ ਕੰਟਰੋਲ ਕਰੋ। ਬਾਕੀ ਜੋ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਉਸ ਵਲ ਤਵੱਜੋ ਦਿਓ। ਇਹ ਜੋ ਫਿਜ਼ੀਕਲ ਟਾਰਗੇਟਸ ਮੁਕੱਰਰ ਕੀਤੇ ਹਨ, ਇਹ ਤੁਸੀਂ ਬੜੇ ਸੋਹਣੇ ਕੀਤੇ ਹਨ ਪਰ ਇਹ ਪੇਪਰ ਤੇ ਹੀ ਹਨ । ਮੈਨੂੰ ਇਸ ਵਿਚ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਪਿਛਲੇ ਸਮੇਂ ਵਿਚ ਜਿਹੜੇ ਸਾਡੇ ਪਰਾਜੈਕਟਸ ਨੂੰ ਸਮੇਂ ਸਮੇਂ ਸਿਰ ਅਗੇ ਪਾਇਆ ਗਿਆ ਹੈ ਅੌਰ ਅੱਗੇ ਪਾਉਣ ਦਾ ਮਤਲਬ ਇਹ ਨਹੀਂ ਕਿ ਇਹ ਲੇਟ ਹੋਏ ਹਨ ਸਗੋਂ ਇਨ੍ਹਾਂ ਦੀ ਕੀਮਤ ਦੁੱਗਣੀ ਹੋਈ ਹੈ। ਇਸ ਪਰਾਸੈਸ ਨੂੰ ਕੰਟਰੋਲ ਕਰਨ ਦੀ ਲੋੜ ਹੈ। ਇਹ ਇਸ ਵੇਲੇ ਅਨ-ਕੰਟਰੋਲਡ ਚਲ ਰਿਹਾ ਹੈ। ਇਸ ਸਬੰਧ ਵਿਚ ਜੇ ਕਿਸੇ ਇਕ ਪਾਰਟੀਕੁਲਰ ਪਰਾਜੈਕਟ ਦਾ ਜ਼ਿਕਰ ਕਰਾਂ ਤਾਂ ਫਾਇਦਾ ਨਹੀਂ ਹੋਵੇਗਾ। ਇਸ ਵਿਚ ਪਰਾਜੈਕਟ ਦੇ ਫਿਜ਼ੀਕਲ ਟਾਰਗੈਟ ਅਚੀਵ ਕਰਨ ਦਾ ਜ਼ਿਕਰ ਚਾਹੀਦਾ ਹੈ ।

ਇੰਡਸਟਰੀਅਲ ਯੂਨਿਟਸ ਦੀ ਕੀ ਹਾਲਤ ਹੈ, ਭਾਵੇਂ ਪੀ. ਐਸ. ਆਈ. ਡੀ. ਸੀ. ਹੋਵੇ ਜਾਂ ਪਨਟੈਕਸ ਹੋਵੇ ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ, ਮੇਰਾ ਖਿਆਲ ਹੈ ਕਿ ਕੇ. ਪੀ. ਸਾਹਿਬ ਨਰਾਜ਼ ਨਹੀਂ ਹੋਣਗੇ। ਇਹ ਬੜੀਆਂ ਥੋੜ੍ਹੀਆਂ ਥਾਵਾਂ ਤੇ ਮੁਨਾਫੇ ਵਿਚ ਹਨ। **We are in very deep red and in some cases financial institutions have refused to pay us money.**

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਮੈਂ ਬਹੁਤਾ ਇਸ ਵਿਚ ਨਹੀਂ ਜਾਣਾ ਚਾਹੁੰਦਾ। ਮੋਟੀ ਗੱਲ ਤੁਹਾਡੇ ਸਾਹਮਣੇ ਰਖੀ ਹੈ ਅਤੇ ਇਸ ਸਾਰੀ ਚੀਜ਼ ਨੂੰ ਦੇਖਣਾ ਚਾਹੀਦਾ ਹੈ।

ਜਗਤ ਰਾਮ ਜੀ ਨੇ ਮਿਨੀਮਮ ਵੇਜਿਜ਼ ਬਾਰੇ ਬਾਕੀ ਦਿਆਂ ਸੂਬਿਆਂ ਨਾਲੋਂ ਵੱਧ ਕਰਨ ਬਾਰੇ ਐਲਾਨ ਕੀਤਾ ਹੈ। ਪਰ ਇਹ ਚੀਜ਼ ਪੇਪਰ ਤੇ ਹੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਟੇਟ ਅੰਦਰ ਮੈਜਾਰਿਟੀ ਇੰਡਸਟਰੀਜ਼ ਨੇ ਇਸ ਨੂੰ ਲਾਗੂ ਨਹੀਂ ਕੀਤਾ। ਇਸ ਬਾਰੇ ਲੇਬਰ ਕਮਿਸ਼ਨਰ ਕੀ ਕਰ ਰਹੇ ਹਨ, ਇਸ ਬਾਰੇ ਮੈਨੂੰ ਪਤਾ ਨਹੀਂ ਹੈ।

**ਸ੍ਰੀ ਸਪੀਕਰ:** ਬਰਾੜ ਸਾਹਿਬ, ਤੁਸੀ ਸ਼ੁਰੂ ਕਰੋ।

**ਕਾਮਰੇਡ ਰਾਜ ਕੁਮਾਰ:** ਸਪੀਕਰ ਸਾਹਿਬ, ਹੁਣ ਮੈਂ ਯੈਲੋ ਕਾਰਡਜ਼ ਦੀ ਗਲ ਕਰਨੀ ਚਾਹੁੰਦਾ ਹਾਂ The yellow cards should not be allowed to become farce. ਯੈਲੋ ਕਾਰਡ ਵਾਲਿਆਂ ਨੂੰ ਨਾ ਰਾਸ਼ਨ ਮਿਲਦਾ ਹੈ ਔਰ ਨਾ ਹੀ ਇਨ੍ਹਾਂ ਨੂੰ ਕੋਈ ਹੋਰ ਸਹੂਲਤ ਮਿਲਦੀ ਹੈ। ਇਸ ਗੱਲ ਨੂੰ ਕੰਟ੍ਰੋਲ ਕਰਨਾ ਚਾਹੀਦਾ ਹੈ।

ਹੁਣ ਮੈਂ ਸਰਦਾਰ ਸੰਤੋਖ ਸਿੰਘ ਰੰਧਾਵਾ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ। ਡਿਵੈਲਪ-ਮੈਂਟ ਵਾਸਤੇ ਖਜ਼ਾਨੇ ਵਿਚੋਂ ਬਹੁਤ ਰੁਪਿਆ ਮਿਲਿਆ ਹੋਇਆ ਹੈ। ਇਸ ਨੂੰ ਖੁਲ੍ਹ ਦਿਲੀ ਨਾਲ ਵਰ-ਤਣਾ ਚਾਹੀਦਾ ਹੈ। ਜਿਥੇ ਲੋੜ ਹੈ ਉਥੇ ਇਹ ਵਰਤਣਾ ਚਾਹੀਦਾ ਹੈ। ਤੁਸੀਂ ਜਿਨ੍ਹਾਂ ਨੂੰ ਕਰੋੜਾਂ ਰੁਪਿਆ ਦਿੱਤਾ ਹੈ ਉਹ ਖੁਸ਼ ਨਹੀਂ ਹੋਏ ਪਰ ਅਸੀਂ ਬਗੈਰ ਦਿੱਤਿਆਂ ਹੀ ਖੁਸ਼ ਹਾਂ। ਜ਼ਿਥੇ ਇਸ ਦੇ ਖਰਚਣ ਦੀ ਜ਼ਰੂਰਤ ਹੈ ਉਥੇ ਇਹ ਖਰਚਣਾ ਚਾਹੀਦਾ ਹੈ।

ਕਪੂਰ ਸਾਹਿਬ ਬੜੇ ਅਛੇ ਬੰਦੇ ਹਨ। ਮੈਂ ਇਨ੍ਹਾਂ ਦੀ ਬੜੀ ਰਿਸਪੈਕਟ ਕਰਦਾ ਹਾਂ। ਇਹ ਸੁਣ ਲੈਣ ਕਿ ਇਨ੍ਹਾਂ ਦਾ ਮਹਿਕਮਾ ਇਨ੍ਹਾਂ ਦੇ ਕੰਟਰੋਲ ਵਿਚ ਨਹੀਂ ਹੈ। ਇੱਕ ਮਿਉਂਸਪਲ ਕਮਿਸ਼ਨਰ ਦੀ ਇਲੈਕਸ਼ਨ ਪੈਟੀਸ਼ਨ ਕਮਿਸ਼ਨਰ ਨੇ ਮਿਉਂਸਪਲ ਐਕਟ ਅਧੀਨ ਰਿਜੈਕਟ ਕਰ ਦਿੱਤੀ ਕਿਉਂਕਿ ਡਾਇਰੈਕਟਰ ਨੂੰ ਰਿਵੂ ਕੀਤਾ ਗਿਆ ਸੀ। ਇਸ ਨਾਲ ਗੌਰਮਿੰਟ ਤੇ ਲਿਟੀਗੇਸ਼ਨ ਦਾ ਖਰਚਾ ਪਵਾ ਦਿੱਤਾ ਔਰ ਸਾਡੇ ਤੇ ਵੀ ਪਵਾ ਦਿੱਤਾ। ਦਸ ਨੰਬਰੀਏ ਬਦਮਾਸ਼ ਜੋ ਕਿ ਕਤਲ ਦੇ ਕੇਸਾਂ ਵਿਚ ਸਜ਼ਾ ਯਾਫਤਾ ਹਨ ਉਹ ਤੁਹਾਡੀ ਨੌਕਰੀ ਵਿਚ ਹਨ ਇਹ ਆਡਿਟ ਡਿਪਾਰਟਮੈਂਟ ਕਹਿੰਦਾ ਹੈ। ਉਨ੍ਹਾਂ ਨੂੰ ਕੱਢਿਆ ਜਾਣਾ ਚਾਹੀਦਾ ਹੈ ਅਤੇ ਸੇਵ ਨਹੀਂ ਕਰਨਾ ਚਾਹੀਦਾ।

ਐਨਾ ਕਹਿੰਦਾ ਹੋਇਆ ਮੈਂ ਬੈਠਦਾ ਹਾਂ।

ਸਥਾਨਕ ਸਰਕਾਰ **ਮੰਤਰੀ:** ਮੈਂ ਕਹਿੰਦਾ ਹਾਂ ਕਿ ਕਾਮਰੇਡ ਜੀ ਆਪਣੇ ਕੰਟ੍ਰੋਲ ਵਿਚ ਨਹੀਂ ਹਨ।

**ਕਾਮਰੇਡ ਰਾਜ ਕੁਮਾਰ:** ਮੈਂ ਤਾਂ ਇਹ ਕਿਹਾ ਹੈ ਕਿ ਜਿਹੜੇ ਬੰਦੇ ਤੁਹਾਡੇ ਕੰਟ੍ਰੋਲ ਵਿਚ ਨਹੀਂ ਹਨ ਉਨ੍ਹਾਂ ਤੇ ਕੰਟ੍ਰੋਲ ਕਰੋ।

## PERSONAL EXPLANATION BY SHRI YASH

**श्री यश:** आन ए प्वांयट आफ प्रसनल ऐक्सप्लेनेशन, सर। जब राज कुमार जी बोल रहे थे तो मैंने उन को इन्टरप्ट करना मुनासब नहीं समझा। मैंने सोचा कि बाद में मैं अपनी बात करूंगा। इन्होंने दो बातें कही हैं। एक डाईरैक्टरी

Original with;
Punjab Vidhan Sabha
Digitized by;
Panjab Digital Library

श्रौर दूसरी इनडाईरैक्टली। इन्होंने कहा है कि अकालियों की डिमांड्ज़ के बारे में मेरी पोज़ीशन क्या है। मैं बतलाना चाहता हूं कि मेरी पोज़ीशन वही है जो कांग्रेस पार्टी की पोजीशन है और जो श्रीमती इन्दिरा गांधी की पोज़ीशन है। दूसरी बात इन्हों ने कही कि कांग्रेस वालों ने ब्लाक लैबल से लेकर प्रदेश लैवल तक सभी ऐडह्राक कमेटीज़ बनाई हुई हैं। इस के विपरीत हमारी पार्टी की एक सैट आईडालोजी है। मैं इन से पूछना चाहता हूं कि इन की क्या आईडालोजी है, कभी यह कांग्रेस पार्टी के साथ समझौता करते हैं, कभी अकाली पार्टी के साथ समझौता करते हैं और कभी जन संघ के साथ बैठते हैं। इन की क्या आईडालोजी है अजीब आईडालोजी जो कांग्रेस के हक में भी, और फिर कांग्रेस के खिलाफ भी, अकाली दल के हक में भी ठीक है उसके खिलाफ भी, ऐमरजैंसी के हक में, और ऐमरजैंसी के खिलाफ भी। स्पीकर साहिब एक चीज होती है आलू, जो हर सब्जी में खप जाता है। मैं समझता हूं कि इन की पोजीशन आलू जैसी है जो कि कि हर सब्जी में फिट हो जाता है। (थम्पिंग) ** ** ** **

---

## RESUMPTION OF DISCUSSION ON GOVERNOR'S ADDRESS

**ਸਰਦਾਰ ਗੁਰਨੈਬ ਸਿੰਘ ਬਰਾੜ** (ਫਿਰੋਜ਼ਪੁਰ ਛਾਉਣੀ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜੋ ਸਰਦਾਰ ਜਗਦੇਵ ਸਿੰਘ ਜੱਸੋਵਾਲ ਵੱਲੋਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ, ਉਸ ਦੀ ਪਰੋੜ੍ਹਤਾ ਕਰਨ ਲਈ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਮਾਨਯੋਗ ਮੈਂਬਰ ਕਾਮਰੇਡ ਰਾਜਕੁਮਾਰ ਜੀ ਦੀ ਓਰੇਟਰੀ ਬੜੀ ਅੱਛੀ ਸੀ। ਇਨ੍ਹਾਂ ਨੇ ਬੜੇ ਡਰਾਮੈਟੀਕਲੀ ਢੰਗ ਨਾਲ ਆਪਣੀਆਂ ਗੱਲਾਂ ਪੇਸ਼ ਕੀਤੀਆਂ ਹਨ। ਇਨ੍ਹਾਂ ਦਾ ਨਾਂ ਵੀ ਰਾਜ ਕੁਮਾਰ ਹੈ ਅਤੇ ਇਹ ਕੰਮ ਵੀ ਐਕਟਰਾਂ ਵਾਲਾ ਕਰੀ ਜਾਂਦੇ ਹਨ। ਇਹ, ਸਪੀਕਰ ਸਾਹਿਬ, ਦੇ ਰਾਜ ਹਨ ਅਤੇ ਸਾਡੇ ਵੀ ਮਿੱਤਰ ਹਨ। ਇਹ ਗਲਾਂ ਕਹਿਣੀਆਂ ਕਿ ਇਸ ਐਡਰੇਸ ਵਿਚ ਕੁਝ ਨਹੀਂ ਹੈ ਜਾਂ ਇਸ ਵਿਚ ਲਿਖਿਆ ਹੀ ਕੁਝ ਨਹੀਂ ਹੈ ਮੈਂ ਇਹ ਗੱਲਾਂ ਨਹੀਂ ਕਹਿੰਦਾ। ਇਸ ਵਿਚ ਕਾਫੀ ਕੁਝ ਲਿਖਿਆ ਹੋਇਆ ਹੈ। ਇਹ ਬੜੇ ਇੰਟੈਲੀਜੈਂਟ ਹਨ, ਐਕਸਪੀਰੀਐਂਸਡ ਹਨ। ਇਨ੍ਹਾਂ ਨੇ ਐਡਰੈਸ ਤੇ ਜ਼ਰੂਰ ਘੋਖ ਕੀਤੀ ਹੋਣੀ ਹੈ ਅਤੇ ਇਨ੍ਹਾਂ ਨੇ ਕਈ ਗਲਾਂ ਜ਼ਰੂਰ ਪੜ੍ਹੀਆਂ ਹੋਣੀਆਂ ਹਨ ਪਰ ਐਵੇਂ ਹੀ ਇਹ ਇਥੇ ਕਹੀ ਜਾਂਦੇ ਹਨ ਕਿ ਇਸ ਵਿਚ ਕੁਝ ਨਹੀਂ ਹੈ। ਕ੍ਰਿਟੈਸਿਜ਼ਮ ਕਰਨਾ ਇਨ੍ਹਾਂ ਦਾ ਫਰਜ਼ ਹੈ। ਮੈਂ ਇਸ ਦਾ ਪੈਰਾ ਨੰ: 2 ਕੋਟ ਕਰਦਾ ਹਾਂ ਜੋ ਕਿ ਇਸ ਤਰ੍ਹਾਂ ਹੈ :--

> **"At the outset, I must express deep feeling of gratitude on behalf of my Government as well as the people of Punjab to our beloved Prime Minister for the steps taken by her to promote national integration and communal harmony in the State."**

ਇਹ ਬੜਾ ਬਰੀਫ ਟੱਚ ਦੇ ਕੇ ਲਿਖਿਆ ਹੈ ਕਿਉਂਕਿ ਹਾਲਾਤ ਇਹੋ ਜਿਹੇ ਸਨ ਕਿ ਵਿਸਥਾਰ ਨਾਲ ਇਲੈਬੋਰੇਟ ਕਿਸ ਤਰ੍ਹਾਂ ਕਰਦੇ ਕਿ ਅੱਤਵਾਦੀਆਂ ਨਾਲ ਅਤੇ ਵੱਖ-ਵਾਦੀਆਂ ਨਾਲ ਕਿਸ ਤਰ੍ਹਾਂ ਡੀਲ ਕਰਨਾ ਹੈ। ਇਸ ਲਈ ਬੜੇ ਸਿੰਪਲ ਤਰੀਕੇ ਨਾਲ ਟੱਚ ਕੀਤਾ ਗਿਆ ਹੈ। ਵਿਸਥਾਰ ਨਾਲ ਨਹੀਂ ਕਿਹਾ ਗਿਆ ਕਿਉਂਕਿ ਇਹ ਮਾਮਲਾ ਸੈਂਟਰਲ ਗੌਰਮਿੰਟ ਅਧੀਨ ਚਲ ਰਿਹਾ ਹੈ। ਸੈਂਟਰ ਕੋਸ਼ਿਸ਼ ਕਰ ਰਿਹਾ ਹੈ ਕਿ ਪੰਜਾਬ ਦੇ ਮਸਲੇ ਦਾ ਕੋਈ ਹੱਲ ਨਿਕਲ ਆਏ।

---

**Expunged under orders of the Speaker.

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੇਬ ਸਿੰਘ ਬਰਾੜ]

ਹੁਣ ਮੈਂ ਪੈਰਾ ਨੰ: 31 ਬਾਰੇ ਪੜ੍ਹ ਕੇ ਦੱਸਣਾ ਚਾਹੁੰਦਾ ਹਾਂ ਜੋ ਕਿ ਇਸ ਪ੍ਰਕਾਰ ਹੈ :—

> "I have briefly touched upon the policies and the broad development strategy of my Government. The task of eradicating poverty, maintaining communal harmony, strengthening national integration and curbing extremism calls for determined and unified endeavour by all Punjabis."

ਉਸ ਵਿਚ ਇਹ ਵੀ ਆ ਜਾਂਦੇ ਹਨ, ਅਸੀਂ ਵੀ ਆ ਜਾਂਦੇ ਹਾਂ, ਸਾਰੇ ਉਸ ਵਿਚ ਆ ਜਾਂਦੇ ਹਨ। (ਵਿਘਨ) ਪਾਰਟੀਆਂ ਦਾ ਸਟੈਂਡ ਬਦਲਦਾ ਰਹਿੰਦਾ ਹੈ। ਇਨ੍ਹਾਂ ਨੇ (ਸੀ.ਪੀ.ਆਈ. ਵੱਲ ਇਸ਼ਾਰਾ) ਉਨ੍ਹਾਂ (ਅਕਾਲੀਆਂ) ਦਾ ਸਾਥ ਦਿੱਤਾ ਸੀ ਅਤੇ ਉਨ੍ਹਾਂ ਨਾਲ ਰਲਕੇ ਸਰਕਾਰ ਬਣਾਈ ਸੀ। ਇਹ ਸਾਡੇ ਨਾਲ ਵੀ ਭਾਈਵਾਲ ਰਹੇ ਹਨ। ਬੜੀ ਖੁਸ਼ੀ ਦੀ ਗਲ ਹੈ ਮੈਂ ਇਨ੍ਹਾਂ ਦੇ ਸਟੈਂਡ ਦੀ ਤਾਰੀਫ ਕੀਤੇ ਬਗੈਰ ਨਹੀਂ ਰਹਿ ਸਕਦਾ। ਪੰਜਾਬ ਦੇ ਮਸਲੇ ਤੇ ਇਨ੍ਹਾਂ ਦੀ ਪਾਰਟੀ ਦਾ ਸਟੈਂਡ ਠੀਕ ਰਿਹਾ ਹੈ ਅਤੇ ਸਾਡੇ ਨਾਲ ਤਾਲਮੇਲ ਰਿਹਾ ਹੈ। ਸਾਡੀ ਇਨ੍ਹਾਂ ਨੇ ਸਪੋਰਟ ਕੀਤੀ ਹੈ। (ਥੰਪਿੰਗ) ਕਈ ਦਫਾ ਇਹ ਸਾਡੇ ਨਾਲੋਂ ਅਗੇ ਵੀ ਵਧੇ ਹਨ। ਇਸ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਕਮਿਊਨੋਲਿਜ਼ਮ ਅਤੇ ਸਿਖੀਜ਼ਮ ਬਾਰੇ ਜਿਹੜਾ ਕਹਿੰਦੇ ਹਨ ਉਸ ਨੂੰ ਇਨ੍ਹਾਂ ਨੇ ਬੜੇ ਕਰੜੇ ਸ਼ਬਦਾਂ ਨਾਲ ਨਿੰਦਿਆ ਹੈ। ਇਸ ਬਾਰੇ ਇਨ੍ਹਾਂ ਨੇ ਹਾਊਸ ਵਿਚ ਫੀਲਿੰਗਜ਼ ਜ਼ਾਹਿਰ ਕੀਤੀਆਂ ਹਨ। ਜੋ ਕਾਮਰੇਡ ਜੀ ਨੇ ਕਿਹਾ ਹੈ ਉਸ ਦਾ ਸੀ.ਐਮ. ਸਾਹਿਬ ਜਵਾਬ ਦੇਣਗੇ। ਉਨ੍ਹਾਂ ਨੇ ਕਿਹਾ ਹੈ ਕਿ ਨਿਊਕਲੀਅਰ ਪਲਾਂਟ ਦੇ ਬਾਰੇ ਕੋਈ ਗਲ ਨਹੀਂ ਹੋਈ। ਇਸ ਦਾ ਜਵਾਬ ਸੀ.ਐਮ. ਸਾਹਿਬ ਦੇਣਗੇ ਕਿਉਂਕਿ ਮੇਰੇ ਕੋਲੋਂ ਛੋਟਾ ਮੂੰਹ ਬੜੀ ਬਾਤ ਵਾਲੀ ਗਲ ਠੀਕ ਨਹੀਂ ਹੋਵੇਗੀ। ਮੈਂ ਇਸ ਸਬੰਧ ਵਿਚ ਥੋੜ੍ਹਾ ਜਿਹਾ ਕਹਿਣਾ ਚਾਹੁੰਦਾ ਹਾਂ।

It is written at Page 10 of the Governor's Address :

> 'Efforts are, therefore, a foot to get a Nuclear Power Plant established in the State and to obtain our due share from central projects like the Baira-Siul Hydel Project, Rajasthan Atomic Plant, etc. New schemes, namely, Ropar Thermal Plant Stages II & III, Shahpur Kandi, Micro Hydel Schemes, Upper Bari Doab Canal Stage III and Sutlej Yamuna Link Power House have been submitted to Government of India for sanction."

ਇਹ ਕਹਿ ਦੇਣਾ ਕਿ ਨਿਊਕਲੀਅਰ ਪਲਾਂਟ ਦੇ ਬਾਰੇ ਕੁਝ ਨਹੀਂ ਕਿਹਾ, ਇਸ ਬਾਰੇ ਸਟੈਪਸ ਨਹੀਂ ਲਏ ਗਏ, ਇਸ ਦੇ ਬਾਰੇ ਇਸ ਵਿਚ ਮੈਨਸ਼ਨ ਕੀਤਾ ਗਿਆ ਹੈ ਕਿ ਸਟੈਪਸ ਆਰ ਬੀਇੰਗ ਟੇਕਨ। ਇਸ ਬਾਰੇ ਸੀ.ਐਮ. ਸਾਹਿਬ ਸੈਂਟਰ ਨਾਲ ਗਲਬਾਤ ਕਰਕੇ ਲਿਆਉਣਗੇ। ਸਾਡੇ ਦੇਸ਼ ਦੀ ਹਰਮਨ ਪਿਆਰੀ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਬੜੇ ਮਿਹਰਬਾਨ ਹਨ। ਉਹ ਇਕੱਲੇ ਸਾਡੇ ਦੇਸ਼ ਦੇ ਹੀ ਨੇਤਾ ਨਹੀਂ ਹਨ ਉਹ ਅੱਜ ਸਾਰੀ ਦੁਨੀਆਂ ਦੇ ਨੇਤਾ ਹਨ। ਉਹ ਬਹੁਤ ਵਡੇ ਨੇਤਾ ਹਨ। ਤੁਹਾਨੂੰ ਪਤਾ ਹੈ ਕਿ ਦਿੱਲੀ ਵਿਚ ਹੋ ਰਹੀ ਨਾਨ-ਅਲਾਈਂਡ ਕਾਨਫਰੰਸ ਵਿਚ ਉਨ੍ਹਾਂ ਨੂੰ ਚੇਅਰਮੈਨ ਬਣਾਇਆ ਗਿਆ, ਇਹ ਸਾਡੇ ਦੇਸ਼ ਲਈ ਬੜੀ ਗੌਰਵ ਵਾਲੀ ਗਲ ਹੈ। (ਥੰਪਿੰਗ) ਇਸ ਨਾਲ ਸਾਡਾ ਸਿਰ ਉਚਾ ਹੋ ਜਾਂਦਾ ਹੈ। ਦਿੱਲੀ ਵਿਖੇ ਵਿਗਿਆਨ ਭਵਨ ਵਿਚ ਜਿਥੇ ਮੀਟਿੰਗ ਹੋ ਰਹੀ ਹੈ, ਉਥੇ ਦੁਨੀਆਂ ਦੇ ਮਹਾਨ ਨੇਤਾਵਾਂ ਨੇ 2 ਮਿੰਟ ਖੜੇ ਹੋ ਕੇ ਸ੍ਰੀਮਤੀ ਗਾਂਧੀ ਦਾ ਤਾੜੀਆਂ ਨਾਲ ਸਵਾਗਤ ਕੀਤਾ। ਇਹ ਸਾਡੇ ਲਈ ਬੜੀ ਮਾਣ ਵਾਲੀ ਗੱਲ ਹੈ। ਅਸੀਂ ਉਨ੍ਹਾਂ ਦੇ ਰਿਣੀ ਹਾਂ। ਉਨ੍ਹਾਂ ਨੇ ਅਕਾਲੀਆਂ ਦੀਆਂ ਧਾਰਮਿਕ ਮੰਗਾਂ ਦਾ ਐਲਾਨ ਗੁਰਦਵਾਰੇ ਵਿਚ ਜਾ ਕੇ ਕੀਤਾ। ਉਹ ਅਨਾਊਂਸਮੈਂਟ ਪੈਕੇਜ ਡੀਲ ਦੇ ਤੌਰ ਤੇ ਕਰਨਾ ਚਾਹੁੰਦੇ ਸਨ ਪਰ ਅਕਾਲੀ ਮੰਨ ਨਹੀਂ ਸਨ

Original with;
Punjab Vidhan Sabha
Digitized by;
Panjab Digital Library

ਰਹੇ ਜਿਸ ਕਾਰਨ ਇਹ ਅਨਾਊਂਸਮੈਂਟ ਕਰਨ ਵਿਚ ਕੁਝ ਦੇਰੀ ਵੀ ਹੋਈ। ਸ੍ਰੀਮਤੀ ਗਾਂਧੀ ਨੇ ਅਕਾਲੀਆਂ ਨਾਲ ਨੈਗੋਸ਼ੀਏਸ਼ਨ ਬਾਰੇ ਵੀ ਬੜੀ ਕੋਸ਼ਿਸ਼ ਕੀਤੀ। ਅਕਾਲੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਪਹਿਲਾਂ ਸੈਂਟਰ ਨੇ ਸਰਦਾਰ ਸਵਰਨ ਸਿੰਘ ਨੂੰ ਭੇਜਿਆ। ਇਸ ਤੋਂ ਇਲਾਵਾ ਹੋਰ ਵੀ ਵਿਚੋਲੇ ਬਣੇ ਰਹੇ। ਇਥੇ ਸੈਂਟਰ ਤੋਂ ਵੀ ਟੀਮ ਆਈ ਕਿਉਂਕਿ ਅਕਾਲੀ ਕਹਿੰਦੇ ਸਨ ਕਿ ਇਥੇ ਆ ਕੇ ਗੱਲ ਬਾਤ ਕਰੋ। ਸ੍ਰੀਮਤੀ ਇੰਦਰਾ ਗਾਂਧੀ ਇਸ ਬਾਰੇ ਬੜੇ ਲਿਬਰਲ ਹਨ। ਉਨ੍ਹਾਂ ਨੇ ਇਥੇ ਟੀਮ ਭੇਜੀ। ਫਿਰ ਦਿੱਲੀ ਵਿਖੇ ਵੀ ਮੀਟਿੰਗਾਂ ਹੋਈਆਂ। ਜਦ ਕਿਸੇ ਸਿੱਟੇ ਤੇ ਨਾ ਪਹੁੰਚਦੇ ਦੇਖਿਆ ਤਾਂ ਫਿਰ ਉਨ੍ਹਾਂ ਨੇ ਅਕਾਲੀਆਂ ਦੀਆਂ ਧਾਰਮਿਕ ਮੰਗਾਂ ਦਾ ਐਲਾਨ ਗੁਰਦਵਾਰੇ ਵਿਚ ਕੀਤਾ। ਅਸੀਂ ਇਸ ਗੱਲ ਲਈ ਉਨ੍ਹਾਂ ਦੇ ਧੰਨਵਾਦੀ ਹਾਂ। ਇਕੱਲੇ ਅਸੀਂ ਹੀ ਨਹੀਂ ਸਗੋਂ ਹਿੰਦੁਸਤਾਨ ਵਿਚ ਸਾਰੇ ਸਿੱਖ ਜਾਂ ਬਾਹਰਲੇ ਦੇਸ਼ਾਂ ਵਿਚ ਜਿਹੜੇ ਸਿੱਖ ਹਨ ਉਹ ਸਾਰੇ ਉਨ੍ਹਾਂ ਦੇ ਧੰਨਵਾਦੀ ਹਨ। ਸਾਰੇ ਸਿੱਖਾਂ ਨੇ ਉਨ੍ਹਾਂ ਦਾ ਇਸ ਗੱਲ ਲਈ ਧੰਨਵਾਦ ਕੀਤਾ ਹੈ ਕਿ ਉਨ੍ਹਾਂ ਦੀਆਂ ਧਾਰਮਿਕ ਮੰਗਾਂ ਮੰਨੀਆਂ ਗਈਆਂ ਹਨ। ਅਕਾਲੀਆਂ ਨੂੰ ਇਸ ਗੱਲ ਲਈ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਅਕਾਲੀ ਪਾਰਟੀ ਵਾਲੇ ਇਥੇ ਸਦਨ ਵਿਚ ਹਾਜ਼ਰ ਨਹੀਂ ਹਨ। ਸਪੀਕਰ ਸਾਹਿਬ, ਅਸੀਂ ਉਨ੍ਹਾਂ ਨੂੰ ਅਪੀਲ ਕਰਦੇ ਹਾਂ ਕਿ ਹਾਲਾਂ ਵੀ ਵਕਤ ਹੈ, ਤੁਸੀਂ ਆ ਜਾਓ। ਸਾਨੂੰ ਪਤਾ ਹੈ ਕਿ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦਾ ਆਉਣ ਨੂੰ ਦਿਲ ਕਰਦਾ ਹੈ ਪਰ ਪਤਾ ਨਹੀਂ ਕੌਣ ਉਨ੍ਹਾਂ ਨੂੰ ਇਥੇ ਆਉਣ ਨਹੀਂ ਦਿੰਦਾ। ਉਹ ਸਾਡੇ ਵਾਂਗਰ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਥੇ ਸਦਨ ਵਿਚ ਆਉਣ ਅਤੇ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਚੁਣ ਕੇ ਭੇਜਿਆ ਹੈ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਉਹ ਇਥੇ ਦੱਸ ਸਕਣ। ਉਨ੍ਹਾਂ ਨੂੰ ਪ੍ਰਾਈਮ ਮਨਿਸਟਰ ਦਾ ਧੰਨਵਾਦ ਕਰਨਾ ਚਾਹੀਦਾ ਹੈ। ਰਾਜ ਕੁਮਾਰ ਜੀ ਨੇ ਠੀਕ ਕਿਹਾ ਹੈ ਕਿ ਸੰਤਾਂ ਨੇ ਵਰਡ ਫਰਾਡ ਯੂਜ਼ ਕੀਤਾ ਹੈ: ਗੁਰਬਾਣੀ ਰੀਲੇਅ ਕਰਨ ਵਾਲੀ ਗੱਲ ਉਨ੍ਹਾਂ ਦੀ ਮੰਨੀ ਗਈ ਹੈ। ਫਿਰ ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਨੂੰ ਹੋਲੀ ਸਿਟੀ ਡਿਕਲੇਅਰ ਕੀਤਾ ਜਾਵੇ, ਇਹ ਮੰਗ ਵੀ ਉਨ੍ਹਾਂ ਦੀ ਮੰਨੀ ਗਈ ਹੈ। ਇਸ ਤਰ੍ਹਾਂ ਉਨ੍ਹਾਂ ਦੀਆਂ ਹੋਰ ਦੋ ਤਿੰਨ ਧਾਰਮਿਕ ਮੰਗਾਂ ਮੰਨੀਆਂ ਗਈਆਂ ਹਨ। ਇਹ ਜਿਹੜਾ ਸੰਤਾਂ ਨੇ ਫਰਾਡ ਦਾ ਵਰਡ ਵਰਤਿਆ ਹੈ, ਇਹ ਫਰਾਡ ਦਾ ਲਫਜ਼ ਅੰਗਰੇਜ਼ੀ ਦਾ ਹੈ। ਸੰਤਾਂ ਨੂੰ ਸ਼ਾਇਦ ਫਰਾਡ ਦਾ ਮਤਲਬ ਠੀਕ ਨਹੀਂ ਦੱਸਿਆ ਗਿਆ, ਸ਼ਾਇਦ ਰਾਮੂਵਾਲੀਆ ਨੇ ਉਨ੍ਹਾਂ ਨੂੰ ਦੱਸਿਆ ਹੋਵੇ ਕਿ ਇਹ ਫਰਾਡ ਹੈ ਅਤੇ ਉਨ੍ਹਾਂ ਦੇ ਕਹਿਣ ਤੇ ਸੰਤਾਂ ਨੇ ਇਸ ਨੂੰ ਫਰਾਡ ਕਹਿ ਦਿੱਤਾ ਹੋਵੇ। ਸੋ, ਉਨ੍ਹਾਂ ਦੀਆਂ ਮੰਗਾਂ ਮੰਨੀਆਂ ਗਈਆਂ ਹਨ। ਸਾਰੇ ਹਿੰਦੁਸਤਾਨ ਦੇ ਸਿੱਖਾਂ ਅਤੇ ਬਾਹਿਰ ਦੇ ਸਾਰੇ ਸਿੱਖਾਂ ਨੇ ਇਸ ਬਾਰੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਜਸੋਵਾਲ ਜੀ ਨੇ ਬਾਕੀ ਮੰਗਾਂ ਬਾਰੇ ਠੀਕ ਕਿਹਾ ਹੈ ਕਿ ਬਾਕੀ ਮੰਗਾਂ ਸਾਰੇ ਪੰਜਾਬ ਦੀਆਂ ਹਨ। ਇਕੱਲੇ ਇਕੱਲੇ ਕੇਸ ਬਾਰੇ ਸੀ.ਐਮ. ਸਾਹਿਬ ਨੇ ਕਾਫੀ ਕੇਸ ਪਲੀਡ ਕੀਤਾ ਹੈ। ਟੈਰੀ-ਟੋਰੀਅਲ ਬਾਰੇ ਵੀ ਉਨ੍ਹਾਂ ਨੇ ਤਰੀਕਾ ਦੱਸਿਆ ਹੈ ਕਿ ਕਿਸ ਤਰ੍ਹਾਂ ਉਸ ਦਾ ਹੱਲ ਹੋ ਸਕਦਾ ਹੈ ਕਾਂਗਰਸ ਨੇ ਕਦੇ ਆਪਣਾ ਸਟੈਂਡ ਬਦਲਿਆ ਨਹੀਂ। ਅਸੀਂ ਅੱਜ ਵੀ ਬਿਲਕੁਲ ਉਸੇ ਸਟੈਂਡ ਤੇ ਹਾਂ ਕਿ ਚੰਡੀਗੜ੍ਹ ਪੰਜਾਬ ਦਾ ਹੈ। ਸਾਡੀ ਪਾਰਟੀ ਚੰਡੀਗੜ੍ਹ ਪੰਜਾਬ ਵਾਸਤੇ ਲੈ ਕੇ ਰਹੇਗੀ। (ਥੰਪਿੰਗ) ਅਬੋਹਰ ਅਤੇ ਫਾਜ਼ਿਲਕਾ ਦਾ ਏਰੀਆ ਅਸੀਂ ਕਿਸੇ ਵੀ ਹਾਲਤ ਵਿਚ ਪੰਜਾਬ ਤੋਂ, ਖਾਸ ਕਰਕੇ ਫਿਰੋਜ਼-ਪੁਰ ਵਿਚੋਂ ਨਹੀਂ ਨਿਕਲਣ ਦਿਆਂਗੇ। ਇਹ ਸਾਡੀ ਸਰਕਾਰ ਦਾ ਸਟੈਂਡ ਹੈ ਅਤੇ ਇਸ ਸਟੈਂਡ ਉਤੇ ਅਸੀਂ ਡਟੇ ਹੋਏ ਹਾਂ। (ਥੰਪਿੰਗ) ਇਹ ਜਿਹੜਾ ਪਾਣੀ ਦਾ ਮਸਲਾ ਹੈ, ਟੈਰੀਟੋਰੀਅਲ ਦਾ ਮਸਲਾ ਹੈ ਇਨ੍ਹਾਂ ਦਾ ਹਲ ਨੈਗੋਸ਼ੀਏਸ਼ਨ ਨਾਲ ਲੱਭਿਆ ਜਾ ਸਕਦਾ ਹੈ। ਇਹ (ਅਕਾਲੀ) ਕਹਿੰਦੇ ਹਨ ਕਿ ਪ੍ਰਾਈਮ ਮਨਿਸਟਰ ਸਾਨੂੰ ਸੱਦਾ ਦੇਣ। ਹੋਮ ਮਨਿਸਟਰ ਨੇ ਕਿਹਾ ਕਿ ਸਾਡੇ ਦਰਵਾਜ਼ੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੇਬ ਸਿੰਘ ਬਰਾੜ]

ਖੁਲ੍ਹੇ ਹਨ, ਜਦੋਂ ਮਰਜ਼ੀ ਆ ਜਾਓ ਸੈਂਟਰ ਹੱਲ ਲੱਭਣ ਲਈ ਇਛੁੱਕ ਹੈ। ਸੈਂਟਰ ਅਕਾਲੀਆਂ ਨਾਲ ਗਲਬਾਤ ਕਰਨ ਲਈ ਤਿਆਰ ਹੈ। ਉਹ ਜਦੋਂ ਮਰਜ਼ੀ ਹੈ ਜਾਣ। ਸੋ ਇਹ ਬਾਕੀ ਰਹਿੰਦੇ ਮਸਲੇ ਵੀ ਗਲਬਾਤ ਰਾਹੀਂ ਹਲ ਹੋ ਸਕਦੇ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਸੈਂਟਰ ਬੜਾ ਇਛੁੱਕ ਹੈ ਕਿ ਇਸ ਦਾ ਜਲਦੀ ਤੋਂ ਜਲਦੀ ਹੱਲ ਲਭਿਆ ਜਾਵੇ। ਪਾਣੀ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਨੇ ਪੰਜਾਬ ਦਾ ਬੜੀ ਅੱਛੀ ਤਰ੍ਹਾਂ ਕੇਸ ਪਲੀਡ ਕੀਤਾ। ਮੈਂ ਇਸ ਵਿਚ ਜ਼ਿਆਦਾ ਨਹੀਂ ਜਾਣਾ ਚਾਹੁੰਦਾ। ਮੈਂ ਉਸ ਮੀਟਿੰਗ ਵਿਚ ਨਹੀਂ ਸੀ ਪਰ ਮੈਂ ਸੁਣੀ ਸੁਣਾਈ ਗਲ ਕਰਦਾ ਹਾਂ। ਸੀ.ਐਮ. ਸਾਹਿਬ ਪੰਜਾਬ ਦਾ ਕੇਸ ਬੜੀ ਅੱਛੀ ਤਰ੍ਹਾਂ ਪਲੀਡ ਕਰਦੇ ਰਹੇ। ਜਿਹੜੇ ਲੋਕ ਉਥੇ ਮੀਟਿੰਗ ਵਿਚ ਹਾਜ਼ਰ ਸਨ ਉਨ੍ਹਾਂ ਨੇ ਮੈਨੂੰ ਦੱਸਿਆ ਹੈ।

He is going far ahead of other people for pleading the cause of Punjab.

ਇਨ੍ਹਾਂ ਨੇ ਕਿਹਾ ਕਿ ਜੇ ਪਾਣੀ ਦਾ ਮਾਮਲਾ ਰੀਓਪਨ ਕਰਨਾ ਹੈ ਤਾਂ ਜਿੰਨਾ ਪਾਣੀ ਸਾਨੂੰ 1981 ਦੇ ਅਵਾਰਡ ਨਾਲ ਮਿਲਿਆ ਹੈ ਜੇ ਉਸ ਨਾਲੋਂ ਜ਼ਿਆਦਾ ਪਾਣੀ ਮਿਲਣਾ ਹੈ ਤਾਂ ਇਸ ਮਸਲੇ ਨੂੰ ਰੀਓਪਨ ਕਰ ਲਓ। (ਥੰਪਿੰਗ) ਪਰ ਅਕਾਲੀ ਇਹ ਕਹਿੰਦੇ ਹਨ ਕਿ ਪਾਣੀ ਦੇ ਮਸਲੇ ਨੂੰ ਰੀਓਪਨ ਕਰੋ ਭਾਵੇਂ ਉਸ ਨਾਲ ਪਾਣੀ ਜ਼ਿਆਦਾ ਆਵੇ ਜਾਂ ਘੱਟ। ਪਰ ਸੀ.ਐਮ. ਸਾਹਿਬ ਦਾ ਸਟੈਂਡ ਹੈ ਕਿ ਜੇ ਪਾਣੀ ਜ਼ਿਆਦਾ ਮਿਲਣਾ ਹੈ ਤਾਂ ਫਿਰ ਇਸ ਨੂੰ ਰੀਓਪਨ ਕਰੋ। ਸੀ.ਐਮ. ਸਾਹਿਬ ਦਾ ਸਟੈਂਡ ਬੜਾ ਸ਼ਲਾਘਾਯੋਗ ਹੈ।

Mr. Speaker, I quote from The Tribune of 9th March, 1983. In it Dr. Kanwar Sein, a former Chairman of the Central Power and Water Commission has submitted a six-point formula to the Union Home Secretary, in which he has written :

"He favours the annulment of the 1981 agreement because, *de-facto*, it has reduced the shares of Haryana and Rajasthan."

"It is further written in the last paragraph :

'The octogenarian engineer says that legally the 1981 agreement is more favourable to Punjab than the 1955 agreement."

ਇਹ ਜਿਹੜਾ ਪਾਵਰ ਦਾ ਮਾਹਿਰ ਹੈ, ਉਸ ਨੇ ਵੀ ਫਾਰਮੂਲਾ ਪੇਸ਼ ਕੀਤਾ ਹੈ। ਸਾਡਾ ਇਹ ਸਟੈਂਡ ਨਹੀਂ ਕਿ ਪੰਜਾਬ ਨੂੰ ਪਾਣੀ ਘੱਟ ਮਿਲੇ। ਸਾਡਾ ਇਹ ਸਟੈਂਡ ਹੈ ਕਿ ਪੰਜਾਬ ਨੂੰ ਪਾਣੀ ਜ਼ਿਆਦਾ ਮਿਲੇ। ਸੀ.ਐਮ. ਸਾਹਿਬ ਨੇ ਜੋ ਸਟੈਂਡ ਲਿਆ ਹੈ, ਉਹ ਸਾਡੀ ਪਾਰਟੀ ਦਾ ਸਟੈਂਡ ਹੈ ਕਿ ਉਹ ਅਵਾਰਡ ਤਾਂ ਖੋਲ੍ਹਿਆ ਜਾਵੇ ਜੇ ਸਾਨੂੰ ਜ਼ਿਆਦਾ ਪਾਣੀ ਮਿਲੇ। ਮੈਂ ਇਸ ਵਿਚ ਜ਼ਿਆਦਾ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ। ਪ੍ਰਾਈਮ ਮਨਿਸਟਰ ਬੜੇ ਸਿਆਣੇ ਹਨ। ਖਬਰਾਂ ਆ ਰਹੀਆਂ ਹਨ, ਅਖਬਾਰਾਂ ਵਿਚ ਵੀ ਆ ਰਿਹਾ ਹੈ ਅਤੇ ਮਾਲੂਮ ਹੁੰਦਾ ਹੈ ਕਿ ਇਸ ਦਾ ਕੋਈ ਨਾ ਕੋਈ ਹੱਲ ਜ਼ਰੂਰ ਲੱਭ ਜਾਵੇਗਾ।

ਹੁਣ ਮੈਂ ਰੂਰਲ ਡਿਵੈਲਪਮੈਂਟ ਬਾਰੇ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਟਾਈਮ ਬਹੁਤ ਥੋੜ੍ਹਾ ਰਹਿ ਗਿਆ ਹੈ, ਇਸ ਲਈ ਮੈਂ ਹੁਣ ਪੁਆਇੰਟਸ ਹੀ ਟੱਚ ਕਰਾਂਗਾ। ਰੂਰਲ ਡਿਵੈਲਪਮੈਂਟ ਬਾਰੇ ਸਰਕਾਰ ਨੇ ਚੰਗਾ ਕੰਮ ਕੀਤਾ ਹੈ। ਇਸ ਬਾਰੇ ਗਵਰਨਰ ਐਡਰੈਸ ਵਿਚ ਵੀ ਚੰਗੀ ਤਰ੍ਹਾਂ ਦਰਸਾਇਆ ਗਿਆ ਹੈ। ਪਿਛੇ ਜਿਹੜਾ ਇਸ ਵਾਸਤੇ 4 ਕਰੋੜ ਰੁਪਿਆ ਦਿੱਤਾ ਗਿਆ

Original with;
Punjab Vidhan Sabha
Digitized by;
Panjab Digital Library

ਸੀ ਇਸ ਸਾਲ ਇਹ 10 ਕਰੋੜ ਰੁਪਿਆ ਕਰ ਦਿਤਾ ਹੈ। ਮੈਂ ਐਫ.ਐਮ. ਸਾਹਿਬ ਨੂੰ ਕਹਾਂਗਾ ਕਿ ਇਸ ਗੱਲ ਦੀ ਬੜੀ ਸ਼ਲਾਘਾ ਹੈ ਕਿ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਹੋਈਆਂ ਹਨ। ਪਰ ਸਾਡੇ ਵਾਸਤੇ ਮੁਸ਼ਕਲ ਹੋ ਗਈ ਹੈ ਕਿ ਜੇ ਇਕ ਪਿੰਡ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਹੋ ਜਾਣ ਅਤੇ ਦੂਜੇ ਪਿੰਡਾਂ ਦੀਆਂ ਨਾ ਹੋਣ ਤਾਂ ਉਹ ਪਿੰਡ ਕਹਿੰਦੇ ਹਨ ਕਿ ਪਤਾ ਨਹੀਂ ਇਥੋਂ ਵੋਟਾਂ ਘੱਟ ਮਿਲੀਆਂ ਹਨ ਇਸ ਕਰਕੇ ਸਾਡਾ ਖਿਆਲ ਨਹੀਂ ਕਰਦੇ। ਇਸ ਲਈ ਮੈਂ ਕਹਾਂਗਾ ਕਿ ਇਸ ਪੈਸੇ ਨੂੰ 10 ਕਰੋੜ ਤੋਂ ਵਧਾ ਕੇ 30 ਕਰੋੜ ਰੁਪਏ ਕਰ ਦਿੱਤਾ ਜਾਵੇ। (ਥੰਪਿੰਗ) ਜੇ 30 ਕਰੋੜ ਨਹੀਂ ਕਰਨਾ ਤਾਂ 25 ਕਰੋੜ ਜ਼ਰੂਰ ਕਰ ਦਿਓ। ਇਸ ਨਾਲ ਅਸੀਂ ਲੋਕਾਂ ਨੂੰ ਕਹਿ ਸਕਾਂਗੇ ਕਿ ਅਕਾਲੀ ਪਾਰਟੀ ਜੋ ਨਹੀਂ ਕਰ ਸਕੀ ਉਹ ਅਸੀਂ ਕਰ ਵਿਖਾਇਆ ਹੈ।

ਹੁਣ ਮੈਂ ਪਾਵਰ. ਇਲੈਕਟ੍ਰੀਸਿਟੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਸਰਦਾਰ ਦਰਬਾਰਾ ਸਿੰਘ ਨੇ ਬੜੀ ਕੋਸ਼ਿਸ਼ ਕੀਤੀ ਹੈ। ਥੀਨ ਡੈਮ ਹੈ। ਫਿਰ ਰੋਪੜ ਥਰਮਲ ਪਲਾਂਟ ਦਾ ਨੀਂਹ ਪੱਥਰ ਰਖਿਆ ਗਿਆ। ਇਸ ਕਰਕੇ ਕਿ ਪਾਵਰ ਜੇਨਰੇਸ਼ਨ ਪੰਜਾਬ ਵਿਚ ਜ਼ਿਆਦਾ ਤੋਂ ਜ਼ਿਆਦਾ ਕੀਤੀ ਜਾਵੇ। ਸਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਕੋਸ਼ਿਸ਼ ਕਰਕੇ ਰਾਤ ਦੇ ਸੱਤ ਸੱਤ ਵਜੇ ਤੱਕ ਸਰਪਰਾਈਜ਼ ਚੈਕਿੰਗ ਕੀਤੀ ਕਿ ਕੀ ਵਰਕ ਅਕਾਰਡਿੰਗ ਟੂ ਸ਼ਡਿਊਲ ਚਲ ਰਿਹਾ ਹੈ। ਪਰ ਮੈਂ ਦੇਖਿਆ ਹੈ ਕਿ ਉਥੇ ਕਈ ਐਸੇ ਇੰਜੀਨੀਅਰ ਹਨ ਜਿਹੜੇ ਉਥੇ ਆਪਸ ਵਿਚ ਲੜਦੇ ਰਹਿੰਦੇ ਹਨ। ਮੈਂ ਕਹਾਂਗਾ ਕਿ ਤੁਸੀਂ ਉਨ੍ਹਾਂ ਨੂੰ ਪੁੱਲ ਅੱਪ ਕਰੋ। ਉਨ੍ਹਾਂ ਦੇ ਸ਼ਡਿਊਲ ਲੇਟ ਹੋ ਰਹੇ ਹਨ। ਮੈਂ ਕਮੇਟੀ ਦਾ ਮੈਂਬਰ ਹਾਂ। ਮੈਂ ਡੀਟੇਲ ਵਿਚ ਨਹੀਂ ਦੱਸ ਸਕਦਾ ਕਿਉਂਕਿ ਮੇਰੀ ਜ਼ਬਾਨ ਬੰਦ ਹੈ ਅੱਧਾ ਪੈਸਾ ਅਸੀਂ ਇਸ ਮਕਸਦ ਲਈ ਦੇ ਦਿੱਤਾ ਹੈ ਪਰ ਫਿਰ ਵੀ ਪਾਵਰ ਉਸ ਹਿਸਾਬ ਨਾਲ ਨਹੀਂ ਮਿਲ ਰਹੀ। ਜੇ ਸਾਨੂੰ 90 ਮੈਗਾਵਾਟ ਪਾਵਰ ਮਿਲ ਜਾਂਦੀ ਤਾਂ ਫਿਰ ਵੀ ਠੀਕ ਸੀ ਪਰ ਇੰਨੀ ਵੀ ਨਹੀਂ ਮਿਲੀ। ਹੁਣ ਮੈਂ ਅਟਾਮਿਕ ਪਾਵਰ ਬਾਰੇ ਗੱਲ ਕਰਾਂਗਾ। ਮੁੱਖ ਮੰਤਰੀ ਸਾਹਿਬ, ਤੁਹਾਨੂੰ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਆਪਣਾ ਸਾਰਾ ਜ਼ੋਰ ਲਾ ਕੇ ਅਟਾਮਿਕ ਪਲਾਂਟ ਪੰਜਾਬ ਨੂੰ ਲੈ ਕੇ ਦਿਓ ਕਿਉਂਕਿ ਇਹ ਜਿਹੜੇ ਥਰਮਲ ਪਲਾਂਟ ਹਨ, ਇਹ ਤਾਂ ਵਾਈਟ ਐਲੀਫੈਂਟ ਹੀ ਹਨ। ਇਹ ਬੜੇ ਮਾਣ ਵਾਲੀ ਗੱਲ ਹੈ, ਸਪੀਕਰ ਸਾਹਿਬ, ਕਿ ਸਾਡੀ ਹੁਣ ਦੀ ਸਰਕਾਰ ਦੇ ਵੇਲੇ ਨਾ ਡੀਜ਼ਲ ਦੀ ਸ਼ਾਰਟੇਜ ਰਹੀ ਅਤੇ ਨਾ ਹੀ ਫਰਟੇਲਾਈਜ਼ਰ ਦੀ। ਇਨ੍ਹਾਂ ਚੀਜ਼ਾਂ ਵਾਸਤੇ ਅਸੀਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਬਹੁਤ ਧੰਨਵਾਦੀ ਹਾਂ। ਜਿਹੜੇ ਲੋਕ ਇਹ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਨੂੰ ਪੰਜਾਬ ਨਾਲ ਕੋਈ ਹਮਦਰਦੀ ਨਹੀਂ ਹੈ, ਇਹ ਗੱਲ ਬਿਲਕੁਲ ਝੂਠੀ ਹੈ। ਐਗਰੀਕਲਚਰ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਨੈਸ਼ਨਲ ਪੂਲ ਵਿਚ ਬਹੁਤ ਮੇਜਰ ਕੰਟਰੀਬਿਊਸ਼ਨ ਕਰਦਾ ਹੈ। ਇਥੇ ਮੈਂ ਇਹ ਵੀ ਕਹਾਂਗਾ ਕਿ ਇਰੀਗੇਸ਼ਨ ਦੀਆਂ ਜਿਹੜੀਆਂ ਸਕੀਮਾਂ ਹਨ, ਉਨ੍ਹਾਂ ਦੇ ਮੁਤਾਬਿਕ ਹੀ ਬਜਟ ਵਿਚ ਪੈਸਾ ਰਖਿਆ ਕਰੋ, ਪੈਸਾ ਘੱਟ ਨਾ ਰਖਿਆ ਕਰੋ, ਤਾਂਕਿ ਪੰਜਾਬ ਜੋ ਕਿ ਖੇਤੀਬਾੜੀ ਪ੍ਰਧਾਨ ਰਾਜ ਹੈ, ਖੇਤੀਬਾੜੀ ਦੇ ਮਾਮਲੇ ਵਿਚ ਹੋਰ ਜ਼ਿਆਦਾ ਪੈਦਾਵਾਰ ਕਰਕੇ ਦੇਸ਼ ਨੂੰ ਦੇ ਸਕੇ। ਜਿਥੋਂ ਤੱਕ ਕਿਸਾਨਾਂ ਦੀ ਉਪਜ ਦਾ ਮੁੱਲ ਦਿਵਾਉਣ ਦਾ ਸਵਾਲ ਹੈ, ਹੁਣ ਦੀ ਸਰਕਾਰ ਨੇ ਪਿਛਲੀ ਸਰਕਾਰ ਨਾਲੋਂ ਜ਼ਿਆਦਾ ਮੁੱਲ ਦਿਵਾਇਆ ਹੈ। ਪੰਜਾਬ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਪਿਛਲੇ ਸਾਲ ਜੋ ਕਣਕ ਦਾ ਰੇਟ ਸੀ, ਇਸ ਵਾਰ ਉਸ ਤੋਂ ਵੀ ਜ਼ਿਆਦਾ ਕਿਸਾਨਾਂ ਨੂੰ ਦਿੱਤਾ ਜਾਵੇ। ਸਾਡੇ ਮੁੱਖ ਮੰਤਰੀ ਸਾਹਿਬ ਕਿਸਾਨਾਂ ਦੇ ਬੜੇ ਸ਼ੁਭਚਿੰਤਕ ਹਨ ਅਤੇ ਮੈਨੂੰ ਉਮੀਦ ਹੈ ਕਿ ਉਹ ਇਸ ਗੱਲ ਦਾ ਪੂਰਾ ਖਿਆਲ ਰਖਣਗੇ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਪਿਛਲੇ 4 ਦਿਨ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋਈ ਅਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਇਸ ਵਿਚ ਭਾਗ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਲਿਆ। ਜਿਨ੍ਹਾਂ ਜਿਨ੍ਹਾਂ ਗੱਲਾਂ ਦਾ ਇਸ ਬਹਿਸ ਦੌਰਾਨ ਜ਼ਿਕਰ ਕੀਤਾ ਗਿਆ, ਉਹ ਗੱਲਾਂ ਮੈਂ ਸੁਣੀਆਂ। ਮੈਂ ਇਸ ਹਾਊਸ ਵਿਚ 2–3 ਬੇਨਤੀਆਂ ਕਰਨੀਆਂ ਚਾਹੁੰਦਾ ਹਾਂ। ਮੇਰਾ ਖਿਆਲ ਹੈ ਕਿ ਅਸੀਂ ਹਮੇਸ਼ਾ ਇਸ ਹਾਊਸ ਨੂੰ ਕਾਨਫੀਡੈਂਸ ਵਿਚ ਲਿਆ ਹੈ। ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਸੈਸ਼ਨ ਦੌਰਾਨ ਵੀ ਅਸੀਂ ਇਹੀ ਕੀਤਾ ਸੀ। ਰਾਜ ਕੁਮਾਰ ਜੀ ਉਠ ਕੇ ਚਲੇ ਗਏ ਹਨ, ਸੁਣ ਲੈਂਦੇ ਤਾਂ ਚੰਗਾ ਸੀ। ਮੈਂ ਅਰਜ਼ ਕਰਦਾ ਹਾਂ ਕਿ ਇਹ ਗੱਲ ਕਹਿਣੀ ਸੌਖੀ ਹੈ ਕਿ ਅਸੀਂ ਪੰਜਾਬ ਦੇ ਹਿੱਤਾਂ ਦਾ ਖਿਆਲ ਨਹੀਂ ਰਖਦੇ ਅਤੇ ਉਨ੍ਹਾਂ ਹਿੱਤਾਂ ਵਾਸਤੇ ਅਸੀਂ ਅਵਾਜ਼ ਨਹੀਂ ਉਠਾਈ। ਇਸ ਦੇ ਉਲਟ ਜੋ ਸਚਾਈ ਹੈ, ਜੋ ਫੈਕਟਸ ਹਨ, ਉਨ੍ਹਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਤੁਸੀਂ ਪਿਛਲੀ ਅਸੰਬਲੀ ਦੀ ਕਾਰਵਾਈ ਫਰੋਲ ਕੇ ਵੇਖ ਲਵੋ, ਉਸ ਵਿਚ ਵੀ ਮੈਂ ਇਹੋ ਕਿਹਾ ਸੀ ਕਿ ਜਿਹੜੀਆਂ ਕਿਸੇ ਦੀਆਂ ਧਾਰਮਿਕ ਮੰਗਾਂ ਹਨ, ਉਨ੍ਹਾਂ ਬਾਰੇ ਮੈਨੂੰ ਕੋਈ ਕਿੰਤੂ ਨਹੀਂ ਪਰ ਅਕਾਲੀ ਇਹੀ ਸਮਝਦੇ ਰਹੇ ਹਨ ਕਿ ਉਨ੍ਹਾਂ ਦੀਆਂ ਮੰਗਾਂ, ਉਨ੍ਹਾਂ ਦੇ ਲਾਲਚ ਕੇਵਲ ਧਰਮ ਯੁੱਧ ਨਾਲ ਹੀ ਪੂਰੇ ਹੋ ਸਕਦੇ ਹਨ। ਅਸਲ ਗੱਲ ਤਾਕਤ ਹਾਸਲ ਕਰਨ ਦੀ ਹੈ। ਜੋ ਝਗੜਾ ਅਜ ਉਹ ਪਾਈ ਬੈਠੇ ਹਨ, ਉਹ ਸਿਰਫ ਤਾਕਤ ਹਾਸਲ ਕਰਨ ਲਈ ਹੀ ਹੈ। ਇਹ ਪ੍ਰਾਈਮ ਮਨਿਸਟਰ ਉਤੇ ਵੀ ਦੋਸ਼ ਲਾਉਂਦੇ ਹਨ ਕਿ ਉਹ ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰ ਅੰਦਾਜ਼ ਕਰ ਰਹੇ ਹਨ। ਮੈਂ ਪੁੱਛਦਾ ਹਾਂ ਕਿ ਪ੍ਰਾਈਮ ਮਨਿਸਟਰ ਨੇ ਕਿਸ ਨੂੰ ਗਲਬਾਤ ਵਾਸਤੇ ਨਹੀਂ ਬੁਲਾਇਆ? ਉਸ ਨੇ ਜਿਸ ਨੂੰ ਵੀ ਸ਼ਿਕਾਇਤ ਹੈ ਗਲਬਾਤ ਕਰਨ ਲਈ ਬੁਲਾਇਆ ਹੈ। ਮੈਂ ਥੋੜ੍ਹਾ ਵਿਸਥਾਰ ਨਾਲ ਬਿਆਨ ਕਰਨਾ ਚਾਹੁੰਦਾ ਹਾਂ ਤਾਂ ਕਿ ਇਸ ਹਾਊਸ ਵਿਚ ਹਮੇਸ਼ਾ ਲਈ ਇਹ ਝਗੜਾ ਮੁੱਕ ਜਾਵੇ। ਤੁਹਾਨੂੰ ਯਾਦ ਹੋਵੇਗਾ ਸਪੀਕਰ ਸਾਹਿਬ, ਕਿ ਕਪੂਰੀ ਵਿਖੇ ਅਕਾਲੀ ਮੋਰਚਾ ਲੱਗਿਆ। ਉਹ ਮੋਰਚਾ ਕਾਮਯਾਬ ਨਹੀਂ ਹੋਇਆ। ਅਕਾਲੀ ਵਾਪਸ ਚਲੇ ਗਏ। ਪਾਣੀਆਂ ਦੇ ਮਾਮਲੇ ਵਿਚ ਤਿੰਨ ਸਟੇਟਾਂ ਵਿਚ 1981 ਵਿਚ ਸੰਧੀ ਹੋਈ। ਇਸ ਸੰਧੀ ਮੁਤਾਬਿਕ ਪਾਣੀ ਪਹਿਲਾਂ ਨਾਲੋਂ ਸਾਨੂੰ ਜ਼ਿਆਦਾ ਦਿੱਤਾ ਗਿਆ। ਇਸ ਤੋਂ ਪਹਿਲਾਂ ਜਦੋਂ ਅਕਾਲੀ ਸਰਕਾਰ ਪਾਵਰ ਵਿਚ ਸੀ, ਉਸ ਵੇਲੇ ਹੁਣ ਨਾਲੋਂ ਪਾਣੀ ਘੱਟ ਪੰਜਾਬ ਨੂੰ ਮਿਲਦਾ ਸੀ ਪਰ ਉਸ ਵੇਲੇ ਅਕਾਲੀਆਂ ਨੇ ਰੌਲਾ ਨਹੀਂ ਪਾਇਆ ਕਿ ਸਾਨੂੰ ਪਾਣੀ ਘੱਟ ਮਿਲਦਾ ਹੈ, ਹੋਰ ਮਿਲਣਾ ਚਾਹੀਦਾ ਹੈ। ਉਸ ਵੇਲੇ ਇਨ੍ਹਾਂ ਰੌਲਾ ਇਸ ਕਰਕੇ ਨਹੀਂ ਪਾਇਆ ਕਿਉਂਕਿ ਅਜਿਹਾ ਕਰਨ ਨਾਲ ਉਨ੍ਹਾਂ ਦਾ ਪਾਵਰ ਤੋਂ ਹਟ ਜਾਣ ਦਾ ਖਤਰਾ ਸੀ, ਸਰਕਾਰ ਟੁੱਟ ਜਾਣ ਦਾ ਡਰ ਸੀ। ਪਰ ਸਰਕਾਰ ਦੇ ਬਦਲ ਜਾਣ ਨਾਲ ਫੌਰਨ ਇਹ ਸਵਾਲ ਅੱਗੇ ਲਿਆਂਦਾ ਗਿਆ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੀ ਹਕਮਤ ਦੌਰਾਨ ਕਦੇ ਵੀ ਇਹ ਆਵਾਜ਼ ਨਹੀਂ ਉਠਾਈ। ਉਸ ਵੇਲੇ ਤਾਂ ਉਨ੍ਹਾਂ ਨੂੰ ਦਿੱਲੀ ਤੋਂ ਝਾੜਾਂ ਹੀ ਪੈਂਦੀਆਂ ਰਹੀਆਂ ਹਨ। ਜਿਸ ਪ੍ਰਾਈਮ ਮਨਿਟਰ ਦੇ ਥੱਲੇ ਇਹ ਕੰਮ ਕਰਦੇ ਰਹੇ ਹਨ ਉਹ ਇਨ੍ਹਾਂ ਨੂੰ ਕਹਿੰਦਾ ਰਿਹਾ ਕਿ ਜਾਓ, ਤੁਹਾਡਾ ਇਥੇ ਕੋਈ ਕੰਮ ਨਹੀਂ। ਪ੍ਰਾਈਮ ਮਨਿਸਟਰ ਨੇ ਉਦੋਂ ਇਨ੍ਹਾਂ ਦੀ ਆਵਾਜ਼ ਬੰਦ ਕਰ ਦਿੱਤੀ। ਇਹ ਚੁੱਪ ਕਰ ਗਏ ਕਿਉਂਕਿ ਇਨ੍ਹਾਂ ਨੂੰ ਡਰ ਸੀ ਕਿ ਜੇ ਆਵਾਜ਼ ਉਠਾਈ ਤਾਂ ਕਿਤੇ ਸਾਡੀ ਸਰਕਾਰ ਨਾ ਚਲੀ ਜਾਵੇ। ਉਸ ਵੇਲੇ ਕਦੀ ਕਿਸੇ ਨੇ ਵੇਖਿਆ ਕਿ ਇਨ੍ਹਾਂ ਨੇ ਪਾਣੀ ਦੇ ਮਾਮਲੇ ਬਾਰੇ ਜਾਂ ਟੈਰੀਟਰੀ ਦੇ ਮਾਮਲੇ ਬਾਰੇ ਕੋਈ ਆਵਾਜ਼ ਉਠਾਈ ਹੋਵੇ? ਕਦੀ ਧਰਮ ਯੁੱਧ ਕੀਤਾ ਹੋਵੇ? ਮੈਂ ਸਮਝਦਾ ਹਾਂ ਕਿ ਧਰਮ ਦੀ ਆੜ ਲੈ ਕੇ ਇਹ ਮੋਰਚਾ ਲਾਉਣਾ ਇਨ੍ਹਾਂ ਨੂੰ ਸ਼ੋਭਦਾ ਨਹੀਂ ਹੈ, ਸਾਨੂੰ ਪ੍ਰਧਾਨ ਮੰਤਰੀ ਦਾ ਬਹੁਤ ਮਸ਼ਕੂਰ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਅਕਾਲੀਆਂ ਦੀਆਂ ਅਤੇ ਦੂਜੇ ਸਿੱਖਾਂ ਦੀਆਂ ਧਾਰਮਕ ਮੰਗਾਂ ਮੰਨ ਲੈਣ ਦਾ ਐਲਾਨ ਕਰ ਦਿੱਤਾ ਹੈ। ਸਪੀਕਰ ਸਾਹਿਬ, ਪਿਛੇ ਜਿਹੇ ਪਾਣੀਆਂ ਦੇ ਮੁਤੱਲਿਕ ਜਿਹੜੀ ਮੀਟਿੰਗ ਹੋਈ, ਉਸ ਵਿਚ ਮੈਂ ਇਹ ਕਿਹਾ ਸੀ ਕਿ ਜੇ ਤੁਸੀਂ ਇਹ ਮਾਮਲਾ ਰੀ-ਓਪਨ ਕਰਨਾ ਹੈ ਤਾਂ ਪਹਿਲਾਂ ਸਾਨੂੰ ਅਸ਼ੋਰੈਂਸ ਦਿਓ ਕਿ ਸਾਨੂੰ ਪਾਣੀ ਜ਼ਿਆਦਾ ਮਿਲੇਗਾ। ਜੇਕਰ

Original with;
Punjab Vidhan Sabha
Digitized by;
Panjab Digital Library

ਸਾਨੂੰ ਪਾਣੀ ਪਹਿਲਾਂ ਨਾਲੋਂ ਜ਼ਿਆਦਾ ਨਹੀਂ ਮਿਲਣਾ ਤਾਂ ਫਿਰ ਰੀ-ਓਪਨ ਕਰਨ ਦਾ ਕੀ ਫਾਇਦਾ ਹੈ। ਦੂਜੇ ਪਾਸੇ ਅਕਾਲੀ ਇਹ ਕਹਿੰਦੇ ਹਨ ਕਿ ਇਹ ਕੇਸ ਰੀ-ਓਪਨ ਕਰ ਕੇ ਟ੍ਰਿਬਿਊਨਲ ਨੂੰ ਦੇ ਦਿਓ, ਉਸਦਾ ਫੈਸਲਾ ਸਾਨੂੰ ਮਨਜ਼ੂਰ ਹੋਵੇਗਾ ਭਾਵੇਂ ਉਹ ਸਾਨੂੰ ਇਸ ਨਾਲੋਂ ਅੱਧਾ ਹੀ ਪਾਣੀ ਦੇ ਦੇਵੇ। ਤੁਸੀਂ ਆਪ ਹੀ ਦੇਖ ਲਓ, ਸਪੀਕਰ ਸਾਹਿਬ, ਕਿ ਇਹ ਪੰਜਾਬ ਦੇ ਹਿੱਤ ਦੀ ਕਿੰਨੀ ਕੁ ਗੱਲ ਕਰਦੇ ਹਨ। ਮੈਂ ਗੱਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਤਾਕਿ ਸਾਰਿਆਂ ਨੂੰ ਗਿਆਨ ਹੋ ਜਾਵੇ। ਅਸਲ ਵਿੱਚ ਕਈ ਗਲਾਂ ਵਾਕਫੀਅਤ ਨਾ ਹੋਣ ਕਰਕੇ ਵੀ ਐਸੀਆਂ ਕੀਤੀਆਂ ਜਾਂਦੀਆਂ ਹਨ। ਪਾਣੀ ਦਾ ਸਵਾਲ ਆਇਆ ਸੀ। ਹਮੇਸ਼ਾਂ ਐਵਰੇਜ ਪਾਣੀ ਲਿਆ ਜਾਂਦਾ ਹੈ। ਕਿਸੇ ਸਾਲ ਬਰਸਾਤ ਘੱਟ ਹੁੰਦੀ ਹੈ ਔਰ ਕਿਸੇ ਸਾਲ ਜ਼ਿਆਦਾ ਹੁੰਦੀ ਹੈ। ਇਹ ਐਵਰੇਜ ਲੈ ਕੇ ਫੈਸਲਾ ਕਰਦੇ ਹਾਂ ਕਿ ਇਤਨਾ ਟੋਟਲ ਹੈ ਅਤੇ ਇਸ ਦੀ ਵੰਡ ਇਸ ਤਰ੍ਹਾਂ ਹੋਣੀ ਚਾਹੀਦੀ ਹੈ। ਪਹਿਲਾਂ ਤਾਂ ਸਾਰੇ ਇਹੀ ਕਹਿੰਦੇ ਰਹੇ ਕਿ ਉਹ ਰਿਪੇਰੀਅਨ ਸਟੇਟ ਹੀ ਨਹੀਂ। ਹਰਿਆਣਾ ਅੱਜ ਕੱਲ ਹੀ ਸਾਡੇ ਕੋਲੋਂ ਜੁਦਾ ਹੋਇਆ ਹੈ। ਇਥੇ ਇਹ ਗਲ ਕਹੀ ਗਈ ਕਿ ਟੈਰੀਟਰੀ ਦਾ ਧਿਆਨ ਰੱਖਣਾ ਚਾਹੀਦਾ ਹੈ। ਮੈਂ ਸਭ ਤੋਂ ਪਹਿਲਾਂ ਟੈਰੀਟਰੀ ਦਾ ਧਿਆਨ ਰੱਖਕੇ ਇਹ ਗੱਲ ਸਭ ਤੋਂ ਪਹਿਲਾਂ ਕਹੀ ਸੀ ਕਿ ਇਸ ਦੀ ਵੰਡ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ। ਜਦੋਂ ਫੈਸਲਾ ਹੋਇਆ ਉਦੋਂ ਵੀ ਮੇਰਾ ਇਹੀ ਕਹਿਣਾ ਸੀ ਕਿ ਇਹ ਇਲਾਕੇ ਪੰਜਾਬ ਵਿੱਚ ਰਹਿਣੇ ਚਾਹੀਦੇ ਹਨ। ਇਹ ਅੱਜ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਟੈਰੀਟਰੀ ਦੀ ਜਿਸ ਤਰ੍ਹਾਂ ਚੀਰ ਫਾੜ ਹੋਈ ਹੈ, ਅੱਜ ਇਹ ਨਵੇਂ ਸਿਰਿਉਂ ਮੰਗ ਕਰਨ ਲਗੇ ਹਨ, ਉਸ ਵੇਲੇ ਇਨ੍ਹਾਂ ਨੂੰ ਧਿਆਨ ਨਹੀਂ ਸੀ ਕਿ ਸਾਡੇ ਸੂਬੇ ਦੀ ਚੀਰ ਫਾੜ ਹੋ ਰਹੀ ਹੈ ਔਰ ਪੰਜਾਬੀ ਬੋਲਣ ਵਾਲੇ ਇਲਾਕੇ ਵੱਖਰੇ ਹੋ ਰਹੇ ਹਨ। ਉਸ ਵੇਲੇ ਇਨ੍ਹਾਂ ਨੂੰ ਕੋਈ ਧਿਆਨ ਨਹੀਂ ਸੀ। ਹੁਣ ਇਨ੍ਹਾਂ ਨੂੰ ਧਿਆਨ ਆਇਆ ਹੈ ਜਦੋਂ ਹਕੂਮਤ ਇਨ੍ਹਾਂ ਕੋਲੋਂ ਖੁਸ ਗਈ ਹੈ। ਆਪਣੀ ਹਕੂਮਤ ਤੋਂ 2-3 ਸਾਲ ਬਾਅਦ ਇਨ੍ਹਾਂ ਨੂੰ ਧਿਆਨ ਆਇਆ ਹੈ। ਇਹ ਦੱਸ ਦੇਣ ਅਕਾਲੀਆਂ ਵਿਚੋਂ ਕਿਸੇ ਇਕ ਨੇ ਵੀ ਕਿਹਾ ਹੋਵੇ, ਕਿਸੇ ਇਕ ਨੇ ਅਕਾਲੀ ਸਰਕਾਰ ਵੇਲੇ ਕੋਈ ਸਵਾਲ ਉਠਾਇਆ ਹੋਵੇ। ਹੁਣ ਜਦੋਂ ਸਾਡੀ ਸਰਕਾਰ ਆਈ ਹੈ ਤਾਂ ਸਵਾਲ ਖੜਾ ਕਰ ਦਿੱਤਾ। ਕਹਿੰਦੇ ਹਨ ਕਿ ਖੂਨ ਵਹਾ ਦਿਆਂਗੇ। 'ਇਹ ਪਾਣੀ ਤਾਂ ਵਹਾ ਨਹੀਂ ਸਕੇ, ਖੂਨ ਕਿਵੇਂ ਵਹਾ ਦੇਣਗੇ ? ਸਾਡੇ ਪੰਜਾਬ ਦਾ ਜੋ ਹਿੱਸਾ ਹੈ ਉਸ ਦੀ ਤਕਸੀਮ ਵਿੱਚ ਉਹ 3.5 ਐਮ.ਏ.ਐਫ. ਸਾਨੂੰ ਪਹਿਲਾਂ ਮਿਲਿਆ। ਹੁਣ ਉਹ ਪਾਣੀ ਵੱਧ ਹੋਇਆ ਹੈ ਔਰ ਇਹ 4.2 ਐਮ.ਏ.ਐਫ. ਮਿਲਿਆ ਹੈ। .60 ਆਰਜ਼ੀ ਤੌਰ ਤੇ ਵਧਾਇਆ ਹੈ। ਰਾਜਿਸਥਾਨ ਜਿੰਨਾਂ ਚਿਰ ਪਾਣੀ ਨਹੀਂ ਵਰਤ ਸਕਦਾ ਉਹ ਪੰਜਾਬ ਵਰਤੋਂ ਵਿੱਚ ਲਿਆਵੇਗਾ। ਇਹ ਵੀ ਮੰਨ ਲਓ ਗੱਲ ਠੀਕ ਹੈ ਕਿ ਉਹ ਪਾਣੀ ਵਰਤਾਂਗੇ। ਲੇਕਿਨ ਕਪੂਰੀ ਦੇ ਮੁਕਾਮ ਤੇ ਕਈ ਲੱਖਾਂ ਦੀ ਹਾਜ਼ਰੀ ਵਿੱਚ ਪ੍ਰਾਈਮ ਮਨਿਸਟਰ ਸਾਹਿਬਾ ਨੇ ਕਿਹਾ ਸੀ ਕਿ ਜੋ ਪੰਜਾਬ ਦੀ ਧਰਤੀ ਇਸ ਵੇਲੇ ਸੈਰਾਬ ਹੁੰਦੀ ਹੈ ਉਸ ਪੰਜਾਬ ਦੀ ਧਰਤੀ ਦਾ ਇਕ ਇੰਚ ਵੀ ਬਰਾਨ ਨਹੀਂ ਰਹੇਗਾ। ਕੀ ਉਹ ਅਸੀਂ ਭੁਲ ਗਏ ਹਾਂ ? ਇਹ ਹਿਸਾਬ ਕਿਤਾਬ ਦੀ ਗੱਲ ਹੈ, ਐਵੇਂ ਧੱਕੇ ਨਾਲ ਗੱਲ ਨਹੀਂ ਬਣਦੀ। ਪਰ ਫਿਰ ਵੀ ਮੈਂ ਇਸ ਗਲ ਲਈ ਇਛੁੱਕ ਹਾਂ ਕਿ ਪਾਣੀ ਜ਼ਿਆਦਾ ਮਿਲ ਸਕੇ। ਪਾਣੀ ਵਾਲਾ ਤਾਂ ਇਲਾਕਾ ਹੀ ਅਸੀਂ ਛੱਡ ਦਿਤਾ ਹੈ, ਜਿਥੋਂ ਪਾਣੀ ਆਉਂਦਾ ਹੈ ਉਹ ਤਾਂ ਇਲਾਕਾ ਹੀ ਅਸੀਂ ਛੱਡ ਦਿੱਤਾ ਹੈ। ਉਹ ਤਾਂ ਇਲਾਕਾ ਹੀ ਅਸੀਂ ਹਰਿਆਣਾ ਦੇ ਸਪੁਰਦ ਕਰ ਦਿੱਤਾ ਹੈ। ਉਹ ਵੀ ਕਹਿ ਸਕਦੇ ਹਨ ਕਿ ਪਾਣੀ ਤੁਸੀਂ ਕੀ ਕਰਨਾ ਹੈ ਅਸੀਂ ਹੋਰ ਪਾਸੇ ਲੈ ਜਾਵਾਂਗੇ। ਟੈਰੀਟਰੀ ਦੇ ਹਿਸਾਬ ਨਾਲ ਮੈਂ ਭਾਵੇਂ ਸਫਰ ਕੀਤਾ ਹੈ। On account of that I suffered but I stood by that. Everybody was against it. Akalis got little Punjab which was not desirable. ਇਸ ਲਈ ਇਹ ਕਹਿਣਾ ਕਿ ਪਾਣੀ ਦੇ ਮਾਮਲੇ ਵਿੱਚ ਅਸੀਂ ਕੋਈ ਗਲਤੀ ਖਾਧੀ ਹੈ ਤਾਂ ਇਹ ਠੀਕ ਨਹੀਂ। ਪਾਣੀ ਅਗੇ ਨਾਲੋਂ ਅਸੀਂ ਜ਼ਿਆਦਾ ਲਿਆ ਹੈ। ਜੇ ਹੋਰ ਪਾਣੀ ਮਿਲ ਸਕਦਾ ਹੈ ਤਾਂ ਕੌਣ ਹੈ ਪੰਜਾਬ ਦਾ ਬੰਦਾ ਜਿਹੜਾ ਇਹ ਕਹਿੰਦਾ ਹੈ ਕਿ ਸਾਨੂੰ ਨਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮਿਲੇ। ਪਾਣੀ ਦੇ ਸਬੰਧ ਵਿਚ ਦੋ ਮਸਲੇ ਹਨ। ਪਾਕਿਸਤਾਨ ਨੂੰ ਪਾਣੀ ਜਾਂਦਾ ਹੈ, ਪਾਣੀ ਸਾਰਾ ਪਾਕਿਸਤਾਨ ਵਿੱਚ ਵਹਿ ਜਾਂਦਾ ਹੈ। ਫਲੱਡਜ਼ ਦੇ ਦਿਨਾਂ ਵਿੱਚ ਹਿੱਸੇ ਨਾਲੋਂ ਜ਼ਿਆਦਾ ਉਧਰ ਜਾਂਦਾ ਹੈ। ਇਥੇ ਥੀਨ ਡੈਮ ਦੇ ਬਾਰ ਐਕਸ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਉਥੇ ਰੇਲਵੇ ਲਾਈਨ ਲਈ ਸਭ ਕੁਝ ਵਿਛਾਇਆ ਜਾ ਰਿਹਾ ਹੈ। ਕਿਤਨੀ ਸਚਾਈ ਤੋਂ ਦੂਰ ਦੀ ਗੱਲ ਉਨ੍ਹਾਂ ਵਲੋਂ ਕੀਤੀ ਗਈ ਹੈ। ਜਦੋਂ ਕਪੂਰੀ ਦੇ ਮੁਕਾਮ ਤੇ ਪ੍ਰਾਈਮ ਮਨਿਸਟਰ ਸਾਹਿਬਾ ਨੇ ਐਲਾਨ ਕੀਤਾ, ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ। ਮੈਂ ਵਿਚੋਂ ਬੋਲ ਉਠਿਆ ਕਿ ਸਾਡੇ ਲਈ ਇਹ ਅਨਾਊਂਸ ਕਰ ਦਿਓ। ਇਸ ਗਲ ਤੇ ਉਨ੍ਹਾਂ ਨੇ ਕਿਹਾ ਕਿ ਮੈਂ ਇਸੀ ਬਾਤ ਕੇ ਲੀਏ ਯਹਾਂ ਆਈ ਹੂੰ। ਯੇਹ ਮਾਮਲਾ ਸਾਫ਼ ਹੋ ਗਿਆ ਹੈ ਔਰ ਥੀਨ ਡੈਮ ਜੋ ਹੈ ਵੋਹ ਬਨਾਏਂਗੇ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਪਲਾਨਿੰਗ ਕਮਿਸ਼ਨ ਨੇ ਕਲੀਅਰ ਕਰ ਦਿੱਤਾ ਹੈ। ਅਸੀਂ ਪੈਸੇ ਦੇ ਪਿੱਛੇ ਪਏ ਹਾਂ ਤਾਕਿ ਪਾਣੀ ਨਾਲੋਂ ਜ਼ਿਆਦਾ ਜੋ ਸਾਡਾ ਧਿਆਨ ਹੈ ਕਿ ਪਾਣੀ ਨਾਲ ਪਾਵਰ ਪੈਦਾ ਹੋਣੀ ਹੈ, ਬਿਜਲੀ ਜ਼ਿਆਦਾ ਹੋਣੀ ਹੈ ਅਸੀਂ ਉਸ ਚੀਜ਼ ਵੱਲ ਪਏ ਹੋਏ ਹਾਂ। ਤੁਹਾਨੂੰ ਪਤਾ ਹੈ ਕਿ ਹਾਈਡਲ ਪ੍ਰੋਜੈਕਟਸ ਦੀ ਬਿਜਲੀ ਥਰਮਲ ਪਲਾਂਟਸ ਦੀ ਬਿਜਲੀ ਨਾਲੋਂ ਸਸਤੀ ਪੈਂਦੀ ਹੈ। ਜੋ ਥਰਮਲ ਪਲਾਂਟ ਲਗੇ ਹੋਏ ਹਨ ਉਨ੍ਹਾਂ ਨੂੰ ਵੀ ਚਲਾਉਣਾ ਹੈ, ਉਸ ਨੂੰ ਵੀ ਕਾਮਯਾਬ ਕਰਨਾ ਹੈ। ਕੋਈ 420 ਮੈਗਾਵਾਟ ਦੇ ਕਰੀਬ ਬਿਜਲੀ ਹੈ ਜੋ ਸਾਨੂੰ ਉਥੋਂ ਆਉਣੀ ਹੈ ਜਿਸ ਨਾਲ ਸਾਨੂੰ ਲਾਭ ਹੋਣਾ ਹੈ। ਜੇ ਹਾਈਡਲ ਨਾ ਮਿਲੇ ਤਾਂ ਪੂਲ ਕਰਨਾ ਪੈਂਦਾ ਹੈ। ਜਿਥੇ ਜਿਥੇ ਥਰਮਲ ਮਿਲ ਸਕਦਾ ਹੈ ਅਸੀਂ ਕੋਸ਼ਿਸ਼ ਕਰਦੇ ਹਾਂ। ਬਠਿੰਡੇ ਥਰਮਲ ਪਲਾਂਟ ਵੀ ਇਸ ਵਾਰੀ ਚੰਗਾ ਚਲਿਆ ਹੈ। ਇਸ ਸਾਲ ਦੇ ਆਖਿਰ ਵਿੱਚ ਕਾਫੀ ਸਾਰੀ ਬਿਜਲੀ ਸਾਨੂੰ ਆ ਜਾਵੇਗੀ।

ਸਪੀਕਰ ਸਾਹਿਬ, ਮੈਂ ਪਾਣੀ ਦੀ ਗੱਲ ਕਰ ਰਿਹਾ ਸੀ। ਪਾਣੀ ਦੇ ਮਸਲੇ ਬਾਰੇ ਕਾਂਗਰਸ ਪਾਰਟੀ ਨੇ ਆਪਣੀ ਗੱਲ ਕਹੀ ਹੈ। ਅਕਾਲੀ ਪਾਰਟੀ ਆਪਣੀ ਗਲ ਕਹਿ ਆਈ ਸੀ। ਮੈਂ ਇਹ ਕਿਹਾ ਸੀ ਕਿ ਪੰਜਾਬ ਹਿੰਦੁਸਤਾਨ ਦਾ ਹਿੱਸਾ ਹੈ, ਹਿੰਦੁਸਤਾਨ ਪੰਜਾਬ ਦਾ ਹਿੱਸਾ ਨਹੀਂ ਹੈ। ਮੇਰੇ ਕਹਿਣ ਦਾ ਮਤਲਬ ਇਹ ਸੀ ਕਿ ਡਿਵਾਈਸਿਵ ਫੋਰਸਿਜ਼ ਜਿਹੜੀਆਂ ਹਨ ਉਹ ਆਪਣੇ ਢੰਗ ਨਾਲ ਕਈ ਚੀਜ਼ਾਂ ਕਰ ਰਹੀਆਂ ਹਨ। ਜੋ ਕੁਝ ਉਹ ਹਿੰਦੁਸਤਾਨ ਦੇ ਹਿੱਸੇ ਹਿੱਸੇ ਵਿੱਚ ਕਰ ਰਹੀਆਂ ਹਨ ਸਾਨੂੰ ਇਨ੍ਹਾਂ ਦਾ ਵੀ ਧਿਆਨ ਕਰਨਾ ਪਵੇਗਾ। ਇਸ ਗੱਲ ਦਾ ਵੀ ਸਾਨੂੰ ਧਿਆਨ ਕਰਨਾ ਪਵੇਗਾ ਕਿ ਜਿਹੜੀਆਂ ਫੋਰਸਿਜ਼ ਲੱਗੀਆਂ ਹੋਈਆਂ ਹਨ ਉਹ ਇਸ ਮਨ ਵਿੱਚ ਹਨ ਕਿ ਪਾਣੀ ਲੈਣਾ ਹੈ ਜਾਂ ਡਿਸਇਨਟੇਗ੍ਰੇਸ਼ਨ ਵਾਲੇ ਪਾਸੇ ਲੱਗੀਆਂ ਹੋਈਆਂ ਹਨ। ਮੈਂ ਸਾਰੇ ਦੋਸਤਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਮਸਲੇ ਵਿੱਚ ਫਸ ਕੇ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਮੈਂ ਚਾਹੁੰਦਾ ਹਾਂ ਕਿ ਛੇਤੀ ਹੱਲ ਹੋਵੇ, ਪ੍ਰਾਈਮ ਮਨਿਸਟਰ ਸਾਹਿਬਾ ਵੀ ਚਾਹੁੰਦੇ ਹਨ ਕਿ ਛੇਤੀ ਹੱਲ ਹੋਵੇ। ਜੋ ਦੂਸਰੀਆਂ ਪਾਰਟੀਆਂ ਜੋ ਉਨ੍ਹਾਂ ਦੇ ਨੇੜੇ ਹਨ ਜੇ ਕੋਈ ਜ਼ੋਰ ਪੈਂਦਾ ਹੈ ਤਾਂ ਉਨ੍ਹਾਂ ਨੂੰ ਕਹੋ ਕਿ ਟੇਬਲ ਤੇ ਬੈਠ ਕੇ ਕੋਈ ਫੈਸਲਾ ਕਰਾਓ। ਜੋ ਇਹ ਮਸਲਾ ਹੈ ਇਸ ਨੂੰ ਇਸ ਤਰ੍ਹਾਂ ਬੈਠ ਕੇ ਹੱਲ ਕਰਾਓ ਤਾਂ ਇਸ ਦਾ ਜ਼ਿਆਦਾ ਅਸਰ ਹੋਵੇਗਾ। ਇਸ ਨੂੰ ਆਪਣੀ ਉਸ ਐਜੀਟੇਸ਼ਨ ਨਾਲੋਂ ਵੱਖਰਾ ਕਰ ਲੈਣ। ਸਾਡੇ ਪ੍ਰਧਾਨ ਮੰਤਰੀ ਜੀ ਨੇ ਇਨ੍ਹਾਂ ਦੀਆਂ ਰਿਲੀਜਸ ਡੀਮਾਂਡਸ ਬਾਰੇ ਅਨਾਊਂਸਮੈਂਟ ਕਰਕੇ ਉਸ ਨੂੰ ਵੱਖਰਾ ਕੀਤਾ ਹੈ। ਇਹ ਕਹਿੰਦੇ ਹਨ ਕਿ ਅਸੀਂ ਐਕਸਪਲੇਨ ਕਰ ਦਿੱਤਾ ਹੈ ਜੋ ਐਕਸਪਲੇਨ ਕਰਨਾ ਸੀ, ਹੁਣ ਜਾਣ ਦਾ ਕੋਈ ਮਤਲਬ ਨਹੀਂ। ਅਸੀਂ ਅੱਗੇ ਜਾਂਦੇ ਵੀ ਰਹੇ ਹਾਂ, ਆਉਂਦੇ ਵੀ ਰਹੇ ਹਾਂ। ਪਰ ਇਹ ਕਹਿਣਾ ਠੀਕ ਨਹੀਂ। ਜੇ ਕੋਈ ਸੱਜਣ ਉਨ੍ਹਾਂ ਦੇ ਨੇੜੇ ਹਨ ਤਾਂ ਉਹ ਅੱਗੇ ਲੱਗਣ ਅਤੇ ਜੇ ਉਨ੍ਹਾਂ ਨੂੰ ਸਮਝਾ ਸਕਦੇ ਹਾਂ ਤਾਂ ਸਮਝਾਉਣ ਤਾਕਿ ਬੈਠ ਕੇ ਟੇਬਲ ਤੇ ਕੋਈ ਫੈਸਲਾ ਕਰ ਲੈਣ। ਮੈਂ ਇਸ ਖਾਤਰ ਇਹ ਗੱਲ ਆਖਦਾ ਸੀ ਕਿ ਇਹ ਸਾਡਾ ਪਾਣੀ ਘਟੇਗਾ

Original with;
Punjab Vidhan Sabha
Digitized by;
Panjab Digital Library

ਜੋ ਐਡਜੁਡੀਕੇਸ਼ਨ ਵਾਸਤੇ ਦਿੱਤਾ। ਇਹ ਮੇਰੀ ਆਪਣੀ ਰਾਏ ਹੈ, ਮੈਂ ਗਲਤ ਵੀ ਹੋ ਸਕਦਾ ਹਾਂ ਪਰ ਅਸੀਂ ਇਸ ਦੇ ਖਿਲਾਫ ਨਹੀਂ ਹਾਂ ਜੇ ਕਿਸੇ ਟ੍ਰੀਬਿਊਨਲ ਕੋਲ ਚਲਾ ਜਾਵੇ। ਮੇਰੀ ਇਹ ਰਾਏ ਹੈ ਕਿ ਟ੍ਰੀਬਿਊਨਲ ਦਾ ਫੈਸਲਾ ਐਸ.ਵਾਈ.ਐਲ. ਦੇ ਕਮਪਲੀਟ ਹੋਣ ਤੇ ਸਾਈਮਲਟੇਨੀਅਸਲੀ ਹੋਣਾ ਚਾਹੀਦਾ ਹੈ।

ਮੈਂ ਚੰਡੀਗੜ੍ਹ ਔਰ ਦੂਸਰੇ ਇਲਾਕੇ ਪੰਜਾਬੀ ਬੋਲਦੇ ਜਿਹੜੇ ਰਹਿ ਗਏ ਹਨ ਉਨ੍ਹਾਂ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਕਿਸੇ ਸਟੇਜ ਤੇ ਕਾਂਗਰਸ ਦਾ ਰੈਜ਼ੋਲਿਊਸ਼ਨ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ। ਉਦੋਂ ਸਾਰੇ ਨਾਲ ਸਨ ਜਦੋਂ ਕਹਿੰਦੇ ਸਨ :

'ਖਿੜਿਆ ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ।

ਮੈਂ ਕਿਤੇ ਕਹਿ ਬੈਠਾ ਕਿ ਇਧਰਲੇ ਪਾਸੇ ਤਾਂ ਕੁਝ ਨਹੀਂ, ਇਹ ਭੱਜ ਜਾਣਗੇ। ਇਧਰਲੇ ਪਾਸੇ ਕੋਈ ਗਰੋਥ ਨਹੀਂ ਸੀ। ਹੁਣ ਸਾਰੇ ਗਰੋਥ ਹੈ। ਚੰਡੀਗੜ੍ਹ ਸੋਹਣਾ ਸ਼ਹਿਰ ਹੈ। ਲੋਕ ਵੇਖਣ ਵਾਸਤੇ ਆਉਂਦੇ ਹਨ। ਇਸ ਨੂੰ ਡੀਫੇਸ ਕਰਨ ਦੀ ਲੋੜ ਨਹੀਂ। ਪੰਜਾਬ ਹੀ ਇਸ ਦੀ ਸੰਭਾਲ ਕਰ ਸਕਦਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਉਹ ਸੰਭਾਲ ਨਹੀਂ ਕਰ ਸਕਦੇ। ਮੈਂ ਇਹ ਕਹਿੰਦਾ ਹਾਂ ਕਿ ਜੇ ਪੰਜਾਬ ਨੂੰ ਆਵੇ ਤਾਂ ਇਹ ਹੋਰ ਸੁਹੱਪਣ ਵਾਲਾ ਹੋ ਸਕਦਾ ਹੈ। ਕਿਸੇ ਨੇ ਗਲਤੀ ਨਾਲ ਕੋਈ ਗੱਲ ਕਹਿ ਦਿੱਤੀ ਹੋਵੇ, ਪਰ ਮੈਂ ਕਹਿੰਦਾ ਹਾਂ ਕਿ ਜਿਹੜਾ ਹਾਜ਼ਰ ਨਹੀਂ ਉਸ ਦੇ ਬਾਰੇ ਕੁਝ ਨਹੀਂ ਕਹਿਣਾ ਚਾਹੀਦਾ।

ਇਥੇ ਜ਼ਿਕਰ ਕੀਤਾ ਗਿਆ ਕਿ ਇਹ ਤਸਬੀ ਜਿਹੜੀ ਹੈ ਇਸ ਦੇ ਮਣਕੇ ਇਸ ਤਰ੍ਹਾਂ ਮੇਜ਼ ਤੇ ਪਏ ਹਨ ਪਰ ਧਾਗਾ ਨਹੀਂ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿ ਤਸਬੀ ਦਾ ਨਾਂ ਕਿਸ ਤਰ੍ਹਾਂ ਇਨ੍ਹਾਂ ਦੇ ਮੂੰਹੋਂ ਨਿਕਲਿਆ। ਅਗਰ ਇਹ ਤਸਬੀ ਤੇ ਯਕੀਨ ਕਰਨ ਵਾਲੇ ਹੋਣ ਤਾਂ ਇਹ ਜ਼ਰੂਰ ਕਹਿਣਗੇ ਕਿ ਥੋੜਾ ਬਹੁਤ ਕੰਮ ਜ਼ਰੂਰ ਠੀਕ ਹੋ ਰਿਹਾ ਹੈ।

ਚੰਡੀਗੜ੍ਹ ਦਾ ਮਾਮਲਾ ਹੈ। ਕਾਂਗਰਸ ਇਸ ਦੇ ਹੱਕ ਵਿਚ ਹੈ। ਇਸ ਸਦਨ ਦਾ ਇਕ ਇਕ ਮੈਂਬਰ ਇਸ ਦੇ ਹੱਕ ਵਿਚ ਹੈ। ਕਦੇ ਕਿਸੇ ਇੰਡੀਵਿਜੁਅਲ ਦੀ ਕੋਈ ਰਾਏ ਹੋ ਸਕਦੀ ਹੈ ਲੇਕਿਨ ਕਾਂਗਰਸ ਪਾਰਟੀ ਦੇ ਜਿਹੜੇ ਪਿਛਲੇ ਰੈਜ਼ੋਲਿਊਸ਼ਨ ਹੋਏ ਹਨ ਜਿਹੜੇ ਕਿ ਰਜਿਸਟਰ ਵਿਚ ਦਰਜ ਹਨ ਉਸ ਵਿਚ ਹੈ ਕਿ ਚੰਡੀਗੜ੍ਹ ਜਿਹੜਾ ਹੈ ਇਹ ਪੰਜਾਬ ਦਾ ਹਿੱਸਾ ਹੈ। ਖਰੜ ਤਹਿਸੀਲ ਜਿਹੜੀ ਹੈ ਇਸ ਨੂੰ ਬਾਈਵਰਕੇਟ ਨਹੀਂ ਕਰਨਾ ਚਾਹੀਦਾ ਅਤੇ ਪੰਜਾਬ ਦਾ ਪੂਰਾ ਰਿਜਨ ਸਾਡੇ ਹਿੱਸੇ ਵਿਚ ਆ ਜਾਂਦਾ। ਉਨਾਂ ਤਹਿਸੀਲ ਸਲਾਮਤ ਔਰ ਹੋਰ ਇਲਾਕੇ ਜਿਹੜੇ ਆਉਂਦੇ ਹਨ ਔਰ ਖਰੜ ਤਹਿਸੀਲ ਨੂੰ ਕੋਈ ਟੱਚ ਨਹੀਂ ਕਰ ਸਕਦਾ। ਪਰ ਐਸੀ ਗੱਲ ਹੋਈ ਕਿ ਚੰਡੀਗੜ੍ਹ ਅਲਹਿਦਾ ਕਰ ਦਿੱਤਾ ਅਤੇ ਦੂਜਿਆਂ ਨੂੰ ਤਕਸੀਮ ਕਰ ਦਿੱਤਾ। ਖਰੜ ਤਹਿਸੀਲ ਤਿੰਨ ਹਿੱਸਿਆਂ ਵਿਚ ਹੋ ਗਈ। ਖਰੜ ਤਹਿਸੀਲ ਚੰਡੀਗੜ੍ਹ ਦਾ ਹਿੱਸਾ ਹੈ, ਇਹ ਕਿਤੇ ਨਹੀਂ ਜਾਣਾ ਚਾਹੀਦਾ। ਤਕਸੀਮ ਕਰਨ ਵਾਲੇ ਸੱਜਣ ਦੂਜੇ ਸੂਬਿਆਂ ਦੇ ਹੋ ਸਕਦੇ ਹਨ, ਪਰ ਅਸੀਂ ਨਹੀਂ ਚਾਹੁੰਦੇ ਕਿ ਉਹ ਜਾਣ ਜਾਂ ਅਬੋਹਰ ਫ਼ਾਜ਼ਿਲਕਾ ਦੀ ਤਕਸੀਮ ਲਈ ਇਲਾਕੇ ਕਮਿਸ਼ਨ ਕੋਲ ਜਾਣ। ਅਬੋਹਰ ਫਾਜ਼ਿਲਕਾ ਆਲਰੈਡੀ ਪੰਜਾਬ ਵਿਚ ਹਨ, ਇਹ ਸਾਡਾ ਹਿੱਸਾ ਹਨ। ਮੈਂ ਵੀ ਕਿਹਾ ਸੀ ਕਿ ਕੌਰੀਡੋਰ ਨੂੰ ਮੰਨਣ ਨਾਲ ਕੰਟੀਨਿਊਟੀ ਖ਼ਤਮ ਹੋ ਸਕਦੀ ਹੈ। ਅਗਰ ਕੋਈ ਹਿੱਸਾ ਹੈ ਤਾਂ ਲੈ ਲੈਣ ਪਰ ਦੂਰੋਂ ਨਹੀਂ ਮਿਲਾਉਣਾ ਚਾਹੀਦਾ, ਅਸੀਂ ਆਪਣੀਆਂ ਆਰਗੂਮੈਂਟਸ ਦਿੱਤੀਆਂ ਹਨ। ਸਾਰੀਆਂ ਪਾਰਟੀਆਂ ਬੈਠੀਆਂ ਹਨ ਉਸ ਵੇਲੇ ਜੋ ਮੈਂ ਸੁਆਲ ਉਠਾਏ ਉਨ੍ਹਾਂ ਨੇ ਡੀਟੇ ਕੀਤੇ। ਠੀਕ ਹੈ ਆਪਣੇ ਆਪਣੇ ਢੰਗ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਾਲ ਕਿਸੇ ਦੀ ਐਕਸਪਲੇਨੇਸ਼ਨ ਹੋ ਸਕਦੀ ਹੈ। ਅਬੋਹਰ ਫਾਜ਼ਿਲਕਾ ਦੇ ਜਿਹੜੇ ਸਾਰੇ ਪਿੰਡ ਹਨ ਉਹ 107 ਦੇ ਕਰੀਬ ਹਨ । ਉਨ੍ਹਾਂ ਵਿਚੋਂ 16, 17 ਐਸੇ ਹਨ ਜਿਹੜੇ ਔਡ ਥਾਵਾਂ ਤੇ ਬਿਖਰੇ ਪਏ ਹਨ, ਹਿੰਦੀ ਬੋਲਨ ਵਾਲੇ ਹਨ ਉਨ੍ਹਾਂ ਨੂੰ ਪਰਲਿਆਂ ਇਲਾਕਿਆਂ ਨਾਲ 10, 15 ਮੀਲ ਤੇ ਕਿਸੇ ਸੂਰਤ ਵਿਚ ਨਹੀਂ ਮਿਲਾਇਆ ਜਾ ਸਕਦਾ। ਅਸੀਂ ਰੈਸ਼ਨਲ ਗੱਲਾਂ ਉਥੇ ਉਠਾਈਆਂ। ਇਸ ਦਾ ਫੈਸਲਾ ਇਧਰ ਅਸੀਂ ਕਰ ਸਕਦੇ ਹਾਂ, ਪਰ ਜਿਨ੍ਹਾਂ ਨੇ ਇਹ ਕਿਹਾ ਹੋਵੇ ਕਿ ਐਜੀਟੇਸ਼ਨ ਹੀ ਕਰਨੀ ਹੈ, ਕਿਸੇ ਫੈਸਲੇ ਤੇ ਅਪੜਨਾ ਹੀ ਨਹੀਂ, ਫਿਰ ਕੀ ਕੀਤਾ ਜਾ ਸਕਦਾ ਹੈ। ਕੀ ਕਦੇ ਵੇਖਿਆ ਹੈ ਕਿ 100% ਜੋ ਮੈਂ ਚਾਹੁੰਦਾ ਹਾਂ ਉਹ ਹੋ ਗਿਆ ਹੋਵੇ ? ਅਸੀਂ ਪ੍ਰਾਈਮ ਮਨਿਸਟਰ ਦੇ ਮਸ਼ਕੂਰ ਹਾਂ, ਉਨ੍ਹਾਂ ਨੇ ਵਕਤਨ ਫਵਕਤਨ ਇਹ ਕਿਹਾ ਕਿ ਉਨ੍ਹਾਂ ਦਾ ਪੰਜਾਬ ਨਾਲ ਬੜਾ ਪਿਆਰ ਹੈ। ਉਹ ਬਹਾਦਰ ਕਮਿਊਨਿਟੀ ਹੈ ਜਿਸ ਦੀ ਉਹ ਹਮੇਸ਼ਾ ਦਾਦ ਦਿੰਦੀ ਰਹੀ , ਵੇਲੇ ਕੁਵੇਲੇ ਜਿਹ-ੜੀਆਂ ਗੱਲਾਂ ਆਈਆਂ , ਮੰਨਦੀ ਰਹੀ। ਇੰਨੇ ਸਾਲਾਂ ਬਾਦ 40, 50 ਡਿਮਾਂਡਾਂ ਲਿਆ ਕੇ ਕਹਿਣਾ ਕਿ ਸਾਡੇ ਨਾਲ ਵਿਤਕਰਾ ਹੋ ਰਿਹਾ ਹੈ, ਬਾਕੀ ਸਟੇਟ ਵਾਲਿਆਂ ਨਾਲ ਜੋ ਤੁਸੀਂ ਕੰਮ ਕੀਤੇ ਹਨ ਮੈਂ ਨਹੀਂ ਕਹਿਣਾ ਚਾਹੁੰਦਾ। ਇਹ ਹਾਊਸ ਮੇਰੇ ਨਾਲ ਇਤਫਾਕ ਕਰੇ, ਜੋ ਕੁਝ ਅੱਜ ਹੋ ਰਿਹਾ ਹੈ, ਜਿੰਨੇ ਬੰਦੇ ਇਹ ਪੁਆਇੰਟ ਆਊਟ ਕਰਕੇ ਭੇਜਦੇ ਹਨ ਤੁਸੀਂ ਇਹ ਕੰਮ ਕਰਨਾ ਹੈ, ਉਹ ਗੁਰਦੁਆਰਿਆਂ ਵਿਚ ਨਾ ਜਾਣ 'ਕਿਸੇ ਨੇ ਨਹੀਂ ਕਿਹਾ ਬਲਕਿ ਉਨ੍ਹਾਂ ਦੇ ਗਲਿਆਂ ਵਿਚ ਹਾਰ ਪਾਏ ਜਾ ਰਹੇ ਹਨ, ਉਨ੍ਹਾਂ ਨੂੰ ਗੁਰਦੁਆਰਿਆਂ ਵਿਚ ਪ੍ਰੋਟੈਕਸ਼ਨ ਦਿੱਤੀ ਜਾ ਰਹੀ ਹੈ। ਆਇਆ ਕਦੇ ਵੀ ਅਕਾਲੀ ਪਾਰਟੀ ਨੇ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਕੰਡੈਮਨੇਸ਼ਨ ਕੀਤੀ ਹੋਵੇ ? ਇਹ ਜ਼ੋਰ ਨਾਲ, ਤਸ਼ੱਦਦ ਨਾਲ, ਵਾਇਲੈਂਸ ਨਾਲ ਹਾਲਾਤ ਨੂੰ ਆਪਣੇ ਰੁਖ ਨਾਲ ਮੋੜਨਾ ਚਾਹੁੰਦੇ ਹਨ। ਇਹ ਵਾਇਲੈਂਸ ਕਿਸੇ ਨਾਲ ਨਹੀਂ ਹੋ ਸਕਦੀ। ਉਹ ਮੈਨੂੰ ਮਾਰ ਸਕਦੇ ਹਨ, ਪਰ ਉਹ ਪਾਪੂਲੇਸ਼ਨ ਨੂੰ ਇਰੈਡੀਕੇਟ ਨਹੀਂ ਕਰ ਸਕਦੇ। ਜਿਹੜੇ ਮਾਡਰੇਟ ਬੰਦੇ ਹਨ ਉਨ੍ਹਾਂ ਦੀ ਸੰਭਾਲ ਨਹੀਂ ; ਗੁਰਦੁਆਰਿਆਂ ਵਿਚ ਉਨ੍ਹਾਂ ਦਾ ਕਬਜ਼ਾ ਨਹੀਂ। ਮਰਡਰਰ ਗੁਰਦੁਆਰਿਆਂ ਵਿਚ ਲੁਕੇ ਹੋਏ ਹਨ, ਸਾਰੇ ਆਈਡੈਂਟੀਫਾਈਡ ਹਨ, ਉਹ ਉਥੇ ਲੁਕੇ ਹੋਏ ਹਨ। ਅਸੀਂ ਗੁਰਦੁਆਰਿਆਂ ਵਿਚ ਦਖਲ ਨਹੀਂ ਦਿੰਦੇ ਤਾਂ ਉਸ ਦੀ ਵਜ੍ਹਾ ਇਹ ਹੈ ਕਿ ਅਸੀਂ ਉਨ੍ਹਾਂ ਦੀ ਮੁਤਬਰਕ ਪਾਕੀਜ਼ਗੀ ਨੂੰ ਭੰਗ ਨਹੀਂ ਕਰਨਾ ਚਾਹੁੰਦੇ, ਪਰ ਉਹ ਭੰਗ ਕਰ ਰਹੇ ਹਨ। ਇਥੋਂ ਜੱਥੇ ਚਲਦੇ ਹਨ ਅਸੀਂ ਇਤਰਾਜ਼ ਕੀਤਾ ਔਰ ਕਿਹਾ ਕਿ ਜੇ ਪੀਸਫੁਲ ਹਨ ਤਾਂ ਕੋਈ ਇਤਰਾਜ਼ ਨਹੀਂ। ਜੋ ਅਸਲਾ ਜਮ੍ਹਾਂ ਕੀਤਾ ਜਾ ਰਿਹਾ ਹੈ ਉਹ ਵੀ ਪੁਲੀਟੀਕਲ ਪਰਸਨਜ਼ ਔਰ ਦੂਸਰਿਆਂ ਨੂੰ ਮਾਰਨਾ ਹੈ । ਇਹ ਦਬਾਓ ਨਾਲ ਸੂਬੇ ਦੇ ਹਾਲਾਤ ਨੂੰ ਬਦਲਣਾ ਚਾਹੁੰਦੇ ਹਨ, ਇਹ ਨਹੀਂ ਹੋ ਸਕਦਾ। ਮੈਂ ਚੈਲੰਜ ਕਰਕੇ ਕਹਿੰਦਾ ਹਾਂ ਕਿ ਸਾਨੂੰ ਕੋਈ ਉਥੇ ਜਾਣ ਦੇਵੇ, ਮੈਂ ਪਕੜ ਕੇ ਦੱਸ ਦੇਵਾਂ ਕਿ ਇਹ ਬੰਦਾ ਮਰਡਰਰ ਹੈ, ਇਹ ਅਸਲਾ ਪਿਆ ਹੈ ਅਤੇ ਇਹ ਪੈਸਾ ਪਿਆ ਹੈ। ਮੈਂ ਪੈਸੇ ਦੀ ਗੱਲ ਕਰਨੀ ਚਾਹੁੰਦਾ ਹਾਂ, ਐਸੀ ਗੱਲ ਨਹੀਂ ਕਿ ਬੰਦੇ ਨਹੀਂ ਲੱਗੇ ਹੋਏ, ਸਾਰੀਆਂ ਗੱਲਾਂ ਮੈਂ ਹਾਊਸ ਵਿਚ ਨਹੀਂ ਕਹਿਣੀਆਂ ਚਾਹੁੰਦਾ ਪਰ ਬਾਹਰਲੀਆਂ ਜਿਹੜੀਆਂ ਫੋਰਸਿਜ਼ ਹਨ ਉਹ ਅੱਤਵਾਦੀਆਂ ਨੂੰ, ਦੂਸਰੇ ਕੰਮ ਕਰਨ ਵਾਲੇ ਜਿਹੜੇ ਹਨ ਅਦਰ ਦੈਨ ਮਰਡਰਰ ਹਨ, ਉਹ ਉਨ੍ਹਾਂ ਨੂੰ ਚੁੱਕ ਦੇਣਗੇ, ਜੇ ਕਿਤੇ ਕੋਈ ਫੈਸਲਾ ਹੋ ਗਿਆ। ਅੱਤਵਾਦੀ ਜਿਹੜੇ ਹਨ ਉਹ ਕੋਈ ਫੈਸਲਾ ਮੰਨਣ ਹੀ ਨਹੀਂ ਦਿੰਦੇ ਔਰ ਗੜਬੜ ਜਾਰੀ ਚਾਹੁੰਦੇ ਹਨ। ਜੋ ਪੈਸਾ ਆ ਰਿਹਾ ਹੈ, ਜਿਸਦਾ ਅਸਲਾ ਖਰੀਦਿਆ ਜਾ ਰਿਹਾ ਹੈ ਔਰ ਜੋ ਕੁਝ ਤਹਿਖਾਨਿਆਂ ਵਿਚ ਹੋ ਰਿਹਾ ਹੈ ਇਹ ਕਦੇ ਨਹੀਂ ਹੋਇਆ । ਇਹ ਨਹੀਂ ਕਿ ਬਾਹਰ ਕੋਈ ਆਉਂਦਾ ਨਹੀਂ, ਜਿਹੜੇ ਆਉਂਦੇ ਹਨ ਉਨ੍ਹਾਂ ਦੇ ਰਾਹੀਂ ਕਿੰਨੇ ਬੰਦੇ ਮੇਰੇ ਐਸੇ ਹਨ ਜਿਹੜੇ ਆਈ-ਡੈਂਟੀਫਾਈ ਕੀਤੇ ਹਨ। ਹਰ ਇਕ ਤੇ ਪੁਲਿਸ ਦੇ ਆਦਮੀ ਨਹੀਂ ਰਖੇ ਜਾ ਸਕਦੇ। ਸਾਰਾ ਇੰਤ-

Original with;
Punjab Vidhan Sabha
Digitized by;
Panjab Digital Library

ਜਾਮ ਕਰਨ ਵਾਸਤੇ ਟਿੱਲ ਲਾਇਆ ਹੈ। ਪੰਜਾਬ ਦੀਆਂ ਕਈ ਪਾਰਟੀਆਂ ਨੇ ਸਾਡੀ ਮਦਦ ਕੀਤੀ ਤਾਂ ਕਿ ਕੋਈ ਕਮਿਊਨਲ ਅਪਰਾਈਜ਼ਿੰਗ ਕਨਫਲਿਕਟ ਨਾ ਹੋਵੇ। ਜਿਨ੍ਹਾਂ ਨੇ ਇਸ ਲਈ ਸਾਡੀ ਮਦਦ ਕੀਤੀ ਅਸੀਂ ਉਨ੍ਹਾਂ ਦੇ ਮਸ਼ਕੂਰ ਹਾਂ। ਨੈਸ਼ਨਲ ਇਨਟੈਗਰੇਸ਼ਨ ਦੀਆਂ ਮੀਟਿੰਗਾਂ ਹੋਈਆਂ, ਉਹ ਬਾਈਕਾਟ ਕਰਦੇ ਰਹੇ ਹਨ। ਜਿਥੋਂ ਤੱਕ ਤੁਅੱਲਕ ਸੀ ਧਾਰਮਿਕ ਮਸਲਿਆਂ ਦਾ ਉਹ ਸਾਡੇ ਨਾਲ ਗੱਲਾਂ ਕਰਨ ਤੋਂ ਘਬਰਾਉਂਦੇ ਹਨ, ਇਸ ਕਰਕੇ ਇਥੇ ਨਹੀਂ ਕਰਦੇ ਅਤੇ ਸੈਂਟਰ ਤੱਕ ਚਲੇ ਜਾਂਦੇ ਹਨ। ਸਾਡੇ ਨਾਲ ਗੱਲ ਕਰਨ ਦੀ ਬਜਾਏ ਉਥੇ ਗੱਲ ਕਰਦੇ ਹਨ। ਅਸੀਂ ਆਪਣਾ ਵਿਊ ਪੁਆਇੰਟ ਪੇਸ਼ ਕੀਤਾ। ਇਸਦਾ ਮਤਲਬ ਇਹ ਨਹੀਂ ਕਿ ਜੋ ਇਨ੍ਹਾਂ ਦੀਆਂ ਡੀਮਾਂਡਜ਼ ਹਨ ਉਨ੍ਹਾਂ ਨੂੰ ਇਨ ਟੋਟੋ ਮੰਨਿਆ ਜਾਵੇ। ਇਹ ਨਾ-ਮੁਮਕਿਨ ਗੱਲ ਹੈ। ਲੈ ਦੇ ਨਾਲ ਅਸੀਂ ਆਪਣੇ ਟੀਚੇ ਮੁਕਰਰ ਕਰ ਸਕਦੇ ਹਾਂ। ਮੇਰੇ ਨਾਂ ਤੇ ਵੀ ਇਕ ਤਜਵੀਜ਼ ਨਿਕਲੀ ਸੀ ਕਿ ਚੰਡੀਗੜ੍ਹ ਦਾ ਨਾਲ ਲਗਦਾ ਇਲਾਕਾ ਦੇ ਦਿੱਤਾ ਜਾਵੇ। ਮੈਂ ਕਿਹਾ ਸੀ ਕਿ ਇਹ ਮੇਰੀ ਤਜ਼ਵੀਜ਼ ਨਹੀਂ। ਲੋਕਾਂ ਨੇ ਇਹ ਤਜਵੀਜ਼ ਦਿੱਤੀ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਜਾਏ ਅਤੇ ਜਿਹੜਾ ਦਰਿਆ ਨਾਲ ਲਗਦਾ ਇਲਾਕਾ ਹੈ ਉਹ ਦੇ ਦਿੱਤਾ ਜਾਵੇ। ਉਨ੍ਹਾਂ ਨੇ ਇਹ ਤਜਵੀਜ਼ ਵੀ ਰੱਦ ਕਰ ਦਿੱਤੀ। ਕਿਹੜੀ ਤਜਵੀਜ਼ ਉਨ੍ਹਾਂ ਨੂੰ ਮਨਜ਼ੂਰ ਹੈ? ਜਦੋਂ ਅਸੀਂ ਬੈਠਾਂਗੇ ਤਾਂ ਲਾਜ਼ਮੀ ਤੌਰ ਤੇ ਬਹਿਸ ਮੁਬਾਹਸੇ ਵਿਚ ਕੋਈ ਸਿੱਟਾ ਨਿਕਲਦਾ ਹੈ। ਉਹ ਕਹਿੰਦੇ ਹਨ ਕਿ ਅਗਰ ਇਹ ਡਿਮਾਂਡਾਂ ਨਹੀਂ ਮੰਨੋਗੇ ਤਾਂ ਐਜੀਟੇਸ਼ਨ ਜਾਰੀ ਰਹੇਗੀ। ਇਹ ਬਹੁਤ ਨਾਮਾਕੂਲ ਅਤੇ ਦਲੀਲ ਤੋਂ ਦੂਰ ਦੀ ਗੱਲ ਹੈ। ਮੈਡਮ ਨੇ ਕਦੇ ਨਹੀਂ ਇਹ ਕਿਹਾ ਕਿ ਮੈਂ ਗੱਲ ਬਾਤ ਲਈ ਤਿਆਰ ਨਹੀਂ। ਉਨ੍ਹਾਂ ਨੇ ਤਾਂ ਹਰ ਵੇਲੇ ਕਿਹਾ ਹੈ ਕਿ ਮੈਂ ਗੱਲ ਬਾਤ ਲਈ ਤਿਆਰ ਹਾਂ। ਪਰ ਹਰਿਮੰਦਰ ਸਾਹਿਬ ਗੁਰਦੁਆਰੇ ਵਿਚ ਉਹ ਨਹੀਂ ਜਾਣਗੇ। ਗੁਰਦਵਾਰਿਆਂ ਵਿਚ ਇਨ੍ਹਾਂ ਨੇ ਮਰਜ਼ਰਰਜ਼ ਲੁਕਾ ਕੇ ਰੱਖੇ ਹੋਏ ਹਨ। ਗੁਰਦੁਆਰਿਆਂ ਵਿਚ ਕੀ ਕੁਝ ਨਹੀਂ ਹੁੰਦਾ। ਦੋ ਧੜਿਆਂ ਦੀਆਂ ਆਪਸ ਵਿਚ ਬੰਦੂਕਾਂ ਨਿਕਲ ਆਈਆਂ। ਕਿਸ ਗੱਲ ਤੇ ਨਿਕਲੀਆਂ? ਅੱਜ ਤੋਂ ਛੇ ਮਹੀਨੇ ਪਹਿਲਾਂ ਦੀ ਗੱਲ ਹੈ। ਗੁਰਦੁਆਰੇ ਦੇ ਪਰ-ਸਿੰਟਸ ਤੋਂ 200 ਗਜ਼ ਦੀ ਦੂਰੀ ਤੋਂ ਸ਼ਰਾਬ, ਸਿਗਰਟ ਅਤੇ ਮਾਸ ਦੀਆਂ ਦੁਕਾਨਾਂ ਰਿਮੂਵ ਕਰ ਦਿੱਤੀਆਂ। ਜਿਥੋਂ ਤੱਕ ਰਿਲੀਜੀਅਸ ਡਿਮਾਂਡਜ਼ ਅਤੇ ਉਨ੍ਹਾਂ ਦੀ ਸੈਂਕਟਿਟੀ ਦਾ ਸਵਾਲ ਹੈ ਉਹ ਕਾਇਮ ਰਖਾਂਗੇ। ਦੂਜੇ ਪਾਸੇ ਮੰਦਰਾਂ ਦਾ ਵੀ ਖਿਆਲ ਰਖਾਂਗੇ। ਕੋਈ ਵੀ ਆਦਮੀ ਸੈਕੂਲਰਿਜ਼ਮ ਵਿਚ ਆਪਣਾ ਧਰਮ ਦੂਜੇ ਤੇ ਠੋਸ ਨਹੀਂ ਸਕਦਾ। ਇਸ ਗੱਲ ਦਾ ਵੀ ਖਿਆਲ ਰਖਣਾ ਚਾਹੀਦਾ ਹੈ ਕਿ ਦੂਜਿਆਂ ਨੂੰ ਉਨ੍ਹਾਂ ਦੀ ਗਲ ਦੀ ਤਕਲੀਫ ਨਾ ਹੋਵੇ। ਪਾਬੰਦੀ ਲਾਉਣੀ ਹੈ। ਪਰ ਵੇਖਣਾ ਇਹ ਹੈ ਕਿ ਪਾਬੰਦੀ ਕਿਸ ਹੱਦ ਤੱਕ ਲਾਉਣੀ ਹੈ। ਜੋ ਮੰਗਾਂ ਸਰਕਾਰ ਨੇ ਮੰਨੀਆਂ ਹਨ ਉਨ੍ਹਾਂ ਦਾ ਕਦੇ ਇਨ੍ਹਾਂ ਨੇ ਜ਼ਿਕਰ ਨਹੀਂ ਕੀਤਾ। ਅਕਾਲੀ ਪਾਰਟੀ ਦੇ ਕਿਸੇ ਮੈਂਬਰ ਨੇ ਇਹ ਨਹੀਂ ਕਿਹਾ ਕਿ ਤੁਸੀਂ ਚੰਗਾ ਕੀਤਾ ਹੈ। ਜਿਹੜੀ ਗੱਲ ਉਨ੍ਹਾਂ ਦੀ ਨਹੀਂ ਮੰਨੀ ਗਈ, ਉਸਦਾ ਰੌਲਾ ਪਾਈ ਜਾਂਦੇ ਹਨ। ਮੈਨੂੰ ਅਫਸੋਸ ਹੈ ਕਿ ਇਨ੍ਹਾਂ ਦੇ ਲੀਡਰ ਨੇ ਕਿਹਾ ਹੈ ਕਿ ਇਹ ਸਾਡੇ ਨਾਲ ਚੀਟਿੰਗ ਹੋਈ ਹੈ, ਫਰਾਡ ਕੀਤਾ ਹੈ। ਮੈਂ ਹੈਰਾਨ ਹਾਂ ਕਿ ਕਿਸ ਨੇ ਅੰਗਰੇਜ਼ੀ ਦਾ ਇਹ ਲਫਜ਼ ਇਨ੍ਹਾਂ ਨੂੰ ਸਿਖਾ ਦਿੱਤਾ। ਮੈਂ ਤਾਂ ਇਹ ਕਹਾਂਗਾ ਕਿ ਇਹ ਸਾਰੇ ਸੂਬਿਆਂ ਨਾਲ ਫਰਾਡ ਕਰ ਰਹੇ ਹਨ। (ਥੰਪਿੰਗ) ਬਜਾਏ ਇਸਦੇ ਕਿ ਆਪਣੀਆਂ ਇਕਨਾਮਿਕ, ਪੁਲੀਟੀਕਲ ਅਤੇ ਰਿਲੀਜੀਅਸ ਮੰਗਾਂ ਸਾਡੇ ਨਾਲ ਡਿਸਕਸ ਕਰਦੇ, ਇਨ੍ਹਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਾਡੇ ਧਰਮ ਨੂੰ ਖਤਰਾ ਹੈ। ਕੀ ਅਸੀਂ ਸਾਰੇ ਅਧਰਮੀ ਬੈਠੇ ਹਾਂ? ਜਿਸਦਾ ਕੋਈ ਧਰਮ ਨਹੀਂ ਹੁੰਦਾ ਉਸਦਾ ਵੀ ਕੋਈ ਧਰਮ ਹੁੰਦਾ ਹੈ। ਜਿਤਨੀਆਂ ਡਿਮਾਂਡਾਂ ਇਨ੍ਹਾਂ ਦੀਆਂ ਮੰਨੀਆਂ ਗਈਆਂ ਹਨ, ਉਨ੍ਹਾਂ ਬਾਰੇ ਖਲੋ ਕੇ ਕਹਿਣਾ ਚਾਹੀਦਾ ਸੀ ਕਿ ਅਸੀਂ ਸ੍ਰੀਮਤੀ ਇੰਦਰਾ ਗਾਂਧੀ, ਪ੍ਰਾਈਮ ਮਨਿਸਟਰ, ਦੇ ਬਹੁਤ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਇਹ ਫੈਸਲਾ ਕੀਤਾ ਹੈ। (ਥੰਪਿੰਗ) ਕਿਸੇ ਦੇ ਮੂੰਹ ਵਿਚੋਂ ਇਹ ਲਫਜ਼ ਨਹੀਂ ਨਿਕਲੇ। ਆਪੋਜ਼ੀਸ਼ਨ ਦੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੈਂਬਰ ਇਥੇ ਬੋਲੇ ਹਨ। ਮੈਂ ਉਨ੍ਹਾਂ ਨੂੰ ਅਰਜ਼ ਕਰਨਾ ਚਾਹਾਂਗਾ ਕਿ ਕੀ ਇਨ੍ਹਾਂ ਦੀਆਂ ਮੰਗਾਂ ਵਿੱਚ ਕਿਥੇ ਰੈਸ਼ਨੇਲ ਹੈ, ਉਹ ਤਾਂ ਕਹਿੰਦੇ ਹਨ ਕਿ ਸਾਡੀਆਂ ਸਾਰੀਆਂ ਡਿਮਾਂਡਾਂ ਮੰਨੋ। ਧਰਮ ਸਬੰਧੀ ਡਿਮਾਂਡਾਂ ਮੰਨ ਲਈਆਂ ਹਨ। ਬਾਕੀ ਸਾਰੀਆਂ ਡਿਮਾਂਡਾਂ ਵੀ ਵੇਖਣੀਆਂ ਹਨ। ਮੈਂ ਅਰਜ਼ ਕਰਾਂਗਾ ਕਿ ਬਜਾਏ ਇਸਦੇ ਕਿ ਇਹ ਇਨ੍ਹਾਂ ਦਾ ਨਿਪਟਾਰਾ ਕਰਾਉਣ ਦੀ ਕੋਸ਼ਿਸ਼ ਕਰਨ, ਉਹ ਹੋਰ ਪਾਸੇ ਲਗੇ ਹਨ। ਉਨ੍ਹਾਂ ਨੂੰ ਕਈ ਹੋਰ ਸਹੂਲਤਾਂ ਮਿਲ ਰਹੀਆਂ ਹਨ ਜਿਨ੍ਹਾਂ ਦੇ ਸਹਾਰੇ ਉਹ ਆਪਣੇ ਪੈਰ੍ਹਾਂ ਤੇ ਖੜ੍ਹੇ ਹਨ।

ਸਪੀਕਰ ਸਾਹਿਬ, ਕਮਿਊਨਿਸਟ ਸੱਜਣਾਂ ਨੂੰ ਮੈਂ ਅਰਜ਼ ਕਰਾਂਗਾ ਕਿ ਇਸ ਪਾਸੇ ਵੀ ਇਨ੍ਹਾਂ ਨੇ ਧਿਆਨ ਰੱਖਣਾ ਹੈ। ਉਹ ਤਾਂ ਇਹ ਚਾਹੁੰਦੇ ਹਨ ਕਿ ਫਿਰ ਨਵੇਂ ਸਿਰਿਓਂ ਐਜੀਟੇਸ਼ਨ ਖੜ੍ਹੀ ਕਰੀਏ। ਉਨ੍ਹਾਂ ਨੂੰ ਪਤਾ ਹੈ ਕਿ ਇਨ੍ਹਾਂ ਪਾਰਟੀਆਂ ਦੇ ਨਾਲ ਮਿਲ ਕੇ ਹੀ ਐਜੀਟੇਸ਼ਨ ਖੜੀ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਤਾਂ ਅੱਜ ਵੀ ਧਰਮ ਯੁੱਧ ਕੀਤਾ ਹੋਇਆ ਹੈ। ਇਹ ਤਾਂ ਸਾਡੇ ਨਾਲ ਯੁੱਧ ਹੀ ਕਰਦੇ ਹਨ। ਇਥੇ ਲਾਅ ਐਂਡ ਆਰਡਰ ਦੀ ਬਾਬਤ ਕਿਹਾ ਗਿਆ। ਕਿਸੇ ਵੀ ਥਾਂ ਦੱਸ ਦਿਓ ਜਿਥੇ ਕਿਲਿੰਗ ਹੋਈ ਹੋਵੇ ਅਤੇ ਉਹ ਮਰਡਰਰਜ਼ ਆਈਡੈਂਟੀਫਾਈਡ ਨਾ ਹੋਣ। ਕੁਝ ਬਾਹਰ ਚਲੇ ਗਏ ਹਨ। ਤਕਰੀਬਨ ਉਹ ਵੀ ਫੜੇ ਜਾਣ ਵਾਲੇ ਹਨ। ਲੇਕਿਨ ਜਿਹੜੇ ਬੰਦੇ ਗੁਰਦੁਆਰਿਆਂ ਦੇ ਅੰਦਰ ਬੈਠੇ ਹਨ, ਉਨ੍ਹਾਂ ਦਾ ਕੀ ਕਰ ਸਕਦੇ ਹਾਂ। ਇਹ ਕਹਿਣਗੇ ਕਿ ਕਿਉਂ ਨਹੀਂ ਫੜਦੇ। ਅਸੀਂ ਸਾਰਿਆਂ ਨੇ ਇਹ ਫੈਸਲਾ ਕੀਤਾ ਹੋਇਆ ਹੈ ਕਿ ਗੁਰਦੁਆਰਿਆਂ ਦੇ ਅੰਦਰ ਪੁਲਿਸ ਨੇ ਨਹੀਂ ਜਾਣਾ। ਅਗਰ ਪੁਲਿਸ ਗੁਰਦੁਆਰਿਆਂ ਦੇ ਅੰਦਰ ਜਾਣ ਲੱਗੀ ਤਾਂ ਇਹ ਕਹਿਣਗੇ ਕਿ ਸਾਡੇ ਧਰਮ ਤੇ ਹਮਲਾ ਹੈ। ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ ਕਿ ਇਹ ਬੰਦੇ ਬਾਹਰ ਕੱਢ ਦਿਓ। ਅਸੀਂ ਉਨ੍ਹਾਂ ਦੇ ਖਿਲਾਫ ਮੁਕਦਮੇਂ ਚਲਾਵਾਂਗੇ। ਅਗਰ ਕੋਰਟ ਉਨ੍ਹਾਂ ਨੂੰ ਬਰੀ ਕਰ ਦੇਵੇਗੀ ਤਾਂ ਠੀਕ ਹੈ। ਉਹ ਕਹਿੰਦੇ ਹਨ ਕਿ ਇਥੇ ਕੋਈ ਨਹੀਂ ਹੈ। ਮੈਂ ਲਿਖਤੀ ਰੂਪ ਵਿਚ ਵੀ ਭੇਜਦਾ ਰਿਹਾ ਹਾਂ, ਜ਼ਬਾਨੀ ਵੀ ਕਹਿੰਦਾ ਰਿਹਾ ਹਾਂ, ਜਦੋਂ ਇਕੱਲੇ ਇਕੱਲੇ ਮੇਰੇ ਕੋਲ ਆਉਂਦੇ ਹਨ ਤਾਂ ਇਹ ਮੰਨਦੇ ਹਨ ਕਿ ਉਥੇ ਹਨ ਪਰ ਕਹਿੰਦੇ ਹਨ ਕਿ ਸਾਡਾ ਵੱਸ ਨਹੀਂ। ਜਦੋਂ ਇਕੱਠੇ ਹੁੰਦੇ ਹਨ ਤਾਂ ਨਾਂਹ ਕਰ ਦਿੰਦੇ ਹਨ। ਸਾਡੇ ਤੇ ਪਰੈਸ਼ਰ ਪਾਉਂਦੇ ਹਨ ਪਰ ਆਪ ਇਨ੍ਹਾਂ ਨੇ ਉਹ ਆਦਮੀ ਲਕੋਏ ਹੋਏ ਹਨ। ਇਨ੍ਹਾਂ ਨੂੰ ਅਸਲਾ ਕਿਥੋਂ ਜਾਂਦਾ ਹੈ? ਅਸੀਂ ਬੜੀ ਨਾਕਾਬੰਦੀ ਕੀਤੀ ਹੋਈ ਹੈ। ਸਾਡੇ ਤੇ ਜੋ ਬੰਬ ਸੁੱਟੇ ਗਏ, ਉਹ ਇਹ ਬਾਹਰੋਂ ਲਿਆਏ ਸਨ। ਐਚ. ਈ. 36 ਦੇ ਬੰਬ ਸਨ। ਇਹ ਹਾਈਲੀ ਐਕਸਪਲੋਸਿਵ ਮੈਟੀਰੀਅਲ ਕਿਥੋਂ ਲਿਆਏ ਹਨ? ਇਹ ਆਪ ਵਾਇਲੈਂਸ ਨਾਲ ਮੰਗਾਂ ਮੰਨਵਾਉਣਾ ਚਾਹੁੰਦੇ ਹਨ। ਇਹ ਇੰਟਰ ਸਟੇਟ ਰਿਲੇਸ਼ਨਜ਼ ਦੀ ਗੱਲ ਕਰਦੇ ਹਨ ਕਿ ਇੰਟਰ-ਸਟੇਟ ਰਿਲੇਸ਼ਨਜ਼ ਇਸ ਤਰ੍ਹਾਂ ਦੇ ਚਾਹੀਦੇ ਹਨ। ਇਹ ਕਹਿੰਦੇ ਹਨ ਕਿ ਪਾਵਰਜ਼ ਦਾ ਥੱਲੇ ਪਸਾਰ ਕਰਨਾ ਹੈ। ਸਾਡੀ ਜ਼ਿੰਮੇਵਾਰੀ ਇਹ ਵੀ ਹੈ ਕਿ ਸੈਂਟਰ ਨੂੰ ਮਜ਼ਬੂਤ ਰੱਖਣਾ ਹੈ। ਇਹ ਪੱਖ ਵੀ ਵੇਖਣਾ ਪਵੇਗਾ। ਅਗਰ ਪਾਵਰਜ਼ ਡੈਲੀਗੇਟ ਸਾਰੀਆਂ ਕਰ ਦਿੱਤੀਆਂ ਜਾਣ ਤਾਂ ਪਾਕਿਸਤਾਨ ਵਾਂਗ ਇਥੇ ਵੀ ਜਰਨਲ ਅਤੇ ਕਰਨਲ ਆ ਜਾਣਗੇ। ਠੀਕ ਤਰੀਕੇ ਨਾਲ ਡੈਲੀਗੇਸ਼ਨ ਆਫ ਪਾਵਰ ਹੋਵੇ। ਮੈਡਮ ਨੇ 10 ਦਫਾ ਕਿਹਾ ਹੈ ਕਿ ਇਨ੍ਹਾਂ ਡੀਮਾਂਡਾਂ ਦਾ ਫਇਨਾਂਸ਼ਲ ਆਸਪੈਕਟ ਵੀ ਵੇਖਣਾ ਜ਼ਰੂਰੀ ਹੈ। ਫਾਇਨਾਂਸ਼ਲ ਤੌਰ ਤੇ ਅਗਰ ਕਿਸੇ ਸੂਬੇ ਦੀ ਮਦਦ ਦੀ ਲੋੜ ਹੈ ਤਾਂ ਉਹ ਕਰ ਸਕਦੇ ਹਨ। ਲੇਕਿਨ ਇਹ ਕਹਿਣਾ ਕਿ ਜੋ ਪੁਲੀਟੀਕਲ ਅਤੇ ਕੰਸਟੀਚਿਊਸ਼ਨਲ ਪਾਵਰਜ਼ ਸੈਂਟਰ ਕੋਲ ਹਨ ਉਹ ਸਾਰੀਆਂ ਇਨ੍ਹਾਂ ਸੂਬਿਆਂ ਨੂੰ ਦੇ ਦਿਤੀਆਂ ਜਾਣ, ਇਹ ਨਾ ਮੁਮਕਿਨ ਹੈ। ਇਸਦੇ ਬਾਰੇ ਉਨ੍ਹਾਂ ਨੇ ਕਿਹਾ ਹੈ ਕਿ ਕੋਈ ਕਮੇਟੀ ਜਾਂ ਟ੍ਰੀਬਿਊਨਲ ਬਿਠਾ ਕੇ ਰਿਪੋਰਟ ਲਈ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਸਰਕਾਰ ਦੀ ਪਰਫਾਰਮੈਂਸ ਦੇ ਬਾਰੇ ਵੀ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ। ਇਸਦਾ ਇਥੇ ਜ਼ਿਕਰ ਹੋਇਆ ਹੈ। ਡਿਵੈਲਪਮੈਂਟ ਦੀ ਪੇਸ ਅਸੀਂ ਅਗੇ ਨਾਲੋਂ ਜ਼ਿਆਦਾ ਤਿੱਖੀ ਕੀਤੀ ਹੈ। ਐਗਰੀਕਲਚਰ ਬਾਰੇ ਵੀ ਇਥੇ ਕਿਹਾ ਗਿਆ ਹੈ ਮੈਂ ਕਹਿੰਦਾ ਹਾਂ ਕਿ ਸਾਡੇ ਟੀਚੇ ਵੇਖ ਲਓ। ਅਸੀਂ ਸਾਰੇ ਹਿੰਦੁਸਤਾਨ ਵਿਚ ਸੈਂਟਰਲ ਪੂਲ ਵਿਚ ਅੱਧ ਦੇ ਕਰੀਬ ਅਨਾਜ ਦਿੰਦੇ ਹਾਂ। ਪਿਛਲੇ ਤਿੰਨ ਸਾਲਾਂ ਦਾ ਰਿਕਾਰਡ ਵੇਖ ਲਓ। ਅਸੀਂ ਹਰ ਸਾਲ, ਭਾਵੇਂ ਚਾਵਲ ਹੈ ਭਾਵੇਂ ਕਣਕ ਹੈ ਦੋਨੋਂ ਵਿਚ ਅਸੀਂ ਵਾਧਾ ਕੀਤਾ ਹੈ। ਜਦੋਂ ਦੀ ਇਹ ਸਰਕਾਰ ਬਣੀ ਹੈ, ਅਸੀਂ ਵਾਧਾ ਕੀਤਾ ਹੈ। ਇਹ ਸੁਣ ਕੇ ਆਪ ਨੂੰ ਖੁਸ਼ੀ ਹੋਵੇਗੀ। (ਥੰਪਿੰਗ) ਅਸੀਂ ਕਿਸਾਨ ਦੇ ਹਮਦਰਦ ਹਾਂ ਤਾਂ ਹੀ ਇਹ ਸਭ ਕੁਝ ਕੀਤਾ ਹੈ। 12 ਘੰਟੇ ਬਿਜਲੀ ਦਿੱਤੀ ਗਈ ਅਤੇ ਫਰਟੇ-ਲਾਈਜ਼ਰ ਵੇਲੇ ਸਿਰ ਦਿੱਤਾ ਗਿਆ। ਉਨ੍ਹਾਂ ਦੀ ਹਰ ਚੀਜ਼ ਦਾ ਧਿਆਨ ਰੱਖਿਆ ਗਿਆ ਹੈ ਜਿਹੜੇ ਇਨਪੁਟਸ ਨਾਲ ਤੁਅੱਲਕ ਰੱਖਦੇ ਹਨ। ਕਿਸਾਨ ਨੇ ਕਾਫੀ ਮਿਹਨਤ ਕਰਕੇ ਇਸ ਐਗਰੀ-ਕਲਚਰ ਵਿਚ ਕਾਫੀ ਹਿੱਸਾ ਪਾਇਆ ਹੈ।

ਇਸੇ ਤਰ੍ਹਾਂ ਜੇ ਮੈਂ ਇੰਡਸਟਰੀਜ਼ ਦਾ ਮੁਕਾਬਲਾ ਕਰਾਂ ਔਰ ਫਿਗਰਜ਼ ਦੇਵਾਂ ਤਾਂ ਸਮਾਂ ਕਾਫੀ ਲੱਗ ਜਾਵੇਗਾ। ਅਗਰ ਅਸੀਂ ਇਨ੍ਹਾਂ ਦੇ ਪਿਛਲੇ 3 ਸਾਲਾਂ ਨਾਲ ਮੁਕਾਬਲਾ ਕਰੀਏ ਤਾਂ ਹਰ ਲਿਹਾਜ਼ ਨਾਲ ਹਰ ਪਹਿਲੂ ਤੇ ਅਸੀਂ ਵਾਧਾ ਕੀਤਾ ਹੈ ਔਰ ਵਾਧਾ ਵੀ ਛੜੱਪੇ ਮਾਰਦੇ ਹੋਏ ਕੀਤਾ ਹੈ।

ਪਲਾਨ ਆਊਟ ਲੇਅ ਜਿਹੜਾ ਪਹਿਲੇ ਸੀ ਉਸ ਵਿਚ ਵੀ ਅਸੀਂ ਵਾਧਾ ਕੀਤਾ ਹੈ। ਇਹ ਜਿਹੜਾ ਪਹਿਲੇ 385 ਕਰੋੜ ਦਾ ਸੀ ਇਸ ਨੂੰ ਅਸੀਂ 440 ਕਰੋੜ ਦਾ ਕੀਤਾ ਹੈ ਔਰ ਅਸੀਂ ਉਸ ਕਮਿਸ਼ਨ ਦਾ ਜਿਸ ਨੇ ਇਸ ਨੂੰ ਮਨਜ਼ੂਰ ਕੀਤਾ ਹੈ ਔਰ ਪ੍ਰਾਈਮ ਮਨਿਸਟਰ ਦਾ, ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਡਾ ਪੂਰਾ ਪਲਾਨ ਆਊਟਲੇ ਮਨਜ਼ੂਰ ਕੀਤਾ ਹੈ ਨਹੀਂ ਤਾਂ ਕਈ ਹੋਰ ਸੂਬਿਆਂ ਦਾ 100–100 ਕਰੋੜ ਰੁਪਏ ਤੱਕ ਘਟਾ ਦਿੱਤਾ ਗਿਆ ਹੈ।

ਫਿਰ ਇਕਨਾਮਿਕ ਸਰਵੇ ਦੀ ਗੱਲ ਲੈ ਲਓ। ਇਸ ਵਿਚ ਵੀ ਅਸੀਂ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲੋਂ ਪਹਿਲ ਕੀਤੀ ਹੈ। ਅਸੀਂ ਹਾਲੇ ਇਹ ਵੀ ਸੋਚ ਰਹੇ ਹਾਂ ਕਿ ਇਹ ਜਿਹੜੀ 3600 ਰੁਪਏ ਦੀ ਆਦਮਨ ਦੀ ਹੱਦ ਰੱਖੀ ਹੈ, ਇਸ ਵਿਚ ਵੀ ਹਰੀਜਨਾਂ ਦੀ ਆਮਦਨ ਵਧਾਕੇ 6 ਹਜ਼ਾਰ ਰੁਪਏ ਤੱਕ ਹੋ ਜਾਵੇ। ਇਸ ਬਾਰੇ ਜ਼ਿਆਦਾ ਡਿਟੇਲ ਵਿਚ ਤਾਂ ਫਾਈਨੈਂਸ ਮਨਿਸਟਰ ਸਾਹਿਬ ਹੀ ਦੱਸਣਗੇ ਕਿ ਉਨ੍ਹਾਂ ਨੇ ਕੀ ਕੀਤਾ ਹੈ। ਬਾਕੀ ਜਿਹੜੇ ਬੰਦੇ ਇਸ ਸਕੀਮ ਥੱਲੇ ਆਈ-ਡੈਂਟੀਫਾਈ ਕੀਤੇ ਹਨ ਉਹ ਕੋਈ 27 ਲੱਖ ਹਨ ਜਿਨ੍ਹਾਂ ਵਿਚੋਂ ਅਸੀਂ ਅੱਧਿਆਂ ਦੇ ਕਰੀਬ ਤਾਂ ਪਹੁੰਚ ਚੁੱਕੇ ਹਾਂ ਔਰ ਯੈਲੋ ਕਾਰਡ ਵੀ ਇਸ਼ੂ ਕੀਤੇ ਗਏ ਹਨ। ਬਾਕੀ ਅਸੀਂ ਇਹ ਵੀ ਸੋਚ ਰਹੇ ਹਾਂ ਕਿ ਜਿਨ੍ਹਾਂ ਗਲਤ ਬੰਦਿਆਂ ਨੇ ਯੈਲੋ ਕਾਰਡ ਬਣਵਾ ਲਏ ਹਨ ਇਸ ਨੂੰ ਪਨਿਸ਼ਏਬਲ ਬਣਾਇਆ ਜਾਵੇ ਜਿਸ ਨਾਲ ਇਨ੍ਹਾਂ ਤੋਂ ਯੈਲੋ ਕਾਰਡ ਲੈ ਕੇ ਗਰੀਬ ਲੋਕਾਂ ਨੂੰ ਇਹ ਯੈਲੋ ਕਾਰਡ ਦਿੱਤੇ ਜਾ ਸਕਣ।

ਹੁਣ ਮੈਂ 20–ਪੁਆਇੰਟ ਪ੍ਰੋਗਰਾਮ ਬਾਰੇ ਵੀ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਇਥੇ ਬਹੁਤ ਸਾਰੀਆਂ ਗੱਲਾਂ ਇਸ ਬਾਰੇ ਕੀਤੀਆਂ ਗਈਆਂ ਹਨ। ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦੀ ਇੰਪਲੀਮੈਂਟੇਸ਼ਨ ਵਿਚ ਜੋ ਅਸੀਂ ਦੇਖਭਾਲ ਕੀਤੀ ਹੈ ਉਸ ਵਿਚ ਕਈ ਥਾਵਾਂ ਤੇ ਤਾਂ ਸਾਨੂੰ ਆਊਟ-ਸਟੈਂਡਿੰਗ ਰਿਪੋਟ ਮਿਲੀ ਹੈ ਔਰ ਕਾਫੀ ਥਾਵਾਂ ਤੇ ਵੈਰੀ ਗੁੱਡ ਦੀ ਰਿਪੋਟ ਮਿਲੀ ਹੈ। ਜੇ ਮੈਂ ਇਸ ਦੀ ਡਿਟੇਲ ਵਿਚ ਜਾਵਾਂ ਤਾਂ ਸਮਾਂ ਬਹੁਤ ਲੱਗ ਜਾਵੇਗਾ। ਬਾਕੀ ਟਾਪ ਪ੍ਰਾਇਰਿਟੀ ਇਸ ਵਿਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਪਾਵਰ ਨੂੰ ਦਿੱਤੀ ਗਈ ਹੈ। ਅਸੀਂ ਪਿਛਲੇ ਸਾਲ 385 ਕਰੋੜ ਰੁਪਏ ਦੇ ਬਜਟ ਵਿਚੋਂ 187 ਕਰੋੜ ਰੁਪਏ ਪਾਵਰ ਵਾਸਤੇ ਰੱਖੇ ਸਨ। ਇਹ ਠੀਕ ਹੈ ਕਿ ਇਸ ਪੀਰੀਅਡ ਵਿਚ ਕੁਝ ਸੀਜ਼ਨ ਨੇ ਔਰ ਕੁਝ ਨੇਚਰ ਨੇ ਸਾਡੀ ਪੂਰੀ ਹੈਲਪ ਨਹੀਂ ਕੀਤੀ ਜਿਸ ਕਾਰਨ ਕੁਝ ਕੰਮ ਸਾਡੇ ਢਿੱਲੇ ਰਹੇ ਹਨ। ਲੇਕਿਨ ਇਸ ਦੌਰਾਨ ਸਾਡੇ ਨਾਲ ਇਸ ਮਾਮਲੇ ਤੇ ਹੋਰ ਸੂਬਿਆਂ ਦਾ ਝਗੜਾ ਬਹੁਤ ਹੁੰਦਾ ਰਿਹਾ ਹੈ। ਇਕ ਪਾਸੇ ਹਰਿਆਣੇ ਵਾਲੇ ਕਹਿੰਦੇ ਹਨ ਕਿ ਅਨੰਦਪੁਰ ਸਾਹਿਬ ਤੋਂ ਵੀ ਉਨ੍ਹਾਂ ਨੂੰ ਬਿਜਲੀ ਦਿੱਤੀ ਜਾਵੇ ਔਰ ਦੂਜੇ ਪਾਸੇ ਹਿਮਾਚਲ ਵਾਲੇ ਕਹਿੰਦੇ ਹਨ ਕਿ ਮੁਕੇਰੀਆਂ ਐਕਸਟੈਨਸ਼ਨ ਤੋਂ ਵੀ ਉਨ੍ਹਾਂ ਨੂੰ ਕੁੱਝ ਜ਼ਿਆਦਾ ਹਿੱਸਾ ਦਿੱਤਾ ਜਾਵੇ। ਇਹ ਠੀਕ ਹੈ ਕਿ ਇਸਤੇ ਸਾਡਾ 3 ਕਰੋੜ ਰੁਪਿਆ ਲਗਿਆ ਹੈ। ਜਿਹੜੇ ਹਿਮਾਚਲ ਵਾਲੇ ਹਨ ਉਹ ਪਹਿਲੇ ਤਾਂ 30 ਕਿਊਸਿਕਸ ਪਾਣੀ ਮੰਗਦੇ ਸਨ, ਫਿਰ ਉਨ੍ਹਾਂ ਨੇ 60 ਕਿਊਸਿਕਸ ਕਿਹਾ। ਅਸੀਂ 60 ਕਿਊਸਿਕਸ ਦੇ ਦਿੱਤਾ ਪਰ ਫਿਰ ਵੀ ਉਹ ਚੁਪ ਨਾ ਰਹੇ, ਫਿਰ ਉਨ੍ਹਾਂ ਨੇ 100 ਕਿਊਸਿਕਸ ਕਿਹਾ ਤਾਂ ਅਸੀਂ ਉਨ੍ਹਾਂ ਨੂੰ 130 ਕਿਊਸਿਕਸ ਦੇ ਦਿੱਤਾ। ਲੇਕਿਨ ਉਹ ਫਿਰ ਵੀ ਚੁੱਪ ਨਹੀਂ ਹਨ, ਹੁਣ ਉਹ ਕਹਿੰਦੇ ਹਨ ਕਿ ਪੂਲ ਸਿਸਟਮ ਨਾਲ ਉਨ੍ਹਾਂ ਨੂੰ 700 ਕਿਊਸਿਕਸ ਪਾਣੀ ਦਿੱਤਾ ਜਾਵੇ। ਜਿਹੜੀਆਂ ਸਕੀਮਾਂ ਉਨ੍ਹਾਂ ਦੀਆਂ 15—20 ਸਾਲ ਬਾਅਦ ਸ਼ੁਰੂ ਹੋਣੀਆਂ ਹਨ ਉਸ ਲਈ ਵੀ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹੁਣੇ ਹੀ ਪਾਣੀ ਦੇ ਦਿੱਤਾ ਜਾਵੇ। ਫਿਰ ਰਾਜਿਸਥਾਨ ਨਾਲ ਵੀ ਝਗੜਾ ਹੈ। ਹਰਿਆਣੇ ਨਾਲ ਵੀ ਝਗੜਾ ਹੈ। ਇਕ ਕੌਰੀਡੋਰ ਵਾਂਗ ਸਾਰੇ ਸਾਡੇ ਵਲ ਹੀ ਤੁਰੇ ਆਉਂਦੇ ਹਨ।

ਫਿਰ ਥੀਨ ਡੈਮ ਬਾਰੇ ਇਸ ਹਾਊਸ ਵਿਚ ਕਈ ਵਾਰ ਗਲ ਆਈ ਹੈ। ਇਸ ਤੇ ਕੋਈ 600 ਕਰੋੜ ਰੁਪਿਆ ਲਗਣਾ ਹੈ ਔਰ ਸਾਨੂੰ ਇਹ ਲੋ ਵੀ ਆਉਂਦੀ ਹੈ ਕਿ ਇਹ ਕਿਸੇ ਵੇਲੇ ਬਣ ਜਾਵੇਗਾ। ਪਰ ਹਾਲੇ ਇਹ ਬਣਿਆ ਨਹੀਂ, ਕੋਈ ਕੰਮ ਨਹੀਂ ਖਾਸ ਹੋਇਆ। ਹਰਿਆਣੇ ਵਾਲੇ ਪਹਿਲੇ ਕਹਿੰਦੇ ਹਨ ਕਿ ਸਾਡਾ ਹਿੱਸਾ ਕਿੰਨਾ ਹੋਵੇਗਾ। ਹਾਲੇ ਬਿਜਲੀ ਪੈਦਾ ਹੋਈ ਨਹੀਂ, ਪਰ ਉਹ ਪਹਿਲੇ ਹਿੱਸਾ ਮੰਗਦੇ ਹਨ। ਉਹ ਇਹ ਸੋਚਦੇ ਹਨ ਕਿ ਸਾਡਾ ਗਵਾਂਢੀ ਸੂਬਾ ਪੰਜਾਬ ਕਾਫੀ ਮਜ਼ਬੂਤ ਹੈ, ਇਸ ਦੇ ਰਿਸੋਰਸਿਜ਼ ਕਾਫੀ ਹਨ, ਇਸ ਲਈ ਇਨ੍ਹਾਂ ਕੋਲੋਂ ਵੱਧ ਤੋਂ ਵੱਧ ਹਿੱਸਾ ਲੈ ਲਵੋ। ਫਿਰ ਇਥੇ ਕਿਹਾ ਜਾਂਦਾ ਹੈ ਕਿ ਡਿਸਕ੍ਰਿਮੀਨੇਸ਼ਨ ਕੀਤੀ ਜਾਂਦੀ ਹੈ। ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਪਿਛਲੇ 3 ਸਾਲਾਂ ਵਿਚ ਜਿਤਨਾ ਸਾਡੇ ਵਲੋਂ ਇਸ ਵਾਸਤੇ ਜ਼ੋਰ ਦਿੱਤਾ ਗਿਆ ਹੈ, ਇਤਨਾ ਪਹਿਲੇ ਕਦੇ ਸੈਂਟਰ ਤੇ ਜ਼ੋਰ ਨਹੀਂ ਦਿੱਤਾ ਗਿਆ। ਸਾਨੂੰ ਉਮੀਦ ਵੀ ਹੈ ਕਿ ਉਹ ਫੈਸਲਾ ਕਰਨ ਵੇਲੇ ਸਾਨੂੰ ਜ਼ਿਆਦਾ ਪੈਸੇ ਦੇਣਗੇ ਤਾਕਿ ਅਸੀਂ ਬਿਜਲੀ ਦੀ ਪੈਦਾਵਾਰ ਵਿਚ ਜ਼ਿਆਦਾ ਅੱਗੇ ਵੱਧ ਸਕੀਏ। ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਜਿਹੜੇ ਸ਼ੇਅਰ ਹੋਲਡਰਜ਼ ਬਣਾਉਣੇ ਹਨ, ਉਹ ਬਣਾ ਲਓ ਪਰ ਜਲਦੀ ਫੈਸਲਾ ਕਰੋ ਫਿਰ ਜਿਸ ਦਾ ਜੋ ਮੁਨਾਸਬ ਬਣਦਾ ਹੋਵੇਗਾ ਉਹ ਵੇਖ ਲਵਾਂਗੇ। ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਪਿਛੇ ਇਸ ਪਾਸੇ ਕਿਸੇ ਨੇ ਨਹੀਂ ਸੋਚਿਆ, ਬਸ ਰੇਲ ਗੱਡੀ ਵਾਂਗ ਤੁਰੇ ਹੀ ਗਏ ਹਨ।

ਫਿਰ ਡਿਵੈਲਪਮੈਂਟ ਦੇ ਵਾਸਤੇ ਇਨ੍ਹਾਂ ਨੇ ਕਿਹਾ ਹੈ ਕਿ ਨਾਨ ਪਰਫਾਰਮੈਂਸ ਰਹੀ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਸਾਡੇ ਪਾਸ ਜਿਹੜਾ ਥਰਮਲ ਪਲਾਂਟ ਹੈ ਇਸ ਤੇ ਬਿਫੋਰ 1984 ਐਸਾ ਸਿਸਟਮ ਕਰ ਲਵਾਂਗੇ ਕਿ ਇਸ ਤੋਂ ਸਾਨੂੰ ਜ਼ਿਆਦਾ ਬਿਜਲੀ ਮਿਲ ਸਕੇ ਤਾਕਿ ਜਿਹੜੇ ਵੀ ਟਿਊਬਵੈਲਜ਼, ਕਾਰਖਾਨੇ ਵਗੈਰਾ ਹਨ ਉਹ ਪੂਰੀ ਤਰ੍ਹਾਂ ਨਾਲ ਕੰਮ ਕਰ ਸਕਣ।

ਮੈਂ ਅਰਜ਼ ਕਰਾਂਗਾ ਕਿ ਸ਼ਾਨਨ ਤੋਂ ਵੀ ਸਾਨੂੰ ਵੱਧ ਬਿਜਲੀ ਮਿਲਣ ਦੀ ਆਸ ਹੈ। ਅਨੰਦਪੁਰ, ਮੁਕੇਰੀਆਂ ਤੋਂ ਜ਼ਿਆਦਾ ਬਿਜਲੀ ਮਿਲਣੀ ਹੈ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਸਮਾਲ ਸਕੇਲ ਇੰਡਸਟਰੀ ਦੇ ਬਾਰੇ ਵੀ ਅਰਜ਼ ਕਰਨੀ ਚਾਹੁੰਦਾ ਹਾਂ। ਇਸ ਵਿਚ ਵੀ ਅਸੀਂ ਪਿਛਲੇ ਸਮੇਂ ਵਿਚ ਕਾਫੀ ਵਾਧਾ ਕੀਤਾ ਹੈ। ਜਿਥੇ ਪਹਿਲੇ 5 ਹਜ਼ਾਰ ਯੂਨਿਟਸ ਸਨ ਉਥੇ 11 ਹਜ਼ਾਰ ਯੂਨਿਟਸ ਕਰ ਦਿੱਤੇ ਹਨ। ਸਪੀਕਰ ਸਾਹਿਬ, ਕਿਹੜਾ ਹਿੱਸਾ ਐਸਾ ਹੈ ਜਿਸ ਵਿਚ ਅਸੀਂ ਤਰੱਕੀ ਨਹੀਂ ਕੀਤੀ। ਫਿਰ ਇਹ ਜਿਹੜੀ ਨਾਨ-ਪਰਫਾਰਮੈਂਸ ਦੀ ਗਲ ਕਰਦੇ ਹਨ, ਇਹ ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਬੇਬੁਨਿਆਦ ਹੈ। ਜੇ ਮੈਂ ਤੁਹਾਨੂੰ ਫਿਗਰਜ਼ ਦੇ ਕੇ ਦੱਸਾਂ ਤਾਂ ਦੋ ਘੰਟੇ ਲਗ ਜਾਣਗੇ।

ਇਨ੍ਹਾਂ ਨੇ ਇਥੇ ਲਾਅ ਐਂਡ ਆਰਡਰ ਦੀ ਗਲ ਕੀਤੀ ਹੈ। ਮੈਂ ਦੱਸਦਾ ਹਾਂ ਕਿ ਸੰਨ 1982 ਜਿਹੜਾ ਖਤਮ ਹੋਇਆ ਹੈ, ਜੇ ਇਸ ਵਿਚ ਸਾਰੀਆਂ ਗਲਾਂ ਨੂੰ ਸ਼ਾਮਲ ਕਰਾਂ ਤਾਂ ਸਾਡੀ ਪਿਛਲੇ ਤਿੰਨ ਕੁਆਰਟਰਜ਼ ਵਿਚ ਜੋ ਪ੍ਰੋਗਰੈਸ ਹੋਈ ਹੈ, ਉਹ ਬਹੁਤ ਜ਼ਿਆਦਾ ਹੈ।

## EXTENSION OF TIME OF THE SITTING

**Mr. Speaker :** Is it the pleasure of the House that the time of the sitting of the House be extended by ten minutes ?

**Voices :** Yes, Yes.

**Mr. Speaker :** The time of the sitting of the House is extended by ten minutes.

## RESUMPTION OF DISCUSSION ON GOVERNOR'S ADDRESS

**ਮੁੱਖ ਮੰਤਰੀ** : ਪੰਜਾਬ ਵਿਚ ਦੂਜੇ ਸੂਬਿਆਂ ਨਾਲੋਂ ਕਰਾਈਮ ਘੱਟ ਹੈ। ਇਥੇ ਮਰਡਰ ਕੇਸਿਜ਼ ਵਿਚ ਕਮੀ ਹੋਈ ਹੈ। ਇਹ ਪਿਛਲੇ ਸਾਲ ਨਾਲੋਂ ਘੱਟ ਹੋਏ ਹਨ। ਫਿਗਰਜ਼ ਦੱਸਣ ਵਾਸਤੇ, ਸਪੀਕਰ ਸਾਹਿਬ, ਕਾਫੀ ਟਾਈਮ ਚਾਹੀਦਾ ਹੈ। ਇਥੇ ਅਕਾਲੀ ਪਾਰਟੀ ਦੇ ਮੈਂਬਰ ਹਾਜ਼ਰ ਨਹੀਂ ਹਨ ਜਿਹੜੇ ਹਮੇਸ਼ਾ ਰੇਪ ਦੇ ਸਵਾਲ ਤੋਂ ਸਿਵਾਏ ਹੋਰ ਕੋਈ ਗੱਲ ਨਹੀਂ ਕਰਦੇ ਹਨ। ਇਨ੍ਹਾਂ ਕੇਸਿਜ਼ ਵਿਚ ਕਾਫੀ ਕਮੀ ਆਈ ਹੈ। ਪਰਾਪਰਟੀ ਦੇ ਅਗੇਂਸਟ ਕਰਾਈਮ ਵਿਚ ਅਸੀਂ ਰਿਕਵਰੀਜ਼ ਜ਼ਿਆਦਾ ਕੀਤੀ ਹੈ ਇਹ ਤਕਰੀਬਨ 2/3 ਹਿੱਸਾ ਰਿਕਵਰੀ ਕੀਤੀ ਹੈ। 1981 ਵਿਚ 1,79,41,634 ਰੁਪਏ ਵਿਚੋਂ ਅਸੀਂ ਰਿਕਵਰੀ 1 ਕਰੋੜ 44 ਲੱਖ ਰੁਪਏ ਦੀ ਕੀਤੀ ਹੈ। ਪਿਛਲੇ ਸਾਲ ਨਾਲੋਂ ਜ਼ਿਆਦਾ ਕੇਸਿਜ਼ ਪੁਲਿਸ ਵਿਚ ਰਜਿਸਟਰ ਕੀਤੇ ਹਨ। ਅਸੀਂ ਹਰ ਤਰ੍ਹਾਂ ਨਾਲ ਲਾਅ ਐਂਡ ਆਰਡਰ ਨੂੰ ਕੰਟਰੋਲ ਵਿਚ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਪੁਲਿਸ ਨੇ 100 ਕਿਲੋ ਗ੍ਰਾਮ ਚਾਂਦੀ ਪਕੜੀ ਹੈ। ਪਿਸਟਲ 12 ਬੋਰ ਅਤੇ ਅਸਲਾ ਵਗੈਰਾ ਵੀ ਫੜਿਆ ਹੈ। ਪੁਲਿਸ ਨੇ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਪਕੜੀਆਂ ਹਨ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਸਰਕਾਰ ਅਵੇਸਲੀ ਨਹੀਂ ਬੈਠੀ ਹੋਈ। ਅਸੀਂ ਚੋਰੀ ਦੇ ਕੇਸਿਜ਼ ਵਿਚ ਕਾਫੀ ਰਿਕਵਰੀ ਕੀਤੀ ਹੈ। ਇਸ ਤੋਂ ਇਲਾਵਾ ਜਿਹੜੀਆਂ ਮੂਰਤੀਆਂ ਮੰਦਰਾਂ ਵਿਚੋਂ ਚੋਰੀਆਂ ਕੀਤੀਆਂ ਗਈਆਂ ਸਨ ਉਹ ਅਸੀਂ ਪਕੜੀਆਂ ਹਨ ਜਿਨ੍ਹਾਂ ਦਾ ਮੁੱਲ ਬਾਹਰਲੇ ਮੁਲਕਾਂ ਵਿਚ ਕਰੋੜਾਂ ਰੁਪਏ ਦਾ ਸੀ, ਉਹ ਪਕੜੀਆਂ ਹਨ ਅਤੇ ਰਿਕਵਰੀ ਕੀਤੀ ਹੈ। ਐਕਸਾਈਜ਼ ਐਕਟ ਦੇ ਥੱਲੇ ਕਾਫੀ ਕੇਸਿਜ਼ ਪਕੜੇ ਹਨ। ਅਫੀਮ ਦੇ 474 ਕੇਸਿਜ਼, ਐਕਸਾਈਜ਼ ਵਿਚ 366 ਕੇਸਿਜ਼ ਅਤੇ 388 ਆਰਮਜ਼ ਕੇਸਿਜ਼ ਪਕੜੇ ਹਨ। ਸਾਰੀ ਸਿਚੁਏਸ਼ਨ ਨੂੰ ਕੰਟਰੋਲ ਵਿਚ ਰਖਿਆ ਹੈ। ਲੋਕਾਂ ਵਿਚ ਜਿਹੜੀ ਅਨਰੈਸਟ ਅਪੋਜ਼ੀਸ਼ਨ ਵਾਲੇ ਪੈਦਾ ਕਰਨਾ ਚਾਹੁੰਦੇ ਸਨ ਅਤੇ ਅਕਾਲੀ ਭਰਾਵਾਂ ਨੇ ਫਿਰਕਾ-ਪ੍ਰਸਤੀ ਫੈਲਾਉਣ ਦੇ ਬੜੇ ਯਤਨ ਕੀਤੇ, ਇਥੋਂ ਤੱਕ ਕਿ ਸਾਡੇ ਪੁਲਿਸ ਕਰਮਚਾਰੀਆਂ ਦੇ ਉਪਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹਮਲੇ ਕੀਤੇ ਗਏ ਅਤੇ ਕਈ ਮਾਰੇ ਗਏ, ਉਨ੍ਹਾਂ ਦੀ ਜ਼ਿੰਦਗੀ ਦੀ ਕੀਮਤ ਤੇ ਸਾਰੀ ਸਿਚੂਏਸ਼ਨ ਨੂੰ ਕੰਟਰੋਲ ਵਿਚ ਰਖਿਆ ਹੈ।

ਇੰਡਸਟਰੀ ਤੇ ਅਸੀਂ 100 ਕਰੋੜ ਰੁਪਿਆ ਖਰਚ ਕੀਤਾ ਹੈ। ਜਿਸ ਦਾ ਨਤੀਜਾ 1983-84 ਵਿਚ ਸਾਡੇ ਸਾਹਮਣੇ ਆਵੇਗਾ। ਇਥੇ ਲਾਈਟ ਕੈਮੀਕਲ ਇੰਡਸਟਰੀ ਲਗਾਉਣ ਦਾ ਯਤਨ ਕਰ ਰਹੇ ਹਾਂ।

ਅਟਾਮਿਕ ਅਨਰਜੀ ਬਾਰੇ ਇਥੇ ਜ਼ਿਕਰ ਆਇਆ ਸੀ। 15-20 ਦਿਨ ਹੋਏ ਸੈਂਟਰ ਤੋਂ ਇਥੇ ਅਟਾਮਿਕ ਅਨਰਜੀ ਦਾ ਸੈਕਟਰੀ ਆਇਆ ਸੀ, ਉਹ ਸਾਈਟ ਵੇਖਣ ਵਾਸਤੇ ਆਏ ਸਨ। ਉਨ੍ਹਾਂ ਨਾਲ ਮੇਰੀ ਗੱਲ ਹੋਈ ਹੈ ਅਤੇ ਉਨ੍ਹਾਂ ਨੂੰ ਹੋਰ ਸਾਈਟ ਵਿਖਾਈ ਹੈ। ਸਾਡੇ ਖਿਲਾਫ ਇਕੋ ਗੱਲ ਜਾਂਦੀ ਹੈ ਕਿ ਅਟਾਮਿਕ ਅਨਰਜੀ ਦੇ ਪਲਾਂਟ ਨੂੰ ਬਾਰਡਰ ਏਰੀਆ ਦੇ ਨਜ਼ਦੀਕ ਹੋਣ ਕਰਕੇ ਪੰਜਾਬ ਵਿਚ ਲਗਾਉਣਾ ਮੁਸ਼ਕਿਲ ਹੈ। ਪਰ ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਹੁਣ ਦੇ ਵਕਤ ਵਿਚ ਇਕ ਮਿੰਟ ਵਿਚ 100 ਮੀਲ ਦੂਰ ਤੇ ਅਟੈਕ ਹੋ ਸਕਦਾ ਹੈ। ਦੂਰੀ ਵਾਲੀ ਕੋਈ ਗੱਲ ਨਹੀਂ ਰਹੀ ਹੈ। ਅਸੀਂ ਇਹ ਨਹੀਂ ਚਾਹੁੰਦੇ ਕਿ ਪਾਕਿਸਤਾਨ ਦੇ ਬਾਰਡਰ ਤੇ ਹੀ ਲਗਾ ਦਿਓ, ਬਾਰਡਰ ਤੋਂ ਦੂਰੀ ਤੇ ਲਗਾ ਦਿਓ। ਉਨ੍ਹਾਂ ਨੇ ਸਾਨੂੰ ਹਾਲੇ ਕੋਈ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਸਾਡਾ ਪੁਆਇੰਟ ਰਿਜੈਕਟ ਕੀਤਾ ਹੈ। ਅਸੀਂ ਕੋਸ਼ਿਸ਼ ਕਰਕੇ ਇਹ ਅਟਾਮਿਕ ਅਨਰਜੀ ਦਾ ਪਲਾਂਟ ਲਵਾਂਗੇ। ਮੈਂ ਇਹ ਵੀ ਕਿਹਾ ਹੈ ਕਿ ਜੋ ਸਾਨੂੰ ਸਹਾਇਤਾ ਦੇਣੀ ਪਵੇਗੀ ਉਹ ਅਸੀਂ ਦੇਵਾਂਗੇ ਪਰ ਉਨ੍ਹਾਂ ਨੇ ਕਤੱਈ ਇਨਕਾਰ ਵੀ ਨਹੀਂ ਕੀਤਾ।

ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਕਿਹਾ ਸੀ ਕਿ ਇਸ ਐਡਰੈਸ ਵਿਚ ਵਾਟਰ ਅਤੇ ਟੈਰੀ-ਟੋਰੀਅਲ ਇਸ਼ੂ ਦਾ ਜ਼ਿਕਰ ਨਹੀਂ ਕੀਤਾ ਗਿਆ। ਅਤੇ ਇਹ ਐਡਰੈਸ ਬੜਾ ਬਰੀਫ ਹੈ। ਮੈਂ ਇਨ੍ਹਾਂ ਦਾ ਧਿਆਨ ਇਸ ਐਡਰੈਸ ਵੱਲ ਦਿਵਾਉਣਾ ਚਾਹੁੰਦਾ ਹਾਂ।

At page 1 of the Address it is mentioned :—

> "At the outset, I must express deep feelings of gratitude on behalf of my Government as well as the peeple of Punjab to our beloved Prime Minister for the steps taken by her to promote national integration and communal harmony in the State."

ਅਸੀਂ ਅਗਰ ਹਰ ਗੱਲ ਨੂੰ ਵਿਸਥਾਰ ਨਾਲ ਇਸ ਐਡਰੈਸ ਵਿਚ ਲਿਖਦੇ ਤਾਂ ਇਸ ਐਡਰੈਸ ਦੇ ਪੇਜ ਡਬਲ ਹੋ ਜਾਣੇ ਸਨ ਅਤੇ ਇਨ੍ਹਾਂ ਨੂੰ ਪੜ੍ਹਨ ਵੇਲੇ ਮੁਸ਼ਕਿਲ ਹੋਣੀ ਸੀ। ਅਸੀਂ ਐਡਰੈਸ ਵਿਚ ਕਿਹਾ ਹੈ ਕਿ ਜੋ ਸਿਚੂਏਸ਼ਨ ਇਥੇ ਐਗਜ਼ਿਸਟ ਕਰਦੀ ਸੀ ਉਸ ਨੂੰ ਅਸੀਂ ਡਿਫਿਊਜ਼ ਕੀਤਾ ਹੈ ਅਤੇ ਇਸ ਨੂੰ ਡਿਫਿਊਜ਼ ਕਰਨ ਵਾਸਤੇ ਸਾਨੂੰ ਸਾਡੇ ਮਹਾਨ ਲੀਡਰ ਪ੍ਰਾਈਮ ਮਨਿਸਟਰ ਸਾਹਿਬਾ ਤੋਂ ਗਾਈਡੈਂਸ ਮਿਲਦੀ ਰਹੀ ਹੈ। ਇਸ ਐਡਰੈਸ ਵਿਚ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ। ਕਿਸਾਨਾਂ ਦੇ ਹਿੱਤਾਂ ਦੀ ਰਾਖੀ ਅਸੀਂ ਹਮੇਸ਼ਾਂ ਕਰਦੇ ਰਹੇ ਹਾਂ ਅਤੇ ਹਰ ਮੀਟਿੰਗ ਵਿਚ ਜਿਸ ਵਿਚ ਕਿਸਾਨਾਂ ਦਾ ਮਸਲਾ ਹੋਵੇ ਉਥੇ ਜ਼ੋਰਦਾਰ ਕਿਸਾਨਾਂ ਦੀ ਮਦਦ ਕੀਤੀ ਹੈ। ਹਰ ਚੀਜ਼ ਲਿਖਤੀ ਰੂਪ ਵਿਚ ਨਹੀਂ ਆ ਸਕਦੀ। ਕਈ ਗੱਲਾਂ ਸਟੇਟਮੈਂਟ ਰਾਹੀਂ, ਕਈ ਬਿਆਨਾਂ ਰਾਹੀਂ, ਕਈ ਵਿਊਜ਼ ਐਕਸਪ੍ਰੈਸ ਕਰਕੇ ਅਤੇ ਕਈ ਲਿਖਤੀ ਰੂਪ ਵਿਚ ਆਉਂਦੀਆਂ ਹਨ। ਇਨ੍ਹਾਂ ਸਾਰੇ ਹਾਲਾਤ ਦੇ ਬਾਵਜੂਦ ਅਸੀਂ ਬੜੇ ਪੀਸਫੁਲ ਤਰੀਕੇ ਨਾਲ ਪੰਜਾਬ ਵਿਚ ਤਰੱਕੀ ਕੀਤੀ ਹੈ ਅਤੇ ਪ੍ਰਾਈਮ ਮਨਿਸਟਰ ਨਾਲ ਬੈਠ ਕੇ ਆਪਣੇ ਮਸਲੇ ਹੱਲ ਕੀਤੇ ਹਨ। ਅਕਾਲੀ ਭਰਾਵਾਂ ਨੂੰ ਵੀ ਚਾਹੀਦਾ ਹੈ, ਜਿਹੜੇ ਹਾਊਸ ਵਿਚ ਗੈਰ-ਹਾਜ਼ਰ ਹਨ, ਉਹ ਪ੍ਰਾਈਮ

Original with;
Punjab Vidhan Sabha
Digitized by;
Panjab Digital Library

ਮਨਿਸਟਰ ਸਾਹਿਬਾ ਨਾਲ ਗੱਲਬਾਤ ਰਾਹੀਂ ਬਾਕੀ ਦੇ ਮਸਲੇ ਵੀ ਹੱਲ ਕਰ ਲੈਣ। ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਇਹ ਮਤਾ ਜਿਹੜਾ ਜੱਸੋਵਾਲ ਸਾਹਿਬ ਨੇ ਪੇਸ਼ ਕੀਤਾ ਹੈ ਅਤੇ ਜਿਸ ਨੂੰ ਧੰਨੋਵਾਲੀਆ ਸਾਹਿਬ ਨੇ ਸੈਕੰਡ ਕੀਤਾ ਹੈ, ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਕੁਝ ਸਵਾਲ ਹਾਊਸ ਵਿਚ ਇਥੇ ਉਠਾਏ ਸਨ। ਐਗਰੀਕਲਚਰਲ ਪਰਾਇਸ ਕਮਿਸ਼ਨ ਦੇ ਮੁਤਾਬਕ 151/- ਰੁਪਏ ਕਣਕ ਦਾ ਭਾਅ ਮਿਥਿਆ ਗਿਆ ਹੈ। ਪੰਜਾਬ ਸਰਕਾਰ ਨੇ ਕਣਕ ਦੇ ਭਾਅ ਵੱਧ ਦਿਵਾਉਣ ਵਿਚ ਕੀ ਐਫਟਸ ਕੀਤੀ ਆਂ ਹਨ ? ਕੀ ਪੰਜਾਬ ਗੌਰਮਿੰਟ ਦੇ ਖਿਆਲ ਮੁਤਾਬਿਕ ਕਣਕ ਦਾ ਭਾਅ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਨੇ 152 ਰੁਪਏ ਪ੍ਰਤੀ ਕੁਇੰਟਲ ਠੀਕ ਫਿਕਸ ਕੀਤਾ ਹੈ ? ਕੀ ਇਹ ਭਾਅ ਵਾਜਬ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਸਬੰਧੀ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੁਲਕ ਦੀਆਂ ਹੋਰ ਵੀ ਸਟੇਟਾਂ ਆਪਣਾ ਹਿਸਾਬ ਕਿਤਾਬ ਲਗਾ ਕੇ ਭੇਜਦੀਆਂ ਹਨ। ਅਸੀਂ 170 ਰੁਪਏ ਕੁਇੰਟਲ ਦੇ ਹਿਸਾਬ ਨਾਲ ਹਿਸਾਬ ਕਿਤਾਬ ਲਗਾ ਕੇ ਸੈਂਟਰ ਨੂੰ ਭੇਜਿਆ ਸੀ। (ਥੰਪਿੰਗ) ਐਗਰੀਕਲਚਰਲ ਪਰਾਈਸ ਕਮਿਸ਼ਨ ਨੇ ਸਾਰੀ ਚੀਜ਼ ਦੇਖਣੀ ਹੁੰਦੀ ਹੈ। ਕਨਜ਼ਿਊਮਰ ਦਾ ਵੀ ਖਿਆਲ ਰੱਖਣਾ ਪੈਂਦਾ ਹੈ। ਕਨਜ਼ਿਊਮਰ ਲਈ ਵੀ ਰੀਜ਼ਨੇਬਲ ਰੇਟ ਹੋਣੇ ਚਾਹੀਦੇ ਹਨ। ਇਸ ਕਰਕੇ ਪ੍ਰਸ਼ੰਸਾ ਸਿਰਫ ਇਕ ਦੀ ਹੀ ਨਹੀਂ ਲੈਣੀ ਹੁੰਦੀ ਬਲਕਿ 90% ਤੋਂ ਵਧ ਜਿਹੜੇ ਕਨਜ਼ਿਊਮਰ ਹਨ, ਉਨ੍ਹਾਂ ਦਾ ਜ਼ਿਆਦਾ ਧਿਆਨ ਰੱਖਣਾ ਪੈਂਦਾ ਹੈ। ਏ.ਪੀ.ਸੀ. ਵਾਲਿਆਂ ਨੇ ਅਨਰੀਜ਼ਨੇਬਲ ਰੇਟ ਨਹੀਂ ਦੇਣੇ। ਕਨਜ਼ਿਊਮਰ ਦਾ ਬਹੁਤਾ ਧਿਆਨ ਰੱਖਣਾ ਪੈਂਦਾ ਹੈ।

**They have to look from all India perspective.**

**ਕਾਮਰੇਡ ਸਰਵਣ ਸਿੰਘ ਚੀਮਾਂ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਇੱਕ ਦੋ ਗੱਲਾਂ ਬਾਰੇ ਸਪੱਸ਼ਟ ਨਹੀਂ ਕੀਤਾ। ਜਿਹੜਾ ਇਲਾਕਿਆਂ ਦਾ ਝਗੜਾ ਹੈ ਅਤੇ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਵਿਚ ਚਲੇ ਗਏ ਹਨ, ਉਨ੍ਹਾਂ ਬਾਰੇ ਪੰਜਾਬ ਸਰਕਾਰ ਦੀ ਕੀ ਰਾਏ ਹੈ ? ਕੀ ਉਹ ਇਨ੍ਹਾਂ ਝਗੜਿਆਂ ਬਾਰੇ ਕਮਿਸ਼ਨ ਬਿਠਾਉਣਾ ਚਾਹੁੰਦੇ ਹਨ ਜਾਂ ਕਿਸੇ ਹੋਰ ਤਰੀਕੇ ਨਾਲ ਇਹ ਮਸਲਾ ਹੱਲ ਕਰਨਾ ਚਾਹੁੰਦੇ ਹਨ ?

ਦੂਸਰਾ, ਸਪੀਕਰ ਸਾਹਿਬ, ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਏ। ਇਸ ਸਬੰਧੀ ਤੁਸੀਂ ਕੀ ਕਾਰਵਾਈ ਕਰ ਰਹੇ ਹੋ ? ਜੇਕਰ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਤੁਸੀਂ ਕੀ ਕਰੋਗੇ ? ਤੁਹਾਡੇ ਫੈਸਲੇ ਤੇ ਕਿਸੇ ਨੂੰ ਇਤਰਾਜ਼ ਹੋ ਸਕਦਾ ਹੈ ਅਤੇ ਕਿਸੇ ਨੂੰ ਨਹੀਂ ਇਤਰਾਜ਼ ਹੋ ਸਕਦਾ। ਜੇਕਰ ਚੰਡੀਗੜ੍ਹ ਦਾ ਕੋਈ ਫੈਸਲਾ ਨਹੀਂ ਹੁੰਦਾ ਤਾਂ ਇਸ ਦਾ ਕੀ ਹੱਲ ਹੈ।

**Mr. Speaker** : Question is—

'That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 7th March, 1983.'

*The motion was carried*

**Mr. Speaker:** The House stands adjourned till 2.00 P.M. on Monday, the 14th March, 1983.

1.30 P. M.

**(The Sabha then adjourned till 2.00 P.M. on Monday, the 14th March, 1983).**

12551/PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1984

Published under the authority of the Punjab Vidhan Sabha and Printed by the Controller, Printing and Stationery Department (U.T.), Chandigarh.

Original with;
Punjab Vidhan Sabha
Digitized by;
Panjab Digital Library

S.P.
6

# Punjab Vidhan Sabha Debates

*14th March, 1983*

Vol. VI—No. 6

---

## OFFICIAL REPORT

CONTENTS

Monday, the 14th March, 1983


| | | Page |
|---|---|---|
| Starred Questions and Answers | .. | (6)1 |
| Written Answers to Starred Questions laid on the Table of the House under Rule 38 | .. | (6)66 |
| Unstarred Question and Answer | .. | (6)68 |
| Call Attention Notices under rule 66 | .. | (6)69 |
| Paper laid on the Table | .. | (6)73 |
| Personal Explanation by Sardar Birdevinder Singh | .. | (6)73 |
| FINANCIAL BUSINESS | .. | (6)73 |
| Supplementary Estimates (Second Instalment) for the year 1982-83 | .. | (6)73 |
| Discussion on the Estimates of the expenditure charged on the revenues of the State | .. | (6)73 |
| Voting of the demands for Supplementary Grants | .. | (6)73 |
| Walk-out | .. | (6)107 |
| Voting of the demands for Supplementary Grants (*Resumption*) | .. | (6)107 |



Punjab Vidhan Sabha Secretariat, Chandigarh

Price : Rs. Rs 62-50



Original with;
Punjab Vidhan Sabha
Digitized by;
Panjab Digital Library

| | Page |
|---|---|
| **LEGISLATIVE BUSINESS** | |
| **The Punjab Appropriation Bill, 1983** .. | (6) 11 |
| **Appendix** .. | (i) |


Original with;
Punjab Vidhan Sabha
Digitized by;
Panjab Digital Library

# PUNJAB VIDHAN SABHA

Monday, the 14th March, 1983

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P. M. of the Clock. Mr. Speaker (Shri Brij Bhushan Mehra) in the Chair.

## STARRED QUESTIONS AND ANSWERS

### Loan for the purchase of land

*1870. **Chaudhri Jagjit Singh**: Will the Minister for Welfare and Labour be pleased to state :—

(a) the district-wise number and details of Harijans to whom the loans were granted by the Punjab Scheduled Castes Land Development and Finance Corporation for the purchase of land during the year 1981-82 and 1982-83 (upto January, 1983);

(b) the period in which the loans referred to in part (a) above will be recovered together with the rate of interest to be charged thereon.?

**ਚੌਧਰੀ ਜਗਤ ਰਾਮ** : (ਏ) ਜ਼ਿਲ੍ਹੇਵਾਰ ਵੇਰਵਾ ਅਤੇ ਗਿਣਤੀ ਅਨੁਲੱਗ 'ਏ' ਤੇ ਦਿਤੀ ਗਈ ਹੈ।

(ਬੀ) ਇਹ ਕਰਜ਼ੇ ਸਮੇਤ ਸੂਦ ਦੇ 10 ਸਾਲਾਂ (19 ਛਮਾਹੀ ਕਿਸ਼ਤਾਂ) ਵਿਚ ਵਸੂਲ ਕੀਤੇ ਜਾਂਦੇ ਹਨ। ਕਰਜ਼ੇ ਦੀ ਵਸੂਲੀ ਕਰਜ਼ਾ ਦੇਣ ਦੀ ਮਿਤੀ ਤੋਂ ਇਕ ਸਾਲ ਬਾਅਦ ਕੀਤੀ ਜਾਂਦੀ ਹੈ।

ਸੂਦ ਦੀ ਦਰ ਦਾ ਵੇਰਵਾ ਹੇਠ ਅਨੁਸਾਰ ਹੈ।

1. ਰੁ: 3000/- ਤੱਕ ਦੇ ਕਰਜ਼ਿਆਂ ਤੇ ਕੋਈ ਸੂਦ ਨਹੀਂ।
2. ਰੁ: 3001/- ਤੋਂ 10,000 ਤੱਕ 3%
3. ਰੁ: 10,001 ਤੋਂ 20,000 ਤੱਕ 4%
4. ਰੁ: 20,001 ਤੋਂ 30,000 ਤੱਕ 5%
5. ਰੁ: 30,001 ਤੋਂ ਉਤੇ (35,000 ਤੱਕ) 7%

Original with;
Punjab Vidhan Sabha
Digitized by;
Panjab Digital Library

[ਭਲਾਈ ਅਤੇ ਕਿਰਤ ਮੰਤਰੀ]

### ਅਨੁਲੱਗ 'ਏ'

ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੁਆਰਾ ਸਾਲ 1981-82 ਅਤੇ 1982-83 (ਮਿਤੀ 31-1-83 ਤਕ) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਜ਼ਮੀਨ ਖਰੀਦਣ ਲਈ ਦਿਤੇ ਗਏ ਕਰਜ਼ਿਆਂ ਦਾ ਜ਼ਿਲ੍ਹਾਵਾਰ ਅਤੇ ਸਾਲਵਾਰ ਵੇਰਵਾ।

ਜ਼ਿਲ੍ਹਾ ਅੰਮ੍ਰਿਤਸਰ

ਸਾਲ 1981-82

ਜ਼ਮੀਨ ਖਰੀਦਣ ਲਈ ਦਿਤੇ ਗਏ ਕਰਜ਼ਿਆਂ ਦੇ ਕੇਸਾਂ ਦੀ ਗਿਣਤੀ। ਕੋਈ ਨਹੀਂ।

ਜ਼ਿਲ੍ਹਾ ਅੰਮ੍ਰਿਤਸਰ

ਸਾਲ 1982-83

ਜ਼ਮੀਨ ਖਰੀਦਣ ਲਈ ਦਿਤੇ ਗਏ ਕਰਜ਼ਿਆਂ ਦੇ ਕੇਸਾਂ ਦੀ ਗਿਣਤੀ 2

| ਲੜੀ ਨੰ: | ਨਾਮ ਤੇ ਪਤਾ |
|---|---|
| 1. | ਸ਼੍ਰੀ ਚੰਨਣ ਸਿੰਘ ਪੁੱਤਰ ਸ਼੍ਰੀ ਮੰਗਲ ਸਿੰਘ, ਪਿੰਡ ਜੇਠੂ ਨੰਗਲ ਡਾਕਖਾਨਾ ਦਾਦੂਪੁਰਾ, ਤਹਿਸੀਲ ਅੰਮ੍ਰਿਤਸਰ। |
| 2. | ਸ਼੍ਰੀਮਤੀ ਅਮਰ ਕੌਰ ਪਤਨੀ ਸ਼੍ਰੀ ਲੱਖਾ ਸਿੰਘ, ਵਾਰਡ ਨੰ: 6 ਪੱਤੀ ਪੰਡੋਰੀ, ਸੁਲਤਾਨਵਿੰਡ, ਤਹਿਸੀਲ ਅੰਮ੍ਰਿਤਸਰ। |

ਜ਼ਿਲ੍ਹਾ ਫਰੀਦਕੋਟ

ਸਾਲ 1981-82

ਜ਼ਮੀਨ ਖਰੀਦਣ ਲਈ ਦਿਤੇ ਗਏ ਕਰਜ਼ਿਆਂ ਦੇ ਕੇਸਾਂ ਦੀ ਗਿਣਤੀ 20

| ਲੜੀ ਨੰ: | ਨਾਮ ਤੇ ਪਤਾ |
|---|---|
| 1 | 2 |
| 1. | ਸ਼੍ਰੀ ਭਾਗ ਸਿੰਘ ਪੁੱਤਰ ਸ਼੍ਰੀ ਵਜ਼ੀਰ ਸਿੰਘ, ਪਿੰਡ ਤੇ ਡਾਕਖਾਨਾ ਕਾਨਿਆਂਵਾਲੀ, ਤਹਿਸੀਲ ਮੁਕਤਸਰ। |
| 2. | ਸ਼੍ਰੀ ਗੁਰਦੀਪ ਸਿੰਘ ਪੁੱਤਰ ਸ਼੍ਰੀ ਲਛਮਨ ਸਿੰਘ, 'ਉਪਰੋਕਤ' |
| 3. | ਸ਼੍ਰੀ ਸੁਰਜੀਤ ਸਿੰਘ ਪੁੱਤਰ ਸ਼੍ਰੀ ਨਿਹਾਲਾ ਸਿੰਘ, ਉਪਰੋਕਤ' |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਨਾਮ ਤੇ ਪਤਾ |
|---|---|
| 1 | 2 |
| 4. | ਸ੍ਰੀ ਦਰਬਾਰਾ ਸਿੰਘ ਪੁੱਤਰ ਸ੍ਰੀ ਭਾਗ ਸਿੰਘ, ਪਿੰਡ ਤੇ ਡਾਕਖਾਨਾ ਕਨਿਆਂਵਾਂਲੀ, ਤਹਿਸੀਲ ਮੁਕਤਸਰ । |
| 5. | ਸ੍ਰੀ ਪਰਤਾਪ ਸਿੰਘ ਪੁੱਤਰ ਸ੍ਰੀ ਲਛਮਣ ਸਿੰਘ, 'ਉਪਰੋਕਤ' |
| 6. | ਸ੍ਰੀ ਲਛਮਨ ਸਿੰਘ ਪੁੱਤਰ ਸ੍ਰੀ ਰਾਮ ਦਿੱਤਾ, 'ਉਪਰੋਕਤ' |
| 7. | ਸ੍ਰੀ ਦਰਸ਼ਨ ਸਿੰਘ ਪੁੱਤਰ ਸ੍ਰੀ ਲਛਮਣ ਸਿੰਘ, 'ਉਪਰੋਕਤ' |
| 8. | ਸ੍ਰੀ ਨਿਹਾਲਾ ਸਿੰਘ ਪੁੱਤਰ ਸ੍ਰੀ ਸੱਜਣ ਸਿੰਘ, 'ਉਪਰੋਕਤ' |
| 9. | ਸ੍ਰੀ ਗੁਰਮੇਲ ਸਿੰਘ ਪੁੱਤਰ ਸ੍ਰੀ ਭਾਗ ਸਿੰਘ, ਪਿੰਡ ਤੇ ਡਾਕਖਾਨਾ ਕਾਂਨਿਆਂਵਾਲੀ, ਤਹਿਸੀਲ ਮੁਕਤਸਰ । |
| 10. | ਸ੍ਰੀ ਗੁਲਾਬ ਸਿੰਘ ਪੁੱਤਰ ਸ੍ਰੀ ਜੀਤ ਸਿੰਘ, 'ਉਪਰੋਕਤ' |
| 11. | ਸ੍ਰੀ ਦਰਸ਼ਨ ਸਿੰਘ ਪੁੱਤਰ ਸ੍ਰੀ ਸੱਜਣ ਸਿੰਘ, 'ਉਪਰੋਕਤ' |
| 12. | ਸ੍ਰੀ ਪਾਲ ਸਿੰਘ ਪੁਤਰ ਸ੍ਰੀ ਸੱਜਣ ਸਿੰਘ, 'ਉਪਰੋਕਤ' |
| 13. | ਸ੍ਰੀ ਬਲਜਿੰਦਰ ਸਿੰਘ ਪੁੱਤਰ ਸ੍ਰੀ ਆਤਮਾ ਸਿੰਘ, 'ਉਪਰੋਕਤ' |
| 14. | ਸ੍ਰੀ ਨਾਨਕ ਸਿੰਘ ਪੁੱਤਰ ਸ੍ਰੀ ਬੱਗੜ ਸਿੰਘ, 'ਉਪਰੋਕਤ' |
| 15. | ਸ੍ਰੀ ਪਾਲਾ ਸਿੰਘ ਪੁੱਤਰ ਸ੍ਰੀ ਜੀਤ ਸਿੰਘ, 'ਉਪਰੋਕਤ' |
| 16. | ਸ੍ਰੀ ਕਸ਼ਮੀਰਾ ਸਿੰਘ ਪੁੱਤਰ ਸ੍ਰੀ ਕਰਮ ਸਿੰਘ, 'ਉਪਰੋਕਤ' |
| 17. | ਸ੍ਰੀ ਸਿੰਗਨਾ ਸਿੰਘ ਪੁੱਤਰ ਸ੍ਰੀ ਲਾਭ ਸਿੰਘ, 'ਉਪਰੋਕਤ' |

Original with;
Punjab Vidhan Sabha
Digitized by;
Panjab Digital Library

[ਭਲਾਈ ਅਤੇ ਕਿਰਤ ਮੰਤਰੀ]

| ਲੜੀ ਨੰ: | ਨਾਮ ਤੇ ਪਤਾ |
| --- | --- |
| 1 | 2 |
| 18. | ਸ੍ਰੀ ਪੂਰਨ ਸਿੰਘ ਪੁੱਤਰ ਸ੍ਰੀ ਅਮਰ ਸਿੰਘ, ਪਿੰਡ ਤੇ ਡਾਕਖਾਨਾ ਕਨਿਆਂਵਾਲੀ, ਤਹਿਸੀਲ ਮੁਕਤਸਰ। |
| 19. | ਸ੍ਰੀ ਬੂਟਾ ਸਿੰਘ ਪੁੱਤਰ ਸ੍ਰੀ ਲਾਭ ਸਿੰਘ, 'ਉਪਰੋਕਤ' |
| 20. | ਸ੍ਰੀ ਬਲਬੀਰ ਸਿੰਘ ਪੁੱਤਰ ਸ੍ਰੀ ਸੱਜਣ ਸਿੰਘ, 'ਉਪਰੋਕਤ' |

ਜ਼ਿਲ੍ਹਾ ਫਰੀਦਕੋਟ

ਸਾਲ 1982-83

ਜ਼ਮੀਨ ਖਰੀਦਣ ਲਈ ਦਿਤੇ ਗਏ ਕਰਜ਼ਿਆਂ ਦੇ ਕੇਸਾਂ ਦੀ ਗਿਣਤੀ 38

1. ਸ੍ਰੀ ਜ਼ੈਲਾ ਸਿੰਘ ਪੁੱਤਰ ਸ੍ਰੀ ਸ਼ੇਰ ਸਿੰਘ, ਪਿੰਡ ਤੇ ਡਾਕਖਾਨਾ ਕਾਂਨਿਆਂਵਾਲੀ, ਤਹਿਸੀਲ ਮੁਕਤਸਰ।
2. ਸ੍ਰੀ ਹਰਚੰਦ ਸਿੰਘ ਪੁੱਤਰ ਸ੍ਰੀ ਸਾਉਣ ਸਿੰਘ, 'ਉਪਰੋਕਤ'
3. ਸ੍ਰੀ ਕਰਤਾਰ ਸਿੰਘ ਪੁੱਤਰ ਸ੍ਰੀ ਬੱਗੜ ਸਿੰਘ, 'ਉਪਰੋਕਤ'
4. ਸ੍ਰੀ ਕਰਮ ਸਿੰਘ ਪੁੱਤਰ ਸ੍ਰੀ ਅਮਰ ਸਿੰਘ, 'ਉਪਰੋਕਤ'
5. ਸ੍ਰੀ ਗੁਰਬਚਨ ਸਿੰਘ ਪੁੱਤਰ ਸ੍ਰੀ ਬੱਗੜ ਸਿੰਘ, 'ਉਪਰੋਕਤ'
6. ਸ੍ਰੀ ਪਾਲਾ ਸਿੰਘ ਪੁੱਤਰ ਸ੍ਰੀ ਪੀਰਾ ਸਿੰਘ, 'ਉਪਰੋਕਤ'
7. ਸ੍ਰੀ ਸਾਵਣ ਸਿੰਘ ਪੁੱਤਰ ਸ੍ਰੀ ਲਾਭ ਸਿੰਘ, 'ਉਪਰੋਕਤ
8. ਸ੍ਰੀ ਅਮਰ ਸਿੰਘ ਪੁੱਤਰ ਸ੍ਰੀ ਸਮੁੰਦਾ ਸਿੰਘ, 'ਉਪਰੋਕਤ'

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਨਾਮ ਤੇ ਪਤਾ |
|---|---|
| 1 | 2 |
| 9. | ਸ੍ਰੀ ਕਿਰਪਾਲ ਸਿੰਘ ਪੁੱਤਰ ਸ੍ਰੀ ਜੀਠ ਸਿੰਘ, ਪਿੰਡ ਤੇ ਡਾਕਖਾਨਾ ਕਾਨਿਆਂਵਾਲੀ. ਤਹਿਸੀਲ ਮੁਕਤਸਰ। |
| 10. | ਸ੍ਰੀ ਸ਼ੇਰ ਸਿੰਘ ਪੁੱਤਰ ਸ੍ਰੀ ਬਿਸ਼ਨ ਸਿੰਘ, 'ਉਪਰੋਕਤ' |
| 11. | ਸ੍ਰੀ ਹਰਦਿਆਲ ਸਿੰਘ ਪੁੱਤਰ ਸ੍ਰੀ ਹਰੀ ਸਿੰਘ, 'ਉਪਰੋਕਤ' |
| 12. | ਸ੍ਰੀ ਬੂਟਾ ਸਿੰਘ ਪੁੱਤਰ ਸ੍ਰੀ ਕਰਤਾਰੀ ਸਿੰਘ, 'ਉਪਰੋਕਤ' |
| 13. | ਸ੍ਰੀ ਗੁਰਬਚਨ ਸਿੰਘ ਪੁਤਰ ਸ੍ਰੀ ਕਿਰਪਾਲ ਸਿੰਘ, 'ਉਪਰੋਕਤ' |
| 14. | ਸ੍ਰੀ ਰੁਲਦੂ ਸਿੰਘ ਪੁੱਤਰ ਸ੍ਰੀ ਚੇਤੂ ਸਿੰਘ, 'ਉਪਰੋਕਤ' |
| 15. | ਸ੍ਰੀ ਬੀਰ ਸਿੰਘ ਪੁੱਤਰ ਸ੍ਰੀ ਚੇਤੂ ਸਿੰਘ, 'ਉਪਰਕਤ' |
| 16. | ਸ੍ਰੀ ਚੇਥੂ ਸਿੰਘ ਪੁੱਤਰ ਸ੍ਰੀ ਸੂਬਾ ਸਿੰਘ, 'ਉਪਰੋਕਤ' |
| 17. | ਸ੍ਰੀ ਕਿਰਪਾਲ ਸਿੰਘ ਪੁੱਤਰ ਸ੍ਰੀ ਨੰਦਾ ਸਿੰਘ, 'ਉਪਰੋਕਤ |
| 18. | ਸ੍ਰੀ ਸੁਦਾਗਰ ਸਿੰਘ ਪੁੱਤਰ ਸ੍ਰੀ ਚੇਤੂ ਸਿੰਘ, 'ਉਪਰੋਕਤ' |
| 19. | ਸ੍ਰੀ ਗਿਆਨ ਸਿੰਘ ਪੁੱਤਰ ਸ੍ਰੀ ਹਰੀ ਸਿੰਘ, 'ਉਪਰੋਕਤ' |
| 20. | ਸ੍ਰੀ ਦਰਸ਼ਨ ਸਿੰਘ ਪੁੱਤਰ ਸ੍ਰੀ ਗਿਆਨ ਸਿੰਘ, 'ਉਪਰੋਕਤ' |
| 21. | ਸ੍ਰੀ ਚੰਦ ਰੂਪ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ, 'ਉਪਰੋਕਤ' |

Original with;
Punjab Vidhan Sabha
Digitized by;
Panjab Digital Library

[ਭਲਾਈ ਤੇ ਕਿਰਤ ਮੰਤਰੀ]

| ਲੜੀ ਨੰ: | ਨਾਮ ਤੇ ਪਤਾ |
|---|---|
| 1 | 2 |
| 22. | ਸ੍ਰੀ ਚੰਨਣ ਸਿੰਘ ਪੁਤਰ ਸ੍ਰੀ ਅਮਰ ਸਿੰਘ, ਪਿੰਡ ਤੇ ਡਾਕਖਾਨਾ ਕਾਨਿਆਂਵਾਲੀ, ਤਹਿਸੀਲ ਮੁਕਤਸਰ। |
| 23. | ਸ੍ਰੀ ਦਰਸ਼ਨ ਸਿੰਘ ਪੁੱਤਰ ਸ੍ਰੀ ਅਮਰ ਸਿੰਘ, |
| 24. | ਸ੍ਰੀ ਇੰਦਰ ਸਿੰਘ ਪੁਤਰ ਸ੍ਰੀ ਪਰੇਮ ਸਿੰਘ, |
| 25. | ਸ੍ਰੀ ਜਗਦੇਵ ਸਿੰਘ ਪੁੱਤਰ ਸ੍ਰੀ ਚੰਨਣ ਸਿੰਘ, 'ਉਪਰੋਕਤ' |
| 26. | ਸ੍ਰੀ ਮਨਧੀਰ ਸਿੰਘ ਪੁੱਤਰ ਸ੍ਰੀ ਬਚਨ ਸਿੰਘ, 'ਉਪਰੋਕਤ' |
| 27. | ਸ੍ਰੀ ਨਰਿੰਦਰ ਸਿੰਘ ਪੁੱਤਰ ਸ੍ਰੀ ਅਮਰ ਸਿੰਘ, 'ਉਪਰੋਕਤ' |
| 28. | ਸ੍ਰੀ ਰਨਰੂਪ ਸਿਘ ਪੁੱਤਰ ਸ੍ਰੀ ਇੰਦਰ ਸਿੰਘ, 'ਉਪਰੋਕਤ' |
| 29, | ਸ੍ਰੀ ਸੁਖਦੇਵ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ, 'ਉਪਰੋਕਤ' |
| 30. | ਸ੍ਰੀ ਸੁਖਦੇਵ ਸਿੰਘ ਪੁੱਤਰ ਸ੍ਰੀ ਚੰਨਣ ਸਿੰਘ, 'ਉਪਰੋਕਤ' |
| 31. | ਸ੍ਰੀ ਜੀਤੂ ਸਿੰਘ ਪੁੱਤਰ ਸ੍ਰੀ ਪ੍ਰਤਾਪ ਸਿੰਘ, 'ਉਪਰੋਕਤ' |
| 32. | ਸ੍ਰੀ ਕੇਵਲ ਸਿੰਘ ਪੁੱਤਰ ਸ੍ਰੀ ਚੰਨਣ ਸਿੰਘ, 'ਉਪਰੋਕਤ' |
| 33. | ਸ੍ਰੀ ਪਾਲਾ ਸਿੰਘ ਪੁੱਤਰ ਸ੍ਰੀ ਅਮਰ ਸਿੰਘ, 'ਉਪਰੋਕਤ' |
| 34. | ਸ੍ਰੀ ਮਹਿੰਦਰ ਸਿੰਘ ਪੁੱਤਰ ਸ੍ਰੀ ਕਿਰਪਾਲ ਸਿੰਘ, 'ਉਪਰੋਕਤ' |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਨਾਮ ਤੇ ਪਤਾ |
|---|---|

35. ਸ੍ਰੀ ਅਮਰ ਸਿੰਘ ਪੁੱਤਰ ਸ੍ਰੀ ਪ੍ਰੇਮ ਸਿੰਘ, ਪਿੰਡ ਤੇ ਡਾਕਖਾਨਾ ਕਾਨਿਆਂਵਾਲੀ ਤਹਿਸੀਲ ਮੁਕਤਸਰ।

36. ਸ੍ਰੀ ਤੁਲਾ ਸਿੰਘ ਪੁੱਤਰ ਸ੍ਰੀ ਪ੍ਰੇਮ ਸਿੰਘ,
'ਉਪਰੋਕਤ'

37. ਸ੍ਰੀ ਫਕੀਰੀਆ ਸਿੰਘ ਪੁੱਤਰ ਸ੍ਰੀ ਤੁਲਾ ਸਿੰਘ,
'ਉਪਰੋਕਤ'

38. ਸ੍ਰੀ ਨਾਜਰ ਸਿੰਘ ਪੁੱਤਰ ਸ੍ਰੀ ਸਾਵਨ ਸਿੰਘ, ਪਿੰਡ ਮਾਨਸਿੰਘ ਵਾਲਾ।

ਜ਼ਿਲ੍ਹਾ ਫਿਰੋਜ਼ਪੁਰ

ਸਾਲ 1981-82

ਜ਼ਮੀਨ ਖਰੀਦਣ ਲਈ ਦਿੱਤੇ ਗਏ ਕਰਜ਼ਿਆਂ ਦੇ ਕੇਸਾਂ ਦੀ ਗਿਣਤੀ : 3

1 ਸ੍ਰੀ ਪਿਆਰਾ ਸਿੰਘ, ਪੁੱਤਰ ਸ੍ਰੀ ਤਰਲੋਕ ਸਿੰਘ, ਪਿੰਡ ਤੇ ਡਾਕ; ਹਸਨ ਦਾ'ਤੇ, ਤਹਿਸੀਲ ਫਿਰੋਜ਼ਪੁਰ !

2 ਸ੍ਰੀ ਮੰਗਲ ਸਿੰਘ ਪੁੱਤਰ ਸ੍ਰੀ ਕਾਕਾ ਸਿੰਘ, ਪਿੰਡ ਵਾਹਰੇਵਾਲਾ, ਡਾਕਖਾਨਾ ਖਾਈ ਫੇਮੇਕੀ, ਫਿਰੋਜ਼ਪੁਰ ।

3 ਸ੍ਰੀ ਲਾਲ ਸਿੰਘ ਪੁੱਤਰ ਸ੍ਰੀ ਮੰਗਲ ਸਿੰਘ,
'ਉਪਰੋਕਤ'

ਜ਼ਿਲ੍ਹਾ ਫਿਰੋਜ਼ਪੁਰ

ਸਾਲ 1982-83

ਜ਼ਮੀਨ ਖਰੀਦਣ ਲਈ ਦਿੱਤੇ ਗਏ ਕਰਜ਼ਿਆਂ ਦੇ ਕੇਸਾਂ ਦੀ ਗਿਣਤੀ ; 2

1 ਸ੍ਰੀ ਸੁਰਜੀਤ ਸਿੰਘ ਪੁੱਤਰ ਸ੍ਰੀ ਹਜ਼ਾਰਾ ਸਿੰਘ, ਪਿੰਡ ਹਸਨਦੱਤ ਡਾਕਖਾਨਾ ਖਾਈ ਫੇਮੇਕੀ, ਤਹਿਸੀਲ ਫਿਰੋਜ਼ਪੁਰ ।

2 ਸ੍ਰੀ ਹਰਵਿੰਦਰ ਸਿੰਘ ਪੁੱਤਰ ਸ੍ਰੀ ਕਰਮ ਸਿੰਘ ਪਿੰਡ ਤੇ ਡਾਕਖਾਨਾ ਲਖੋਕੇ ਬਹਿਰਾਮ, ਤਹਿਸੀਲ ਫਿਰੋਜ਼ਪੁਰ ।

ਜ਼ਿਲ੍ਹਾ ਗੁਰਦਾਸਪੁਰ

ਸਾਲ 1981-82

Original with;
That a Supplementary sum not exceeding Rs. 52,90,000 be granted to the Governor to defray the charges that will come in course of payment for the year ending 31st March, 1983, in respect of Animal Husbandry.

**Demand No. 31**

That a Supplementary sum not exceeding Rs. 14,87,000 be granted to the Governor to defray the charges that will come in course of payment for the year ending 31st March, 1983, in respect of Fisheries.

**Demand No. 32**

That a Supplementary sum not exceeding Rs. 1,64,93,000 be granted to the Governor to defray the charges that will come in course of payment for the year ending 31st March, 1983, in respect of Forest.

**Demand No. 33**

That a Supplementary sum not exceeding Rs. 37,08,000 be granted to the Governor to defray the charges that will come in course of payment for the year ending 31st March, 1983, in respect of Community Development.

**Demand No. 34**

That a Supplementary sum not exceeding Rs. 75,42,000 be granted to the Governor to defray the charges that will come in course of payment for the year ending 31st March, 1983, in respect of Industries.

**Demand No. 35**

That a Supplementary sum not exceeding Rs. 1,43,19,000 be granted to the Governor to defray the charges that will come in course of payment for the year ending 31st March, 1983, in respect of Civil Aviation.

**Demand No. 37**

That a Supplementary sum not exceeding Rs. 3,31,16,000 be granted to the Governor to defray the charges that will come in course of payment for the year ending 31st March, 1983, in respect of Road Transport.

Original with;
Punjab Vidhan Sabha
Digitized by;
Panjab Digital Library

**Demand No. 38**

That a Supplementary sum not exceeding Rs. 77,29,000 be granted to the Governor to defray the charges that will come in course of payment for the year ending 31st March, 1983, in respect of Multipurpose River Projects.

**Demand No. 39**

That a Supplementary sum not exceeding Rs. 1,000 be granted to the Governor to defray the charges that will come in course of payment for the year ending 31st March, 1983, in respect of Irrigation, Drainage and Flood Control.

**Demand No. 40**

That a Supplementary sum not exceeding Rs. 3,83,59,000 be granted to the Governor to defray the charges that will come in course of payment for the year ending 31st March, 1983, in respect of Buildings.

**Demand No. 41**

That a Supplementary sum not exceeding Rs. 2,79,50,000 be granted to the Governor to defray the charges that will come in course of payment for the year ending 31st March, 1983, in respect of Loans and Advances by the State Government.

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਕਹਿ ਰਹੇ ਸਨ ਕਿ ਡਿਮਾਂਡਜ਼ ਪਾਸ ਕਰੋ, ਪਾਸ ਕਰੋ ।)

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਕੀ ਟਾਈਮ ਦੀ ਘਾਟ ਹੈ, ਜਿਸ ਕਰਕੇ ਇਹ ਮੈਂਬਰ ਸਾਹਿਬਾਨ ਕਹਿ ਰਹੇ ਹਨ ਕਿ ਪਾਸ ਕਰੋ, ਪਾਸ ਕਰੋ ? ਸਾਡੇ ਮੈਂਬਰ ਸਾਹਿਬ ਬੋਲਣ ਲਈ ਖੜ੍ਹੇ ਹਨ ਪਰ ਇਹ ਕਹਿ ਰਹੇ ਹਨ ਪਾਸ ਕਰੋ ।

**ਸ੍ਰੀ ਸਪੀਕਰ** : ਮੇਰੇ ਕੋਲ ਇਕ ਲਿਸਟ ਆਈ ਹੈ, ਬੋਲਣ ਵਾਲਿਆਂ ਦੀ । ਇਸ ਵਿਚ ਕਾਂਗਰਸ ਦੀ ਤਰਫੋਂ ਕਈ ਮੈਂਬਰ ਸਾਹਿਬਾਨ ਦੇ ਨਾਂ ਹਨ । ਤੁਸੀਂ ਵੀ ਆਪਣੀ ਲਿਸਟ ਭੇਜ ਦਿਓ, ਜਿਨ੍ਹਾਂ ਨੇ ਬੋਲਣਾ ਹੈ । ਇਸ ਲਈ ਮੈਂ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੂੰ ਬੋਲਣ ਦੀ ਇਜਾਜ਼ਤ ਦਿੱਤੀ ਹੈ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** (ਬਟਾਲਾ) : ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਜੋ ਸਪਲੀਮੈਂਟਰੀ ਗਰਾਂਟਸ ਆਈਆਂ ਹਨ, ਜਿਸ ਦੀਆਂ ਫਿਗਰਜ਼ ਨੂੰ ਵੇਖ ਕੇ ਮੈਂ ਬੋਲਣ ਦੀ ਖਾਹਿਸ਼ ਕੀਤੀ ਸੀ ਕਿਉਂਕਿ ਇਹ ਜਿਹੜੀਆਂ ਟੋਟਲ ਫਿਗਰਜ਼ ਬਣਦੀਆਂ ਹਨ ਇਹ ਕੋਈ 626 ਕਰੋੜ 77 ਲੱਖ 78 ਹਜ਼ਾਰ ਦੀਆਂ ਹਨ । ਪਰ, ਸਪੀਕਰ ਸਾਹਿਬ, ਸਹੀ ਪੁਜ਼ੀਸ਼ਨ ਇਹ ਹੈ ਕਿ ਇਸ ਵਿਚ 547 ਕਰੋੜ 29 ਲੱਖ ਰੁਪਿਆ ਉਹ ਹੈ ਜਿਹੜਾ ਵੇਜ਼ ਐਂਡ ਮੀਨਜ਼ ਰਿਜ਼ਰਵ ਬੈਂਕ ਆਫ ਇੰਡੀਆ, ਵੇਜ਼ ਐਂਡ ਮੀਨਜ਼ ਗੌਰਮਿੰਟ ਆਫ ਇੰਡੀਆ ਐਰ ਰੀਪੇਮੈਂਟ ਆਫ ਲੋਨ ਰਸੀਵਡ ਫਰਾਮ ਐਸ. ਬੀ. ਆਈ. ਦਾ ਹੈ । ਇਸ ਲਈ ਇਨ੍ਹਾਂ ਨੂੰ ਕੱਢ ਕੇ ਬਾਕੀ ਟੋਟਲ ਡੀਮਾਂਡ 77 ਕਰੋੜ 48 ਲੱਖ 78 ਹਜ਼ਾਰ ਰੁਪਏ ਦੀ ਰਹਿ ਜਾਂਦੀ ਹੈ । ਇਸ ਵਿਚ ਵੀ 9.90 ਲੱਖ ਰੁਪਿਆ ਜਿਹੜਾ ਹੈ ਉਹ ਐਸਾ ਹੈ ਜਿਹੜਾ ਕਾਰ-ਪੋਰੇਸ਼ਨ ਤੋਂ ਜਿਸ ਤਰ੍ਹਾਂ ਮਾਰਕਫੈਡ ਵਗੈਰਾ ਹਨ ਉਨ੍ਹਾਂ ਨੂੰ ਐਡਵਾਂਸ ਲੋਨ ਦੇ ਤੌਰ ਤੇ ਦਿਤਾ ਹੋਇਆ ਹੈ । ਇਸ ਤੋਂ ਇਲਾਵਾ ਕੁਝ ਸੈਂਟਰਲ ਸਕੀਮਜ਼ ਹਨ ਜਿਸ ਲਈ 3 ਕਰੋੜ ਰੁਪਿਆ ਐਡਵਾਂਸ ਤੌਰ ਤੇ ਮਿਲਿਆ ਹੈ ਜਿਸ ਅਮਾਊਂਟ ਨੂੰ ਕਿ ਪਲਾਨ ਵਿਚ ਐਡਜਸਟ ਕਰਨਾ ਹੈ । ਇਹ ਵਖਰਾ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਬਾਕੀ ਜਿਹੜਾ 67 ਕਰੋੜ 58 ਲੱਖ ਰੁਪਿਆ ਰਹਿ ਜਾਂਦਾ ਹੈ ਉਸ ਵਿਚ ਮੈਜਾਰਿਟੀ ਉਹ ਪੈਸਾ ਹੈ। ਜਿਸ ਤਰ੍ਹਾਂ ਕਿ ਇੰਪਲਾਈਜ਼ ਨੂੰ ਕਿਸ਼ਤਾਂ ਵਗੈਰਾ ਦੇਣੀਆਂ ਸਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਸਾਰੇ ਐਕਸਪੈਂਸਿਜ਼ ਤਕਰੀਬਨ ਉਹ ਹਨ ਜਿਹੜੇ ਖਰਚ ਹੋ ਚੁੱਕੇ ਹਨ। ਮੈਨੂੰ ਬਤੌਰ ਪੀ. ਏ. ਸੀ. ਦੇ ਚੇਅਰਮੈਨ ਹੋਣ ਦੇ ਨਾਤੇ ਇਹ ਪਤਾ ਹੈ ਕਿ ਜਿਹੜਾ ਰੁਪਿਆ ਬਜਟ ਵਿਚ ਰਿਫ-ਲੈਕਟ ਨਹੀਂ ਹੁੰਦਾ ਉਸ ਨੂੰ ਐਡਜਸਟ ਕਰਕੇ ਸਪਲੀਮੈਂਟਰੀ ਡਿਮਾਂਡਜ਼ ਵਿਚ ਪਾਸ ਕਰਾਇਆ ਜਾਂਦਾ ਹੈ। ਇਹ ਗਲ ਐਫ. ਐਮ. ਸਾਹਿਬ ਨੇ ਬੜੀ ਚੰਗੀ ਕੀਤੀ ਹੈ ਕਿ ਵੇਰੀਅਸ ਡਿਪਾਰਟਮੈਂਟਸ ਨੇ ਆਪਣੇ ਖਰਚੇ ਅਸੈਸ ਕਰਕੇ ਜੋ ਫਿਗਰਜ਼ ਦਿੱਤੀਆਂ ਹਨ ਉਹ ਸਪਲੀਮੈਂਟਰੀ ਵਿਚ ਪਾਈਆਂ ਹਨ। ਇਸ ਦੇ ਨਾਲ ਹੀ ਮੈਂ ਇਕ ਦੋ ਰਾਵਾਂ ਦੇਣਾ ਚਾਹੁੰਦਾ ਹਾਂ।

3.26 ਬਾਅਦ ਦੁਪਹਿਰ | (ਇਸ ਵੇਲੇ ਸਰਦਾਰ ਇਕਬਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਡਿਮਾਂਡਜ਼ ਦੇ ਇਥੇ ਆਉਣ ਦੇ ਬਾਵਜੂਦ ਵੀ ਕਈ ਐਸੇ ਡਿਪਾਰਟਮੈਂਟਸ ਹਨ ਜਿਨ੍ਹਾਂ ਨੇ ਇਸ ਦਾ ਫਾਇਦਾ ਨਹੀਂ ਉਠਾਇਆ। ਕਈ ਡਿਪਾਰਟਮੈਂਟਸ ਨੇ ਆਪਣੀਆਂ ਸਪਲੀਮੈਂਟਰੀ ਗਰਾਂਟਸ ਇਸ ਵਿਚ ਨਹੀਂ ਦਿਤੀਆਂ ਔਰ ਕੁਝ ਐਸੇ ਡਿਪਾਰਟਮੈਂਟਸ ਵੀ ਹਨ ਜਿਨ੍ਹਾਂ ਨੇ ਕੁਝ ਅਮਾਊਂਟ ਸਰੰਡਰ ਕਰਨੀ ਸੀ ਔਰ ਉਹ ਸਰੰਡਰ ਨਹੀਂ ਕੀਤੀ ਜਿਸ ਲਈ ਕਿ ਉਨ੍ਹਾਂ ਡਿਪਾਰਟਮੈਂਟਸ ਨੂੰ ਪੀ. ਏ. ਸੀ. ਨੂੰ ਦੱਸਣਾ ਪੈਂਦਾ ਹੈ। ਪੀ. ਏ. ਸੀ. ਨੇ ਆਪਣੀ 43ਵੀਂ ਰਿਪੋਰਟ ਬਣਾ ਦਿੱਤੀ ਤਾਂਕਿ ਇਹ ਐਪ੍ਰੋਪ੍ਰੀਏਸ਼ਨ ਬਿਲ ਵਿਚ ਆ ਜਾਵੇ। ਮੈਂ ਸਮਝਦਾ ਹਾਂ ਕਿ ਜਿਹੜੇ ਵੀ ਡਿਪਾਰਟਮੈਂਟ ਕੋਲ ਕੋਈ ਪੈਸਾ ਸਰੰਡਰ ਕਰਨ ਲਈ ਹੁੰਦਾ ਹੈ ਉਹ ਐਫ. ਡੀ. ਨੂੰ ਜਲਦੀ ਭੇਜਣਾ ਚਾਹੀਦਾ ਹੈ ਔਰ ਐਫ. ਡੀ. ਨੂੰ 6 ਹਫਤੇ ਦੇ ਅੰਦਰ ਅੰਦਰ ਏ. ਜੀ. ਨੂੰ ਉਹ ਭੇਜਣਾ ਚਾਹੀਦਾ ਹੈ ਤਾਂਕਿ ਉਹ ਪੀ. ਏ. ਸੀ. ਵਿਚ ਆ ਜਾਵੇ। ਇਸ ਲਈ ਡਾਕਟਰ ਸਾਹਿਬ ਚਾਹੇ ਕੋਈ ਰੂਲ ਬਣਾਉਣ ਜਾਂ ਨੋਟੀਫਿਕੇਸ਼ਨ ਕਰਨ, ਚਾਹੇ ਜੋ ਮਰਜ਼ੀ ਆਏ ਕਰਨ ਪਰ ਇਹ ਜ਼ਰੂਰ ਇਸ ਤਰ੍ਹਾਂ ਦਾ ਕੋਈ ਉਪਾਅ ਕਰਨ ਜਿਸ ਨਾਲ ਇਹ ਸਾਰੀ ਚੀਜ਼ ਪੀ. ਏ. ਸੀ. ਕੋਲ ਵੇਲੇ ਸਿਰ ਆ ਜਾਵੇ।

ਇਕ ਹੋਰ ਮੈਂ ਸੁਝਾਓ ਇਹ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਵੀ ਲੋਨ ਕਾਰਪੋਰੇਸ਼ਨਜ਼ ਨੂੰ ਦਿਤਾ ਜਾਂਦਾ ਹੈ ਉਹ ਇਥੇ ਵੋਟਿੰਗ ਹੋਣ ਤੋਂ ਪਹਿਲਾਂ ਖਰਚ ਨਾ ਹੋ ਸਕੇ। ਕਿਉਂਕਿ ਕਈ ਡਿਪਾਰਟ-ਮੈਂਟ ਐਸੇ ਹੁੰਦੇ ਹਨ ਜਿਨ੍ਹਾਂ ਨੂੰ ਜਿਸ ਕੰਮ ਲਈ ਗਰਾਂਟ ਮਿਲਦੀ ਹੈ ਉਹ ਉਸ ਪਰਪਜ਼ ਤੇ ਖਰਚ ਨਾ ਕਰਕੇ ਹੋਰ ਕਿਤੇ ਖਰਚ ਕਰ ਦਿੰਦੇ ਹਨ। ਮੈਂ ਹੈਲਥ ਡਿਪਾਰਟਮੈਂਟ ਦੇ ਆਯੁਰਵੈਦਿਕ ਡਿਪਾਰਟ-ਮੈਂਟ ਦੀ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਉਨ੍ਹਾਂ ਨੂੰ 2 ਕਰੋੜ ਰੁਪਏ ਦੀ ਗ੍ਰਾਂਟ ਮਿਲੀ ਸੀ। ਉਨ੍ਹਾਂ ਨੂੰ ਜਿਸ ਪਰਪਜ਼ ਲਈ ਗ੍ਰਾਂਟ ਮਿਲੀ ਸੀ ਉਸ ਪਰਪਜ ਲਈ ਯੂਜ਼ ਨਹੀਂ ਕੀਤੀ ਬਲਕਿ ਤੁਸੀਂ ਹੈਰਾਨ ਹੋਵੋਗੇ ਕਿ ਉਨ੍ਹਾਂ ਨੇ ਇਸ ਦੇ ਵਿਚੋਂ 83 ਲੱਖ ਰੁਪਏ ਦਾ ਫਰਨੀਚਰ ਖਰੀਦ ਲਿਆ ਅਤੇ ਇਕ ਕਮਰਾ ਬਣਾ ਲਿਆ ਅਤੇ ਟਾਈਪ ਰਾਈਟਰ ਖਰੀਦ ਲਏ। ਮੇਰਾ ਕਹਿਣ ਦਾ ਮਤਲਬ ਇਹ ਸੀ ਕਿ ਜਿਸ ਮਕਸਦ ਲਈ ਤੁਹਾਡੇ ਕੋਲੋਂ ਐਡੀਸ਼ਨਲ ਗ੍ਰਾਂਟ ਲਈ ਜਾਂਦੀ ਹੈ ਉਸੇ ਪਰਪਜ਼ ਲਈ ਹੀ ਖਰਚ ਹੋਣੀ ਚਾਹੀਦੀ ਹੈ। ਜਿਸ ਤਰ੍ਹਾਂ ਸਰਕਾਰ ਦੇ ਪਨਿਸ਼ਮੈਂਟ ਐਂਡ ਅਪੀਲਜ਼ ਰੂਲਜ਼

Original with;
Punjab Vidhan Sabha
Digitized by;
Panjab Digital Library

ਇਪਲਾਈਜ਼ ਲਈ ਬਣਾਏ ਹੋਏ ਹਨ ਉਸ ਦੇ ਵਿਚ ਇਹ ਚੀਜ਼ ਐਡ ਹੋਣੀ ਚਾਹੀਦੀ ਹੈ ਕਿ ਅਗਰ ਕੋਈ ਹੈਡ ਆਫ ਦੀ ਡਿਪਾਰਟਮੈਂਟ ਗ੍ਰਾਂਟ ਨੂੰ ਠੀਕ ਯੂਟੋਲਾਈਜ਼ ਨਹੀਂ ਕਰਦਾ ਤਾਂ ਉਸ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ। ਮੈਨੂੰ ਪਤਾ ਹੈ ਕਿ ਕਿਸ ਹਾਲਾਤ ਵਿਚ ਐਫ. ਐਮ. ਅਤੇ ਐਫ. ਐਸ. ਨੂੰ ਐਡੀਸ਼ਨਲ ਗ੍ਰਾਂਟ ਰਿਲੀਜ਼ ਕਰਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਆਪਣੇ ਆਪ ਨੂੰ ਕਿਸ ਹਿਸਾਬ ਨਾਲ ਐਡਜਸਟ ਕਰਨਾ ਪੈਂਦਾ ਹੈ। ਮਹਿਕਮੇਂ ਵਾਲੇ ਇੰਪਰੂਵਮੈਂਟ ਲਈ ਗ੍ਰਾਂਟ ਲੈਂਦੇ ਹਨ ਕਿ ਅਸੀਂ ਖਰਚ ਕਰਨੀ ਹੈ। ਤੁਸੀਂ ਦੇਖਿਆ ਹੋਣਾ ਹੈ ਕਿ ਬਹੁਤ ਸਾਰੀ ਗ੍ਰਾਂਟ 30 ਮਾਰਚ, ਜਾਂ 31 ਮਾਰਚ ਨੂੰ ਰਿਲੀਜ਼ ਹੁੰਦੀ ਹੈ ਔਰ ਉਸੇ ਹੀ ਦਿਨ ਕੁਟੇਸ਼ਨਾਂ ਆ ਜਾਂਦੀਆਂ ਹਨ ਅਤੇ ਆਰਡਰ ਵੀ ਪਲੇਸ ਹੋ ਜਾਂਦੇ ਹਨ ਅਤੇ ਆਰਡਰ ਆ ਵੀ ਜਾਂਦੇ ਹਨ। ਇਸ ਬਾਰੇ ਮੇਰੀ ਇਕ ਸੁਜੈਸ਼ਨ ਹੈ ਕਿ ਜਿਸ ਤਰ੍ਹਾਂ ਪੀ. ਡਬਲਿਯੂ. ਡੀ ਨੂੰ ਜਿਹੜੀ 31 ਮਾਰਚ ਨੂੰ ਗ੍ਰਾਂਟ ਦਿੰਦੇ ਹਾਂ ਔਰ ਕੁਮਿਟ ਕਰਦੇ ਹਾਂ ਕਿ ਉਹ ਅਗਲੇ ਸਾਲ ਤੱਕ ਯੂਜ਼ ਕਰ ਸਕਦੇ ਹਨ ਅਤੇ ਅਗਲੇ ਸਾਲ ਦੇ ਐਕਸਪੈਂਡੀਚਰ ਵਿਚ ਐਡ ਹੋ ਜਾਂਦਾ ਹੈ ਉਸ ਤਰ੍ਹਾਂ ਹਰ ਮਹਿਕਮੇਂ ਵਿਚ ਕਰ ਦਿਓ । 31 ਮਾਰਚ ਨੂੰ ਗ੍ਰਾਂਟ ਨੂੰ ਯੂਜ਼ ਕਰਨ ਲਈ ਨਾਕਸ ਫਰਨੀਚਰ ਅਤੇ ਨਾਕਸ ਮੈਟੀਰੀਅਲ ਪਰਚੇਜ਼ ਕੀਤਾ ਜਾਂਦਾ ਹੈ, ਨਾਕਸ ਅਰੇਂਜਮੈਂਟ ਕੀਤਾ ਜਾਂਦਾ ਹੈ ਔਰ ਝੂਠੇ ਡੀਲਰਜ਼ ਇਸ ਵਿਚ ਬਹੁਤ ਸਾਰਾ ਮਾਲ ਖਾ ਜਾਂਦੇ ਹਨ ਔਰ ਤਕਰੀਬਨ 20-25% ਮਾਲ ਉਡ ਜਾਂਦਾ ਹੈ। ਜਿਹੜੀ ਕੰਟਿਨਜੈਂਸੀ ਗ੍ਰਾਂਟ ਰਿਲੀਜ਼ ਹੁੰਦੀ ਹੈ ਉਹ 31 ਮਾਰਚ ਤਕ ਖਰਚ ਕਰਨੀ ਹੁੰਦੀ ਹੈ ਉਸ ਨੂੰ ਡਿਪਾਰਟਮੈਂਟ ਦੀ ਕੈਸ਼ ਬੁਕ ਵਿਚ ਐਡ ਕਰਕੇ ਔਰ ਉਸ ਦੇ ਥੱਲੇ ਖਰਚ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਇਹ ਗਲ ਮੈਂ ਫਾਈਨੈਂਸ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਬਜਟ ਦਾ ਬਹੁਤ ਸਾਰਾ ਹਿੱਸਾ ਸਾਡੀਆਂ ਪਬਲਿਕ ਅੰਡਰਟੇਕਿੰਗਜ਼/ਕਾਰਪੋਰੇਸ਼ਨਾਂ ਤੇ ਖਰਚ ਹੁੰਦਾ ਹੈ ਔਰ ਵੈਲਫੇਅਰ ਸਟੇਟ ਨੂੰ ਐਸੇ ਖਰਚ ਕਰਨੇ ਪੈਂਦੇ ਹਨ ਪਰ ਬਹੁਤ ਸਾਰੀਆਂ ਐਸੀਆਂ ਕਾਰਪੋਰੇਸ਼ਨਾਂ/ਬੋਰਡ ਹਨ ਜਿਨ੍ਹਾਂ ਦੇ ਅਕਾਊਂਟ/ਕੈਸ਼ ਬੁਕਸ ਹਰ ਮਹੀਨੇ ਨਹੀਂ ਬਣਦੀਆਂ ਹਨ ਅਤੇ ਉਹ ਹਰ ਮਹੀਨੇ ਕਲੋਜ਼ ਨਹੀਂ ਹੁੰਦੀਆਂ ਬਲਿਕ ਚਲਦੀਆਂ ਰਹਿੰਦੀਆਂ ਹਨ । ਕਈਆਂ ਦੇ ਅਕਾਊਂਟ 8–10 ਮਹੀਨਿਆਂ ਤੱਕ ਚਲਦੇ ਰਹਿੰਦੇ ਹਨ ਔਰ ਉਹ ਕਲੋਜ਼ ਨਹੀਂ ਹੁੰਦੇ। ਫੇਰ ਉਹ ਰਸਮੀ ਤੌਰ ਪੁਰਾਣੀ ਡੇਟ ਦੀਆਂ ਸ਼ੋਅ ਕਰ ਦਿੰਦੇ ਹਨ। ਇਹ ਬੜਾ ਸੀਰੀਅਸ ਲੈਪਸ ਪਬਲਿਕ ਅੰਡਰਟੇਕਿੰਗਜ਼ ਦੇ ਮੁਤਾਲਿਕ ਹੈ ਕਿਉਂਕਿ ਇਸ ਵਿਚ ਗੌਰਮਿੰਟ ਦੀ ਮਨੀ ਇਨਵਾਲਵ ਹੁੰਦੀ ਹੈ । ਸਰਦਾਰ ਬੀਰਦਵਿੰਦਰ ਸਿੰਘ ਦੀ ਗੱਲ ਨਾਲ ਮੈਂ ਬਿਲਕੁਲ ਸਹਿਮਤ ਹਾਂ ਕਿ ਜਿਹੜੇ ਪਬਲਿਕ ਅੰਡਰਟੇਕਿੰਗਜ਼ ਵਿਚ ਸਰਕਾਰ ਦੇ ਆਪਣੇ ਸ਼ੇਅਰ ਹੁੰਦੇ ਹਨ ਉਨ੍ਹਾਂ ਨੂੰ ਹੁਣ ਦੇ ਰੇਟ ਦੇ ਹਿਸਾਬ ਨਾਲ ਵੇਚਣੇ ਚਾਹੀਦੇ ਹਨ ਨਾ ਕਿ ਪੁਰਾਣੇ ਰੇਟ ਤੇ ਵੇਚਣੇ ਚਾਹੀਦੇ ਹਨ ।

ਅਗਲੀ ਗੱਲ ਨੈਚੁਰਲ ਕਲੈਮਿਟੀਜ਼ ਲਈ ਤੁਸੀਂ ਹਰ ਸਾਲ 2.11 ਕਰੋੜ ਰੁਪਿਆ ਰੱਖਦੇ ਹੋ ਔਰ ਇਹ ਪਿਛਲੇ ਤਿੰਨ ਸਾਲਾਂ ਤੋਂ ਸਰਕਾਰ ਨੇ 7–8 ਕਰੋੜ ਰੁਪਿਆ ਖਰਚ ਕਰ ਦਿਤਾ ਹੈ। ਜਦੋਂ ਸਰਕਾਰ ਨੇ ਹਰ ਸਾਲ ਇਸ ਤੇ ਖਰਚ ਕਰਨਾ ਹੈ ਮੈਂ ਸਮਝਦਾ ਹਾਂ ਕਿ ਇਹ ਪੈਸੇ ਕਿਸਾਨਾਂ ਨੂੰ ਟਾਈਮ ਸਿਰ ਮਿਲ ਜਾਣੇ ਚਾਹੀਦੇ ਹਨ ਪਰ ਇਹ ਹਮੇਸ਼ਾ ਲੇਟ ਮਿਲਦੇ ਹਨ। ਜਿਸ ਤਰ੍ਹਾਂ ਹੀਰੋ ਸਾਹਿਬ ਨੇ ਦਸਿਆ ਸੀ ਕਿ ਜਿਸ ਦੀ 75% ਫਸਲ ਗੜਿਆਂ ਨਾਲ ਮਰ ਜਾਵੇ ਉਸ ਨੂੰ 300 ਰੁਪਿਆ ਪਰ ਏਕੜ ਗ੍ਰਾਂਟ ਮਿਲਦੀ ਹੈ ਔਰ ਜਿਸ ਦਾ 50% ਨੁਕਸਾਨ ਹੋਵੇ ਉਸ ਨੂੰ 200 ਰੁਪਿਆ ਮਿਲਦਾ ਹੈ ਅਤੇ 25% ਵਾਲੇ ਨੂੰ 100 ਰੁਪਿਆ ਗ੍ਰਾਂਟ ਪਰ ਏਕੜ ਮਿਲਦੀ ਹੈ। ਗਿਰਦਾਵਰੀ ਹੋਣ ਤੋਂ 2 ਮਹੀਨਿਆਂ ਦੇ ਵਿਚ ਇਹ ਪੇਮੈਂਟ ਕਿਸਾਨਾਂ ਨੂੰ ਮਿਲ ਜਾਣੀ ਚਾਹੀਦੀ ਹੈ ਇਸ ਵਿਚ ਸਰਕਾਰ ਦੀ ਗੁੱਡਵਿਲ ਹੋਵੇਗੀ ਔਰ ਉਸ ਪੈਸੇ ਨਾਲ ਕਿਸਾਨ ਬੀਜ ਵਗੈਰਾ ਖਰੀਦ ਸਕਦਾ ਹੈ ਅਤੇ ਫਸਲ ਉਗਾ ਸਕਦਾ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਮੈਂ ਇਕ ਸੁਜੈਸ਼ਨ ਹਾਊਸ ਵਿਚ ਦੁਬਾਰਾ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਵੇਟ ਸਕੂਲ ਟੀਚਰਜ਼ ਅਤੇ ਕਾਲਜਾਂ ਦੇ ਟੀਚਰ ਹਨ ਉਹ ਆਪਣੀ ਪੇ ਵਿਚੋਂ ਅਮਾਉਂਟ ਸਰਕਾਰ ਕੋਲ ਪ੍ਰਾਵੀਡੈਂਟ ਫੰਡ ਲਈ ਦੇਣ ਵਾਸਤੇ ਤਿਆਰ ਹਨ ਅਤੇ ਇਹ ਉਨ੍ਹਾਂ ਦੀ ਬੜੀ ਵੱਡੀ ਮੰਗ ਹੈ। ਇਸ ਚੀਜ਼ ਨੂੰ ਗੌਰਮਿੰਟ ਟੇਕ ਓਵਰ ਕਰ ਲਵੇ ਔਰ ਇਹ ਅਮਾਉਂਟ ਇਤਨਾ ਹੋ ਜਾਵੇਗਾ ਕਿ ਸਰਕਾਰ ਨੂੰ ਪਹਿਲੇ ਪੰਜ ਸਾਲ ਕੁਝ ਨਹੀਂ ਦੇਣਾ ਪਵੇਗਾ ਔਰ ਅਗਲੇ ਦਸ ਸਾਲ ਤੱਕ ਉਸ ਨੂੰ ਕੁਝ ਐਕਸਪੈਂਡੀਚਰ ਪੈਨਸ਼ਨ ਦੇਣ ਵਿਚ ਕਰਨਾ ਪਵੇਗਾ ਜਿਹੜੀ ਬੜੀ ਮਾਮੂਲੀ ਰਕਮ ਹੋਵੇਗੀ। ਇਸ ਨੂੰ ਕੇਰਲਾ ਅਤੇ ਵੈਸਟ ਬੰਗਾਲ ਸਰਕਾਰਾਂ ਨੇ ਅਡਾਪਟ ਕੀਤਾ ਹੈ। ਸਰਕਾਰ ਪ੍ਰਾਈਵੇਟ ਸਕੂਲਾਂ ਨੂੰ 95% ਗ੍ਰਾਂਟ ਦਿੰਦੀ ਹੈ ਔਰ ਇਹ ਛੋਟੀ ਜਿਹੀ ਮੰਗ ਮੰਨਣ ਨਾਲ ਸਰਕਾਰ ਦੇ ਹੱਕ ਵਿਚ ਗੱਲ ਜਾਵੇਗੀ ਅਤੇ ਉਨ੍ਹਾਂ ਦੀ ਮੰਗ ਵੀ ਪੂਰੀ ਹੋ ਜਾਵੇਗੀ। ਇਹ ਬੜਾ ਇਰੀਟੈਂਟ ਮਸਲਾ ਹੈ। ਵੈਲਫੇਅਰ ਮਹਿਕਮੇਂ ਵਾਲੇ ਵਿਡੋਜ਼ ਨੂੰ ਪੈਨਸ਼ਨ ਦਿੰਦੇ ਹਨ ਅਤੇ ਬੁਢਿਆਂ ਨੂੰ ਪੈਨਸ਼ਨ ਦਿੰਦੇ ਹਨ ਪਰ ਸਰਕਾਰ ਪ੍ਰਾਈਵੇਟ ਟੀਚਰਾਂ ਨੂੰ ਕਿਉਂ ਨਹੀਂ ਦੇ ਸਕਦੀ ? ਮੈਨੂੰ ਪਤਾ ਹੈ ਕਿ ਜਿਹੜੇ ਟੀਚਰ ਕਿਸੇ ਸਕੂਲ ਵਿਚ ਪੜ੍ਹਾਉਂਦੇ ਹਨ ਉਹ ਰਿਟਾਇਰਮੈਂਟ ਤੋਂ ਬਾਅਦ ਉਸੇ ਸਕੂਲ ਦੇ ਬਾਹਰ ਪੈਨਸਲਾਂ ਅਤੇ ਕਾਪੀਆਂ ਵੇਚਦੇ ਹਨ। ਜਿਨ੍ਹਾਂ ਨੇ ਦੇਸ਼ ਦਾ ਭਵਿਖ ਬਨਾਉਣਾ ਹੈ ਉਨ੍ਹਾਂ ਨਾਲ ਇਹ ਬੜਾ ਵੱਡਾ ਮਜ਼ਾਕ ਹੈ। ਜਿਥੇ ਸਰਕਾਰ ਵਿਡੋਜ਼ ਨੂੰ ਪੈਨਸ਼ਨ ਦਿੰਦੀ ਹੈ ਉਥੇ ਰੰਡਿਆਂ ਨੂੰ ਵੀ ਪੈਨਸ਼ਨ ਮਿਲਣੀ ਚਾਹੀਦੀ ਹੈ। ਉਸ ਵਿਚ ਮਨਿਸਟਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

ਮੇਰੀ ਇਕ ਹੋਰ ਸੁਜੈਸ਼ਨ ਹੈ ਕਿ ਜਿਸ ਤਰ੍ਹਾਂ ਸਰਕਾਰ ਪਿੰਡਾਂ ਵਿਚ ਗਲੀਆਂ, ਨਾਲੀਆਂ ਪੱਕੀਆਂ ਕਰਨ ਲਈ ਕਾਫੀ ਕੰਮ ਕਰ ਰਹੀ ਹੈ ਔਰ ਇਸ ਦਾ ਕਰੈਡਿਟ ਸਾਨੂੰ ਕਾਫੀ ਜਾਂਦਾ ਹੈ ਔਰ ਲੋਕ ਬਹੁਤ ਖੁਸ਼ ਹਨ, ਮੇਰੀ ਗੁਜ਼ਾਰਿਸ਼ ਹੈ ਕਿ ਚਾਹੇ ਸਰਕਾਰ ਇਸ ਕੰਮ ਲਈ ਪੈਸਾ ਇਧਰ ਉਧਰ ਤੋਂ ਕਿਧਰੋਂ ਲਵੇ ਪਰ ਇਸ ਦੇ ਵਾਸਤੇ ਅਮਾਉਂਟ ਨੂੰ ਜ਼ਿਆਦਾ ਕਰ ਦਿੱਤਾ ਜਾਵੇ। ਪਹਿਲਾਂ ਅਸੀਂ 19.5 ਕਰੋੜ ਰੁਪਿਆ ਖਰਚ ਕੀਤਾ ਸੀ ਔਰ ਹੁਣ 5.5 ਕਰੋੜ ਰੁਪਿਆ ਹੋਰ ਖਰਚ ਕਰ ਰਹੇ ਹਾਂ ਪਰ ਹੋਰ ਪੈਸੇ ਦੀ ਇਸ ਕੰਮ ਲਈ ਲੋੜ ਹੈ। ਇਹ ਸਰਕਾਰ ਦਾ ਇਸ ਪਾਸੇ ਵੱਲ ਬਹੁਤ ਵੱਡਾ ਕਦਮ ਹੈ ਜਿਸ ਦੀ ਸ਼ਲਾਘਾ ਪਿੰਡਾਂ ਵਿਚ ਬਹੁਤ ਕੀਤੀ ਜਾ ਰਹੀ ਹੈ।

**ਸਰਦਾਰ ਗੁਰਨੈਬ ਸਿੰਘ ਬਰਾੜ** : ** ** ** **

**ਸ੍ਰੀ ਸਭਾਪਤੀ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਚੇਅਰਮੈਨ ਸਾਹਿਬ, ਸਾਡੀ ਸਟੇਟ ਵਿਚ ਤਿੰਨ ਬਾਰਡਰਜ਼ ਦੇ ਜ਼ਿਲ੍ਹੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਹਨ। ਇਸ ਏਰੀਏ ਦੇ ਇੰਪਲਾਈਜ਼ ਨੂੰ ਬਾਰਡਰ ਏਰੀਆ ਅਲਾਉਂਸ ਮਿਲਦਾ ਹੈ; ਇਹ ਬੜੀ ਅੱਛੀ ਗੱਲ ਹੈ ਪਰ ਸਾਡੇ ਲਈ ਇਹ ਇਕ ਮੁਸੀਬਤ ਬਣ ਗਿਆ ਹੈ। ਹਰ ਮੁਲਾਜ਼ਮ ਕੋਸ਼ਿਸ਼ ਕਰਦਾ ਹੈ ਕਿ ਮੇਰੀ ਐਪੁਆਇੰਟਮੈਂਟ ਉਥੇ ਹੋਵੇ ਜਿਥੇ ਬਾਰਡਰ ਏਰੀਆ ਅਲਾਉਂਸ ਮਿਲਦਾ ਹੈ। ਜਿਥੇ ਬਾਰਡਰ ਏਰੀਆ ਅਲਾਉਂਸ ਨਹੀਂ ਮਿਲਦਾ ਉਥੇ ਕੋਈ ਵੀ ਮੁਲਾਜ਼ਮ ਜਾਣ ਨੂੰ ਤਿਆਰ ਨਹੀਂ ਹੈ। ਚੇਅਰਮੈਨ ਸਾਹਿਬ, ਕਈ ਪਿੰਡ ਐਸੇ ਹਨ ਜਿਥੇ ਕਿ ਬਾਰਡਰ ਏਰੀਆ ਅਲਾਉਂਸ ਨਹੀਂ ਮਿਲਦਾ ਜਦੋਂ ਕਿ ਉਨ੍ਹਾਂ ਪਿੰਡਾਂ ਨੂੰ ਲੰਘ ਕੇ ਅਗੇ ਜਾਣਾ ਪੈਂਦਾ ਹੈ, ਜਿਥੇ ਕਿ ਬਾਰਡਰ ਅਲਾਉਂਸ ਮਿਲਦਾ ਹੈ। ਇਸ ਲਈ ਮੇਰੀ, ਚੇਅਰਮੈਨ ਸਾਹਿਬ, ਰਾਏ ਹੈ ਕਿ ਤਿੰਨੇ ਜ਼ਿਲਿਆਂ ਦੇ ਬਾਰਡਰ ਏਰੀਆ ਵਿਚ ਹਰ ਇਕ ਪਿੰਡ ਵਿਚ ਬਾਰਡਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਲਾਉਂਸ ਮਿਲਣਾ ਚਾਹੀਦਾ ਹੈ, ਇਸ ਨਾਲ ਉਥੇ ਦੇ ਸਾਰੇ ਮੁਲਾਜ਼ਮਾਂ ਨੂੰ ਬੜਾ ਹੌਂਸਲਾ ਮਿਲੇਗਾ। ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਮੈਂ ਆਪਣੇ ਸਾਥੀਆਂ ਅਗੇ ਬੇਨਤੀ ਕਰਾਂਗਾ ਕਿ ਇਹ ਜਿਹੜੀਆਂ ਸਪਲੀਮੈਂਟਰੀ ਡਿਮਾਡਾਂ ਹਨ, ਇਨ੍ਹਾਂ ਨੂੰ ਪਾਸ ਕਰ ਦਿਤਾ ਜਾਵੇ। ਚੇਅਰਮੈਨ ਸਾਹਿਬ, ਜਿਹੜੀਆਂ ਮੈਂ ਛੋਟੀਆਂ ਮੋਟੀਆਂ ਸੁਜੈਸ਼ਨਜ਼ ਦਿਤੀਆਂ ਹਨ, ਉਨ੍ਹਾਂ ਨੂੰ ਵਿੱਤ ਮੰਤਰੀ ਸਾਹਿਬ ਦੂਰ ਕਰਾਉਣ। ਗਰਾਂਟਾਂ ਜਿਸ ਮਕਸਦ ਲਈ ਦਿਤੀਆਂ ਜਾਂਦੀਆਂ ਹਨ ਉਸੇ ਲਈ ਉਹ ਖਰਚ ਕਰਨੀਆਂ ਚਾਹੀਦੀਆਂ ਹਨ। ਪਰ ਡਿਪਾਰਟਮੈਂਟ ਵਲੋਂ ਪਰਪੋਜ਼ਲ ਕੋਈ ਹੋਰ ਆਉਂਦੀ ਹੈ ਅਤੇ ਉਹ ਖਰਚ ਕਿਸੇ ਹੋਰ ਚੀਜ਼ ਲਈ ਕਰਦੇ ਹਨ। ਕਈ ਵਿਭਾਗਾਂ ਨੂੰ ਸਰਕਾਰ ਵਲੋਂ ਪੈਸਾ ਦਿਤਾ ਹੁੰਦਾ ਹੈ ਪਰ ਉਹ ਖਰਚ ਨਹੀਂ ਕਰ ਸਕਦੇ। ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ।

**ਕਾਮਰੇਡ ਬੂਟਾ ਸਿੰਘ** (ਮਾਨਸਾ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ। ਮੈਂ ਖਰਚਿਆਂ ਦੀ ਬਰੀਕੀ ਵਿਚ ਨਹੀਂ ਜਾਣਾ ਚਾਹੁੰਦਾ ਜਿਵੇਂ ਮਾਨਯੋਗ ਮੈਂਬਰ ਨੇ ਬਰੀਕੀ ਵਿਚ ਕਾਫੀ ਗਲਾਂ ਕੀਤੀਆਂ ਹਨ ਅਤੇ ਨਾਲੇ ਘਪਲੇ ਬਾਜ਼ੀ ਦਾ ਵੀ ਜ਼ਿਕਰ ਕੀਤਾ ਹੈ।

ਮੈਂ ਡਿਮਾਂਡ ਨੰ: 3 ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਚੇਅਰਮੈਨ ਸਾਹਿਬ, ਇਸ ਡਿਮਾਂਡ ਬਾਰੇ ਸਰਕਾਰ ਨੇ 36,38,000 ਰੁਪਿਆ ਮੰਗਿਆ ਹੈ। ਮੈਂ ਇਸ ਮਹਿਕਮੇਂ ਦੀ ਕਾਰਜਕੁਸ਼ਲਤਾ ਦਾ ਜ਼ਿਕਰ ਕਰਾਂਗਾ। ਮੈਂ ਇਕ ਨਿਆਂ ਪਾਲਕਾ ਦੀ ਮਿਸਾਲ ਦਿੰਦਾ ਹਾਂ। ਇਹ ਮਿਤੀ 13 ਅਕਤੂਬਰ 1978 ਦੀ ਗੱਲ ਹੈ। ਹਾਈ ਕੋਰਟ ਵਲੋਂ ਇਕ ਛਾਪਾ ਮਾਰਿਆ ਗਿਆ। ਇਹ ਇਕ ਸਫਲ ਛਾਪਾ ਸੀ। ਉਥੇ ਇਕ ਬਜ਼ੁਰਗ ਰਾਮਦਾਸੀਏ ਨੂੰ ਨਜਾਇਜ਼ ਹਰਾਸਤ ਵਿਚ ਰਖਿਆ ਸੀ। ਇਹ ਕੇਸ ਚੇਅਰਮੈਨ ਸਾਹਿਬ, ਦਫਾ 343, 504 ਅਤੇ 534 ਤਹਿਤ ਰਜਿਸਟਰ ਹੋ ਗਿਆ। ਇਸ ਕੇਸ ਵਿਚ ਥਾਣੇਦਾਰ ਮੁਲਜ਼ਮ ਬਣ ਗਿਆ। ਨਿਆਂ ਪਾਲਕਾ ਨੇ ਤਿੰਨ ਸਾਲ ਪਿਛੋਂ ਮਿਤੀ 28 ਅਗਸਤ, 1981 ਨੂੰ ਥਾਣੇਦਾਰ ਨੂੰ ਕਚਹਿਰੀ ਵਿਚ ਹਾਜ਼ਰ ਹੋਣ ਲਈ ਸੰਮਨ ਜਾਰੀ ਕੀਤੇ। ਥਾਣੇਦਾਰ ਨੂੰ ਕਿਹਾ ਗਿਆ ਕਿ ਤੁਸੀਂ ਕਚਹਿਰੀ ਵਿਚ ਹਾਜ਼ਰ ਹੋਵੋ, ਥਾਣੇਦਾਰ ਨੇ ਜਵਾਬ ਦਿਤਾ ਕਿ ਮੈਂ ਨਹੀਂ ਕਚ-ਹਿਰੀ ਵਿਚ ਜਾਂਦਾ। ਜਾ ਕੇ ਕਹੋ ਕਿ ਥਾਣੇਦਾਰ ਨਹੀਂ ਮਿਲਿਆ ਅਤੇ ਬਾਹਰ ਗਿਆ ਹੋਇਆ ਹੈ। ਚੇਅਰਮੈਨ ਸਾਹਿਬ, ਤਿੰਨ ਸਾਲ ਵਿਚ ਥਾਣੇਦਾਰ ਨੂੰ ਕਚਹਿਰੀ ਵਿਚ ਹਾਜ਼ਰ ਹੋਣ ਲਈ 30 ਵਾਰ ਸੰਮਨ ਜਾਰੀ ਕੀਤੇ ਗਏ ਪਰ ਥਾਣੇਦਾਰ ਕਚਹਿਰੀ ਵਿਚ ਹਾਜ਼ਰ ਨਹੀਂ ਹੋਇਆ। ਚੇਅਰਮੈਨ ਸਾਹਿਬ ਉਸ ਗਰੀਬ ਬੰਦੇ ਦਾ ਕਿਤਨਾ ਖਰਚਾ ਆਇਆ ਹੋਵੇਗਾ, ਕਾਗਜ਼ਾਂ ਤੇ, ਵਕੀਲ ਦੀ ਫੀਸ ਤੇ ਅਤੇ ਹੋਰ ਚੀਜ਼ਾਂ ਤੇ। ਦੋਸ਼ੀ ਤਿੰਨ ਸਾਲ ਥਾਨੇ ਵਿਚ ਹਾਜ਼ਰ ਨਹੀਂ ਹੁੰਦਾ ਅਤੇ ਜਦੋਂ ਨਿਆਂ ਪਾਲਕਾ ਵਲੋਂ ਵਾਰੰਟ ਇਸ਼ੂ ਹੋ ਜਾਂਦੇ ਹਨ ਤਾਂ ਥਾਣੇਦਾਰ ਦੀ ਬਾਹਰ ਹੀ ਜ਼ਮਾਨਤ ਹੋ ਜਾਂਦੀ ਹੈ। ਚੇਅਰਮੈਨ ਸਾਹਿਬ, ਪੁਲਿਸ ਦੇ ਬੰਦੇ ਦੀ ਬਾਹਰ ਹੀ ਬਾਹਰ ਜ਼ਮਾਨਤ ਹੋ ਗਈ ਪਰ ਜੇਕਰ ਮੁਦਈ ਪੰਜ ਮਿੰਟ ਲਈ ਗੈਰਹਾਜ਼ਰ ਹੋ ਜਾਵੇ ਤਾਂ ਉਸਦੇ ਖਿਲਾਫ ਕਾਰਵਾਈ ਹੋ ਜਾਂਦੀ ਹੈ।

**Shri Birdevinder Singh** : Can we discuss the working of the Judiciary here?

**ਕਾਮਰੇਡ ਬੂਟਾ ਸਿੰਘ** : ਚੇਅਰਮੈਨ ਸਾਹਿਬ, ਤਿੰਨ ਸਾਲ ਬਾਅਦ ਕੀ ਫੈਸਲਾ ਨਿਆਂ ਪਾਲਕਾ ਕਰੇਗੀ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ? ਚੇਅਰਮੈਨ ਸਾਹਿਬ, ਕਿਸੇ ਜੱਜ ਨੇ ਕਿਹਾ ਕਿ ਮੈਂ ਸ਼ਿਕਾਰ ਖੇਡਣ ਜਾਣਾ ਹੈ ਔਰ ਇਸ ਲਈ ਥਾਣੇ ਦੇ ਮੁਨਸ਼ੀ ਨੂੰ ਕਾਰ ਅਤੇ ਜੀਪ ਦਾ ਪ੍ਰਬੰਧ ਕਰਨ ਲਈ ਕਿਹਾ ਜਾਂਦਾ ਹੈ। ਚੇਅਰਮੈਨ ਸਾਹਿਬ, ਮੈਂ ਇਹ ਚੀਜ਼ ਰਿਕਾਰਡ ਤੇ ਲਿਆਉਣਾ ਚਾਹੁੰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ :** ਕਾਮਰੇਡ ਬੂਟਾ ਸਿੰਘ ਜੀ, ਤੁਸੀਂ ਟੂ ਦੀ ਪੁਆਇੰਟ ਗੱਲ ਕਰੋ।

**ਕਾਮਰੇਡ ਬੂਟਾ ਸਿੰਘ :** ਚੇਅਰਮੈਨ ਸਾਹਿਬ, ਚਲੋ ਮੈਂ ਇਸ ਗਲ ਨੂੰ ਇਥੇ ਹੀ ਛੱਡਦਾ ਹਾਂ। ਹੁਣ ਮੈਂ ਡਿਮਾਂਡ ਨੰ: 11 ਦੀ ਗੱਲ ਕਰਨੀ ਹੈ। ਇਸ ਡਿਮਾਂਡ ਲਈ ਸਰਕਾਰ ਨੇ 3,00,87,000 ਰੁਪਿਆ ਮੰਗਿਆ ਹੈ। ਇਹ ਪੁਲਿਸ ਦੀ ਡਿਮਾਂਡ ਹੈ ਅਤੇ ਮੈਂ ਇਸ ਸਬੰਧੀ ਗੱਲ ਕਰਨੀ ਹੈ। ਮੇਰੇ ਕੋਲ ਚੇਅਰਮੈਨ ਸਾਹਿਬ, ਐਫ. ਆਈ. ਆਰ. ਦੀਆਂ ਫੋਟੋ ਸਟੇਟ ਕਾਪੀਆਂ ਹਨ ਅਤੇ ਉਹ ਮੈਂ ਦੋ ਚਾਰ ਕੇਸ ਹਾਊਸ ਦੀ ਟੇਬਲ ਤੇ ਲੇਅ ਕਰਾਂਗਾ ਅਤੇ ਇਕ ਦੋ ਕੇਸਾਂ ਦਾ ਜ਼ਿਕਰ ਵੀ ਹਾਊਸ ਵਿਚ ਕਰਾਂਗਾ। ਮੈਂ ਚੇਅਰਮੈਨ ਸਾਹਿਬ, ਇਹ ਕੇਸ ਰਿਕਾਰਡ ਵਿਚ ਲਿਆਉਣਾ ਚਾਹੁੰਦਾ ਹਾਂ। ਮਿਤੀ 19 ਫਰਵਰੀ, 1982 ਨੂੰ ਐਫ ਆਈ ਆਰ 46 ਦੇ ਤਹਿਤ ਕੇਸ ਰਜਿਸਟਰ ਹੋਇਆ ਹੈ। ਚੇਅਰਮੈਨ ਸਾਹਿਬ, ਇਥੇ ਮੈਂ ਪੁਲਿਸ ਦੀ ਕਾਰਗੁਜ਼ਾਰੀ ਬਾਰੇ ਦਸਣਾ ਚਾਹੁੰਦਾ ਹਾਂ ਕਿਉਂਕਿ ਇਹ ਡਿਮਾਂਡ ਵੀ ਪੁਲਿਸ ਦੀ ਹੀ ਹੈ। ਇਸ ਵਾਕਿਆ ਤੋਂ ਇਕ ਦਿਨ ਪਹਿਲਾਂ ਮੈਂ ਬੁਢਲਾਡੇ ਦੇ ਐਸ. ਐਚ. ਓ. ਨੂੰ ਟੈਲੀਫੂਨ ਕੀਤਾ ਕਿ ਸਰਦਾਰ ਗੁਰਚਰਨ ਸਿੰਘ ਡਰਾਈਵਰ ਪੀ. ਆਰ. ਟੀ. ਸੀ.ਦੀ ਜਾਨ ਖਤਰੇ ਵਿਚ ਹੈ। ਐਸ. ਐਚ. ਓ. ਨੇ ਕਿਹਾ ਕਿ ਤੁਸੀਂ ਗੁਰਚਰਨ ਸਿੰਘ ਨੂੰ ਮੇਰੇ ਕੋਲ ਭੇਜ ਦਿਓ। ਗੁਰਚਰਨ ਸਿੰਘ ਨੇ ਆਪਣੀ ਪ੍ਰੋਟੈਕਸ਼ਨ ਲਈ ਕ੍ਰਿਪਾਨ ਰੱਖੀ ਹੋਈ ਸੀ। ਥਾਣੇਦਾਰ ਨੇ ਸਰਦਾਰ ਗੁਰਚਰਨ ਸਿੰਘ ਨੂੰ ਕਿਹਾ ਕਿ ਕ੍ਰਿਪਾਨ ਤੂੰ ਮੈਨੂੰ ਦੇ ਜਾ ਅਤੇ ਹੁਣ ਤੈਨੂੰ ਕੋਈ ਖਤਰਾ ਨਹੀਂ ਹੈ। ਇਸ ਲਈ ਹੁਣ ਤੂੰ ਜਾ। ਉਹ ਵਿਚਾਰਾ 400-500 ਗਜ਼ ਦੀ ਦੂਰੀ ਤੇ ਬੱਸ ਸਟੈਂਡ ਪਹੁੰਚਿਆ ਹੀ ਸੀ ਕਿ ਉਸ ਤੇ ਹਮਲਾ ਹੋ ਗਿਆ ਅਤੇ ਉਸ ਗੁਰਚਰਨ ਸਿੰਘ ਨੂੰ ਅਧਮੋਇਆ ਕਰਕੇ ਟੈਂਪੂ ਵਿਚ ਸੁੱਟ ਲਿਆ। ਚੇਅਰਮੈਨ ਸਾਹਿਬ, ਟੈਂਪੂ ਦਾ ਨੰਬਰ ਵੀ ਮੈਂ ਤੁਹਾਨੂੰ ਦੱਸਦਾ ਹਾਂ। ਇਹ ਸਾਰੀ ਚੀਜ਼ ਐਫ. ਆਈ. ਆਰ. ਵਿਚ ਦਰਜ ਹੈ। ਗੁਰਚਰਨ ਸਿੰਘ ਨੂੰ ਅੱਧ ਮੋਇਆ ਕਰਕੇ ਟੈਂਪੂ ਵਿਚ ਸੁੱਟ ਕੇ ਫਿਰ 40–50 ਕਿਲੋਮੀਟਰ ਦੂਰ ਲਿਜਾ ਕੇ ਸੁੱਟ ਦਿਤਾ। ਸਾਡੇ ਬੰਦਿਆਂ ਨੇ ਉਸ ਨੂੰ ਲੱਭ ਲਿਆ। ਇਸ ਦੇ ਬਾਅਦ, ਚੇਅਰਮੈਨ ਸਾਹਿਬ, ਇਕ ਹੋਰ ਗੱਲ ਮੈਂ ਤੁਹਾਡੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ। ਉਹ ਹੈ ਕਿ ਜਿਹੜੇ ਬੰਦੇ ਇਸ ਵਿੱਚ ਮੁਲਜ਼ਮ ਹਨ, ਉਨ੍ਹਾਂ ਨੂੰ ਲੋਕਾਂ ਨੇ ਇਕ ਘੰਟਾ ਪਹਿਲਾਂ ਐਸ. ਐਚ. ਓ. ਕੋਲੋਂ ਥਾਣੇ ਵਿਚੋਂ ਨਿਕਲਦਿਆਂ ਵੇਖਿਆ ਸੀ। ਦੂਜੀ ਗੱਲ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚਾਰੇ ਗੁਰਚਰਨ ਸਿੰਘ ਦਾ ਕੀ ਕਸੂਰ ਸੀ। ਕਸੂਰ ਇਹ ਸੀ ਕਿ ਉਹ ਡੀ. ਐਮ. ਜਗਜੀਤ ਸਿੰਘ ਪੁੰਨੀ ਦੀਆਂ ਹੇਰਾ ਫੇਰੀਆਂ ਨੂੰ ਨੰਗਾ ਕਰਦਾ ਸੀ। ਜਿਸ ਦਿਨ ਦਾ ਇਸ ਭੱਦਰ ਪੁਰਸ਼ ਨੇ ਕਾਰਜ ਭਾਰ ਡੀਪੂ ਦਾ ਸੰਭਾਲਿਆ ਹੈ, ਉਸ ਦਿਨ ਤੋਂ ਹੀ ਡੀਪੂ ਬੁਢਲਾਡਾ ਦੀ ਆਮਦਨ 46 ਹਜ਼ਾਰ ਰੁਪਏ ਤੋਂ 20 ਹਜ਼ਾਰ ਰੁਪਏ ਹੋ ਗਈ ਹੈ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਕਿਹੋ ਜਿਹੇ ਬੰਦੇ ਪਬਲਿਕ ਸੈਕਟਰ ਵਿਚ ਸੱਤਿਆਨਾਸ ਕਰਨ ਲਈ ਬਿਠਾਏ ਹੋਏ ਹਨ। ਜਿਸ ਦਿਨ ਦਾ ਉਸਨੂੰ ਉਥੋਂ ਕੱਢਿਆ ਗਿਆ ਹੈ, ਹੁਣ ਫਿਰ ਡੀਪੂ ਦੀ ਆਮਦਨ 20 ਹਜ਼ਾਰ ਤੋਂ 42 ਹਜ਼ਾਰ ਤੇ ਪਹੁੰਚ ਗਈ ਹੈ। ਪਹਿਲਾਂ ਡੀਪੂ ਵਿਚ 46 ਹਜ਼ਾਰ ਦੀ ਬੁਕਿੰਗ ਸੀ। ਜਦੋਂ ਇਹ ਬੰਦਾ ਗਿਆ ਤਾਂ 20 ਹਜ਼ਾਰ ਤੇ ਆ ਗਈ ਅਤੇ ਜਦੋਂ ਰੌਲਾ ਵਗੈਰਾ ਪਿਆ ਅਤੇ ਉਸ ਨੂੰ ਕੱਢਿਆ ਗਿਆ ਤਾਂ ਫੇਰ ਡੀਪੂ ਬੁਢਲਾਡਾ ਦੀ ਬੁਕਿੰਗ 42 ਹਜ਼ਾਰ ਤੋਂ ਉਪਰ ਚਲੀ ਗਈ ਹੈ। ਇਸ ਤੋਂ ਚੇਅਰਮੈਨ ਸਾਹਿਬ, ਤੁਸੀਂ ਆਪ ਅੰਦਾਜ਼ਾ ਲਗਾਓ ਕਿ ਪਬਲਿਕ ਸੈਕਟਰ ਵਿੱਚ ਜੇ ਪਬਲਿਕ ਸੈਕਟਰ ਦੇ ਹੀ ਦੁਸ਼ਮਨਾਂ ਨੂੰ ਬਿਠਾਇਆ ਜਾਵੇਗਾ, ਤਾਂ ਉਨ੍ਹਾਂ ਦਾ ਕੀ ਬਣੇਗਾ। ਉਸ ਦੇ ਖਿਲਾਫ 2 ਲੱਖ ਰੁਪਏ ਦੇ ਗ਼ਬਨ ਦੀ ਇਨਕੁਆਇਰੀ ਤਾਂ ਪਹਿਲਾਂ ਹੀ ਚਲ ਰਹੀ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਮਨਿਸਟਰ ਸਾਹਿਬ ਨੇ ਇਸ ਬੰਦੇ ਨੂੰ ਇਸ ਤਰ੍ਹਾਂ ਲੱਖਾਂ ਦੇ ਗ਼ਬਨ ਦੇ ਕੇਸ ਵਿੱਚ ਫਸਿਆ ਹੋਣ ਦੇ ਬਾਵਜੂਦ ਵੀ ਡੀ. ਐਮ. ਕਿਵੇਂ ਲਗਾ ਦਿਤਾ !

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਹੁਣ ਮੈਂ ਇਕ ਹੋਰ ਗੱਲ ਕਰ ਕੇ ਆਪਣੀ ਗੱਲ ਖਤਮ ਕਰਾਂਗਾ। ਮੈਂ ਹੁਣ ਪਿੰਡ ਕੁਲੱਰੀਆਂ, ਥਾਣਾ ਬਰੇਟਾ ਬਾਰੇ ਜਿਹੜਾ ਵਾਕਿਆ ਹੋਇਆ ਸੀ, ਉਸ ਦੀ ਗੱਲ ਕਰਨੀ ਹੈ। ਜੇ ਏਥੇ ਰੰਧਾਵਾ ਸਾਹਿਬ ਹੁੰਦੇ ਤਾਂ ਚੰਗਾ ਹੁੰਦਾ ਕਿਉਂਕਿ ਗੱਲ ਉਨ੍ਹਾਂ ਦੇ ਧਿਆਨ ਦੇਣ ਦੀ ਹੈ। ਉਥੇ ਕੁਝ ਲੱਠਮਾਰਾਂ ਨੇ ਪੰਚਾਇਤ ਦੀ ਜ਼ਮੀਨ ਦਬਾਈ ਹੋਈ ਹੈ। ਇਸ ਬਾਰੇ ਚਾਰ ਐਫ. ਆਈ. ਆਰ. ਵੀ ਦਰਜ ਹੋ ਚੁੱਕੀਆਂ ਹਨ ਪਰ ਅੱਜ ਤਕ ਕਿਸੇ ਵੀ ਮੁਲਜ਼ਮ ਨੂੰ ਪਕੜਿਆ ਨਹੀਂ ਗਿਆ। ਤੇਜਾ ਸਿੰਘ ਪੰਚ ਦੇ ਘਰ ਤੇ ਹਮਲਾ ਕੀਤਾ ਗਿਆ, ਉਸਦੇ ਘਰ ਤੇ ਫਾਇਰਿੰਗ ਵੀ ਹੋਈ। ਐਫ. ਆਈ. ਆਰ. ਨੰਬਰ 4, ਮਿਤੀ 21 ਦਸੰਬਰ, 1982 ਅਤੇ ਐਫ ਆਈ. ਆਰ. ਨੰਬਰ 15 ਮਿਤੀ 21 ਦਸੰਬਰ, 1982 ਦੋਵੇਂ ਇਕੋ ਦਿਨ ਹੀ ਦਰਜ ਕਰਵਾਈਆਂ ਗਈਆਂ। ਉਸ ਤੋਂ ਬਾਅਦ ਦੋ ਰਿਪੋਰਟਾਂ ਨੰਬਰ 19 ਅਤੇ 23 ਮਿਤੀ 24 ਫਰਵਰੀ, 1983 ਨੂੰ ਦਰਜ ਕਰਵਾਈਆਂ ਗਈਆਂ ਜਿਹੜੀਆਂ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤੀਆਂ ਗਈਆਂ ਹਨ। ਕਿਸੇ ਨੇ ਵੀ ਮੁਲਜ਼ਮਾਂ ਨੂੰ ਹਾਲੇ ਤਕ ਨਹੀਂ ਫੜਿਆ। ਜਦੋਂ ਥਾਣੇ ਵਿਚ ਜਾਂਦੇ ਹਾਂ ਕਿ ਇਨ੍ਹਾਂ ਨੂੰ ਗ੍ਰਿਫ਼ਤਾਰ ਕਰੋ ਜਿਨ੍ਹਾਂ ਨੇ ਪਿੰਡ ਵਿਚ, ਇਲਾਕੇ ਵਿਚ ਦਹਿਸ਼ਤ ਫੈਲਾਈ ਹੋਈ ਹੈ ਤਾਂ ਐਸ. ਐਚ. ਓ. ਕਹਿੰਦਾ ਹੈ ਕਿ ਮੇਰੇ ਤੇ ਤਾਂ ਪੁਲੀਟੀਕਲ ਪ੍ਰੈਸ਼ਰ ਹੈ। ਇਸ ਲਈ ਮੈਂ ਕੁਝ ਨਹੀਂ ਕਰ ਸਕਦਾ। ਹੁਣ ਤੁਸੀਂ ਦੱਸੋ ਕਿ ਕਿਥੇ ਰਹਿ ਗਿਆ ਅਮਨ ਤੇ ਕਾਨੂੰਨ ਪੰਜਾਬ ਦਾ, ਜਦੋਂ ਲੋਕਾਂ ਨੇ ਜਾਣਾ ਹੈ ਤਾਂ ਐਸ. ਐਚ. ਓ. ਕਹਿ ਦੇਵੇ ਕਿ ਮੇਰੇ ਤੇ ਤਾਂ ਪੁਲਿਟੀਕਲ ਪ੍ਰੈਸ਼ਰ ਹੈ। ਜੇ ਮੈਨੂੰ ਫਲਾਣਾ ਆਦਮੀ ਕਹਿ ਦੇਵੇ ਤਾਂ ਠੀਕ ਹੈ, ਨਹੀਂ ਤਾਂ ਮੈਂ ਆਪ ਹੀ ਬੇਬਸ ਹਾਂ। ਇਸ ਗਲ ਨੂੰ ਏਥੇ ਹੀ ਛੱਡਦਾ ਹੋਇਆ ਮੈਂ ਅਗਲੀ ਗੱਲ ਤੁਹਾਡੇ ਨੋਟਿਸ ਵਿੱਚ ਲਿਆਉਣੀ ਚਾਹੁੰਦਾ ਹਾਂ।

ਮੇਰੇ ਕੋਲ ਰਿਪੋਰਟ ਨੰਬਰ 15 ਜਿਹੜੀ ਕਿ ਮਿਤੀ 28 ਜਨਵਰੀ, 1980 ਦੀ ਦਰਜ ਹੈ, ਉਸਤੇ ਲਿਖਿਆ ਹੈ ਕਿ ਇਤਲਾਹ ਗੁਮਸ਼ੁਦਾ ਲੜਕੀ ਦੀ ਹੈ ਹਾਲਾਂਕਿ ਇਹ ਲੜਕੀ ਅਗਵਾ ਕੀਤੀ ਗਈ ਸੀ। ਪਰ ਰਿਪੋਰਟ ਹੈ ਕਿ ਲੜਕੀ ਗੁੰਮ ਹੋ ਗਈ ਹੈ। ਅਸਲੀਅਤ ਤਾਂ ਅਸਲੀਅਤ ਹੀ ਰਹਿੰਦੀ ਹੈ। ਇਸ ਲੜਕੀ ਨੂੰ ਬਰਾਮਦ ਕੀਤਾ ਗਿਆ ਅਤੇ ਅਜੇ ਤਕ ਵੀ ਇਕ ਦਰਜਨ ਦੇ ਕਰੀਬ ਲੋਕਾਂ ਵਿਰੁੱਧ ਅਦਾਲਤ ਵਿੱਚ ਕੇਸ ਚਲ ਰਿਹਾ ਹੈ। ਪਰ ਇਹ ਲਿਖ ਰਹੇ ਹਨ ਕਿ ਲੜਕੀ ਗੁੰਮ ਹੋ ਗਈ ਹੈ। ਇਹ ਪੁਲਿਸ ਦੀ ਕਾਰ ਕਰਦਗੀ ਹੈ। ਇਸ ਦੇ ਤੌਰ ਤਰੀਕੇ ਕੀ ਹਨ? ਇਹ ਐਫ. ਆਈ. ਆਰ. ਅਤੇ ਰਿਪੋਰਟਾਂ ਨੂੰ ਕੀ ਸਮਝਦੇ ਹਨ।

ਥੋੜ੍ਹੇ ਦਿਨਾਂ ਦੀ ਗੱਲ ਹੈ, ਇਹ ਬੜੀ ਦਿਲਚਸਪ ਖਬਰ ਹੈ। 2 ਮਾਰਚ ਨੂੰ ਪੀ. ਐਸ. ਟੀ. ਸੀ. ਦੇ ਐਕਸੀਐਨ, ਐਸ. ਡੀ. ਓ. ਅਤੇ ਓਵਰਸੀਅਰ ਦੇ ਦਫਤਰ ਤੇ ਵਿਜੀਲੈਂਸ ਸਟਾਫ ਦਾ ਛਾਪਾ ਪਿਆ ਅਤੇ ਸਾਰੇ ਦੇ ਸਾਰੇ ਅਫ਼ਸਰ ਰੰਗੇ ਹੱਥੀਂ ਫੜੇ ਗਏ। ਪਰ ਬਾਅਦ ਵਿਚ ਕੀ ਹੋਇਆ? ਰਾਤ ਨੂੰ ਇਨ੍ਹਾਂ ਸਭ ਨੂੰ ਚੇਅਰਮੈਨ ਸਾਹਿਬ, ਬਜਾਏ ਹਵਾਲਾਤ ਵਿੱਚ ਬੰਦ ਕਰਨ ਦੇ, ਉਨ੍ਹਾਂ ਨੂੰ ਰੈਸਟ ਹਾਊਸ ਵਿਚ ਰਖਿਆ ਗਿਆ। ਉਸਦੇ ਬਾਅਦ ਸਾਰੇ ਵਿਜੀਲੈਂਸ ਵਾਲਿਆਂ ਨੇ ਆਪ ਹੀ ਉਨ੍ਹਾਂ ਦੀ ਜ਼ਮਾਨਤ ਕਰਵਾਈ ਅਤੇ ਕਈ ਮੋਟੇ ਤਾਜ਼ੇ ਅਫ਼ਸਰਾਂ ਨੂੰ ਹਸਪਤਾਲ ਵਿਚ ਭਰਤੀ ਕਰਵਾ ਦਿਤਾ ਗਿਆ। ਤੁਸੀਂ, ਚੇਅਰਮੈਨ ਸਾਹਿਬ, ਅੰਦਾਜ਼ਾ ਕਰੋ ਕਿ ਨਾਵੇਂ ਵਿਚ ਕਿੰਨੀ ਤਾਕਤ ਹੈ, ਕਿੰਨੀ ਸ਼ਕਤੀ ਹੈ ਕਿ ਵਿਜੀ- ਲੈਂਸ ਵਾਲਿਆਂ ਨੇ ਜਿਨ੍ਹਾਂ ਅਫ਼ਸਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਉਨ੍ਹਾਂ ਵਿਚੋਂ ਕਈਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾ ਦਿਤਾ ਅਤੇ ਅੱਧੇ ਪਚੱਧਿਆਂ ਨੂੰ ਜ਼ਮਾਨਤ ਤੇ ਰਿਹਾ ਕਰ ਦਿਤਾ। ਵਿਜੀਲੈਂਸ ਵਾਲੇ ਇਸ ਕਰਕੇ ਬਣਾਏ ਗਏ ਹਨ ਕਿ ਉਹ ਚੋਰਾਂ ਨੂੰ ਫੜਨ ਪਰ ਜਦ ਉਨ੍ਹਾਂ ਨੂੰ ਵੀ ਤਕੜਾ ਗੱਫਾ ਮਿਲੇ ਤਾਂ ਸਭ ਠੀਕ ਹੋ ਜਾਂਦਾ ਹੈ। ਉਹ ਆਪ ਹੀ ਜ਼ਮਾਨਤ ਕਰਨ ਵਾਲੇ ਹੋ ਜਾਂਦੇ ਹਨ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬੂਟਾ ਸਿੰਘ]

ਇਕ ਗੱਲ ਮੈਂ ਜ਼ਿਲ੍ਹਾ ਪ੍ਰਸ਼ਾਸਨ ਬਾਰੇ ਕਰਨੀ ਹੈ। ਜ਼ਿਲ੍ਹਿਆਂ ਵਿਚ ਕੰਮ ਦਾ ਬੋਝ ਲਗਾਤਾਰ ਵੱਧ ਰਿਹਾ ਹੈ। ਮਿਸਾਲ ਦੇ ਤੌਰ ਤੇ ਬਠਿੰਡਾ ਵਿੱਚ ਜਿਹੜਾ ਪੈਨਸ਼ਨ ਵਾਲਾ ਦਫਤਰ ਹੈ, ਉਥੇ 2–3 ਕਲਰਕ ਹੀ ਹਨ ਜਦ ਕਿ ਉਥੇ 7–8 ਕਲਰਕਾਂ ਦੀ ਲੋੜ ਹੈ। ਚੌਧਰੀ ਸਾਹਿਬ ਇਸ ਵੇਲੇ ਏਥੇ ਬੈਠੇ ਨਹੀਂ ਉਨ੍ਹਾਂ ਨੂੰ ਇਸ ਕੰਮ ਵਲ ਧਿਆਨ ਦੇਣਾ ਚਾਹੀਦਾ ਹੈ। ਜਿੰਨੀ ਤੇਜ਼ੀ ਨਾਲ ਕੰਮ ਵਧ ਰਿਹਾ ਹੈ। ਸਾਨੂੰ ਉਨੀ ਤੇਜ਼ੀ ਨਾਲ ਹੀ ਕਲੈਰੀਕਲ ਸਟਾਫ ਵਧਾਉਣਾ ਚਾਹੀਦਾ ਹੈ।

**ਪ੍ਰੋਫੈਸਰ ਬਲਵੰਤ ਸਿੰਘ:** ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਧਾ ਸਦਨ ਤਾਂ ਪਹਿਲਾਂ ਹੀ ਗੈਰ ਹਾਜ਼ਰ ਹੈ। ਅੱਧਾ ਬਾਹਰ ਚਲਾ ਗਿਆ ਹੈ। ਵਜ਼ੀਰ ਸਾਹਿਬਾਨ, ਜਿਨ੍ਹਾਂ ਨਾਲ ਕਈ ਗੱਲਾਂ ਦਾ ਤੁਅੱਲਕ ਹੈ, ਉਹ ਵੀ ਗਾਇਬ ਹਨ। ਐਸਾ ਹੋਰ ਕਿਹੜਾ ਮਹੱਤਵਪੂਰਨ ਕੰਮ ਚਲ ਰਿਹਾ ਹੈ ਕਿ ਉਹ ਸਦਨ ਵਿੱਚ ਵੀ ਹਾਜ਼ਰ ਨਹੀਂ ਹਨ ?

**ਵਿੱਤ ਮੰਤਰੀ:** ਚੇਅਰਮੈਨ ਸਾਹਿਬ, ਕੋਰਮ ਪੂਰਾ ਹੈ। 2 ਮਨਿਸਟਰ ਸਾਹਿਬਾਨ ਵੀ ਬੈਠੇ ਹਨ। ਕੁਝ ਵੀ ਗਲਤ ਗੱਲ ਨਹੀਂ ਹੈ।

**ਕਾਮਰੇਡ ਬੂਟਾ ਸਿੰਘ:** ਪਹਿਲਾਂ ਵਜ਼ੀਰ ਸਾਹਿਬ ਨੇ ਕਹਿ ਦਿੱਤਾ ਸੀ ਕਿ ਮੇਰੀ ਗਲ ਸਵਾਲ ਨਾਲ ਸਬੰਧ ਨਹੀਂ ਰੱਖਦੀ। ਸਰਕਾਰ ਦੀ ਪਾਲਿਸੀ ਹੈ ਕਿ ਗਰੀਬਾਂ ਦਾ ਭਲਾ ਕਰਨਾ ਹੈ। ਪਰ ਬੈਂਕਾਂ ਵਿੱਚ ਤਾਂ ਬੁਰਾ ਹਾਲ ਹੈ। ਜਿਵੇਂ ਮੈਂ ਪਹਿਲਾਂ ਵੀ ਦੱਸਿਆ ਸੀ ਕਿ ਬੈਂਕ ਵਿੱਚ 2–3 ਜਾਂ 6 ਮਹੀਨਿਆਂ ਵਿੱਚ 125 ਕੇਸਾਂ ਵਿਚੋਂ 32 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਪਰ, ਚੇਅਰਮੈਨ ਸਾਹਿਬ, ਬਾਕੀ ਦੀਆਂ ਅਰਜ਼ੀਆਂ ਦਾ ਕੀ ਬਣੇਗਾ। ਮੈਨੇਜਰ ਨੂੰ ਏਨੇ ਅੰਨ੍ਹੇ ਇਖਤਿਆਰ ਹਨ ਕਿ ਉਹ ਬੀ. ਡੀ. ਓ. ਰਾਹੀਂ ਅਰਜ਼ੀ ਜਿਹੜੀ ਰਿਕਮੈਂਡ ਹੋਈ ਹੋਵੇ, ਉਸਦੀ ਵੀ ਪੱਟੀ ਮੇਸ ਕਰ ਦੇਂਦਾ ਹੈ। ਪਹਿਲਾਂ ਗਰੀਬ ਆਦਮੀ ਕਾਗਜ਼ ਲੈਣ ਤੋਂ ਪਹਿਲਾਂ ਫਾਰਮ ਭਰਦਾ ਹੈ, ਬੀ. ਡੀ. ਓ. ਤੋਂ ਸਿਫਾਰਸ਼ ਕਰਵਾਉਂਦਾ ਹੈ, ਪ੍ਰਾਜੈਕਟ ਅਫ਼ਸਰ ਦੀ ਸਿਫਾਰਸ਼ ਕਰਵਾਉਂਦਾ ਹੈ ਅਤੇ ਫੇਰ ਅਰਜ਼ੀ ਦੇਣ ਦੀ ਗੱਲ ਕਰਦਾ ਹੈ। ਪਰ ਅਗੋਂ ਮੈਨੇਜਰ ਸਿੱਧਾ ਹੀ ਉਸਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦੇਂਦਾ ਹੈ। ਇਸ ਤਰ੍ਹਾਂ ਸਮਾਜ ਭਲਾਈ ਦਾ ਕੰਮ ਨਹੀਂ ਹੋ ਸਕਦਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਵੱਲ ਧਿਆਨ ਦੇਵੇ। ਇਨ੍ਹਾਂ ਸ਼ਬਦਾਂ ਨਾਲ ਹੀ ਮੈਂ ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

3.59 ਬਾਅਦ ਦੁਪਹਿਰ

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਚੌਧਰੀ ਮਾਤੂ ਰਾਮ** (ਮਲੋਟ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨ-ਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਡਿਮਾਂਡ ਤੇ ਬੋਲਣ ਦਾ ਵਕਤ ਦਿਤਾ ਹੈ। ਮੈਂ ਡਿਮਾਂਡ ਨੰ: 18 ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪਬਲਿਕ ਹੈਲਥ ਦਾ ਮਹਿਕਮਾ ਹੈ ਇਹ ਇੱਕ ਐਸਾ ਮਹਿਕਮਾ ਹੈ ਜਿਹੜਾ ਕਿ ਸਾਰੇ ਪੰਜਾਬ ਦਾ ਜੋ ਬਜਟ ਇਨ੍ਹਾਂ ਨੂੰ ਮਿਲ ਰਿਹਾ ਹੈ ਉਹ ਇਸ ਮਹਿਕਮੇਂ ਦੇ ਸਾਰੇ ਅਫਸਰ ਹੀ ਖਾਈ ਜਾ ਰਹੇ ਹਨ। ਇਸ ਦੇ ਜਿਹੜੇ ਚੀਫ ਹਨ ਉਹ ਇਸ ਨੂੰ ਬਘਿਆੜਾਂ ਦੀਆਂ ਤਰ੍ਹਾਂ ਖਾਈ ਜਾ ਰਹੇ ਹਨ। ਜਿਵੇਂ ਕਿ ਬਘਿਆੜ ਭੇਡਾਂ ਨੂੰ ਖਾ ਜਾਂਦਾ ਹੈ ਉਸ ਤਰ੍ਹਾਂ ਇਹ ਪੰਜਾਬ ਸਰਕਾਰ ਦੇ ਪੈਸੇ ਨੂੰ ਹੜੱਪ ਕਰ ਰਹੇ ਹਨ। ਇਸ ਤਰ੍ਹਾਂ ਮਨ ਮਰਜ਼ੀਆਂ ਕਰਦੇ ਹਨ ਜਿਨ੍ਹਾਂ ਵੱਲ ਸਰਕਾਰ ਨੇ ਕਦੇ ਕੋਈ ਧਿਆਨ ਨਹੀਂ ਦਿਤਾ। ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਮੈਂ ਤੁਹਾਡੇ ਸਾਹਮਣੇ ਇਕ ਦੋ ਪੁਆਇੰਟ ਰਖਦਾ ਹਾਂ। ਬਠਿੰਡੇ ਵਿੱਚ 10 ਲੱਖ ਰੁਪਏ ਦੀਆਂ ਪਾਈਪਾਂ ਖਰੀਦ ਕੇ ਰੱਖ ਲਈਆਂ। ਇਨ੍ਹਾਂ ਪਾਈਪਾਂ ਦੀ ਬਿਲਕੁਲ ਵੀ ਜ਼ਰੂਰਤ ਨਹੀਂ ਸੀ ਔਰ ਇਨ੍ਹਾਂ ਨੂੰ ਹਾਲੇ ਤੱਕ ਵਰਤਿਆ ਨਹੀਂ ਗਿਆ। ਇਹ ਪਾਈਪਾਂ ਸਿਰਫ ਕਮਿਸ਼ਨ ਲੈਣ ਵਾਸਤੇ ਖਰੀਦ ਲਈਆਂ ਗਈਆਂ ਹਨ। ਅਫ਼ਸਰਾਂ ਨੇ ਪੈਸਾ ਜਮ੍ਹਾਂ ਕਰਕੇ ਰੱਖ ਦਿਤਾ ਜਿਹੜਾ ਕਿ ਅੱਜ ਤੱਕ ਕੰਮ ਨਹੀਂ ਆਇਆ। ਇਸ ਮਹਿਕਮੇਂ ਵਲ ਮਨਿਸਟਰ ਸਾਹਿਬ ਨੇ ਕਦੇ ਧਿਆਨ ਨਹੀਂ ਦਿੱਤਾ ਕਿ ਤੁਸੀਂ ਦੱਸ ਲੱਖ ਰੁਪਿਆ ਖਰਾਬ ਕਰਕੇ ਰੱਖ ਦਿਤਾ ਹੈ। ਇਹ ਪਰਚੇਜ਼ ਕਿਉਂ ਕੀਤੀ ਗਈ ਔਰ ਫਿਰ ਇਸ ਨੂੰ ਕਿਉਂ ਨਹੀਂ ਵਰਤਿਆ ਗਿਆ ? ਜੇ ਇਹਨਾਂ ਪਾਈਪਾਂ ਦੀ ਜ਼ਰੂਰਤ ਨਹੀਂ ਸੀ ਤਾਂ ਇਸ ਨੂੰ ਖਰੀਦਣ ਦੀ ਕਿਉਂ ਲੋੜ ਪਈ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਇਹ ਮਹਿਕਮਾ ਜਨਤਾ ਦੇ ਪੈਸੇ ਨੂੰ ਰੋੜ੍ਹੀ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਮਨਿਸਟਰ ਸਾਹਿਬ ਨੂੰ ਇਹਨਾਂ ਦੇ ਖਿਲਾਫ ਦੇਖਣਾ ਚਾਹੀਦਾ ਹੈ ਔਰ ਇਹਨਾਂ ਪਾਈਪਾਂ ਦੀ ਖਰੀਦ ਬਾਰੇ ਇਨ੍ਹਾਂ ਦੀ ਵਰਤੋਂ ਬਾਰੇ ਪੂਰੀ ਇਨ-ਕੁਆਇਰੀ ਕਰਾਉਣੀ ਚਾਹੀਦੀ ਹੈ। ਇਸ ਤਰ੍ਹਾਂ ਪੰਜਾਬ ਦਾ ਰੁਪਿਆ ਤਬਾਹ ਕੀਤਾ ਜਾ ਰਿਹਾ ਹੈ ਔਰ ਲੋਕਾਂ ਤੇ ਭਾਰੀ ਟੈਕਸ ਲਗਾਏ ਜਾ ਰਹੇ ਹਨ। ਇਸ ਦਾ ਕੋਈ ਫਾਇਦਾ ਨਹੀਂ। ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਅਫ਼ਸਰਾਂ ਦੀਆਂ ਤਿੰਨ ਤਿੰਨ ਰਿਪੋਰਟਾਂ ਖਰਾਬ ਆਈਆਂ ਹੋਈਆਂ ਹਨ, ਜਿਨ੍ਹਾਂ ਦੇ ਖਿਲਾਫ ਸੈਕਟਰੀਜ਼ ਨੇ ਲਿਖ ਕੇ ਭੇਜਿਆ ਹੋਇਆ ਹੈ ਕਿ ਇਹ ਲੋਕ ਰੱਖਣ ਦੇ ਕਾਬਲ ਨਹੀਂ, ਡਾਕਟਰ ਸਾਹਿਬ, ਉਹਨਾਂ ਦੀਆਂ ਫਾਈਲਾਂ ਤੇ ਲਿਖਿਆ ਹੋਇਆ ਹੈ ਕਿ ਇਹ ਚੋਰ ਹਨ, ਨੌਕਰੀ ਕਰਨ ਦੇ ਕਾਬਲ ਨਹੀਂ, ਉਨ੍ਹਾਂ ਦੀਆਂ ਫਾਈਲਾਂ ਅਜੇ ਤੱਕ ਚੱਲ ਰਹੀਆਂ ਹਨ ਔਰ ਉਹ ਚੀਫ ਬਣਦੇ ਜਾ ਰਹੇ ਹਨ, ਉਹਨਾਂ ਦੇ ਸੈਲ ਬਣਦੇ ਜਾ ਰਹੇ ਹਨ। ਮਨਿਸਟਰ ਸਾਹਿਬ ਨੂੰ ਇਹਨਾਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਔਰ ਇਸ ਗਲਤ ਪੈਸੇ ਦੀ ਵਰਤੋਂ ਨੂੰ ਰੋਕਣਾ ਚਾਹੀਦਾ ਹੈ। ਇਸ ਦੀ ਇਨਕੁਆਇਰੀ ਕਰਾਉਣੀ ਚਾਹੀਦੀ ਹੈ। ਮੇਰੀ ਰਾਇ ਹੈ ਕਿ ਇਹੋ ਜਿਹੇ ਅਫ਼ਸਰਾਂ ਨੂੰ ਜਿਹੜੇ ਲੱਖਾਂ ਰੁਪਏ ਖਾ ਰਹੇ ਹਨ ਉਹਨਾਂ ਨੂੰ ਜ਼ਰੂਰ ਰੋਕਣਾ ਚਾਹੀਦਾ ਹੈ। ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ** ** ** **

**ਸ੍ਰੀ ਡਿਪਟੀ ਸਪੀਕਰ** : ਜਿਹੜਾ ਅਫ਼ਸਰ ਹਾਊਸ ਵਿਚ ਹਾਜ਼ਰ ਨਹੀਂ ਉਸ ਦਾ ਨਾਂ ਨਾ ਲਿਆ ਜਾਵੇ।

**ਚੌਧਰੀ ਮਾਤੂ ਰਾਮ**: ਡਿਪਟੀ ਸਪੀਕਰ ਸਾਹਿਬ, ਕੋਈ ਐਕਸੀਅਨ ਸੀ ਜਿਸ ਨੇ 25 ਏਅਰ ਕੰਡੀਸ਼ਨਰ ਕਿਸੇ ਫਰਮ ਨਾਲ ਮਿਲ ਕੇ ਨੀਲਾਮ ਕਰਵਾ ਦਿੱਤੇ ਔਰ ਕਿਹਾ ਗਿਆ ਇਹ ਖਰਾਬ ਹਨ। ਇਹ ਏਅਰ ਕੰਡੀਸ਼ਨਰ ਬੇਕਾਰ ਹਨ। ਇਹ ਏਅਰ ਕੰਡੀਸ਼ਨਰ ਸਸਤੇ ਭਾਅ ਤੇ ਫਰਮ ਨੂੰ ਵੇਚੇ ਗਏ ਹਨ। ਫਰਮ ਨੂੰ ਕਿਹਾ ਗਿਆ ਕਿ ਤੁਸੀਂ ਇਹ ਲੈ ਲਓ। ਇਸ ਤੋਂ ਬਾਅਦ ਕੀ ਹੋਇਆ ਹੈ ? ਉਸ ਫਰਮ ਤੋਂ ਫਿਰ ਉਹੀ ਏਅਰ ਕੰਡੀਸ਼ਨਰ ਮੁਰੰਮਤ ਵਗੈਰਾ ਕਰਵਾ ਕੇ ਰੰਗ ਰੋਗਨ ਕਰਵਾ ਕੇ ਫਿਰ ਟੈਂਡਰ ਲਿਆ ਗਿਆ ਔਰ ਉਹੀ ਏਅਰ ਕੰਡੀਸ਼ਨਰ ਫਿਰ ਖਰੀਦ ਲਏ ਗਏ। ਡਿਪਟੀ ਸਪੀਕਰ ਸਾਹਿਬ, ਇਸ ਚੀਜ਼ ਦੀ ਇਨਕੁਆਇਰੀ ਕਰਵਾਈ ਜਾਣੀ ਚਾਹੀਦੀ ਹੈ। ਇਹਨਾਂ ਨੇ ਇਨਕੁਆਇਰੀ ਵੀ ਕਰਵਾਈ ਸੀ ਔਰ ਇਹ ਸਪੱਸ਼ਟ ਸਾਬਤ ਹੋਇਆ ਕਿ ਇਸ ਤਰ੍ਹਾਂ ਦੇ ਏਅਰ ਕੰਡੀਸ਼ਨਰ ਮੁਰੰਮਤ ਕਰਵਾ ਕੇ ਦੁਬਾਰਾ ਵੇਚੇ ਗਏ ਹਨ ਔਰ ਇਹਨਾਂ ਚੀਜ਼ਾਂ ਦਾ ਉਪਰ ਤੁਹਾਨੂੰ ਪਤਾ ਨਹੀਂ। ਮੈਂ ਸਮਝਦਾ ਹਾਂ ਕਿ ਵਿਜੀਲੈਂਸ ਵਾਲੇ ਜਿਹੜੇ ਹਨ ਉਹਨਾਂ ਨੇ ਚੋਰਾਂ ਨੂੰ ਪਕੜ ਕੇ ਸਰਕਾਰ ਦੇ ਹਵਾਲੇ ਕਰਨਾ ਹੁੰਦਾ ਹੈ ਉਹ ਵੀ ਰਿਪੋਰਟ ਨਹੀਂ ਕਰਦੇ। ਡਿਪਟੀ ਸਪੀਕਰ ਸਾਹਿਬ, ਇਹੋ ਜਿਹੇ ਲੋਕ ਅੱਗੇ ਆ ਰਹੇ ਹਨ, ਇਹ ਤਰੱਕੀਆਂ ਲੈਣ ਵਾਸਤੇ ਅੱਗੇ ਆ ਰਹੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਇਸ ਮਹਿਕਮੇਂ ਨੂੰ ਸੰਭਾਲ ਲਓ ਔਰ ਜਿਹੜੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਚੌਧਰੀ ਮਾਤੂ ਰਾਮ]

ਬਘਿਆੜ ਬਣੇ ਹੋਏ ਹਨ ਉਹੀ ਸਾਰਾ ਰੁਪਿਆ ਖਾਈ ਜਾ ਰਹੇ ਹਨ, ਇਹਨਾਂ ਕੋਲੋਂ ਇਸ ਨੂੰ ਬਚਾ ਲਓ। ਇੱਕ ਸੁੱਖ ਨਾਲ ਇਹਨਾਂ ਦਾ ਮਹਿਕਮਾ ਵੀ ਅਜਿਹਾ ਹੈ ਕਿ ਜਿਹੜਾ ਕੰਮ ਕਰਦੇ ਹਨ ਉਹ ਜ਼ਮੀਨ ਵਿੱਚ ਹੁੰਦਾ ਹੈ ਕਿਸੇ ਨੂੰ ਪਤਾ ਤੱਕ ਨਹੀਂ ਲਗਦਾ। ਡਾਕਟਰ ਸਾਹਿਬ, ਇਸ ਤੋਂ ਅੱਗੇ ਹੋਰ ਸੁਣੋਂ। ਇੱਕ ਮਸ਼ੀਨ ਖਰੀਦੀ ਗਈ, ਡਾਕਟਰ ਸਾਹਿਬ, ਮਿੱਟੀ ਖੋਦਣ ਵਾਸਤੇ। ਇਸ ਮਸ਼ੀਨ ਤੇ ਇੱਕ ਲੱਖ ਰੁਪਿਆ ਖਰਚ ਆਇਆ। ਡਿਪਟੀ ਸਪੀਕਰ ਸਾਹਿਬ, ਇਹ ਮਸ਼ੀਨ ਉਸ ਸਾਈਜ਼ ਦੀ ਵੀ ਨਹੀਂ ਸੀ ਜਿਹੜੀ ਕਿ ਇਹਨਾਂ ਨੂੰ ਚਾਹੀਦੀ ਸੀ। ਫਿਰ ਉਸ ਮਸ਼ੀਨ ਦਾ ਸਾਈਜ਼ ਲੋੜੀਂਦਾ ਸਾਈਜ਼ ਕਰਨ ਵਾਸਤੇ ਪਤਾ ਨਹੀਂ ਕਿੰਨੇ ਹਜ਼ਾਰ ਰੁਪਿਆ ਹੋਰ ਖਰਚ ਕੀਤਾ ਗਿਆ। ਇਹਨਾਂ ਸਭ ਚੀਜ਼ਾਂ ਦੀਆਂ ਮਨਜ਼ੂਰੀਆਂ ਮਨਿਸਟਰ ਸਾਹਿਬ ਦੇਂਦੇ ਹਨ। ਮੈਂ ਮਹਿਕਮੇਂ ਦੇ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਸ ਮਹਿਕਮੇਂ ਨੂੰ ਨਕੇਲ ਪਾਓ। ਇਹ ਜਿਹੜੇ ਚੋਰ ਅਫਸਰ ਹਨ ਇਹਨਾਂ ਦੀਆਂ ਇਨਕੁਆਇਰੀਆਂ ਕਰਵਾਓ। ਇਹ ਡਿਪਾਰਟਮੈਂਟ ਵਿੱਚ ਕਿਉਂ ਰੱਖੇ ਹੋਏ ਹਨ। ਮੈਂ ਫਿਰ ਬੇਨਤੀ ਕਰਦਾ ਹਾਂ ਕਿ ਇਹੋ ਜਿਹੇ ਅਫ਼ਸਰਾਂ ਨੂੰ ਰੁਪਿਆ ਬਿਲਕੁਲ ਨਹੀਂ ਦਿਤਾ ਜਾਣਾ ਚਾਹੀਦਾ ਤਾਂਕਿ ਇਹ ਜਿਹੜੇ ਚੋਰ ਹਨ, ਜਿਹੜੇ ਬਘਿਆੜ ਹਨ ਇਹਨਾਂ ਨੂੰ ਕੱਢਿਆ ਜਾ ਸਕੇ। ਇਹਨਾਂ ਲਫਜ਼ਾਂ ਨਾਲ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

**ਕਾਮਰੇਡ ਦਰਸ਼ਨ ਸਿੰਘ ਝਬਾਲ** (ਅਟਾਰੀ, ਐਸ. ਸੀ.): ਮੈਂ ਡਿਮਾਂਡ ਨੰ: 9, 10, 11, 16, 18, 23, 26 ਦੇ ਬਾਰੇ ਆਪਣੇ ਵਿਚਾਰ ਰੱਖਣੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਹਾਲਤ ਬਹੁਤ ਮਾੜੀ ਹੈ ਔਰ ਲੋਕਾਂ ਵਿੱਚ ਇਸ ਬਾਰੇ ਬੜੀ ਬੇਚੈਨੀ ਫੈਲੀ ਹੋਈ ਹੈ। ਪੰਜਾਬ ਦੇ ਅੰਦਰ ਕੋਈ ਕਿਸੇ ਨੂੰ ਮਾਰ ਜਾਂਦਾ ਹੈ, ਕੋਈ ਕਿਸੇ ਦੀ ਪਰਵਾਹ ਨਹੀਂ ਕਰਦਾ ਕੋਈ ਕਿਸੇ ਨੂੰ ਨਹੀਂ ਪੁੱਛਦਾ। ਪੁਲਿਸ ਮੁਕਾਬਲੇ ਬਣਾ ਕੇ ਮਾਰ ਦਿਤਾ ਜਾਂਦਾ ਹੈ। ਦੂਜੀ ਵੱਡੀ ਬੇਚੈਨੀ ਇਹ ਹੈ ਕਿ ਸੀ. ਐਮ. ਸਾਹਿਬ ਨੇ ਆਪਣੀ 11 ਤਾਰੀਖ ਦੀ ਤਕਰੀਰ ਵਿੱਚ ਕਿਹਾ ਸੀ ਕਿ ਪੰਜਾਬ ਦੀ ਰਾਜਸੀ ਹਾਲਤ ਜੋ ਹੈ ਇਹਨਾਂ ਦੇ ਸਬੰਧ ਵਿੱਚ ਉਹ ਕੁਝ ਕਹਿਣ ਲੱਗੇ ਸਨ ਪਰ ਉਹਨਾਂ ਨੇ ਕੋਈ ਗੱਲ ਸਿਰੇ ਨਹੀਂ ਲਾਈ। ਪੰਜਾਬ ਦੇ ਜਿਹੜੇ ਵਾਤਾਵਰਨ ਹਨ ਜਿਸ ਵਿੱਚ ਹਿੰਦੂ ਸਿੱਖ ਆਪਸ ਵਿਚ ਬੜੀ ਤਲਖੀ ਪੈਦਾ ਕਰ ਰਹੇ ਹਨ ਉਸ ਬਾਰੇ ਕੋਈ ਸੁਧਾਰ ਨਹੀਂ ਦੱਸੇ ਜਿਸ ਨਾਲ ਕੋਈ ਮਸਲਾ ਹੱਲ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਹੜੇ ਪੰਜਾਬ ਦੇ ਹਾਲਾਤ ਖਰਾਬ ਹੋ ਰਹੇ ਹਨ ਉਹ ਸੈਂਟਰ ਤੇ ਇਹਨਾਂ ਦੀ ਲਾਪਰਵਾਹੀ ਕਾਰਨ ਹੋ ਰਹੇ ਹਨ। ਸੈਂਟਰ ਵਲੋਂ ਵੀ ਪੂਰੀ ਤਰ੍ਹਾਂ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਅੱਜ ਪੰਜਾਬ ਦੀ ਅਕਾਲੀ ਪਾਰਟੀ ਵਿੱਚ ਔਰ ਸੈਂਟਰ ਵਿੱਚ ਜਿਹੜੇ ਅੜਿਕੇ ਪੈ ਰਹੇ ਹਨ ਉਸ ਕਾਰਨ ਵੀ ਪੰਜਾਬ ਦੇ ਲੋਕ ਭੈ ਭੀਤ ਹੋ ਰਹੇ ਹਨ। ਇਹ ਸੁਣਿਆ ਗਿਆ ਹੈ ਕਿ ਚਾਰ ਤਰੀਕ ਨੂੰ ਹੋਰ ਐਕਸ਼ਨ ਲੈਣਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਜਿਹੜੀਆਂ ਤਿੰਨ ਮੰਗਾਂ ਹਨ ਉਹ ਸਰਕਾਰ ਨੂੰ ਜ਼ਰੂਰ ਮੰਨ ਲੈਣੀਆਂ ਚਾਹੀਦੀਆਂ ਹਨ। ਜਿੱਥੇ ਧਾਰਮਿਕ ਮੰਗਾਂ ਨੂੰ ਮੰਨ ਲਿਆ ਗਿਆ ਹੈ ਉਥੇ ਪੰਜਾਬ ਦੀਆਂ ਬਾਕੀ ਤਿੰਨ ਮੰਗਾਂ ਜਿਵੇਂ ਪੰਜਾਬ ਦੇ ਪਾਣੀਆਂ ਦਾ ਮਸਲਾ, ਚੰਡੀਗੜ੍ਹ ਦਾ ਮਸਲਾ ਔਰ ਸੈਂਟਰ ਸਟੇਟ ਰੀਲੇਸ਼ਨਜ਼ ਦਾ ਜਿਹੜਾ ਮਸਲਾ ਹੈ, ਇਹ ਵੀ ਸਰਕਾਰ ਨੂੰ ਮੰਨ ਲੈਣੇ ਚਾਹੀਦੇ ਹਨ। ਮੈਂ ਹਾਊਸ ਅੱਗੇ ਬੇਨਤੀ ਕਰਦਾ ਹਾਂ ਕਿ ਜੋ ਅੱਤਵਾਦੀ ਹਨ ਇਸ ਤੋਂ ਪਹਿਲਾਂ ਕਿ ਇਹਨਾਂ ਨੂੰ ਕੋਈ ਹੋਰ ਮੌਕਾ ਮਿਲੇ, ਇਹ ਮੰਗਾਂ ਜ਼ਰੂਰ ਪਰਵਾਨ ਕਰ ਲੈਣੀਆਂ ਚਾਹੀਦੀਆਂ ਹਨ। ਪ੍ਰਧਾਨ ਮੰਤਰੀ ਇਨ੍ਹਾਂ ਬਾਰੇ ਇੱਕ-ਤਰਫਾ ਐਲਾਨ ਕਰਨ ਕਿ ਇਹ ਜੋ ਮੰਗਾਂ ਹਨ ਇਹ ਜਾਇਜ਼ ਹਨ। ਇਹ ਸਾਰੇ ਪੰਜਾਬ ਦਾ ਮਸਲਾ ਹੈ। ਇਹ ਕੋਈ ਅਜਿਹੀ ਮੰਗ ਨਹੀਂ ਜੋ ਮੰਨੀ ਨਹੀਂ ਜਾ ਸਕਦੀ। ਚੰਡੀਗੜ੍ਹ ਦਾ ਮਸਲਾ ਹੈ। ਚੰਡੀਗੜ੍ਹ

Original with;
Punjab Vidhan Sabha
Digitized by;
Panjab Digital Library

ਪੰਜਾਬ ਦਾ ਹੈ, ਇਹ ਪੰਜਾਬ ਦੀ ਰਾਜਧਾਨੀ ਹੈ। ਇਸ ਤੇ ਪੰਜਾਬ ਨੇ ਕਾਫੀ ਖਰਚ ਕੀਤਾ ਹੈ। ਇਹ ਪੰਜਾਬ ਨੂੰ ਦੇ ਦਿਤਾ ਜਾਣਾ ਚਾਹੀਦਾ ਹੈ ਜਦੋਂ ਕਿ ਕਾਂਗਰਸ ਪਾਰਟੀ ਵੀ ਇਸ ਚੀਜ਼ ਬਾਰੇ ਕਹਿੰਦੀ ਹੈ ਔਰ ਪੰਜਾਬ ਦੇ ਸੀ. ਐਮ. ਸਾਹਿਬ ਵੀ ਕਹਿੰਦੇ ਹਨ। ਫਿਰ ਇਹ ਕਿਉਂ ਨਹੀਂ ਹੁੰਦਾ। ਮੈਂ ਬੇਨਤੀ ਕਰਦਾ ਹਾਂ ਕਿ ਸਿਰਫ ਏਨਾ ਕਹਿਣ ਨਾਲ ਹੀ ਮਸਲਾ ਹੱਲ ਨਹੀਂ ਹੋਣਾ। ਏਥੇ ਠੋਸ ਤੌਰ ਤੇ ਕਹਿਣਾ ਪਵੇਗਾ, ਪੰਜਾਬ ਦੀ ਕਾਂਗਰਸ ਪਾਰਟੀ ਨੂੰ ਕਹਿਣਾ ਪਵੇਗਾ ਔਰ ਅਸੀਂ ਵੀ ਇਸ ਚੀਜ਼ ਵਿੱਚ ਤੁਹਾਡਾ ਸਾਰਿਆਂ ਦਾ ਸਾਥ ਦੇਵਾਂਗੇ। ਇਹ ਤਿੰਨੇ ਮੰਗਾਂ ਪਰਵਾਨ ਹੋਣ। ਡਿਪਟੀ ਸਪੀਕਰ ਸਾਹਿਬ, ਉਸ ਦਿਨ ਇਹ ਕਿਹਾ ਗਿਆ ਸੀ ਕਿ ਪੰਜਾਬ ਸਰਕਾਰ ਪੰਜਾਬ ਦਾ ਕੇਸ ਚੰਗੀ ਤਰ੍ਹਾਂ ਪੇਸ਼ ਨਹੀਂ ਕਰ ਸਕੀ। ਜਿਸ ਤਰ੍ਹਾਂ ਹਰਿਆਣਾ ਸਰਕਾਰ ਨੇ ਆਪਣੀਆਂ ਮੰਗਾਂ ਰੱਖੀਆਂ ਹਨ ਜਾਂ ਰੱਖ ਰਹੇ ਹਨ ਉਸ ਤਰ੍ਹਾਂ ਪੰਜਾਬ ਸਰਕਾਰ ਨਹੀਂ ਕਰ ਰਹੀ ਹੈ। ਇਥੇ ਦੇ ਵਾਤਾਵਰਨ ਨੂੰ ਖਰਾਬ ਕਰਨ ਦੀ ਇਨ੍ਹਾਂ ਦੀ ਜ਼ਿਮੇਂਵਾਰੀ ਹੈ। ਡਿਪਟੀ ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਸਾਡੇ ਕਾਂਗਰਸੀ ਭਰਾਵਾਂ ਨੇ ਬਹੁਤ ਕਿਹਾ ਹੈ ਕਿ ਪੰਜਾਬ ਬਹੁਤ ਤਰੱਕੀ ਕਰ ਰਿਹਾ ਹੈ। ਠੀਕ ਹੈ ਪੰਜਾਬ ਤਰੱਕੀ ਕਰ ਰਿਹਾ ਹੈ ਪਰ ਪੰਜਾਬ ਨੇ ਤਰੱਕੀ ਕਿਸ ਕੀਮਤ ਤੇ ਕੀਤੀ ਹੈ। ਸਾਰੇ ਕਿਸਾਨਾਂ ਨੇ ਕਰਜ਼ਾ ਆਪਣੇ ਸਿਰ ਪਵਾਇਆ ਅਤੇ ਅਨਾਜ ਪੈਦਾ ਕੀਤਾ। ਫਿਰ ਇਹ ਕਹਿੰਦੇ ਹਨ ਕਿ ਪੰਜਾਬ ਨੇ ਸੈਂਟਰਲ ਪੂਲ ਵਿਚ ਐਨਾ ਅਨਾਜ ਦਿੱਤਾ ਹੈ। ਪੈਦਾਵਾਰ ਕਰਨ ਦੇ ਦੋ-ਤਿੰਨ ਸਾਧਨ ਹਨ ਅਤੇ ਜਦ ਤਕ ਇਨ੍ਹਾਂ ਬਾਰੇ ਹਲ ਨਹੀਂ ਹੋ ਸਕਦਾ ਉਨਾ ਚਿਰ ਇਸ ਪਾਸੇ ਹੋਰ ਜ਼ਿਆਦਾ ਤਰੱਕੀ ਨਹੀਂ ਹੋ ਸਕਦੀ। ਇਹ ਸਾਧਨ ਹਨ —ਬਿਜਲੀ ਦਾ ਪਰਬੰਧ ਕਰਨਾ, ਨਹਿਰੀ ਪਾਣੀ ਦਾ ਪਰਬੰਧ ਕਰਨਾ, ਖਾਦਾਂ ਦਾ ਪ੍ਰਬੰਧ ਕਰਨਾ ਅਤੇ ਕੀੜੇ ਮਾਰ ਦਵਾਈਆਂ ਦਾ ਪ੍ਰਬੰਧ ਕਰਨਾ। ਬਿਜਲੀ ਲਈ ਪੰਜਾਬ ਵਿਚ ਕਾਫੀ ਹਾਹਾਕਾਰ ਮੱਚੀ ਹੋਈ ਹੈ। ਪਿਛਲੇ ਮਹੀਨੇ ਵਿਚ ਕਿਸਾਨਾਂ ਨੇ ਸਬ-ਡਵੀਜ਼ਨਾਂ ਤੇ ਇਸ ਲਈ ਧਰਨੇ ਮਾਰੇ ਹਨ। ਬਿਜਲੀ ਦੀ ਕਟੌਤੀ ਬੜੀ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਕਾਂਗਰਸ ਵੇਲੇ ਜਿਹੜਾ ਇਸ ਲਈ ਫਲੈਟ ਰੇਟ 13 ਤੋਂ 19 ਰੁਪਏ ਫੀ ਹਾਰਸ ਪਾਵਰ ਹੋ ਗਿਆ ਸੀ ਫਰੰਟ ਸਰਕਾਰ ਵੇਲੇ ਉਹ ਮੁੜ 13 ਰੁਪਏ ਫੀ ਹਾਰਸ ਪਾਵਰ ਹੋ ਗਿਆ ਅਤੇ ਹੁਣ ਫਿਰ ਇਸ ਵਿਚ ਪੌਣੇ ਚਾਰ ਰੁਪਏ ਦੀ ਬੜੌਤਰੀ ਹੋਈ ਹੈ। ਸਿਕਿਉਰਿਟੀ ਵਿਚ ਵੀ ਕਾਫੀ ਵਾਧਾ ਹੋ ਗਿਆ ਹੈ। ਇਨ੍ਹਾਂ ਹਾਲਾਤ ਵਿਚ ਗਰੀਬ ਕਿਸ ਤਰ੍ਹਾਂ ਨਾਲ ਟਿਊਬ-ਵੈਲ ਲਗਾ ਸਕਦਾ ਹੈ। ਨਹਿਰੀ ਪਾਣੀ ਜ਼ਰੂਰੀ ਹੈ। ਪਰ ਜਿਹੜਾ ਤਰੀਕਾ ਇਸ ਸਬੰਧੀ ਅੰਗਰੇਜ਼ਾਂ ਵੇਲੇ ਚਲਦਾ ਸੀ ਉਹ ਹੀ ਹੁਣ ਚਲ ਰਿਹਾ ਹੈ। ਇਸ ਨੂੰ ਸੁਧਾਰਨ ਵਾਸਤੇ ਇੱਕ ਕਮੇਟੀ ਸਰਦਾਰ ਸ਼ਸ਼ਪਾਲ ਸਿੰਘ ਦੀ ਚੇਅਰਮੈਨਸ਼ਿਪ ਹੇਠ ਬਣੀ ਸੀ ਕਿ ਨਹਿਰੀ ਪ੍ਰਬੰਧ ਵਿਚ ਕਿਵੇਂ ਸੁਧਾਰ ਕੀਤਾ ਜਾ ਸਕਦਾ ਹੈ। ਉਸ ਕਮੇਟੀ ਦੇ ਸੁਝਾਵਾਂ ਤੇ ਅਮਲ ਹੋਣਾ ਚਾਹੀਦਾ ਹੈ ਜਿਹੜਾ ਕਿ ਹੁਣ ਤਕ ਨਹੀਂ ਹੋਇਆ। ਥੀਨ ਡੈਮ ਵਾਸਤੇ ਕੋਈ ਰਕਮ ਨਹੀਂ ਰੱਖੀ ਗਈ। ਪੰਜਾਬ ਸਰਕਾਰ ਇਸ ਬਾਰੇ ਸੋਚਦੀ ਹੀ ਨਹੀਂ ਹੈ।

ਇਸ ਦੇ ਨਾਲ ਹੀ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਖਾਲੇ ਪੱਕੇ ਕਰਨ ਵਾਸਤੇ 17 ਕਰੋੜ ਰੁਪਏ ਦਾ ਬੋਝ ਕਿਸਾਨਾਂ ਤੇ ਪਾ ਦਿੱਤਾ ਹੈ। ਇਹ ਬੋਝ ਕਿਸਾਨਾਂ ਤੇ ਨਹੀਂ ਪਾਉਣਾ ਚਾਹੀਦਾ। ਬਾਰਸ਼ ਦਾ ਪਾਣੀ ਰੋਕਣ ਵਾਸਤੇ ਡਰੇਨਾਂ ਦਾ ਪਰਬੰਧ ਵੀ ਹੋਣਾ ਚਾਹੀਦਾ ਹੈ। ਡਰੇਨਾਂ ਦੀ ਸਫਾਈ ਦਾ ਪ੍ਰਬੰਧ ਅਤੇ ਇਨ੍ਹਾਂ ਤੇ ਪੁਲਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਕਿਸ ਤਰ੍ਹਾਂ ਨਾਲ 17 ਅਫਸਰਾਂ ਨੇ ਜਿਨ੍ਹਾਂ ਨੂੰ ਦਸ ਪੰਦਰਾਂ ਸਾਲਾਂ ਦੀ ਸਜ਼ਾ ਹੋਈ ਹੈ ਉਨ੍ਹਾਂ ਨੇ 30 ਲੱਖ ਰੁਪਿਆ ਬਟੋਰਿਆ। 1971 ਦੀ ਜੰਗ ਲਗੀ ਸੀ। ਕਾਂਗਰਸ ਸਰਕਾਰ ਨੇ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ। ਫਰੰਟ ਸਰਕਾਰ ਨੇ ਮੁਕੱਦਮੇਂ ਚਲਾਏ ਅਤੇ ਹੁਣ ਉਨ੍ਹਾਂ ਨੂੰ ਸਜ਼ਾ ਹੋਈ ਹੈ। ਉਹ ਆਪਣੇ ਅਟੈਚੀ ਕੇਸ ਭਰ ਕੇ ਲੈ ਗਏ। ਇਸ ਤਰ੍ਹਾਂ ਨਾਲ ਕੁਰੱਪਸ਼ਨ ਨੂੰ ਰੋਕਣਾ ਚਾਹੀਦਾ ਹੈ। ਪਰ ਸਰਕਾਰ ਚੁੱਪ ਹੈ। 30 ਲੱਖ ਰੁਪਿਆ ਇਨ੍ਹਾਂ ਦਾ ਮੁਕੱਦਮਿਆਂ ਤੇ ਖਰਚ ਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਚਰਸ਼ਨ ਸਿੰਘ ਝਬਾਲ]

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਪੁਲਿਸ ਦੀ ਡੀਮਾਂਡ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਪੁਲਿਸ ਦਾ ਕੰਮ ਅਮਨ ਅਮਾਨ ਬਹਾਲ ਕਰਨਾ ਅਤੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨਾ ਹੁੰਦਾ ਹੈ। ਅੱਜ ਪੁਲਿਸ ਇਹ ਕੰਮ ਨਹੀਂ ਕਰ ਰਹੀ ਅਤੇ ਇਸ ਦੀ ਬਜਾਏ ਪੁਲਿਸ ਡਾਕੂਆਂ ਅਤੇ ਬਦਮਾਸ਼ਾਂ ਨਾਲ ਮਿਲ ਕੇ ਉਨ੍ਹਾਂ ਰਾਹੀਂ ਪੈਸੇ ਕਮਾ ਰਹੀ ਹੈ। ਉਨ੍ਹਾਂ ਨੂੰ ਪੁਲਿਸ ਦੀ ਸ਼ਹਿ ਹੁੰਦੀ ਹੈ ਜਿਸ ਕਰਕੇ ਉਹ ਚੋਰੀਆਂ ਕਰਦੇ ਹਨ ਅਤੇ ਪੁਲਿਸ ਆਪਣਾ ਹਿੱਸਾ ਉਨ੍ਹਾਂ ਤੋਂ ਲੈ ਲੈਂਦੀ ਹੈ। ਪੁਲਿਸ ਆਪਣੇ ਫਰਜ਼ ਜੋ ਹਨ ਉਹ ਅਦਾ ਨਹੀਂ ਕਰ ਰਹੀ ਹੈ। ਪੱਟੀ ਦਾ ਕੇਸ ਹੈ, ਸੀ.ਐਮ. ਸਾਹਿਬ ਦੇ ਨੋਟਿਸ ਵਿਚ ਲਿਆਂਦਾ ਗਿਆ ਸੀ। ਉਥੇ 26 ਸਾਲਾਂ ਦਾ ਬਲਦੇਵ ਸਿੰਘ, ਉਸ ਨੂੰ ਮਾਰ ਦਿੱਤਾ ਗਿਆ ਅਤੇ ਉਸ ਨੂੰ ਮਾਰ ਕੇ ਹਸਪਤਾਲ ਵਿਚ ਸੁਟ ਦਿੱਤਾ ਗਿਆ। ਘਰ ਵਾਲਿਆਂ ਨੂੰ ਨਹੀਂ ਦੱਸਿਆ ਗਿਆ ਕਿ ਉਸ ਦੇ ਲੜਕੇ ਨੂੰ ਮਾਰ ਦਿੱਤਾ ਗਿਆ ਹੈ। ਪੁਲਿਸ ਹਵਾਲਦਾਰ ਦੀ ਪਰਚੀ ਦਰਜ ਹੈ ਪਰ ਉਸ ਤੇ ਕੋਈ ਅਮਲ ਨਹੀਂ ਹੋਇਆ। ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਇਸ ਬਾਰੇ ਕਾਰਵਾਈ ਕੀਤੀ ਜਾਏਗੀ ਪਰ ਹਾਲੇ ਤਕ ਉਸ ਹਵਾਲਦਾਰ ਨੂੰ ਪਕੜਿਆ ਤਕ ਨਹੀਂ ਹੈ। ਉਸ ਦੀ ਵਿਧਵਾ ਵਿਚਾਰੀ ਸੀ.ਐਮ. ਸਾਹਿਬ ਦੇ ਦਫਤਰ ਵਿਚ ਰੁਲਦੀ ਫਿਰਦੀ ਹੈ। ਨਕੋਦਰ ਥਾਣੇ ਵਿਚ ਇੱਕ ਐਸ.ਐਚ.ਓ. ਹਰਕੀਰਤ ਸਿੰਘ, ਜੋ ਕਿ ਬਦਮਾਸ਼ਾਂ ਨੂੰ ਉਤਸ਼ਾਹ ਦਿੰਦਾ ਹੈ ਉਸ ਨੂੰ ਉਥੋਂ ਬਦਲ ਦਿੱਤਾ ਗਿਆ ਸੀ ਪਰ ਹੁਣ ਉਹ ਫਿਰ ਇਥੇ ਆ ਰਿਹਾ ਹੈ। ਉਹ ਲੋਕਾਂ ਦੇ ਘਰਾਂ ਵਿਚ ਬੰਬ ਸੁਟਵਾ ਦਿੰਦਾ ਹੈ। ਉਸ ਇਲਾਕੇ ਦੇ ਲੋਕ ਕਹਿੰਦੇ ਹਨ ਕਿ ਇਹ ਥਾਣੇਦਾਰ ਉਥੇ ਫਿਰ ਆ ਰਿਹਾ ਹੈ। ਇਸ ਨੂੰ ਰੋਕਣਾ ਚਾਹੀਦਾ ਹੈ ਅਤੇ ਇਸ ਤੇ ਐਕਸ਼ਨ ਲੈਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਸਿਵਿਲ ਸਪਲਾਈਜ਼ ਦੇ ਮਹਿਕਮੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਇਥੇ ਆਟਾ, ਕਪੜੇ ਦੀ ਸਪਲਾਈ ਦੇ ਸਵਾਲ ਦੇ ਜਵਾਬ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਚੀਜ਼ਾਂ ਤੇ ਸਬਸਿਡੀ ਦਿੱਤੀ ਜਾਂਦੀ ਹੈ। ਜਿਨ੍ਹਾਂ ਦੇ ਪੀਲੇ ਕਾਰਡ ਹਨ ਉਨ੍ਹਾਂ ਨੂੰ ਇਹ ਸਬਸਿਡੀ ਦਿੱਤੀ ਜਾਂਦੀ ਹੈ। ਮੈਂ ਗਰੀਵੈਂਸਿਜ਼ ਕਮੇਟੀ ਵਿਚ ਵੀ ਇਹ ਸਵਾਲ ਰਖਿਆ ਸੀ ਕਿ 1982 ਤੋਂ ਇਹ ਸਬਸਿਡੀ ਇਨ੍ਹਾਂ ਚੀਜ਼ਾਂ ਤੇ ਬੰਦ ਕਰ ਦਿੱਤੀ ਗਈ ਹੈ। ਮੇਰੀ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਵੀ ਗੋਲ ਮੋਲ ਦਿੱਤਾ ਗਿਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਬਸਿਡੀ ਬੰਦ ਰਹੇਗੀ ਜਾਂ ਇਹ ਸਬਸਿਡੀ ਦਿੱਤੀ ਜਾਏਗੀ? ਹੇਠਲੇ ਅਫ਼ਸਰ ਕਹਿੰਦੇ ਹਨ ਕਿ ਇਹ ਸਬਸਿਡੀ ਬੰਦ ਕਰ ਦਿੱਤੀ ਗਈ ਹੈ।

ਪੀਲੇ ਕਾਰਡ ਬਣਾਉਣ ਵੇਲੇ ਸਰਕਾਰ ਨੇ ਸਰਵੇ ਕਰਾਇਆ। ਪਰ ਇਹ ਤਾਂ ਇਕੋ ਘਰ ਵਿਚ ਬੈਠ ਕੇ ਬਣਾ ਦਿੱਤੇ ਗਏ ਹਨ। ਜਿਨ੍ਹਾਂ ਦੇ ਨਹੀਂ ਬਣਨੇ ਚਾਹੀਦੇ ਸਨ ਉਨ੍ਹਾਂ ਦੇ ਬਣਾ ਦਿੱਤੇ ਗਏ ਹਨ ਅਤੇ ਜਿਨ੍ਹਾਂ ਦੇ ਬਣਨੇ ਚਾਹੀਦੇ ਸਨ ਉਨ੍ਹਾਂ ਗਰੀਬਾਂ ਦੇ ਨਹੀਂ ਬਣੇ ਹਨ। ਇਸ ਕਰਕੇ ਜਿਹੜੇ ਵਾਕਿਆ ਹੀ ਗਰੀਬ ਹਨ ਅਤੇ ਜਿਨ੍ਹਾਂ ਦੇ ਪੀਲੇ ਕਾਰਡ ਬਣਨੇ ਰਹਿ ਗਏ ਹਨ ਉਨ੍ਹਾਂ ਦੇ ਇਹ ਪੀਲੇ ਕਾਰਡ ਬਣਨੇ ਚਾਹੀਦੇ ਹਨ। ਇੱਕ ਇਹ ਪੀਲੇ ਕਾਰਡ ਬਣਨ ਵਾਸਤੇ ਜੋ 3600 ਰੁਪਏ ਸਾਲ ਦੀ ਸ਼ਰਤ ਹੈ ਇਹ ਰਕਮ 3600 ਤੋਂ ਵਧਾ ਕੇ 6,000 ਕਰ ਦੇਣੀ ਚਾਹੀਦੀ ਹੈ।

ਭਲਾਈ ਸਕੀਮਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ ਹਨ, ਇਹ ਪੈਨਸ਼ਨਾਂ ਤਾਂ ਚਾਹੀਦੀਆਂ ਹਨ ਕਿਉਂਕਿ ਜਿਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ, ਇਸ ਪੈਨਸ਼ਨ ਨਾਲ ਮਾੜਾ ਮੋਟਾ ਤਾਂ ਗੁਜ਼ਾਰਾ ਚਲਦਾ ਰਹਿੰਦਾ ਹੈ। ਪਰ ਉਨ੍ਹਾਂ ਦੀਆਂ ਤਿੰਨ ਤਿੰਨ, ਚਾਰ ਚਾਰ ਸਾਲ ਦਰਖਾਸਤਾਂ ਪਈਆਂ ਰਹਿੰਦੀਆਂ ਹਨ। ਫਿਰ ਮਹਿਕਮੇ ਵਾਲੇ ਕੋਈ ਨਾ ਕੋਈ ਨੁਕਸ ਕੱਢ ਦਿੰਦੇ ਹਨ। ਪੈਨਸ਼ਨ ਛੇਤੀ ਮਿਲਣੀ ਚਾਹੀਦੀ ਹੈ। ਦੂਜਾ ਇਹ ਕਿ ਮਹਿੰਗਾਈ ਕਿਤਨੀ ਵਧ ਗਈ ਹੈ ਪਰ

Original with;
Punjab Vidhan Sabha
Digitized by;
Panjab Digital Library

ਪੈਨਸ਼ਨ ਥੋੜ੍ਹੀ ਹੈ, ਇਸ ਲਈ ਇਹ ਵੀ ਵਧਾਉਣੀ ਚਾਹੀਦੀ ਹੈ ਤਾਂ ਕਿ ਉਹ ਸੌਖੀ ਤਰ੍ਹਾਂ ਆਪਣਾ ਗੁਜ਼ਾਰਾ ਕਰ ਸਕਣ। ਇਕ ਇਨ੍ਹਾਂ ਨੇ ਇਹ ਪਰ ਦਿੱਤਾ ਹੈ ਕਿ ਜਿਸ ਦਾ ਲੜਕਾ ਬਾਲਗ ਹੈ ਉਸ ਨੂੰ ਪੈਨਸ਼ਨ ਨਹੀਂ ਮਿਲੇਗੀ। ਇਹ ਸ਼ਰਤ ਹਟਾ ਦੇਣੀ ਚਾਹੀਦੀ ਹੈ। ਦੂਜੀ ਸ਼ਰਤ ਇਹ ਲਗਾਈ ਹੈ ਕਿ ਜਦੋਂ ਲੜਕੀ ਬਾਲਗ ਹੋ ਜਾਵੇ ਉਸ ਨੂੰ ਪੈਨਸ਼ਨ ਨਹੀਂ ਮਿਲੇਗੀ। ਇਹ ਸ਼ਰਤ ਹਟਾ ਦੇਣੀ ਚਾਹੀਦੀ ਹੈ ਕਿਉਂਕਿ ਲੜਕੀ ਨੇ ਬੇਗਾਨੇ ਘਰ ਚਲੇ ਜਾਣਾ ਹੈ। ਇਸ ਲਈ ਇਹ ਸ਼ਰਤ ਹਟਾ ਦੇਣੀ ਚਾਹੀਦੀ ਹੈ। ਦੂਸਰਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਹਿਕਮੇ ਵਲੋਂ ਪੈਨਸ਼ਨ ਚਲੀ ਜਾਂਦੀ ਹੈ ਪਰ ਡਾਕਖਾਨੇ ਵਾਲੇ ਰਸੀਦ ਨਹੀਂ ਘਲਦੇ। ਉਹ ਸਮਝਦੇ ਹਨ ਕਿ ਸ਼ਾਇਦ ਪੈਨਸ਼ਨ ਲੈਣ ਵਾਲਾ ਮਰ ਗਿਆ ਹੈ। ਜਿੰਨਾਂ ਚਿਰ ਰਸੀਦ ਮਹਿਕਮੇ ਪਾਸ ਨਾ ਆਵੇ ਉਤਨੀ ਦੇਰ ਉਹ ਫਿਰ ਪੈਨਸ਼ਨ ਨਹੀਂ ਭੇਜਦੇ। ਜੇ ਮਹਿਕਮੇ ਨੂੰ ਰਸੀਦ ਵਾਪਿਸ ਨਾ ਜਾਵੇ ਤਾਂ ਮਹਿਕਮੇ ਵਲੋਂ ਪੈਨਸ਼ਨ ਲੈਣ ਵਾਲੇ ਨੂੰ ਚਿੱਠੀ ਭੇਜਣੀ ਚਾਹੀਦੀ ਹੈ ਕਿ ਤੇਰੀ ਰਸੀਦ ਨਹੀਂ ਆਈ ਅਤੇ ਇਸ ਤਰ੍ਹਾਂ ਉਹ ਦਫ਼ਤਰ ਵਿਚ ਆ ਕੇ ਦੱਸ ਸਕਦਾ ਹੈ। ਸੋ ਇਸ ਕਿਸਮ ਦੀਆਂ ਜਿਹੜੀਆਂ ਉਨ੍ਹਾਂ ਦੀਆਂ ਮੁਸ਼ਕਲਾਂ ਹਨ, ਇਹ ਦੂਰ ਹੋਣੀਆਂ ਚਾਹੀਦੀਆਂ ਹਨ।

ਇਹ ਜਿਹੜੀ ਮਿੱਟੀ ਦੇ ਤੇਲ ਦੀ ਦੂਹਰੀ ਪਾਲਿਸੀ ਬਣਾਈ ਹੈ, ਇਹ ਠੀਕ ਨਹੀਂ ਹੈ। ਦਲੀਲ ਇਹ ਦਿੱਤੀ ਗਈ ਹੈ ਕਿ ਡੀਜ਼ਲ ਦੇ ਵਿਚ ਮਿੱਟੀ ਦਾ ਤੇਲ ਰਲਾਇਆ ਜਾਂਦਾ ਸੀ ਅਤੇ ਇਸ ਨੂੰ ਬਚਾਉਣ ਦੀ ਖਾਤਰ ਮਿੱਟੀ ਦਾ ਤੇਲ ਮਹਿੰਗਾ ਕੀਤਾ ਗਿਆ ਹੈ। ਇਹ ਬਰਾਬਰ ਕਰ ਦਿਓ, ਇਸ ਤਰ੍ਹਾਂ ਇਹ ਗਲ ਠੀਕ ਨਹੀਂ ਰਹਿਣੀ ਕਿਉਂਕਿ ਜਿਹੜਾ ਸਸਤਾ ਤੇਲ ਹੈ ਉਹ ਬਲੈਕ ਵਿਚ ਚਲਾ ਜਾਣਾ ਹੈ ਅਤੇ ਮਹਿੰਗਾ ਤੇਲ ਗਰੀਬਾਂ ਨੂੰ ਮਿਲੇਗਾ। ਗਰੀਬ ਲੋਕ ਤਾਂ ਦੀਵਾ ਬਾਲਕੇ ਗੁਜ਼ਾਰਾ ਕਰ ਸਕਦੇ ਹਨ ਅਤੇ ਮੁਲਾਜ਼ਮ ਸਟੋਵ ਬਾਲ ਕੇ ਗੁਜ਼ਾਰਾ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਸਸਤਾ ਤੇਲ ਨਹੀਂ ਮਿਲਣਾ। ਉਨ੍ਹਾਂ ਨੂੰ ਬਲੈਕ ਵਿਚ ਤੇਲ ਲੈਣਾ ਪੈਣਾ ਹੈ। ਇਸ ਲਈ ਇਹ ਉਨ੍ਹਾਂ ਗਰੀਬਾਂ ਉਤੇ ਹੀ ਕੁਹਾੜਾ ਚਲਣਾ ਹੈ। ਇਹ ਦੂਹਰੀ ਪਾਲਿਸੀ ਠੀਕ ਨਹੀਂ ਰਹਿਣੀ। ਇਸ ਤਰ੍ਹਾਂ ਗਰੀਬ ਲੋਕ ਦੱਬੇ ਜਾ ਰਹੇ ਹਨ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਇਸ ਬਾਰੇ ਕੋਈ ਫੈਸਲਾ ਲੈਣ ਦੀ ਲੋੜ ਹੈ।

ਹੁਣ ਮੈਂ ਸਿਹਤ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਬੜਾ ਜ਼ਰੂਰੀ ਹੈ ਕਿ ਲੋਕਾਂ ਦੀ ਸਿਹਤ ਠੀਕ ਰਹਿਣੀ ਚਾਹੀਦੀ ਹੈ। ਅੱਜ ਹੀ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਸੀ ਕਿ ਡਿਸਪੈਂਸਰੀਆਂ ਲਈ ਫੰਡਜ਼ ਨਹੀਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਹਸਪਤਾਲਾਂ ਵਿਚ ਦਵਾਈ ਨਹੀਂ ਮਿਲਦੀ। ਤੁਸੀਂ ਹੈਰਾਨ ਹੋਵੋਗੇ ਕਿ ਸਰਕਾਰੀ ਹਸਪਤਾਲਾਂ ਦੇ ਸਾਹਮਣੇ ਦਰਜਨਾਂ ਦੁਕਾਨਾਂ ਦਵਾਈਆਂ ਦੀਆਂ ਹਨ, ਲੋਕ ਉਥੋਂ ਦਵਾਈਆਂ ਲੈਂਦੇ ਹਨ ਪਰ ਹਸਪਤਾਲਾਂ ਵਿਚ ਦਵਾਈਆਂ ਨਹੀਂ ਮਿਲਦੀਆਂ ਹਸਪਤਾਲਾਂ ਵਿਚੋਂ ਪਰਚੀਆਂ ਦਿੱਤੀਆਂ ਜਾਂਦੀਆਂ ਹਨ ਪਰ ਕਈ ਵਾਰੀ ਪਰਚੀਆਂ ਵੀ ਮੁਸ਼ਕਲ ਨਾਲ ਮਿਲਦੀਆਂ ਹਨ। ਸਾਡੇ ਅੰਮ੍ਰਿਤਸਰ ਵਿਚ ਜਿਹੜਾ ਬੱਚਿਆਂ ਦਾ ਹਸਪਤਾਲ ਹੈ ਉਥੇ ਬੱਚੇ ਟਿੱਡਿਆਂ ਵਾਂਗ ਪਏ ਹਨ ਪਰ ਉਨ੍ਹਾਂ ਦਾ ਇਲਾਜ ਨਹੀਂ ਹੁੰਦਾ। ਉਨ੍ਹਾਂ ਨੂੰ ਦਵਾਈ ਨਹੀਂ ਮਿਲਦੀ। ਇਕ ਬੈਡ ਤੇ ਚਾਰ ਚਾਰ, ਪੰਜ ਪੰਜ ਬੱਚੇ ਹਨ। ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਉਨ੍ਹਾਂ ਨੂੰ ਇਸ ਉਤੇ ਵਿਚਾਰ ਕਰਨੀ ਚਾਹੀਦੀ ਹੈ। ਉਥੇ ਜ਼ਿਆਦਾ ਬੈਡ ਹੋਣੇ ਚਾਹੀਦੇ ਹਨ। ਉਹ ਬਿਲਡਿੰਗ ਵਧਾਉਣੀ ਚਾਹੀਦੀ ਹੈ। ਮੇਰਾ ਹਲਕਾ ਅਟਾਰੀ ਹੈ। ਉਸ ਦਾ ਬਹੁਤ ਵੱਡਾ ਏਰੀਆ ਬਾਰਡਰ ਨਾਲ ਲਗਦਾ ਹੈ। ਉਥੇ ਟੂਰਿਜ਼ਮ ਵਲੋਂ ਰੈਸਟੋਰੈਂਟ ਬਣ ਗਿਆ ਹੈ। ਉਥੇ ਯਾਤਰੂ ਰਹਿੰਦੇ ਹਨ। ਪਰ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਉਥੇ ਅੱਜ ਵੀ ਜ਼ਿਲ੍ਹਾ ਪ੍ਰੀਸ਼ਦ ਦੀ ਡਿਸਪੈਂਸਰੀ ਹੈ। ਉਥੇ 16-17 ਮੀਲ ਦੇ ਏਰੀਆ ਵਿਚ ਹਸਪਤਾਲ ਨਹੀਂ ਹੈ। ਜਿਹੜੀ ਉਥੇ ਜ਼ਿਲ੍ਹਾ ਪ੍ਰੀਸ਼ਦ ਦੀ ਡਿਸਪੈਂਸਰੀ ਹੈ ਉਥੇ ਕੋਈ ਦਵਾਈ ਨਹੀਂ ਹੈ। ਜ਼ਿਲ੍ਹਾ ਪ੍ਰੀਸ਼ਦ ਵਾਲੇ ਕਹਿੰਦੇ ਹਨ ਕਿ ਸਾਡੇ ਕੋਲ ਫੰਡਜ਼ ਨਹੀਂ। ਮੈਂ ਮਨਿਸਟਰ ਸਾਹਿਬ ਨੂੰ ਪਿਛਲੇ ਬੱਜਟ ਸੈਸ਼ਨ ਵਿਚ ਵੀ ਕਿਹਾ ਸੀ ਕਿ ਉਸ ਡਿਸਪੈਂਸਰੀ ਨੂੰ ਗੌਰਮਿੰਟ ਟੇਕ ਓਵਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਕਰ ਲਵੇ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਉਸ ਡਿਸਪੈਂਸਰੀ ਨੂੰ ਆਪਣੇ ਹੱਥ ਵਿਚ ਲੈ ਲਵੇ ਅਤੇ ਨਾਲ ਹੀ ਉਸ ਨੂੰ ਅੱਪਗਰੇਡ ਕੀਤਾ ਜਾਵੇ।

ਹੁਣ ਮੈਂ ਵਿਦਿਆ ਦੇ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ। ਇਸ ਪਾਸੇ ਰਕਮ ਘੱਟ ਰੱਖੀ ਗਈ ਹੈ। ਵਿਦਿਆ ਦੀ ਬੜੀ ਲੋੜ ਹੈ। 30-40% ਪੜ੍ਹੇ ਲਿਖੇ ਲੋਕ ਹਨ ਅਤੇ ਬਾਕੀ ਦੇ ਅਨਪੜ੍ਹ ਹਨ। ਉਨ੍ਹਾਂ ਨੂੰ ਪੜ੍ਹਾਉਣ ਦਾ ਸਵਾਲ ਹੈ। (ਘੰਟੀ) ਇਕ ਟੀਚਰ ਕੋਲ ਜ਼ਿਆਦਾ ਬੱਚੇ ਹੁੰਦੇ ਹਨ ਜਿਸ ਕਰਕੇ ਉਹ ਐਨੇ ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾ ਨਹੀਂ ਸਕਦਾ। ਇਹ ਠੀਕ ਹੈ ਕਿ ਟੀਚਰਾਂ ਦੀਆਂ ਆਪਣੀਆਂ ਮਜ਼ਬੂਰੀਆਂ ਹਨ। ਉਨ੍ਹਾਂ ਦੀਆਂ ਤਨਖਾਹਾਂ ਦੀਆਂ ਅਨਾਮਲੀਜ਼ ਹਨ। ਇਹ ਅਨਾਮਲੀਜ਼ ਠੀਕ ਕਰਨੀਆਂ ਚਾਹੀਦੀਆਂ ਹਨ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ ਵਿਚ ਕਿੰਨੇ ਚਿਰ ਤੋਂ ਹੜਤਾਲ ਚਲ ਰਹੀ ਹੈ। ਸਰਕਾਰ ਉਸ ਵਿਚ ਦਖਲ ਨਹੀਂ ਦਿੰਦੀ। ਸਿੰਡੀਕੇਟ ਵਿਚ ਜਿਹੜਾ ਉਨ੍ਹਾਂ ਨੇ ਕਿਹਾ ਹੈ ਉਸ ਉਤੇ ਅਮਲ ਕੀਤਾ ਜਾਵੇ, ਪਰ ਇਸ ਪਾਸੇ ਇਹ ਧਿਆਨ ਨਹੀਂ ਦੇ ਰਹੇ। ਇਸ ਤਰ੍ਹਾਂ ਬੱਚਿਆਂ ਦਾ ਬੜਾ ਨੁਕਸਾਨ ਹੋ ਰਿਹਾ ਹੈ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਸਰਕਾਰ ਇਸ ਪਾਸੇ ਧਿਆਨ ਦੇਵੇ ਅਤੇ ਉਨ੍ਹਾਂ ਦਾ ਫੈਸਲਾ ਕਰਾਇਆ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬਾਰਡਰ ਦਾ ਜਿਹੜਾ ਸਵਾਲ ਹੈ, ਇਹ ਬੜਾ ਜ਼ਰੂਰੀ ਸਵਾਲ ਹੈ ਪਰ ਇਸ ਸਪਲੀਮੈਂਟਰੀ ਡਿਮਾਂਡਜ਼ ਫਾਰ ਗਰਾਂਟਸ ਵਿਚ ਇਸ ਦਾ ਜ਼ਿਕਰ ਨਹੀਂ। ਬਾਰਡਰ ਦੇ ਇਲਾਕੇ ਵਿਚ ਹਮੇਸ਼ਾਂ ਲੜਾਈ ਦਾ ਖਤਰਾ ਬਣਿਆ ਰਹਿੰਦਾ ਹੈ। ਤੁਹਾਨੂੰ ਪਤਾ ਕਿ ਬੰਬ ਬੜੀ ਦੂਰ ਦੂਰ ਤਕ ਮਾਰ ਕਰਦੇ ਹਨ। ਜਦੋਂ ਲੜਾਈ ਹੁੰਦੀ ਹੈ, ਬੰਬ ਚਲਦੇ ਹਨ ਤਾਂ ਬਾਰ-ਡਰ ਦੇ ਲੋਕ ਉਜੜਦੇ ਹਨ। ਉਹ ਕਈ ਆਪਣਾ ਸਾਮਾਨ ਉਥੋਂ ਪੈਦਲ ਲੈ ਆਉਂਦੇ ਹਨ ਅਤੇ ਕਈ ਗੱਡਿਆਂ ਤੇ ਲੈ ਆਉਂਦੇ ਹਨ। ਉਸ ਵੇਲੇ ਉਨ੍ਹਾਂ ਦੀ ਹਾਲਤ ਬਹੁਤ ਖਰਾਬ ਹੁੰਦੀ ਹੈ। ਬਾਰਡਰ ਦੇ ਲੋਕਾਂ ਲਈ ਜਿਹੜੀ ਕਮੇਟੀ ਬਣੀ ਸੀ ਉਸ ਵਿਚ ਉਨ੍ਹਾਂ ਦੀਆਂ ਕਈ ਮੰਗਾਂ ਆਈਆਂ ਹਨ, ਜਿਵੇਂ ਕਿ ਟ੍ਰਾਂਸਪੋਰਟ ਫੈਸਿਲਿਟੀ ਅਤੇ ਹੋਰ ਕਈ ਉਨ੍ਹਾਂ ਦੀਆਂ ਮੰਗਾਂ ਹਨ। ਪਰ ਇਸ ਵਲ ਧਿਆਨ ਨਹੀਂ ਦਿੱਤਾ ਜਾਂਦਾ। ਫਰੰਟ ਮਨਿਸਟਰੀ ਵੇਲੇ 1967 ਵਿਚ ਇਕ ਕਮੇਟੀ ਬਣੀ ਸੀ। ਉਸ ਕਮੇਟੀ ਨੇ ਰਿਪੋਰਟ ਵੀ ਤਿਆਰ ਕੀਤੀ ਸੀ। (ਵਿਘਨ) ਮੈਂ ਕਹਾਂਗਾ ਕਿ ਇਸ ਤਰ੍ਹਾਂ ਇਕ ਕਮੇਟੀ ਬਣਾਓ ਜਿਹੜੀ ਕਿ ਬਾਰਡਰ ਦੇ ਲੋਕਾਂ ਦੇ ਮਸਲਿਆਂ ਵੱਲ ਧਿਆਨ ਦੇਵੇ। ਬਾਰਡਰ ਦੇ ਲੋਕਾਂ ਨੂੰ ਜਿਹੜੀਆਂ ਮੁਸ਼ਕਲਾਂ ਹਨ, ਜਿਵੇਂ ਕਿ ਲੜਾਈ ਵੇਲੇ ਉਨ੍ਹਾਂ ਦੀਆਂ ਜਾਇਦਾਦਾਂ, ਫਸਲਾਂ ਬੰਬਾਂ ਦੇ ਚਲਣ ਨਾਲ ਬਰਬਾਦ ਹੋ ਜਾਂਦੀਆਂ ਹਨ। ਉਹ ਕਮੇਟੀ ਉਨ੍ਹਾਂ ਦੀਆਂ ਇਸ ਕਿਸਮ ਦੀਆਂ ਮੁਸ਼ਕਲਾਂ ਦਾ ਜਾਇਜ਼ਾ ਲੈ ਕੇ ਰਿਪੋਰਟ ਦੇਵੇ ਅਤੇ ਸਰਕਾਰ ਉਸ ਉਤੇ ਗੌਰ ਕਰੇ ਅਤੇ ਉਨ੍ਹਾਂ ਲੋਕਾਂ ਦੀ ਮੰਗ ਮੁਤਾਬਿਕ ਉਨ੍ਹਾਂ ਨੂੰ ਸਾਰੀਆਂ ਫੈਸਿਲਿਟੀਜ਼ ਦਿੱਤੀਆਂ ਜਾਣ।

ਇਸ ਤੋਂ ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਟੈਕਸ ਵਧਾਏ ਗਏ ਹਨ। (ਘੰਟੀ) ਸੈਂਟਰਲ ਗੌਰਮਿੰਟ ਨੇ ਟੈਕਸ ਲਾ ਦਿਤੇ ਹਨ। ਟੈਕਸ ਤਾਂ ਅੱਗੇ ਹੀ ਬਹੁਤ ਹਨ। ਡੀਜ਼ਲ ਮਹਿੰਗਾ ਹੋ ਗਿਆ, ਮਿੱਟੀ ਦਾ ਤੇਲ ਮਹਿੰਗਾ ਹੋ ਗਿਆ ਹੈ। ਇਸ ਤੋਂ ਲਗਦਾ ਹੈ ਕਿ ਸੈਂਟਰਲ ਗੌਰਮਿੰਟ ਲੋਕਾਂ ਦੇ ਮਸਲੇ ਹੱਲ ਕਰਨ ਦੀ ਇਛੁੱਕ ਨਹੀਂ ਹੈ। ਅੱਜ ਦੇ ਪੰਜਾਬੀ ਟ੍ਰਿਬਿਉਨ ਵਿਚ ਕ੍ਰਿਸਾਨਾਂ ਦੇ ਮਸਲੇ ਬਾਰੇ ਆਇਆ ਹੈ। ਇਸ ਅਖਬਾਰ ਦੇ ਐਡੀਟੋਰੀਅਲ ਵਿਚ ਲਿਖਿਆ ਹੈ ਕਿ ਡੀਜ਼ਲ ਮਹਿੰਗਾ ਹੋਣ ਨਾਲ, ਬਿਜਲੀ ਮਹਿੰਗੀ ਹੋਣ ਨਾਲ ਇਹ ਡਰ ਹੈ ਕਿ ਪੰਜਾਬ ਦਾ ਛੋਟਾ ਕਿਸਾਨ ਟਿਊਬਵੈਲ ਲਾ ਨਹੀਂ

Original with;
Punjab Vidhan Sabha
Digitized by;
Panjab Digital Library

ਸਕਦਾ, ਉਹ ਆਪ ਸਿੰਜਾਈ ਨਹੀਂ ਕਰ ਸਕਦਾ ਇਸ ਲਈ ਡਰ ਹੈ ਕਿ ਉਹ ਕੋਈ ਹੋਰ ਕਿੱਤਾ ਨਾ ਆਪਣਾ ਲਵੇ। ਇਸ ਤਰ੍ਹਾਂ ਅਨਾਜ ਦੀ ਪੈਦਾਵਾਰ ਘਟ ਜਾਵੇਗੀ। ਸੋ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਇਸ ਦੇ ਨਾਲ ਹੀ ਮਹਿੰਗਾਈ ਦੇ ਨਾਲ ਉਜਰਤਾਂ ਦੇਣ ਦਾ ਸਵਾਲ ਹੈ ਇਹ ਬੜਾ ਜ਼ਰੂਰੀ ਸਵਾਲ ਹੈ। ਚੌਧਰੀ ਜਗਤ ਰਾਮ ਜੀ ਨੇ ਕਿਹਾ ਸੀ ਕਿ ਦਿਹਾੜੀ 14 ਰੁਪਏ ਮਿਲਦੀ ਹੈ ਪਰ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ 10 ਰੁਪਏ ਵੀ ਦਿਹਾੜੀ ਨਹੀਂ ਮਿਲਦੀ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। (ਘੰਟੀ)

**ਸ੍ਰੀ ਡਿਪਟੀ ਸਪੀਕਰ**: ਗੁਪਤਾ ਜੀ, ਤੁਸੀਂ ਸ਼ੁਰੂ ਕਰੋ।

**ਕਾਮਰੇਡ ਦਰਸ਼ਨ ਸਿੰਘ ਝਬਾਲ**: ਡਿਪਟੀ ਸਪੀਕਰ ਸਾਹਿਬ, ਮੈਂ 1–2 ਗੱਲਾਂ ਹੋਰ ਕਹਿਣੀਆਂ ਹਨ।

**ਸ੍ਰੀ ਡਿਪਟੀ ਸਪੀਕਰ**: ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਹਾਂ ਜੀ, ਗੁਪਤਾ ਜੀ, ਤੁਸੀਂ ਸ਼ੁਰੂ ਕਰੋ।

**ਕਾਮਰੇਡ ਦਰਸ਼ਨ ਸਿੰਘ ਝਬਾਲ**: ਜਿਨ੍ਹਾਂ ਗਰੀਬਾਂ ਦੇ ਥਰੈਸ਼ਰਾਂ ਨਾਲ ਅੰਗ ਕੱਟੇ ਜਾਂਦੇ ਹਨ ਅਤੇ ਉਹ ਅੰਗਹੀਣ ਹੋ ਜਾਂਦੇ ਹਨ ਜਾਂ ਕਈ ਮਾਰੇ ਜਾਂਦੇ ਹਨ ਉਨ੍ਹਾਂ ਨੂੰ ਪੂਰਾ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਉਨ੍ਹਾਂ ਨੂੰ ਪੂਰੀ ਸਹਾਇਤਾ ਮਿਲਣੀ ਚਾਹੀਦੀ ਹੈ। (ਘੰਟੀ)

**ਸ੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਬੀ): ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਸਪਲੀਮੈਂਟਰੀ ਡੀਮਾਂਡਜ਼ ਸਦਨ ਵਿਚ ਪੇਸ਼ ਹੋਈਆਂ ਹਨ ਮੈਂ ਉਸ ਦੇ ਉਤੇ 1–2 ਗੱਲਾਂ ਕਰਾਂਗਾ। ਸਰਕਾਰ ਜਿਥੇ ਖਰਚਾ ਕਰਦੀ ਹੈ, ਠੀਕ ਹੈ ਕਰਨਾ ਚਾਹੀਦਾ ਹੈ, ਬਸ਼ਰਤੇ ਕਿ ਉਹ ਸਕੀਮ/ਕੰਮ ਕਾਮਯਾਬ ਹੋਵੇ। ਪਰ ਖਰਚਾ ਐਵੇਂ ਫਜ਼ੂਲ ਦਾ ਨਾ ਕੀਤਾ ਜਾਵੇ। ਮੈਂ ਇਕ ਦੋ ਸੁਝਾਓ ਦਿਆਂਗਾ। ਤੁਸੀਂ ਫਿਰ ਗਲਤ ਫਹਿਮੀ ਵਿਚ ਨਾ ਪੈ ਜਾਣਾ ਕਿ ਮੈਂ ਇਸ ਦੇ ਹੱਕ ਵਿਚ ਬੋਲ ਰਿਹਾ ਹਾਂ ਜਾਂ ਕਿ ਖਿਲਾਫ ਬੋਲ ਰਿਹਾ ਹਾਂ। ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਇਸ ਦੇ ਹੱਕ ਵਿਚ ਬੋਲਣ ਲਗਾ ਹਾਂ। ਮੈਂ ਡਿਮਾਂਡ ਨੰ: 34, 16, 20 ਅਤੇ 18 ਉਤੇ ਥੋੜ੍ਹੀਆਂ ਥੋੜ੍ਹੀਆਂ ਗੱਲਾਂ ਕਰਾਂਗਾ।

ਡਿਮਾਂਡ ਨੰ: 34 ਇੰਡਸਟਰੀ ਦੇ ਬਾਰੇ ਹੈ। ਸਾਡੀ ਇੰਡਸਟਰੀ 1947 ਤੋਂ ਪਹਿਲਾਂ ਕੁਝ ਖਾਸ ਨਹੀਂ ਸੀ। ਟਾਂਵੇਂ ਟਾਂਵੇਂ ਛੋਟੇ ਛੋਟੇ ਕੰਮ ਹੁੰਦੇ ਸਨ। ਜਿਹੜੇ ਇਧਰ ਮੁਸਲਿਮ ਕਾਰੀਗਰ ਸਨ, ਉਹ ਵੀ ਪਾਰਟੀਸ਼ਨ ਤੋਂ ਬਾਦ ਇਥੋਂ ਚਲੇ ਗਏ। ਫਿਰ ਸਾਡੀ ਕਾਂਗਰਸ ਸਰਕਾਰ ਦਾ ਰਾਜ ਆਇਆ। 1947 ਤੋਂ ਬਾਦ ਇਸ ਪਾਸੇ ਵੱਲ ਕਾਫੀ ਡਿਵੈਲਪਮੈਂਟ ਹੋਈ ਹੈ। ਜੇ ਫੈਕਟਸ ਅਤੇ ਫਿਗਰਜ਼ ਵੇਖੀਆਂ ਜਾਣ ਤਾਂ ਪਤਾ ਲੱਗੇਗਾ ਕਿ ਇਸ ਵੇਲੇ 20 ਲੱਖ ਦੇ ਕਰੀਬ ਆਦਮੀ ਇੰਡਸਟਰੀ ਵਿਚ ਕੰਮ ਕਰਦੇ ਹਨ। ਇਨ੍ਹਾਂ ਗੱਲਾਂ ਨੂੰ ਛੱਡ ਕੇ ਮੈਂ ਹੁਣ ਫੋਕਲ ਪੁਆਇੰਟਾਂ ਤੇ ਆਉਣ ਲੱਗਾ ਹਾਂ। ਇੰਡਸਟਰੀ ਨੂੰ ਡਿਵੈਲਪ ਕਰਨ ਵਾਸਤੇ ਲੁਧਿਆਣੇ ਵਿਖੇ ਜਿਹੜਾ ਫੋਕਲ ਪੁਆਇੰਟ ਬਣਾਇਆ ਗਿਆ ਹੈ, ਉਹ ਸਟੇਟ ਵਿਚ ਸਭ ਤੋਂ ਵੱਡਾ ਹੈ ਅਤੇ ਸਰਕਾਰ ਨੇ ਉਸ ਨੂੰ ਬਣਾ ਕੇ ਬੜਾ ਚੰਗਾ ਕੰਮ ਕੀਤਾ ਹੈ ਕਿਉਂਕਿ ਲੁਧਿਆਣਾ ਇੰਡਸਟਰੀ ਵਿਚ ਕਾਫੀ ਰੁਚੀ ਰੱਖਦਾ ਹੈ, ਅਤੇ ਸਰਕਾਰ ਦੀ ਮਦਦ ਨਾਲ ਉਸ ਨੇ ਇਸ ਵਿਚ ਕਾਫੀ ਤਰੱਕੀ ਕੀਤੀ ਹੈ। ਇਹ ਫੋਕਲ ਪੁਆਇੰਟ 1967 ਦੇ ਕਰੀਬ ਬਣਾਇਆ ਗਿਆ। ਇਸ ਦੇ ਕੋਈ 3–4 ਫੇਜ਼ ਬਣੇ ਹਨ। ਸਰਕਾਰ ਨੇ ਇਸ ਸਬੰਧ ਵਿਚ ਕੁਝ ਪਾਲਿਸੀਜ਼ ਬਣਾਈਆਂ ਹਨ ਜਿਨ੍ਹਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਅਨੁਸਾਰ ਉਥੇ ਬਹੁਤ ਸਾਰੀਆਂ ਫੈਸਿਲੀਟੀਜ਼ ਦਿੱਤੀਆਂ ਜਾਣਗੀਆਂ। ਪਰ ਇਹ ਸਰਕਾਰ ਦੀਆਂ ਸਕੀਮਾਂ ਵਿਚ ਹੀ ਰਹਿ ਜਾਂਦੀਆਂ ਹਨ ਜਦੋਂ ਰੋਜ਼ ਹੀ ਇਹ ਪਾਲਿਸੀਜ਼ ਬਦਲ ਲਈਆਂ ਜਾਂਦੀਆਂ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਕਾਰਖਾਨਿਆਂ ਨੂੰ ਨਾ ਤਾਂ ਵਕਤ ਸਿਰ ਬਿਜਲੀ ਮਿਲਦੀ ਹੈ, ਨਾ ਗਰਾਂਟ ਅਤੇ ਨਾ ਹੀ ਕੋਈ ਹੋਰ ਚੀਜ਼। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇੰਡਸਟਰੀ ਚਲਦੀ ਨਹੀਂ। ਤੁਸੀਂ ਅੰਦਾਜ਼ਾ ਲਗਾ ਲਓ ਕਿ ਇਸ ਫੋਕਲ ਪੁਆਇੰਟ ਵਿਚ ਜਿੰਨੇ ਸਾਰੇ ਪਲਾਟ ਅਲਾਟ ਕੀਤੇ ਹੋਏ ਸਨ, ਉਨ੍ਹਾਂ ਵਿਚੋਂ ਅਜੇ ਤੱਕ ਕੇਵਲ 50% ਦੇ ਕਰੀਬ ਹੀ ਕੰਸਟਰੱਕਟ ਹੋਏ ਹਨ ਅਤੇ ਉਨ੍ਹਾਂ ਵਿਚੋਂ ਵੀ ਕਿਸੇ ਨੂੰ ਕਰਜ਼ਾ ਨਹੀਂ ਮਿਲਿਆ, ਕਿਸੇ ਨੂੰ ਬਿਜਲੀ ਨਹੀਂ ਮਿਲੀ। ਸਾਰੀਆਂ ਚੀਜ਼ਾਂ ਵਿਚੋਂ ਜਿਹੜੀ ਇਸੈਂਸ਼ੀਅਲ ਚੀਜ਼ ਹੈ, ਉਹ ਬਿਜਲੀ ਹੈ। ਪੈਸਾ ਵੀ ਉਤਨੀ ਹੀ ਜ਼ਰੂਰੀ ਚੀਜ਼ ਹੈ। ਬਾਕੀ ਚੀਜ਼ਾਂ ਦਾ ਕਿਸੇ ਨਾ ਕਿਸੇ ਤਰ੍ਹਾਂ ਇੰਤਜ਼ਾਮ ਹੋ ਜਾਂਦਾ ਹੈ ਪਰ ਬਿਜਲੀ ਅਤੇ ਪੈਸੇ ਦੀ ਬਹੁਤ ਲੋੜ ਹੁੰਦੀ ਹੈ ਅਤੇ ਇਨ੍ਹਾਂ ਤੋਂ ਬਿਨਾਂ ਇੰਡਸਟਰੀ ਬਿਲਕੁਲ ਨਹੀਂ ਚਲ ਸਕਦੀ। ਬਿਜਲੀ ਵਾਲੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਕੋਆਪਰੇਟ ਨਹੀਂ ਕਰਦੇ ਹਾਲਾਂ ਕਿ ਸਰਕਾਰ ਦੀ ਇਹ ਪਾਲਿਸੀ ਹੈ ਕਿ ਜਿਹੜਾ ਕੋਈ ਫੋਕਲ ਪੁਆਇੰਟ ਵਿਚ ਕੁਨੈਕਸ਼ਨ ਲਵੇਗਾ ਉਸ ਨੂੰ ਪਰਾਇਰਿਟੀ ਦਿੱਤੀ ਜਾਵੇਗੀ। ਬਿਜਲੀ ਵਾਲਿਆਂ ਨੂੰ ਪੁੱਛੋ ਤਾਂ ਉਹ ਕਹਿ ਦਿੰਦੇ ਹਨ ਕਿ ਬਿਜਲੀ ਦੀ ਘਾਟ ਹੈ। ਪਰ ਜੇ ਜ਼ਿਆਦਾ ਸ਼ੋਅਰਟੀ ਜਮ੍ਹਾਂ ਕਰਵਾ ਦੇਈਏ ਤਾਂ ਕੁਨੈਕਸ਼ਨ ਝਟ ਮਿਲ ਜਾਂਦਾ ਹੈ, ਫਿਰ ਘਾਟ ਕਿਵੇਂ ਹੋਈ ? ਸਾਡਾ ਮਕਸਦ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਇੰਡਸਟਰੀ ਨੂੰ ਡਿਵੈਲਪ ਕਰਨਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਇਸ ਪਾਸੇ ਵੱਲ ਜ਼ਰੂਰ ਧਿਆਨ ਦੇਣ। ਇਹ ਫੋਕਲ ਪੁਆਇੰਟ ਵਾਲੀ ਜ਼ਮੀਨ ਖੇਤੀ ਵਾਲੀ ਜ਼ਮੀਨ ਹੁੰਦੀ ਸੀ। ਉਥੇ ਕਾਸ਼ਤ ਬੰਦ ਕਰਕੇ ਕਾਰਖਾਨੇ ਚਲਾਉਣ ਦੀ ਸਕੀਮ ਬਣਾਈ ਗਈ ਸੀ ਅਤੇ ਫੋਕਲ ਪੁਆਇੰਟ ਬਣਾਇਆ ਗਿਆ ਸੀ, ਇਸ ਲਈ ਜੇ ਅਸੀਂ ਕਾਸ਼ਤ ਬੰਦ ਕਰਵਾਈ ਹੈ ਤਾਂ ਹੁਣ ਇੰਡਸਟਰੀ ਨੂੰ ਵੀ ਉਥੇ ਜ਼ਰੂਰ ਡਿਵੈਲਪ ਕਰਨਾ ਚਾਹੀਦਾ ਹੈ। ਪਰ ਅਜੇ ਤੱਕ ਅਸੀਂ ਉਥੇ 50% ਵੀ ਕਾਰਖਾਨੇ ਡਿਵੈਲਪ ਨਹੀਂ ਕਰ ਸਕੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਪਾਸੇ ਧਿਆਨ ਦੇਵੇਗੀ ? ਇਹ ਜ਼ਮੀਨ ਲੈਣ ਲਈ ਜ਼ਿਮੀਂਦਾਰਾਂ ਨੂੰ ਕੰਪਨ-ਸੇਸ਼ਨ ਵੀ ਬਹੁਤ ਘਟ ਦਿੱਤੀ ਗਈ ਹੈ। ਇਕ ਪਾਸੇ ਐਗਰੀਕਲਚਰ ਦਾ ਕੰਮ ਬੰਦ ਕਰਵਾ ਦਿੱਤਾ, ਦੂਜੇ ਪਾਸੇ ਇੰਡਸਟਰੀ ਵੀ ਡਿਵੈਲਪ ਨਹੀਂ ਹੋ ਸਕੀ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਸਰਕਾਰ ਨੂੰ ਫੌਰਨ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਤੁਸੀਂ ਵੇਖੋਗੇ ਕਿ ਜਿਹੜੇ ਪਿੰਡਾਂ ਵਿਚ ਫੋਕਲ ਪੁਆਇੰਟ ਬਣੇ ਹਨ, ਉਹ ਵੀ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ ਕਿਉਂਕਿ ਜਿਹੜੀਆਂ ਫੈਸਿਲੀਟੀਜ਼ ਉਨ੍ਹਾਂ ਨੂੰ ਮਿਲਣੀਆਂ ਚਾਹੀਦੀਆਂ ਸਨ, ਉਹ ਨਹੀਂ ਮਿਲੀਆਂ। ਮੇਰੀ ਬੇਨਤੀ ਇਹ ਹੀ ਹੈ ਕਿ ਇੰਡਸਟਰੀ ਦੇ ਬਾਰੇ ਜਿਹੜੀ ਪਾਲਿਸੀ ਸਰਕਾਰ ਬਣਾਉਂਦੀ ਹੈ, ਉਸ ਉਤੇ ਜ਼ਰੂਰ ਅਮਲ ਹੋਣਾ ਚਾਹੀਦਾ ਹੈ। ਬਿਜਲੀ ਦੇ ਕੁਨੈਕਸ਼ਨ ਲੈਣ ਲਈ ਲੋਕੀਂ ਕਲਪਦੇ ਫਿਰਦੇ ਹਨ, ਇਸ ਤਰ੍ਹਾਂ ਉਨ੍ਹਾਂ ਦਾ ਜੋਸ਼ ਮੱਠਾ ਪੈ ਜਾਂਦਾ ਹੈ। ਅਕਾਲੀਆਂ ਦੀ ਮਿਹਰਬਾਨੀ ਨਾਲ ਵੀ ਇੰਡਸਟਰੀ ਦਾ ਬੜਾ ਨੁਕਸਾਨ ਹੋਇਆ ਹੈ, ਉਸ ਦਾ ਭੱਠਾ ਹੀ ਬੈਠਿਆ ਹੋਇਆ ਹੈ। ਇੰਡਸਟਰੀ ਦੀ ਲੇਬਰ ਵੱਲ ਵੇਖੋ, ਉਸ ਦਾ ਕੀ ਹਾਲ ਹੈ। ਖੇਤੀ ਉਤੇ ਜੇ ਗੜ੍ਹੇ ਪੈ ਜਾਣ ਤਾਂ ਕਿਸਾਨਾਂ ਨੂੰ ਥੋੜ੍ਹੀ ਬਹੁਤੀ ਕੰਪਨਸੇਸ਼ਨ ਮਿਲ ਜਾਂਦੀ ਹੈ ਪਰ ਇੰਡਸਟਰੀਅਲ ਲੇਬਰ ਜੇ ਵਿਹਲੀ ਹੋਵੇ ਤਾਂ ਉਸ ਨੂੰ ਨਾ ਕਾਰਖਾਨੇਦਾਰ ਕੁਝ ਦਿੰਦਾ ਹੈ ਅਤੇ ਨਾ ਹੀ ਸਰਕਾਰ। ਲੁਧਿਆਣਾ ਦਾ ਜਿਹੜਾ ਫੋਕਲ ਪੁਆਇੰਟ ਬਣਿਆ ਹੈ, ਉਹ ਸ਼ਹਿਰ ਤੋਂ 5 ਮੀਲ ਦੂਰ ਬਣਿਆ ਹੈ ਉਨ੍ਹਾਂ ਮਜ਼ਦੂਰਾਂ ਨੂੰ 4–4, 5–5 ਮੀਲ ਤੋਂ ਉਥੇ ਜਾਣਾ ਪੈਂਦਾ ਹੈ। ਇਥੋਂ ਤੱਕ ਕਿ ਕਾਰਖਾਨੇ ਦੇ ਮਾਲਕ ਨੂੰ ਵੀ ਉਥੇ 4–5 ਮੀਲ ਤੋਂ ਜਾਣਾ ਪੈਂਦਾ ਹੈ ਕਿਉਂਕਿ ਉਥੇ ਰਹਿਣ ਦੀ ਉਸ ਨੂੰ ਇਜਾਜ਼ਤ ਨਹੀਂ ਹੈ। ਉਨ੍ਹਾਂ ਸਾਰਿਆਂ ਦੀ ਰਿਹਾਇਸ਼ ਵਾਸਤੇ ਉਥੇ ਕਾਲੋਨੀਆਂ ਬਣਾਉਣੀਆਂ ਚਾਹੀਦੀਆਂ ਹਨ। ਉਥੇ ਰਿਹਾਇਸ਼

Original with;
Punjab Vidhan Sabha
Digitized by;
Panjab Digital Library

ਦਾ ਪ੍ਰਬੰਧ ਜ਼ਰੂਰ ਹੋਣਾ ਚਾਹੀਦਾ ਹੈ। ਸਰਕਾਰ ਦੀ ਫੋਕਲ ਪੁਆਇੰਟ ਵਾਲੀ ਸਕੀਮ ਤਾਂ ਬੜੀ ਸ਼ਾਨਦਾਰ ਹੈ ਪਰ ਇਸ ਦੀ ਡਿਵੈਲਪਮੈਂਟ ਠੀਕ ਤਰੀਕੇ ਨਾਲ ਨਹੀਂ ਹੋ ਰਹੀ। ਇਸ ਵਾਸਤੇ ਸਰਕਾਰ ਨੂੰ ਬੜੀ ਜਲਦੀ ਜਲਦੀ ਕਦਮ ਚੁਕਣੇ ਚਾਹੀਦੇ ਹਨ। ਉਥੇ ਲਾਈਟ ਨਹੀਂ ਦਿੱਤੀ ਜਾ ਰਹੀ, ਸੜਕਾਂ ਨਹੀਂ ਬਣਾਈਆਂ ਜਾ ਰਹੀਆਂ ਅਤੇ ਨਾ ਹੀ ਪਾਣੀ ਦਾ ਕੋਈ ਤਸੱਲੀਬਖਸ਼ ਇੰਤਜ਼ਾਮ ਹੈ। ਕਾਰਪੋਰੇਸ਼ਨ ਵਾਲੇ ਕਹਿੰਦੇ ਹਨ ਕਿ ਸਾਡੀ ਤਾਂ ਇਹ ਜਗ੍ਹਾ ਹੀ ਨਹੀਂ ਹੈ। ਕਿਉਂ ਜਗ੍ਹਾ ਨਹੀਂ ਹੈ ? ਇਸ ਕਰਕੇ ਨਹੀਂ ਕਿ ਉਹ ਏਰੀਆ ਕਾਰਪੋਰੇਸ਼ਨ ਨੂੰ ਟਰਾਂਸਫਰ ਨਹੀਂ ਹੋਇਆ ਹੈ। ਇਸ ਕਰਕੇ ਉਥੇ ਕੋਈ ਫੈਸਿਲਿਟੀ ਨਹੀਂ ਹੈ। ਰਹਿੰਦੀ ਕਸਰ ਅਕਾਲੀਆਂ ਦੀ ਐਜੀਟੇਸ਼ਨ ਨੇ ਪੂਰੀ ਕਰ ਦਿੱਤੀ ਹੈ। ਉਨ੍ਹਾਂ ਨੂੰ ਰੱਬ ਸੁਮੱਤ ਬਖਸ਼ੇ ਅਤੇ ਉਹ ਕੋਈ ਚੰਗਾ ਕੰਮ ਕਰਨ। ਸਰਕਾਰ ਨੂੰ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਉਥੇ ਜਾ ਕੇ ਆਪ ਹਾਲਾਤ ਦਾ ਜਾਇਜ਼ਾ ਲੈਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ** : ਟਾਈਮ ਬਹੁਤ ਥੋੜ੍ਹਾ ਹੈ, 2–3 ਸਪੀਕਰ ਹੋਰ ਵੀ ਬੋਲਣ ਵਾਲੇ ਹਨ। 5 ਵਜੇ ਡਾਕਟਰ ਸਾਹਿਬ ਨੇ ਬੋਲਣਾ ਹੈ। ਇਸ ਕਰਕੇ ਤੁਸੀਂ ਜਲਦੀ ਵਾਈਂਡ ਅੱਪ ਕਰ ਦਿਓ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਅੱਛਾ ਜੀ, ਜਦੋਂ ਤੁਸੀਂ ਕਹੋਗੇ, ਮੈਂ ਉਸੇ ਵਕਤ ਬੰਦ ਕਰ ਦਿਆਂਗਾ। ਮੈਂ ਇਹ ਕਹਿ ਰਿਹਾ ਸੀ ਕਿ ਉਥੇ ਮਜ਼ਦੂਰ ਐਨਾ ਕੰਮ ਕਰ ਰਹੇ ਹਨ, ਪਰ ਉਨ੍ਹਾਂ ਵਾਸਤੇ ਉਥੇ ਕੋਈ ਹਸਪਤਾਲ ਨਹੀਂ ਹੈ, ਕੋਈ ਡਿਸਪੈਂਸਰੀ ਨਹੀਂ ਹੈ। ਹਸਪਤਾਲ ਉਥੋਂ 5–6 ਮੀਲ ਦੂਰ ਹੈ। ਫਿਰ ਉਥੇ ਕੋਈ ਮੰਡੀ ਵੀ ਨਹੀਂ ਹੈ। ਕੋਈ ਚੀਜ਼ ਲੈਣੀ ਹੋਵੇ ਤਾਂ ਸ਼ਹਿਰ ਜਾਣਾ ਪੈਂਦਾ ਹੈ। ਉਥੇ ਦੁਕਾਨਾਂ ਬਣਾਉਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਉਥੇ ਬੱਸ ਸਰਵਿਸ ਵੀ ਨਹੀਂ ਹੈ। ਫੋਕਲ ਪੁਆਇੰਟ ਤੇ ਕੋਈ ਬੱਸ ਨਹੀਂ ਜਾਂਦੀ। ਜਿਸ ਕੋਲ ਸਾਈਕਲ ਨਹੀਂ ਹੈ, ਉਸ ਨੂੰ ਪੈਦਲ ਹੀ ਜਾਣਾ ਪੈਂਦਾ ਹੈ। ਚੀਫ਼ ਮਨਿਸਟਰ ਸਾਹਿਬ ਨੇ ਇਕ ਮੀਟਿੰਗ ਵੀ ਕੀਤੀ ਸੀ ਔਰ ਉਸ ਵਿੱਚ ਉਨ੍ਹਾਂ ਵਾਇਦਾ ਵੀ ਕੀਤਾ ਸੀ ਮਗਰ ਕੋਈ ਗੱਲ ਨਹੀਂ ਹੋਈ। ਚੀਫ਼ ਮਨਿਸਟਰ ਸਾਹਿਬ ਬੜੇ ਡਾਇਨਾਮਿਕ ਹਨ, ਉਹ ਚਾਹੁੰਦੇ ਹਨ ਕਿ ਇੰਡਸਟਰੀ ਦੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ ਮਗਰ ਉਨ੍ਹਾਂ ਨੇ ਮੈਮੋਰੰਡਮ ਡੀਪਾਰਟਮੈਂਟ ਨੂੰ ਭੇਜ ਦਿੱਤਾ ਹੋਵੇਗਾ ਪਰ ਉਹ ਉਥੇ ਰੁਲਦਾ ਪਿਆ ਹੋਵੇਗਾ। ਕੋਈ ਪੈਸੇ ਦੀ ਗਲ ਹੋਵੇ ਤਾਂ ਉਹ ਬੇਸ਼ਕ ਡੀਲੇਅ ਕਰ ਦਿਓ ਲੇਕਿਨ ਜਿਥੇ ਪੈਸਾ ਇਨਵਾਲਵ ਨਹੀਂ ਹੁੰਦਾ ਉਥੇ ਦੇਰੀ ਨਹੀਂ ਹੋਣੀ ਚਾਹੀਦੀ। ਡਿਪਟੀ ਸਪੀਕਰ ਸਾਹਿਬ, ਲੁਧਿਆਣੇ ਦਾ ਫੋਕਲ ਪੁਆਇੰਟ ਅੱਛੀ ਕੰਡੀਸ਼ਨ ਵਿੱਚ ਨਹੀਂ ਹੈ। ਉਸ ਨੂੰ ਇਮਪਰੂਵ ਕਰਨ ਵਾਸਤੇ ਫੌਰੀ ਤੌਰ ਤੇ ਇੰਤਜ਼ਾਮ ਕਰਨਾ ਚਾਹੀਦਾ ਹੈ। ਉਥੇ ਹਰ ਵੇਲੇ ਕੋਈ ਅਫ਼ਸਰ ਹੋਣਾ ਚਾਹੀਦਾ ਹੈ, ਉਸ ਦਾ ਦਫਤਰ ਵੀ ਉਥੇ ਹੀ ਹੋਣਾ ਚਾਹੀਦਾ ਹੈ ਤਾਕਿ ਕਾਰਖਾਨੇਦਾਰਾਂ ਨਾਲ ਉਹ ਕੋਆਰਡੀਨੇਸ਼ਨ ਕਰ ਸਕੇ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 16 ਜੋ ਐਜੂਕੇਸ਼ਨ ਦੇ ਬਾਰੇ ਹੈ ਉਸ ਵਲ ਆਉਂਦਾ ਹਾਂ। ਇਹ ਠੀਕ ਹੈ ਕਿ ਐਜੂਕੇਸ਼ਨ ਦੀ ਕਾਫੀ ਐਕਸਪੈਨਸ਼ਨ ਹੋਈ ਹੈ। ਮੈਂ ਪ੍ਰਾਈ-ਵੇਟ ਸਕੂਲਾਂ ਅਤੇ ਕਾਲਜਾਂ ਬਾਰੇ ਗਲ ਕਰਨੀ ਚਾਹੁੰਦਾ ਹਾਂ। ਪ੍ਰਾਈਵੇਟ ਸਕੂਲਾਂ ਨੂੰ ਸਰਕਾਰ ਗਰਾਂਟ ਦਿੰਦੀ ਹੈ। ਜਿਹੜਾ ਫੀਸਾਂ ਤੋਂ ਘੱਟ ਖਰਚ ਰਹਿ ਜਾਵੇ ਉਸ ਦਾ 95 ਫੀ ਸਦੀ ਸਰਕਾਰ ਦਿੰਦੀ ਹੈ। ਹੁਣ ਇਨ੍ਹਾਂ ਨੇ ਪਾਬੰਦੀ ਲਗਾਈ ਹੈ ਕਿ ਇਸ ਸਾਲ ਤੋਂ ਬਾਅਦ ਕੋਈ ਨਵਾਂ ਟੀਚਰ ਨਹੀਂ ਰਖਿਆ ਜਾ ਸਕਦਾ। ਇਹੋ ਹਾਲਤ ਪ੍ਰਾਈਵੇਟ ਕਾਲਜਾਂ ਦੀ ਹੈ। ਕਾਲਜਾਂ ਦੀ ਤਾਂ ਯੂਨੀਅਨ ਤੇਜ਼ ਹੋਈ ਹੋਈ ਹੈ। ਉਹ ਪ੍ਰੋਟੈਸਟ ਦੇ ਤੌਰ ਤੇ ਜਲੂਸ ਵੀ ਕਢੇਗੀ। ਮੈਂ ਵੀ ਕਿਸੇ ਕਾਲਜ ਦਾ ਮੈਨੇਜਰ ਹਾਂ ਅਤੇ ਮੈਨੂੰ ਵੀ ਦਾਅਵਤ ਆਈ ਹੈ ਕਿ ਤੁਸੀਂ ਵੀ ਸਾਡੇ ਜਲੂਸ ਨਾਲ ਸ਼ਾਮਲ ਹੋਣਾ ਹੈ। ਪੰਡਿਤ ਮੋਹਨ ਲਾਲ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਪ੍ਰਧਾਨ ਹਨ ਅਤੇ ਉਹ ਵੀ ਆਉਣਗੇ। ਦੱਸਣ ਦਾ ਭਾਵ ਇਹ ਹੈ ਕਿ ਕਾਲਜ ਜਿਹੜੇ ਹਨ ਉਹ ਹਾਈ ਕਲਾਸ ਆਫ਼ ਟੀਚਿੰਗ ਹਨ। (ਘੰਟੀ)

ਡਿਪਟੀ ਸਪੀਕਰ ਸਾਹਿਬ, ਮੈਂ ਇਤਨੀ ਮਿਹਨਤ ਕਰਕੇ ਆਇਆ ਹਾਂ, ਤੁਸੀਂ ਮੇਰੇ ਨਾਲ ਇਸ ਤਰ੍ਹਾਂ ਜ਼ਿਆਦਤੀ ਤਾਂ ਨਾ ਕਰੋ। ਮੈਨੂੰ ਬੋਲਣ ਲਈ ਥੋੜ੍ਹਾ ਹੋਰ ਟਾਈਮ ਤਾਂ ਦਿਓ।

**ਸ੍ਰੀ ਡਿਪਟੀ ਸਪੀਕਰ**: 2 ਸਪੀਕਰ ਹੋਰ ਬੋਲਣ ਵਾਲੇ ਹਨ, ਇਸ ਲਈ ਤੁਸੀਂ ਹੁਣ 2-3 ਮਿੰਟ ਵਿੱਚ ਵਾਈਂਡ ਅੱਪ ਕਰ ਦਿਓ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਲਓ ਜੀ, ਮੈਂ ਡੀਮਾਂਡ ਨੰਬਰ 20 ਤੇ ਆਉਂਦਾ ਹਾਂ ਜੋ ਇਨਫਰ-ਮੇਸ਼ਨ ਐਂਡ ਪਬਲਿਸਿਟੀ ਦੇ ਬਾਰੇ ਵਿੱਚ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਖਾਸ ਤੌਰ ਤੇ ਇਸ ਦੀ ਕੰਡੀਸ਼ਨ ਬਾਰੇ ਬੇਨਤੀ ਕਰਾਂਗਾ। ਉਹ ਇਸ ਦੀ ਘੋਖ ਕਰਕੇ ਦੇਖ ਲੈਣ ਕਿ ਉਨ੍ਹਾਂ ਨੂੰ ਕੋਈ ਕੰਮ ਨਹੀਂ ਹੈ। ਇਤਨਾ ਸਟਾਫ ਹੈ, ਇਤਨੇ ਅਫ਼ਸਰ ਹਨ, ਸਾਰਾ ਕੁਝ ਹੈ ਪਰ ਉਨ੍ਹਾਂ ਨੂੰ ਸਿਵਾਏ ਇਕ ਕੰਮ ਦੇ ਹੋਰ ਕੋਈ ਕੰਮ ਨਹੀਂ ਹੁੰਦਾ। ਜਾਂ ਤਾਂ ਪ੍ਰੈਸ ਨੋਟ ਉਹ ਕੋਈ ਦੇ ਦਿੰਦੇ ਹਨ ਜਾਂ 2-3 ਫੋਟੋਆਂ ਖਿਚ ਕੇ ਸਵੇਰੇ ਲਗਾ ਦਿੰਦੇ ਹਨ। ਉਹ ਸਾਰਾ ਦਿਨ ਵਿਹਲੇ ਰਹਿੰਦੇ ਹਨ। ਅਫ਼ਸਰਾਂ ਤੋਂ ਲੈ ਕੇ ਥਲੇ ਤਕ ਕੋਈ ਕੰਮ ਨਹੀਂ ਹੈ। ਇਹੋ ਜਿਹਾ ਵਾਧੂ ਖਰਚਾ ਸਰਕਾਰ ਤੇ ਕਿਉਂ ਪਾਇਆ ਹੋਇਆ ਹੈ? ਮੈਂ ਇਕ ਜਗ੍ਹਾ ਇਹ ਗਲ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਸਰਕਾਰ ਦੇ ਖਿਲਾਫ਼ ਅੱਜ ਕੱਲ ਬਹੁਤ ਗਲਤ ਪ੍ਰਾਪੇਗੰਡਾ ਹੋ ਰਿਹਾ ਹੈ, ਤੁਸੀਂ ਇਸ ਦੇ ਬਾਰੇ ਕੀ ਕਰ ਰਹੇ ਹੋ ਤਾਂ ਉਹ ਕਹਿਣ ਲਗੇ ਕਿ ਅਸੀਂ ਪ੍ਰੈਸ ਨੋਟ ਭੇਜ ਦਿੰਦੇ ਹਾਂ।

**ਪ੍ਰੋਫੈਸਰ ਬਲਵੰਤ ਸਿੰਘ**: ਮਹਿਕਮਾ ਕਿਹੜਾ ਹੈ?

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਪਬਲਿਕ ਰਿਲੇਸ਼ਨਜ਼ ਡੀਪਾਰਟਮੈਂਟ, ਹੋਰ ਕਿਹੜਾ?

**ਸ੍ਰੀ ਡਿਪਟੀ ਸਪੀਕਰ** : ਗੁਪਤਾ ਸਾਹਿਬ, ਹੁਣ ਵਾਈਂਡ ਅੱਪ ਕਰੋ।

**ਸ੍ਰੀ ਗੁਰਦਿਆਲ ਸੈਣੀ** : ਡਿਪਟੀ ਸਪੀਕਰ ਸਾਹਿਬ, ਮੈਂ ਨਹੀਂ ਬੋਲਾਂਗਾ, ਤੁਸੀਂ ਮੇਰਾ ਟਾਈਮ ਇਨ੍ਹਾਂ ਨੂੰ ਦੇ ਦਿਓ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਜਿਹੜਾ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਹੈ ਉਸ ਨੂੰ ਸਰਕਾਰ ਦੀ ਹਰ ਗਲ ਦੱਸਣੀ ਚਾਹੀਦੀ ਹੈ, ਉਸ ਨੂੰ ਪਬਲਿਕ ਦੀ ਗਲ ਵੀ ਦੱਸਣੀ ਚਾਹੀਦੀ ਹੈ ਕਿ ਇਹ ਡਿਫੀਕਲਟੀਜ਼ ਹਨ, ਇਸ ਦੇ ਇਹ ਇਹ ਹੱਲ ਹਨ। ਕਿਸੇ ਨੂੰ ਤੁਸੀਂ ਪੁੱਛ ਕੇ ਦੇਖ ਲਓ, ਕਿਸੇ ਨੂੰ ਕੁਝ ਨਹੀਂ ਪਤਾ। ਕਿਸੇ ਨੂੰ ਕੋਈ ਸਟੈਟਿਸਟਿਕਸ ਦਾ ਨਹੀਂ ਪਤਾ। ਕਿਸੇ ਨੂੰ ਪੁੱਛ ਕੇ ਦੇਖ ਲਓ ਕਿ ਤੂੰ ਭਾਈ ਇਤਨੇ ਚਿਰ ਦਾ ਇਸ ਮਹਿਕਮੇ ਵਿੱਚ ਲਗਾ ਹੋਇਆ ਹੈਂ ਤੈਨੂੰ ਕੁਝ ਪਤਾ ਹੈ। ਉਨ੍ਹਾਂ ਨੂੰ ਸਿਰਫ਼ ਵਜ਼ੀਰ ਦੇ ਪ੍ਰੋਗਰਾਮ ਦਾ ਪਤਾ ਹੁੰਦਾ ਹੈ, ਹੋਰ ਕੁਝ ਨਹੀਂ ਪਤਾ ਹੁੰਦਾ। (ਹਾਸਾ) ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਦਾ ਸਰਕਾਰ ਤੇ ਇਤਨਾ ਖਰਚਾ ਹੈ ਜਿਸ ਦਾ ਕੋਈ ਹਿਸਾਬ ਨਹੀਂ। ਕਲਚਰਲ ਪ੍ਰੋਗਰਾਮ ਜਾਂ ਹੋਰ ਦੂਸਰੇ ਪ੍ਰੋਗਰਾਮ ਹਨ ਇਨ੍ਹਾਂ ਤੇ ਵੀ ਖਰਚਾ ਬਹੁਤ ਜ਼ਿਆਦਾ ਹੈ। ਮੇਰੀ ਬੇਨਤੀ ਹੈ ਕਿ ਇਹ ਤੁਹਾਡਾ ਪੈਸਾ ਜ਼ਾਇਆ ਜਾ ਰਿਹਾ ਹੈ। ਇਸ ਦੇ ਵਿੱਚ ਕੋਈ ਸੁਧਾਰ ਲਿਆਉਗੇ ਤਾਂ ਠੀਕ ਹੈ, ਜੇ ਸੁਧਾਰ ਨਹੀਂ ਲਿਆਉਣਾ ਤਾਂ ਫਿਰ ਇਸ ਨੂੰ ਬੰਦ ਕਰ ਦਿਓ।

Original with;
Punjab Vidhan Sabha
Digitized by;
Panjab Digital Library

ਮੈਂ ਆਖ਼ਰੀ ਗਲ, ਡਿਪਟੀ ਸਪੀਕਰ ਸਾਹਿਬ, ਹਸਪਤਾਲਾਂ ਦੇ ਬਾਰੇ ਕਰਨੀ ਚਾਹੁੰਦਾ ਹਾਂ। ਡਾਕਟਰ ਸਾਹਿਬ, ਜਿੰਨਾਂ ਜ਼ੁਲਮ ਹੋ ਰਿਹਾ ਹੈ, ਉਹ ਕਦੇ ਨਹੀਂ ਦੇਖਿਆ। (ਥੰਪਿੰਗ) (ਇਸ ਵਕਤ ਮਾਨਯੋਗ ਸਿਹਤ ਮੰਤਰੀ ਹਾਊਸ ਵਿੱਚ ਆਪਣੀ ਸੀਟ ਤੇ ਬੈਠਣ ਲਈ ਆ ਰਹੇ ਸਨ) (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਸਾਰਿਆਂ ਨਾਲੋਂ ਵਡਾ ਮਹਿਕਮਾ ਵੈਲਫੇਅਰ ਦਾ ਹੈ। (ਵਿਘਨ)

**ਇਕ ਆਵਾਜ਼** : ਪਾਂਡੇ ਸਾਹਿਬ ਨੂੰ ਦੇਖ ਕੇ ਹੈਲਥ ਡੀਪਾਰਟਮੈਂਟ ਦੀ ਗਲ ਕਰਦੇ ਕਰਦੇ ਕਿਥੇ ਵੈਲਫੇਅਰ ਡੀਪਾਰਟਮੈਂਟ ਤੇ ਚਲੇ ਗਏ ਹੋ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ**: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਲਓ ਜੀ, ਮੈਂ ਹੈਲਥ ਤੇ ਬੋਲ ਰਿਹਾ ਸੀ। ਜਿਹੜੇ ਸਾਡੇ ਦੇਸ਼ ਦੇ ਲੋਕ ਹਨ ਉਨ੍ਹਾਂ ਦੀ ਹੈਲਥ ਦਾ ਤੁਸੀਂ ਧਿਆਨ ਰੱਖਣਾ ਹੈ, ਉਨ੍ਹਾਂ ਨੂੰ ਤੁਸੀਂ ਸਹੂਲਤ ਦੇਣੀ ਹੈ। ਅੱਜ ਐਸੇ ਹਾਲਾਤ ਹਨ ਕਿ ਡਾਕਟਰ ਝੂਠੇ ਕੇਸ ਬਣਾਉਣ ਵਿੱਚ ਮਦਦ ਦਿੰਦੇ ਹਨ ਔਰ ਪੈਸੇ ਲਏ ਬਗੈਰ ਕੋਈ ਸਰਟੀਫੀਕੇਟ ਇਸ਼ੂ ਨਹੀਂ ਹੁੰਦਾ। ਡਿਪਟੀ ਸਪੀਕਰ ਸਾਹਿਬ, ਇਥੇ ਕਰੋੜਾਂ ਰੁਪਏ ਦਾ ਸਿਵਲ ਡਿਫੈਂਸ ਦਾ ਮਾਲ ਬਚਿਆ ਹੋਇਆ ਸੀ। 12–13 ਸਾਲ ਹੋ ਗਏ ਹਨ ਉਹ ਕਰੋੜਾਂ ਰੁਪਏ ਦਾ ਮਾਲ ਹਰ ਹਸਪਤਾਲ ਵਿੱਚ ਪਿਆ ਹੈ। ਕਿਸੇ ਨੂੰ ਇਸ ਗਲ ਦਾ ਨਹੀਂ ਪਤਾ ਕਿ ਕਿੰਨਾਂ ਮਾਲ ਖ਼ਤਮ ਹੋ ਗਿਆ ਹੈ, ਕਿੰਨਾ ਸੜ ਗਿਆ ਹੈ, ਕਿੰਨਾ ਗਲ ਗਿਆ ਹੈ। ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਕੋਈ ਗਾਈਡ ਨਹੀਂ ਕਰਦਾ ਕਿ ਇਸ ਨੂੰ ਕਿਸ ਤਰ੍ਹਾਂ ਯੂਟੇਲਾਈਜ਼ ਕਰਨਾ ਹੈ ਜਾਂ ਇਸ ਦਾ ਕੀ ਕਰਨਾ ਹੈ। ਸਰਕਾਰ ਦਾ ਇਤਨਾ ਰੁਪਿਆ ਇਸ ਤਰ੍ਹਾਂ ਜ਼ਾਇਆ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਹਸਪਤਾਲਾਂ ਵਿੱਚ ਇਸ ਵੇਲੇ ਇਹ ਪੋਜ਼ੀਸ਼ਨ ਹੈ ਕਿ ਹਸਪਤਾਲਾਂ ਵਿੱਚ ਦਵਾਈਆਂ ਨਹੀਂ ਦਿੱਤੀਆਂ ਜਾ ਰਹੀਆਂ। ਮੌਕੇ ਤੇ ਵੀ ਫੜਿਆ ਹੈ। ਇਕ ਗਰੀਬ ਹਰੀਜਨ ਵਿਚਾਰਾ ਬਾਹਰੋਂ ਦਵਾਈ ਖਰੀਦ ਕੇ ਲਿਆਇਆ। ਦਵਾਈ ਉਸ ਡਾਕਟਰ ਦੇ ਕਪ ਬੋਰਡ ਵਿੱਚ ਪਈ ਹੈ ਪਰ ਗਰੀਬ ਵਿਚਾਰਾ ਬਾਹਰੋਂ ਖਰੀਦ ਕੇ ਲਿਆ ਰਿਹਾ ਹੈ। ਇਹ ਹਾਲਤ ਅੱਜ ਹਸਪਤਾਲਾਂ ਵਿੱਚ ਹੋ ਰਹੀ ਹੈ ਕਿ ਦਵਾਈਆਂ ਵਿਕ ਰਹੀਆਂ ਹਨ, ਗਰੀਬਾਂ ਨੂੰ ਦਿੱਤੀਆਂ ਨਹੀਂ ਜਾ ਰਹੀਆਂ। ਤੁਸੀਂ ਹੋਰ ਪਾਸੋਂ ਲੁਟ ਲਓ ਜੇ ਲੁੱਟਣਾ ਹੈ, ਜੇ ਖਾਣਾ ਹੈ ਤਾਂ ਕਿਸੇ ਹੋਰ ਪਾਸੋਂ ਖਾ ਲਓ। ਪਰ ਜਿਹੜਾ ਵਿਚਾਰਾ ਗਰੀਬ ਆਦਮੀ ਹੈ ਉਹ ਮਹਿੰਗਾ ਇਲਾਜ ਪ੍ਰਾਈਵੇਟ ਡਾਕਟਰ ਤੋਂ ਨਹੀਂ ਕਰਵਾ ਸਕਦਾ। ਜੇ ਇਲਾਜ ਦੇ ਘੁਣੋਂ ਉਸ ਦੀ ਮੌਤ ਹੋ ਜਾਵੇ ਤਾਂ ਇਹ ਚੀਜ਼ ਅੱਛੀ ਨਹੀਂ। ਸਾਰੇ ਹਸਪਤਾਲਾਂ ਦੇ ਹਾਲਾਤ ਨੂੰ ਠੀਕ ਕਰਨ ਦੀ ਲੋੜ ਹੈ। ਇਥੇ ਡਾਇਰੈਕਟੋਰੇਟ ਵਿਚ ਪੂਰੀ ਟੀਮ ਬੈਠੀ ਹੈ, ਕਦੇ ਕੋਈ ਕਿਸੇ ਹਸਪਤਾਲ ਦੇ ਹਾਲਾਤ ਨੂੰ ਵੇਖਦਾ ਨਹੀਂ ਕਿਉਂਕਿ ਸਾਰਿਆਂ ਦਾ ਲਿੰਕ ਹੈ। ਮੈਂ ਬੇਨਤੀ ਕਰਦਾ ਹਾਂ ਕਿ ਕਿਉਂ ਬਦਨਾਮੀ ਲੈ ਰਹੇ ਹੋ। ਸਰਕਾਰ ਦਾ ਇਤਨਾ ਪੈਸਾ ਲਗਦਾ ਹੈ, ਸਰਕਾਰ ਸਾਰੀਆਂ ਚੀਜ਼ਾਂ ਮੁਹੱਈਆ ਕਰਦੀ ਹੈ। ਹਰ ਜਗ੍ਹਾ ਤੇ ਡਾਕਟਰਾਂ ਨੇ ਆਪਣੀ ਆਪਣੀ ਜਗ੍ਹਾ ਬਣਾਈ ਹੋਈ ਹੈ, ਉਹ ਪੈਸੇ ਬਣਾਉਂਦੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਚੀਜ਼ਾਂ ਨੂੰ ਠੀਕ ਕਰਨ ਦੀ ਲੋੜ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਕੁਲਵੰਤ ਸਿੰਘ (ਆਦਮਪੁਰ): ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਜ਼ਰੂਰੀ ਗਲਾਂ ਹੀ ਸਰਕਾਰ ਦੇ ਧਿਆਨ ਵਿਚ ਲਿਆਉਣੀਆਂ ਹਨ। ਮੈਂ ਸਭ ਤੋਂ ਪਹਿਲਾਂ ਪੁਲੀਸ ਦੇ ਖਰਚੇ ਦੀ ਜਿਹੜੀ ਡਿਮਾਂਡ ਹੈ ਉਸ ਤੇ ਬੋਲਾਂਗਾ। ਮੈਂ ਸਿਰਫ਼ ਇੰਨੀ ਗਲ ਕਰਨੀ ਹੈ ਕਿ ਪੁਲੀਸ ਨੂੰ ਬਹਾਨਾ ਮਿਲ ਗਿਆ ਹੈ ਪਿਛਲੇ ਕੁਝ ਸਮੇਂ ਤੋਂ ਕਿ ਇਹ ਅੱਤਵਾਦੀ ਹੈ, ਇਹ ਉਗਰਵਾਦੀ ਹੈ ਅਤੇ ਇਹ ਵੱਖਵਾਦੀ ਹਨ। ਮੈਂ ਕਹਿੰਦਾ ਹਾਂ ਕਿ ਪੰਜਾਬ ਵਿਚ ਜੋ ਅੱਜ ਲਾਅ ਐਂਡ ਆਰਡਰ ਦੀ ਹਾਲਤ ਹੈ ਉਹ ਤੁਸੀਂ ਆਪ ਵੇਖ ਲਵੋ। ਪਿੰਡ ਮਸਤ ਨਗਲਰ, ਪਗਵਾੜਾ ਵਿਚ ਮਿਤੀ 28 ਦਸੰਬਰ, 1982 ਨੂੰ ਇਕ ਹਰੀਜਨ ਦੇਵ ਰਾਜ ਪੁੱਤਰ ਮਾਗੂ ਰਾਮ ਦਾ ਕਤਲ ਹੋ ਗਿਆ। ਉਹ ਆਪਣੇ ਟਿਊਬਵੈਲ ਤੇ ਸੁੱਤਾ ਪਿਆ ਸੀ। ਉਸ ਨੂੰ ਗੋਲੀ ਨਾਲ ਮਾਰਿਆ ਹੈ ; ਕਿਸੇ ਨੇ ਗਲ ਘੁੱਟ ਕੇ ਨਹੀਂ ਮਾਰਿਆ। ਉਸ ਦੇ ਭਰਾ ਨੇ ਸ਼ਿਕਾਇਤ ਕੀਤੀ ਕਿ ਫਲਾਂ ਆਦਮੀ ਦੋਸ਼ੀ ਹੈ। ਪਰ ਹਾਲੇ ਤਕ ਪੁਲੀਸ ਨੂੰ ਉਹ ਆਦਮੀ ਨਹੀਂ ਲਭਿਆ। ਹੁਣ ਉਸ ਦੇ ਭਰਾ ਨੂੰ ਉਸ ਕਤਲ ਵਿਚ ਫੜਦੇ ਫਿਰਦੇ ਹਨ। ਮੈਂ ਕਹਿੰਦਾ ਹਾਂ ਕਿ ਹਾਲੇ ਪੰਜਾਬ ਦਾ ਲਹੂ ਇਤਨਾ ਚਿੱਟਾ ਨਹੀਂ ਹੋ ਸਕਿਆ ਕਿ ਭਰਾ ਭਰਾ ਦਾ ਕਤਲ ਕਰੇ। ਉਸ ਦੇ ਭਰਾ ਨੂੰ ਦੋ ਮਹੀਨੇ ਹੋ ਗਏ ਹਨ ਰੋਂਦੇ ਫਿਰਦੇ ਨੂੰ, ਕੋਈ ਨਹੀਂ ਪੁੱਛਦਾ। ਕੱਲ ਨੂੰ ਉਸ ਨੂੰ ਫੜਨਾ ਨਹੀਂ ਤੇ ਇਹ ਕਹਿ ਦੇਣ-ਗੇ ਕਿ ਅੱਤਵਾਦੀ ਦਾ ਕੰਮ ਹੈ। ਡਿਪਟੀ ਸਪੀਕਰ ਸਾਹਿਬ, ਪੁਲੀਸ ਨੂੰ ਵਾਇਰਲੈਸ ਸੈਟਸ ਦਿਤੇ, ਮੋਟਰਾਂ ਦਿੱਤੀਆਂ, ਮੋਟਰ ਸਾਇਕਲ ਦਿਤੇ ਅਤੇ ਅਪ ਟੂ ਡੇਟ ਅਸਲਾ ਸਪਲਾਈ ਕੀਤਾ। ਪਰ ਸੁੱਤੇ ਪਏ ਨੂੰ ਗੋਲੀ ਨਾਲ ਮਾਰੇ ਗਏ ਲੋਕਾਂ ਦੇ ਕਾਤਲ ਨਹੀਂ ਲਭੇ ਗਏ। ਮਕਤੂਲ ਦੇ ਭਰਾ ਨੂੰ ਫੜੀ ਫਿਰਦੇ ਹਨ। ਮੈਂ ਵਧਾ ਚੜ੍ਹਾ ਕੇ ਗਲ ਨਹੀਂ ਕਰਨਾ ਚਾਹੁੰਦਾ, ਗਲ ਉਤਨੀ ਕਰਾਂਗਾ ਜਿਹੜੀ ਸਹੀ ਹੋਵੇਗੀ। ਅੱਜ ਵੀ ਇਮਾਨਦਾਰ ਅਫ਼ਸਰ ਹਨ। ਅੱਜ ਵੀ ਉਹਨਾਂ ਅਫ਼ਸਰਾਂ ਕੋਲੋਂ ਇਹ ਜੁਰਮ ਕਰਨ ਵਾਲੇ ਤਰਾਹ ਤਰਾਹ ਕਰਦੇ ਡਰਦੇ ਹਨ। ਨਕੋਦਰ ਵਿਚ ਇਕ ਸਰਦਾਰ ਜਸਵੰਤ ਸਿੰਘ ਥਾਣੇਦਾਰ ਲਗਾ ਹੋਇਆ ਸੀ ਜਿਸ ਨੂੰ ਐਸ.ਪੀ. ਵੀ ਨਹੀਂ ਸੀ ਬਦਲਣਾ ਚਾਹੁੰਦਾ। ਉਸ ਨੂੰ ਰਾਸ਼ਟਰਪਤੀ ਅਵਾਰਡ ਮਿਲਿਆ ਹੈ, ਉਸ ਨੂੰ ਕਿਸੇ ਥਾਂ ਤੇ ਖੜ੍ਹਾ ਕਰ ਦਿਓ, ਕੋਈ ਕਤਲ ਕਰਨ ਵਾਲਾ ਹੋਵੇ, ਅਫ਼ੀਮ ਵੇਚਣ ਵਾਲਾ ਹੋਵੇ ਜਾਂ ਕੋਈ ਸਮੱਗਲਰ ਹੋਵੇ, ਸਾਰੇ ਉਸ ਤੋਂ ਡਰਦੇ ਹਨ ਪਰ ਬਗੈਰ ਕਿਸੇ ਵਜਾਹ ਤੇ ਉਸ ਦੀ ਥਾਂ ਤੇ ਕਿਸੇ ਗੱਬਰ ਸਿੰਘ ਨੂੰ ਲਗਾ ਦਿਤਾ ਜਿਹੜਾ ਕਿ ਲੋਕਾਂ ਨੂੰ ਨਿਹੰਗ ਸਿੰਘ ਬਣਾ ਕੇ ਲੋਕਾਂ ਦੀਆਂ ਜ਼ਮੀਨਾਂ ਤੇ ਕਬਜ਼ੇ ਕਰਵਾ ਦਿੰਦਾ ਹੈ। ਇਹ ਹਾਲਤ ਹੈ ਲਾਅ ਐਂਡ ਆਰਡਰ ਦੀ। ਜਿਹੜੇ ਪੰਜਾਬ ਵਿਚ ਇਮਾਨਦਾਰ ਪੁਲੀਸ ਅਫ਼ਸਰ ਹਨ, ਸਰਕਾਰ ਉਨ੍ਹਾਂ ਦੀ ਥੋੜ੍ਹੀ ਜਿਹੀ ਰਾਖੀ ਕਰੇ ਤਾ ਕਿ ਇਹ ਜਿਹੜੇ ਬੇਈਮਾਨ ਅਫ਼ਸਰ ਹਨ ਜਿਨ੍ਹਾਂ ਦੀ ਸ਼ਹਿ ਤੇ ਲੋਕ ਕਤਲ ਕਰ ਦਿੰਦੇ ਹਨ ਅਤੇ ਪੁਲੀਸ ਉਨ੍ਹਾਂ ਨੂੰ ਫੜਨ ਦੀ ਬਜਾਏ ਮਕਤੂਲ ਦੇ ਭਰਾ ਨੂੰ ਫੜਦੀ ਫਿਰਦੀ ਹੈ, ਉਨ੍ਹਾਂ ਨੂੰ ਸਬਕ ਮਿਲੇ। ਮੈਂ ਕਹਿੰਦਾ ਹਾਂ ਕਿ ਹਰੀਜਨ ਭਰਾ ਭਰਾ ਨੂੰ ਕਤਲ ਕਰ ਦੇਵੇਗਾ, ਇਹ ਗਲ ਮੰਨੀ ਨਹੀਂ ਜਾ ਸਕਦੀ ਔਰ ਉਹ ਵੀ ਗੋਲੀ ਨਾਲ ਮਾਰਿਆ ਜਾਏ। ਡਿਪਟੀ ਸਪੀਕਰ ਸਾਹਿਬ, ਇਕੱਲੇ ਫਰੀਦਕੋਟ ਜ਼ਿਲ੍ਹੇ ਵਿਚ 13,000 ਲਸੰਸ ਦਿਤੇ ਗਏ। ਆਰਮਜ਼ ਦੇ ਲਾਈਸੈਂਸ, ਜਿਤਨੇ ਇਥੇ ਦਿਤੇ ਗਏ ਉਤਨੇ ਸਾਰੇ ਪੰਜਾਬ ਵਿਚ ਨਹੀਂ ਦਿਤੇ ਗਏ ਹੋਣੇ। ਉਥੇ ਦਾ ਜਿਹੜਾ ਹਰਸਿਮਰਨ ਸਿੰਘ ਐਸ.ਐਸ.ਪੀ. ਸੀ ਉਸ ਤੇ ਲਿਖਤੀ ਦੂਸ਼ਨ ਲਗੇ ਪਰ ਕੋਈ ਸੁਣਵਾਈ ਨਹੀਂ। ਮੈਂ ਕਹਿੰਦਾ ਹਾਂ ਕਿ ਜਿੰਨਾ ਚਾਹੇ ਪੁਲੀਸ ਤੇ ਖਰਚ ਕਰੋ ਪਰ ਪੁਲੀਸ ਦਾ ਸੁਧਾਰ ਨਹੀਂ ਹੋਵੇਗਾ। ਪਿਛੇ ਜਿਹੇ ਸਰਦਾਰ ਦਰਬਾਰਾ ਸਿੰਘ ਨੇ ਕਿਹਾ ਕਿ ਪੁਲੀਸ ਦਾ ਅੱਛਾ ਇੰਤਜ਼ਾਮ ਹੈ। ਜਿਥੇ ਚੰਗਾ ਹੈ ਚੰਗਾ ਹੈ, ਪਰ ਕੁਰਪਟ ਲੋਕ ਵੀ ਹਨ ਜਿਹੜੇ ਕਾਤਲ ਨਹੀਂ ਲਭ ਸਕਦੇ। ਲੋੜ ਹੈ ਅੱਜ ਪੁਲੀਸ ਨੂੰ ਇਮਾਨਦਾਰ ਬਣਾਉਣ ਦੀ। ਪਿਛਲੇ ਡੇਢ ਦੋ ਸਾਲ ਤੋਂ ਪੁਲੀਸ ਲਾਅ ਐਂਡ ਆਰਡਰ ਮੇਨਟੇਨ ਕਰਨ ਵਿਚ ਫੇਲ੍ਹ ਹੋਈ ਹੈ।

ਡਿਪਟੀ ਸਪੀਕਰ ਸਾਹਿਬ, ਜ਼ਿਲ੍ਹਾ ਐਡਮਨਿਸਟਰੇਸ਼ਨ ਦੀ ਹਾਲਤ ਵੇਖ ਲਵੋ। ਪਿਛੇ ਗਵਰਨਰ ਐਡਰੈਸ ਵਿਚ ਕਿਹਾ ਗਿਆ ਕਿ ਇੰਨੇ ਗਜ਼ਟਿਡ ਅਫ਼ਸਰ ਫੜੇ ਗਏ, ਕੋਈ 30 ਆਦਮੀਆਂ ਦਾ ਨਾਂ

Original with;
Punjab Vidhan Sabha
Digitized by;
Panjab Digital Library

ਦੱਸਿਆ ਗਿਆ। ਮੈਂ ਦੱਸਦਾ ਹਾਂ ਕਿ ਕੋਈ ਥਾਂ ਐਸੀ ਨਹੀਂ ਜਿਥੇ ਕੁਰੱਪਸ਼ਨ ਨਾ ਹੋਵੇ ਜਾਂ ਬਿਨਾਂ ਕੁਝ ਲਏ ਕੋਈ ਕੰਮ ਕਰ ਦੇਵੇ। ਪਿਛਲੀ ਸਰਕਾਰ ਸਮੇਂ ਰੈਡਕਰਾਸ ਦੀ ਲਾਹਨਤ ਦਫ਼ਤਰਾਂ ਵਿਚੋਂ ਕੱਢ ਦਿੱਤੀ ਸੀ। ਪਰ ਫਿਰ ਰੈਡਕਰਾਸ ਦਾ ਕਰੋੜਾਂ ਰੁਪਿਆ ਉਗਰਾਹਿਆ ਜਾ ਰਿਹਾ ਹੈ ਕੋਈ ਆਡਿਟ ਨਹੀਂ, ਕੋਈ ਪੁੱਛਣ ਵਾਲਾ ਨਹੀਂ। ਇਸ ਰਾਹੀਂ ਗਰੀਬ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ, ਪਰ ਉਹ ਵਾਂਝੇ ਰਹਿ ਜਾਂਦੇ ਹਨ। ਪਿਛੇ ਜਿਹੇ ਠੀਕਰੀ ਪਹਿਰਾ ਲਗਾਇਆ ਸੀ। ਮੇਰੇ ਹਲਕੇ ਦੇ ਪਿੰਡ ਵਿਚ 18 ਸਾਲ ਦਾ ਨੌਜਵਾਨ ਮੁੰਡਾ ਜਿਹੜਾ ਠੀਕਰੀ ਪਹਿਰੇ ਤੇ ਸੀ, ਉਹ ਗਰੀਬ ਕਿਸਾਨ ਦਾ ਮੁੰਡਾ ਸੀ, ਉਸ ਨੂੰ ਚੋਰਾਂ ਨੇ ਗੋਲੀ ਮਾਰੀ। ਉਹ ਇਲਾਜ ਲਈ ਮਿਸ ਬਰਾਊਨ ਹਸਪਤਾਲ, ਲੁਧਿਆਣਾ ਵਿਚ ਲਿਆਂਦਾ ਗਿਆ। ਉਸ ਦਾ ਕੋਈ 6 ਹਜ਼ਾਰ ਰੁਪਏ ਦਾ ਬਿਲ ਬਣਿਆ। ਉਸ ਨੂੰ ਅਜ ਤਕ ਰੈਡਕਰਾਸ ਨੇ ਨਹੀਂ ਦਿਤਾ। ਮੈਨੂੰ ਤਾਂ ਕੋਈ ਦਫ਼ਤਰ ਨਹੀਂ ਨਜ਼ਰ ਆਉਂਦਾ ਜਿਥੇ ਕੁਰੱਪਸ਼ਨ ਨਾ ਹੋਵੇ। ਜਲੰਧਰ ਵਿਚ ਰੈਡਕਰਾਸ ਦੇ ਦਫ਼ਤਰ ਵਿਚ ਬੜੀ ਕੁਰੱਪਸ਼ਨ ਹੈ, ਉਸ ਨੂੰ ਠੀਕ ਕਰੋ। ਗਰੀਬ ਆਦਮੀਆਂ ਦਾ ਕੋਈ ਕੰਮ ਨਹੀਂ ਕਰਦਾ। ਕਿਸੇ ਵੀ ਦਫਤਰ ਵਿਚ, ਮੈਂ ਕਹਿੰਦਾ ਹਾਂ ਕਿ ਗਰੀਬਾਂ ਨੂੰ ਕੋਈ ਕਾਰਡ ਹੀ ਬਣਾ ਦਿਓ ਤਾਕਿ ਉਹ ਕਾਰਡ ਦਿਖਾ ਦਿਆ ਕਰੇ ਅਤੇ ਉਸ ਦੀ ਫਾਈਲ ਤੁਰ ਪਿਆ ਕਰੇ। ਨਿੱਕੇ ਮਿੱਕੇ ਕੰਮ ਵੀ ਉਹ ਨਹੀਂ ਹੁੰਦੇ।

ਓਲਡ ਏਜ ਪੈਨਸ਼ਨਾਂ ਦਾ ਕੰਮ ਵੇਖ ਲਵੋ। ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੇ ਨਾਲ ਮੁਤਫ਼ਿਕ ਹੋਵੋਗੇ ਕਿ ਇਥੇ ਰੋਜ਼ ਰੌਲਾ ਪੈਂਦਾ ਹੈ ਇਸ ਬਾਰੇ। ਕਈ ਆਦਮੀ ਐਸੇ ਹਨ ਜਿਹੜੇ ਕਿ ਜਿਉਂਦੇ ਬੈਠੇ ਹਨ ਉਨ੍ਹਾਂ ਨੂੰ ਪਿਛਲੇ 6 ਮਹੀਨਿਆਂ ਤੋਂ ਪੈਨਸ਼ਨਾਂ ਨਹੀਂ ਮਿਲੀਆਂ, ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਨੂੰ ਨਹੀਂ ਮਿਲੀਆਂ ਕੀ ਕਸੂਰਵਾਰਾਂ ਦੇ ਖਿਲਾਫ਼ ਕੋਈ ਐਕਸ਼ਨ ਲੈਣਗੇ, ਕੀ ਕੋਈ ਪੁੱਛਗਿਛ ਕਰਨਗ ? ਇਹ ਕਹਿੰਦੇ ਹਨ ਕਿ ਪੈਨਸ਼ਨ ਉਨ੍ਹਾਂ ਨੂੰ ਮਿਲੇਗੀ ਜਿਹੜਾ 15 ਰੁਪਏ ਮਹੀਨਾ ਕਮਾਉਂਦਾ ਹੋਵੇ। ਅਗਰ ਕੋਈ ਵਿਧਵਾ ਹੋਵੇ ਤਾਂ ਉਸ ਨੂੰ 50 ਰੁਪਏ ਮਿਲਦੇ ਹਨ ਔਰ ਅਗਰ ਉਸ ਦੀ ਉਮਰ 60 ਸਾਲ ਹੋ ਜਾਵੇ ਤਾਂ ਕਹਿੰਦੇ ਹਨ ਕਿ ਉਸ ਦੀ ਪੈਨਸ਼ਨ ਹਟਾ ਦਿਓ। ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਵਿਧਵਾ ਪੈਨਸ਼ਨ ਨੂੰ ਓਲਡ ਏਜ਼ ਪੈਨਸ਼ਨ ਵਿਚ ਬਦਲ ਦਿੰਦੇ ? ਮੈ ਕਹਿੰਦਾ ਹਾਂ ਕਿ ਸਰਕਾਰ ਇਸ ਪਾਸੇ ਉਚੇਚਾ ਧਿਆਨ ਦੇਵੇ।

ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਦੀ ਡਿਮਾਂਡ ਤੇ ਮੈਂ ਦੋ ਗੱਲਾਂ ਕਰ ਕੇ ਆਪਣੀ ਸਪੀਚ ਖ਼ਤਮ ਕਰ ਦਿਆਂਗਾ। ਮੇਰੀ ਰਾਏ ਹੈ ਕਿ ਟਰਾਂਸਪੋਰਟ ਦੇ ਘਾਟੇ ਬਾਰੇ ਮਨਿਸਟਰ ਸਾਹਿਬ ਨੇ ਜੋ ਸਵਾਲਾਂ ਦੇ ਜਵਾਬ ਵਿੱਚ ਦੱਸਿਆ ਹੈ, ਉਸ ਤੋਂ ਲਗਦਾ ਹੈ ਕਿ ਇਹ ਪਿਛਲੇ ਸਾਲ ਨਾਲੋਂ ਵੱਧ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਇੱਕ ਅਜਿਹਾ ਅਦਾਰਾ ਹੈ ਜਿਹੜਾ ਕਿ ਲੋਕਾਂ ਨੂੰ ਇਧਰ ਉਧਰ ਆਉਣ ਵਿਚ ਅਸਾਨੀ ਦਿੰਦਾ ਹੈ। ਅਮੀਰਾਂ ਕੋਲ ਤਾਂ ਕਾਰਾਂ ਹਨ। ਉਸ ਅਦਾਰੇ ਦੀ ਅੱਜ ਕੀ ਹਾਲਤ ਹੈ ? ਅਨਨਸੈਸਰੀ ਸਪੇਅਰ ਪਾਰਟਸ ਖਰੀਦੇ ਜਾਂਦੇ ਹਨ। ਟਰਾਂਸਪੋਰਟ ਦੀ ਯੂਨੀਅਨ ਨੇ 18 ਤਾਰੀਖ ਨੂੰ ਦੋ ਘੰਟਿਆਂ ਲਈ ਪਹੀਆ ਜਾਮ ਕਰਨਾ ਹੈ। ਇਨ੍ਹਾਂ ਦੀਆਂ ਡਿਮਾਂਡਾਂ ਵੱਲ ਧਿਆਨ ਦਿੱਤਾ ਜਾਵੇ। ਉਨ੍ਹਾਂ ਦੀ ਇੱਕ ਡਿਮਾਂਡ ਇਹ ਹੈ ਕਿ ਉਸ ਅਦਾਰੇ ਵਿੱਚ ਪੈਨਸ਼ਨ ਸ਼ੁਰੂ ਕਰ ਦਿਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਇਹ ਵੀ ਕੋਈ ਡਿਮਾਂਡ ਹੈ। ਜਦੋਂ ਬਾਕੀ ਸਾਰੇ ਮਹਿਕਮਿਆਂ ਵਿਚ ਪੈਨਸ਼ਨ ਹੈ ਤਾਂ ਟਰਾਂਸਪੋਰਟ ਡਿਪਾਰਟਮੈਂਟ ਵਿਚ ਕਿਉਂ ਨਾ ਹੋਵੇ। ਅੱਜ ਟਰਾਂਸਪੋਰਟ ਦੇ ਮਹਿਕਮੇਂ ਦੀਆਂ ਬੱਸਾਂ ਦੀ ਕੀ ਹਾਲਤ ਹੈ ? ਇਸ ਦੀਆਂ ਬੱਸਾਂ ਦੇ ਟਾਇਰ, ਐਕਸਲ ਅਤੇ ਇੰਜਣ ਠੀਕ ਨਹੀਂ। ਜਿਹੜਾ ਡਰਾਈਵਰ ਅਜਿਹੀ ਬੱਸ ਵਿਚ ਬੈਠਦਾ ਹੈ ਉਹ ਆਪਣੀ ਜਾਨ ਤੱਲੀ ਤੇ ਰੱਖ ਕੇ ਉਹ ਬੱਸ ਚਲਾਉਂਦਾ ਹੈ। ਉਸ ਡਿ-

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਪਾਰਟਮੈਂਟ ਦੇ ਮੁਲਾਜ਼ਮਾਂ ਦੀ ਇਹ ਮੰਗ ਹੋਵੇ ਕਿ ਜਿਸ ਤਰ੍ਹਾਂ ਬਾਕੀ ਮਹਿਕਮਿਆਂ ਵਿਚ ਮੁਲਾਜ਼ਮਾਂ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਉਸੇ ਤਰ੍ਹਾਂ ਇਥੇ ਵੀ ਦਿਤੀ ਜਾਵੇ, ਇਹੋ ਜਿਹੀ ਮੰਗ ਨਾ ਮੰਨੀ ਜਾਵੇ, ਇਹ ਠੀਕ ਗਲ ਨਹੀਂ ਹੈ। ਸਪੇਅਰ ਪਾਰਟਸ ਵਿਚ ਚੋਰੀ ਹੁੰਦੀ ਹੈ । ਇਸ ਕਾਰਨ ਰੋਡਵੇਜ਼ ਵਿਚ ਘਾਟਾ ਪੈਂਦਾ ਹੈ । ਸਪੇਅਰ ਪਾਰਟਸ ਉਹ ਖਰੀਦੇ ਜਾਂਦੇ ਹਨ ਹਨ ਜਿਨ੍ਹਾਂ ਦੀ ਅਗਲੇ 10 ਸਾਲਾਂ ਵਿੱਚ ਜ਼ਰੂਰਤ ਨਹੀਂ ਪੈਣੀ । ਦੂਜੇ ਪਾਸੇ ਜੇ ਮੁਲਾਜ਼ਮ ਜਾਇਜ਼ ਮੰਗ ਕਰਦੇ ਹਨ, ਉਹ ਨਾ ਮੰਨੀ ਜਾਵੇ, ਇਹ ਠੀਕ ਗੱਲ ਨਹੀਂ । ਇਹ ਮੰਨਣ ਨਾਲ ਕੋਈ ਬਹੁਤਾ ਫਰਕ ਨਹੀਂ ਪੈਣਾ । ਰੋਡਵੇਜ਼ ਨੇ ਘਾਟੇ ਵਿੱਚ ਰਹਿਣਾ ਹੈ । ਹੁਸ਼ਿਆਰਪੁਰ ਡਿਪੋ ਤੋਂ ਲੱਖਾਂ ਲਿਟਰ ਤੇਲ ਵੇਚ ਕੇ ਖਾ ਗਏ ਹਨ। ਅਜੇ ਤੱਕ ਕੋਈ ਪੁਛ ਪੜਤਾਲ ਨਹੀਂ ਹੋਈ । ਸਪੇਅਰ ਪਾਰਟਸ ਦੀ ਚੋਰੀ ਹੁੰਦੀ ਹੈ।

**ਸ਼੍ਰੀ ਡਿਪਟੀ ਸਪੀਕਰ :** ਵਾਈਂਡ ਅੱਪ ਕਰੋ ।

**ਕਾਮਰੇਡ ਕੁਲਵੰਤ ਸਿੰਘ :** ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਕਾਰ ਮੁਲਾਜ਼ਮਾਂ ਦੀਆਂ ਜੈਨੂਅਨ ਮੰਗਾਂ ਵੱਲ ਧਿਆਨ ਦੇਵੇ । 18 ਤਾਰੀਖ ਨੂੰ ਦੋ ਘੰਟਿਆਂ ਵਾਸਤੇ ਇਨ੍ਹਾਂ ਨੇ ਬੱਸਾਂ ਖੜੀਆਂ ਕਰ ਦੇਣੀਆਂ ਹਨ । ਇਸ ਵਿਚ ਦਖਲ-ਅੰਦਾਜ਼ੀ ਸਰਕਾਰ ਕਰੇ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨੀਆਂ ਜਾਣ ਤਾਂ ਕਿ ਕੌਮੀ ਨੁਕਸਾਨ ਨਾ ਹੋਵੇ ।

ਡਿਪਟੀ ਸਪੀਕਰ ਸਾਹਿਬ, ਸਹਿਕਾਰਤਾ ਵਿਭਾਗ ਬਾਰੇ ਮੈਂ ਇੱਕ ਗੱਲ ਕਰਨੀ ਹੈ । ਇਸ ਵਿਭਾਗ ਲਈ ਵੀ ਪੈਸੇ ਮੰਗੇ ਗਏ ਹਨ । ਪਹਿਲਾਂ ਤਾਂ ਸਹਿਕਾਰਤਾ ਐਕਟ ਦਾ ਬੇੜਾ ਗਰਕ ਅਕਾਲੀ ਪਾਰਟੀ ਨੇ ਕਰ ਦਿੱਤਾ ਸੀ ਤੇ ਰਹਿੰਦਾ ਖੂੰਹਦਾ ਇਸ ਸਰਕਾਰ ਨੇ ਕਰ ਦਿੱਤਾ ਹੈ। ਹਜ਼ਾਰਾਂ ਕੁਆਪ-ਰੇਟਿਵ ਅਦਾਰੇ ਹਨ ਜਿਨ੍ਹਾਂ ਦੀ ਚਾਰ ਚਾਰ ਸਾਲਾਂ ਤੋਂ ਅਲੈਕਸ਼ਨ ਨਹੀਂ ਹੋਈ । ਸੈਂਟਰਲ ਕੋਆਪਰੇਟਿਵ ਬੈਂਕ, ਜਲੰਧਰ ਦੀ ਅਲੈਕਸ਼ਨ ਹੋਈ ਨੂੰ ਛੇ ਮਹੀਨੇ ਹੋ ਗਏ ਹਨ। ਪਰ ਬੋਰਡ ਆਫ ਡਾਇਰੈਕਟਰਜ਼ ਨੂੰ ਕੰਮ ਕਰਨ ਨਹੀਂ ਦਿੱਤਾ ਜਾਂਦਾ । ਡਿਪਟੀ ਸਪੀਕਰ ਸਾਹਿਬ, ਜਿਹੜੇ ਨਾਨ-ਐਗਰੀਕਲਚਰਲ ਲੋਨ ਹਰੀਜਨਾਂ ਨੂੰ ਮਿਲਦੇ ਹਨ ਉਹ ਪਿਛਲੇ ਛੇ ਮਹੀਨਿਆਂ ਤੋਂ ਨਹੀਂ ਮਿਲ ਰਹੇ। ਇੱਕ ਪੈਸੇ ਦਾ ਕਰਜ਼ਾ ਪਿਛਲੇ ਛੇ ਮਹੀਨਿਆਂ ਤੋਂ ਹਰੀਜਨਾਂ ਨੂੰ ਕੋਆਪਰੇਟਿਵ ਸੁਸਾਇਟੀਆਂ ਤੋਂ ਨਹੀਂ ਮਿਲ ਰਿਹਾ। ਜਿਹੜਾ ਚੇਅਰਮੈਨ ਬਣਿਆ ਹੈ ਉਹ ਸਰਕਾਰ ਨੂੰ ਪਸੰਦ ਨਹੀਂ । ਇਹ ਕੋਆਪਰੇਟਿਵ ਡਿਪਾਰਟਮੈਂਟ ਹੈ। ਇਸ ਨੂੰ ਬਦਲ ਕੇ ਸਰਕਾਰੀ ਡਿਪਾਰਟਮੈਂਟ ਕਿਉਂ ਨਹੀਂ ਸਰਕਾਰ ਬਣਾ ਲੈਂਦੀ ਅਗਰ ਇਸ ਤਰ੍ਹਾਂ ਕਰਨਾ ਹੈ ।ਅਨੇਕਾਂ ਅਦਾਰੇ ਹਨ ਜਿਨ੍ਹਾਂ ਦੀਆਂ ਅਲੈਕਸ਼ਨਾਂ ਚਾਰ ਚਾਰ ਸਾਲਾਂ ਤੋਂ ਪੈਂਡਿੰਗ ਹਨ । ਮਨਿਸਟਰ ਸਾਹਿਬ ਉਠ ਕੇ ਚਲੇ ਗਏ ਹਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਕੋਆਪਰੇਟਿਵ ਲਹਿਰ ਦੇ ਆਸਰੇ ਅੱਜ ਪੰਜਾਬ ਤਰੱਕੀ ਕਰ ਰਿਹਾ ਹੈ, ਇਸ ਦੇ ਆਸਰੇ ਅੱਜ ਪੰਜਾਬ ਤੁਰਿਆ ਫਿਰਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਅਦਾਰਿਆਂ ਦੀਆਂ ਅਲੈਕ-ਸ਼ਨਾਂ ਹੋਣ ਤਾਂ ਕਿ ਇਨ੍ਹਾਂ ਦੇ ਨੁਮਾਇੰਦੇ ਚੁਣੇ ਜਾਣ । ਇਨ੍ਹਾਂ ਦੇ ਨੁਮਾਇੰਦਿਆਂ ਨੂੰ ਕੰਮ ਕਰਨ ਦਿੱਤਾ ਜਾਵੇ ਨਹੀਂ ਤਾਂ ਕੋਆਪਰੇਟਿਵ ਡਿਪਾਰਟਮੈਂਟ ਤਬਾਹ ਹੋ ਜਾਵੇਗਾ ।

**ਵਿੱਤ ਮੰਤਰੀ : (ਡਾਕਟਰ ਕੇਵਲ ਕ੍ਰਿਸ਼ਨ) :** ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਅੱਗੇ ਸਪਲੀ-ਮੈਂਟਰੀ ਡਿਮਾਂਡਜ਼ ਦੀ ਦੂਸਰੀ ਕਿਸ਼ਤ ਜਿਹੜੀ 6 ਅਰਬ 24 ਕਰੋੜ ਤੋਂ ਵੱਧ ਹੈ, ਪੇਸ਼ ਹੈ। ਵੈਸੇ ਫਿਗਰ ਤਾਂ ਬਹੁਤ ਵੱਡੀ ਹੈ। ਲੇਕਿਨ ਇਸ ਵੱਡੀ ਫਿਗਰ ਵਿੱਚ ਇੱਕ ਖੁਸ਼ੀ ਵੀ ਛੁਪੀ ਹੈ । ਉਹ ਇਹ ਹੈ ਕਿ ਸੈਂਟਰਲ ਗੌਰਮਿੰਟ ਨੇ ਸਾਨੂੰ ਇਜਾਜ਼ਤ ਦੇ ਦਿੱਤੀ ਹੈ ਕਿ ਤੁਸੀਂ 36 ਕਰੋੜ ਤੱਕ ਵਾਧੂ ਰਕਮ ਰਿਜ਼ਰਵ ਬੈਂਕ ਤੋਂ ਲੈ ਸਕਦੇ ਹੋ । ਹਰ ਸਾਲ 36 ਕਰੋੜ ਰੁਪਏ ਤੱਕ ਵੱਧ ਜਾਣ ਤਾਂ 4 ਅਰਬ

Original with;
Punjab Vidhan Sabha
Digitized by;
Panjab Digital Library

ਰੁਪਏ ਤੋਂ ਜ਼ਿਆਦਾ ਰੁਪਿਆ ਇਸ ਤਰ੍ਹਾਂ ਸਾਡੇ ਕੋਲ ਆ ਜਾਂਦਾ ਹੈ। ਇਥੇ ਜਿਹੜਾ ਪੈਸਾ ਆਉਂਦਾ ਹੈ ਉਸ ਦਾ ਵਰਣਨ ਨਹੀਂ ਹੈ । ਲੇਕਿਨ ਜਿਹੜਾ ਦਿੱਤਾ ਜਾਂਦਾ ਹੈ ਉਸ ਦਾ ਵਰਣਨ ਹੁੰਦਾ ਹੈ। ਫੂਡ ਟਰਾਂਜ਼ੈਕਸ਼ਨਜ਼ ਅਤੇ ਪ੍ਰੋਕਿਉਰਮੈਂਟ ਵਾਸਤੇ 600 ਕਰੋੜ ਰੁਪਿਆ ਸਾਨੂੰ ਮਿਲਦਾ ਹੈ । ਉਹ ਅਸੀਂ ਵਾਪਸ ਕਰਦੇ ਹਾਂ। ਇਸ ਟਰਾਂਜ਼ੈਕਸ਼ਨ ਵਿਚ ਕੁਝ ਇੰਟਰੈਸਟ ਵੀ ਸਾਨੂੰ ਦੇਣਾ ਹੁੰਦਾ ਹੈ । ਇਸ ਦੇ ਨਾਲ 67 ਕਰੋੜ ਰੁਪਿਆ ਬਾਕੀ ਬਚਦਾ ਹੈ । ਜਿਸ ਦਾ ਨੈੱਟ ਬੋਝ ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਵਿਚ ਹੈ । ਬਾਕੀ ਤਕਰੀਬਨ ਛੇ ਅਰਬ ਦੀ ਫਿਗਰ ਹੈ। ਵੇਜ਼ ਐਂਡ ਮੀਨਜ਼ ਦੀ ਪੁਜ਼ੀਸ਼ਨ ਨੂੰ ਠੀਕ ਕਰਨ ਵਾਸਤੇ ਸਾਰਾ ਪ੍ਰਬੰਧ ਕੀਤਾ ਗਿਆ ਹੈ । ਮੈਨੂੰ ਇਹ ਕਹਿਣ ਵਿਚ ਖੁਸ਼ੀ ਹੈ ਕਿ ਇਸ 67 ਕਰੋੜ ਰੁਪਏ ਵਿੱਚੋਂ 32 ਕਰੋੜ ਤੋਂ ਵੱਧ ਰਕਮ ਮੁਲਾਜ਼ਮਾਂ ਦੀਆਂ ਏ. ਡੀ. ਏ. ਦੀਆਂ ਕਿਸ਼ਤਾਂ ਜੋ ਰਹਿੰਦੀਆਂ ਸਨ ਉਹ ਦੇਣ ਵਾਸਤੇ ਖਰਚ ਕੀਤਾ ਗਿਆ ਹੈ ਅਤੇ ਕੁਝ ਇੰਪਲਾਈਜ਼ ਦੇ ਪੇ ਸਕੇਲਜ਼ ਵਾਸਤੇ ਖਰਚ ਕੀਤਾ ਗਿਆ ਹੈ (ਥੰਪਿੰਗ) । ਮੁਲਾਜ਼ਮਾਂ ਵਾਸਤੇ ਸਰਕਾਰ ਨੇ ਏ. ਡੀ. ਏ. ਦੀਆਂ ਕਿਸ਼ਤਾਂ ਰਿਲੀਜ਼ ਕੀਤੀਆਂ ਅਤੇ ਪੇ ਕਮਿਸ਼ਨ ਦੀਆਂ ਰਿਕੁਮੈਂਡੇਸ਼ਨਜ਼ ਨੂੰ ਪੂਰਾ ਕਰ ਦਿਤਾ । ਡਿਪਟੀ ਸਪੀਕਰ ਸਾਹਿਬ, ਇਹ ਖੁਸ਼ੀ ਦੀ ਗਲ ਹੈ ਕਿ ਅੱਜ ਤੋਂ ਪਹਿਲਾਂ ਕਿਸੇ ਸਰਕਾਰ ਨੇ ਮੁਲਾਜ਼ਮਾਂ ਨੂੰ ਇਤਨੀ ਫਾਇਨਾਂਸ਼ਲ ਹੈਲਪ ਨਹੀਂ ਦਿੱਤੀ ਜਿਤਨੀ ਇਸ ਗੌਰਮਿੰਟ ਨੇ ਦਿਤੀ ਹੈ। ਮੁਲਾਜ਼ਮ ਇਸ ਸੁਸਾਇਟੀ ਦੇ ਬਹੁਤ ਉਘੇ ਅੰਗ ਹਨ । ਦੇਸ਼ ਅਤੇ ਸਟੇਟ ਦੀ ਬਹੁਤ ਵੱਡੀ ਸੇਵਾ ਕਰ ਰਹੇ ਹਨ । ਸਰਕਾਰ ਦਾ ਫਰਜ਼ ਹੈ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨੇ ਅਤੇ ਇਨਸੈਂਟਿਵ ਵੀ ਦੇਵੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਤੇ ਕਿਸੇ ਆਨਰੇਬਲ ਮੈਂਬਰ ਨੇ ਕੋਈ ਇਤਰਾਜ਼ ਨਹੀਂ ਕੀਤਾ । ਲੇਕਿਨ ਗੌਰਮਿੰਟ ਦੀ ਵਰਕਿੰਗ ਵਿਚ ਕਿਤੇ ਨਾ ਕਿਤੇ ਨੁਕਤਾਚੀਨੀ ਕੀਤੀ ਹੈ। ਪੁਲਿਸ ਦੇ ਮਹਿਕਮੇਂ ਬਾਰੇ ਕੀਤੀ ਹੈ। ਕੁਝ ਹੋਰ ਡਿਪਾਰਟਮੈਂਟ ਬਾਰੇ ਵੀ ਕੀਤੀ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਸਰਕਾਰ ਫੰਕਸ਼ਨ ਕਰਦੀ ਹੈ ਉਸ ਦੇ ਵਿਚ ਬਹੁਤੇ ਕੰਮ ਸ਼ਲਾਘਾਯੋਗ ਹੁੰਦੇ ਹਨ । ਉਹ ਪਿਕਚਰ ਇੱਕ ਉਨਤੀ ਦੀ ਪਿਕਚਰ ਦੀ ਸ਼ਕਲ ਵਿਚ ਸਾਰੇ ਲੋਕਾਂ ਨੂੰ ਨਜ਼ਰ ਆਉਂਦੀ ਹੈ । ਲੇਕਿਨ ਉਸ ਦੇ ਵਿੱਚ ਕੁਝ ਊਣਤਾਈਆਂ ਵੀ ਰਹਿ ਜਾਂਦੀਆਂ ਹਨ ਜਿਨ੍ਹਾਂ ਦੀ ਅਸੀਂ ਨੁਕਤਾਚੀਨੀ ਕਰਦੇ ਹਾਂ। ਡੈਮੋਕਰੇਸੀ ਵਿੱਚ ਆਪੋਜ਼ੀਸ਼ਨ ਦਾ ਵੀ ਫਰਜ਼ ਬਣਦਾ ਹੈ ਅਤੇ ਦੂਸਰੇ ਸਾਥੀਆਂ ਦਾ ਵੀ ਫਰਜ਼ ਬਣਦਾ ਹੈ ਕਿ ਉਨ੍ਹਾਂ ਚੀਜ਼ਾਂ ਵੱਲ ਸਰਕਾਰ ਦਾ ਧਿਆਨ ਦਿਵਾਉਣ ਜਿਨ੍ਹਾਂ ਵਿਚ ਕਮੀ ਰਹਿੰਦੀ ਹੈ। ਅੱਜ ਮਾਨਯੋਗ ਮੈਂਬਰਾਂ ਨੇ ਖਾਸ ਤੌਰ ਤੇ ਉਨ੍ਹਾਂ ਚੀਜ਼ਾਂ ਵੱਲ ਪੰਜਾਬ ਸਰਕਾਰ ਦਾ ਧਿਆਨ ਦਿਵਾਇਆ ਹੈ । ਮੈਂ ਉਮੀਦ ਕਰਦਾ ਸੀ ਕਿ ਜਿਹੜੇ ਸ਼ਲਾਘਾ ਯੋਗ ਕਦਮ ਪੰਜਾਬ ਸਰਕਾਰ ਨੇ ਉਠਾਏ ਹਨ ਅਤੇ ਜਿਹੜੇ ਇਨ੍ਹਾਂ ਸਪਲੀ-ਮੈਂਟਰੀ ਡਿਮਾਂਡਾਂ ਵਿਚ ਰਿਫਲੈਕਟ ਹੋਏ ਹਨ ਉਨ੍ਹਾਂ ਦੇ ਬਾਰੇ ਵੀ ਦੋ ਸ਼ਬਦ ਪ੍ਰਸ਼ੰਸਾ ਦੇ ਕਹਿ ਦਿੰਦੇ ਤਾਂ ਚੰਗੀ ਗਲ ਸੀ। ਇਸ ਦੇ ਨਾਲ ਹੀ ਜਿਹੜੇ ਸਾਡੇ ਨਾਲ ਕੰਮ ਕਰਨ ਵਾਲੇ ਸਰਕਾਰੀ ਮੁਲਾਜ਼ਮ ਅਤੇ ਦੂਜੇ ਸਾਥੀ ਹਨ, ਉਨ੍ਹਾਂ ਦਾ ਵੀ ਹੌਸਲਾ ਵੱਧਦਾ । ਸਾਡਾ ਇਹ ਵੀ ਫਰਜ਼ ਬਣਦਾ ਹੈ ਕਿ ਜਿਹੜੀ ਚੰਗੀ ਗਲ ਹੈ ਉਸ ਨੂੰ ਚੰਗਾ ਕਹੀਏ ਅਤੇ ਜਿਹੜੀ ਮਾੜੀ ਗਲ ਹੈ ਉਸ ਨੂੰ ਮਾੜਾ ਕਹੀਏ ।

ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ ਨੇ ਕੁਝ ਸੁਝਾਓ ਦਿੱਤੇ ਹਨ । ਉਨ੍ਹਾਂ ਨੇ ਕਿਹਾ ਹੈ ਕਿ ਪਬਲਿਕ ਅਕਾਊਂਟਸ ਕਮੇਟੀ ਨੇ ਜੋ ਰਿਕੁਮੈਂਡੇਸ਼ਨਜ਼ ਕੀਤੀਆਂ ਹਨ ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ । ਇਹ ਹਾਊਸ ਦੀ ਬਹੁਤ ਇੰਪਾਰਟੈਂਟ ਕਮੇਟੀ ਹੈ । ਹਰ ਗੌਰਮਿੰਟ ਇਨ੍ਹਾਂ ਦੀਆਂ ਰਿਕੁਮੈਂਡੇਸ਼ਨਜ਼ ਤੇ ਗੌਰ ਵੀ ਕਰਦੀ ਹੈ ਅਤੇ ਅਮਲ ਵੀ ਕਰਦੀ ਹੈ । ਅਸੀਂ ਵੀ ਉਨ੍ਹਾਂ ਦੇ ਸੁਝਾਵਾਂ ਅਤੇ ਰਿਕਮੈਂਡੇਸ਼ਨਜ਼ ਨੂੰ ਜ਼ਰੂਰ ਵਿਚਾਰਾਂਗੇ ਵੀ ਅਤੇ ਜਿਹੜੀਆਂ ਇਨ੍ਹਾਂ ਦੀਆਂ ਰਿਕਮੈਂਡੇਸ਼ਨਜ਼ ਫਾਇਨਾਂਸਿਜ਼ ਨੂੰ ਠੀਕ ਕਰਨ ਵਾਲੀਆਂ ਹਨ ਉਨ੍ਹਾਂ ਨੂੰ ਜ਼ਰੂਰ ਅਪਣਾਵਾਂਗੇ ਵੀ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਹੈ ਕਿ ਗਰਾਂਟ ਜਿਸ ਪਰਪਜ਼ ਲਈ ਮਿਲਦੀ ਹੈ, ਉਸ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਪਰਪਜ਼ ਲਈ ਉਹ ਇਸਤੇਮਾਲ ਨਹੀਂ ਕੀਤੀ ਜਾਂਦੀ। ਗੌਰਮਿੰਟ ਦੀ ਗਰਾਂਟਾਂ ਦੇਣ ਦੀ ਮਨਸ਼ਾ ਇਹੋ ਹੁੰਦੀ ਹੈ ਕਿ ਉਹ ਮਕਸਦ ਪੂਰਾ ਹੋਵੇ। ਅਗਰ ਕੋਈ ਕਮੀ ਕਿਸੇ ਜਗ੍ਹਾ ਰਹਿ ਜਾਂਦੀ ਹੈ ਤਾਂ ਉਸ ਨੂੰ ਸਾਡੇ ਅਫ਼ਸਰ ਵੀ ਪੁਆਇੰਟ ਆਊਟ ਕਰਦੇ ਹਨ ਅਤੇ ਅਨਰੇਬਲ ਮੈਂਬਰ ਵੀ ਪੁਆਇੰਟ ਆਊਟ ਕਰਦੇ ਹਨ। ਲੇਕਿਨ 90% ਗਰਾਂਟਸ ਜਿਸ ਪਰਪਜ਼ ਲਈ ਦਿੱਤੀਆਂ ਜਾਂਦੀਆਂ ਹਨ ਉਸ ਮਤਲਬ ਲਈ ਖਰਚ ਹੁੰਦੀਆਂ ਹਨ। ਇਹ ਪੰਜਾਬ ਸਰਕਾਰ ਦੀ ਵੀ ਜ਼ਿਮੇਵਾਰੀ ਹੈ ਅਤੇ ਅਫ਼ਸਰਾਂ ਦੀ ਵੀ ਜ਼ਿਮੇ-ਵਾਰੀ ਹੈ। ਅਗਰ ਕੋਈ ਐਸੇ ਕੇਸ ਹਨ ਜਿਥੇ ਗਰਾਂਟ ਮਿਸਯੂਜ਼ ਹੋਈ ਹੈ, ਉਹ ਦੱਸੇ ਜਾਣ। ਅਸੀਂ ਉਨ੍ਹਾਂ ਦੀ ਇਨਕੁਆਇਰੀ ਵੀ ਕਰਾਂਗੇ, ਉਹ ਗਰਾਂਟ ਵਾਪਸ ਵੀ ਲਵਾਂਗੇ ਅਤੇ ਉਸ ਅਫ਼ਸਰ ਦੇ ਖਿਲਾਫ ਵੀ ਐਕਸ਼ਨ ਲਵਾਂਗੇ। ਜਿਹੜੇ ਇਹੋ ਜਿਹੀਆਂ ਗਰਾਂਟਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲਵਾਂਗੇ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਕਾਰਪੋਰੇਸ਼ਨਾਂ ਦੇ ਬਾਰੇ ਜੋ ਕਿਹਾ ਗਿਆ ਹੈ, ਇਸ ਸਬੰਧ ਵਿਚ ਮੈਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪਹਿਲੇ ਜਿਹੜੀਆਂ 9-10 ਕਾਰਪੋ-ਰੇਸ਼ਨਾਂ ਫਾਇਦਾ ਦਰਸਾਉਂਦੀਆਂ ਸੀ ਉਹ ਹੁਣ ਸਾਡੀ ਕੋਸ਼ਿਸ਼ ਦੇ ਨਾਲ, ਸਾਡੀਆਂ ਹਦਾਇਤਾਂ ਦੇ ਨਾਲ 13 ਹੋ ਗਈਆਂ ਹਨ (ਥੰਪਿੰਗ) ਅਸੀਂ ਇਨ੍ਹਾਂ ਕਾਰਪੋਰੇਸ਼ਨਾਂ ਵਿਚ ਪੂਰਾ ਨਰੀਖਣ ਕੀਤਾ ਹੈ ਔਰ ਕਿਹਾ ਹੈ ਕਿ ਇਨ੍ਹਾਂ ਵਿਚ ਜਿਹੜੇ ਮੁਲਾਜ਼ਮ ਹਨ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਵਾਂਗ ਹੀ ਰਹਿਣਾ ਚਾਹੀਦਾ ਹੈ ਔਰ ਜਿਹੜਾ ਪਹਿਲੇ ਠਾਠ ਬਾਠ ਚਲਦਾ ਸੀ ਉਹ ਬੰਦ ਕੀਤਾ ਹੈ।

ਇਕ ਗੱਲ ਇਥੇ ਪ੍ਰਾਈਵੇਟ ਟੀਚਰਜ਼ ਦੀ ਪ੍ਰੋਵੀਡੈਂਟ ਫੰਡਜ਼ ਦੇ ਬਾਰੇ ਕੀਤੀ ਹੈ। ਇਸ ਸਬੰਧ ਵਿਚ ਇਹ ਕਿਹਾ ਗਿਆ ਹੈ ਕਿ ਉਨ੍ਹਾਂ ਟੀਚਰਾਂ ਦਾ ਜਿਹੜਾ ਪ੍ਰੋਵੀਡੈਂਟ ਫੰਡ ਹੈ ਉਹ ਸਰਕਾਰ ਲੈ ਲਵੇ ਔਰ ਇਸ ਦੇ ਬਦਲੇ ਸਰਕਾਰ ਉਨ੍ਹਾਂ ਨੂੰ ਪੈਨਸ਼ਨ ਦੇਵੇ। ਇਹ ਚੰਗਾ ਸੁਝਾਵ ਹੈ, ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ।

ਇਕ ਗਲ ਇਥੇ ਬਾਰਡਰ ਏਰੀਆ ਬਾਰੇ ਕੀਤੀ ਗਈ ਕਿ ਜਿਹੜਾ ਬਾਰਡਰ ਏਰੀਆ ਹੈ ਇਸ ਨੂੰ ਵਧਾ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਹਾਊਸ ਦੇ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਜਿਹੜਾ 16 ਕਿਲੋਮੀਟਰ ਦਾ ਫੈਸਲਾ ਕੀਤਾ ਹੈ ਇਹ ਬੜਾ ਸੋਚ ਸਮਝ ਕੇ ਕੀਤਾ ਹੈ ਔਰ ਪੰਜਾਬ ਦੇ ਖੇਤਰਫਲ ਦੇ ਮੁਤਾਬਿਕ ਠੀਕ ਕੀਤਾ ਹੈ।

ਇਕ ਗਲ ਇਥੇ ਰੂਰਲ ਏਰੀਆ ਨੂੰ ਅਲਾਊਂਸ ਦੇਣ ਬਾਰੇ ਕਹੀ ਗਈ ਹੈ, ਇਸ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

ਕਾਮਰੇਡ ਬੂਟਾ ਸਿੰਘ ਜੀ ਨੇ ਜਿਹੜਾ ਪੁਲਿਸ ਔਰ ਐਡਮਨਿਸਟ੍ਰੇਸ਼ਨ ਦੇ ਬਾਰੇ ਜ਼ਿਕਰ ਕੀਤਾ ਹੈ, ਉਸ ਸਬੰਧ ਵਿਚ ਉਨ੍ਹਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਇਹ ਸਾਰੀਆਂ ਚੀਜ਼ਾਂ ਲਿਖ ਕੇ ਦੇ ਦੇਣ, ਅਗਰ ਕਿਸੇ ਨਾਲ ਕੋਈ ਜ਼ਿਆਦਤੀ ਹੋਈ ਹੈ ਤਾਂ ਉਸ ਨੂੰ ਮੁਆਫ਼ ਨਹੀਂ ਕੀਤਾ ਜਾਵੇਗਾ ਔਰ ਜਿਨ੍ਹਾਂ ਨੇ ਵੀ ਜ਼ਿਮੇਵਾਰੀ ਨਹੀਂ ਨਿਭਾਈ ਉਨ੍ਹਾਂ ਦੇ ਖਿਲਾਫ਼ ਸਖਤ ਐਕਸ਼ਨ ਲਿਆ ਜਾਵੇਗਾ।

ਚੌਧਰੀ ਮਾਤੂ ਰਾਮ ਜੀ ਨੇ ਜਿਹੜੀ ਪਬਲਿਕ ਹੈਲਥ ਦੇ ਬਾਰੇ ਗਲ ਗੀਤੀ ਹੈ, ਉਸ ਸਬੰਧ ਵਿਚ ਮੈਂ ਸਮਝਦਾ ਹਾਂ ਕਿ ਨੁਕਤਾ ਚੀਨੀ ਕਰਨੀ ਆਸਾਨ ਹੁੰਦੀ ਹੈ ਪਰ ਉਸ ਨੂੰ ਠੀਕ ਕਰਨਾ, ਪਰਸਿਊ ਕਰਨਾ ਔਰ ਠੀਕ ਰੂਪ ਵਿਚ ਲੋਕਾਂ ਦੇ ਸਾਹਮਣੇ ਲਿਆਉਣਾ ਇਤਨਾ ਆਸਾਨ ਨਹੀਂ। ਪਰ ਫਿਰ

Original with;
Punjab Vidhan Sabha
Digitized by;
Panjab Digital Library

ਵੀ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਲਿਖ ਕੇ ਸਾਰੀ ਗੱਲ ਦੇ ਦੇਣ ਤਾਂ ਕਿ ਪੰਜਾਬ ਸਰਕਾਰ ਉਸ ਤੇ ਜ਼ਰੂਰ ਐਕਸ਼ਨ ਲੈ ਸਕੇ ।

ਕਾਮਰੇਡ ਝਬਾਲ ਸਾਹਿਬ ਨੇ ਵੀ ਕੁਝ ਤਾਂ ਪੁਲੀਟਿਕਲ ਗਲਾਂ ਦਾ ਜ਼ਿਕਰ ਕੀਤਾ ਹੈ ਜਿਸ ਦਾ ਜਵਾਬ ਮੈਂ ਬਾਅਦ ਵਿਚ ਦੇਵਾਂਗਾ । ਬਾਕੀ ਉਨ੍ਹਾਂ ਨੇ ਜੋ ਪੁਲਿਸ ਦੇ ਬਾਰੇ ਕਿਹਾ ਹੈ ਇਸ ਸਬੰਧ ਵਿਚ ਮੈਂ ਉਨ੍ਹਾਂ ਨੂੰ ਕਹਿਣਾ ਚਾਹਵਾਂਗਾ ਕਿ ਇਹ ਸਾਰੀਆਂ ਚੀਜ਼ਾਂ ਰਿਪੀਟਡਲੀ ਗਵਰਨਰ ਐਡਰੈਸ ਦੀ ਡਿਸਕਸ਼ਨ ਵੇਲੇ ਆਈਆਂ ਹਨ ਔਰ ਉਨ੍ਹਾਂ ਦਾ ਜਵਾਬ ਵੀ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਬਜਟ ਤੇ ਵੀ ਜਨਰਲ ਡਿਸਕਸ਼ਨ ਵੇਲੇ ਇਹ ਚੀਜ਼ਾਂ ਆਉਣੀਆਂ ਹਨ, ਇਹ ਸਾਰੀਆਂ ਗੱਲਾਂ ਆਪਣੀ-ਆਂ ਦੱਸ ਲੈਣ, ਫਿਰ ਇਨ੍ਹਾਂ ਨੂੰ ਮੁਨਾਸਬ ਜਵਾਬ ਦਿੱਤਾ ਜਾਵੇਗਾ ।

ਇਸ ਤੋਂ ਬਾਅਦ ਗੁਪਤਾ ਜੀ ਨੇ ਇੰਡਸਟਰੀ ਦੇ ਬਾਰੇ ਗਲ ਕੀਤੀ ਹੈ। ਇਸ ਸਬੰਧ ਵਿਚ ਮੈਂ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੰਡਸਟਰੀ ਤੇ ਜਿਨ੍ਹਾਂ ਖਰਚ ਪਿਛਲੇ 3 ਸਾਲਾਂ ਵਿਚ ਸਾਡੀ ਸਰਕਾਰ ਨੇ ਕੀਤਾ ਹੈ ਔਰ ਜਿੰਨੀ ਪਰੋਡਕਸ਼ਨ ਇਸ ਦੌਰਾਨ ਹੋਈ ਹੈ, ਇਤਨੀ ਪਹਿਲੇ ਕਦੇ ਵੀ ਨਹੀਂ ਹੋਈ (ਥੰਪਿੰਗ) । ਬਾਕੀ ਜਿਹੜੀ ਇਨ੍ਹਾਂ ਨੇ ਇਨਸੈਂਟਿਵ ਦੇਣ ਦੀ ਗੱਲ ਕੀਤੀ ਹੈ ਔਰ ਉਨ੍ਹਾਂ ਦੀਆਂ ਦਿਕਤਾਂ ਦੂਰ ਕਰਨ ਦੀ ਗੱਲ ਕੀਤੀ ਹੈ, ਇਸ ਲਈ ਮੈਂ ਸਮਝਦਾ ਹਾਂ ਕਿ ਸਾਡੀ ਜ਼ਿਮੇਵਾਰੀ ਹੈ ਔਰ ਅਸੀਂ ਉਨ੍ਹਾਂ ਦੀਆਂ ਹੀ ਤਕਲੀਫਾਂ ਦੂਰ ਕਰਨੀਆਂ ਹਨ ।

ਡਿਪਟੀ ਸਪੀਕਰ ਸਾਹਿਬ, ਗੁਪਤਾ ਜੀ ਨੇ ਸਕੂਲਾਂ ਦੀ ਗੱਲ ਕੀਤੀ ਹੈ ਪਰ ਉਨ੍ਹਾਂ ਨੇ ਇਕ ਗੱਲ ਦੀ ਸ਼ਲਾਘਾ ਨਹੀਂ ਕੀਤੀ ਕਿ ਪਿਛਲੇ ਸਮੇਂ ਵਿਚ 16.39 ਕਰੋੜ ਰੁਪਿਆ ਪ੍ਰਾਈਵੇਟ ਸਕੂਲਾਂ ਨੂੰ ਦਿੱਤਾ ਗਿਆ ਹੈ। ਬਾਕੀ ਜਿਹੜੀ ਉਨ੍ਹਾਂ ਦੀ ਮੰਗਾਂ ਦੀ ਗੱਲ ਹੈ, ਇਹ ਤਾਂ ਚਲਦੀਆਂ ਹੀ ਰਹਿਣੀਆਂ ਹਨ । ਪਰ ਜਿਹੜਾ ਰੁਪਿਆ ਦਿੱਤਾ ਗਿਆ ਹੈ, ਮੈਂ ਸਮਝਦਾ ਹਾਂ ਕਿ ਐਨਾ ਰੁਪਿਆ ਪ੍ਰਾਈਵੇਟ ਸਕੂਲਾਂ ਔਰ ਕਾਲਜਾਂ ਨੂੰ ਸਰਕਾਰ ਵਲੋਂ ਦਿਤਾ ਜਾਣਾ, ਇਕ ਬਹੁਤ ਹੀ ਸ਼ਲਾਘਾਯੋਗ ਗੱਲ ਹੈ।

ਇਸ ਤੋਂ ਇਲਾਵਾ ਗੁਪਤਾ ਜੀ ਇਨਫਰਮੇਸ਼ਨ ਐਂਡ ਪਬਲੀਸਿਟੀ ਔਰ ਮੈਡੀਕਲ ਡਿਪਾਰਟਮੈਂਟ ਦੇ ਬਾਰੇ ਜੋ ਨੁਕਤਾ ਚੀਨੀ ਕਰ ਕੇ ਚਲੇ ਗਏ ਹਨ, ਇਸ ਸਬੰਧ ਵਿਚ ਮੈਂ ਸਮਝਦਾ ਹਾਂ ਕਿ ਇਹ ਤਾਂ ਉਹ ਹਾਲ ਹੈ ਕਿ ਇਕ ਚਿਤਰਕਾਰ ਤਸਵੀਰ ਬਣਾ ਕੇ ਬਾਜ਼ਾਰ ਦੇ ਚੌਕ ਵਿਚ ਰੱਖ ਆਇਆ ਔਰ ਇਹ ਲਿਖ ਆਇਆ ਕਿ ਜਿਸ ਨੂੰ ਵੀ ਕੋਈ ਇਸ ਚਿਤਰ ਵਿਚ ਗਲਤੀ ਲਗੇ ਉਹ ਉਥੇ ਕਾਟਾ ਲਾ ਦੇਵੇ। ਇਸ ਤਰ੍ਹਾਂ ਨਾਲ ਜਦੋਂ ਉਹ ਸ਼ਾਮ ਨੂੰ ਤਸਵੀਰ ਚੁਕਣ ਗਿਆ ਤਾਂ ਉਸ ਨੇ ਵੇਖਿਆ ਕਿ ਉਸ ਦੀ ਤਸਵੀਰ ਦਾ ਕਾਟਿਆਂ ਨਾਲ ਸਤਿਆਨਾਸ ਕੀਤਾ ਜਾ ਚੁਕਿਆ ਹੈ ਔਰ ਸਾਰੀ ਤਸਵੀਰ ਕਾਲੀ ਕੀਤੀ ਹੋਈ ਹੈ ਇਸ ਤੇ ਉਸ ਨੂੰ ਬੜਾ ਦੁਖ ਹੋਇਆ । ਇਸ ਤੇ ਉਸ ਦੇ ਇਕ ਦੋਸਤ ਨੇ ਉਸ ਨੂੰ ਕਿਹਾ ਕਿ ਹੁਣ ਤੂੰ ਆਪਣੀ ਇਸ ਤਸਵੀਰ ਦੀ ਦੂਸਰੀ ਕਾਪੀ ਇਹ ਲਿਖ ਕੇ ਰਖ ਦੇ ਕਿ ਜਿਸ ਨੂੰ ਵੀ ਇਸ ਤਸਵੀਰ ਵਿਚ ਕੋਈ ਗਲਤੀ ਲੱਗੇ ਉਹ ਉਸ ਨੂੰ ਠੀਕ ਕਰਨ ਦਾ ਯਤਨ ਕਰੇ । ਇਹ ਲਿਖ ਕੇ ਉਸ ਨੇ ਬਜ਼ਾਰ ਦੇ ਚੌਕ ਵਿਚ ਉਹ ਤਸਵੀਰ ਦੁਬਾਰਾ ਰਖ ਦਿਤੀ ਔਰ ਜਦੋਂ ਸ਼ਾਮ ਨੂੰ ਤਸਵੀਰ ਚੁਕਣ ਗਿਆ ਤਾਂ ਵੇਖਦਾ ਹੈ ਕਿ ਉਸ ਤਸਵੀਰ ਤੇ ਕਿਸੇ ਨੇ ਕੋਈ ਲਕੀਰ ਹੀ ਨਹੀਂ ਮਾਰੀ। ਇਸ ਲਈ ਮੈਂ ਕਿਹਾ ਹੈ ਕਿ ਨੁਕਤਾ ਚੀਨੀ ਕਰਨਾ ਆਸਾਨ ਹੁੰਦਾ ਹੈ ਪਰ ਉਸ ਨੂੰ ਦਰੁਸਤ ਕਰਨਾ ਮੁਸ਼ਕਲ ਹੁੰਦਾ ਹੈ।

**ਸਰਦਾਰ ਬੀਰਦਵਿੰਦਰ ਸਿੰਘ :** ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਵਿੱਤ ਮੰਤਰੀ ਸਾਹਿਬ ਨੇ ਜੋ ਗੱਲ ਕਹੀ ਹੈ ਕਿ ਚਿਤਰਕਾਰ ਤਸਵੀਰ ਬਣਾ ਕੇ ਬਜ਼ਾਰ ਵਿਚ ਰਖ ਆਇਆ ਔਰ ਇਹ ਲਿਖ ਆਇਆ ਕਿ ਜਿਸ ਨੂੰ ਗਲਤੀ ਲੱਗੇ ਉਹ ਠੀਕ ਕਰ ਦੇਵੇ ਤਾਂ ਕਿਸੇ ਨੇ ਨਹੀਂ ਕੀਤੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]
ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਉਸ ਚਿਤਰਕਾਰ ਨੇ ਕਿਸੇ ਨੂੰ ਪੈਨਸਿਲ ਨਹੀਂ ਸੀ ਦਿੱਤੀ, ਜੇ ਕਿਸੇ ਨੂੰ ਉਹ ਪੈਨਸਿਲ ਦਿੰਦਾ ਤਾਂ ਉਹ ਠੀਕ ਹੋ ਜਾਂਦੀ। ਇਸੇ ਤਰ੍ਹਾਂ ਜੇ ਇਹ ਕਿਸੇ ਨੂੰ ਪੈਨਸਿਲ ਦੇਣਗੇ ਤਾਂ ਹੀ ਇਹ ਨੁਕਤਾਚੀਨੀ ਠੀਕ ਹੋ ਸਕਦੀ ਹੈ ।

**ਵਿੱਤ ਮੰਤਰੀ** : : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬੜੀ ਮਜ਼ਾਕੀਆ ਗੱਲ ਕੀਤੀ ਹੈ । ਮੈਂ ਤੁਹਾਨੂੰ ਦਸਦਾ ਹਾਂ ਕਿ ਟਰੈਜ਼ਰੀ ਬੈਂਚਿਜ਼ ਤੋਂ ਕੋਈ ਵੀ ਐਸਾ ਮੈਂਬਰ ਨਹੀਂ ਹੈ ਜਿਸ ਕੋਲ ਕਾਗਜ਼ ਪੈਨਸਿਲ ਨਾ ਹੋਵੇ । ਉਨ੍ਹਾਂ ਨੂੰ ਤਾਂ ਅਸੀਂ ਪਹਿਲੇ ਹੀ ਪੈਨਸਿਲ ਦਿੱਤੀ ਹੋਈ ਹੈ। ਉਹ ਹਰ ਚੀਜ਼ ਵਿਚ ਦਰੁਸਤੀ ਕਰ ਸਕਦੇ ਹਨ, ਹਰ ਗਲ ਵਿਚ ਪੂਰੇ ਜ਼ਿਮੇਵਾਰ ਹਨ ਔਰ ਸਰਕਾਰ ਦੇ ਕੰਮਾਂ ਵਿਚ ਪੂਰੇ ਭਾਗੀ ਦਾਰ ਹਨ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਕਾਮਰੇਡ ਕੁਲਵੰਤ ਸਿੰਘ ਜੀ ਨੇ ਕੁਝ ਕੁਰੱਪਸ਼ਨ ਦਾ ਜ਼ਿਕਰ ਕੀਤਾ ਹੈ । ਇਸ ਸਬੰਧ ਵਿਚ ਮੈਂ ਪਹਿਲੇ ਵੀ ਦੱਸ ਚੁਕਾ ਹਾਂ ਔਰ ਹੁਣ ਫਿਰ ਦਸਦਾ ਹਾਂ ਕਿ ਸਾਡੀ ਸਰਕਾਰ ਕੁਰੱਪਸ਼ਨ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦੀ। ਜੇ ਕੋਈ ਵੀ ਕੇਸ ਇਨ੍ਹਾਂ ਦੇ ਨੋਟਿਸ ਵਿਚ ਆਏ ਤਾਂ ਇਹ ਸਰਕਾਰ ਦੇ ਨੋਟਿਸ ਵਿਚ ਲਿਖ ਕੇ ਲੈ ਆਉਣ, ਸਰਕਾਰ ਉਸ ਤੇ ਪੂਰਾ ਐਕਸ਼ਨ ਲਵੇਗੀ। ਪਰ ਇਸ ਦੇ ਨਾਲ ਮੈਂ ਇਹ ਜ਼ਰੂਰ ਕਹਾਂਗਾ ਕਿ ਇਸ ਕੁਰੱਪਸ਼ਨ ਨੂੰ ਖਤਮ ਕਰਨ ਵਿਚ ਸਾਰੇ ਮੈਂਬਰ ਸਾਹਿਬਾਨ ਦੇ ਸਹਿਯੋਗ ਦੀ ਲੋੜ ਹੈ ।

ਰੈਡ ਕਰਾਸ ਦੇ ਬਾਰੇ ਜਿਹੜੀ ਉਨ੍ਹਾਂ ਨੇ ਗਲ ਕੀਤੀ ਹੈ ਉਸ ਸਬੰਧ ਵਿਚ ਮੈਂ ਉਨ੍ਹਾਂ ਨੂੰ ਦੱਸਣਾ ਚਾ-ਹੁੰਦਾ ਹਾਂ ਕਿ ਸਰਕਾਰ ਇਹ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ ਜੇ ਕੋਈ ਮੁਲਾਜ਼ਮ ਕਿਸੇ ਨੂੰ ਮਜਬੂਰ ਕਰ ਕੇ ਕਿਸੇ ਤਰ੍ਹਾਂ ਨਾਲ ਕੋਈ ਪੈਸਾ ਇਕਠਾ ਕਰ ਰਿਹਾ ਹੈ ਜਾਂ ਕੋਈ ਜੂਆ ਆਦਿ ਦਾ ਕੰਮ ਚਲਾ ਰਖਿਆ ਹੈ। ਇਹ ਸਾਡੇ ਨੋਟਿਸ ਵਿਚ ਲੈ ਆਉਣ, ਸਰਕਾਰ ਜ਼ਰੂਰ ਐਕਸ਼ਨ ਲਵੇਗੀ । ਬਾਕੀ ਜਿਥੋਂ ਤੱਕ ਰੈਡ ਕਰਾਸ ਲਈ ਚੰਦੇ ਦਾ ਸਵਾਲ ਹੈ, ਇਸ ਲਈ ਮੈਂ ਸਮਝਦਾ ਹਾਂ ਕਿ ਇਸ ਵਾਸਤੇ ਸਾ-ਰਿਆਂ ਨੂੰ ਵਾਲੰਟੇਰਿਲੀ ਚੰਦਾ ਦੇਣਾ ਚਾਹੀਦਾ ਹੈ। ਰੈਡ ਕਰਾਸ ਇੰਟਰਨੈਸ਼ਨਲ ਲੈਵਲ ਤੇ ਕੰਮ ਕਰਦੀ ਹੈ ਔਰ ਇਹ ਦੁਖੀ ਇਨਸਾਨਾਂ ਦੀ ਮਦਦ ਕਰਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ 2-3 ਗੱਲਾਂ ਹੋਰ ਇਨ੍ਹਾਂ ਡੀਮਾਂਡਾਂ ਦੇ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ। ਇਕ ਅਸੀਂ ਲਾਟਰੀ ਵਾਸਤੇ ਪੈਸੇ ਮੰਗੇ ਹਨ। ਮੈਂ ਦਸਦਾ ਹਾਂ ਕਿ ਇਸ ਲਾਟਰੀ ਸਿਸਟਮ ਵਿਚ ਅਸੀਂ ਸੁਧਾਰ ਕੀਤਾ ਹੈ ਔਰ ਸੁਧਾਰ ਕਰ ਕੇ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਸਾਲ 1982-83 ਵਿਚ 80 ਲੱਖ ਰੁਪਿਆ ਨਫਾ ਕਮਾਵਾਂਗੇ ਜਦ ਕਿ ਪਹਿਲੇ ਲਾਟਰੀ ਵਿਚ ਸਾਨੂੰ ਘਾਟਾ ਪੈਂਦਾ ਹੁੰਦਾ ਸੀ ਜਾਂ ਫੇਰ ਬੜਾ ਨੋਮੀਨਲ ਪ੍ਰਾਫਿਟ ਹੁੰਦਾ ਸੀ। ਇਹ ਠੀਕ ਹੈ ਕਿ ਇੰਡੀਆ ਵਿਚ ਸਾਰੀਆਂ ਸਟੇਟਾਂ ਦਾ ਆਪਣਾ ਆਪਣਾ ਲਾਟਰੀ ਸਿਸਟਮ ਹੈ। ਅਸੀਂ ਇਸ ਸਿਸਟਮ ਵਿਚ ਸੁਧਾਰ ਲਿਆ ਕੇ ਆਮਦਨੀ ਵਧਾਈ ਹੈ। ਦੂਜੀ ਗੱਲ ਇਸ ਵਿਚ ਸ਼ਲਾਘਾਯੋਗ ਇਹ ਹੈ ਕਿ ਪਹਿਲੇ ਸ਼ਹਿਰੀ ਲੋਕਾਂ ਦੇ ਲਈ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਸੀ ਔਰ ਉਨ੍ਹਾਂ ਲੋਕਾਂ ਦੀ ਲਗਾਤਾਰ ਕੋਸ਼ਿਸ਼ ਸੀ ਕਿ ਸਾਡੇ ਵਲ ਵੀ ਧਿਆਨ ਦਿਤਾ ਜਾਵੇ। ਇਕ ਸ਼ਹਿਰਾਂ ਵਿਚ ਸ਼ਰਾਬ ਤੇ ਮਸੂਲ ਚੁੰਗੀ ਦੀ ਬਹੁਤ ਚੋਰੀ ਹੁੰਦੀ ਸੀ, ਹੁਣ ਅਸੀਂ ਇਹ ਟੈਕਸ ਪਹਿਲੇ ਦਰਜੇ ਤੇ ਹੀ ਲਗਾ ਦਿੱਤਾ ਹੈ ਜਿਸ ਨਾਲ 2 ਕਰੋੜ ਦੀ ਬਜਾਏ 4 ਕਰੋੜ ਇਕਠਾ ਕੀਤਾ ਹੈ ਅਤੇ ਮਿਊਂਸਪਲ ਕਮੇਟੀਜ਼ ਨੂੰ ਦਿੱਤਾ ਹੈ ਹੈ ਔਰ ਪ੍ਰਬੰਧ ਨੂੰ ਠੀਕ ਕੀਤਾ ਹੈ ਅਤੇ ਅਗੋਂ ਹੋਰ ਵਧਾ ਸਕਾਂਗੇ । ਇਸ ਤੋਂ ਇਲਾਵਾ ਅਸੀਂ 3 ਮਿਊਂਸਪਲ ਕਾਰਪੋਰੇਸ਼ਨਾਂ ਨੂੰ 72 ਲੱਖ ਰੁਪਿਆ ਗ੍ਰਾਂਟ-

Original with;
Punjab Vidhan Sabha
Digitized by;
Panjab Digital Library

ਇਨ ਏਡ ਦਿੱਤਾ ਹੈ ਜਿਹੜਾ ਉਨ੍ਹਾਂ ਨੂੰ ਲੋਕਲ ਟਰਾਂਸਪੋਰਟ ਵਿਚ ਘਾਟਾ ਪੈ ਰਿਹਾ ਸੀ ਤਾ ਕਿ ਲੋਕਾਂ ਨੂੰ ਜ਼ਿਆਦਾ ਸਹੂਲਤਾਂ ਮਿਲ ਸਕਣ ਔਰ ਅਸੀਂ ਉਨ੍ਹਾਂ ਨੂੰ 75% ਪੈਸੰਜਰ ਟੈਕਸ ਵਿਚ ਅਤੇ ਰੋਡ ਟੈਕਸ ਦਾ ਹਿੱਸਾ ਵੀ ਦੇ ਰਹੇ ਹਾਂ ਤਾ ਕਿ ਮਿਉਂਸਪਲ ਕਾਰਪੋਰੇਸ਼ਨ ਦਾ ਘਾਟਾ ਦੂਰ ਹੋ ਸਕੇ ।

ਤੀਸਰੀ ਗੱਲ ਫਰੀਡਮ ਫਾਈਟਰਜ਼ ਲਈ ਕੀਤੀ ਹੈ ਕਿ ਉਨ੍ਹਾਂ ਲਈ 77 ਲੱਖ ਰੁਪਿਆ ਰਖਿਆ ਗਿਆ ਹੈ ਜਿਹੜਾ ਉਨ੍ਹਾਂ ਨੂੰ ਪੈਨਸ਼ਨਾਂ ਦੇ ਰੂਪ ਵਿਚ ਦੇਣਾ ਹੈ । ਸਾਡਾ ਦੇਸ਼ ਉਨ੍ਹਾਂ ਦੀਆਂ ਸ਼ਹੀਦੀਆਂ, ਕੁਰਬਾਨੀਆਂ, ਅਤੇ ਸੇਵਾ ਦੇ ਲਈ ਰਿਣੀ ਹੈ ਅਤੇ ਉਨ੍ਹਾਂ ਦਾ ਜਿਨ੍ਹਾਂ ਵੀ ਅਸੀਂ ਮਾਣ ਕਰ ਸਕੀਏ ਉਹ ਥੋੜਾ ਹੈ। ਉਨ੍ਹਾਂ ਦੀ ਬਦੌਲਤ ਅਸੀਂ ਇਥੇ ਰਾਜ ਕਰ ਰਹੇ ਹਾਂ । ਸੈਂਟਰ ਗੌਰਮਿੰਟ ਦੀ ਸਕੀਮ ਦੇ ਮੁਤਾਬਿਕ 6 ਮਹੀਨਿਆਂ ਦੇ ਬਾਅਦ ਉਨ੍ਹਾਂ ਨੂੰ ਪੈਨਸ਼ਨਾਂ ਦੇ ਰਹੇ ਹਾਂ। ਇਸ ਤੋਂ ਇਲਾਵਾ ਅਸੀਂ ਫਰੀਡਮ ਫਾਈਟਰਜ਼ ਦੇ ਗਰੈਂਡ-ਸਨ ਅਤੇ ਗਰੈਂਡ-ਡਾਟਰਜ਼ ਲਈ ਸਰਵਿਸ ਵਿਚ 2% ਰਿਜ਼ਰਵੇਸ਼ਨ ਕੀਤੀ ਹੈ ਔਰ ਮੈਡੀਕਲ ਐਜੂਕੇਸ਼ਨ, ਆਈ. ਟੀ. ਆਈ., ਬੀ. ਐਡ ਅਤੇ ਹੋਰ ਇੰਸਟੀਚਿਊਸ਼ਨਾਂ ਵਿਚ 2% ਦੀ ਰਿਜ਼ਰਵੇਸ਼ਨ ਐਡਮਿਸ਼ਨ ਵਿਚ ਕੀਤੀ ਹੈ। ਇਸ ਤੋਂ ਇਲਾਵਾ ਅਸੀਂ ਫਰੀਡਮ ਫਾਈਟਰਜ਼ ਦੀ ਰਿਟਾਇਰਮੈਂਟ ਏਜ 58 ਤੋਂ 60 ਸਾਲ ਤੱਕ ਕਰ ਦਿੱਤੀ ਹੈ ਤਾ ਕਿ ਉਨ੍ਹਾਂ ਨੂੰ 2 ਸਾਲ ਜ਼ਿਆਦਾ ਸਰਵਿਸ ਕਰਨ ਦਾ ਮੌਕਾ ਮਿਲ ਸਕੇ। ਇਸ ਤੋਂ ਬਾਅਦ ਉਨ੍ਹਾਂ ਨੂੰ ਫਰੀ ਮੈਡੀਕਲ ਟਰੀਟਮੈਂਟ ਔਰ ਰੀਇੰਬਰਸਮੈਂਟ ਦੀ ਸਹੂਲਤ ਦਿੱਤੀ ਹੈ । ਉਨ੍ਹਾਂ ਲਈ ਹੋਰ ਸਹੂਲਤਾਂ ਵੀ ਦਿਤੀਆਂ ਹਨ। ਉਨ੍ਹਾਂ ਦੀ ਵਿਡੋਜ਼ ਲਈ ਫਾਈਨੈਂਸ਼ਲ ਏਡ ਦਾ ਪ੍ਰਬੰਧ ਕੀਤਾ ਹੈ ਤਾ ਕਿ ਉਨ੍ਹਾਂ ਨੂੰ ਸਹੂਲਤ ਮਿਲ ਸਕੇ ਔਰ ਉਨ੍ਹਾਂ ਨੂੰ ਸਤਿਕਾਰ ਅਤੇ ਮਾਣ ਸਰਕਾਰ ਵੱਲੋਂ ਮਿਲ ਸਕੇ ।

ਝਬਾਲ ਸਾਹਿਬ ਨੇ ਕਿਹਾ ਕਿ ਸਰਕਾਰ ਕੋਈ ਪੁਲੀਟੀਕਲੀ ਸਲੂਸ਼ਨ ਨਹੀਂ ਕਰ ਸਕੀ ਔਰ ਕਿਹਾ ਹੈ ਕਿ ਅਕਾਲੀ ਦਲ ਦੀਆਂ ਡੀਮਾਂਡਾਂ ਸਰਕਾਰ ਨੂੰ ਮੰਨ ਲੈਣੀਆਂ ਚਾਹੀਦੀਆਂ ਹਨ । ਜਿਥੋਂ ਤੱਕ ਅਕਾਲੀ ਦਲ ਦੀ ਐਜੀਟੇਸ਼ਨ ਦਾ ਸਬੰਧ ਹੈ ਅਕਾਲੀ ਐਜੀਟੇਸ਼ਨ ਨਾਲ ਪੰਜਾਬ ਨੂੰ ਫਾਈਨੈਂਸ਼ਅਲੀ ਕਿਤਨਾ ਨੁਕਸਾਨ ਹੋਇਆ ਹੈ ਇਸ ਦਾ ਇਨ੍ਹਾਂ ਨੂੰ ਗਿਆਨ ਨਹੀਂ ਹੈ। ਸਰਕਾਰ ਨੇ ਲਾਅ ਐਂਡ ਆਰਡਰ ਨੂੰ ਕਾਇਮ ਰੱਖਣ ਵਾਸਤੇ ਅਤੇ ਜੇਲ੍ਹਾਂ ਵਿਚ ਪ੍ਰਬੰਧ ਕਰਨ ਲਈ 7 ਕਰੋੜ ਰੁਪਿਆ ਪੁਲਿਸ ਤੇ ਅਤੇ 7 ਕਰੋੜ ਰੁਪਿਆ ਜੇਲ੍ਹਾਂ ਤੇ ਖਰਚ ਕੀਤਾ ਐਕਾਸਾਈਜ਼ ਟੈਕਸ ਵਿਚ 1 ਕਰੋੜ ਰੁਪਏ ਦਾ ਨੁਕਸਾਨ ਉਠਾਇਆ ਅਤੇ ਸੈਲਜ਼ ਟੈਕਸ ਵਿਚ 15 ਕਰੋੜ ਰੁਪਏ ਦਾ ਨੁਕਸਾਨ ਉਠਾਇਆ ਇਹ ਤਕਰੀਬਨ 30 ਕਰੋੜ ਰੁਪਏ ਦਾ ਨੁਕਸਾਨ ਪੰਜਾਬ ਸਰਕਾਰ ਨੂੰ ਜਿਹੜਾ ਪਿਆ ਹੈ ਇਹ 30 ਕਰੋੜ ਰੁਪਿਆ ਅਸੀਂ ਪੰਜਾਬ ਦੇ ਪਿੰਡਾਂ ਅਤੇ ਇੰਡਸਟਰੀ ਤੇ ਖਰਚ ਕਰ ਸਕਦੇ ਸੀ, ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕੀਤਾ ਜਾ ਸਕਦਾ ਸੀ, ਪਾਵਰ ਪ੍ਰਾਜੈਕਟਾਂ ਤੇ ਖਰਚ ਹੋ ਸਕਦਾ ਸੀ ਅਤੇ 30 M.W. ਬਿਜਲੀ ਹੋਰ ਪੈਦਾ ਹੋ ਸਕਦੀ ਸੀ ਇਸ ਦਾ ਮਤਲਬ ਹੈ ਕਿ 60 ਕਰੋੜ ਰੁਪਏ ਦੇ ਨੁਕਸਾਨ ਦੇ ਮੁਕਾਬਲੇ 30 ਕਰੋੜ ਰੁਪਿਆ ਸਰਕਾਰ ਨੂੰ ਉਸ ਦੀ ਥਾਂ ਹੋਰ ਕਰਨਾ ਪਿਆ ਇਸ ਕਰ ਕੇ ਇਹ ਨੁਕਸਾਨ 60 ਕਰੋੜ ਰੁਪਏ ਤੀਕ ਜਾ ਪੁਜਦਾ ਹੈ। ਨੁਕਸਾਨ ਵਿਚ ਪੰਜਾਬ ਦੇ ਸਮੁਚੇ ਲੋਕ ਹਨ ਜਿਸ ਵਿਚ ਇੰਡਸਟਰੀ, ਸ਼ਹਿਰੀ ਤੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦਾ ਨੁਕਸਾਨ ਹੈ।

ਡਿਪਟੀ ਸਪੀਕਰ ਸਾਹਿਬ, ਅਕਾਲੀਆਂ ਦੀਆਂ ਧਾਰਮਿਕ ਮੰਗਾਂ ਨੂੰ ਸਾਡੇ ਪ੍ਰਧਾਨ ਮੰਤਰੀ ਜੀ ਨੇ ਮੰਨਿਆ ਹੈ ਅਤੇ ਸਿਖ ਧਰਮ ਦੀ ਪਵਿੱਤਰਤਾ ਨੂੰ ਸਨਮੁਖ ਰਖਦੇ ਹੋਏ ਉਨ੍ਹਾਂ ਨੇ ਮੰਗਾਂ ਮੰਨੀਆਂ ਹਨ । ਇਹ ਮੰਗਾਂ ਕੋਈ ਛੋਟੀਆਂ ਮੰਗਾਂ ਨਹੀਂ ਸਨ । ਅਸੀਂ ਉਨ੍ਹਾਂ ਦੇ ਬੜੇ ਮਸ਼ਕੂਰ ਹਾਂ ਔਰ ਇਹ ਇਕ ਅੱਛਾ ਕਦਮ ਲਿਆ ਹੈ । ਅਸੀਂ ਆਸ ਕਰਦੇ ਸਾਂ ਕਿ ਐਜੀਟੇਸ਼ਨ ਕਰਨ ਵਾਲੇ ਇਸ ਗੱਲ ਦਾ ਸਵਾਗਤ ਕਰਨਗੇ ਪਰ ਉਨ੍ਹਾਂ ਨੇ ਇਨ੍ਹਾਂ ਮੰਗਾਂ ਦੀ ਪਰਵਾਨਗੀ ਨੂੰ Fraud ਦੱਸਿਆ ਹੈ । ਅਗਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਵਾਗਤ ਨਹੀਂ ਕਰਨਾ ਚਾਹੁੰਦੇ ਸਨ ਤਾਂ ਉਹ ਇਹ ਕਹਿ ਸਕਦੇ ਸਨ ਕਿ ਬਾਕੀ ਗੱਲਾਂ ਲਈ ਮੋਰਚਾ ਸਾਡਾ ਜਾਰੀ ਰਹੇਗਾ ਪਰ ਬੜੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਨੇ ਪ੍ਰਵਾਨਗੀ ਨੂੰ Fraud ਦਾ ਸ਼ਬਦ ਵਰਤਿਆ ਹੈ। ਪੰਜਾਬ ਦੇ ਲੋਕਾਂ ਅਤੇ ਹਾਊਸ ਦੇ ਮੈਂਬਰਾਂ ਨੂੰ ਦਸਣਾਂ ਚਾਹੁੰਦਾ ਹਾਂ ਕਿ ਜਿਥੇ ਗੁਰੂ ਤੇਗ ਬਹਾਦਰ ਜੀ ਨੇ ਚਾਂਦਨੀ ਚੌਕ ਵਿਚ ਆਪਣੀ ਸ਼ਹੀਦੀ ਦਿੱਤੀ ਸੀ ਔਰ ਕੋਤਵਾਲੀ ਵਾਲੀ ਥਾਂ ਜਿਹੜੀ ਗੁਰਦੁਆਰੇ ਨੂੰ ਸਰਕਾਰ ਨੇ ਦਿੱਤੀ ਹੈ ਉਸ ਦੀ ਕੀਮਤ ਕਰੋੜਾਂ ਰੁਪਏ ਦੀ ਹੈ। ਇਹ ਕੋਤਵਾਲੀ ਵਾਲੀ ਥਾਂ ਗੁਰਦੁਆਰਾ ਸੀਸਗੰਜ ਨੂੰ ਸੌਂਪ ਦਿੱਤੀ ਗਈ ਹੈ। ਇਸ ਨੂੰ ਫਰਾਡ ਕਿਹਾ ਗਿਆ ਹੈ। ਅੰਮ੍ਰਿਤਸਰ ਸ਼ਹਿਰ ਨੂੰ ਸੰਸਾਰ ਵਿਚ ਇਕ ਪਵਿੱਤਰ ਸ਼ਹਿਰ ਮੰਨਿਆ ਜਾਂਦਾ ਹੈ ਕਿਉਂਕਿ ਉਥੇ ਹਰਿਮੰਦਰ ਸਾਹਿਬ ਦਾ ਪਵਿੱਤਰ ਗੁਰਦੁਆਰਾ ਹੈ ਜਿਸ ਦਾ ਹਰ ਧਰਮ ਵਾਲੇ ਮਾਣ ਅਤੇ ਸਤਿਕਾਰ ਕਰਦੇ ਹਨ। ਦੇਸ਼ ਦੀ ਮਹਾਨ ਲੀਡਰ ਪ੍ਰਧਾਨ ਮੰਤਰੀ ਨੇ ਉਸ ਸ਼ਹਿਰ ਨੂੰ ਪਵਿੱਤਰ ਕਰਾਰ ਦਿੱਤਾ ਹੈ ਸਾਡੇ ਪ੍ਰਧਾਨ ਮੰਤਰੀ ਜੀ ਸੰਸਾਰ ਦੀ ਇਕ ਮਹਾਨ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ 101 ਦੇਸ਼ਾਂ ਨੇ Non-aligned movement ਦਾ 3 ਸਾਲ ਲਈ Chairman ਚੁਣਿਆ ਹੈ। ਉਸ ਮਹਾਨ ਬਿਭੂਤੀ ਨੇ ਅੰਮ੍ਰਿਤਸਰ ਸ਼ਹਿਰ ਗੁਰੂ ਰਾਮ ਦਾਸ ਜੀ ਦੀ ਨਗਰੀ ਨੂੰ ਖੁਦ ਪਵਿੱਤਰ ਸ਼ਹਿਰ ਕਰਾਰ ਦਿੱਤਾ ਹੈ। ਇਸ ਤੋਂ ਪਹਿਲੇ ਕਦੀ ਵੀ ਐਡੀ ਵੱਡੀ ਸ਼ਖਸੀਅਤ ਨੇ ਸ਼ਹਿਰ ਨੂੰ ਐਡਾ ਵੱਡਾ ਪਵਿੱਤਰ ਸ਼ਹਿਰ ਦਾ ਦਰਜਾ ਨਹੀਂ ਦਿੱਤਾ ਭਲੇ ਹੀ ਕਿਸੇ Muncipality ਅਤੇ Corporation ਹਰਦੁਆਰ, Allahabad, Kurukshatra ਆਦਿ ਨਗਰਾਂ ਨੂੰ ਪਵਿੱਤਰ ਸ਼ਹਿਰ ਬਣਾ ਦਿੱਤਾ ਹੋਵੇ। ਇਸ ਮਹਾਨ ਫੈਸਲੇ ਨੂੰ Fraud ਕਹਿਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ।

ਭਾਰਤਵਰਸ਼ ਦੇ ਕਿਸੇ ਵੀ ਮੰਦਰ, ਮਸਜਿਦ, ਗੁਰਦੁਆਰੇ, ਗਿਰਜੇ ਵਿਚੋਂ ਉਥੋਂ ਦੇ ਧਾਰਮਿਕ ਪ੍ਰੋਗਰਾਮ ਦਾ ਪ੍ਰਸਾਰਨ ਹੋਣ ਦੀ ਮਿਸਾਲ ਨਾ ਕੋਈ ਹੈ ਨਾ ਦਿੱਤੀ ਜਾ ਸਕਦੀ ਹੈ ਪਰ ਇਹ ਪ੍ਰਧਾਨ ਮੰਤਰੀ ਜੀ ਦੀ ਉਦਾਰਤਾ ਹੈ ਇਕ ਸ਼ਰਧ, ਦੀ ਸਿਖ ਧਰਮ ਦੇ ਪ੍ਰਤੀ ਭਰਪੂਰ ਸ਼ਰਧਾਂਜਲੀ ਹੈ ਕਿ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਪਵਿੱਤਰ ਸਥਾਨ ਤੋਂ ਰੇਡੀਓ ਰਾਹੀਂ ਗੁਰਬਾਣੀ ਦੇ ਪ੍ਰਸਾਰਣ ਨੂੰ ਸਵੀਕਾਰ ਕਰ ਲਿਆ ਹੈ। ਇਸ ਨੂੰ Fraud ਕਹਿਣ ਵਾਲੇ ਇਸ ਤਰ੍ਹਾਂ ਕਹਿਣਾ ਉਚਿਤ ਸਮਝਦੇ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਫਰਾਡ ਨਹੀਂ ਸੀ ਕਹਿਣਾ ਚਾਹੀਦਾ। ਮੈਂ ਸਮਝਦਾ ਹਾਂ ਕਿ ਇਹ ਸ਼ਬਦ ਕਹਿ ਕੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ, ਪੰਜਾਬ ਦੇ ਉਨ੍ਹਾਂ ਲੋਕਾਂ ਨਾਲ, ਜਿਨ੍ਹਾਂ ਦੇ ਦਿਲ ਵਿਚ ਸਿਖ ਧਰਮ ਲਈ ਸਤਿਕਾਰ ਹੈ, ਉਨ੍ਹਾਂ ਦਾ ਅਪਮਾਨ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਉਹ ਹੁਣ ਵੀ ਘੇਰਾਓ ਦੀਆਂ ਧਮਕੀਆਂ ਦੇ ਰਹੇ ਹਨ। ਕਦੇ ਕਹਿੰਦੇ ਹਨ ਕਿ 1947 ਵਰਗੇ ਹਾਲਾਤ ਪੈਦਾ ਕਰ ਦੇਵਾਂਗੇ ਔਰ ਦੂਸਰੇ ਦਿਨ ਕਹਿੰਦੇ ਹਨ ਕਿ ਅਸੀਂ ਇਹ ਚੀਜ਼ ਨਹੀਂ ਕਹੀ ਹੈ। ਕਦੇ ਕਹਿੰਦੇ ਹਨ ਕਿ ਅਸੀਂ ਆਸਾਮ ਵਰਗੇ ਹਾਲਾਤ ਪੰਜਾਬ ਵਿਚ ਪੈਦਾ ਕਰ ਦਿਆਂਗੇ ਪਰ ਦੂਸਰੇ ਦਿਨ ਕਹਿੰਦੇ ਹਨ ਕਿ ਅਸੀਂ ਇਹ ਚੀਜ਼ ਨਹੀਂ ਕਹੀ ਹੈ। ਡਿਪਟੀ ਸਪੀਕਰ ਸਾਹਿਬ, ਸ੍ਰੀਮਤੀ ਇੰਦਰਾ ਗਾਂਧੀ, ਪ੍ਰਾਈਮ ਮਨਿਸਟਰ ਸਾਹਿਬਾ ਇਹੋ ਜਿਹੀ ਧਮਕੀਆਂ ਅਗੇ ਝੁਕਣ ਵਾਲੀ ਨਹੀਂ ਹੈ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ, ਪੰਜਾਬ ਦੇ ਚੀਫ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ, ਪੰਜਾਬ ਦੀ ਐਡਮਨਿਸਟ੍ਰੇਸ਼ਨ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਸਾਰੇ ਹਾਲਾਤ ਨੂੰ ਸੰਭਾਲਿਆ। ਅੱਤਿਵਾਦੀਆਂ ਦੀ ਤਰਫੋਂ ਜੋ ਹਾਲਾਤ ਪੰਜਾਬ ਦੇ ਖਰਾਬ ਕੀਤੇ ਗਏ ਸਨ, ਉਨ੍ਹਾਂ ਬਾਰੇ ਅਕਾਲੀ ਪਾਰਟੀ ਵੱਲੋਂ ਕੋਈ ਨਿੰਦਾ ਨਹੀਂ ਕੀਤੀ ਗਈ। ਡਿਪਟੀ ਸਪੀਕਰ ਸਾਹਿਬ, ਮੈਨੂੰ ਬੜਾ ਅਫ਼ਸੋਸ ਹੈ ਕਿ ਅੱਜ ਅਕਾਲੀ ਐਮ. ਐਲ. ਏਜ਼. ਇਸ ਹਾਊਸ ਵਿਚ ਬੈਠੇ ਨਹੀਂ ਹਨ। ਇਸਦਾ ਮੈਨੂੰ ਬੜਾ ਦੁਖ ਹੁੰਦਾ ਹੈ। ਜਨਤਾ ਨੇ ਇਨ੍ਹਾਂ ਨੂੰ ਚੁਣ ਕੇ

Original with;
Punjab Vidhan Sabha
Digitized by;
Panjab Digital Library

ਭੇਜਿਆ ਹੈ ਕਿ ਇਥੇ ਆ ਕੇ ਬੈਠਣ। ਇਹ ਅਕਾਲੀ ਭਰਾ ਪੰਜਾਬ ਦੀ ਡੈਮੋਕਰੇਸੀ ਵਿਚ ਵਿਸ਼ਵਾਸ ਨਹੀਂ ਰਖਦੇ ਅਤੇ ਭਾਰਤ ਦੇ ਕੰਸਟੀਚਿਊਸ਼ਨ ਵਿਚ ਵਿਸ਼ਵਾਸ ਨਹੀਂ ਰਖਦੇ। ਜੇਕਰ ਇਨ੍ਹਾਂ ਨੂੰ ਵਿਸ਼ਵਾਸ ਹੁੰਦਾ ਤਾਂ ਅੱਜ ਇਥੇ ਆਪੋਜ਼ੀਸ਼ਨ ਵਿਚ ਆ ਕੇ ਬੈਠਦੇ। ਇਨ੍ਹਾਂ ਦਾ ਕੋਈ ਠੇਕਾ ਨਹੀਂ ਲਿਆ ਕਿ ਹਮੇਸ਼ਾ ਰੂਲਿੰਗ Benches ਤੇ ਹੀ ਬੈਠਣ। ਇਹ ਤਾਂ ਲੋਕਾਂ ਦੇ ਪਾਸ ਅਧਿਕਾਰ ਹੈ ਕਿ ਉਹ ਕਿਸੇ Party ਨੂੰ opposition ਜਾਂ ruling Party ਬਣਾਉਣ ਲੋਕਾਂ ਨੇ ਇਨ੍ਹਾਂ ਨੂੰ ਆਪੋਜ਼ੀਸ਼ਨ ਦੀ ਤਰਫ ਬਿਠਾਇਆ ਹੈ। ਅੱਜ ਹਾਊਸ ਵਿਚ ਨਾ ਬੈਠ ਕੇ ਇਨ੍ਹਾਂ ਨੇ ਆਪਣੇ Voters ਦੇ ਜ਼ਖਮਾਂ ਤੇ ਨਮਕ ਛਿੜਕਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਕਾਲੀ ਭਰਾਵਾਂ ਨੂੰ ਅਪੀਲ ਕਰਾਂਗਾ ਕਿ ਉਹ ਬਜਟ ਸੈਸ਼ਨ ਵੇਲੇ ਇਥੇ ਆ ਕੇ ਹਾਊਸ ਵਿਚ ਬੈਠਣ ਅਤੇ ਆਪੋਜ਼ੀਸ਼ਨ ਦੀਆਂ ਕੁਰਸੀਆਂ ਤੇ ਬੈਠ ਕੇ ਕ੍ਰਿਟੇਸਾਈਜ਼ ਕਰਨ। ਡਿਪਟੀ ਸਪੀਕਰ ਸਾਹਿਬ, ਅਸੀਂ ਵੀ ਜਦੋਂ ਆਪੋਜ਼ੀਸ਼ਨ ਵਿਚ ਹੁੰਦੇ ਸੀ ਤਾਂ ਇਨ੍ਹਾਂ ਕੁਰਸੀਆਂ ਤੇ ਬੈਠ ਕੇ ਸਰਕਾਰ ਦੀ ਨੁਕਤਾ-ਚੀਨੀ ਕਰਦੇ ਹੁੰਦੇ ਸੀ। ਜੇਕਰ ਸਰਕਾਰ ਕੋਈ ਅੱਛਾ ਕੰਮ ਕਰੇ ਤਾਂ ਸਰਕਾਰ ਦੇ ਨਾਲ ਸਹਿਯੋਗ ਵੀ ਦਿੰਦੇ ਹੁੰਦੇ ਸੀ। ਕਾਮਰੇਡ ਦਰਸ਼ਨ ਸਿੰਘ ਝਬਾਲ ਜੀ ਨੂੰ ਮੈਂ ਕਹਿਣਾ ਚਾਹੁੰਦਾ ਹਾਂ। (ਵਿਘਨ) ਕਾਮਰੇਡ ਰਾਜ ਕੁਮਾਰ ਜੀ ਵੀ ਕੱਲ ਸੰਤ ਲੌਂਗੋਵਾਲ ਹੋਰਾਂ ਨੂੰ ਮਿਲ ਕੇ ਆਏ ਹਨ। ਅਕਾਲੀਆਂ ਨੂੰ ਇਨ੍ਹਾਂ ਦੀ ਗੱਲ ਮੰਨ ਕੇ ਹਾਊਸ ਵਿਚ ਜ਼ਰੂਰ ਆ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਬਜਟ ਸੈਸ਼ਨ ਚੰਗੀ ਤਰ੍ਹਾਂ ਅਟੈਂਡ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਉਹ ਅਕਾਲੀ ਭਰਾ ਪੰਜਾਬ ਦੀ ਸੇਵਾ ਕਰ ਸਕਣਗੇ। ਹੁਣ ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਇਹ ਸਪਲੀਮੈਂਟਰੀ ਮੰਗਾਂ ਪ੍ਰਵਾਨ ਕਰਨ।

**ਪ੍ਰੋਫੈਸਰ ਬਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਪਾਣੀ ਬਾਰੇ ਉਨ੍ਹਾਂ ਨੇ ਕੀ ਕੀਤਾ ਹੈ? ਪੰਜਾਬੀ ਇਲਾਕਿਆਂ ਬਾਰੇ ਉਨ੍ਹਾਂ ਨੇ ਕੀ ਕੀਤਾ ਹੈ? ਪੰਜਾਬ ਦੇ ਹਿੱਤਾਂ ਦੀ ਖਾਤਰ ਪੰਜਾਬ ਸਰਕਾਰ ਕੀ ਕਾਰਵਾਈ ਕਰ ਰਹੀ ਹੈ ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਹਾਲਾਤ ਖਰਾਬ ਹੋ ਰਹੇ ਹਨ।

**ਸ੍ਰੀ ਡਿਪਟੀ ਸਪੀਕਰ** : ਪ੍ਰੋਫੈਸਰ ਬਲਵੰਤ ਸਿੰਘ ਜੀ, ਤੁਸੀਂ ਹੁਣ ਬੈਠੋ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਹੁਣ ਜੋ ਪ੍ਰੋਫੈਸਰ ਸਾਹਿਬ ਬਗੈਰ ਪਰਮਿਸ਼ਨ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**ਕਾਮਰੇਡ ਕੁਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਲਈ ਪੰਜਾਬ ਸਰਕਾਰ ਨੇ 16,39,01,000 ਰੁਪਿਆ ਡਿਮਾਂਡ ਨੰ: 16 ਰਾਹੀਂ ਮੰਗਿਆ ਹੈ। ਜਿਹੜੇ ਪ੍ਰਾਈਵੇਟ ਸਕੂਲਾਂ ਨੇ ਲਿਖਕੇ ਦਿਤਾ ਹੈ ਕਿ ਸਾਡੇ ਪ੍ਰਾਈਵੇਟ ਸਕੂਲਾਂ ਨੂੰ ਗੌਰਮਿੰਟ [illegible] ਉਨ੍ਹਾਂ ਪ੍ਰਾਈਵੇਟ ਸਕੂਲਾਂ ਨੇ ਸਾਰੀਆਂ ਸਪੈਸੀਫਿਕ ਸ਼ਰਤਾਂ ਵੀ ਪੂਰੀਆਂ ਕਰ ਲਈਆਂ ਹਨ, ਹੁਣ ਕੀ ਸਰਕਾਰ ਉਨ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਟੇਕ ਓਵਰ ਕਰ ਲਵੇਗੀ?

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਤੋਂ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਪੀਚ ਕਰਦਿਆਂ ਸ੍ਰੀ ਗੁਰਬਾਨੀ ਦੀ ਜਗ੍ਹਾ ਤੇ ਪੁਸਤਕ ਦਾ ਜ਼ਿਕਰ ਕੀਤਾ ਹੈ ਜੋ ਕਿ ਰੀਲੇਮ ਹੁੰਦਾ ਹੈ।

**ਵਿੱਤ ਮੰਤਰੀ**: ਡਿਪਟੀ ਸਪੀਕਰ ਸਾਹਿਬ, ਮੈਂ ਸ੍ਰੀ ਗੁਰਬਾਨੀ ਹੀ ਕਿਹਾ ਹੈ। ਅਗਰ ਮੈਂ ਕਿਹਾ ਹੈ ਤਾਂ ਮੈਂ ਇਸ ਨੂੰ ਠੀਕ ਕਰ ਲੈਂਦਾ ਹਾਂ।

**ਮਾਸਟਰ ਚੰਦ ਸਿੰਘ**: ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਕੋਲੋਂ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਅਗਸਤ, 1982 ਵਿਚ ਕਿਸਾਨਾਂ ਕੋਲੋਂ ਕੁਨੈਕਸ਼ਨ ਦਾ ਇੱਕ ਇੱਕ ਹਜ਼ਾਰ ਰੁਪਿਆ ਲਿਆ ਸੀ ਪਰ ਅਕਤੂਬਰ ਵਿਚ ਉਨ੍ਹਾਂ ਗਰੀਬ ਕਿਸਾਨਾਂ ਨੂੰ ਕਿਹਾ ਗਿਆ ਕਿ ਤੁਸੀਂ ਦੋ, ਦੋ ਹਜ਼ਾਰ ਰੁਪਿਆ ਹੋਰ ਜਮ੍ਹਾਂ ਕਰਵਾਓ ਅਗਰ ਕੁਨੈਕਸ਼ਨ ਲੈਣਾ ਹੈ। ਇਸ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਨੂੰ ਧੜਾ ਧੜ ਬਿਲ ਦੋ, ਦੋ ਹਜ਼ਾਰ ਰੁਪਏ ਦੇ ਆ ਰਹੇ ਹਨ। ਇਹ ਬਹੁਤ ਮਾੜੀ ਗੱਲ ਹੈ। ਇਹ ਬਿਜਲੀ ਬੋਰਡ ਵਾਲਿਆਂ ਦੀ ਕੁਤਾਹੀ ਹੈ। ਕੀ ਵਿੱਤ ਮੰਤਰੀ ਸਾਹਿਬ ਕੋਈ ਇਸ ਸਬੰਧੀ ਮਹਿਕਮੇ ਨੂੰ ਡਾਇਰੈਕਸ਼ਨ ਦੇਣਗੇ ਕਿ ਕਿਸਾਨਾਂ ਕੋਲੋਂ ਹੋਰ ਰੁਪਿਆ ਨਾ ਲਿਆ ਜਾਵੇ ?

**ਵਿੱਤ ਮੰਤਰੀ**: ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਬਿਜਲੀ ਦਾ ਸਬੰਧ ਹੈ ਇਹ ਲਾਈਨ ਚਾਰਜਿਜ਼ ਹਨ ਔਰ ਇਹ ਸਿਕਿਉਰਿਟੀ ਚਾਰਜ ਨਹੀਂ ਹੈ। ਟਿਊਬਵੈੱਲ ਕੁਨੈਕਸ਼ਨ ਦੇਣ ਲਈ ਬਿਜਲੀ ਬੋਰਡ ਦੇ ਮਹਿਕਮੇਂ ਨੂੰ ਲਾਈਨਾਂ ਲਗਾਉਣੀਆਂ ਪੈਂਦੀਆਂ ਹਨ। ਇਨ੍ਹਾਂ ਲਾਈਨਾਂ ਤੇ 8,000 ਰੁਪਿਆ ਖਰਚ ਹੁੰਦਾ ਹੈ। ਹਾਲਾਂ ਕਿ ਸਰਵਿਸ ਚਾਰਜਿਜ਼ ਦੇ 3,000 ਰੁਪਏ ਚਾਰਜ ਕੀਤੇ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ ਕਈ ਜਗ੍ਹਾ ਤਾਂ 40,000 ਰੁਪਏ, 50,000 ਰੁਪਏ ਅਤੇ ਇੱਕ ਲੱਖ ਰੁਪਿਆ, ਜਿਥੇ ਕਿ ਬਹੁਤ ਹੀ ਦੂਰ ਕੁਨੈਕਸ਼ਨ ਦੇਣਾ ਹੋਵੇ, ਖਰਚ ਆਉਂਦਾ ਹੈ। ਡਿਪਟੀ ਸਪੀਕਰ ਸਾਹਿਬ, ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਕਿ ਇਹ ਕਿਸਾਨਾਂ ਦੀ ਮੱਦਦ ਹੈ ਜਾਂ ਜ਼ਿਆਦਤੀ ਹੈ। ਫਲੈਟ ਰੇਟ, ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਵਿਚ 13 ਪੈਸੇ per unit ਦੇ ਹਿਸਾਬ ਨਾਲ ਲਿਆ ਜਾਂਦਾ ਹੈ। ਸਾਰੇ ਹਿੰਦੁਸਤਾਨ ਦੀ ਕਿਸੀ ਸਟੇਟ ਵਿਚ ਇਤਨਾ ਫਲੈਟ ਰੇਟ ਸਸਤਾ ਨਹੀਂ ਹੈ। ਇਸ ਲਈ 70–90 ਕਰੋੜ ਰੁਪਿਆ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਨੂੰ ਘਾਟਾ ਪੈਂਦਾ ਹੈ। ਸਰਵਿਸ ਚਾਰਜਿਜ਼ ਵੱਧ ਗਏ ਹਨ। ਜੇਕਰ ਪਰਾਈਸ ਵਧੇ ਤਾਂ ਰੇਟ ਵੀ ਨਾਲ ਹੀ ਵਧਣੇ ਚਾਹੀਦੇ ਹਨ। ਬਾਕੀ, ਡਿਪਟੀ ਸਪੀਕਰ ਸਾਹਿਬ, ਬਜਟ ਤੇ ਇਹ ਮੈਂਬਰ ਸਾਹਿਬਾਨ ਖੁਲ੍ਹ ਕੇ ਬੋਲ ਲੈਣ।

ਦੂਸਰਾ ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਡਿਪਾਰਟਮੈਂਟ ਦਾ ਜ਼ਿਕਰ ਕੀਤਾ ਗਿਆ ਸੀ। ਸਕੂਲ ਟੇਕ-ਓਵਰ ਇਕ ਮਿਥੀ ਹੋਈ ਪਾਲਿਸੀ ਅਧੀਨ ਹੁੰਦੇ ਹਨ। ਉਨ੍ਹਾਂ ਵਿਚੋਂ ਕੁਝ ਪਰੋਸੈਸ ਵਿੱਚ ਹਨ ਅਤੇ ਕੁਝ ਹੋ ਰਹੇ ਹਨ। ਇਸ ਲਈ ਸਰਕਾਰ ਟੇਕ-ਓਵਰ ਕਰਨ ਸਬੰਧੀ ਜੋ ਫੈਸਲਾ ਕਰਦੀ ਹੈ, ਉਹ ਪਾਲਿਸੀ ਦੇ ਮੁਤਾਬਿਕ ਕਰਦੀ ਹੈ ਅਤੇ ਅਸੀਂ ਵੀ ਉਹ ਜ਼ਰੂਰ ਕਰ ਰਹੇ ਹਾਂ।

ਬਾਕੀ ਜਿਥੋਂ ਤੱਕ ਪੰਜਾਬ ਗੋਰਮਿੰਟ ਅਤੇ ਪੰਜਾਬ ਦੀ ਕਾਂਗਰਸ ਪਾਰਟੀ ਦੇ ਸਟੈਂਡ ਦਾ ਸਵਾਲ ਹੈ, ਉਹ ਸੀ. ਐਮ. ਸਾਹਿਬ ਬੜੀ ਚੰਗੀ ਤਰ੍ਹਾਂ ਕਹਿ ਚੁਕੇ ਹਨ ਕਿ ਪੰਜਾਬ ਗੌਰਮਿੰਟ ਚਾਹੁੰਦੀ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ। ਪੰਜਾਬ ਗੋਰਮਿੰਟ ਚਾਹੁੰਦੀ ਹੈ ਕਿ ਫਾਜ਼ਿਲਕਾ ਅਤੇ ਅਬੋਹਰ ਪੰਜਾਬ ਵਿੱਚ ਰਹਿਣ। ਪੰਜਾਬ ਗੋਰਮਿੰਟ ਚਾਹੁੰਦੀ ਹੈ ਕਿ ਜੋ ਪ੍ਰਧਾਨ ਮੰਤਰੀ ਜੀ ਨੇ ਪਾਣੀ ਦਾ ਫੈਸਲਾ

Original with;
Punjab Vidhan Sabha
Digitized by;
Panjab Digital Library

ਕੀਤਾ ਹੈ, ਉਹ ਬਿਲਕੁਲ ਠੀਕ ਹੈ ਅਤੇ ਜੋ ਸਾਨੂੰ ਟ੍ਰੀਬਿਊਨਲ ਨੂੰ ਮਾਮਲਾ ਦੇਣ ਨਾਲ ਪਾਣੀ ਵੱਧ ਮਿਲਦਾ ਹੈ, ਤਾਂ ਅਸੀਂ ਟ੍ਰੀਬਿਊਨਲ ਨੂੰ ਵੀ ਦੇਣ ਨੂੰ ਤਿਆਰ ਹਾਂ। ਸਾਨੂੰ ਪਾਣੀ ਵੱਧ ਮਿਲਦਾ ਹੈ, ਮਿਲਿਆ ਹੈ ਅਤੇ ਹੋਰ ਮਿਲੇਗਾ।

## WALK-OUT

(ਇਸ ਵਕਤ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ) (ਵਿਘਨ)

**ਪ੍ਰੋਫੈਸਰ ਬਲਵੰਤ** ਸਿੰਘ: ਡਿਪਟੀ ਸਪੀਕਰ ਸਾਹਿਬ, ਸਾਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਸ ਲਈ ਅਸੀਂ ਬਤੌਰ ਪ੍ਰੋਟੈਸਟ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਸੀ. ਪੀ. ਆਈ. (ਐਮ) ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ)।

## VOTING OF THE DEMANDS FOR SUPPLEMENTARY GRANTS (*Resumption*)

### Demand No. 1

**Mr. Deputy Speaker** : Question is —

That a Supplementary sum not exceeding Rs. 3,29,000 be granted to the Governor to defray the charges that will come in course of payment for the year ending 31st March, 1983, in respect of State Legislature.

*The motion was carried.*

### Demand No. 2

**Mr. Deputy Speaker** : Question is—

That a Supplementary sum not exceeding Rs. 4,56,000 be granted to the Governor to defray the charge tthat will come in course of payment for the year ending 31st March, 1983, in respect of Council of Ministers.

*The motion was carried*

### Demand No. 3

**Mr. Deputy Speaker**: Question is

That a Supplementary sum not exceeding Rs. 36,38,000 be granted to the Governor to defray th e charges that will come in course of payment for the year ending 31st March, 1983, in respect of Administration of Justice.

*The motion was carried.*

### Demand No. 4

**Mr. Deputy Speaker** : Question is—

That a Supplementary sum not exceeding Rs. 15,40,000 be granted to the Governor to defray the charges that will come in course of payment for the year ending 31st March, 1983, in respect of Elections.

*The motion was carried,*

Original with;
Punjab Vidhan Sabha
Digitized by;
Panjab Digital Library

**Demand No. 7**

**Mr Deputy Speaker** : Question is—

That a Supplementary sum not exceeding Rs. 6,77,02,000 be granted to the Governor to defray the charges that will come in course of payment for the year ending 31st March, 1983, in respect of Finance.

*The motion was carried.*

**Demand No. 8**

**Mr. Deputy Speaker** : Question is—

That a Supplementary sum not exceeding Rs. 14,000 be granted to the Governor to defray the charges that will come in course of payment for the year ending 31st March, 1983, in respect of Public Service Commission.

*The motion was carried.*

**Demand No. 9**

**Mr. Deputy Speaker** : Question is—

That a Supplementary sum not exceeding Rs. 60,05,000 be granted to the Governor to defray the charges that will come in course of payment for the year ending 31st March, 1983, in respect of Civil Secretariat.

*The motion was carried.*

**Demand No. 10**

**Mr. Deputy Speaker** : Questions is—

That a Supplementary sum not exceeding Rs. 33,58,000 be granted to the Governor to defray the charges that will come in course of payment for the year ending 31st March, 1983, in respect of District Administration.

*The motion was carried.*

**Demand No. 11**

**Mr. Deputy Speaker** : Question is :

That a Supplementary sum not exceeding Rs. 3,00,87,000 be granted to the Governor to defray the charges that will come in course of payment for the year ending 31st March, 1983, in respect of Police.

*The motion was carried.*

**Demand No. 12**

**Mr. Deputy Speaker** : Question is :—

That a Supplementary sum not exceeding Rs. 2,05,50,000 be granted to the Governor to defray the charges that will come in course of payment for the year ending 31st March, 1983, in respect of Jails.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 14**

**Mr. Deputy Speaker** : Question is —

That a Supplementary sum not exceeding Rs. 21,58,000 be granted to the Governor to defray the charges that will come in course of payment for the year ending 31s March, 1983, in respect of Miscellaneous Services.

*The motion was carried.*

**Demand No. 15**

**Mr. Deputy Speaker:** Question is—

That a Supplementary sum not exceeding Rs. 4,61,000 be granted to the Governor to defray the charges that will come in course of payment for the year ending 31st March, 1983, in respect of Rehabilitation, Relief and Resettlement.

*The motion was carried.*

**Demand No. 16**

**Mr. Deputy Speaker** : Question is—

That a Supplementary sum not exceeding Rs. 16,39,01,000 be granted to the Governor to defray the charges that will come in course of payment for the year ending 31st March, 1983 in respect of Education.

*The motion was carried.*

**Demand No. 17**

**Mr. Deputy Speaker** : Question is—

That a Supplementary sum not exceeding Rs. 5,81,000 be granted to the Governor to defray the charges that will come in course of payment for the year ending 31st March, 1983, in respect of Technical Education.

*The motion was carried.*

**Demand No. 18**

**Mr. Deputy Speaker** : Question is—

That a Supplementary sum not exceeding Rs. 4,62,96,000 be granted to the Governor to defray the charges that will come in course of payment for the year ending 31st March, 1983, in respect of Medical and Public Health.

*The motion was carried.*

**Demand No. 19**

**Mr. Deputy Speaker** : Question is—

That a Supplementary sum not exceeding Rs. 4,60,97,000 be granted to the Governor to defray the charges that will come in course of payment for the year ending 31st March, 1983, in respect of Housing and Urban Development.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 20**

**Mr. Deputy Speaker** : Question is —

That a Supplementary sum not exceeding Rs. 31,36,000 be granted to the Governor to defray the charges that will come in course of payment, for the year ending 31st March, 1983, in respect of Information and Publicity.

*The motion was carried.*

**Demand No. 21**

**Mr. Deputy Speaker** : Question is—

That a Supplementary sum not exceeding Rs. 20,39,000 be granted to the Governor to defray the charges that will come in course of payment for the year ending 31st March, 1983, in respect of Tourism and Cultural Affairs.

*The motion was carried.*

**Demand No. 22**

**Mr. Deputy Speaker** : Question is—

That a Supplementary sum not exceeding Rs. 24,63,000 be granted to the Governor to defray the charges that will come in course of payment for the year ending 31st March, 1983, in respect of Labour, Employment and Industrial Training.

*The motion was carried.*

**Demand No. 23**

**Mr. Deputy Speaker** : Question is—

That a Supplementary sum not exceeding Rs. 1,17,10,000 be granted to the Governor to defray the charges that will come in course of payment for the year ending 31st March, 1983, in respect of Social Security and Welfare.

*The motion was carried.*

**Demand No. 25**

**Mr. Deputy Speaker** :Question is—

That a Supplementary sum not exceeding Rs. 35,75,000 be granted to the Governor to defray the charges that will come in course of payment for the year ending 31st March, 1983, in respect of Co-operation.

*The motion was carried.*

**Demand No. 26**

**Mr. Deputy Speaker** : Question is—

That a Supplementary sum not exceeding Rs. 81,34,000 be granted to the Governor to defray the charges that will come in course of payment for the year ending 31st March, 1983, in respect of Agriculture.

*The motion was carried.*

Original with;
Punjab Vidhan Sabha
Digitized by;
Punjab Digital Library

**Demand No. 29**

**Mr. Deputy Speaker :** Question is—

That a Supplementary sum not exceed ing Rs. 52,90,000 be granted to the Governor to defray the charges that will come in course of payment for the year ending 31st March, 1983, in respect of Animal Husbandry.

*The motion was carried.*

**Demand No. 31**

**Mr. Deputy Speaker :** Question is—

That a Supplementary sum not exceeding Rs. 14,87,000 be granted to the Governor to defray the charges that will come in course of payment for the year ending 31st March, 1983, in respect of Fisheries.

*The motion was carried.*

**Demand No. 32**

**Mr. Deputy Speaker :** Question is—

That a Supplementary sum not exceeding Rs. 1,64,93,000 be granted to the Governor to defray the charges that will come in course of payment for the year ending 31st March, 1983, in respect of Forest.

*The motion was carried.*

**Demand No. 33**

**Mr. Deputy Speaker :** Question is —

That a Supplementary sum not exceeding Rs. 37,08,000 be granted to the Governor to defray the charges that will come in course of payment for the year ending 31st March, 1983, in respect of Community Development.

*The motion was carried.*

**Demand No. 34**

**Mr. Deputy Speaker :** Question is—

That a Supplementary sum not exceding Rs. 75,42,000 be granted to the Governor to defray the charges that will come in course of payment for the year ending 31st March, 1983, in respect of Industries.

*The motion was carried.*

**Demand No. 35**

**Mr. Deputy Speaker :** Question is—

That a Supplementary sum not exceeding Rs. 1,43,19,000 be granted to the Governor to defray the charges that will come in course of payment for the year ending 31st March, 1983, in respect of Civil Aviation.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 37**

**Mr. Deputy Speaker :** Question is—

That a Supplementary sum not exceeding Rs. 3,31,16,000 be granted to the Governor to defray the charges that will come in course of payment for the year ending 31st March, 1933, in respect of Road Transport.

*The motion was carried.*

**Demand No. 38**

**Mr. Deputy Speaker :** Question is—

That a Supplementary sum not exceeding Rs. 77,29,000 be granted to the Governor to defray the charges that will come in course of payment for the year ending 31st March, 1983, in respect of Multipurpose River Projects.

*The motion was carried.*

**Demand No. 39**

**Mr. Deputy Speaker :** Question is—

That a Supplementary sum not exceeding Rs. 1,000 be granted to the Governor to defray the charges that will come in course of payment for the year ending 31st March, 1983, in respect of Irrigation, Drainage and Flood Control.

*The motion was carried.*

**Demand No. 40**

**Mr. Deputy Speaker :** Question is—

That a Supplementary sum not exceeding Rs. 3,83,59,000 be granted to the Governor to defray the charges that will come in course of payment for the year ending 31st March, 1983, in respect of Buildings.

*The motion was carried.*

**Demand No. 41**

**Mr. Deputy Speaker :** Question is—

That a Supplementary sum not exceeding Rs. 2,79,50,000 be granted to the Governor to defray the charges that will come in course of payment for the year ending 31st March, 1983, in respect of Loans and Advances by the State Government.

*The motion was carried.*

LEGISLATIVE BUSINESS

**The Punjab Appropriation Bill, 1983**

**Finance Minister (Doctor Kewal Krishan)** : Sir I beg to introduce the Punjab Appropriation Bill.

Sir, I also beg to move —

That the Punjab Appropriation Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Deputy Speaker** : Motion moved—

That the Punjab Appropriation Bill be taken into consideration at once.

**Mr. Deputy Speaker** : Question is—

That the Punjab Appropriation Bill be taken into consideration at once.

*The motion was carried.*

**Mr. Deputy Speaker** : Now the House will proceed to consider the Bill Clause by Clause.

**Clause 2**

**Mr. Deputy Speaker** : Question is—

That Clause 2 stand part of the Bill.

*The motion was carried.*

**Clause 3**

**Mr. Deputy Speaker** : Question is—

That Clause 3 stand part of the Bill.

*The motion was carried.*

**The Schedule**

**Mr. Deputy Speaker** : Question is—

That the Schedule stand part of the Bill.

*The motion was carried.*

**Clause 1**

**Mr. Deputy Speaker** : Question is—

That Clause 1 stand part of the Bill.

*The motion was carried.*

**Title**

**Mr. Deputy Speaker** : Question is—

That Title be the Title of the Bill.

*The motion was carried.*

**Finance Minister** (Doctor Kewal Krishan) : Sir, I beg to move—

That the Punjab Appropriation Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved.—

That the Punjab Appropriation Bill be passed.

**Mr. Deputy Speaker :** Question is—

That the Punjab Appropriation Bill be passed.

*The motion was carried.*

**Mr. Deputy Speaker :** The House stands adjourned till 9.00 A. M. on Tuesday, the 15th March, 1983.

*5-58 p.m.

(*The Sabha then *adjourned till* 9.00 *A.M. on Tuesday, the* 15*th March,* 1983).

Original with;
Punjab Vidhan Sabha
Digitized by;
Panjab Digital Library

## APPENDIX I

## TO

## PUNJAB VIDHAN SABHA DEBATES

**Dated 14th March, 1983**

Vol. VI—No. 6

## UNSTARRED QUESTION AND ANSWER

### PRICE OF AGRICULTURAL LAND

276. **Prof. Balwant Singh** : Will the Minister for Welfare and Labour be pleased to state —

(a) the average price, per acre, of agricultural land purchased by Harijans in Patiala District during 1981-82 under the Scheme "Subsidy for the purchase of Agricultural Land."

(b) the rate of Subsidy per acre, admissible for such purchase under tne said scheme.

ਚੌਧਰੀ ਜਗਤ ਰਾਮ: (ਏ) 8052 ਰੁਪਏ ਪ੍ਰਤੀ ਏਕੜ।

(ਬੀ) 5000 ਰੁਪਏ ਘੱਟ ਤੋਂ ਘੱਟ ਤਿੰਨ ਏਕੜ ਜ਼ਮੀਨ ਖਰੀਦਣ ਲਈ ਦਿਤੇ ਜਾਂਦੇ ਹਨ।

12359/ PVS—Govt. Press, U.T., Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Libr

© 1983

Published under the authority of the Punjab Vidhan Sabha and Printed by the Controller, Printing and Stationery Department (U.T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*15th March, 1983*

**Vol. VI—No. 7**

OFFICIAL REPORT

CONTENTS

**Tuesday, the 15th March, 1983**


| | Page |
|---|---|
| Postponed Starred Question and Answer .. | (7)1 |
| Starred Questions and Answers .. | (7)1 |
| Written Answers to Starred Questions laid on the Table of the House under Rule 38 .. | (7)18 |
| Presentation of Budget Estimates for the year 1983-84 .. | (7)23 |



PUNJAB VIDHAN SABHA SECRETARIAT, CHANDIGARH

**Price :**

Rs. 2-20



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Tuesday, the 15th March, 1983**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

## POSTPONED STARRED QUESTION AND ANSWER

**Mr. Speaker** : Postponed Starred Question.

**ਪੋਸਟਪੋਨਡ ਸਟਾਰਡ ਸਵਾਲ ਨੰ: 1844**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ ।)

## STARRED QUESTIONS AND ANSWERS

### 15-Bed Hospital in Village Sahiba, Tehsil Balachaur

*1756. **Master Dalip Chand** : Will the Minister for Health be pleased to state whether there is any proposal under the consideration of the Government to construct a 15-bed Hospital in village Sahiba, Tehsil Balachaur; if so, the time by which it is likely to be constructed ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : ਨਹੀਂ ਜੀ ।

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਸਾਹਿਬਾ, ਤਹਿਸੀਲ ਬਲਾਚੌਰ, ਵਿਖੇ 5,000 ਦੇ ਲਗ ਭਗ ਆਬਾਦੀ ਹੈ। ਉਥੇ ਦੀ ਪੰਚਾਇਤ 25 ਏਕੜ ਜ਼ਮੀਨ ਦੇਣ ਨੂੰ ਤਿਆਰ ਹੈ। ਬਿਲਡਿੰਗ ਬਨਾਉਣ ਵਾਸਤੇ ਪੰਚਾਇਤ ਖਰਚ ਕਰੇਗੀ। 40 ਪਿੰਡਾਂ ਦੇ ਸੈਂਟਰ ਵਿਚ ਉਹ ਕਸਬਾ ਹੈ। ਇਨ੍ਹਾਂ ਚੀਜ਼ਾਂ ਨੂੰ ਮੁੱਖ ਰੱਖਦੇ ਹੋਏ ਕੀ ਮਨਿਸਟਰ ਸਾਹਿਬ ਉਥੇ ਲਈ 15-ਬੈਡ ਹਸਪਤਾਲ ਬਨਾਉਣ ਲਈ ਤਿਆਰ ਹਨ ? ਕੀ ਇਸ ਲਈ ਵਿਚਾਰ ਕੀਤਾ ਜਾਏਗਾ ?

**ਮੰਤਰੀ** : ਸਪੀਕਰ ਸਾਹਿਬ, ਸਰੋਇਆ ਬਲਾਕ, ਤਹਿਸੀਲ ਬਲਾਚੌਰ, ਵਿਚ ਜਿਹੜਾ ਕਿ ਉਥੋਂ 5 ਕਿਲੋਮੀਟਰ ਦੇ ਫਾਸਲੇ ਤੇ ਹੈ ਉਥੇ ਪਹਿਲਾਂ ਹੀ ਹੈਲਥ ਸੈਂਟਰ ਬਣਾਇਆ ਹੋਇਆ ਹੈ ਅਤੇ ਉਥੇ 4 ਬਿਸਤਰਿਆਂ ਦਾ ਇੰਤਜ਼ਾਮ ਕੀਤਾ ਹੋਇਆ ਹੈ।

**ਮਾਸਟਰ ਦਲੀਪ ਚੰਦ** : ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਸਰੋਇਆ ਬਲਾਕ ਵਿਚ ਹੈਲਥ ਸੈਂਟਰ ਹੈ ਜਿਥੇ ਕਿ 5 ਕਿਲੋ ਮੀਟਰ ਦਾ ਫਾਸਲਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸੜਕ ਖਰਾਬ ਹੋਣ ਕਰਕੇ 18 ਕਿਲੋਮੀਟਰ ਘੁੰਮ ਕੇ ਉਥੇ ਆਉਣਾ ਪੈਂਦਾ ਹੈ। ਜਿਹੜਾ ਇਹ ਕਹਿੰਦੇ ਹਨ ਕਿ ਉਥੇ 4 ਬਿਸਤਰਿਆਂ ਦਾ ਇੰਤਜ਼ਾਮ ਹੈ, ਕੀ ਉਥੇ 4 ਬਿਸਤਰਿਆਂ ਦੀ ਬਜਾਏ ਇਸ ਨੂੰ ਐਕਸਟੈਂਡ ਕਰਕੇ 10 ਬਿਸਤਰਿਆਂ ਦਾ ਇੰਤਜ਼ਾਮ ਕਰ ਦੇਣਗੇ। ਬਿਲਡਿੰਗ ਬਨਾਉਣ ਨੂੰ ਪੰਚਾਇਤ ਤਿਆਰ ਹੈ। ਇਸ ਨਾਲ ਲੋਕਾਂ ਨੂੰ ਫਾਇਦਾ ਹੋਏਗਾ। ਕੀ ਇਸ ਤੇ ਵਿਚਾਰ ਕਰਨ ਨੂੰ ਤਿਆਰ ਹਨ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਕ ਬਲਾਕ ਵਿਚ ਇਕ ਹੀ ਰੂਰਲ ਹੈਲਥ ਸੈਂਟਰ ਦਿੱਤਾ ਜਾ ਸਕਦਾ ਹੈ ਜਿਹੜਾ ਕਿ ਪਹਿਲਾਂ ਹੀ ਉਥੇ ਪ੍ਰੋਵਾਈਡ ਕੀਤਾ ਹੋਇਆ ਹੈ। ਜਿਥੋਂ ਤਕ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਸੜਕ ਦਾ ਇੰਤਜ਼ਾਮ ਨਹੀਂ ਹੈ। ਇਹ ਕੰਮ ਸਰਦਾਰ ਬੇਅੰਤ ਸਿੰਘ, ਪੀ. ਡਬਲਿਯੂ. ਡੀ. ਮਨਿਸਟਰ ਸਾਹਿਬ ਕੋਲ ਹੈ। ਇਹ ਪਹਿਲਾਂ ਹੀ ਸਾਰੀ ਅਜਿਹੀ ਪਰਾਬਲਮ ਨੂੰ ਲੁਕ ਆਫਟਰ ਕਰ ਰਹੇ ਹਨ। ਮੈਂ ਸਮਝਦਾ ਹਾਂ ਕਿ ਅਗਰ ਲੋੜ ਹੋਏਗੀ ਤਾਂ ਜ਼ਰੂਰ ਉਥੇ ਵੀ ਇਹ ਕੰਮ ਕਰਾ ਦੇਣਗੇ। ਕਈ ਪਿੰਡਾਂ ਵਿਚ ਜਿਥੇ 25-30 ਬੈਡ ਦੇ ਰੂਰਲ ਹਸਪਤਾਲ ਹਨ ਉਨ੍ਹਾਂ ਦੀ ਆਕੂਪੇਸ਼ਨ ਅਪ ਟੂ ਦੀ ਮਾਰਕ ਨਹੀਂ ਹੈ। ਲੋਕ ਜ਼ਿਆਦਾ ਤਰ ਸ਼ਹਿਰਾਂ ਵਾਲੇ ਪਾਸੇ ਜਾਣਾ ਪਸੰਦ ਕਰਦੇ ਹਨ। ਇਸ ਕਰਕੇ ਮੈਂ ਐਮ. ਐਲ. ਏ. ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਦੇ ਏਰੀਆ ਵਿਚ ਡਿਸਪੈਂਸਰੀ ਬਾਰੇ ਪਹਿਲਾਂ ਹੀ ਧਿਆਨ ਕੀਤਾ ਹੋਇਆ ਹੈ ਅਤੇ ਇਨ੍ਹਾਂ ਦੀ ਨੀਡ ਉਥੇ ਪੂਰੀ ਹੋ ਰਹੀ ਹੈ।

**ਚੌਧਰੀ ਮਾਤੂ ਰਾਮ** : ਜਿਸ ਤਰ੍ਹਾਂ ਇਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਹਰ ਬਲਾਕ ਵਿਚ ਇਕ 25-ਬੈਡ ਹਸਪਤਾਲ ਹੋਏਗਾ। ਮਲੋਟ ਬੜਾ ਵੱਡਾ ਬਲਾਕ ਹੈ। ਤਕਰੀਬਨ 50-ਬੈਡ ਹਸਪਤਾਲ ਦੀ ਬਿਲਡਿੰਗ ਲੋਕਾਂ ਨੇ ਪੈਸੇ ਇਕੱਠੇ ਕਰਕੇ ਬਣਾਈ ਹੋਈ ਹੈ। ਕੀ ਇਸ ਬਲਾਕ ਬਾਰੇ ਇਨ੍ਹਾਂ ਦੀ ਲਿਸਟ ਵਿਚ ਨਾਂ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕੱਲ੍ਹ ਵੀ ਇਹ ਗੱਲ ਇਥੇ ਕਹੀ ਸੀ। ਮੈਂ ਇਨ੍ਹਾਂ ਨੂੰ ਇਹ ਅਰਜ਼ ਕੀਤੀ ਸੀ ਕਿ ਸਰਕਾਰ ਨੇ ਅਸੂਲ ਤਹਿ ਕੀਤਾ ਹੋਇਆ ਹੈ ਕਿ ਇਕ ਬਲਾਕ ਵਿਚ ਇਕ ਰੂਰਲ ਹਸਪਤਾਲ ਦੇਣਾ ਹੈ। ਜੇਕਰ ਉਸ ਵਿਚ ਕੋਈ ਕਮੀ ਹੋਏਗੀ ਤਾਂ ਉਹ ਕਮੀ ਸਰਕਾਰ ਪੂਰੀ ਕਰੇਗੀ ਔਰ ਅਗਰ ਉਥੇ ਹਸਪਤਾਲ ਨਹੀਂ ਹੋਏਗਾ ਤਾਂ ਉਥੇ ਬਣਾਉਣ ਦਾ ਯਤਨ ਕਰੇਗੀ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਫਿਰੋਜ਼ਪੁਰ ਜ਼ਿਲ੍ਹਾ ਹੈਡ ਕੁਆਰਟਰਜ਼ ਤੇ ਸਿਵਿਲ ਹਸਪਤਾਲ ਦੀ ਬਿਲਡਿੰਗ ਬਣਨੀ ਸੀ। ਪਿਛਲੇ ਸੈਸ਼ਨ ਵਿਚ ਇਥੇ ਹਾਊਸ ਵਿਚ ਮੰਤਰੀ ਜੀ ਨੇ ਆਪਣਾ ਬਿਆਨ ਵੀ ਦਿੱਤਾ ਸੀ ਕਿ ਜਲਦੀ ਤੋਂ ਜਲਦੀ ਉਥੇ ਬਿਲਡਿੰਗ ਬਣਾਵਾਂਗੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਿਲਡਿੰਗ ਕਦੋਂ ਤਕ ਸ਼ੁਰੂ ਕਰ ਦੇਣਗੇ ਅਤੇ ਮੁਕੰਮਲ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਫਿਰੋਜ਼ਪੁਰ ਵਿਖੇ ਹਸਪਤਾਲ ਦੀ ਬਿਲਡਿੰਗ ਦੀ ਐਕਸਪੈਨਸ਼ਨ ਬਾਰੇ ਜ਼ਿਕਰ ਕੀਤਾ ਹੈ, ਮੈਂ ਅਰਜ਼ ਕਰਦਾ ਹਾਂ ਕਿ ਅੱਜ ਬਜਟ ਪੇਸ਼ ਹੋਣਾ ਹੈ ਅਗਰ ਇਸ ਵਿਚ ਪੈਸਾ ਮਿਲ ਗਿਆ ਤਾਂ ਉਥੇ ਵਾਸਤੇ ਹੋਰ ਸਹੂਲਤਾਂ ਦੇਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

---

**Punjab Roadways Bus plunged into a Khud near Naina Devi**

***1852. Shri Gopal Krishan Chatrath**
**Sardar Harcharan Singh Hero** } Will the Minister of State for Transport be pleased to state—

(a) the number of persons killed in a Punjab Roadways bus which plunged into a Khud near Naina Devi in district Bilaspur, Himachal Pradesh in July, 1982.

Original with;
Punjab Vidhan Sabha
Digitized by;
Panjab Digital Library

(b) whether the Government has given any compensation to the dependents of the deceased and to the persons who were injured in the said accident; if so, the details thereof?

**ਸਰਦਾਰ ਅਵਤਾਰ ਸਿੰਘ ਗਟਵਾਲੀ :** (ੳ) 37 ਵਿਅਕਤੀਆਂ ਦੀ ਮੌਤ ਹੋਈ (ਦੋ ਕਰਮਚਾਰੀ ਅਤੇ 35 ਯਾਤਰੀ) ।

(ਅ) ਹਾਂ ਜੀ । ਐਕਸ ਗ੍ਰੇਸ਼ੀਆ ਮੁਆਵਜ਼ਾ 500 ਰੁਪਏ ਪ੍ਰਤੀ ਜ਼ਖਮੀ ਯਾਤਰੀ ਅਤੇ 2000 ਰੁਪਏ ਪ੍ਰਤੀ ਮ੍ਰਿਤਕ ਵਿਅਕਤੀਆਂ ਦੇ ਵਾਰਸਾਂ ਨੂੰ ਸਰਕਾਰ ਵਲੋਂ ਦੇਣ ਦਾ ਐਲਾਨ ਕੀਤਾ ਗਿਆ ਸੀ । 14 ਮਾਰਚ, 1983 ਤਕ ਕੁਲ 70,000 ਰੁਪਿਆ ਵੰਡਿਆ ਜਾ ਚੁੱਕਿਆ ਹੈ ।

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਇਸ ਬਾਰੇ ਮੁਆਵਜ਼ੇ ਦੀ ਰਕਮ ਜੋ ਰੱਖੀ ਗਈ ਹੈ ਉਹ 500 ਰੁਪਏ ਜ਼ਖਮੀ ਵਾਸਤੇ ਅਤੇ 2,000 ਰੁਪਏ ਮਿਰਤਕ ਵਾਸਤੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਰਕਮ ਘੱਟ ਹੈ। ਕੀ ਮਨਿਸਟਰ ਸਾਹਿਬ ਇਸ ਬਾਰੇ ਗੌਰ ਕਰਨ ਨੂੰ ਤਿਆਰ ਹਨ ਕਿ ਇਹ ਗਰਾਂਟ ਵਧਾਈ ਜਾਵੇ ? ਦੂਜਾ, ਇਨ੍ਹਾਂ ਨੇ ਇਹ ਆਪ ਦੱਸਿਆ ਹੈ ਕਿ ਹੁਣ ਤਕ ਇਹ ਕਾਫੀ ਰਕਮ ਵੰਡ ਨਹੀਂ ਸਕੇ। ਜਦੋਂ ਸਵਾਲ ਦਿਤਾ ਹੈ ਉਸ ਤੋਂ ਬਾਅਦ ਇਹ ਰਕਮ ਵੰਡੀ ਗਈ ਹੈ। ਕੀ ਇਹ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਸਾਰੀ ਦੀ ਸਾਰੀ ਗਰਾਂਟ ਵੰਡ ਦਿੱਤੀ ਜਾਏਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਹ ਜੋ ਗਰਾਂਟ ਦੇਣ ਬਾਰੇ ਰਕਮ ਮਿਥੀ ਹੋਈ ਹੈ, ਇਹ ਘੱਟ ਹੈ, ਇਨ੍ਹਾਂ ਦੀ ਜਾਣਕਾਰੀ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਈ ਕੇਸਾਂ ਵਿਚ 5,000 ਰੁਪਿਆ ਵੀ ਦਿੱਤਾ ਹੈ। ਦੂਜਾ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਰਕਮ ਥੋੜ੍ਹੀ ਵੰਡੀ ਗਈ ਹੈ, ਇਸ ਬਾਰੇ ਮੈਂ ਅਰਜ ਕਰਦਾ ਹਾਂ ਕਿ ਜਿੰਨੇ ਆਦਮੀ ਜ਼ਖਮੀ ਹੋਏ ਸੀ ਉਨ੍ਹਾਂ ਨੂੰ ਉਸੇ ਦਿਨ ਜਾਂ ਅਗਲੇ ਦਿਨ ਪੰਜ ਪੰਜ ਸੌ ਰੁਪਏ ਦਿੱਤੇ ਗਏ ਸੀ। ਪਰ ਜਿਹੜੇ ਮਿਰਤਕ ਸਨ ਉਨ੍ਹਾਂ ਦੇ ਵਾਰਸਾਂ ਨੂੰ ਲਭਣ ਵਿਚ ਦੇਰੀ ਹੋ ਗਈ। ਅਸੀਂ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਬਾਰੇ ਪੜਤਾਲ ਕਰਕੇ ਜਲਦੀ ਇਹ ਰਕਮ ਵੰਡ ਦਿੱਤੀ ਜਾਏ।

**ਮਾਸਟਰ ਬਾਬੂ ਸਿੰਘ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਬੱਸ ਦੇ ਖੱਡ ਵਿਚ ਡਿਗਣ ਦੇ ਕੀ ਕਾਰਨ ਸਨ ? ਕੀ ਬੱਸ ਵਿਚ ਕੋਈ ਡਿਫੈਕਟ ਸੀ ਜਾਂ ਕੋਈ ਹੋਰ ਕਾਰਨ ਸੀ ਜਿਸ ਕਰਕੇ ਬੱਸ ਖੱਡ ਵਿਚ ਡਿਗ ਗਈ ? ਦੂਸਰਾ, ਜੋ ਇਹ ਕਹਿੰਦੇ ਹਨ ਕਿ 2,000 ਤੋਂ 5,000 ਰੁਪਿਆ ਵੀ ਦਿੱਤਾ ਹੈ। ਮੈਂ ਕਹਿੰਦਾ ਹਾਂ ਕਿ ਇਸ ਦੇ ਲਈ 5,000 ਵੀ ਥੋੜੀ ਰਕਮ ਹੈ। ਇਸ ਨੂੰ 10,000 ਰੁਪਿਆ ਕਰ ਦੇਣਾ ਚਾਹੀਦਾ ਹੈ। ਬਜਟ ਆ ਰਿਹਾ ਹੈ, ਇਸ ਲਈ ਇਸ ਵਿਚ ਪ੍ਰੋਵੀਜ਼ਨ ਕਰ ਲੈਣੀ ਚਾਹੀਦੀ ਹੈ।

**ਰਾਜ ਮੰਤਰੀ** : ਪੈਸੰਜਰ ਇਨਸ਼ੋਰੈਂਸ ਸਕੀਮ ਸਰਕਾਰ ਦੇ ਅੰਡਰ ਐਕਟਿਵ ਕੰਸਿਡਰੇਸ਼ਨ ਹੈ। ਦੂਸਰਾ ਜੋ ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਕਿਸ ਕਾਰਨ ਬੱਸ ਖੱਡ ਵਿਚ ਡਿਗ ਗਈ, ਇਸ ਬਾਰੇ ਇਨਕਆਇਰੀ ਚਲ ਰਹੀ ਹੈ। ਮੇਲਾ ਸੀ ਸ਼ਾਇਦ ਓਵਰਲੋਡਿੰਗ ਹੋਣ ਕਰਕੇ ਇਹ ਇਸ ਤਰ੍ਹਾਂ ਹੋਇਆ ਹੋਵੇ। ਪੈਸੰਜਰਜ਼ ਜ਼ਬਰਦਸਤੀ ਬਸ ਵਿਚ ਚੜ੍ਹ ਗਏ ਹੋਣਗੇ।

**ਪ੍ਰੋਫੈਸਰ ਬਲਵੰਤ ਸਿੰਘ** : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਡਰਾਈਵਰ ਉਸ ਬਸ ਨੂੰ ਚਲਾ ਰਿਹਾ ਸੀ ਉਸ ਦੇ ਪਿਛਲੇ 48 ਘੰਟਿਆਂ ਵਿਚ ਡਿਊਟੀ ਆਫ ਰੁਟੀਨ ਵਿਚ ਕਿੰਨਾ ਗੈਪ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਰੁਟੀਨ ਡਿਊਟੀ 8 ਘੰਟੇ ਲੈਂਦੇ ਹਾਂ। ਸ਼ਾਇਦ ਇੱਕ ਦੋ ਘੰਟੇ ਓਵਰਟਾਈਮ ਹੋ ਜਾਂਦਾ ਹੈ। ਰੁਟੀਨ ਆਫ ਡਿਊਟੀ ਐਸਾ ਬਣਦਾ ਹੈ ਜਿਹੜਾ ਲੇਬਰ ਲਾਅ ਥੱਲੇ ਹੁੰਦਾ ਹੈ।

## Procurement of Paddy and Wheat

***1853. Shri Gopal Krishan Chatrath**
**Sardar Harcharan Singh Hero** } Will the Minister of State for Food and Supplies be pleased to state the total quantity of paddy and wheat separately procured by the Government Agencies in the State during the years 1980-81, 1981-82 and 1982-83 (upto date) separately ?

**ਸ੍ਰੀ ਭਗਵਾਨ ਦਾਸ** : ਰਾਜ ਵਿਚ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਖਰੀਦ ਕੀਤੇ ਝੋਨੇ ਅਤੇ ਕਣਕ ਦਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ :—

**ਝੋਨਾ** : ਸਰਕਾਰੀ ਅਦਾਰਿਆਂ ਵਲੋਂ ਖਰੀਦ ਕੀਤੇ ਝੋਨੇ ਦਾ ਵੇਰਵਾ :

(ਅੰਕੜੇ ਟਨਾਂ ਵਿਚ)

| ਸਾਲ | ਰਾਜ | ਐਫ. ਸੀ. ਆਈ. | ਮਾਰਕਫੈਡ | ਪਨਸਪ | ਜੋੜ |
|---|---|---|---|---|---|
| 1980-81 | 2,92,263 | 17,86,977 | 2,68,877 | 2,28,806 | 25,76,923 |
| 1981-82 | 3,01,766 | 16,88,086 | 2,58,524 | 1,61,906 | 24,10,282 |
| 1982-83 (5 ਮਾਰਚ, 1983 ਤਕ) | 3,23,918 | 17,45,773 | 1,50,649 | 2,09,506 | 24,29,840 |

**ਕਣਕ** : ਸਰਕਾਰੀ ਅਦਾਰਿਆਂ ਵੱਲੋਂ ਖਰੀਦ ਕੀਤੀ ਕਣਕ ਦਾ ਵੇਰਵਾ

(ਅੰਕੜੇ ਟਨਾਂ ਵਿਚ)

| ਸਾਲ | ਰਾਜ | ਐਫ. ਸੀ. ਆਈ. | ਮਾਰਕਫੈਡ | ਪਨਸਪ | ਜੋੜ |
|---|---|---|---|---|---|
| 1980-81 | 14,40,328 | 10,67,755 | 9,45,914 | 8,22,679 | 42,76,676 |
| 1981-82 | 13,62,364 | 9,52,118 | 7,46,901 | 7,05,022 | 37,66,405 |
| 1982-83 (5 ਮਾਰਚ, 1983 ਤੱਕ | 15,09,082 | 12,56,867 | 10,87,012 | 9,72,169 | 48,25,130 |

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਟਰੇਡਰਜ਼ ਨੇ ਜਿੰਨਾ ਝੋਨਾ ਅਤੇ ਕਣਕ ਰਾਜ ਵਿਚ ਖਰੀਦੀ ਕੀ ਉਸ ਦਾ ਇਹ ਵੇਰਵਾ ਦੇਣਗੇ ?

**ਰਾਜ ਮੰਤਰੀ** : ਪਹਿਲਾਂ ਮੈਂ ਝੋਨੇ ਬਾਰੇ ਦੱਸ ਦਿੰਦਾ ਹਾਂ। ਪ੍ਰਾਈਵੇਟ ਟਰੇਡਰਜ਼ ਨੇ ਸਾਲ 1980-81 ਵਿਚ ਝੋਨਾ 18,55,259 ਖਰੀਦਿਆ ਅਤੇ ਕੁਲ 44,32,882 ਟਨ ਹੋ ਗਿਆ। ਸਾਲ 1981-82 ਵਿਚ ਪ੍ਰਾਈਵੇਟ ਟਰੇਡਰਜ਼ ਨੇ 27,55,419 ਖਰੀਦਿਆ ਅਤੇ ਕੁੱਲ 51,65,701 ਟਨ ਹੋ ਗਿਆ। ਇਸ ਸਾਲ ਪ੍ਰਾਈਵੇਟ ਟਰੇਡਰਜ਼ ਨੇ ਝੋਨਾ 31,18,931 ਖਰੀਦਿਆ ਅਤੇ ਕੁੱਲ 55,48,773 ਟਨ ਹੋ ਗਿਆ। ਇਹ ਝੋਨੇ ਦੀਆਂ ਫਿਗਰਜ਼ ਹਨ। ਹੁਣ ਮੈਂ ਕਣਕ ਬਾਰੇ ਦੱਸ ਦਿੰਦਾ ਹਾਂ। ਸਾਲ 1980-81 ਵਿਚ ਪ੍ਰਾਈਵੇਟ ਟਰੇਡਰਜ਼ ਨੇ ਕਣਕ ਖਰੀਦੀ 2,19,817 ਟਨ ਅਤੇ ਕੁੱਲ 44,96,493 ਟਨ ਹੋ ਗਈ। ਸਾਲ 1981-82 ਵਿਚ ਪ੍ਰਾਈਵੇਟ ਟਰੇਡਰਜ ਨੇ ਕਣਕ ਖਰੀਦੀ 1,74,346 ਟਨ ਅਤੇ ਕੁਲ 39,40,751 ਟਨ ਹੋ ਗਈ। ਇਸ ਸਾਲ ਪ੍ਰਾਈਵੇਟ ਟਰੇਡਰਜ਼ ਨੇ ਕਣਕ ਖਰੀਦੀ 57,723 ਅਤੇ ਕੁੱਲ 41,82,853 ਟਨ ਹੋ ਗਈ।

**ਸਰਦਾਰ ਗੁਰਨੇਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀਆਂ ਜਿਹੜੀਆਂ ਸਟੇਟ ਟਰੇਡਿੰਗ ਏਜੰਸੀਆਂ ਹਨ ਉਹ ਮਾਰਕਿਟ ਵਿਚ ਬਹੁਤ ਦੇਰ ਨਾਲ ਐਂਟਰ ਕਰਦੀਆਂ ਹਨ। ਕਾਫੀ ਦੇਰ ਤਕ ਇਨ੍ਹਾਂ ਦੀਆਂ ਇਨਸਟਰਕਸ਼ਨਜ਼ ਨਹੀਂ ਪਹੁੰਚਦੀਆਂ। ਨਤੀਜਾ ਇਹ ਹੁੰਦਾ ਹੈ ਕਿ ਪ੍ਰਾਈਵੇਟ ਟਰੇਡਰਜ਼ ਜਿਹੜੇ ਹਨ ਉਹ ਲੋਕਾਂ ਕੋਲੋਂ ਸਸਤੇ ਭਾਅ ਤੇ ਜਿਣਸ ਖਰੀਦਦੇ ਹਨ। ਇਸ ਲਈ ਕੀ ਵਜ਼ੀਰ ਸਾਹਿਬ ਹਾਊਸ ਨੂੰ ਅਸ਼ੋਅਰੈਂਸ ਦੇਣਗੇ ਕਿ ਜਦੋਂ ਵੀ ਕਿਸੇ ਜਿਣਸ ਦੀ ਅਰਾਈਵਲ ਹੁੰਦੀ ਹੈ ਉਸੇ ਦਿਨ ਤੋਂ ਹੀ ਉਸ ਦੀ ਪਰਚੇਜ਼ ਸ਼ੁਰੂ ਕਰ ਦਿਆ ਕਰਨ ?

**ਰਾਜ ਮੰਤਰੀ** : ਜਦੋਂ ਕਿਸੇ ਫਸਲ ਦਾ ਸੀਜ਼ਨ ਸ਼ੁਰੂ ਹੁੰਦਾ ਹੈ ਅਤੇ ਜਿਣਸ ਆਉਂਦੀ ਹੈ ਤਾਂ ਉਸ ਨੂੰ ਫੌਰੀ ਤੌਰ ਤੇ ਚੁੱਕਣ ਲਈ ਪਹਿਲਾਂ ਹੀ ਪ੍ਰਬੰਧ ਕੀਤੇ ਹੋਏ ਹਨ। ਬਾਕੀ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਕਣਕ ਦਾ ਸ਼ੁਰੂ ਸ਼ੁਰੂ ਵਿਚ ਭਾਅ ਜ਼ਿਆਦਾ ਹੁੰਦਾ ਹੈ ਅਤੇ ਉਦੋਂ ਪ੍ਰਾਈਵੇਟ ਟਰੇਡਰਜ਼ ਲੈ ਲੈਂਦੇ ਹਨ ਅਤੇ ਜਦੋਂ ਭਾਅ ਨੀਵਾਂ ਆਉਂਦਾ ਹੈ ਤਾਂ ਫਿਰ ਸਾਡੀਆਂ ਸਾਰੀਆਂ ਏਜੰਸੀਆਂ ਅਲੱਰਟ ਹੁੰਦੀਆਂ ਹਨ ਉਹ ਫੌਰੀ ਤੌਰ ਤੇ ਖਰੀਦਣਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਇਸ ਬਾਰੇ ਪਹਿਲਾਂ ਹੀ ਸਾਰਾ ਪ੍ਰਬੰਧ ਕੀਤਾ ਹੁੰਦਾ ਹੈ।

**ਪ੍ਰੋਫੈਸਰ ਦਰਬਾਰੀ ਲਾਲ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੈਡੀ ਅਤੇ ਵੀਟ ਕਾਫੀ ਖਰੀਦੀ ਗਈ ਪਰ ਉਸ ਨੂੰ ਸੰਭਾਲਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਇਸ ਤਰ੍ਹਾਂ ਹਜ਼ਾਰਾਂ ਬੋਰੀਆਂ ਪੈਡੀ ਦੀਆਂ ਖਰਾਬ ਹੋ ਗਈਆਂ। ਪਿਛਲੇ ਸਾਲ ਹਜ਼ਾਰਾਂ ਮਣ ਪੈਡੀ ਗਲ ਗਈ। ਇਸ ਲਈ ਕੀ ਵਜ਼ੀਰ ਸਾਹਿਬ ਜ਼ਿੰਮੇਵਾਰ ਅਫ਼ਸਰਾਂ ਦੇ ਖਿਲਾਫ ਐਕਸ਼ਨ ਲੈਣਗੇ ?

**ਰਾਜ ਮੰਤਰੀ** : ਪ੍ਰੋਫੈਸਰ ਸਾਹਿਬ ਜੀ ਦੀ ਗਲ ਠੀਕ ਹੈ। ਲੇਕਿਨ ਇਕ ਗੱਲ ਮੈਂ ਇਨ੍ਹਾਂ ਦੀ ਯਾਦ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਸਾਡੀਆਂ ਸਟੇਟ ਦੀਆਂ 3 ਏਜੰਸੀਆਂ ਹਨ ਜਿਹੜੀਆਂ ਜਿਣਸ ਖਰੀਦਦੀਆਂ ਹਨ। ਉਹ ਹਨ —ਸਟੇਟ, ਪਨਸਪ ਅਤੇ ਮਾਰਕਫੈਡ। ਸਾਡੀ ਏਜੰਸੀਜ਼ ਦਾ ਕੋਈ ਪੈਡੀ ਦਾ ਮਾਲ ਖਰਾਬ ਨਹੀਂ ਹੁੰਦਾ। ਹੋ ਸਕਦਾ ਹੈ ਇਹ ਐਫ. ਸੀ. ਆਈ. ਦਾ ਹੋਵੇ। ਇਸ ਬਾਰੇ ਅਸੀਂ ਸੈਂਟਰਲ ਗੌਰਮਿੰਟ ਨੂੰ ਦੱਸਿਆ ਹੈ। ਬਾਕੀ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਸਾਡੀ ਏਜੰਸੀਜ਼ ਦਾ ਮਾਲ ਖਰਾਬ ਨਹੀਂ ਹੁੰਦਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਲੱਖਾ ਸਿੰਘ** : ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਇਕ ਗਲ੍ਹਾ ਮੰਡੀ ਹੈ, ਦੋ ਤਿੰਨ ਸਾਲ ਹੋ ਗਏ ਹਨ ਉਥੇ ਐਨਾ ਝੋਨਾ ਹੋਇਆ ਸੀ ਉਹ ਖਰਾਬ ਹੋ ਗਿਆ, ਬਰਬਾਦ ਹੋ ਗਿਆ। ਕੀ ਇਸ ਬਾਰੇ ਅਫ਼ਸਰਾਂ ਤੋਂ ਪੁੱਛ ਗਿਛ ਕੀਤੀ ਹੈ ?

**ਰਾਜ ਮੰਤਰੀ** : ਸਰਦਾਰ ਲੱਖਾ ਸਿੰਘ ਜੀ ਸਾਡੇ ਮਾਨਯੋਗ ਮੈਂਬਰ ਹਨ। ਇਹ ਸਾਨੂੰ ਦੱਸ ਦੇਣ, ਜੇ ਸਾਡੀ ਏਜੰਸੀ ਦਾ ਮਾਲ ਖਰਾਬ ਹੋਇਆ ਹੋਵੇ ਤਾਂ ਮੈਂ ਇਨਕੁਆਇਰੀ ਕਰਕੇ ਐਕਸ਼ਨ ਲਵਾਂਗਾ। ਜੇ ਐਫ. ਸੀ. ਆਈ. ਦਾ ਹੋਵੇ ਤਾਂ ਵੀ ਦੱਸ ਦੇਣ ਉਸ ਬਾਰੇ ਵੀ ਦੇਖ ਲਵਾਂਗੇ। ਇਹ ਸਾਨੂੰ ਦੱਸ ਦੇਣ, ਅਸੀਂ ਜ਼ਰੂਰ ਇਸ ਬਾਰੇ ਕਾਰਵਾਈ ਕਰਾਂਗੇ।

**ਮਾਸਟਰ ਬਾਬੂ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਐਫ. ਸੀ. ਆਈ. ਵਲੋਂ ਖਰੀਦਿਆ ਹੋਇਆ ਝੋਨਾ ਸ਼ੈਲਿੰਗ ਲਈ ਹਰਿਆਣਾ ਨੂੰ ਦਿੱਤਾ ਗਿਆ, ਇਸ ਤਰ੍ਹਾਂ ਪੰਜਾਬ ਦੀ ਸਰਕਾਰ ਨੂੰ ਵੀ ਘਾਟਾ ਪਿਆ ਅਤੇ ਪੰਜਾਬ ਦੇ ਸ਼ੈਲਰਾਂ ਨੂੰ ਵੀ ਘਾਟਾ ਪਿਆ। ਕੀ ਅੱਗੇ ਵਾਸਤੇ ਇਹ ਕ੍ਰਿਪਾ ਕਰਨਗੇ ਕਿ ਝੋਨਾ ਸ਼ੈਲਿੰਗ ਵਾਸਤੇ ਹਰਿਆਣਾ ਨੂੰ ਨਹੀਂ ਦਿੱਤਾ ਜਾਵੇਗਾ ਅਤੇ ਉਹ ਪੰਜਾਬ ਵਿਚ ਹੀ ਸ਼ੈਲ ਹੋਵੇਗਾ ?

**ਰਾਜ ਮੰਤਰੀ** : ਇਹ ਜਿਹੜਾ ਇਨ੍ਹਾਂ ਦਾ ਸਵਾਲ ਹੈ, ਇਸ ਉਤੇ ਪੂਰਾ ਗੌਰ ਕਰ ਰਹੇ ਹਾਂ ਪਰ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਐਫ. ਸੀ. ਆਈ. ਤੇ ਸਾਡਾ ਕੰਟਰੋਲ ਨਹੀਂ ਹੈ। ਜਿਥੋਂ ਤੱਕ ਮੈਂਬਰਾਂ ਨੇ ਇਹ ਸਵਾਲ ਉਠਾਇਆ ਹੈ ਕਿ ਝੋਨਾ ਐਫ. ਸੀ. ਆਈ. ਸਟੇਟ ਤੋਂ ਬਾਹਰ ਲੈ ਜਾ ਰਹੀ ਹੈ ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਸਾਡੇ ਕੋਲ ਸ਼ੈਲਿੰਗ ਪਾਵਰ ਨਹੀਂ ਸੀ ਜਿਸ ਕਰਕੇ ਝੋਨਾ ਬਾਹਰ ਜਾਂਦਾ ਰਿਹਾ ਸੀ ਪਰ ਹੁਣ ਪੰਜਾਬ ਵਿਚ ਸ਼ੈਲਿੰਗ ਕਪੈਸਿਟੀ ਬਹੁਤ ਵੱਧ ਹੈ। ਇਸ ਲਈ ਹੁਣ ਇਹ ਬਾਹਰ ਨਾ ਜਾਵੇ ਅਸੀਂ ਐਫ. ਸੀ. ਆਈ. ਨੂੰ ਲਿਖਿਆ ਹੈ।

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਮਹਿਕਮੇਂ ਦੇ ਵਿਚ ਤਰਪਾਲਾਂ ਅਤੇ ਬਾਰਦਾਨੇ ਦਾ ਬਹੁਤ ਵੱਡਾ ਸਕੈਂਡਲ ਹੋਇਆ ਸੀ। ਕੀ ਉਸ ਦੀ ਕੋਈ ਇਨਕੁਆਇਰੀ ਕਰਵਾਈ ਗਈ ਹੈ; ਜੇ ਇਨਕੁਆਇਰੀ ਕਰਵਾਈ ਗਈ ਹੈ ਤਾਂ ਉਸ ਬਾਰੇ ਕੀ ਐਕਸ਼ਨ ਲਿਆ ਗਿਆ ਹੈ; ਜੇ ਐਕਸ਼ਨ ਨਹੀਂ ਲਿਆ ਗਿਆ ਤਾਂ ਕੀ ਇਹ ਇਸ ਬਾਰੇ ਅਸ਼ੋਰੈਂਸ ਦੇਣਗੇ ਕਿ ਐਕਸ਼ਨ ਲਿਆ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਗੱਲ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ। ਫਿਰ ਵੀ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਇਸ ਬਾਰੇ ਮੈਨੂੰ ਸੈਪਰੇਟ ਦੱਸ ਦੇਣ ਜਾਂ ਇਹ ਇਸ ਬਾਰੇ ਮੈਨੂੰ ਮਿਲ ਲੈਣ, ਮੈਂ ਇਨ੍ਹਾਂ ਨੂੰ ਦੱਸ ਦਿਆਂਗਾ।

**ਸਰਦਾਰ ਪ੍ਰਿਥੀਪਾਲ ਸਿੰਘ** : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਕਣਕ ਖਰੀਦ ਕੇ ਵੈਗਨਾਂ ਵਿਚ ਭਰਦੇ ਹਨ ਤਾਂ ਇਨ੍ਹਾਂ ਦੇ ਮਹਿਕਮੇਂ ਦੇ ਜਿਹੜੇ ਇਨਸਪੈਕਟਰ ਹਨ ਉਹ ਵੈਗਨਾਂ ਵਿਚ ਇਕ-ਇਕ, ਦੋ-ਦੋ ਕਿਲੋ ਘੱਟ ਮਾਲ ਭਰਦੇ ਹਨ। ਕੀ ਇਹ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ਕਿ ਉਹ ਘੱਟ ਕਿਉਂ ਭਰਦੇ ਹਨ ?

**ਰਾਜ ਮੰਤਰੀ** : ਇਹ ਇਨ੍ਹਾਂ ਦਾ ਸਵਾਲ ਠੀਕ ਹੈ। ਇਸ ਉਤੇ ਸਰਕਾਰ ਵਲੋਂ ਧਿਆਨ ਨਾਲ ਗੌਰ ਕੀਤਾ ਗਿਆ। ਮਾਨਯੋਗ ਮੈਂਬਰ ਨੂੰ ਸ਼ਾਇਦ ਪਤਾ ਨਹੀਂ ਇਹ ਸਿਸਟਮ ਬਦਲ ਗਿਆ ਹੈ। ਜਦੋਂ ਅਸੀਂ ਐਫ. ਸੀ. ਆਈ. ਨੂੰ ਮਾਲ ਦਿੰਦੇ ਹਾਂ ਤਾਂ ਗੋਡਾਊਨ ਤੋਂ ਤੋਲ ਕੇ ਦਿੰਦੇ ਹਾਂ। ਫਿਰ ਉਸ ਦੇ ਬਾਅਦ ਐਫ. ਸੀ. ਆਈ. ਦੀ ਜ਼ਿੰਮੇਵਾਰੀ ਹੁੰਦੀ ਹੈ, ਸਾਡੀ ਜ਼ਿੰਮੇਵਾਰੀ ਨਹੀਂ ਹੁੰਦੀ।

Original with;
Punjab Vidhan Sabha
Digitized by;
Panjab Digital Library

**ਪਰੋਫੈਸਰ ਬਲਵੰਤ ਸਿੰਘ :** ਸਾਲ 1981-82 ਅਤੇ 1982-83 ਵਿਚ ਕਣਕ ਬਹੁਤ ਖਰੀਦੀ ਗਈ। ਉਸ ਵਿਚ ਮੁਐਸਚਰ ਬਾਰੇ ਸ਼ਰਤ ਸੀ ਜਿਸ ਕਰਕੇ ਮੁਲਾਜ਼ਮ ਅਤੇ ਖਾਸ ਕਰਕੇ ਅਫ਼ਸਰ ਬੜੀ ਰਿਸ਼ਵਤ ਲੈਂਦੇ ਰਹੇ। ਇਸ ਲਈ ਇਹ ਮੁਐਸਚਰ ਦੀ ਸ਼ਰਤ ਹਟਾ ਦੇਣੀ ਚਾਹੀਦੀ ਹੈ ਤਾਂਕਿ ਅਫ਼ਸਰ ਰਿਸ਼ਵਤਖੋਰੀ ਨਾ ਕਰਨ ?

**ਰਾਜ ਮੰਤਰੀ :** ਪ੍ਰੋਫੈਸਰ ਸਾਹਿਬ ਕਿਸਾਨਾਂ ਨਾਲ ਸਬੰਧ ਰਖਦੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੁਐਸਚਰ ਝੋਨੇ ਵਿਚ ਹੁੰਦੀ ਹੈ। ਇਹ ਸ਼ਿਕਾਇਤ ਕਣਕ ਵਿਚ ਨਹੀਂ ਹੁੰਦੀ। ਜੇ ਮੁਐਸਚਰ ਦੀ ਸ਼ਰਤ ਨਾ ਹੋਵੇ ਤਾਂ ਕਿਸਾਨ ਬਿਲਕੁਲ ਪਾਣੀ ਨਾਲ ਭਿੱਜਾ ਹੋਇਆ ਝੋਨਾ ਲੈ ਆਉਣਗੇ ਜਿਸ ਨਾਲ ਸਰਕਾਰ ਨੂੰ ਨੁਕਸਾਨ ਹੁੰਦਾ ਹੈ। ਇਸ ਲਈ ਇਹ ਮੁਐਸਚਰ ਦੀ ਸ਼ਰਤ ਹਟਾਈ ਨਹੀਂ ਜਾ ਸਕਦੀ।

**ਕਾਮਰੇਡ ਕੁਲਵੰਤ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਪਿਛਲੇ ਤਿੰਨ ਸਾਲਾਂ ਦਾ ਵੇਰਵਾ ਦਿੱਤਾ ਹੈ। ਇਕ ਗਲ ਮੈਂ ਝੋਨੇ ਅਤੇ ਕਣਕ ਦੇ ਭਾਅ ਸਬੰਧੀ ਕਹਿਣੀ ਚਾਹੁੰਦਾ ਹਾਂ। 1980-81 ਵਿਚ ਝੋਨੇ ਦੇ ਭਾਅ ਦਾ ਐਲਾਨ ਉਸ ਵੇਲੇ ਕੀਤਾ ਗਿਆ ਸੀ ਜਦੋਂ ਕਿ ਲੋਕਾਂ ਨੇ 1/3 ਹਿੱਸਾ ਫਸਲ ਦਾ ਮੰਡੀਆਂ ਵਿਚ ਸਿਟ ਲਿਆ ਸੀ। ਇਹ ਗੱਲ ਠੀਕ ਨਹੀਂ ਹੈ। ਪੰਜਾਬ ਸਰਕਾਰ ਨੂੰ ਸੈਂਟਰਲ ਸਰਕਾਰ ਉਤੇ ਦਬਾਅ ਪਾ ਕੇ ਫਸਲ ਬੀਜਣ ਸਮੇਂ ਹੀ ਝੋਨੇ ਅਤੇ ਕਣਕ ਦੇ ਭਾਅ ਦਾ ਐਲਾਨ ਕਰਾਉਣ ਦੇ ਲਈ ਯਤਨ ਕਰਨੇ ਚਾਹੀਦੇ ਹਨ ਤਾਂਕਿ ਲੋਕੀਂ ਨੁਕਸਾਨ ਤੋਂ ਬਚ ਜਾਣ। ਕੀ ਪੰਜਾਬ ਸਰਕਾਰ ਇਸ ਵਲ ਧਿਆਨ ਦੇਵੇਗੀ ? ਇਸ ਤੋਂ ਇਲਾਵਾ ਇਹ ਰੌਲਾ ਪਿਆ ਹੈ ਕਿ ਮਨਿਸਟਰ ਦੇ ਮੁੰਡੇ ਤੋਂ ਕਣਕ ਫੜੀ ਗਈ ਹੈ। ਕੀ ਮਾਨਯੋਗ ਮਨਿਸਟਰ ਸਾਹਿਬ ਇਸ ਬਾਰੇ ਚਾਨਣਾ ਪਾਉਣ ਦੀ ਖੇਚਲ ਕਰਨਗੇ ਕਿ ਇਸ ਗੱਲ ਵਿਚ ਕਿੰਨੀ ਕੁ ਸਚਾਈ ਹੈ ਅਤੇ ਜੇ ਕਣਕ ਫੜੀ ਹੈ ਤਾਂ ਉਸ ਉਤੇ ਕੀ ਐਕਸ਼ਨ ਲਿਆ ਗਿਆ ਹੈ ?

**ਰਾਜ ਮੰਤਰੀ :** ਜਿਥੋਂ ਤਕ ਭਾਅ ਦੇ ਐਲਾਨ ਕਰਨ ਦਾ ਸਬੰਧ ਹੈ, ਇਸ ਬਾਰੇ ਅੱਜ ਹੀ ਲੋਕ ਸਭਾ ਵਿਚ ਮਨਿਸਟਰ ਸਾਹਿਬ ਦਾ ਬਿਆਨ ਆਇਆ ਹੈ ਕਿ ਕਣਕ ਦੀ ਮੰਡੀਆਂ ਵਿਚ ਆਮਦ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਸ ਦੇ ਭਾਅ ਦਾ ਐਲਾਨ ਕਰ ਦਿਤਾ ਜਾਵੇਗਾ। ਦੂਸਰਾ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਮਨਿਸਟਰ ਦੇ ਲੜਕੇ ਕੋਲੋਂ ਕਣਕ ਫੜੀ ਗਈ ਹੈ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਚ ਕੋਈ ਸਚਾਈ ਨਹੀਂ ਹੈ। ਮਨਿਸਟਰ ਦੇ ਮੁੰਡੇ ਕੋਲੋਂ ਕੋਈ ਕਣਕ ਨਹੀਂ ਫੜੀ ਗਈ। ਮੈਂ ਇਸ ਹਾਊਸ ਵਿਚ ਸਪੱਸ਼ਟ ਐਲਾਨ ਕਰਦਾ ਹਾਂ ਕਿ ਐਸੀ ਕੋਈ ਗੱਲ ਨਹੀਂ। ਕੁਝ ਮਾਯੂਸ ਸਿਆਸਤਦਾਨ ਹਸਦ ਦੇ ਕਾਰਨ ਗਲਤ ਪ੍ਰਚਾਰ ਕਰਦੇ ਹਨ। ਜਿਹੜੀ ਕਣਕ ਫੜੀ ਗਈ ਸੀ, ਉਹ ਚੱਕੀ ਵਾਲਿਆਂ ਤੋਂ ਫੜੀ ਗਈ ਸੀ। ਉਨ੍ਹਾਂ ਦੋਹਾਂ ਚੱਕੀਆਂ ਦਾ ਚਲਾਨ ਕਰ ਦਿਤਾ ਗਿਆ ਹੈ ਅਤੇ ਉਨ੍ਹਾਂ ਦੇ ਲਾਈਸੈਂਸ ਕੈਂਸਲ ਕਰ ਦਿਤੇ ਗਏ ਹਨ (ਥੰਪਿੰਗ)।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ : 1813**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ)।

---

## New Tubewell Connections in District Patiala

***1811. Sardar Birdevinder Singh :** Will the Chief Minister be pleased to state the number of applications received by the Punjab State Electricity Board for new tubewell connections from district Patiala in the

Original with;
Punjab Vidhan Sabha
Digitized by;
Panjab Digital Library

[Sardar Birde Balvinder Singh]

Calendar year 1980, 1981 and 1982, separately the number of connections given so far against those applications year-wise ?

**Doctor Kewal Krishan** (Finance Minister) : Applications received and connections released in Patiala Circle during the past three years are as follow :—

| Serial No. | Year | | Applications received | Connections released |
|---|---|---|---|---|
| 1 | 2 | | 3 | 4 |
| 1. | 1980 | .. | 3,805 | 500 |
| 2. | 1981 | .. | 3,994 | 1,486 |
| 3. | 1982 | .. | 2,856 | 2,269 |
| | | | 10,655 | |

Tubewell connections released in the District of Patiala during the same periods are as under :—

| Serial No. | Year | | Connections released |
|---|---|---|---|
| 1. | 1980 | .. | 2,922 |
| 2. | 1981 | .. | 1,998 |
| 3. | 1982 | .. | 2,784 |

**ਸਰਦਾਰ ਬੀਰਦਵਿੰਦਰ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ ਸਾਲ 1980 ਵਿਚ 3,805 ਅਰਜ਼ੀਆਂ ਪ੍ਰਾਪਤ ਹੋਈਆਂ ਜਿਨ੍ਹਾਂ ਵਿਚੋਂ ਕੇਵਲ 500 ਕੁਨੈਕਸ਼ਨ ਹੀ ਰਿਲੀਜ਼ ਕੀਤੇ ਗਏ। ਇਸ ਦਾ ਮਤਲਬ ਇਹ ਹੋਇਆ ਕਿ 3,305 ਅਰਜ਼ੀਆਂ ਉਸ ਵੇਲੇ ਪੈਂਡਿੰਗ ਰੱਖੀਆਂ ਗਈਆਂ। ਫਿਰ ਇਨ੍ਹਾਂ ਨੇ ਦਸਿਆ ਹੈ ਕਿ ਸਾਲ 1981 ਵਿਚ 3,994 ਅਰਜ਼ੀਆਂ ਪ੍ਰਾਪਤ ਹੋਈਆਂ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਲ 1980 ਦੀਆਂ ਜਿਹੜੀਆਂ 3305 ਅਰਜ਼ੀਆਂ ਪੈਂਡਿਗ ਸਨ, ਕੀ ਉਹ 3,994 ਦੇ ਵਿਚ ਸ਼ਾਮਲ ਹਨ, ਜਾਂ ਇਹ 3994 ਅਰਜ਼ੀਆਂ ਸਾਲ 1981 ਵਿਚ ਨਵੀਆਂ ਰਿਸੀਵ ਕੀਤੀਆਂ ਗਈਆਂ ? ਜੇ ਇਹ ਨਵੀਆਂ ਰਿਸੀਵ ਕੀਤੀਆਂ ਗਈਆਂ ਤਾਂ ਪਹਿਲੀਆਂ 3,305 ਅਰਜ਼ੀਆਂ ਦਾ ਕੀ ਕੀਤਾ ਗਿਆ ਹੈ, ਉਨ੍ਹਾਂ ਦਾ ਕੀ ਬਣਿਆ ਹੈ ?

Original with;
Punjab Vidhan Sabha
Digitized by;
Panjab Digital Library

ਦੂਸਰੀ ਗੱਲ ਮੈਂ ਇਹ ਪੁੱਛਣੀ ਚਾਹੁੰਦਾ ਹਾਂ ਕਿ ਕੁਨੈਕਸ਼ਨ ਦੇਣ ਦਾ ਜਿਹੜਾ ਨਾਰਮਲ ਰੁਟੀਨ ਹੈ ਉਸ ਅਧੀਨ ਕਿੰਨੇ ਕੁਨੈਕਸ਼ਨ ਦਿੱਤੇ ਗਏ ਅਤੇ ਜਿਹੜੀ ਨਵੀਂ ਸਕੀਮ ਹੈ, ਜਿਸ ਨੂੰ ਕਿ ਕਿਸਾਨ-ਮਾਰੂ ਸਕੀਮ ਵੀ ਕਿਹਾ ਜਾ ਸਕਦਾ ਹੈ, ਉਸ ਅਧੀਨ ਕਿੰਨੇ ਕੁਨੈਕਸ਼ਨ ਦਿੱਤੇ ਗਏ ? ਜਿਹੜੀ ਨਵੀਂ ਸਕੀਮ ਹੈ ਜਿਸ ਅਧੀਨ 10,000 ਰੁਪਏ ਜਮ੍ਹਾਂ ਕਰਵਾਉਣੇ ਪੈਂਦੇ ਹਨ, ਉਸ ਦੀ ਅਤੇ ਪੁਰਾਣੀ ਸਕੀਮ ਦੀ ਕੁਨੈਕਸ਼ਨ ਦੇਣ ਦੀ ਰੇਸ਼ੋ ਕੀ ਹੈ ? ਇਹ ਵੀ ਦੱਸਿਆ ਜਾਵੇ ਕਿ 1980 ਤੋਂ ਲੈ ਕੇ ਹੁਣ ਤਕ ਕੁੱਲ ਕਿੰਨੀਆਂ ਐਪਲੀਕੇਸ਼ਨਜ਼ ਰਿਸੀਵ ਹੋਈਆਂ ਹਨ ਅਤੇ ਉਨ੍ਹਾਂ ਵਿਚੋਂ ਕੁੱਲ ਕਿੰਨੇ ਕੁਨੈਕ-ਸ਼ਨ ਰਿਲੀਜ਼ ਕੀਤੇ ਗਏ ਹਨ ?

**ਵਿੱਤ ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਇਕੋ ਹੀ ਵਾਰੀ ਵਿਚ 5–6 ਸਪਲੀਮੈਂਟਰੀਜ਼ ਕਰਨ ਦੀ ਇਜਾਜ਼ਤ ਮਾਨਯੋਗ ਮੈਂਬਰ ਨੂੰ ਦੇ ਦਿਤੀ ਹੈ। ਜਿਹੜਾ ਇਨ੍ਹਾਂ ਨੇ ਪੁੱਛਿਆ ਹੈ ਕਿ 1980, 1981 ਅਤੇ 1982 ਵਿਚ ਕੁੱਲ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ, ਉਸ ਦੇ ਬਾਰੇ ਜਵਾਬ ਇਹ ਹੈ ਕਿ ਕੁੱਲ 10,655 ਅਰਜ਼ੀਆਂ ਪ੍ਰਾਪਤ ਹੋਈਆਂ ਜਿਨ੍ਹਾਂ ਵਿਚ 3805 3305 ਅਤੇ 3994 ਤਿੰਨਾਂ ਸਾਲਾਂ 1980, 1981 ਅਤੇ 1982 ਦਾ ਟੋਟਲ ਹੈ, ਜਿਨ੍ਹਾਂ ਵਿਚੋਂ 4255 ਟਿਊਬਵੈਲਾਂ ਨੂੰ ਕੁਨੈਕਸ਼ਨ ਦਿੱਤੇ ਗਏ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਸਾਲ 1980 ਵਿਚ 500 ਕੁਨੈਕਸ਼ਨ ਦਿੱਤੇ ਗਏ, 1981 ਵਿਚ ਇਹ ਵੱਧ ਕੇ 1486 ਹੋ ਗਏ ਅਤੇ 1982 ਵਿਚ ਵਧਾ ਕੇ 2269 ਕੁਨੈਕਸ਼ਨ ਦਿੱਤੇ ਗਏ। ਇਹ ਸਰਗਰਮੀਆਂ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਹਨ। ਦੂਸਰੀ ਜਿਹੜੀ 10,000 ਰੁਪਏ ਵਾਲੀ ਪਰਾਇਰਿਟੀ ਵਾਲੀ ਸਕੀਮ ਹੈ, ਉਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਕੀਮ ਹਾਲੇ ਵ੍ਰਕ-ਆਊਟ ਹੋ ਰਹੀ ਹੈ। ਇਸ ਸਕੀਮ ਅਧੀਨ ਸਰਕਾਰ ਕੁਨੈਕਸ਼ਨ ਦੇਣ ਦੀ ਤਿਆਰੀ ਜ਼ਰੂਰ ਕਰ ਰਹੀ ਹੈ ਪਰ ਹਾਲੇ ਤੱਕ ਕੁਨੈਕਸ਼ਨ ਕੋਈ ਨਹੀਂ ਦਿੱਤਾ। ਮੈਂ ਇਹ ਵੀ ਗੱਲ ਹਾਊਸ ਦੇ ਮਾਨਯੋਗ ਮੈਂਬਰਜ਼ ਨੂੰ ਦੱਸ ਦੇਣਾ ਚਾਹਵਾਂਗਾ ਕਿ 10,000 ਰੁਪਏ ਦੀ ਇਕ ਕੁਨੈਕਸ਼ਨ ਬਾਰੇ ਵਸੂਲੀ ਦਾ ਪ੍ਰਭਾਵ ਸਿਲਸਿਲਾ ਵਾਰ ਦੇਣ ਵਾਲੇ ਟਿਊਬਵੈਲ ਕੁਨੈਕਸ਼ਨ ਤੇ ਨਹੀਂ ਹੋਵੇਗਾ। ਉਸ ਨੂੰ ਲਗਾਤਾਰ ਕਾਇਮ ਰਖਿਆ ਜਾਵੇਗਾ।

**ਸਰਦਾਰ ਬੀਰਦਵਿੰਦਰ ਸਿੰਘ**: ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਜੀ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਨਵੀਂ ਸਕੀਮ ਅਧੀਨ ਬਿਜਲੀ ਬੋਰਡ ਨੇ ਤਕਰੀਬਨ 9 ਕਰੋੜ ਰੁਪਏ ਕਿਸਾਨਾਂ ਪਾਸੋਂ ਪ੍ਰਾਪਤ ਕੀਤੇ। ਕੀ ਇਹ ਗੱਲ ਦਰੁਸਤ ਹੈ ? ਮੰਤਰੀ ਜੀ ਇਸ ਬਾਰੇ ਕਲੀਅਰ ਕਰਨ ਦੀ ਖੇਚਲ ਕਰਨ। ਦੂਸਰੀ ਗੱਲ ਇਹ ਹੈ ਕਿ 1980 ਵਾਲੀਆਂ ਬਕਾਇਆ ਅਰ-ਜ਼ੀਆਂ ਵਿਚ ਕਿਸਾਨਾਂ ਨੇ ਟੈਸਟ ਰਿਪੋਰਟਾਂ ਲਈਆਂ ਹੋਈਆਂ ਹਨ। ਇਸ ਦਾ ਮਤਲਬ ਇਹ ਹੋਇਆ ਕਿ ਉਨ੍ਹਾਂ ਨੇ ਹਜ਼ਾਰਾਂ ਰੁਪਏ ਖਰਚ ਕਰਕੇ ਬੋਰ ਕਰਵਾਏ, ਮੋਟਰਾਂ ਖਰੀਦੀਆਂ ਪਰ ਉਨ੍ਹਾਂ ਨੂੰ ਕੁਨੈਕ-ਸ਼ਨ ਕੋਈ ਵੀ ਨਹੀਂ ਰਿਲੀਜ਼ ਕੀਤਾ। ਉਨ੍ਹਾਂ ਦੀਆਂ ਅਰਜ਼ੀਆਂ ਡੰਪ ਪਈਆਂ ਹੋਈਆਂ ਹਨ। ਕੀ ਇਸ ਬਾਰੇ ਮੰਤਰੀ ਜੀ ਅਸ਼ੋਅਰੈਂਸ ਦੇਣਗੇ ਕਿ ਉਨ੍ਹਾਂ ਨੂੰ ਕੁਨੈਕਸ਼ਨ ਦੇਣ ਵਾਸਤੇ ਕੋਈ ਟਾਈਮ-ਬਾਊਂਡ ਪ੍ਰੋਗਰਾਮ ਬਣਾਇਆ ਜਾਵੇਗਾ ਅਤੇ ਨਵੀਂ ਸਕੀਮ ਪੁਰਾਣੀ ਸਕੀਮ ਉਤੇ ਹਾਵੀ ਨਹੀਂ ਹੋਵੇਗੀ ? ਨਵੀਂ ਸਕੀਮ ਅਧੀਨ ਜਿਹੜਾ ਕੁਨੈਕਸ਼ਨ ਕਿਸਾਨਾਂ ਨੂੰ ਮਿਲਣਾ ਹੈ, ਉਹ ਬਹੁਤ ਮਹਿੰਗਾ ਪੈਣਾ ਹੈ। ਕੀ ਮੰਤਰੀ ਜੀ ਕਿਸਾਨਾਂ ਦੇ ਹਿੱਤ ਵਿਚ ਪੁਰਾਣੀ ਸਕੀਮ ਨੂੰ ਰਿਵਾਈਜ਼ ਕਰਨ ਨੂੰ ਤਿਆਰ ਹਨ ?

**ਮੰਤਰੀ**: ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਪੁੱਛਿਆ ਹੈ ਕਿ 9 ਕਰੋੜ ਰੁਪਿਆ ਇਕੱਠਾ ਹੋਇਆ ਹੈ ਕਿ ਨਹੀਂ, ਇਸ ਬਾਰੇ ਇਨ੍ਹਾਂ ਨੂੰ ਵਖਰਾ ਨੋਟਿਸ ਦੇਣਾ ਚਾਹੀਦਾ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰੇ ਸਵਾਲਾਂ ਦਾ ਜਵਾਬ ਵਿੱਤ ਮੰਤਰੀ ਜੀ ਦੇ ਰਹੇ ਹਨ ਅਤੇ ਵਿੱਤ ਮੰਤਰੀ ਹੋਣ ਦੀ ਹੈਸੀਅਤ ਵਿਚ ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਹੈ ਕਿ ਇਹ 9 ਕਰੋੜ ਰੁਪਏ ਉਨ੍ਹਾਂ ਦੇ ਖਜ਼ਾਨੇ ਵਿਚ ਜਮ੍ਹਾਂ ਹੋਏ ਹਨ ਕਿ ਨਹੀਂ ? ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਿਜਲੀ ਬੋਰਡ ਦੀ ਕਰੰਟ ਪੁਜ਼ੀਸ਼ਨ ਕੀ ਹੈ ?

**ਮੰਤਰੀ** : ਸਪੀਕਰ ਸਾਹਿਬ ਮੈਂ ਮਾਨਯੋਗ ਮੈਂਬਰ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਕੁਨੈਕਸ਼ਨ ਦੇਣ ਦਾ ਸਵਾਲ ਹੈ, ਉਸਦੇ ਮੁਤੱਲਕ ਫਸਟ ਕਮ, ਫਸਟ ਸਰਵ ਵਾਲੀ ਪਾਲਿਸੀ ਕਾਇਮ ਰੱਖੀ ਜਾਵੇਗੀ ਅਤੇ ਉਸਨੂੰ ਡਿਸਟਰਬ ਨਹੀਂ ਕੀਤਾ ਜਾਵੇਗਾ। ਪਰਾਇਰਿਟੀ ਦੇ ਮੁਤਾਬਿਕ ਬੇਟ ਏਰੀਆ, ਕੰਡੀ ਏਰੀਏ ਅਤੇ ਬਾਰਡਰ ਏਰੀਏ ਲਈ ਜਿਹੜੀ ਰਿਜ਼ਰਵੇਸ਼ਨ ਹੈ, ਉਹ ਵੀ ਕਾਇਮ ਰੱਖੀ ਜਾਵੇਗੀ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਜਿਨ੍ਹਾਂ ਮਾਰਜਨਲ ਫਾਰਮਰਜ਼ ਨੇ ਟੈਸਟ ਰਿਪੋਰਟ ਦਿੱਤੀ ਹੋਈ ਹੈ, ਉਨ੍ਹਾਂ ਨੇ ਹਜ਼ਾਰਾਂ ਰੁਪਏ ਖਰਚ ਕੀਤੇ ਹੋਏ ਹਨ। ਉਨ੍ਹਾਂ ਨੂੰ ਕਿੰਨੇ ਕਿੰਨੇ ਸਾਲ ਹੋ ਗਏ ਹਨ, ਕਰਜ਼ਾ ਲਿਆਂ ਨੂੰ ਅਤੇ ਉਹ ਸੂਦ ਭਰੀ ਜਾ ਰਹੇ ਹਨ। 3–3 ਸਾਲ ਹੋ ਗਏ ਹਨ ਕਰਜ਼ਾ ਲਏ ਨੂੰ। ਮੋਟਰਾਂ ਤੇ ਪੈਸੇ ਖਰਚ ਕੀਤੇ ਹੋਏ ਹਨ। ਪੁਰਾਣੀ ਸਕੀਮ ਦੇ ਮੁਤਾਬਿਕ ਉਨ੍ਹਾਂ ਨੂੰ ਜਨਵਰੀ ਵਿਚ ਕੁਨੈਕਸ਼ਨ ਮਿਲਣੇ ਸਨ ਪਰ ਨਵੀਂ ਸਕੀਮ ਦੇ ਮੁਤਾਬਿਕ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਹੋਰ 3–3 ਹਜ਼ਾਰ ਰੁਪਏ ਜਮ੍ਹਾਂ ਕਰਵਾਓ। ਕੀ ਸਰਕਾਰ ਉਨ੍ਹਾਂ ਨੂੰ ਪਹਿਲੇ ਹਿਸਾਬ ਨਾਲ ਹੀ ਕੁਨੈਕਸ਼ਨ ਦੇਵੇਗੀ ?

**ਮੰਤਰੀ**: ਕਾਮਰੇਡ ਸਾਹਿਬ ਦੇ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਮੈਂ ਬਿਜਲੀ ਬੋਰਡ ਵਲੋਂ 9 ਕਰੋੜ ਰੁਪਏ ਜਮ੍ਹਾਂ ਕਰਵਾਉਣ ਵਾਲੇ ਸਵਾਲ ਦਾ ਜਵਾਬ ਦੇ ਦਿੰਦਾ ਹਾਂ। ਜਵਾਬ ਇਹ ਹੈ ਕਿ ਹਾਲੇ ਕੇਵਲ 8,000 ਅਰਜ਼ੀਆਂ ਆਈਆਂ ਹਨ, ਅਜੇ ਪੈਸੇ ਜਮ੍ਹਾਂ ਨਹੀਂ ਕਰਵਾਏ ਗਏ ਕਿਉਂਕਿ ਪੈਸੇ ਜਮ੍ਹਾਂ ਕਰਵਾਉਣ ਦਾ ਸਿਲਸਿਲਾ ਟੈਸਟ ਰਿਪੋਰਟ ਆਉਣ ਤੋਂ ਉਪਰੰਤ ਆਰੰਭ ਹੁੰਦਾ ਹੈ।

**Sardar Birdevinder Singh** : I would like to know the total number of applications received and the amount thereof.

**Minister** : You should not interfere when I am replying to the supplementary question. I am on my legs.

**Sardar Birdevinder Singh** : I have the right to interfere when the hon. Minister is replying to my previous basic supplementary question.

**Minister** : When I am replying to the supplementary question then nobody should interfere.

**Mr. Speaker** : There should be no interference.

**ਮੰਤਰੀ** : ਸਪੀਕਰ ਸਾਹਿਬ, ਜੋ ਕਾਮਰੇਡ ਕੁਲਵੰਤ ਸਿੰਘ ਜੀ ਨੇ ਕਿਹਾ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਚਾਰਜਿਜ਼ 1 ਹਜ਼ਾਰ ਰੁਪਏ ਤੋਂ 3 ਹਜ਼ਾਰ ਰੁਪਏ ਕੀਤੇ ਗਏ ਹਨ ਉਸ ਦੇ ਬਾਰੇ ਮੈਂ ਕੱਲ੍ਹ ਵੀ ਅਰਜ਼ ਕੀਤੀ ਸੀ ਕਿ ਇਕ ਕੁਨੈਕਸ਼ਨ ਦੇਣ ਲਈ ਪੰਜਾਬ ਰਾਜ ਬਿਜਲੀ ਬੋਰਡ ਦਾ ਐਵਰੇਜ ਖਰਚਾ 8 ਹਜ਼ਾਰ ਰੁਪਿਆ ਹੁੰਦਾ ਹੈ। ਇਹ ਖਰਚਾ 40 ਹਜ਼ਾਰ ਰੁਪਿਆ ਵੀ ਹੋ ਸਕਦਾ ਹੈ, 50 ਹਜ਼ਾਰ ਰੁਪਿਆ ਵੀ ਹੋ ਸਕਦਾ ਹੈ ਮਗਰ ਐਵਰੇਜ ਖਰਚ 8 ਹਜ਼ਾਰ ਰੁਪਿਆ ਹੀ ਹੈ। ਸੋ ਇਸ ਕਰਕੇ ਇਹ 3 ਹਜ਼ਾਰ ਰੁਪਿਆ ਕੀਤਾ ਗਿਆ ਹੈ ਤਾਂ ਕਿ ਲੋਕਾਂ ਨੂੰ ਕੁਨੈਕਸ਼ਨ ਤੇਜ਼ੀ ਨਾਲ ਦੇ ਸਕੀਏ। 3 ਹਜ਼ਾਰ ਰੁਪਿਆ 8 ਹਜ਼ਾਰ ਰੁਪਏ ਦੇ ਮੁਕਾਬਲੇ ਵਿੱਚ 5 ਹਜ਼ਾਰ ਰੁਪਏ ਘੱਟ ਹਨ।

Original with;
Punjab Vidhan Sabha
Digitized by;
Panjab Digital Library

**ਕਾਮਰੇਡ [illegible] ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਸਾਲ 1980, 1981 ਅਤੇ 1982 ਵਿਚ ਦਰਖਾਸਤਾਂ ਦਿਤੀਆਂ ਸਨ ਔਰ ਉਨ੍ਹਾਂ ਨੂੰ ਟਿਊਬਵੈਲ ਕੁਨੈਕਸ਼ਨਜ਼ ਨਹੀਂ ਦਿੱਤੇ ਗਏ। ਇਸ ਦੇ ਵਿੱਚ ਕਸੂਰ ਉਨ੍ਹਾਂ ਲੋਕਾਂ ਦਾ ਕੋਈ ਨਹੀਂ ਹੈ, ਕਸੂਰ ਬਿਜਲੀ ਬੋਰਡ ਦਾ ਹੈ ਜਾਂ ਸਰਕਾਰ ਦਾ ਹੈ ਜਿਹੜੀ ਹੁਣ ਤਕ ਲੋਕਾਂ ਨੂੰ ਕੁਨੈਕਸ਼ਨਜ਼ ਨਹੀਂ ਦੇ ਸਕੀ। ਪਹਿਲਾਂ ਜਿਹੜੀ ਸਿਕਿਉਰਿਟੀ 1 ਹਜ਼ਾਰ ਰੁਪਿਆ ਹੁੰਦੀ ਸੀ ਉਸ ਦੇ ਵਿਚੋਂ 500 ਰੁਪਿਆ ਬਿਲਾਂ ਵਿੱਚ ਕਟਿਆ ਜਾਂਦਾ ਸੀ। ਪਰ ਹੁਣ ਇਨ੍ਹਾਂ ਨੇ 3 ਹਜ਼ਾਰ ਰੁਪਿਆ ਜੋ ਕੀਤਾ ਹੈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਸਾਲ 1980, 1981 ਅਤੇ 1982 ਵਿੱਚ ਦਰਖਾਸਤਾਂ ਦਿਤੀਆਂ ਸਨ ਔਰ ਉਨ੍ਹਾਂ ਨੂੰ ਹੁਣ ਤਕ ਕੁਨੈਕਸ਼ਨਜ਼ ਨਹੀਂ ਮਿਲ ਸਕੇ ਕੀ ਉਨ੍ਹਾਂ ਤੋਂ ਵੀ 3 ਹਜ਼ਾਰ ਰੁਪਿਆ ਲਿਆ ਜਾਵੇਗਾ ਜਾਂ ਪਹਿਲੇ ਵਾਲੀ ਸਿਕਿਉਰਿਟੀ ਤੇ ਹੀ ਕੁਨੈਕਸ਼ਨਜ਼ ਦਿੱਤੇ ਜਾਣਗੇ ?

ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਰੇਟ ਵਧਾਇਆ ਗਿਆ ਹੈ, ਇਸ ਦੇ ਨਾਲ ਲੋਕਾਂ ਤੇ ਬੜਾ ਭਾਰ ਪਿਆ ਹੈ ਕੀ ਲੋਕਾਂ ਤੇ ਭਾਰ ਘਟਾਉਣਗੇ ਕਿਉਂਕਿ ਕਿਸਾਨ ਇਸ ਭਾਰ ਨਾਲ ਬੜੇ ਦਬ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਕਿਸਾਨਾਂ ਨੂੰ ਭਾਰ ਨਹੀਂ ਬਲਿਕ ਰਿਲੀਫ ਮਿਲੀ ਹੈ। ਫਲੈਟ ਰੇਟ ਜੋ ਉਨ੍ਹਾਂ ਤੋਂ ਲਿਆ ਜਾਂਦਾ ਹੈ ਉਹ 13 ਪੈਸੇ ਯੂਨਿਟ ਦੇ ਹਿਸਾਬ ਨਾਲ ਲਿਆ ਜਾਂਦਾ ਹੈ। ਔਰ ਇਹ 13 ਪੈਸੇ ਸਾਰੇ ਹਿੰਦੁਸਤਾਨ ਵਿੱਚ ਕਿਧਰੇ ਵੀ ਨਹੀਂ ਹੈ। ਸਪੀਕਰ ਸਾਹਿਬ, ਮੈਂ ਪਹਿਲੇ ਵੀ ਦੱਸ ਚੁੱਕਾ ਹਾਂ ਕਿ ਇਕ ਕੁਨੈਕਸ਼ਨ ਤੇ ਐਵਰੇਜ 8 ਹਜ਼ਾਰ ਰੁਪਿਆ ਖਰਚਾ ਆਉਂਦਾ ਹੈ ਔਰ 3 ਹਜ਼ਾਰ ਰੁਪਿਆ ਲਿਆ ਜਾਂਦਾ ਹੈ, ਇਹ 5 ਹਜ਼ਾਰ ਰੁਪਿਆ ਵੀ ਇਕ ਕਿਸਮ ਦਾ ਸਬਸਿਡੀ ਦੇ ਤੌਰ ਤੇ ਦਿਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਆਨਰੇਬਲ ਮੈਂਬਰਜ਼ ਨੂੰ ਭਾਰ ਨਹੀਂ ਸਮਝਣਾ ਚਾਹੀਦਾ ਜੇ ਲੋਕਾਂ ਨੂੰ ਜ਼ਿਆਦਾ ਕੁਨੈਕਸ਼ਨਜ਼ ਦੇਣੇ ਹਨ ਤਾਂ ਉਸ ਦੇ ਲਈ ਜ਼ਰੂਰੀ ਹੈ ਕਿ ਬਿਜਲੀ ਬੋਰਡ ਕੋਲ ਪੈਸਾ ਜ਼ਿਆਦਾ ਹੋਵੇ ਕਿਉਂਕਿ ਕਈ ਥਾਵਾਂ ਤੇ ਤਾਰਾਂ ਖਿਚਣੀਆਂ ਪੈਂਦੀਆਂ ਹਨ, ਖੰਬੇ ਲਾਉਣੇ ਪੈਂਦੇ ਹਨ, ਇਸ ਕਈ ਖਰਚੇ ਬਰਦਾਸ਼ਤ ਕਰਨੇ ਪੈਂਦੇ ਹਨ। ਦੂਸਰਾ, ਜੋ ਇਨ੍ਹਾਂ ਨੇ ਪੁੱਛਿਆ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਪਿਛਲੀਆਂ ਦਰਖਾਸਤਾਂ ਆਈਆਂ ਹਨ ਅਤੇ ਜਿਨ੍ਹਾਂ ਨੂੰ ਕੁਨੈਕਸ਼ਨਜ਼ ਨਹੀਂ ਮਿਲਿਆ ਉਨ੍ਹਾਂ ਤੋਂ ਵੀ 3 ਹਜ਼ਾਰ ਰੁਪਿਆ ਲਿਆ ਜਾਵੇਗਾ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 1980, 1981 ਅਤੇ 1982 ਵਿੱਚ ਜਿਨ੍ਹਾਂ ਲੋਕਾਂ ਨੇ ਐਪਲੀਕੇਸ਼ਨਜ਼ ਦਿੱਤੀਆਂ ਉਨ੍ਹਾਂ ਨੂੰ ਕੁਨੈਕਸ਼ਨਜ਼ ਨਹੀਂ ਮਿਲੇ। ਗੌਰਮਿੰਟ ਨੇ ਇਕ ਫੈਸਲਾ ਕੀਤਾ ਸੀ ਕਿ ਜਿਹੜੀ ਕਲਰੀ ਜ਼ਮੀਨ ਹੈ ਉਸ ਵਾਸਤੇ ਪ੍ਰਾਇਰਿਟੀ ਦਿੱਤੀ ਜਾਵੇਗੀ, ਉਨ੍ਹਾਂ ਲੋਕਾਂ ਨੂੰ ਕੁਨੈਕਸ਼ਨਜ਼ ਪ੍ਰਾਇਰਿਟੀ ਤੇ ਦਿਤੇ ਜਾਣਗੇ। ਉਹ ਕੁਨੈਕਸ਼ਨਜ਼ ਕਿੰਨੇ ਦਿੱਤੇ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਇਕ ਵੱਖਰਾ ਸਵਾਲ ਹੈ। ਅਗਰ ਮਾਨਯੋਗ ਮੈਂਬਰ ਸਾਹਿਬ ਇਸ ਦੇ ਬਾਰੇ ਜਾਣਨਾ ਚਾਹੁੰਦੇ ਹਨ ਤਾਂ ਨੋਟਿਸ ਦੇ ਦੇਣ। ਇਨ੍ਹਾਂ ਨੂੰ ਬਿਲਕੁਲ ਠੀਕ ਜਵਾਬ ਮਿਲ ਜਾਵੇਗਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ : 1828**

**Mr. Speaker** : Next question, Sardar Dalip Singh Pandhi. ਪ੍ਰੋਫੈਸਰ ਬਲਵੰਤ ਸਿੰਘ ਜੀ ਤੁਸੀਂ ਸੁਆਲ ਪੁੱਟ ਕਰਨਾ ਚਾਹੁੰਦੇ ਹੋ ? ਤੁਹਾਡੇ ਨਾਮ ਦੀ ਅਥਾਰਿਟੀ ਮੇਰੇ ਕੋਲ ਹੈ।

Original with;
Punjab Vidhan Sabha
Digitized by;
Punjab Digital Library

**ਪ੍ਰੋਫੈਸਰ ਬਲਵੰਤ ਸਿੰਘ** : ਨਹੀਂ ਜੀ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਅਥਾਰਿਟੀ ਪੜ੍ਹ ਦਿਓ, ਕੀ ਅਥਾਰਿਟੀ ਦਿੱਤੀ ਹੈ।

**ਸ੍ਰੀ ਸਪੀਕਰ**: ਅਥਾਰਿਟੀ ਇਹ ਹੈ ਕਿ ਮੇਰੇ ਜਿਹੜੇ ਕੁਐਸਚਨਜ਼ ਹਨ ਉਹ ਕਾਮਰੇਡ ਦਰਸ਼ਨ ਸਿੰਘ ਝਬਾਲ, ਪ੍ਰੋਫੈਸਰ ਬਲਵੰਤ ਸਿੰਘ ਅਤੇ ਮਾਸਟਰ ਚੰਦ ਸਿੰਘ ਪੁੱਛ ਸਕਦੇ ਹਨ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਇਸ ਦਾ ਮਤਲਬ ਹੈ ਕਿ ਵਿਚੋਂ ਇਹ ਰਲੇ ਹੋਏ ਹਨ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ। )

---

**Irrigation in Beet Area**

***1774. Pandit Sarwan Ram :** Will the Minister for Agriculture be pleased to state whether there is any proposal under the consideration of the Government to provide any irrigation facility to the villages in Beet area of Garhshankar Tehsil under the Kandi Canal or lift irrigation scheme?

**ਚੌਧਰੀ ਕਾਂਸ਼ੀ ਰਾਮ** : ਨਹੀਂ ਜੀ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬੀਟ ਏਰੀਆ ਵਿੱਚ ਪੰਜਾਬ ਦੇ ਸਿਰਫ 22 ਪਿੰਡ ਹਨ ਔਰ ਬਾਕੀ ਹਿਮਾਚਲ ਵਿਚ ਚਲੇ ਗਏ ਹਨ, ਹਿਮਾਚਲ ਵਿੱਚ ਲਿਫਟ ਇਰੀਗੇਸ਼ਨ ਹੋ ਰਹੀ ਹੈ ਪਰ ਪੰਜਾਬ ਵਿਚ ਪੀਣ ਦੇ ਪਾਣੀ ਤੋਂ ਬਿਨਾਂ ਹੋਰ ਕੁਝ ਨਹੀਂ ਹੋ ਰਿਹਾ, ਕੀ ਇਹ ਕੋਈ ਉਨ੍ਹਾਂ ਲੋਕਾਂ ਨੂੰ ਫੈਸਿਲਟੀ ਦੇਣਗੇ ਅਤੇ ਕਿਸੇ ਤਰੀਕੇ ਨਾਲ ਉਥੇ ਪਾਣੀ ਲਿਆਉਣਗੇ ? ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 'ਨਹੀਂ ਜੀ' ਪਰ ਸਰਦਾਰ ਦਰਬਾਰਾ ਸਿਘ ਜੀ ਨੇ ਇਹ ਫੈਸਲਾ ਅਨਾਊਂਸ ਕੀਤਾ ਸੀ ਕਿ ਸਾਰੇ ਪੰਜਾਬ ਵਿੱਚ ਜਿਹੜੀ ਬਰਾਨੀ ਜ਼ਮੀਨ ਹੈ ਉਸ ਨੂੰ ਪਾਣੀ ਦੇਣਾ ਹੈ ਪਰ ਇਨ੍ਹਾਂ ਨੇ ਕਹਿ ਦਿਤਾ ਹੈ ਕਿ 'ਨਹੀਂ ਜੀ'। ਕੀ ਇਹ ਕੋਈ ਇਸ ਤੇ ਗੌਰ ਕਰਨਗੇ ਜਾਂ 'ਨਹੀਂ ਜੀ' ਹੀ ਰਹੇਗੀ ?

**ਮੰਤਰੀ** : ਸਪੀਕਰ ਸਾਹਿਬ, ਹੁਣ ਪੰਡਿਤ ਜੀ ਨੇ ਜੋ ਗੌਰ ਕਰਨ ਲਈ ਕਿਹਾ ਹੈ ਉਸ ਦੇ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ। ਅਸੀਂ ਪਹਿਲਾਂ ਜੋ ਸੁਆਂ ਨਦੀ ਦੀ ਸਕੀਮ ਸੀ ਉਸ ਨੂੰ ਇਨਵੈਸਟੀਗੇਟ ਕੀਤਾ ਸੀ ਕਿ ਇਸ ਦਾ ਪਾਣੀ ਲਿਫਟ ਕਰਕੇ ਪਹੁੰਚਾਉਣਾ ਹੈ ਪਰ ਇਹ ਫਿਜ਼ੀਬਲ ਨਹੀਂ ਹੋਈ। ਹੁਣ ਕੰਡੀ ਕੇਨਾਲ ਜੋ ਹੈ ਇਸ ਵਿੱਚ ਕੋਈ ਇਨਵੈਸਟੀਗੇਸ਼ਨ ਕਰ ਰਹੇ ਹਾਂ ਕਿ ਕੁਝ ਪਿੰਡਾਂ ਨੂੰ ਪਾਣੀ ਲਿਫਟ ਕਰਕੇ ਦਿੱਤਾ ਜਾਵੇ। ਇਹ ਸਕੀਮ ਅੰਡਰ ਇਨਵੈਸਟੀਗੇਸ਼ਨ ਹੈ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਕੈਨਾਲ ਕਦੋਂ ਤਕ ਤਿਆਰ ਹੋ ਜਾਵੇਗੀ ਅਤੇ ਇਸ ਨੇ ਕਿਥੋਂ ਚਲ ਕੇ ਕਿਥੋਂ ਤਕ ਪਾਣੀ ਦੇਣਾ ਹੈ ?

**ਮੰਤਰੀ** : ਸਪੀਕਰ ਸਾਹਿਬ, ਕੰਡੀ ਕੇਨਾਲ ਇਕ ਅਪਰੂਵਡ ਪ੍ਰੋਜੈਕਟ ਹੈ। ਐਵੇਂ ਪੰਡਿਤ ਜੀ ਕਾਹਲੇ ਪੈ ਗਏ ਹਨ। ਹਾਲੀਂ ਬਥੇਰੀ ਉਮਰ ਹੈ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਮਰ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿੱਚ ਸਿੰਚਾਈ ਦੀ ਬੜੀ ਘਾਟ ਹੈ। ਕੀ ਕੋਈ ਡੂੰਘੇ ਬੋਰ ਰਾਹੀਂ ਜਾਂ ਨਹਿਰ ਦਾ ਪਾਣੀ ਦੇ ਕੇ ਕੋਈ ਸਿੰਚਾਈ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ।

ਸ਼੍ਰੀ ਰਮਨ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਥੀਨ ਡੈਮ ਪ੍ਰੋਜੈਕਟ ਹੈ ਉਸ ਦੇ ਵਾਸਤੇ ਫੰਡਜ਼ ਦਾ ਕਿਧਰੇ ਨਾਮੋ ਨਿਸ਼ਾਨ ਹੀ ਨਹੀਂ ਹੈ। ਪਹਿਲਾਂ ਇਸ ਦੇ ਲਈ 60 ਕਰੋੜ ਜਾਂ 64 ਕਰੋੜ ਰੁਪਏ ਦਾ ਬਜਟ ਸੀ ਪਰ ਇਹ ਹੁਣ 12 ਅਰਬ ਰੁਪਏ ਤਕ ਚਲਾ ਗਿਆ ਹੈ। ਜਾਂ ਤਾਂ ਇਸ ਨੂੰ ਬਿਲਕੁਲ ਬੰਦ ਕਰ ਦਿੱਤਾ ਜਾਵੇ; ਜੇ ਚਲਾਉਣਾ ਹੈ ਤਾਂ ਉਸ ਦੇ ਵਾਸਤੇ ਫੰਡਜ਼ ਦਿੱਤੇ ਜਾਣ ?

ਮੰਤਰੀ : ਇਸ ਸਵਾਲ ਦੇ ਨਾਲ ਇਸ ਦਾ, ਸਪੀਕਰ ਸਾਹਿਬ, ਕੋਈ ਸਰੋਕਾਰ ਨਹੀਂ ਹੈ। ਇਨ੍ਹਾਂ ਨੂੰ ਕਹੋ ਕਿ ਕਾਹਲੇ ਨਾ ਪਓ ਹੁਣੇ ਡਾਕਟਰ ਸਾਹਿਬ ਨੇ ਬਜਟ ਪੇਸ਼ ਕਰਨਾ ਹੈ।

ਸਰਦਾਰ ਗੁਰਬਚਨ ਸਿੰਘ ਚੀਮਾ : ਸਪੀਕਰ ਸਾਹਿਬ, ਕੰਡੀ ਕੈਨਾਲ ਅਤੇ ਸ਼ਾਹ ਨਹਿਰ ਦੇ ਠੇਕੇ ਉਨ੍ਹਾਂ ਠੇਕੇਦਾਰਾਂ ਨੂੰ ਦਿਤੇ ਗਏ ਹਨ ਜਿਹੜੇ ਕਿ ਕਦੇ ਠੇਕੇਦਾਰ ਨਹੀਂ ਰਹੇ ਔਰ ਨਾ ਹੀ ਐਪਰੂਵਡ ਠੇਕੇਦਾਰ ਹਨ। ਉਥੇ ਘਪਲੇ ਬਾਜ਼ੀ ਹੋ ਰਹੀ ਹੈ ਕੀ ਇਸ ਚੀਜ਼ ਦੀ ਇਹ ਇਨਕੁਆਇਰੀ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਇਹ ਜੋ ਕੁਝ ਕਹਿਣਾ ਚਾਹੁੰਦੇ ਹਨ ਮੈਨੂੰ ਦੱਸ ਦੇਣ ਮੈਂ ਇਨਵੈਸਟੀਗੇਸ਼ਨ ਕਰਾ ਲਵਾਂਗਾ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਨੰਗਲ ਤੋਂ ਦੋ ਨਹਿਰਾਂ ਨਿਕਲ ਰਹੀਆਂ ਹਨ। ਇਕ ਚਲ ਰਹੀ ਹੈ, ਇਕ ਨਿਕਲ ਰਹੀ ਹੈ। ਉਥੇ ਦੇ ਆਸ ਪਾਸ ਦੇ ਲੋਕ ਬਗੈਰ ਪਾਣੀ ਤੋਂ ਬੈਠੇ ਹਨ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਪਾਣੀ ਦੇਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਰੀਆਰਗੇਨਾਈਜ਼ੇਸ਼ਨ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਇਕ ਲਿਫਟ ਇਰੀਗੇਸ਼ਨ ਦੀ ਸਕੀਮ ਮਨਜ਼ੂਰ ਕੀਤੀ ਸੀ ਔਰ ਪੰਚਾਇਤਾਂ ਤੋਂ ਐਗਰੀਮੈਂਟ ਵੀ ਕਰਵਾ ਲਿਆ ਸੀ। ਹੁਣ ਕੀ ਉਨ੍ਹਾਂ ਲੋਕਾਂ ਨੂੰ ਪਾਣੀ ਦੇਣ ਦਾ ਕੋਈ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਸ ਸੁਆਲ ਦੀ ਕੋਈ ਰੈਲੇਵੈਂਸੀ ਨਹੀਂ ਹੈ। ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਕਿਹਾ ਹੈ ਅਗਰ ਕੋਈ ਰੀਆਰਗੇਨਾਈਜ਼ੇਸ਼ਨ ਤੋਂ ਪਹਿਲਾਂ ਇਸ ਤਰ੍ਹਾਂ ਦਾ ਐਗਰੀਮੈਂਟ ਹੋਇਆ ਤਾਂ ਮੈਂ ਫਾਈਲਾਂ ਕਢਾ ਕੇ ਵੇਖ ਲਵਾਂਗਾ।

---

**Link road between Bodhipura and Ramuwala**

***1877. Master Babu Singh :** Will the Minister for Public Works be pleased to state—

(a) the year in which link road between Bodhipura and Ramuwala (Bhatinda district) was constructed

(b) whether it is a fact that the link road mentioned in part (a) above is in a dilapidated condition ; if so, the reasons therefor ?

Original with;
Punjab Vidhan Sabha
Digitized by;
Panjab Digital Library

**Sardar Beant Singh :** (a) In April, 1975.

(b) No, the general condition of the road is satisfactory and is fit for vehicular traffic. However, small portion of the road in a length of about 0.50 Km. passing through village Bhodipura, gets frequently damaged due to sullage water being discharged on the road surface by the villagers having their houses adjoining to the road. In Km. No. 2 the road had become wavy in some of the reaches on account of inadequate road land width and running of water courses along the road edge.

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਵਿਚ ਕਿਹਾ ਹੈ ਕਿ ਥੋੜ੍ਹਾ ਜਿਹਾ ਹਿੱਸਾ ਸੈਟਿਸਫੈਕਟਰੀ ਨਹੀਂ ਹੈ ਤੁਸੀਂ ਜਵਾਬ ਆਪ ਪੜ੍ਹ ਕੇ ਵੇਖ ਲਵੋ। ਮੈਂ ਥਲਿਉਂ ਤੀਸਰੀ ਲਾਈਨ ਪੜ੍ਹ ਦਿੰਦਾ ਹਾਂ 'The road has become wavy' ਜਵਾਬ ਵਿਚ ਮੰਨਦੇ ਹਨ ਕਿ ਹਾਲਤ ਖਸਤਾ ਹੈ ਅਤੇ ਨਾਲ ਹੀ ਕਹਿੰਦੇ ਹਨ ਕਿ ਉਥੇ ਘਰਾਂ ਦਾ ਪਾਣੀ ਆਉਂਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਵਾਬ ਤਸੱਲੀ ਬਖਸ਼ ਨਹੀਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਸੜਕ ਨੂੰ ਚੌੜਾ ਕਰਕੇ ਔਰ ਸੜਕ ਠੀਕ ਕਰਕੇ ਲੋਕਾਂ ਦੇ ਆਵਾਜਾਈ ਦਾ ਸਾਧਨ ਠੀਕ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਕਿਲੋਮੀਟਰ ਨੰਬਰ 2 ਹੈ ਉਸ ਨੂੰ ਉਚਾ ਕਰਨ ਵਾਸਤੇ ਮਿੱਟੀ ਚਾਹੀਦੀ ਹੈ। ਇਹ ਉਥੇ ਦੇ ਮੈਂਬਰ ਹਨ ਅਗਰ ਇਹ ਖਾਲੇ ਹਟਾਉਣ ਲਈ ਤਿਆਰ ਹਨ ਤਾਂ ਅਸੀਂ ਕਰਾ ਦਿਆਂਗੇ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਮੈਂ ਅਸ਼ਿਓਰੈਂਸ ਦਿੰਦਾ ਹਾਂ ਕਿ ਮਿੱਟੀ ਮੈਂ ਪਵਾ ਦਿਆਂਗਾ ਉਹ ਸਿਰਫ਼ 3, 4 ਕਿਲੋਮੀਟਰ ਦਾ ਟੋਟਾ ਹੈ ਇਹ ਠੀਕ ਕਰਾ ਦੇਣ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਕੋਇਰ ਸਿੰਘਵਾਲਾ ਤੋਂ ਰੌਤਾ ਅਤੇ ਨਿਉਰ ਤੋਂ ਮਲੂਕੇ ਤਕ ਇਸ ਤਰ੍ਹਾਂ ਦੀ ਹਾਲਤ ਹੈ ਕੀ ਉਸ ਨੂੰ ਵੀ ਠੀਕ ਕਰ ਦੇਣਗੇ ?

**ਮੰਤਰੀ :** ਸਪੀਕਰ ਸਹਿਬ, ਪਹਿਲੀ ਅਰਜ਼ ਤਾਂ ਇਹ ਹੈ ਕਿ ਕਈ ਵਾਰੀ ਮੈਂਬਰ ਸਾਹਿਬ ਐਸ਼ਿਓਰੈਂਸ ਤਾਂ ਦੇ ਜਾਂਦੇ ਹਨ ਪਰ ਸਪੈਸਿਫ਼ਿਕੇਸ਼ਨ ਦੇ ਮੁਤਾਬਕ ਮਿੱਟੀ ਨਹੀਂ ਪਵਾਉਂਦੇ, ਅਗਰ ਇਹ ਪਵਾ ਦੇਣਗੇ ਤਾਂ ਮੈਂ ਐਗਜ਼ਾਮਿਨ ਕਰ ਲਵਾਂਗਾ। ਜਿਹੜਾ ਦੂਜੇ ਪਿੰਡ ਦਾ ਮਸਲਾ ਕਿਹਾ ਹੈ ਇਹ ਉਸ ਬਾਰੇ ਸੈਪਰੇਟ ਨੋਟਿਸ ਦੇ ਦੇਣ ਮੈਂ ਵੇਖ ਲਵਾਂਗਾ।

**ਕਾਮਰੇਡ ਬੂਟਾ ਸਿੰਘ :** ਸਪੀਕਰ ਸਾਹਿਬ, ਕਾਮਰੇਡ ਧਰਮ ਸਿੰਘ ਫਕਰ ਦੇ ਨਾਂ ਤੇ ਪਿੰਡ ਦਲੇਲ ਸਿੰਘ ਵਾਲਾ ਬਲਾਕ ਮਾਨਸਾ ਦੀ ਸੜਕ ਬਾਰੇ ਮੈਂ ਪਹਿਲਾਂ ਵੀ, ਜਦੋਂ ਸੀ.ਐਮ. ਸਾਹਿਬ ਨੇ 3, 4 ਵਾਰੀ ਮੀਟਿੰਗਾਂ ਬੁਲਾਈਆਂ, ਜ਼ਿਕਰ ਕੀਤਾ ਸੀ। ਇਹ ਜਿਹੜਾ ਦੋ ਢਾਈ ਕਿਲੋਮੀਟਰ ਦਾ ਟੋਟਾ ਹੈ ਅਗਰ ਠੀਕ ਹੋ ਜਾਵੇ ਤਾਂ ਲੋਕਾਂ ਦਾ ਪੈਂਡਾ 5, 6 ਕਿਲੋਮੀਟਰ ਬਚ ਜਾਂਦਾ ਹੈ, ਕੀ ਇਸ ਨੂੰ ਇਹ ਜਲਦੀ ਤੋਂ ਜਲਦੀ ਕਰਾ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਇਹ ਮੈਨੂੰ ਮਿਲ ਕੇ ਗੱਲ ਕਰ ਲੈਣ। ਸਪੀਕਰ ਸਾਹਿਬ, ਇਕ ਪ੍ਰਾਬਲਮ ਹੈ ਕਿ ਕੁਝ ਸੜਕਾਂ ਅਧੂਰੀਆਂ ਪਈਆਂ ਹਨ ਉਨ੍ਹਾਂ ਦਾ ਕਾਰਨ ਇਹ ਹੈ ਕਿ ਮਾਰਕੀਟ ਕਮੇਟੀਆਂ ਨੇ ਸੜਕਾਂ ਲਈ ਪੈਸੇ ਦਿਤੇ ਸਨ ਅਤੇ ਪੀ. ਡਬਲਿਊ. ਡੀ. ਨੇ ਬਣਾਈਆਂ ਸਨ, ਫਿਰ ਉਨ੍ਹਾਂ ਬਾਰੇ ਸੁਪਰੀਮ ਕੋਰਟ ਤੋਂ ਸਟੇਅ ਆ ਗਿਆ ਤੇ ਸੜਕਾਂ ਉਥੇ ਰਹਿ ਗਈਆਂ। ਮੇਰਾ ਖਿਆਲ ਹੈ ਕਿ ਇਹ ਸੜਕ ਵੀ ਉਨ੍ਹਾਂ ਵਿਚੋਂ ਹੀ ਹੋਣੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਸੰਤ ਸਿੰਘ** : ਸਪੀਕਰ ਸਾਹਿਬ, ਪੰਜਾਬ ਦੀਆਂ ਲਿੰਕ ਰੋਡਜ਼ ਕਾਫ਼ੀ ਚਿਰ ਤੋਂ ਰਿਪੇਅਰ ਨਹੀਂ ਹੋਈਆਂ, ਕੀ ਪੰਜਾਬ ਦੀਆਂ ਲਿੰਕ ਰੋਡਜ਼ ਨੂੰ ਰਿਪੇਅਰ ਕਰਨ ਵਾਸਤੇ ਕੋਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਗੱਲ ਨੂੰ ਰਿਫਿਊਟ ਕਰਦਾ ਹਾਂ ਕਿ ਕਾਫ਼ੀ ਚਿਰ ਤੋਂ ਸੜਕਾਂ ਰਿਪੇਅਰ ਨਹੀਂ ਹੋਈਆਂ। ਇਹ ਆ ਕੇ ਰਿਪੇਅਰਡ ਰੋਡਜ਼ ਦਾ ਵੇਰਵਾ ਮੇਰੇ ਕੋਲੋਂ ਲੈ ਲੈਣ ਕਿ ਅਸੀਂ ਕਿੰਨੀਆਂ ਸੜਕਾਂ ਰਿਪੇਅਰਡ ਕੀਤੀਆਂ ਹਨ। ਹੁਣ ਜੋ ਇਨ੍ਹਾਂ ਨੇ ਕੋਈ ਆਪਣੀ ਸੜਕ ਰਿਪੇਅਰ ਕਰਾਉਣੀ ਹੈ ਤਾਂ ਮੈਨੂੰ ਦੱਸ ਦੇਣ।

**ਸਰਦਾਰ ਲੱਖਾ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਨਾਲ ਬਾਈਪਾਸ ਤੇ ਇਕ ਖ਼ਾਨਪੁਰ ਪਿੰਡ ਹੈ ਉਥੇ ਲਿੰਕ ਰੋਡ ਨਹੀਂ ਹੈ ਅਤੇ ਉਥੇ ਜ਼ਿਆਦਾ ਅਬਾਦੀ ਹਰੀਜਨਾਂ ਦੀ ਹੈ, ਕੀ ਉਥੇ ਲਿੰਕ ਰੋਡ ਜਲਦੀ ਦੇ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ ਅਰਜ਼ ਇਹ ਹੈ ਕਿ ਬਾਰ ਬਾਰ ਗੱਲ ਕੀਤੀ ਚੰਗੀ ਨਹੀਂ ਲਗਦੀ। ਫ਼ਸਟ ਲਿੰਕ ਰੋਡਜ਼ ਤਕਰੀਬਨ ਤਕਰੀਬਨ ਹਰ ਪਿੰਡ ਨੂੰ ਦਿੱਤੀਆਂ ਜਾ ਚੁਕੀਆਂ ਹਨ। ਮੇਰਾ ਖਿਆਲ ਹੈ ਕਿ ਇਹ ਪਿੰਡ ਬਾਈਪਾਸ ਦੇ ਉਤੇ ਹੀ ਹੋਣਾ ਹੈ। ਇਹ ਮੇਰੇ ਚੈਂਬਰ ਵਿਚ ਆ ਕੇ ਗਲ ਕਰ ਲੈਣ।

## Construction of Ramps in the Balachaur Assembly Constituency

***1755. Master Dalip Chand** : Will the Minister for Public Works be pleased to state whether there is any proposal under the consideration of theGovernment to construct ramps connecting villages Bhungri, Sahbazpur, Majohat and Chandiani Kalan, situated on the road leading to village Malewal from village Bhaddi, in the Balachaur Assembly Constituency ; if so, the time by which the same are likely to be constructed ?

**Sardar Beant Singh** : Yes, please. There is a proposal of providing culverts and causeways. The time limit for completion cannot be given at present.

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ 1973 ਦੇ ਵਿਚ ਭਦੀ ਤੋਂ ਮਾਲੇਵਾਲ ਤਕ 10 ਕਿਲੋਮੀਟਰ ਸੜਕ ਬਣਨੀ ਸੀ। 1973 ਤੋਂ ਅੱਜ ਤਕ 7, 8 ਵਾਰੀ ਮੇਰਾ ਸੁਆਲ ਇਥੇ ਇਸ ਬਾਰੇ ਆ ਚੁੱਕਾ ਹੈ, ਪਰ ਇਹ ਕਹਿੰਦੇ ਹਨ ਕਿ ਪਰਪੋਜ਼ਲ ਬਣਾਉਣੀ ਹੈ, ਮੈਂ ਪੁੱਛਦਾ ਹਾਂ ਕਿ ਇਸ ਦੇ ਲਈ ਕੋਈ ਟਾਈਮ ਫ਼ਿਕਸ ਕਰ ਦੇਣਗੇ ਕਿ ਇਤਨੇ ਟਾਈਮ ਵਿਚ ਇਹ ਹੋ ਜਾਏਗੀ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਚੋਅ ਉਥੇ ਬਹੁਤ ਹਨ। ਤੁਸੀਂ ਵੀ ਇਹ ਸੁਣ ਕੇ ਹੈਰਾਨ ਹੋਵੋਗੇ ਕਿ 11 ਕਿਲੋਮੀਟਰ ਦੀ ਇਸ ਸੜਕ ਤੇ 19 ਚੋਅ ਹਨ। ਹੁਸ਼ਿਆਰਪੁਰ ਦਾ ਇਹ ਜ਼ਿਲ੍ਹਾ ਚੋਆਂ ਨਾਲ ਭਰਿਆ ਪਿਆ ਹੈ। ਅਸੀਂ ਉਨ੍ਹਾਂ ਵਿਚੋਂ ਕੁਝ ਚੋਆਂ ਨੂੰ ਟੇਮ ਕੀਤਾ ਹੈ। ਅਸੀਂ ਕਈ ਜਗ੍ਹਾ ਮਿੱਟੀ ਪਵਾਈ ਹੈ ਅਤੇ ਇਸ ਤਰ੍ਹਾਂ ਬੱਸ ਸੇਵਾ ਚਾਲੂ ਕੀਤੀ ਹੈ। ਇਸਦਾ ਖਰਚਾ ਵੀ ਬਹੁਤ ਲੰਮਾ ਚੌੜਾ ਹੈ। ਇਸ ਸੜਕ ਤੇ ਜੇ ਸਾਰੇ ਪੁੱਲ ਬਣਾ ਦੇਈਏ ਤਾਂ 25 ਲੱਖ ਰੁਪਏ ਦਾ ਖਰਚਾ ਆਉਂਦਾ ਹੈ। ਅਸੀਂ ਇਸ ਦਫ਼ਾ ਕੋਸ਼ਿਸ਼ ਕਰ ਰਹੇ ਹਾਂ ਕਿ ਇਕ ਸਕੀਮ ਬਣਾ ਲਈਏ ਤਾਂਕਿ ਥੋੜ੍ਹੇ ਥੋੜ੍ਹੇ ਕਰਕੇ ਸਾਰੇ ਚੋਅ ਟੇਮ ਕਰ ਦਈਏ।

Original with;
Punjab Vidhan Sabha
Digitized by;
Panjab Digital Library

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 19, 20 ਚੋਅ ਇਸ ਸੜਕ ਤੇ ਪੈਂਦੇ ਹਨ। ਉਥੇ ਸਿਰਫ 7, 8 ਜਗ੍ਹਾ ਐਸੀਆਂ ਹਨ ਜਿਥੇ ਚੋਅ ਦੋ ਕਰਮ ਚੌੜੇ ਹਨ ਅਤੇ ਵਾਕਿਆਈ ਇਸ ਤੇ 25, 30 ਲੱਖ ਰੁਪਿਆ ਖਰਚ ਆਉਣਾ ਹੈ। ਪਰ 10,000 ਰੁਪਏ ਨਾਲ ਕਾਜ਼-ਵੇ ਬਣ ਜਾਂਦਾ ਹੈ। ਇਸ ਤਰੀਕੇ ਨਾਲ 50, 60 ਹਜ਼ਾਰ ਰੁਪਏ ਖਰਚ ਕਰਕੇ 8 ਜਗ੍ਹਾ ਕਾਜ਼-ਵੇਜ਼ ਬਣਾ ਦੇਣ ਤਾਂਕਿ ਬਸ ਸੇਵਾ ਚਾਲੂ ਕੀਤੀ ਜਾ ਸਕੇ ਅਤੇ ਲੋਕਾਂ ਨੂੰ ਸਹੂਲਤ ਮਿਲੇ।

**ਮੰਤਰੀ** : ਸਪੀਕਰ ਸਾਹਿਬ, ਕਈ ਜਗ੍ਹਾ ਹਿਊਮ ਪਾਈਪਸ ਲਗਾ ਕੇ ਪੁੱਲੀਆਂ ਅਸੀਂ ਬਣਾਈਆਂ ਹਨ ਤਾਂ ਕਿ ਉਥੇ ਬੱਸ ਲੰਘ ਸਕੇ। ਜਿਹੜੇ ਇੰਪਾਰਟੈਂਟ ਕਾਜ਼-ਵੇਜ਼ ਇਨ੍ਹਾਂ ਨੇ ਦੱਸੇ ਹਨ ਜੇ ਉਨ੍ਹਾਂ ਨੂੰ ਬਣਾਉਣ ਨਾਲ ਲੋਕਾਂ ਦਾ ਫਾਇਦਾ ਹੋ ਸਕੇਗਾ ਤਾਂ ਮੈਂ ਤੁਹਾਡੀ ਮਾਰਫਤ ਅਰਜ਼ ਕਰਾਂਗਾ ਕਿ ਮਾਸਟਰ ਜੀ ਮੇਰੇ ਨਾਲ ਬੈਠ ਕੇ ਡਿਸਕਸ ਕਰ ਲੈਣ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਨੇ ਇੱਕ ਵਾਰੀ ਹੁਕਮ ਕੀਤਾ ਸੀ ਕਿ ਤੁਸੀਂ ਚੌਧਰੀ ਸੰਭਾਲ ਲਓ ਅਸੀਂ ਤੁਹਾਡੇ ਚੋਅ ਸੰਭਾਲ ਲਵਾਂਗੇ। ਅਸੀਂ ਚੌਧਰੀ ਸੰਭਾਲ ਲਏ ਹਨ। ਇਹ ਚੋਅ ਕਿਉਂ ਨਹੀਂ ਸੰਭਾਲਦੇ ? (ਸ੍ਰੀ ਗੁਰਦਿਆਲ ਸੈਣੀ ਵੱਲੋਂ ਵਿਘਨ)

ਸਪੀਕਰ ਸਾਹਿਬ, ਗੜ੍ਹਸ਼ੰਕਰ ਤੋਂ ਨੰਗਲ ਨੂੰ ਇੱਕ ਸੜਕ ਚਲਦੀ ਹੈ। ਉਥੇ ਇੱਕ ਦੋ ਜਗ੍ਹਾ ਰੈਂਪ ਬਣਨੇ ਹਨ। ਮੈਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸੜਕ ਨੂੰ ਆਲ ਵੈਦਰ ਸੜਕ ਬਣਾ ਦੇਣਗੇ ? ਮਾਹਲਪੁਰ ਤੋਂ ਜੈਜੋਂ ਸੜਕ ਹਿਮਾਚਲ ਨੂੰ ਜਾਂਦੀ ਹੈ। ਇਹ ਬੜੀ ਅਹਿਮ ਸੜਕ ਹੈ। ਇਸ ਸੜਕ ਤੇ ਚਾਰ ਪੁੱਲ ਬਣਾਉਣ ਲਈ ਮਨਜ਼ੂਰ ਹੋਏ ਸਨ। ਮੈਨੂੰ ਪਤਾ ਲੱਗਾ ਹੈ ਕਿ ਉਨ੍ਹਾਂ ਪੁੱਲਾਂ ਦੀਆਂ ਇੱਟਾਂ ਚੁੱਕ ਲਈਆਂ ਹਨ। ਉਹ ਚਾਰ ਪੁੱਲ ਕਦੋਂ ਤਕ ਬਣਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇੱਕ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਜੇਜੋਂ ਤੋਂ ਮਾਹਲਪੁਰ ਜਿਹੜੀ ਸੜਕ ਹੈ ਉਥੇ ਚਾਰ ਪੁੱਲ ਬਣਨੇ ਮਨਜ਼ੂਰ ਹੋਏ ਸਨ ਪਰ ਉਥੋਂ ਇੱਟਾਂ ਚੁੱਕੀਆਂ ਗਈਆਂ ਹਨ। ਮੈਂ ਇਸ ਦੀ ਇਨਕੁਆਇਰੀ ਕਰਵਾ ਲਵਾਂਗਾ। ਦੂਸਰੀ ਗੱਲ ਇਨ੍ਹਾਂ ਨੇ ਇਹ ਕਹੀ ਹੈ ਕਿ ਰੈਂਪ ਬਣਾਏ ਜਾਣ। ਇਨ੍ਹਾਂ ਰੈਂਪਾਂ ਨੂੰ ਬਣਾਉਣ ਨਾਲ ਅਗਰ ਇਹ ਸੜਕ ਆਲ ਵੈਦਰ ਸੜਕ ਬਣ ਜਾਏਗੀ ਤਾਂ ਸਾਨੂੰ ਕੋਈ ਤਕਲੀਫ ਨਹੀਂ ਹੈ। ਮੈਂ ਇਨ੍ਹਾਂ ਦੇ ਹਲਕੇ ਵਿੱਚ ਗਿਆ ਸੀ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਅਫਸਰ ਸਾਹਿਬਾਨ ਨੂੰ ਨਾਲ ਲੈ ਕੇ ਉਹ ਸੜਕ ਵੇਖਣ ਜਾਵਾਂਗਾ। ਉਸ ਤੋਂ ਬਾਅਦ ਇਸ ਸਬੰਧੀ ਐਕਸ਼ਨ ਲਵਾਂਗੇ। ਬਾਕੀ ਇਨ੍ਹਾਂ ਨੇ ਇਕ ਪੁਲੀਟੀਕਲ ਗੱਲ ਆਖੀ ਹੈ। ਚੌਧਰੀਆਂ ਨੂੰ ਖ਼ਤਮ ਕਰ ਦਿੱਤਾ ਹੈ। ਮੈਂ ਇਸ ਗੱਲ ਵਿੱਚ ਬਿਲੀਵ ਨਹੀਂ ਕਰਦਾ। ਚੌਧਰੀ ਉਸੇ ਤਰ੍ਹਾਂ ਕਾਇਮ ਹਨ।

**ਸਰਦਾਰ ਗੁਰਬਚਨ ਸਿੰਘ ਚੀਮਾ** : ਸਪੀਕਰ ਸਾਹਿਬ, ਤਲਵਾੜੇ ਤੋਂ ਜਿਹੜੀ ਸੜਕ ਚੰਡੀਗੜ੍ਹ ਤਕ ਆਉਂਦੀ ਹੈ, ਇਸ ਸੜਕ ਦਾ ਤਲਵਾੜੇ ਤੋਂ ਲੈ ਕੇ ਦੌਲਤਪੁਰ ਚੌਕ ਤਕ ਇੱਕ ਹਿੱਸਾ ਹੈ। ਇਹ ਪੰਜਾਬ ਵਿੱਚ ਪੈਂਦਾ ਹੈ। ਦੌਲਤਪੁਰ ਚੌਕ ਤੋਂ ਨੰਗਲ ਤਕ ਦਾ ਹਿਸਾ ਹਿਮਾਚਲ ਦਾ ਬਣਦਾ ਹੈ। ਨੰਗਲ ਤੋਂ ਚੰਡੀਗੜ੍ਹ ਤਕ ਸੜਕ ਦਾ ਹਿੱਸਾ ਪੰਜਾਬ ਵਿੱਚ ਪੈਂਦਾ ਹੈ। ਜਿਹੜਾ ਸਾਡਾ ਪੰਜਾਬ ਦਾ ਹਿੱਸਾ ਹੈ ਦੌਲਤਪੁਰ ਚੌਕ ਤਕ, ਉਥੇ ਖੱਡਾਂ ਕਾਰਨ ਭੈੜੀ ਹਾਲਤ ਹੈ। ਉਥੇ ਕਾਜ਼-ਵੇਜ਼ ਬਣਾ ਦਿੱਤੇ ਜਾਣ। ਜਿਹੜਾ ਹਿਮਾਚਲ ਦਾ ਏਰੀਆ ਹੈ ਉਨ੍ਹਾਂ ਨੇ ਉਥੇ ਸੜਕ ਤੇ ਕਾਜ਼-ਵੇਜ਼ ਸਾਰੇ

Original with;
Punjab Vidhan Sabha
Digitized by;
Panjab Digital Library

ਬਣਾ ਦਿੱਤੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤਲਵਾੜੇ ਤੋਂ ਦੌਲਤਪੁਰ ਚੌਕ ਤਕ ਜਿਤਨੀਆਂ ਖੱਡਾਂ ਪੈਂਦੀਆਂ ਹਨ ਕੀ ਉਥੇ ਕਾਜ਼-ਵੇਜ਼ ਬਣਾ ਦਿੱਤੇ ਜਾਣਗੇ ? ਹਿਮਾਚਲ ਵਾਲੇ ਵੀ ਕਹਿੰਦੇ ਹਨ ਕਿ ਬਰਸਾਤਾਂ ਵਿੱਚ ਸਾਡਾ ਰਸਤਾ ਬੰਦ ਹੋ ਜਾਂਦਾ ਹੈ। ਤਲਵਾੜੇ ਤੋਂ ਚੰਡੀਗੜ੍ਹ ਤਕ ਇਸ ਸੜਕ ਤੇ ਪੰਜਾਬ ਦੇ ਹਿੱਸੇ ਵਿਚ ਜੋ ਕਾਜ਼-ਵੇਜ਼ ਆਉਂਦੇ ਹਨ ਕੀ ਉਨ੍ਹਾਂ ਤੇ ਪੁੱਲ ਬਣਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਔਰ ਰੋਪੜ ਜ਼ਿਲ੍ਹੇ ਦੇ ਕੁਝ ਹਿੱਸੇ ਵਿੱਚ ਖੱਡਾਂ ਅਤੇ ਚੋਅ ਬਹੁਤ ਹਨ। ਜੇ ਪਿਛਲਾ ਬਜਟ ਵੇਖਿਆ ਜਾਵੇ ਤਾਂ ਸਾਡਾ ਮੇਨ ਹਿੱਸਾ ਇਨ੍ਹਾਂ ਪੁੱਲਾਂ ਤੇ ਹੀ ਖਰਚ ਹੋਇਆ ਹੈ। ਹੁਸ਼ਿਆਰ-ਪੁਰ ਤੋਂ ਚੰਡੀਗੜ੍ਹ ਤਕ ਆਲ ਵੈਦਰ ਸੜਕ ਬਣਾਈ ਗਈ ਹੈ। ਸਾਰੇ ਪੁੱਲ ਬਣਾ ਦਿੱਤੇ ਗਏ ਹਨ ਪਰ ਉਸ ਦੀ ਸਾਨੂੰ ਕੋਈ ਸ਼ਾਬਾਸ਼ ਨਹੀਂ ਦਿੰਦਾ ਜਿਹੜੀਆਂ ਚੀਜ਼ਾਂ ਰਹਿ ਗਈਆਂ ਹਨ ਅਸੀਂ ਉਨ੍ਹਾਂ ਨੂੰ ਹੱਥ ਪਾਇਆ ਹੈ ਅਤੇ ਟਾਈਮ ਸਿਰ ਉਨ੍ਹਾਂ ਖੱਡਾਂ ਦਾ ਪ੍ਰਬੰਧ ਕਰ ਦਿਆਂਗੇ।

**ਕਾਮਰੇਡ ਸੋਹਣ** ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਮੇਰੇ ਹਲਕੇ ਵੇਰਕਾ ਵਿੱਚ 1975 ਤੋਂ ਲੈ ਕੇ ਹੁਣ ਤਕ ਮੋਟੀ ਰੋੜੀ ਕਈ ਸੜਕਾਂ ਤੇ ਪਾਈ ਹੋਈ ਹੈ। ਟਾਂਗਰਾਂ ਤੋਂ ਮਲੇਵਾਲ ਲਿੰਕ ਰੋਡ ਤੇ ਮੋਟੀ ਰੋੜੀ ਪਾਈ ਗਈ ਹੈ ਪਰ ਲੁਕ ਪਿਛਲੇ ਤਿੰਨ ਸਾਲਾਂ ਤੋਂ ਉਥੇ ਨਹੀਂ ਪਈ। ਇਸੇ ਤਰ੍ਹਾਂ ਟਾਂਗਰਾਂ ਤੋਂ ਮਦਨਵਾਲ ਨੂੰ ਜਿਹੜੀ ਸੜਕ ਆਉਂਦੀ ਹੈ, ਉਥੇ ਵੀ ਮੋਟੀ ਰੋੜੀ ਪਈ ਹੋਈ ਹੈ। ਕੀ ਮਨਿਸਟਰ ਸਾਹਿਬ ਇਸ ਗਲ ਦਾ ਯਕੀਨ ਦਿਵਾਉਣਗੇ ਕਿ ਇਸ ਸਾਲ ਵਿੱਚ ਇਨ੍ਹਾਂ ਸੜਕਾਂ ਨੂੰ ਮੁਕੰਮਲ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਸਵਾਲ ਦਾ ਜਵਾਬ ਅੱਗੇ ਵੀ ਦੇ ਚੁੱਕਾ ਹਾਂ। ਇਨ੍ਹਾਂ ਵਿੱਚੋਂ ਬਹੁਤੀਆਂ ਸੜਕਾਂ ਉਹ ਹਨ ਜਿਹੜੀਆਂ ਮਾਰਕਿਟ ਕਮੇਟੀਆਂ ਨੇ ਆਪਣੇ ਫੰਡਜ਼ ਨਾਲ ਬਣਾਉਣੀਆਂ ਸ਼ੁਰੂ ਕੀਤੀਆਂ ਸਨ। ਬੜੀ ਅਨਫਾਰਚੂਨੇਟ ਗਲ ਹੈ ਕਿ ਸੁਪਰੀਮ ਕੋਰਟ ਦੀ ਜਜਮੈਂਟ ਕਾਰਨ ਅਸੀਂ ਉਹ ਸੜਕਾਂ ਕੰਪਲੀਟ ਨਹੀਂ ਕਰ ਸਕੇ। ਜਿਥੇ ਇੱਟਾਂ ਲੱਗੀਆਂ ਸਨ ਉਥੇ ਇੱਟਾਂ ਲਗੀਆਂ ਰਹੀਆਂ ਅਤੇ ਜਿਥੇ ਰੋੜੀ ਪਈ ਸੀ ਉਥੇ ਰੋੜੀ ਰਹਿ ਗਈ, ਲੁੱਕ ਨਹੀਂ ਪਈ। ਸਾਰੇ ਪੰਜਾਬ ਵਿੱਚ 300 ਤੋਂ ਵੀ ਜ਼ਿਆਦਾ ਅਜਿਹੀਆਂ ਸੜਕਾਂ ਹਨ। ਹੁਣ ਅਸੀਂ ਉਪਰਾਲਾ ਕੀਤਾ ਹੈ। ਇਸ ਦੇ ਬਾਰੇ ਅਸੀਂ ਇੱਕ ਹਾਈ ਪਾਵਰਡ ਮੀਟਿੰਗ ਕਰ ਰਹੇ ਹਾਂ। ਸਾਰੀਆਂ ਸੜਕਾਂ ਦਾ ਵੇਰਵਾ ਲਵਾਂਗੇ। ਮੈਂ ਯਕੀਨ ਦਿਵਾਉਂਦਾ ਹਾਂ ਕਿ ਜੋ ਮਾਰਕਿਟ ਕਮੇਟੀਆਂ ਵੱਲੋਂ ਬਣਾਈਆਂ ਜਾ ਰਹੀਆਂ ਸੜਕਾਂ ਅਧੂਰੀਆਂ ਪਈਆਂ ਹਨ ਉਨ੍ਹਾਂ ਨੂੰ ਪੂਰਾ ਕਰਾਂਗੇ। ਸਾਡੀ ਮੀਟਿੰਗ ਹੋਣੀ ਹੈ। ਕਿਸ ਤਰ੍ਹਾਂ ਇਸ ਪ੍ਰਾਬਲਮ ਨੂੰ ਟੈਕਲ ਕਰਨਾ ਹੈ, ਇਹ ਸਾਰੀ ਗਲ ਸੋਚਣ ਵਾਲੀ ਹੈ।

---

## Meeting of the Minimum Wages Board

*1868. **Comrade Raj Kumar** : Will the Minister for Welfare and Labour be pleased to state—

(a) the date when the last meeting of the Mimimum Wages Board was held ;

(b) whether the Government has any proposal under its consideration to hold such meetings at regular intervals; if so, the time by which it is likely to materialise ?

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ** : (ੳ) ਮਿਤੀ 28 ਸਤੰਬਰ, 1981 ।

(ਅ) ਬੋਰਡ ਦੀ ਮੀਟਿੰਗ ਉਸ ਵੇਲੇ ਬੁਲਾਈ ਜਾਂਦੀ ਹੈ, ਜਦੋਂ ਕਿ ਬੋਰਡ ਦੁਆਰਾ ਵਿਚਾਰ ਕਰਨ ਲਈ ਕੋਈ ਮਸਲਾ ਦਰ ਪੇਸ਼ ਹੋਵੇ । ਇਸ ਸਮੇਂ ਨੇੜੇ ਭਵਿੱਖ ਵਿਚ ਬੋਰਡ ਦੀ ਕੋਈ ਮੀਟਿਗ ਬੁਲਾਉਣ ਦੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 28 ਸਤੰਬਰ, 1981 ਵਿਚ ਬੋਰਡ ਦੀ ਮੀਟਿੰਗ ਹੋਈ ਸੀ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਬਹੁਤ ਸਾਰੀਆਂ ਇੰਡਸਟਰੀਆਂ ਵਿਚ ਮਿਨੀਮਮ ਵੇਜਿਜ਼ ਐਕਸਟੈਂਡ ਕਰਨ ਦੀ ਲੋੜ ਹੈ ਔਰ ਬਹੁਤ ਸਾਰੀਆਂ ਇੰਡਸਟਰੀਆਂ ਵਿਚ ਹਾਲੇ ਇਹ ਸਟੈਚੂਟਰੀ ਮਿਨੀਮਮ ਵੇਜਿਜ਼ ਲਾਗੂ ਨਹੀਂ ਹੋ ਰਹੇ ਹਨ। ਇਹ ਵੀ ਹੋ ਸਕਦਾ ਹੈ ਕਿ ਕੁਝ ਹੋਰ ਇੰਡਸਟਰੀਆਂ ਇਸ ਦੇ ਪਰਵਿਊ ਵਿਚ ਆ ਗਈਆਂ ਹੋਣ। ਇਸ ਲਈ ਮੈਂ ਇਹ ਪੁੱਛਦਾ ਹਾਂ ਕਿ ਇਹ ਜਿਹੜਾ ਜਵਾਬ ਮਨਿਸਟਰ ਸਾਹਿਬ ਨੇ ਇਥੇ ਦਿੱਤਾ ਹੈ, ਇਹ ਕਿਸ ਆਧਾਰ ਤੇ ਦਿੱਤਾ ਹੈ ?

**ਮੰਤਰੀ** : ਸਪੀਕਰ ਸਾਹਿਬ, ਬੋਰਡ ਦੀ ਮੀਟਿੰਗ ਉਸ ਵੇਲੇ ਬੁਲਾਈ ਜਾਂਦੀ ਹੈ ਜਿਸ ਵੇਲੇ ਮਿਨੀਮਮ ਵੇਜਿਜ਼ ਦਾ ਕੋਈ ਫੈਸਲਾ ਕਰਨਾ ਹੋਵੇ। ਪਿਛਲਾ ਫੈਸਲਾ ਜਿਹੜਾ ਬੋਰਡ ਦਾ ਸੀ ਉਹ 1 ਸਤੰਬਰ, 1982 ਨੂੰ ਲਾਗੂ ਹੋਇਆ ਸੀ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਹਿੰਦੁਸਤਾਨ ਵਿਚ ਸਭ ਤੋਂ ਜ਼ਿਆਦਾ ਮਿਨੀਮਮ ਵੇਜਿਜ਼ ਦਿੱਤੇ ਹਨ। ਹਰ ਤਿੰਨ ਸਾਲ ਬਾਅਦ ਮਿਨੀਮਮ ਵੇਜਿਜ਼ ਫਿਕਸ ਕੀਤੇ ਜਾਂਦੇ ਹਨ।

**ਕਾਮਰੇਡ ਰਾਜ ਕੁਮਾਰ** : ਜੇ ਤੁਸੀਂ ਮੈਨੂੰ ਸਪਲੀਮੈਂਟਰੀ ਹੋਰ ਨਹੀਂ ਕਰਨ ਦੇਣੀ ਤਾਂ ਇਸ ਸਵਾਲ ਨੂੰ ਕਲ੍ਹ ਤੇ ਪੋਸਟਪੋਨ ਕਰ ਦਿਓ। ਮੈਂ ਸਿਰਫ ਇਕ ਸਪਲੀਮੈਂਟਰੀ ਪੁਟ ਕੀਤੀ ਹੈ।

**Mr. Speaker** : I will consider it.

Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly)

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Minimum Wages for Brick Kiln labour

***1796. Master Chand Singh** : Will the Minister for Welfare and Labour be pleased to state whether the Government have fixed new rates of wages for different categories of brick kiln labour in the State; if so, a list showing the said rates be laid on the Table of the House ?

**Chaudhri Jagat Ram,** : Yes, Sir. The list is placed on the Table of the House.

Original with;
Punjab Vidhan Sabha
Digitized by;
Panjab Digital Library

**Rates of Wages in Brick Kiln Industry**

| Serial No. | Class of Employee | Minimum rates of wages |
|---|---|---|
| 1 | 2 | 3 |
| | CATEGORY-A | Piece rate wages : |
| 1. | Pathera (a) (Moulding of bricks) | (a) Rs. 27.89 per 1,000 bricks moulded including Jamadari commission. |
| | (b) (Moulding of tiles) .. | (b) Rs. 31.44 per 1,000 tiles moulded including Jamadari commission.<br>or<br>(a) Rs. 25.99 per 1,000 bricks moulded without Jamadari commission.<br>(b) Rs. 29.79 per 1,000 tiles moulded without Jamadari commission. |
| 2. | Bharai Wala (loading of bricks into kiln) | Rs. 10.48 per 1,000 bricks loaded in the kiln, provided the distance from the field to the kiln is upto 400 metres. Beyond this distance an additional wage of 85 paise per 1,000 bricks for every additional 100 metres or part thereof shall be paid. |
| 3. | Chunai Wala (Placing of bricks into kiln) | Rs. 2.03 per 1,000 bricks placed in the kiln vesel. |
| 4. | Keri Wala .. | Rs. 1.74 per 1,000 bricks over which keri is spread. |
| 5. | (a) Mistry<br>(b) Coalman .. | Rs. 5.23 per 1,000 bricks. |
| | (c) Jalai Wala (Burning of bricks) | Burnt by a batch of 4, one of them being a mistry. The Mistry will get Rs. 2.75 per day more than the rest of the batch. |
| 6. | Nikasi Wala .. | Rs. 6.88 per 1,000 bricks taken out of the kiln vesel. |
| | CATEGORY-B | Monthly Wages |
| 1. | Munshi (Clerk) .. | Rs. 433 per month. |
| 2. | All un-skilled workers like Chowkidar, nalkawala on loading or unloading trucks coalman (not included category 5(a) etc. .. | Rs. 358 per month. |
| 3- | Jamadar (other than those employed on commission basis) .. | Rs. 365 per month. |
| 4. | Car Driver .. | Rs. 463 per month. |
| 5, | Truck Driver .. | Rs. 563 per month. |
| 6. | Cleaner .. | Rs. 358 per month. |

Original with;
Punjab Vidhan Sabha
Digitized by;
Punjab Digital Library

## Construction of Sub-Jail

***1876. Master Babu Singh :** Will the Chief Minister be pleased to state whether there is any proposal under the consideration of the Government to construct a Sub-Jail at the Sub-Divisional Headquarters at Rampura Phul, District Bhatinda ; if so, the time by which it is likely to materialize ?

**ਸਰਦਾਰ ਦਰਬਾਰਾ ਸਿੰਘ :** ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

---

## Cases/Complaints of Rape registered at the Police Stations in the State

***1791. Master Chand Singh :** Will the Chief Minister be pleased to state the district-wise number of cases/complaints of rape registered at the Police Stations of the State during the years 1980-81, 1981-82 and 1982-83 (todate) and the number of cases of Harijan women amongst them ?

**ਸਰਦਾਰ ਦਰਬਾਰਾ ਸਿੰਘ :** ਪੰਜਾਬ ਰਾਜ ਦੇ ਥਾਣਿਆਂ ਵਿਚ ਦਰਜ ਕੀਤੇ ਗਏ ਜਬਰ ਜਿਨਾਹ ਦੇ ਸਬੰਧੀ ਸਾਲ 1980-81, 1981-82 ਅਤੇ 1982-83 (ਮਿਤੀ 31 ਜਨਵਰੀ, 1983) ਦੇ ਦੌਰਾਨ ਦਰਜ ਕੀਤੇ ਗਏ ਕੇਸਾਂ/ਸ਼ਿਕਾਇਤਾਂ ਦੀ ਅਤੇ ਉਨ੍ਹਾਂ ਵਿਚੋਂ ਹਰੀਜਨ ਔਰਤਾਂ ਦੀ ਗਿਣਤੀ ਦੀ ਜ਼ਿਲ੍ਹੇਵਾਰ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ਜੀ ।

ਸੂਚੀ ਜਬਰ ਜਿਨਾਹ ਦੇ ਕੇਸਾਂ ਦੀ

| ਜ਼ਿਲ੍ਹਾ | | ਕੁਲ ਅਜਿਹੇ ਕੇਸਾਂ ਦੀ ਗਿਣਤੀ | | | ਹਰੀਜਨ ਔਰਤਾਂ ਦੇ ਕੇਸਾਂ ਦੀ ਗਿਣਤੀ | | |
|---|---|---|---|---|---|---|---|
| | | 1980-81 | 1981-82 | 1982-83 (31-1-83) | 1980-81 | 1981-82 | 1982-83 |
| ਜਲੰਧਰ | ... | 5 | 7 | 3 | 2 | 6 | 2 |
| ਅੰਮ੍ਰਿਤਸਰ | ... | 5 | 4 | 6 | 1 | ... | 3 |
| ਹੁਸ਼ਿਆਰਪੁਰ | .. | 11 | 4 | 2 | 4 | 1 | 1 |
| ਗੁਰਦਾਸਪੁਰ | ... | 14 | 12 | 5 | 7 | 5 | 3 |
| ਕਪੂਰਥਲਾ | ... | 5 | 4 | 5 | 1 | 1 | ... |
| ਪਟਿਆਲਾ | ... | 7 | 6 | 4 | 1 | 1 | ... |
| ਲੁਧਿਆਣਾ | ... | 9 | 8 | 8 | 2 | 1 | 1 |
| ਸੰਗਰੂਰ | ... | 18 | 8 | 2 | 6 | 5 | ... |
| ਰੋਪੜ | ... | 1 | 3 | .. | 1 | .. | .. |
| ਫਿਰੋਜ਼ਪੁਰ | ... | 4 | 7 | 5 | 3 | 2 | ... |
| ਬਠਿੰਡਾ | ... | 7 | 10 | ... | 2 | 3 | ... |
| ਫਰੀਦਕੋਟ | ... | 9 | 10 | 6 | 2 | 2 | 2 |
| ਕੁੱਲ ਜੋੜ | ... | 95 | 83 | 46 | 32 | 27 | 12 |

Original with;
Punjab Vidhan Sabha
Digitized by;
Panjab Digital Library

## Tubewells installed in Tehsil Garhshankar

*1775. **Pandit Sarwan Ram** : Will the Minister for Agricult ure be pleased to state—

(a) total number of tubewells in Garhshankar Tehsil installed by the Punjab State Tubewell Corporation or the Irrigation Department ;
(b) the total area commanded by the said Tubewells ;
(c) the total number of tubewells out of those referred to in part (a) above which are in working order ;
(d) the total number of tubewells out of those referred to in part (a) above which are lying idle for want of electricity connections ;
(e) the total number of tubewells out of those referred to in part (a) above which are lying idle for want of repairs or due to other defects ;
(f) the number of tubewells proposed to be installed in the said tehsil ?

**Chaudhri Kanshi Ram** :

(a)
(b)
(c)
(d)
(e)
(f)

} A statement containing the information sought is placed on the Table of the House.

**Statement showing the particulars of the Tubewells in Garhshankar Tehsil installed by the Punjab State Tubewell Corporation or the Irrigation Branch**

| | Tubewells installed by the Punjab State Tubewell Corporation | Tubewells installed by the Irrigation Branch | Total |
|---|---|---|---|
| (a) Total number of tubewells in Garhshankar tehsil installed by the Punjab State Tubewell Corporation or the Irrigation Branch .. | 24 | 109 | 133 |
| (b) The total area commanded by the said Tubewells (in hectares) .. | 1377·2 | 3041·6 | 4418·8 |
| (c) The total number of Tubewells out of those referred to in part (a) above which are in working order | 20 | 83 | 103 |
| (d) The total number of tubewells out of those referred to in part (a) above which are lying idle for want of electricity connections | 1 | 5 | 6 |
| (e) The total number nf tubewells out of those referred to in part (a) above which are lying idle for want of repairs or due to other defects | 3 | 21 | 24 |
| (f) The number of tubewells proposed to be installed in the said tehsil | 28 | Nil. | 28 |

Original with;
Punjab Vidhan Sabha
Digitized by;
Panjab Digital Library

**Widening of Bridges**

***1827. Sardar Dalip Singh Pandhi*** : Will the Minister for Public Works be pleased to state whether there is any proposal under the consideration of the Government to construct a bridge on the Narwana Branch (Canal) between Patiala-Sirhind road (direct), if so, the details thereof and the time by which it is likely to be constructed ?

**ਸਰਦਾਰ ਬੇਅੰਤ ਸਿੰਘ** : ਨਰਵਾਣਾ ਬਰਾਂਚ ਅਤੇ ਸਰਹਿੰਦ-ਪਟਿਆਲਾ ਸੜਕ ਤੇ ਪਹਿਲਾਂ ਹੀ ਇਕ ਪੁੱਲ ਹੈ । ਇਸ ਦੇ ਬਜਾਏ ਇਕ ਚੌੜਾ ਪੁੱਲ ਬਨਾਉਣ ਦੀ ਤਜਵੀਜ਼ ਵਿਚਾਰ ਅਧੀਨ ਹੈ । ਤਿਆਰ ਕਰਵਾਏ ਗਏ ਰਫਕਾਸਟ ਐਸਟੀਮੇਟ ਦੇ ਮੁਤਾਬਕ ਇਹ ਪੁੱਲ 37 ਲੱਖ ਰੁਪਏ ਵਿਚ ਬਣੇਗਾ । ਐਸਟੀਮੇਟ ਦੀ ਪੜਤਾਲ ਕਰਵਾਈ ਜਾ ਰਹੀ ਹੈ ਤਾਂ ਜੋ ਕੀਮਤ ਨੂੰ ਘਟਾਉਣ ਦੀ ਸੰਭਾਵਨਾ ਦਰਸਾਈ ਜਾ ਸਕੇ । ਮੌਜੂਦਾ ਪੁਲ ਨੂੰ ਚੌੜਾ ਕਰਨ ਦੀ ਸੰਭਾਵਨਾ ਵੀ ਪੜਤਾਲੀ ਜਾ ਰਹੀ ਹੈ ।

---

**Widening of Bridges**

***1810. Sardar Birdevinder Singh** : Will the Minister for Public Works be pleased to state whether there is any proposal under the consideration of the Government to widen the bridge on Sirhind-Patiala road on the Narwana Branch (Canal) of Bhakra Main line, if so, the total expenditure proposed to be incurred thereon and the time by which it is likely to be completed ?

**ਸਰਦਾਰ ਬੇਅੰਤ ਸਿੰਘ** : ਹਾਂ ਜੀ ।

ਤਿਆਰ ਕਰਵਾਏ ਗਏ ਰਫਕਾਸਟ ਐਸਟੀਮੇਟ ਦੇ ਮੁਤਾਬਕ ਪੁਲ 37 ਲੱਖ ਰੁਪਏ ਵਿਚ ਬਣੇਗਾ । ਐਸਟੀਮੇਟ ਦੀ ਪੜਤਾਲ ਕਰਵਾਈ ਜਾ ਰਹੀ ਹੈ ਤਾਂ ਜੋ ਕੀਮਤ ਨੂੰ ਘਟਾਉਣ ਦੀ ਸੰਭਾਵਨਾ ਦਰਸਾਈ ਜਾ ਸਕੇ । ਮੌਜੂਦਾ ਪੁਲ ਨੂੰ ਚੌੜਾ ਕਰਨ ਦੀ ਸੰਭਾਵਨਾ ਵੀ ਪੜਤਾਲੀ ਜਾ ਰਹੀ ਹੈ ।

---

**Amount deposited under the Basti Sudhar Scheme**

***1872. Chaudhri Jagjit Singh** : Will the Minister for Welfare and Labour be pleased to state—

(a) the total amount deposited with the Public Health Department by the Welfare Department under Basti Sudhar Scheme for village Lallian Khurd in district Jullundur ;

(b) the amount out of that referred to in part (a) above which has since been spent together with the amount lying unspent;

(c) the date by which the remaining amount is likely to be spent ?

**ਚੌਧਰੀ ਜਗਤ ਰਾਮ** : (ੳ) 1,79,600/- ਰੁਪਏ ।

(ਅ) 1,03,012/- ਰੁਪਏ ਖਰਚੇ ਜਾ ਚੁਕੇ ਹਨ ਅਤੇ 76,588/- ਰੁਪਏ ਅਣਖਰਚੇ ਪਏ ਹਨ ।

(ੲ) ਬਕਾਇਆ ਰਕਮ ਬਹੁਤ ਛੇਤੀ ਹੀ ਖਰਚ ਹੋ ਜਾਵੇਗੀ ।

---

* He had authorised Master Chand Singh to put his question.

Original with;
Punjab Vidhan Sabha
Digitized by;
Panjab Digital Library

**Amount deposited under the Basti Sudhar Scheme**

***1873. Chaudhri Jagjit Singh :** Will the Minister for Welfare and Labour Department be pleased to state :—

(a) the total amount of money deposited with the public Health Department by the Welfare Department under the Basti Sudhar Scheme, for village Jandu Singha in district Jalandhar ;

(b) the amount out of that referred to in part (a) above which has been spent so far together with the amount lying unspent ;

(c) the date by which the remaining unspent amount is likely to be utilized ?

**ਚੌਧਰੀ ਜਗਤ ਰਾਮ :** (ੳ) 1,68,801/- ਰੁਪਏ ।

(ਅ) 1,63,328/- ਰੁਪਏ ਖਰਚ ਹੋ ਚੁਕੇ ਹਨ ਅਤੇ 5,475/- ਰੁਪਏ ਅਣਖਰਚੇ ਪਏ ਹਨ ।

(ੲ) ਬਕਾਇਆ ਰਕਮ ਛੇਤੀ ਹੀ ਖਰਚ ਹੋ ਜਾਵੇਗੀ ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਲਈ ਖੜੇ ਸਨ)

**ਸ੍ਰੀ ਸਪੀਕਰ :** ਅੱਜ ਬਜਟ ਪੇਸ਼ ਹੋਣਾ ਹੈ। ਅੱਜ ਪਆਇੰਟ ਆਫ਼ ਆਰਡਰ ਨਹੀਂ ਹੋ ਸਕਦਾ। ਹੁਣ ਵਿੱਤ ਮੰਤਰੀ ਸਾਹਿਬ. ਬਜਟ ਪੇਸ਼ ਕਰਨਗੇ ।

## PRESENTATION OF BUDGET ESTIMATES FOR THE YEAR 1983-84

**ਵਿਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ) : ਸ੍ਰੀ ਮਾਨ ਜੀ,

ਮੈਂ ਸਦਨ ਦੇ ਸਾਹਮਣੇ ਸਾਲ 1983-84 ਦਾ ਬਜਟ ਪੇਸ਼ ਕਰਨ ਲਈ ਆਪ ਜੀ ਦੀ ਆਗਿਆ ਚਾਹੁੰਦਾ ਹਾਂ ।

**ਆਰੰਭਕ**

ਸਾਡੀ ਸਰਕਾਰ ਦੀ ਇਹ ਕੋਸ਼ਿਸ਼ ਰਹੀ ਹੈ ਕਿ ਰਾਜ ਦੇ ਲੋਕਾਂ ਦੇ ਜੀਵਨ ਮਿਆਰ ਨੂੰ ਉਚਾ ਕਰਨ ਅਤੇ ਖੁਸ਼ਹਾਲੀ ਵਿੱਚ ਵਾਧਾ ਕਰਨ ਲਈ ਰਾਜ ਦੀ ਅਰਥ ਵਿਵਸਥਾ ਦੇ ਲਗਾਤਾਰ, ਬਾ-ਮਕਸਦ ਅਤੇ ਵਿਉਂਤਬੱਧ ਵਿਕਾਸ ਨੂੰ ਯਕੀਨੀ ਬਣਾਇਆ ਜਾਵੇ। ਪਿਛਲੇ ਲਗ ਭਗ ਤਿੰਨ ਸਾਲਾਂ ਤੋਂ, ਜਦੋਂ ਤੋਂ ਸਾਡੀ ਸਰਕਾਰ ਨੇ ਵਾਗਡੋਰ ਸੰਭਾਲੀ ਹੈ, ਸਾਡੀਆਂ ਆਰਥਿਕ ਨੀਤੀਆਂ ਦਾ ਇਹੋ ਨਿਸ਼ਾਨਾ ਰਿਹਾ ਹੈ ਕਿ ਇਨ੍ਹਾਂ ਮਨੋਰਥਾਂ ਦੀ ਪੂਰਤੀ ਲਈ ਪੂਰੀ ਵਾਹ ਲਾਈ ਜਾਵੇ। ਜਿਵੇਂ ਕਿ ਮੈਂ ਆਪਣੇ ਪਿਛਲੇ ਬਜਟ ਭਾਸ਼ਣ ਵਿੱਚ ਵੀ ਜ਼ਿਕਰ ਕੀਤਾ ਸੀ, ਅਸੀਂ ਆਪਣੀਆਂ ਸਾਲਾਨਾ ਯੋਜਨਾਵਾਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਵਲ ਵੱਧ ਤੋਂ ਵੱਧ ਧਿਆਨ ਦਿੰਦੇ ਰਹੇ ਹਾਂ, ਕਿਉਂ ਜੋ ਕੇਵਲ ਇਸ ਸਾਧਨ ਰਾਹੀਂ ਹੀ ਵਿਕਾਸ ਦੇ ਟੀਚੇ ਪ੍ਰਾਪਤ ਕੀਤੇ ਜਾ ਸਕਦੇ ਹਨ। ਮਾਨਯੋਗ ਮੈਂਬਰ ਸਾਹਿਬਾਨ ਦੀ ਯਾਦਦਹਾਨੀ ਲਈ ਮੈਂ ਇਹ ਗੱਲ ਦੂਜੀ ਵਾਰ ਕਹਿਣ ਤੋਂ ਸੰਕੋਚ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨਹੀਂ ਕਰਦਾ ਕਿ ਪੰਜਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਖਰਚ ਕੀਤੀ ਗਈ 940.13 ਕਰੋੜ ਰੁਪਏ ਦੀ ਰਕਮ ਦੇ ਮੁਕਾਬਲੇ ਅਸੀਂ 6ਵੀਂ ਪੰਜ ਸਾਲਾ ਯੋਜਨਾ ਦਾ ਆਕਾਰ ਵਧਾ ਕੇ 1957 ਕਰੋੜ ਰੁਪਏ ਕਰ ਦਿਤਾ ਹੈ ਜੋ ਕਿ 5ਵੀਂ ਪੰਜ ਸਾਲਾ ਯੋਜਨਾ ਦੇ ਆਕਾਰ ਨਾਲੋਂ ਦੁੱਗਣੇ ਤੋਂ ਵੀ ਵੱਧ ਹੈ। 6ਵੀਂ ਪੰਜ ਸਾਲਾ ਯੋਜਨਾ ਦੇ ਆਕਾਰ ਵਿਚ ਇਹ ਨਿੱਗਰ ਵਾਧਾ ਸਾਡੀਆਂ ਸਾਲਾਨਾ ਯੋਜਨਾਵਾਂ ਦੇ ਆਕਾਰ ਤੋਂ ਵੀ ਪ੍ਰਗਟ ਹੁੰਦਾ ਹੈ ਜੋ ਕਿ ਸਾਲ 1980-81 ਦੀ ਯੋਜਨਾ ਲਈ 300 ਕਰੋੜ ਰੁਪਏ, 1981-82 ਦੀ ਯੋਜਨਾ ਲਈ 340 ਕਰੋੜ ਰੁਪਏ ਅਤੇ 1982-83 ਦੀ ਯੋਜਨਾ ਲਈ 385 ਕਰੋੜ ਰੁਪਏ ਸੀ ਅਤੇ ਇਸ ਤੋਂ ਇਲਾਵਾ ਕ੍ਰਮਵਾਰ 127.50 ਕਰੋੜ ਰੁਪਏ 269.00 ਕਰੋੜ ਰੁਪਏ ਅਤੇ 500.00 ਕਰੋੜ ਰੁਪਏ ਦੀਆਂ ਰਕਮਾਂ ਦਾ ਸੰਸਥਾਵੀਂ ਵਿੱਤ ਸਾਧਨਾਂ ਤੋਂ ਪ੍ਰਬੰਧ ਕੀਤਾ ਗਿਆ ਸੀ। ਅਸੀਂ 1983-84 ਦੀ ਸਾਲਾਨਾ ਯੋਜਨਾ ਉਤੇ ਸੰਸਥਾਵੀਂ ਵਿੱਤ ਤੋਂ ਪ੍ਰਾਪਤ ਕੀਤੀ 550 ਕਰੋੜ ਰੁਪਏ ਦੀ ਰਕਮ ਸਮੇਤ 990 ਕਰੋੜ ਰੁਪਏ ਦੀ ਵੱਡੀ ਰਕਮ ਖਰਚ ਕਰਾਂਗੇ। (ਥੰਪਿੰਗ) ਇਨ੍ਹਾਂ ਯੋਜਨਾਵਾਂ ਨੂੰ ਸਫਲਤਾ ਪੂਰਬਕ ਨੇਪਰੇ ਚਾੜ੍ਹਨ ਹਿਤ ਅਸੀਂ ਆਪਣੇ ਸੀਮਿਤ ਮਾਲੀ ਸਾਧਨਾਂ ਦੀ ਬਹੁਤ ਹੀ ਸੁਚੱਜੇ ਢੰਗ ਨਾਲ ਵਰਤੋਂ ਕਰ ਰਹੇ ਹਾਂ ਅਤੇ ਇਸ ਤੋਂ ਇਲਾਵਾ ਹੋਰ ਵਧੀਕ ਸਾਧਨਾਂ ਨੂੰ ਜੁਟਾਉਣ ਦੇ ਨਾਲ ਨਾਲ ਅਸੀਂ ਇਸ ਸਬੰਧ ਵਿਚ ਕੇਂਦਰੀ ਸਰਕਾਰ ਤੋਂ ਕਾਫੀ ਰਿਆਇਤਾਂ ਅਤੇ ਖੁਲ੍ਹ ਦਿਲੀ ਨਾਲ ਸਹਾਇਤਾ ਵੀ ਪ੍ਰਾਪਤ ਕਰਦੇ ਰਹੇ ਹਾਂ। ਸਾਡੀ ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਸਦਕਾ ਹੀ ਅਸੀਂ ਨਾ ਕੇਵਲ ਆਪਣੀਆਂ ਸਾਲਾਨਾ ਯੋਜਨਾਵਾਂ ਦੇ ਆਕਾਰ ਵਿਚ ਲਗਾਤਾਰ ਚੋਖਾ ਵਾਧਾ ਕਰਨ ਵਿਚ ਸਫਲ ਹੋਏ ਹਾਂ ਸਗੋਂ ਖਰਚ ਦੇ ਬਜਟ ਪੱਧਰ ਨੂੰ ਵੀ ਬਰਕਰਾਰ ਰੱਖ ਸਕੇ ਹਾਂ, ਜਦ ਕਿ ਸਾਡੇ ਤੋਂ ਪਹਿਲੀ ਸਰਕਾਰ 1978-79 ਅਤੇ 1979-80 ਦੇ ਸਾਲਾਂ ਦੇ ਦੌਰਾਨ 260 ਕਰੋੜ ਰੁਪਏ ਤਕ ਦੀਆਂ ਦਰਮਿਆਨੀ ਜਿਹੀਆਂ ਸਾਲਾਨਾ ਯੋਜਨਾਵਾਂ ਨੂੰ ਵੀ ਪੂਰੀ ਤਰ੍ਹਾਂ ਨੇਪਰੇ ਨਹੀਂ ਚਾੜ੍ਹ ਸਕੀ ਸੀ।

**ਆਰਥਿਕ ਸਥਿਤੀ**

ਪ੍ਰਤੱਖ ਨੂੰ ਪ੍ਰਮਾਣ ਕੀ। ਉਕਤ ਦਰਸਾਈਆਂ ਆਰਥਿਕ ਨੀਤੀਆਂ ਅਤੇ ਸਾਡੀ ਸਰਕਾਰ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਸਿੱਟੇ ਉਨ੍ਹਾਂ ਤੱਥਾਂ ਅਤੇ ਅੰਕੜਿਆਂ ਤੋਂ ਸਪੱਸ਼ਟ ਹੁੰਦੇ ਹਨ, ਜਿਨ੍ਹਾਂ ਬਾਰੇ ਆਰਥਿਕ ਸਰਵੇਖਣ 1982-83 ਦੀ ਦਸਤਾਵੇਜ਼ ਵਿਚ ਵਿਸਤਾਰ ਨਾਲ ਵੇਰਵਾ ਦਿਤਾ ਗਿਆ ਹੈ, ਜੋ ਕਿ ਮੈਂਬਰ ਸਾਹਿਬਾਨ ਨੂੰ ਹੋਰਨਾਂ ਬਜਟ ਦਸਤਾਵੇਜ਼ਾਂ ਸਮੇਤ ਵੱਖਰੇ ਤੌਰ ਤੇ ਵੰਡ ਦਿਤਾ ਗਿਆ ਹੈ। ਫਿਰ ਵੀ ਮੈਂ ਉਪਰੋਕਤ ਅਰਥ ਵਿਵਸਥਾ ਦੇ ਕੁਝ ਮੁੱਖ ਪਹਿਲੂਆਂ ਬਾਰੇ ਆਪ ਜੀ ਨੂੰ ਸੰਖੇਪ ਵਿਚ ਜਾਣਕਾਰੀ ਦੇਣਾ ਚਾਹੁੰਦਾ ਹਾਂ।

ਸਾਲ 1979-80 ਦੇ ਦੌਰਾਨ ਰਾਜ ਦੀ ਆਰਥਿਕਤਾ ਦਾ ਵਾਧਾ ਦਰ ਕੇਵਲ 2.8 ਫੀ ਸਦੀ ਸੀ। ਜ਼ਰਾਇਤੀ ਖੇਤਰ ਰਾਜ ਦੀ ਆਰਥਿਕਤਾ ਦਾ ਧੁਰਾ ਹੈ ਅਤੇ ਇਸ ਕਾਲ ਦੇ ਦੌਰਾਨ ਇਸ ਵਿਚ ਉਕਾ ਹੀ ਕੋਈ ਵਾਧਾ ਨਹੀਂ ਹੋਇਆ। ਮਾਨਯੋਗ ਮੈਂਬਰ ਸਾਹਿਬਾਨ ਇਹ ਜਾਣ ਕੇ ਖੁਸ਼ੀ ਮਹਿਸੂਸ ਕਰਨਗੇ ਕਿ ਛੇਵੀਂ ਪੰਜ ਸਾਲਾ ਯੋਜਨਾ ਦੇ ਪਹਿਲੇ ਤਿੰਨ ਸਾਲਾਂ (1980-83) ਦੇ ਦੌਰਾਨ ਰਾਜ ਦਾ ਮਿਸ਼ਰਤ ਵਾਧਾ ਦਰ 5.45 ਫੀ ਸਦੀ ਹੋ ਗਿਆ ਹੈ। (ਥੰਪਿੰਗ) ਇਸੇ ਸਮੇਂ ਦੇ ਦੌਰਾਨ ਜ਼ਰਾਇਤੀ ਖੇਤਰ ਵਿਚ 5.52 ਫੀ ਸਦੀ ਅਤੇ ਉਦਯੋਗਿਕ ਖੇਤਰ ਵਿਚ 8.19 ਫੀ ਸਦੀ ਦੀ ਦਰ ਨਾਲ ਵਾਧਾ ਹੋਇਆ (ਥੰਪਿੰਗ)। ਸਤਿਕਾਰਯੋਗ ਮੈਂਬਰ ਸਾਹਿਬਾਨ ਇਸ ਗਲ ਦੀ ਸ਼ਲਾਘਾ ਕਰਨਗੇ ਕਿ ਪ੍ਰਤਿਕੂਲ ਮੌਸਮ, ਬਾਰਸ਼ਾਂ ਦੀ ਕਮੀ, ਬਿਜਲੀ ਦੀ ਥੁੜ੍ਹ ਅਤੇ ਹੋਰ ਨਾਸਾਜ਼ਗਾਰ ਹਾਲਾਤ, ਜਿਨ੍ਹਾਂ ਦਾ ਸਾਨੂੰ ਕਾਫੀ ਚਿਰ ਤੋਂ ਸਾਹਮਣਾ ਕਰਨਾ ਪੈ ਰਿਹਾ ਹੈ, ਦੇ ਬਾਵਜੂਦ ਅਸੀਂ ਆਪਣੀ ਆਰਥਿਕਤਾ ਵਿਚ 5.45 ਫੀ ਸਦੀ ਨਿਰੰਤਰ ਅਤੇ ਸਥਾਈ ਵਾਧਾ ਦਰ ਪ੍ਰਾਪਤ ਕਰ ਚੁੱਕੇ ਹਾਂ। ਸਾਡੀ ਇਸ ਪ੍ਰਾਪਤੀ ਦੀ

Original with;
Punjab Vidhan Sabha
Digitized by;
Panjab Digital Library

ਮਹੱਤਤਾ ਹੋਰ ਵੀ ਵਧ ਜਾਂਦੀ ਹੈ ਜਦੋਂ ਅਸੀਂ ਇਸ ਦਾ ਮੁਕਾਬਲਾ ਰਾਸ਼ਟਰੀ ਵਾਧਾ ਦਰ ਨਾਲ ਕਰਦੇ ਹਾਂ ਜੋ ਕਿ ਭਾਰਤ ਸਰਕਾਰ ਦੇ ਆਰਥਿਕ ਸਰਵੇਖਣ ਅਨੁਸਾਰ 1982-83 ਦੇ ਦੌਰਾਨ ਕੇਵਲ 2 ਫੀ ਸਦੀ ਅਤੇ 1980-81 ਤੋਂ 1982-83 ਦੇ ਤਿੰਨ ਸਾਲਾਂ ਦੇ ਦੌਰਾਨ ਲਗ ਭਗ 5 ਫੀ ਸਦੀ ਸੀ। ਇਹ ਸੰਤੋਖਜਨਕ ਹਾਲਤ ਭਲੀਭਾਂਤ ਸਿੱਧ ਕਰਦੀ ਹੈ ਕਿ ਸਾਡੀਆਂ ਆਰਥਿਕ ਅਤੇ ਵਿਕਾਸ ਸਬੰਧੀ ਨੀਤੀਆਂ ਬੁਨਿਆਦੀ ਤੌਰ ਤੇ ਮਜ਼ਬੂਤ ਹਨ।

ਛੇਵੀਂ ਪੰਜ ਸਾਲਾ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਦੇ ਦੌਰਾਨ ਹੋਈ ਆਰਥਿਕ ਪ੍ਰਗਤੀ ਦੇ ਨਤੀਜੇ ਵਜੋਂ ਸਥਿਰ ਕੀਮਤਾਂ (1970-71) ਦੇ ਆਧਾਰ ਤੇ ਰਾਜ ਦਾ ਨਿਰੋਲ ਅੰਦਰੂਨੀ ਉਤਪਾਦਨ ਸੂਚਕ ਅੰਕ 1979-80 ਦੇ 153.7 ਤੋਂ ਵਧ ਕੇ 1980-81 ਵਿੱਚ 167.9 ਹੋ ਗਿਆ ਅਤੇ 1982-83 ਵਿਚ ਵੱਧ ਕੇ ਇਸ ਦੇ 174.8 ਹੋ ਜਾਣ ਦੀ ਆਸ ਹੈ। 1970-71 ਦੀਆਂ ਕੀਮਤਾਂ ਦੇ ਆਧਾਰ ਤੇ ਜੀ ਪ੍ਰਤੀ ਆਮਦਨ 1980-81 ਦੇ 1,367 ਰੁਪਏ ਤੋਂ ਵੱਧ ਕੇ 1982-83 ਵਿਚ 1.457 ਰੁਪਏ ਹੋ ਜਾਣ ਦੀ ਆਸ ਹੈ ਜੋ ਕਿ 6.6% ਦੇ ਵਾਸਤਵਿਕ ਠਿੱਗਰ ਵਾਧੇ ਨੂੰ ਦਰਸਾਉਂਦੀ ਹੈ। ਮੌਜੂਦਾ ਕੀਮਤਾਂ ਦੇ ਆਧਾਰ ਤੇ ਜੀ ਪ੍ਰਤੀ ਆਮਦਨ 1980-81 ਦੇ 2,768 ਰੁਪਏ ਤੋਂ ਵਧ ਕੇ 1982-83 ਵਿਚ 3,403 ਰੁਪਏ ਹੋ ਗਈ ਹੈ। ਇਹ ਜੀ ਪ੍ਰਤੀ ਆਮਦਨ ਦੇਸ਼ ਦੇ ਸਾਰੇ ਰਾਜਾਂ ਵਿਚੋਂ ਸਭ ਤੋਂ ਵੱਧ ਹੈ।

ਸਾਲ 1982-83 ਦੇ ਦੌਰਾਨ ਪੰਜਾਬ ਵਿਚ ਵਧ ਰਹੀਆਂ ਕੀਮਤਾਂ ਨੂੰ ਕਾਫੀ ਹੱਦ ਤਕ ਠਲ੍ਹ ਪਾ ਦਿਤੀ ਗਈ ਹੈ। ਸਾਲ 1981-82 ਦੇ ਦੌਰਾਨ ਪੰਜਾਬ ਵਿਚ ਕਿਰਤੀ ਸ਼੍ਰੇਣੀ ਲਈ ਔਸਤ ਖਪਤਕਾਰ ਕੀਮਤ ਸੂਚਕ ਅੰਕ (ਅਧਾਰ 1976=100) ਵਿਚ ਪਿਛਲੇ ਸਾਲ ਦੇ ਮੁਕਾਬਲੇ 9.6% ਦਾ ਵਾਧਾ ਹੋਇਆ। ਅਪਰੈਲ, 1982 ਤੋਂ ਨਵੰਬਰ, 1982 ਦੇ ਸਮੇਂ ਦੌਰਾਨ ਇਸ ਵਿਚ ਕੇਵਲ 3.9% ਦਾ ਵਾਧਾ ਹੋਇਆ। ਇਥੇ ਇਹ ਗੱਲ ਵਿਸ਼ੇਸ਼ ਰੂਪ ਵਿਚ ਧਿਆਨ ਦੇਣ ਯੋਗ ਹੈ ਕਿ ਸੂਚਕ ਅੰਕ ਅਗਸਤ ਤੋਂ ਨਵੰਬਰ, 1982 ਤਕ 159 ਉਤੇ ਸਥਿਰ ਰਿਹਾ ਜੋ ਕਿ ਕੀਮਤਾਂ ਦੇ ਸੱਤਰ ਵਿਚ ਸਥਿਰਤਾ ਆ ਜਾਣ ਨੂੰ ਦਰਸਾਉਂਦਾ ਹੈ। ਦਸੰਬਰ, 1982 ਵਿਚ ਇਹ ਹੋਰ ਘੱਟ ਕੇ 158 ਰਹਿ ਗਿਆ।

**ਸਾਲਾਨਾ ਯੋਜਨਾ 1983-84**

1983-84 ਦੀ ਸਾਲਾਨਾ ਯੋਜਨਾ ਦਾ ਆਕਾਰ 440.00 ਕਰੋੜ ਰੁਪਏ ਨਿਸ਼ਚਿਤ ਕੀਤਾ ਗਿਆ ਹੈ ਜਦ ਕਿ ਸਾਲ 1982-83 ਦੀ ਸਾਲਾਨਾ ਯੋਜਨਾ ਦਾ ਆਕਾਰ 385.00 ਕਰੋੜ ਰੁਪਏ ਸੀ। ਇਹ ਖਰਚ ਸਾਲ 1982-83 ਦੇ ਖਰਚ ਤੋਂ 14.3% ਵੱਧ ਹੈ। ਬਿਜਲੀ ਖੇਤਰ ਲਈ ਸਭ ਤੋਂ ਵੱਧ ਅਰਥਾਤ 213.00 ਕਰੋੜ ਰੁਪਏ ਰੱਖੇ ਗਏ ਹਨ। ਐਪਰ ਵਿਉਂਤਬੰਦੀ ਦੀ ਨੀਤੀ ਵਿਚ ਤਬਦੀਲੀ ਕਰਕੇ ਇਸ ਵਿਚ ਸਮਾਜਿਕ ਖੇਤਰਾਂ ਵੱਲ ਵਧੇਰੇ ਧਿਆਨ ਦਿਤਾ ਗਿਆ ਹੈ। ਅਜਿਹੀਆਂ ਸਕੀਮਾਂ ਲਈ ਚੋਖਾ ਉਪਬੰਧ ਕੀਤਾ ਗਿਆ ਹੈ ਜਿਨ੍ਹਾਂ ਦਾ ਸਿੱਧਾ ਅਸਰ ਦਿਹਾਤੀ ਲੋਕਾਂ ਦੀ ਬਿਹਤਰੀ ਤੇ ਪੈਂਦਾ ਹੈ। ਸਮੂਹਿਕ ਵਿਕਾਸ ਅਤੇ ਪੰਚਾਇਤ ਕੌਮੀ ਦਿਹਾਤੀ ਰੋਜ਼ਗਾਰ ਪ੍ਰੋਗਰਾਮ, ਸੜਕਾਂ ਅਤੇ ਪੁਲ, ਆਮ ਸਿਖਿਆ, ਜਨ ਸਿਹਤ ਅਤੇ ਸਫਾਈ ਅਤੇ ਆਹਾਰ ਪੁਸ਼ਟੀ ਖੇਤਰਾਂ ਲਈ ਉਪਬੰਧ ਸਾਲ 1982-83 ਦੇ ਮੁਕਾਬਲੇ ਕਾਫੀ ਵਧਾ ਦਿੱਤੇ ਗਏ ਹਨ। ਪਹਿਲੀ ਵਾਰ ਬਜਟ ਵਿਚ ਵਿਗਿਆਨਕ ਅਤੇ ਟੈਕਨਾਲੋਜੀ ਲਈ ਉਪਬੰਧ ਕੀਤਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਜ ਆਧੁਨਿਕ ਵਿਗਿਆਨਕ ਟੈਕਨਾਲੋਜੀ ਦੀ ਖੋਜ ਅਤੇ ਵਿਕਾਸ ਦੇ ਖੇਤਰ ਵਿਚ ਪਛੜ ਨਾ ਜਾਵੇ। ਪਹਿਲਾਂ ਹੀ ਚੱਲ ਰਹੇ ਪ੍ਰਾਜੈਕਟਾਂ ਦੀ ਪੂਰਤੀ ਨੂੰ ਯਕੀਨੀ ਬਣਾਉਣ ਲਈ ਖੇਤਰਵਾਰ ਉਪਬੰਧ ਕੀਤੇ ਗਏ ਹਨ। ਵਿਸ਼ੇਸ਼ ਕੇਂਦਰੀ ਸਹਾਇਤਾ ਅਧੀਨ ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਸਕੀਮਾਂ ਨੂੰ ਲਾਗੂ ਕਰਨ ਦੀ ਰਫਤਾਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨੂੰ ਬਰਕਰਾਰ ਰਖਿਆ ਗਿਆ ਹੈ ਅਤੇ ਇਸ ਵਾਸਤੇ ਸਾਲ 1982-83 ਲਈ 4.50 ਕਰੋੜ ਰੁਪਏ ਦੀ ਰਕਮ ਖਰਚੀ ਗਈ ਤਾਂ ਜੋ ਸਾਲ 1983-84 ਦੇ ਦੌਰਾਨ ਵੀ 4.88 ਕਰੋੜ ਰੁਪਏ ਦੀ ਅਜਿਹੀ ਸਹਾਇਤਾ ਪ੍ਰਾਪਤ ਹੋ ਸਕੇ। ਇਹ ਸਹਾਇਤਾ 440.00 ਕਰੋੜ ਰੁਪਏ ਦੇ ਯੋਜਨਾ ਆਕਾਰ ਤੋਂ ਇਲਾਵਾ ਹੋਵੇਗੀ । (ਥੰਪਿੰਗ)

**ਸੰਸਥਾਵੀ ਵਿੱਤ**

ਮਾਨਯੋਗ ਮੈਂਬਰ ਸਾਹਿਬਾਨ ਸਾਡੀ ਸਰਕਾਰ ਦੀ ਦੂਰ-ਅੰਦੇਸ਼ੀ ਅਤੇ ਪਹਿਲ ਕਦਮੀ ਤੋਂ ਚੰਗੀ ਤਰ੍ਹਾਂ ਜਾਣੂ ਹਨ ਜਿਹੜੀ ਕਿ ਅਸੀਂ ਰਾਜ ਦੇ ਤੇਜ਼ੀ ਨਾਲ ਵਿਕਾਸ ਵਾਸਤੇ ਵੱਧ ਤੋਂ ਵੱਧ ਸੰਸਥਾਵੀ ਵਿੱਤ ਜੁਟਾਉਣ ਲਈ ਅਪਣਾਈ ਹੈ। ਇਸ ਖੇਤਰ ਵਿਚ ਰਾਜ ਸਰਕਾਰ ਦੀ ਇਕ ਸਿਰ ਕੱਢਵੀਂ ਪ੍ਰਾਪਤੀ ਇਹ ਹੈ ਕਿ ਇਸ ਨੇ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਵੱਡੇ ਪੈਮਾਨੇ ਤੇ ਸੰਸਥਾਵੀ ਵਿੱਤ ਜੁਟਾਇਆ ਹੈ। ਇਸ ਤਰ੍ਹਾਂ ਜੁਟਾਇਆ ਧਨ ਮੁੱਖ ਤੌਰ ਤੇ ਵਿਕਾਸਆਤਮਕ ਸਰਗਰਮੀਆਂ ਉਤੇ ਖਰਚ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਰਕਮਾਂ ਪ੍ਰਤੱਖ ਰੂਪ ਵਿਚ ਉਨ੍ਹਾਂ ਰਕਮਾਂ ਤੋਂ ਵਧੀਕ ਹਨ ਜਿਹੜੀਆਂ ਸਾਲਾਨਾ ਯੋਜਨਾਵਾਂ ਰਾਹੀਂ ਰਾਜ ਦੇ ਵਿਕਾਸ ਲਈ ਖਰਚ ਕੀਤੀਆਂ ਜਾ ਰਹੀਆਂ ਹਨ ।

ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਚਾਲੂ ਸਾਲ ਦੇ ਦੌਰਾਨ 500 ਕਰੋੜ ਰੁਪਏ ਦੀ ਰਕਮ ਜੁਟਾ ਸਕਾਂਗੇ ਜਦ ਕਿ ਸਾਲ 1981-82 ਦੇ ਦੌਰਾਨ 269 ਕਰੋੜ ਰੁਪਏ ਦੀ ਰਕਮ ਹਾਸਲ ਕੀਤੀ ਗਈ ਸੀ। ਵਪਾਰਕ ਬੈਂਕਾਂ ਅਤੇ ਹੋਰਨਾਂ ਮਿਆਦੀ ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਪਾਸੋਂ ਸਰਮਾਇਆ ਹਾਸਲ ਕਰਨ ਦਾ ਨਿਸ਼ਾਨਾ ਸਾਲ 1983-84 ਵਾਸਤੇ 550 ਕਰੋੜ ਰੁਪਏ ਰਖਿਆ ਗਿਆ ਹੈ। ਇਸ ਰਕਮ ਦੀ ਖੇਤਰਵਾਰ ਵਰਤੋਂ ਦਾ ਵੇਰਵਾ ਨਿਮਨ ਅਨੁਸਾਰ ਹੋਵੇਗਾ :—

| | | | |
|---|---|---|---|
| ਜ਼ਰਾਇਤ ਤੇ ਸਬੰਧਤ ਸੇਵਾਵਾਂ | ... | 380 | ਕਰੋੜ ਰੁਪਏ |
| ਛੋਟੀ ਸਿੰਜਾਈ | ... | 20 | ਕਰੋੜ ਰੁਪਏ |
| ਬਿਜਲੀ | ... | 35 | ਕਰੋੜ ਰੁਪਏ |
| ਪੀਲੇ ਕਾਰਡ ਧਾਰੀਆਂ ਨੂੰ ਵਿਆਜ ਰਹਿਤ ਕਰਜ਼ੇ | | 25 | ਕਰੋੜ ਰੁਪਏ |
| ਉਦਯੋਗ | ... | 70 | ਕਰੋੜ ਰੁਪਏ |
| ਮਕਾਨ ਉਸਾਰੀ, ਜਲ ਸਪਲਾਈ ਅਤੇ ਸੀਵਰੇਜ ਬੋਰਡ | ... | 16 | ਕਰੋੜ ਰੁਪਏ |
| ਟ੍ਰਾਂਸਪੋਰਟ | .. | 4 | ਕਰੋੜ ਰੁਪਏ |

ਰਾਜ ਅੰਦਰ ਵਪਾਰਕ ਬੈਂਕਾਂ ਦੀਆਂ ਵਧੇਰੇ ਸ਼ਾਖਾਵਾਂ ਖੁਲ੍ਹਣਾ ਰਾਜ ਦੀ ਆਰਥਿਕਤਾ ਲਈ ਹਮੇਸ਼ਾ ਹੀ ਲਾਭਕਾਰੀ ਹੁੰਦਾ ਹੈ ਕਿਉਂ ਕਿ ਇਨ੍ਹਾਂ ਬੈਂਕਾਂ ਤੋਂ ਆਸਾਨੀ ਨਾਲ ਅਤੇ ਵਧੇਰੇ ਕਰਜ਼ਾ

Original with;
Punjab Vidhan Sabha
Digitized by;
Panjab Digital Library

ਮਿਲ ਜਾਂਦਾ ਹੈ। ਹਾਲਾਂਕਿ ਪੰਜਾਬ ਅੰਦਰ ਬੈਂਕਾਂ ਦੀਆਂ ਸ਼ਾਖਾਵਾਂ ਆਬਾਦੀ ਦੇ ਪ੍ਰਤੀ ਹਜ਼ਾਰ ਪਿੱਛੇ ਸਭ ਤੋਂ ਵੱਧ ਹਨ, ਅਰਥਾਤ ਇਥੇ 9,000 ਦੀ ਆਬਾਦੀ ਲਈ ਔਸਤਕ ਇੱਕ ਬੈਂਕ ਸ਼ਾਖਾ ਹੈ ਜਦੋਂ ਕਿ ਦੇਸ਼ ਵਿਚ ਔਸਤ 20,000 ਦੀ ਆਬਾਦੀ ਲਈ ਇਕ ਸ਼ਾਖਾ ਹੈ ਫੇਰ ਵੀ ਪਿਛਲੇ 3 ਸਾਲਾਂ ਦੇ ਦੌਰਾਨ ਆਪਣੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਅਸੀਂ ਰਾਜ ਅੰਦਰ 306 ਬੈਂਕ ਸ਼ਾਖਾਵਾਂ ਖੁਲ੍ਹਵਾਉਣ ਲਈ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਮਨਜ਼ੂਰੀ ਪ੍ਰਾਪਤ ਕਰਨ ਵਿਚ ਕਾਮਯਾਬ ਹੋਏ ਹਾਂ (ਥੰਪਿੰਗ) ਰਾਜ ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਉਧਾਰ ਜਮ੍ਹਾਂ ਅਨੁਪਾਤ ਜਿਹੜੀ ਕਿ ਦਸੰਬਰ 1979 ਵਿਚ 42.1 ਪ੍ਰਤੀਸ਼ਤ ਸੀ, 31 ਦਸੰਬਰ, 1981 ਨੂੰ ਵੱਧ ਕੇ 46.7 ਪ੍ਰਤੀਸ਼ਤ ਹੋ ਗਈ ਸੀ।

ਮਾਨਯੋਗ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਰਾਜ ਸਰਕਾਰ ਦੇ ਭਰਪੂਰ ਯਤਨਾਂ ਸਦਕਾ ਕੇਂਦਰੀ ਸਰਕਾਰ ਰੋਪੜ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਾਸਤੇ 3 ਇਲਾਕਾਈ ਦਿਹਾਤੀ ਬੈਂਕ ਖੋਲ੍ਹਣ ਲਈ ਰਜ਼ਾਮੰਦ ਹੋ ਗਈ ਹੈ।

**ਕਾਰਪੋਰੇਸ਼ਨਾਂ**

ਨਵੇਂ 20 ਨੁਕਾਤੀ ਸਮਾਜ-ਆਰਥਿਕ ਪ੍ਰੋਗਰਾਮ ਅਧੀਨ ਸਰਕਾਰੀ ਅਦਾਰਿਆਂ ਦੇ ਕੰਮ-ਕਾਜ ਵਿਚ ਉਨ੍ਹਾਂ ਦੀ ਨਿਪੁੰਨਤਾ ਅਤੇ ਲਾਹੇਵੰਦ ਉਤਪਾਦਨ ਰਾਹੀਂ ਸੁਧਾਰ ਲਿਆਉਣਾ ਇਕ ਜ਼ਰੂਰੀ ਆਵੱਸ਼ਕਤਾ ਹੈ। ਸਾਲ 1981-82 ਦੇ ਅੰਤ ਤਕ ਰਾਜ ਵਿਚ ਕੰਮ ਕਰ ਰਹੀਆਂ ਕਾਰਪੋਰੇਸ਼ਨਾਂ/ਬੋਰਡਾਂ ਦੀ ਗਿਣਤੀ 28 ਸੀ ਅਤੇ ਉਨ੍ਹਾਂ ਦੀ ਹਿੱਸਾ ਪੂੰਜੀ ਅੰਸ਼ਦਾਨ 115 ਕਰੋੜ ਰੁਪਏ ਸੀ। ਇਹ ਰਕਮ 31 ਮਾਰਚ, 1983 ਤਕ ਵਧ ਕੇ 133 ਕਰੋੜ ਹੋ ਜਾਵੇਗੀ। ਸਾਲ 1983-84 ਦੇ ਦੌਰਾਨ ਇਸ ਹਿੱਸਾ ਪੂੰਜੀ ਅੰਸ਼ਦਾਨ ਲਈ 19.72 ਕਰੋੜ ਰੁਪਏ ਦਾ ਹੋਰ ਉਪਬੰਧ ਕੀਤਾ ਗਿਆ ਹੈ।

ਇਨ੍ਹਾਂ ਕਾਰਪੋਰੇਸ਼ਨਾਂ/ਬੋਰਡਾਂ ਦੇ ਕੰਮ-ਕਾਜ ਵਿਚ ਸੁਧਾਰ ਲਿਆਉਣ ਲਈ ਇਕ ਉਚ ਪੱਧਰੀ ਕਮੇਟੀ ਮੁੱਖ ਮੰਤਰੀ, ਪੰਜਾਬ, ਜੀ ਦੀ ਪ੍ਰਧਾਨਗੀ ਅਧੀਨ ਬਣਾਈ ਗਈ ਹੈ ਜਿਸ ਨੇ ਇਨ੍ਹਾਂ ਕਾਰਪੋਰੇਸ਼ਨਾਂ ਬੋਰਡਾਂ ਦੇ ਕੰਮ ਕਾਜ ਦੀ ਨਜ਼ਰਸਾਨੀ ਕਰਨੀ ਆਰੰਭ ਕਰ ਦਿੱਤੀ ਹੈ। ਇਸ ਕਮੇਟੀ ਨੇ ਹੁਣ ਤਕ 5 ਕਾਰਪੋਰੇਸ਼ਨਾਂ/ਬੋਰਡਾਂ ਦੇ ਕੰਮ ਦਾ ਜਾਇਜ਼ਾ ਲਿਆ ਹੈ ਅਤੇ ਬਾਕੀ ਰਹਿੰਦੀਆਂ ਕਾਰਪੋਰੇਸ਼ਨਾਂ/ਬੋਰਡਾਂ ਦੀ ਪੜਤਾਲ ਵੀ ਛੇਤੀ ਹੀ ਮੁਕਾ ਲਈ ਜਾਵੇਗੀ।

ਇਸ ਕਮੇਟੀ ਵੱਲੋਂ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਸਬੰਧੀ ਕਾਰਪੋਰੇਸ਼ਨਾਂ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਇਸ ਗਲ ਦੀ ਨਿਗਰਾਨੀ ਰੱਖੀ ਜਾ ਰਹੀ ਹੈ ਕਿ ਇਨ੍ਹਾਂ ਹਦਾਇਤਾਂ ਦੀ ਬਿਨਾਂ ਦੇਰੀ ਤੋਂ ਪਾਲਣਾ ਕੀਤੀ ਜਾਂਦੀ ਹੈ। ਇਨ੍ਹਾਂ ਕਾਰਪੋਰੇਸ਼ਨਾਂ ਦੇ ਕਰਮਚਾਰੀਆਂ ਦੇ ਤਨਖਾਹ, ਸਕੇਲਾਂ ਅਤੇ ਭੱਤਿਆਂ ਬਾਰੇ, ਇਨ੍ਹਾਂ ਵਿਚ ਯੋਗ ਵਿੱਤੀ ਅਨੁਸ਼ਾਸਨ ਕਾਇਮ ਰੱਖਣ ਅਤੇ ਇਨ੍ਹਾਂ ਦੇ ਸੰਚਾਲਣ ਵਿਚ ਪੂਰਨ ਆਰਥਕ ਸੰਜਮ ਕਰਨ ਲਈ ਸਥਾਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਲਈ ਸਮੇਂ ਸਮੇਂ ਨਜ਼ਰਸਾਨੀ ਕੀਤੀ ਜਾਂਦੀ ਹੈ। ਇਨ੍ਹਾਂ ਯਤਨਾਂ ਦੇ ਸਾਰਥਕ ਸਿੱਟੇ ਨਿਕਲੇ ਹਨ ਅਤੇ ਉਨ੍ਹਾਂ ਦੇ ਸਦਕਾ ਕਾਰਪੋਰੇਸ਼ਨਾਂ ਦੀ ਕਾਰਗੁਜ਼ਾਰੀ ਵਿਚ ਅਹਿਮ ਸੁਧਾਰ ਹੋਇਆ ਹੈ। ਇਨ੍ਹਾਂ ਵਿਚੋਂ 13 ਕਾਰਪੋਰੇਸ਼ਨਾਂ ਨੇ 6 ਕਰੋੜ ਰੁਪਏ ਸਾਲਾਨਾ ਮੁਨਾਫਾ ਕਮਾਉਣਾ ਅਰੰਭ ਕਰ ਦਿਤਾ ਹੈ, ਬਾਕੀ ਦੀਆਂ ਕਾਰਪੋਰੇਸ਼ਨਾਂ ਵਿਚ ਘਾਟੇ ਤੇਜ਼ੀ ਨਾਲ ਘਟ ਰਹੇ ਹਨ ਅਤੇ ਇਨ੍ਹਾਂ ਯੂਨਿਟਾਂ ਦੁਆਰਾ ਛੇਤੀ ਹੀ ਨਫੇ ਕਮਾਉਣੇ ਅਰੰਭ ਕਰਨ ਦੀ ਆਸ ਹੈ।

**ਨਵਾਂ 20 ਨੁਕਾਤੀ ਪ੍ਰੋਗਰਾਮ**

ਸਾਡੇ ਸਤਿਕਾਰਯੋਗ ਪ੍ਰਧਾਨ ਮੰਤਰੀ ਜੀ ਦੇ ਨਵੇਂ 20 ਨੁਕਾਤੀ ਪ੍ਰੋਗਰਾਮ ਨੇ ਦੇਸ਼ ਵਿਚ ਸਮਾਜ ਆਰਥਿਕ ਵਿਕਾਸ ਨੂੰ ਨਵੀਂ ਸੇਧ ਦਿਤੀ ਹੈ ਅਤੇ ਦੇਸ਼ ਦੇ ਪ੍ਰੋਗਰਾਮਾਂ ਅਤੇ ਨੀਤੀਆਂ ਨੂੰ ਉਦੇਸ਼

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਭਰਪੂਰ ਬਣਾਇਆ ਹੈ। ਰਾਜ ਸਰਕਾਰ ਇਸ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਵਚਨ-ਬੱਧ ਹੈ। ਸਮਾਜ ਦੇ ਕਮਜ਼ੋਰ ਵਰਗਾਂ ਦੀ ਸਹਾਇਤਾ ਤੇ ਵਿਸ਼ੇਸ਼ ਜ਼ੋਰ ਦਿਤਾ ਜਾ ਰਿਹਾ ਹੈ ਤਾਂ ਜੋ ਉਹ ਵਿਕਾਸ ਦੀਆਂ ਪ੍ਰਾਪਤੀਆਂ ਸਦਕਾ ਗਰੀਬੀ ਦੀ ਰੇਖਾ ਤੋਂ ਉਪਰ ਉਠ ਸਕਣ ਅਤੇ ਸਾਰਿਆਂ ਨੂੰ ਇਕੋ ਜਿੰਨਾ ਲਾਭ ਪਹੁੰਚੇ। ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਰਾਜ ਵਿਚ ਇਸ ਪ੍ਰੋਗਰਾਮ ਦੇ ਪਹਿਲੇ ਵਰ੍ਹੇ ਭਾਵ 1982-83 ਵਿਚ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ 443.24 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਰਾਜ ਸਰਕਾਰ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਸਾਲ 1983-84 ਦੇ ਦੌਰਾਨ 530.85 ਕਰੋੜ ਰੁਪਏ ਦੀ ਰਕਮ ਰੱਖੀ ਹੈ (ਥੰਪਿੰਗ) ਜਿਸ ਵਿਚੋਂ 354.79 ਕਰੋੜ ਰੁਪਏ ਰਾਜ ਦੀ ਯੋਜਨਾ ਅਤੇ ਕੇਂਦਰੀ ਸਹਾਇਤਾ ਨਾਲ ਚਲਦੀਆਂ ਸਕੀਮਾਂ ਲਈ ਅਤੇ 176.06 ਕਰੋੜ ਰੁਪਏ ਨਾਨ-ਪਲਾਨ ਖੇਤਰ ਲਈ ਖਰਚ ਹੋਣਗੇ।

ਵੱਖ ਵੱਖ ਪ੍ਰੋਗਰਾਮਾਂ ਦੇ ਵਿਸਥਾਰ ਸਹਿਤ ਵੇਰਵੇ ਦਰਸਾਉਂਦੀ ਇਕ ਵੱਖਰੀ ਪੁਸਤਕ 'ਨਵਾਂ 20 ਨੁਕਾਤੀ ਪ੍ਰੋਗਰਾਮ ਬਜਟ ਦਸਤਾਵੇਜ਼ਾਂ ਦੇ ਨਾਲ ਵੱਖਰੇ ਤੌਰ ਤੇ ਵੰਡੀ ਗਈ ਹੈ। ਫਿਰ ਵੀ ਇਸ ਸਬੰਧੀ ਮੈਂ ਕੁਝ ਪ੍ਰਮੁੱਖ ਪ੍ਰਾਪਤੀਆਂ ਦਾ ਸੰਖੇਪ ਰੂਪ ਵਿਚ ਜ਼ਿਕਰ ਕਰਨਾ ਚਾਹਾਂਗਾ।

ਬਿਜਲੀ ਉਤਪਾਦਨ ਦੇ ਖੇਤਰ ਵਿਚ ਮੁਢਲੇ ਢਾਂਚੇ ਦੇ ਵਿਕਾਸ ਲਈ ਅਸੀਂ 449.93 ਕਰੋੜ ਰੁਪਏ ਪਿਛਲੇ ਤਿੰਨ ਸਾਲਾਂ ਵਿਚ ਖਰਚ ਕੀਤੇ ਹਨ, ਜਿਸ ਨਾਲ 164 ਮੈਗਾਵਾਟ ਵਧੇਰੇ ਬਿਜਲੀ ਪੈਦਾ ਹੋਈ ਹੈ। ਇਸ ਦੇ ਮੁਕਾਬਲੇ ਇਸ ਤੋਂ ਪਹਿਲਾਂ ਤਿੰਨ ਸਾਲ ਅਰਥਾਤ 1977—80 ਵਿਚ 240.35 ਕਰੋੜ ਰੁਪਏ ਖਰਚ ਕੀਤੇ ਗਏ ਸਨ।

ਇਸੇ ਤਰ੍ਹਾਂ ਸਿੰਜਾਈ ਸੰਭਾਵਨਾ ਵਧਾਉਣ ਲਈ ਅਸੀਂ ਪਿਛਲੇ ਤਿੰਨ ਸਾਲਾਂ ਵਿਚ 155.66 ਕਰੋੜ ਰੁਪਏ ਖਰਚ ਕੀਤੇ ਹਨ, ਜਿਸ ਨਾਲ 1.46 ਲੱਖ ਹੈਕਟੇਅਰ ਵਧੇਰੇ ਭੂਮੀ ਦੀ ਸਿੰਚਾਈ ਹੋਣੀ ਸੰਭਵ ਹੋਈ ਹੈ। ਇਹ ਇਸ ਤੋਂ ਪਹਿਲੇ ਤਿੰਨ ਸਾਲਾਂ ਅਰਥਾਤ 1977—80 ਵਿਚ ਖਰਚ ਕੀਤੇ ਗਏ 91.66 ਕਰੋੜ ਰੁਪਏ ਦੇ ਮੁਕਾਬਲੇ ਕਿਤੇ ਵੱਧ ਹੈ ਜਦੋਂ ਕਿ 68 ਹਜ਼ਾਰ ਹੈਕਟੇਅਰ ਅਧਿਕ ਭੂਮੀ ਦੀ ਸਿੰਚਾਈ ਹੋਣੀ ਸੰਭਵ ਹੋਈ ਸੀ।

ਗਰੀਬੀ ਦੀ ਰੇਖਾ ਤੋਂ ਹੇਠ ਵਸਦੇ ਪਰਿਵਾਰਾਂ ਦੀ ਮਦਦ ਸਬੰਧੀ ਸਾਡੀ ਪ੍ਰਾਪਤੀ ਸ਼ਾਨਦਾਰ ਹੈ। ਪਿਛਲੇ ਤਿੰਨ ਸਾਲਾਂ ਵਿਚ ਅਸੀਂ ਇਨ੍ਹਾਂ ਪਰਿਵਾਰਾਂ ਲਈ ਦਿਹਾਤੀ ਵਿਕਾਸ ਏਜੰਸੀਆਂ, ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿਤੀ ਕਾਰਪੋਰੇਸ਼ਨ ਅਤੇ ਪਛੜੀ ਸ਼੍ਰੇਣੀ ਭੌਂ ਵਿਕਾਸ ਅਤੇ ਵਿਤੀ ਕਾਰਪੋਰੇਸ਼ਨ ਰਾਹੀਂ 97.54 ਕਰੋੜ ਰੁਪਏ ਦੇ ਵਿਆਜਮੁਕਤ ਕਰਜ਼ਿਆਂ ਦਾ ਪ੍ਰਬੰਧ ਕੀਤਾ ਹੈ (ਥੰਪਿੰਗ)। ਇਨ੍ਹਾਂ ਪਰਿਵਾਰਾਂ ਨੂੰ ਸਬਸਿਡੀ ਦੇ ਰੂਪ ਵਿਚ ਦਿਹਾਤੀ ਵਿਕਾਸ ਏਜੰਸੀ ਦੁਆਰਾ 22.30 ਕਰੋੜ ਰੁਪਏ ਦੀ ਰਕਮ ਦਿੱਤੀ ਗਈ ਹੈ। ਇਨ੍ਹਾਂ ਪਰਿਵਾਰਾਂ ਦੀ ਬਿਹਤਰੀ ਲਈ 10.43 ਕਰੋੜ ਰੁਪਏ ਦੀ ਰਕਮ ਵਿਸੇਸ਼ ਕੇਂਦਰੀ ਸਹਾਇਤਾ ਯੋਜਨਾ ਅਧੀਨ ਖਰਚ ਕੀਤੀ ਗਈ ਹੈ। ਇਨ੍ਹਾਂ ਪ੍ਰੋਗਰਾਮਾਂ ਦੇ ਫਲਸਰੂਪ ਗਰੀਬੀ ਦੀ ਰੇਖਾ ਤੋਂ ਹੇਠ ਵਸਦੇ 3.76 ਲੱਖ ਪਰਿਵਾਰਾਂ ਦੀ ਇਸ ਰੇਖਾ ਤੋਂ ਉਤੇ ਉਠਣ ਵਿਚ ਸਹਾਇਤਾ ਕੀਤੀ ਗਈ ਹੈ; ਇਨ੍ਹਾਂ ਵਿਚੋਂ 2.07 ਲੱਖ ਪਰਿਵਾਰ ਕੇਵਲ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹਨ ਜੋ ਕਿ ਅਜਿਹੇ ਕੁਲ ਪਰਿਵਾਰਾਂ ਦਾ 55 ਫ਼ੀ ਸਦੀ ਬਣਦਾ ਹੈ।

ਸਾਲ 1982—83 ਦੇ ਦੌਰਾਨ ਫਰਵਰੀ, 1983 ਦੇ ਅੰਤ ਤੱਕ 510 ਲੱਖ ਦਰਖਤ ਲਾਏ ਗਏ ਹਨ, 2,447 ਬਾਇਓਗੈਸ ਪਲਾਂਟ ਸਥਾਪਿਤ ਕੀਤੇ ਗਏ, 10,596 ਦਿਹਾਤੀ ਅਤੇ ਛੋਟੇ ਉਦਯੋਗਿਕ

Original with;
Punjab Vidhan Sabha
Digitized by;
Panjab Digital Library

ਯੂਨਿਟ ਪਹਿਲਾਂ ਹੀ ਸਥਾਪਿਤ ਕੀਤੇ ਜਾ ਚੁੱਕੇ ਹਨ। ਪਰਿਵਾਰ ਨਿਯੋਜਨ ਦੇ ਖੇਤਰ ਵਿਚ 1,04,807 ਅਪਰੇਸ਼ਨ ਕਰਨ ਲਈ 80 ਸਿਹਤ ਉਪ ਕੇਂਦਰਾਂ, 9 ਆਈ. ਸੀ. ਡੀ. ਐਸ. ਬਲਾਕ ਸਥਾਪਿਤ ਕਰਨ ਦਾ ਟੀਚਾ ਪਹਿਲਾਂ ਹੀ ਪੂਰੀ ਤਰ੍ਹਾਂ ਪਰਾਪਤ ਕਰ ਲਿਆ ਗਿਆ ਹੈ। ਪੰਜਾਬ ਨੇ ਜ਼ਰਾਇਤੀ ਮਜ਼ਦੂਰਾਂ ਦੀ ਵੱਧ ਤੋਂ ਵੱਧ ਮਜ਼ਦੂਰੀ 14.68 ਰੁਪਏ ਪ੍ਰਤੀ ਦਿਨ, ਬਿਨਾ ਰੋਟੀ ਤੋਂ, ਨਿਸਚਿਤ ਕਰਕੇ ਜ਼ਬਰੀ ਮਜ਼ਦੂਰੀ ਦਾ ਬਿਲਕੁਲ ਹੀ ਖਾਤਮਾ ਕਰਕੇ, 6 ਤੋਂ 11 ਸਾਲ ਉਮਰ ਦੇ 100 ਪ੍ਰਤੀਸ਼ਤ ਬੱਚੇ ਸਕੂਲਾਂ ਵਿਚ ਦਾਖਲ ਕਰਕੇ ਅਤੇ ਸਾਰੇ ਯੋਗ ਜ਼ਰਾਇਤੀ ਭੂਮੀਹੀਨ ਮਜ਼ਦੂਰਾਂ ਨੂੰ ਪਲਾਟ ਅਲਾਟ ਕਰਕੇ ਸਾਰੇ ਦੇਸ਼ ਦੀ ਅਗਵਾਈ ਕੀਤੀ ਹੈ। ਜਿਵੇਂ ਕਿ ਮੈਂਬਰ ਸਾਹਿਬਾਨ ਨੂੰ ਪਹਿਲਾਂ ਹੀ ਪਤਾ ਹੈ, ਅਸੀਂ ਪੰਜਾਬ ਦੇ ਹਰ ਪਿੰਡ ਵਿਚ ਬਿਜਲੀ ਪਹੁੰਚਾ ਚੁੱਕੇ ਹਾਂ।

ਹੁਣ ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਵੱਖ ਵੱਖ ਖੇਤਰਾਂ ਵਿਚ ਚੱਲ ਰਹੇ ਮਹੱਤਵ ਪੂਰਨ ਪ੍ਰੋਗਰਾਮਾਂ ਅਤੇ ਸਰਗਰਮੀਆਂ ਬਾਰੇ ਜਾਣੂ ਕਰਾਉਣ ਦੀ ਖੁਸ਼ੀ ਲਵਾਂਗਾ।

ਪੰਜਾਬ ਅਨਾਜ ਉਤਪਾਦਨ ਦੇ ਖੇਤਰ ਵਿਚ ਸ਼ਲਾਘਾਯੋਗ ਪ੍ਰਾਪਤੀ ਸਦਕਾ ਦੇਸ਼ ਦਾ ਮੋਹਰੀ ਰਾਜ ਬਣ ਗਿਆ ਹੈ। ਸਾਡੀਆਂ ਸਿਰਤੋੜ ਕੋਸ਼ਿਸ਼ਾਂ ਦੇ ਫਲਸਰੂਪ ਰਾਜ ਨੇ ਪਿਛਲੀ ਫਸਲ ਦੇ ਦੌਰਾਨ 85.53 ਲੱਖ ਮੀਟ੍ਰਿਕ ਟਨ ਅਨਾਜ ਪੈਦਾ ਕਰਕੇ ਕਮਾਲ ਕਰ ਵਿਖਾਇਆ ਹੈ। (ਥੰਪਿੰਗ) ਅਸੀਂ 1982-83 ਦੇ ਦੌਰਾਨ ਕੇਂਦਰੀ ਭੰਡਾਰ ਵਿਚ 48.73 ਲੱਖ ਮੀਟ੍ਰਿਕ ਟਨ ਕਣਕ ਦਾ ਯੋਗਦਾਨ ਪਾ ਸਕੇ ਹਾਂ, ਜੋ ਆਪਣੇ ਆਪ ਵਿਚ ਇਕ ਰਿਕਾਰਡ ਹੈ। ਇਹ ਕੇਂਦਰੀ ਭੰਡਾਰ ਦਾ 59.2 ਪ੍ਰਤੀਸ਼ਤ ਹਿਸਾ ਬਣਦਾ ਹੈ। (ਥੰਪਿੰਗ)

ਚਾਵਲਾਂ ਦੀ ਪੈਦਾਵਾਰ ਵਿਚ ਵੀ ਅਸੀਂ ਖਰੀਫ 1982 ਵਿਚ 41 ਲੱਖ ਮੀਟ੍ਰਿਕ ਟਨ ਦੀ ਪੈਦਾਵਾਰ ਕਰਕੇ ਇਕ ਨਵਾਂ ਰਿਕਾਰਡ ਰਖਿਆ ਹੈ। ਜਦੋਂ ਕਿ ਇਸਦੇ ਮੁਕਾਬਲੇ ਖਰੀਫ 1981 ਵਿਚ ਇਹ ਉਪਜ 37.55 ਲੱਖ ਮੀਟ੍ਰਿਕ ਟਨ ਸੀ। ਇਸ ਤਰ੍ਹਾਂ ਰਾਜ ਨੇ ਛੇਵੀਂ ਪੰਜ ਸਾਲਾ ਯੋਜਨਾ ਦਾ ਟੀਚਾ ਦੋ ਸਾਲ ਪਹਿਲਾਂ ਹੀ ਪ੍ਰਾਪਤ ਕਰ ਲਿਆ ਹੈ। ਇਸ ਸਦਕਾ ਰਾਜ ਨੇ 27 ਦਸੰਬਰ, 1982 ਤਕ ਕੇਂਦਰੀ ਭੰਡਾਰ ਵਿਚ 28.90 ਲੱਖ ਮੀਟ੍ਰਿਕ ਟਨ ਚਾਵਲ ਦਾ ਹਿਸਾ ਪਾਇਆ, ਇਹ ਕੇਂਦਰੀ ਭੰਡਾਰ ਦਾ 68.3 ਪ੍ਰਤੀਸ਼ਤ ਹਿੱਸਾ ਬਣਦਾ ਹੈ। (ਥੰਪਿੰਗ)

ਰਾਜ ਸਰਕਾਰ ਵੱਲੋਂ ਕੀਤੇ ਗਏ ਉਚਿਤ ਪ੍ਰਬੰਧਾਂ ਦੇ ਨਤੀਜੇ ਵਜੋਂ ਜ਼ਰੂਰੀ ਲੋੜੀਂਦੀਆਂ ਵਸਤਾਂ ਜਿਵੇਂ ਕਿ ਪ੍ਰਮਾਣਿਤ ਬੀਜਾਂ, ਖਾਦਾਂ, ਨਦੀਨ ਨਾਸ਼ਕ ਦਵਾਈਆਂ ਆਦਿ ਦੀ ਸਮੇਂ ਸਿਰ ਸਪਲਾਈ ਯਕੀਨੀ ਬਣਾਈ ਗਈ ਸੀ। ਸਾਲ 1982-83 ਲਈ 128 ਲੱਖ ਮੀਟ੍ਰਿਕ ਟਨ ਅਨਾਜ ਦੇ ਮਿਥੇ ਟੀਚੇ ਨਾਲੋਂ ਵਧੇਰੇ ਅਨਾਜ ਪੈਦਾ ਹੋਣ ਦੀ ਆਸ ਹੈ।

ਸਾਲ 1983-84 ਲਈ ਉਪਜ ਦੇ ਹੋਰ ਵਧੇਰੇ ਟੀਚੇ ਮਿਥੇ ਗਏ ਹਨ ਅਰਥਾਤ 133.22 ਲੱਖ ਮੀਟ੍ਰਿਕ ਟਨ ਅਨਾਜ 14.00 ਲੱਖ ਗੱਠਾਂ ਕਪਾਹ, 7.00 ਲੱਖ ਮੀਟ੍ਰਿਕ ਟਨ ਗੰਨਾ (ਗੁੜ) ਅਤੇ 2.00 ਲੱਖ ਮੀਟ੍ਰਿਕ ਟਨ ਤੇਲ ਦੇ ਬੀਜ। ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਪਲਾਨ ਉਪਬੰਧਾਂ ਨੂੰ 1982-83 ਦੇ 16.45 ਕਰੋੜ ਰੁਪਏ ਤੋਂ ਵਧਾ ਕੇ 1983-84 ਵਿਚ 18.25 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

**ਖੇਤੀਬਾੜੀ ਮੰਡੀਕਰਨ**

ਉਚਿਤ ਮੰਡੀਕਰਨ ਸਹੂਲਤਾਂ ਮੁਹੱਈਆ ਕਰਨੀਆਂ ਸਾਡੇ ਕਿਸਾਨਾਂ ਦੀ ਖੁਸ਼ਹਾਲੀ ਲਈ ਬੁਨਿਆਦੀ ਤੌਰ ਤੇ ਜ਼ਰੂਰੀ ਹਨ। ਨਵੀਆਂ ਮੰਡੀਆਂ ਕਾਇਮ ਕਰਨ, ਮੌਜੂਦਾ ਮੰਡੀਆਂ ਦਾ ਵਿਕਾਸ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਰਨ ਅਤੇ ਹਰ ਮੌਸਮ ਲਈ ਪਹੁੰਚ/ਲਿੰਕ ਸੜਕਾਂ, ਪੱਕੇ ਮੰਡੀ-ਇਹਾਤੇ ਅਤੇ ਮੰਡੀਆਂ ਵਿਚ ਜਲ ਅਤੇ ਸਫਾਈ ਸਬੰਧੀ ਸੁਯੋਗ ਸਹੂਲਤਾਂ ਆਦਿ ਮੁਹਈਆ ਕਰਨ ਦੇ ਕੰਮ ਆਦਿ ਅਜਿਹੀਆਂ ਮੁੱਖ ਸਰਗਰਮੀਆਂ ਹਨ, ਜਿਨ੍ਹਾਂ ਤੇ ਖੇਤੀ ਬਾੜੀ ਮੰਡੀਕਰਨ ਬੋਰਡ ਅਤੇ ਮਾਰਕਿਟ ਕਮੇਟੀਆਂ ਆਪਣਾ ਧਨ ਖ਼ਰਚ ਕਰਦੀਆਂ ਹਨ। ਚਾਲੂ ਮਾਲੀ ਸਾਲ ਦੇ ਦੌਰਾਨ 5.00 ਕਰੋੜ ਰੁਪਏ ਦੀ ਲਾਗਤ ਨਾਲ 10 ਨਵੀਆਂ ਮੰਡੀਆਂ ਕਾਇਮ ਕਰਨ ਦਾ ਕੰਮ ਆਰੰਭ ਕਰ ਦਿਤਾ ਗਿਆ ਹੈ ਅਤੇ ਸਾਲ 1983-84 ਦੇ ਦੌਰਾਨ ਇਨ੍ਹਾਂ ਨੂੰ ਮੁਕੰਮਲ ਕਰਨ ਲਈ 8 ਕਰੋੜ ਰੁਪਏ ਦੀ ਰਕਮ ਖ਼ਰਚ ਕਰਨ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਕਣਕ ਅਤੇ ਧਾਨ ਦੀ ਖਰੀਦ ਲਈ ਸਾਲ 1982-83 ਦੇ ਦੌਰਾਨ 851 ਖਰੀਦ ਕੇਂਦਰ ਚਾਲੂ ਕੀਤੇ ਗਏ ਅਤੇ ਅਗਲੇ ਸਾਲ ਦੇ ਦੌਰਾਨ ਇਨ੍ਹਾਂ ਦੀ ਗਿਣਤੀ 900 ਹੋ ਜਾਣ ਦੀ ਸੰਭਾਵਨਾ ਹੈ।

ਜਿਵੇਂ ਕਿ ਮਾਨਯੋਗ ਮੈਂਬਰ ਸਾਹਿਬਾਨ ਨੂੰ ਪਤਾ ਹੀ ਹੈ ਕਿ ਮੰਡੀ ਵਿਚ ਲਿਆਂਦੀ ਖੇਤੀ ਬਾੜੀ ਜਿਨਸ ਦੇ ਮੁੱਲ ਤੇ ਇਕ ਫ਼ੀ ਸਦੀ ਦੇ ਹਿਸਾਬ ਨਾਲ ਅਧਿਕ ਮੰਡੀ ਫ਼ੀਸ ਰਾਜ ਸਰਕਾਰ ਦੁਆਰਾ ਨਵੰਬਰ, 1982 ਤੋਂ ਲਾਈ ਗਈ ਹੈ। ਪੂਰੇ ਸਾਲ ਵਿਚ ਇਸ ਕਰ ਤੋਂ 20 ਕਰੋੜ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ। ਇਸ ਰਕਮ ਦੀ ਵਰਤੋਂ ਟੁਟੀਆਂ ਸੜਕਾਂ ਬਣਾਉਣ/ਲਿੰਕ/ਨਵੀਆਂ ਲਿੰਕ ਸੜਕਾਂ ਬਣਾਉਣ ਅਤੇ ਦਿਹਾਤੀ ਸੜਕਾਂ ਦੀ ਠੀਕ ਸੰਭਾਲ ਕਰਨ ਲਈ ਕੀਤੀ ਜਾਵੇਗੀ। 1983-84 ਦੇ ਦੌਰਾਨ ਸੜਕਾਂ ਲਈ ਉਪਬੰਧ ਵਧਾ ਕੇ 22.92 ਕਰੋੜ ਰੁਪਏ ਕਰ ਦਿਤਾ ਗਿਆ ਹੈ। (ਥੰਪਿੰਗ)। ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸਾਲ 1983-84 ਦੇ ਦੌਰਾਨ 30.92 ਕਰੋੜ ਰੁਪਏ ਦੀ ਰਕਮ ਦਿਹਾਤੀ ਸੜਕਾਂ ਦੀ ਸੰਭਾਲ ਕਰਨ ਅਤੇ ਨਵੀਆਂ ਖੇਤੀ ਬਾੜੀ ਮੰਡੀਆਂ ਸਥਾਪਤ ਕਰਨ ਆਦਿ ਤੇ ਖ਼ਰਚ ਕੀਤੀ ਜਾਵੇਗੀ। (ਥੰਪਿੰਗ)

**ਬਾਗਬਾਨੀ**

ਖੇਤੀਬਾੜੀ ਵਿਚ ਵੰਨ-ਸੁਵੰਨਤਾ ਲਿਆਉਣ ਲਈ ਬਾਗ ਬਾਨੀ ਇਕ ਅਹਿਮ ਰੋਲ ਅਦਾ ਕਰਦੀ ਹੈ। ਇਸੇ ਕਰ ਕੇ ਸਾਡੀ ਸਰਕਾਰ ਇਸ ਦੇ ਵਿਕਾਸ ਵੱਲ ਵਧੇਰੇ ਧਿਆਨ ਦੇ ਰਹੀ ਹੈ। ਫਲ ਉਦਯੋਗ ਦੇ ਵਿਕਾਸ ਨੂੰ ਮਜ਼ਬੂਤ ਆਧਾਰ ਦੇ ਕੇ ਉਸ ਵਿਚ ਤੇਜ਼ੀ ਲਿਆਉਣ ਲਈ ਰਾਜ ਵਿਚ ਇਕ ਵੱਖਰਾ ਬਾਗ ਬਾਨੀ ਡਾਇਰੈਕਟੋਰੇਟ ਸਥਾਪਤ ਕੀਤਾ ਹੈ। ਇਸ ਦੇ ਨਤੀਜੇ ਵਜੋਂ 1980-81 ਵਿਚ ਬਾਗਬਾਨੀ ਅਧੀਨ 20,000 ਹੈਕਟੇਅਰ ਰਕਬੇ ਦੇ ਮੁਕਾਬਲੇ 1983-84 ਵਿਚ ਇਹ ਰਕਬਾ 54,000 ਹੈਕਟੇਅਰ ਹੋ ਜਾਵੇਗਾ। ਇਸੇ ਸਮੇਂ ਦੇ ਦੌਰਾਨ ਨਰਸਰੀ ਪੌਦਿਆਂ ਦੀ ਗਿਣਤੀ ਵੀ 5.40 ਲੱਖ ਤੋਂ ਵਧ ਕੇ 6.62 ਲੱਖ ਹੋ ਜਾਵੇਗੀ।

ਫਲ-ਉਤਪਾਦਕਾਂ ਨੂੰ ਉਤਸ਼ਾਹ ਦੇਣ ਲਈ ਵਪਾਰਕ ਬੈਂਕਾਂ ਦੇ ਸਹਿਯੋਗ ਨਾਲ ਸੰਸਥਾਵੀ ਕਰਜ਼ਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਫਲ ਉਤਪਾਦਕਾਂ ਨੂੰ ਫਲਦਾਰ ਬੂਟਿਆਂ ਦੀ ਅਤੇ ਹੋਰ ਖਾਦਾਂ ਆਦਿ ਦੀ ਲਾਗਤ ਦਾ 50% ਹਿਸਾ ਸਬਸਿਡੀ ਵਜੋਂ ਦਿਤਾ ਜਾਂਦਾ ਹੈ। ਸਾਲ 1982-83 ਦੇ ਅੰਤ ਤਕ 80 ਲੱਖ ਰੁਪਏ ਤੱਕ ਦੇ ਬੈਂਕ ਕਰਜ਼ੇ ਵੰਡੇ ਜਾਣ ਦੀ ਆਸ ਹੈ ਜਦੋਂ ਕਿ 1981-82 ਵਿਚ ਇਹ ਕਰਜ਼ੇ 67 ਲੱਖ ਰੁਪਏ ਸਨ ਅਤੇ ਇਹ ਰਕਮ ਸਾਲ 1983-84 ਦੇ ਦੌਰਾਨ ਵਧ ਕੇ ਇਕ ਕਰੋੜ ਰੁਪਏ ਹੋ ਜਾਵੇਗੀ।

ਰਾਜ ਵਿਚ ਫਲਾਂ ਦੇ ਸੁਯੋਗ ਮੰਡੀ ਕਰਨ ਅਤੇ ਪ੍ਰਾਸੈਸਿੰਗ ਲਈ ਸਾਡੀ ਸਰਕਾਰ ਨੇ ਪੰਜਾਬ ਬਾਗਬਾਨੀ ਕਾਰਪੋਰੇਸ਼ਨ ਵੀ ਸਥਾਪਤ ਕਰ ਦਿਤੀ ਹੈ। ਬਾਗ ਬਾਨੀ ਲਈ ਪਲਾਨ ਉਪਬੰਧ ਸਾਲ 1982-83 ਦੇ 51 ਲੱਖ ਰੁਪਏ ਦੇ ਮੁਕਾਬਲੇ 1983-84 ਵਿਚ 93 ਲੱਖ ਰੁਪਏ ਕਰ ਦਿਤਾ ਹੈ।

Original with;
Punjab Vidhan Sabha
Digitized by;
Panjab Digital Library

ਡੇਅਰੀ ਵਿਕਾਸ ਅਤੇ ਪਸ਼ੂਪਾਲਣ

ਹਰੀ-ਕ੍ਰਾਂਤੀ ਦੀ ਸਫਲਤਾ ਹੁਣ ਇਕ ਪੁਰਾਣੀ ਕਹਾਣੀ ਬਣ ਗਈ ਹੈ ਅਤੇ ਇਸ ਖੇਤਰ ਵਿਚ ਆਪਣੀਆਂ ਪ੍ਰਾਪਤੀਆਂ ਮਗਰੋਂ ਸਾਨੂੰ ਆਰਾਮ ਨਾਲ ਨਹੀਂ ਬੈਠ ਜਾਣਾ ਚਾਹੀਦਾ। ਇਕਲੇ ਖੇਤੀ ਬਾੜੀ ਉਤੇ ਨਿਰਭਰ ਹੋਣ ਦੀ ਸੂਰਤ ਵਿਚ ਆਮਦਨ, ਰੋਜ਼ਗਾਰ ਅਤੇ ਆਮ ਖੁਸ਼ਹਾਲੀ ਵਿਚ ਹੋਰ ਵਾਧਾ ਨਿਸਚਿਤ ਹੱਦਾਂ ਤੋਂ ਅਗੇ ਹੋਣਾ ਸੰਭਵ ਨਹੀਂ ਹੋਵੇਗਾ ; ਇਸ ਲਈ ਤਰਕ ਪੂਰਨ ਗੱਲ ਇਹ ਹੈ ਕਿ ਹਰੀ ਕ੍ਰਾਂਤੀ ਮਗਰੋਂ ਸਫ਼ੈਦ ਕ੍ਰਾਂਤੀ ਆਉਣੀ ਚਾਹੀਦੀ ਹੈ ।

ਇਸ ਲਈ ਰਾਜ ਸਰਕਾਰ ਨੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਅਤੇ ਵਿਸਤ੍ਰਿਤ ਲੀਹਾਂ ਤੇ ਖੜ੍ਹਾ ਕਰਨ ਲਈ ਲਾਗਤ-ਪੂੰਜੀਆਂ ਵਿਚ ਬਹੁਤ ਜ਼ਿਆਦਾ ਵਾਧਾ ਕਰਨ ਦਾ ਫ਼ੈਸਲਾ ਕੀਤਾ ਹੈ । ਸਫੈਦ ਕ੍ਰਾਂਤੀ ਨੂੰ ਕਾਰਗਰ ਢੰਗ ਨਾਲ ਲਾਗੂ ਕਰਨ ਦੇ ਆਸ਼ੇ ਨਾਲ ਰਾਜ ਸਰਕਾਰ ਨੇ ਡੇਅਰੀ ਵਿਕਾਸ ਕਾਰਪੋਰੇਸ਼ਨ ਨੂੰ ਮਿਲਕ ਫੈਡ ਵਿਚ ਸ਼ਾਮਲ ਕਰ ਕੇ ਇਹ ਕੰਮ ਇਕ ਸਹਿਕਾਰੀ ਅਦਾਰੇ ਨੂੰ ਸੌਂਪਣ ਦਾ ਫੈਸਲਾ ਕੀਤਾ ਹੈ । ਇਸ ਨਾਲ ਮਿਲਕ ਫੈਡ ਆਪਰੇਸ਼ਨ ਫਲਡ I ਪ੍ਰੋਗਰਾਮ ਵਿਚ ਮੁਹਈਆ ਕੀਤੀ ਗਈ 4.92 ਕਰੋੜ ਰੁਪਏ ਦੀ ਲਾਗਤ ਪੂੰਜੀ ਦੇ ਮੁਕਾਬਲੇ ਤੇ ਹੁਣ ਆਪਰੇਸ਼ਨ ਫਲਡ II ਪ੍ਰੋਗਰਾਮ ਅਧੀਨ 58.32 ਕਰੋੜ ਰੁਪਏ ਦੀ ਪੂੰਜੀ ਪ੍ਰਾਪਤ ਕਰਨ ਦੇ ਯੋਗ ਹੋ ਸਕੇਗਾ । ਇਸ ਅਧੀਨ ਸਾਰੇ ਰਾਜ ਵਿਚ ਡੇਅਰੀ ਅਤੇ ਚਿਲਿੰਗ ਪਲਾਂਟ ਸਥਾਪਤ ਕਰਨ, ਵਰਤੀਆਂ ਜਾਂਦੀਆਂ ਹੋਰ ਤਕਨੀਕੀ ਵਸਤਾਂ ਮੁਹਈਆ ਕਰਨ, ਸਹਿਕਾਰੀ ਸਭਾਵਾਂ ਨੂੰ ਸਹਾਇਤਾ ਦੇਣਾ ਆਦਿ ਸ਼ਾਮਲ ਹੋਣ-ਗੀਆਂ। ਇਸ ਪ੍ਰੋਗਰਾਮ ਦਾ ਮਨੋਰਥ ਇਹ ਹੈ ਕਿ ਲਾਹੇਵੰਦੀ ਦੁਧ ਖਰੀਦ ਦੀ ਸਮਰਥਾ ਦੀ 584 ਲੱਖ ਲਿਟਰ ਦੀ ਮੁਢਲੀ ਪੱਧਰ ਤੋਂ ਵਧਾ ਕੇ 1455 ਲੱਖ ਲਿਟਰ ਕੀਤੀ ਜਾਵੇ । ਰਾਜ ਵਿਚ ਡੇਅਰੀ ਵਿਕਾਸ ਪ੍ਰੋਗਰਾਮ ਦਾ ਵਧੇਰਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਦੁੱਧ ਉਤਪਾਦਨ ਸਹਿਕਾਰੀ ਸਭਾਵਾਂ ਨੂੰ, ਵਿਸ਼ੇਸ਼ ਕਰਕੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸੰਗਠਿਤ ਕਰ ਕੇ ਦੁੱਧ ਉਤ-ਪਾਦਨ ਖਰੀਦ ਅਤੇ ਦੁਧ ਤੋਂ ਬਣਦੀਆਂ ਚੀਜ਼ਾਂ ਦੀ ਤਿਆਰੀ ਅਤੇ ਮੰਡੀ ਕਰਨ ਨੂੰ ਉਤਸਾਹਿਤ ਕੀਤਾ ਜਾਵੇ । ਡੇਅਰੀ ਵਿਕਾਸ ਪ੍ਰੋਗਰਾਮ ਸਬੰਧੀ ਹੁਣ ਸਾਡਾ ਉਦੇਸ਼ ਇਹ ਹੈ ਕਿ ਪਸ਼ੂ ਸਿਹਤ ਸੰਭਾਲ ਸੇਵਾਵਾਂ ਵਿਚ ਸੁਧਾਰ ਕੀਤਾ ਜਾਵੇ । ਭਾਵੇਂ ਸਾਰੇ ਦੇਸ਼ ਦੇ ਟਾਕਰੇ ਤੇ ਪੰਜਾਬ ਵਿਚ ਸਰਕਾਰੀ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਅਤੇ ਹਸਪਤਾਲਾਂ ਦਾ ਜਾਲ ਬਹੁਤ ਵਿਸਤ੍ਰਿਤ ਹੈ, ਪਰ ਡੇਅਰੀ ਵਿਕਾਸ ਪ੍ਰੋਗਰਾਮ ਦਾ ਉਦੇਸ਼ ਪਸ਼ੂ ਚਿਕਿਤਸਾ ਦੀਆਂ ਇਨ੍ਹਾਂ ਸੁਵਿਧਾਂ ਨੂੰ ਖੁਦ ਉਤਪਾਦਕਾਂ ਦੁਆਰਾ ਚਲਾਈਆਂ ਜਾਂਦੀਆਂ ਸਹਿਕਾਰੀ ਸਭਾਵਾਂ ਸਹਿਤ ਉਨ੍ਹਾਂ ਦੇ ਅਧੀਨ ਲਿਆ ਕੇ ਪਸ਼ੂਮਾਲਕਾਂ ਦੇ ਦਰਾਂ ਤੀਕ ਪਹੁੰਚਾਉਣਾ ਹੈ।

ਸਫ਼ੈਦ-ਕ੍ਰਾਂਤੀ ਦੇ ਪ੍ਰੋਗਰਾਮਾਂ ਨੂੰ ਸਫਲਤਾ ਪੂਰਬਕ ਨੇਪਰੇ ਚਾੜ੍ਹਨ ਲਈ ਦੁਧ ਵਾਲੇ ਪਸ਼ੂਆਂ ਦੀ ਨਰੋਈ ਸਿਹਤ ਸੰਭਾਲ ਅਤੇ ਗਿਣਤੀ ਵਧਾਉਣੀ ਬੁਨਿਆਦੀ ਅਹਿਮੀਅਤ ਰਖਦੀ ਹੈ । ਰਾਜ ਵਿਚ ਪੰਜ ਪਸ਼ੂ ਨਸਲ ਕਸ਼ੀ ਫ਼ਾਰਮ ਅਤੇ ਤਿੰਨ ਫ੍ਰੋਜ਼ਨ ਸੀਮਨ ਬੈਂਕ-ਬੁੱਲ ਸਟੇਸ਼ਨ ਪਹਿਲਾਂ ਹੀ ਕੰਮ ਕਰ ਰਹੇ ਹਨ । ਰਾਜ ਵਿਚ ਚੱਲ ਰਹੇ 1845 ਹਸਪਤਾਲਾਂ/ਡਿਸਪੈਂਸਰੀਆਂ ਵਿਚੋਂ 1300 ਵਿਚ ਮਸਨੂਈ ਵੀਰਜ ਸਿੰਜਣ ਦੀਆਂ ਸਹੂਲਤਾਂ ਮੁਹਈਆ ਕੀਤੀਆਂ ਗਈਆਂ ਹਨ । ਸਾਲ 1982-83 ਦੇ 5.5 ਲੱਖ ਦੇ ਮੁਕਾਬਲੇ ਸਾਲ 1983-84 ਵਿਚ 6 ਲੱਖ ਮਸਨੂਈ ਵੀਰਜ ਸਿੰਜਣ ਦਾ ਟੀਚਾ ਮਿਥਿਆ ਗਿਆ ਹੈ । ਬੀਮਾਰ ਪਸ਼ੂਆਂ ਦੀ ਮਾਹਿਰ ਤਸ਼ਖ਼ੀਸ਼ ਅਤੇ ਇਲਾਜ ਲਈ ਸਾਲ 1983-84 ਵਿਚ ਬਹੁਮੰਤਵੀ ਪਸ਼ੂ ਚਿਕਤਸਾ ਹਸਪਤਾਲਾਂ ਦੀ ਗਿਣਤੀ ਵਧਾ ਕੇ ਤਿੰਨ ਕਰ ਦਿਤੀ ਜਾਵੇਗੀ। ਦੋ ਚਾਰਾ ਬੀਜ ਉਤਪਾਦਨ ਫ਼ਾਰਮ ਪਹਿਲਾਂ ਹੀ ਸਥਾਪਤ ਕੀਤੇ ਜਾ ਚੁਕੇ ਹਨ ਅਤੇ 1983-84 ਦੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦੌਰਾਨ ਇਨ੍ਹਾਂ ਦੀ ਗਿਣਤੀ ਤਿੰਨ ਹੋ ਜਾਵੇਗੀ । ਇਨ੍ਹਾਂ ਯਤਨਾਂ ਦੇ ਫਲ ਸਰੂਪ ਸਾਲ 1982-83 ਦੇ ਦੌਰਾਨ 37.20 ਲੱਖ ਮੀਟ੍ਰਿਕ ਟਨ ਪੈਦਾ ਹੋਏ ਦੁੱਧ ਦੇ ਮੁਕਾਬਲੇ ਸਾਲ 1983-84 ਵਿਚ 39.97 ਲੱਖ ਮੀਟ੍ਰਿਕ ਟਨ ਦੁੱਧ ਦਾ ਉਤਪਾਦਨ ਹੋਣ ਦੀ ਸੰਭਾਵਨਾ ਹੈ । ਸਾਲ 1983-84 ਦੇ ਦੌਰਾਨ ਪਸ਼ੂ-ਪਾਲਣ ਦੇ ਵੱਖ ਵੱਖ ਪ੍ਰੋਗਰਾਮਾਂ, ਜਿਨ੍ਹਾਂ ਵਿਚ ਕੰਡੀ ਵਾਟਰ-ਸ਼ੈਡ ਅਤੇ ਖੇਤਰੀ ਵਿਕਾਸ ਪ੍ਰਾਜੈਕਟ, ਵਿਸ਼ੇਸ਼ ਪਸ਼ੂ ਧਨ ਵਿਕਾਸ ਪ੍ਰੋਗਰਾਮ ਅਤੇ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਵਿਸ਼ੇਸ਼ ਕੇਂਦਰੀ ਸਹਾਇਤਾ ਦੇਣ ਦੀ ਸਕੀਮ ਸ਼ਾਮਲ ਹੈ, ਉਤੇ 12.20 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।

**ਸਹਿਕਾਰਤਾ**

ਸਹਿਕਾਰੀ ਸਭਾਵਾਂ ਨੇ ਜ਼ਰਾਇਤੀ ਖਾਦ ਆਦਿ ਅਤੇ ਥੋੜੀ/ਦਰਮਿਆਨੀ ਮਿਆਦ ਦੇ ਕਰਜ਼ੇ ਦੇ ਕੇ ਰਾਜ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਕੀਤਾ ਹੈ। ਇਨ੍ਹਾਂ ਨੇ ਜ਼ਰਾਇਤੀ ਉਪਜ ਦੇ ਮੰਡੀ-ਕਰਨ, ਪ੍ਰਾਸੈਸਿੰਗ ਅਤੇ ਭੰਡਾਰ ਸਬੰਧੀ ਸਹੂਲਤਾਂ ਮੁਹਈਆ ਕਰਨ ਅਤੇ ਜ਼ਰਾਇਤ ਤੇ ਅਧਾਰਤ ਉਦਯੋਗ ਸਥਾਪਤ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਹੈ ।

ਸਾਲ 1983-84 ਦੇ ਦੌਰਾਨ ਮੁਢਲੀਆਂ ਜ਼ਰਾਇਤੀ ਸੇਵਾ ਸੁਸਾਇਟੀਆਂ ਰਾਹੀਂ 290 ਕਰੋੜ ਰੁਪਏ ਦੇ ਕਰਜ਼ੇ ਦੇਣ ਦੀ ਤਜਵੀਜ਼ ਹੈ ਜਦੋਂ ਕਿ ਸਾਲ 1982-83 ਦੇ ਅੰਤ ਤਕ 275 ਕਰੋੜ ਰੁਪਏ ਦੇ ਕਰਜ਼ੇ ਦਿਤੇ ਜਾ ਚੁਕੇ ਹੋਣਗੇ । ਇਸ ਤੋਂ ਇਲਾਵਾ ਸਾਲ 1983-84 ਦੇ ਦੌਰਾਨ 47.00 ਕਰੋੜ ਰੁਪਏ ਦੀ ਰਕਮ ਲੰਮੇ ਸਮੇਂ ਦੇ ਕਰਜ਼ਿਆਂ ਵਜੋਂ ਦਿਤੀ ਜਾਵੇਗੀ ਜਦੋਂ ਕਿ ਸਾਲ 1982-83 ਦੇ ਦੌਰਾਨ 40.00 ਕਰੋੜ ਰੁਪਏ ਦੀ ਰਕਮ ਦਿਤੀ ਗਈ ਸੀ । ਸਹਿਕਾਰੀ ਕਰਜ਼ਾ ਨੀਤੀ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਛੋਟੇ ਅਤੇ ਸੀਮਾਂਤੀ ਕਿਸਾਨਾਂ ਨੂੰ ਲਗ ਭਗ 45% ਥੋੜੇ ਸਮੇਂ ਦੇ ਕਰਜ਼ੇ ਅਤੇ 64% ਲੰਮੇ ਸਮੇਂ ਦੇ ਕਰਜ਼ੇ ਦਿਤੇ ਜਾ ਰਹੇ ਹਨ । ਚਾਰ ਲੱਖ ਤੋਂ ਵਧੀਕ ਛੋਟੇ ਤੇ ਸੀਮਾਂਤੀ ਕਿਸਾਨਾਂ ਨੂੰ ਲੱਗ ਭਗ 160 ਕਰੋੜ ਰੁਪਏ ਦੇ ਕਰਜ਼ੇ ਦਿਤੇ ਜਾਣਗੇ।

ਚਾਵਲ ਦੇ ਮੌਜੂਦਾ 4 ਸ਼ੈਲਰਾਂ ਦੀ ਗਿਣਤੀ ਵਿਚ 4 ਹੋਰ ਸ਼ੈਲਰਾਂ ਦਾ ਵਾਧਾ ਕਰ ਕੇ 1983-84 ਵਿਚ 3.41 ਕਰੋੜ ਰੁਪਏ ਦੀ ਲਾਗਤ ਨਾਲ ਸਹਿਕਾਰੀ ਖੇਤਰ ਵਿਚ 4 ਮੀਟ੍ਰਿਕ ਟਨ ਪ੍ਰਤੀ ਘੰਟਾ ਦੀ ਸਮਰਥਾ ਵਾਲੇ 8 ਸ਼ੈਲਰ ਹੋ ਜਾਣਗੇ । ਦੋ ਕਪਾਹ ਵੇਲਣ ਅਤੇ ਪ੍ਰਾਸੈਸਿੰਗ ਪਲਾਂਟ ਵੀ 90 ਲੱਖ ਰੁਪਏ ਦੀ ਲਾਗਤ ਨਾਲ ਰਾਮ ਪੁਰਾ ਫੂਲ ਅਤੇ ਗਿੱਦੜ ਬਾਹਾ ਵਿਚ ਕਾਇਮ ਕੀਤੇ ਗਏ ਹਨ । ਪ੍ਰਤੀ ਦਿਨ 6,000 ਮੀਟ੍ਰਿਕ ਟਨ ਗੰਨਾ ਪੀੜਨ ਦੀ ਸਮਰਥਾ ਵਾਲੀਆਂ ਚਾਰ ਸਹਿਕਾਰੀ ਚੀਨੀ ਮਿੱਲਾਂ ਰਾਜ ਵਿਚ ਪਹਿਲਾਂ ਹੀ ਚਲ ਰਹੀਆਂ ਹਨ ਅਤੇ ਪਟਿਆਲਾ ਜ਼ਿਲ੍ਹੇ ਵਿਚ ਪਿੰਡ ਰਖੜਾ ਵਿਖੇ ਪ੍ਰਤੀ ਦਿਨ 1,250 ਮੀਟ੍ਰਿਕ ਟਨ ਗੰਨਾ ਪੀੜਨ ਦੀ ਸਮਰਥਾ ਵਾਲੀ ਇਕ ਹੋਰ ਚੀਨੀ ਮਿੱਲ 7.50 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਸਥਾਪਤ ਕੀਤੀ ਜਾ ਰਹੀ ਹੈ । ਫ਼ਾਜ਼ਿਲਕਾ, ਬੁਢਲਾਡਾ, ਨਕੋਦਰ, ਤਰਨ ਤਾਰਨ ਅਤੇ ਦੋਰਾਹਾ ਵਿਖੇ ਚਾਰ ਹੋਰ ਚੀਨੀ ਮਿੱਲਾਂ ਸਥਾਪਤ ਕਰਨ ਲਈ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ।

ਅਬੋਹਰ, ਕੋਟ ਕਪੂਰਾ, ਮਾਨਸਾ, ਮਲੋਟ, ਤਪਾ, ਨਕੋਦਰ ਅਤੇ ਗੋਇੰਦਵਾਲ ਸਾਹਿਬ ਵਿਖੇ ਸੱਤ ਸਹਿਕਾਰੀ ਕਤਾਈ ਮਿੱਲ ਅਨੁਮਾਨਿਤ 52.77 ਕਰੋੜ ਰੁਪਏ ਦੀ ਲਾਗਤ ਨਾਲ ਲਗਾਏ ਜਾ ਰਹੇ ਹਨ । ਇਨ੍ਹਾਂ ਮਿੱਲਾਂ ਵਿਚ 1.51 ਲੱਖ ਤਕਲੇ ਹਨ । ਅਬੋਹਰ ਅਤੇ ਕੋਟਕਪੂਰਾ ਦੇ ਮਿੱਲ ਪਹਿਲਾਂ ਹੀ ਚਾਲੂ ਕੀਤੇ ਜਾ ਚੁਕੇ ਹਨ ਅਤੇ 1983-84 ਦੇ ਦੌਰਾਨ ਚਾਰ ਹੋਰ ਮਿੱਲਾਂ ਦੇ ਚਾਲੂ ਕੀਤੇ ਜਾਣ ਦੀ ਆਸ ਹੈ ।

Original with;
Punjab Vidhan Sabha
Digitized by;
Panjab Digital Library

ਰਾਸ਼ਟਰੀ ਸਹਿਕਾਰੀ ਵਿਕਾਸ ਕਾਰਪੋਰੇਸ਼ਨ ਅਤੇ ਵਿਸ਼ਵ-ਬੈਂਕ ਦੇ ਸਹਿਯੋਗ ਨਾਲ ਅਨਾਜ ਅਤੇ ਖਾਦਾਂ ਆਦਿ ਦੇ ਭੰਡਾਰ ਲਈ ਇਕ ਵਿਸ਼ਾਲ ਪ੍ਰਾਜੈਕਟ ਬਣਾਇਆ ਗਿਆ ਹੈ । ਸਾਲ 1982-83 ਦੇ ਦੌਰਾਨ 79,180 ਮੀਟ੍ਰਿਕ ਟਨ ਸਮਰਥਾ ਦੇ ਅਠੱਤੀ ਗੁਦਾਮ ਪਹਿਲਾਂ ਹੀ ਮੁਕੰਮਲ ਕੀਤੇ ਜਾ ਚੁਕੇ ਹਨ । ਇਸ ਮੰਤਵ ਲਈ ਸਾਲ 1983-84 ਦੇ ਦੌਰਾਨ 159 ਲੱਖ ਰੁਪਏ ਯੋਜਨਾ ਵਿਚ ਰੱਖੇ ਗਏ ਹਨ ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ**

ਦਿਹਾਤੀ ਇਲਾਕਿਆਂ ਅਤੇ ਪਿੰਡਾਂ ਵਿਚ ਰਹਿੰਦੇ ਸਾਡੇ ਮਿਹਨਤ-ਕਸ਼ ਅਤੇ ਬਹਾਦਰ ਲੋਕਾਂ ਸਦਕਾ ਹੀ ਹਰੀ ਕ੍ਰਾਂਤੀ ਸੰਭਵ ਹੋਈ ਹੈ ਜਿਸ ਨਾਲ ਪੰਜਾਬ ਦੇਸ਼ ਦਾ ਅੰਨ-ਭੰਡਾਰ ਬਣ ਗਿਆ ਹੈ । ਇਸ ਲਈ ਇਹ ਉਚਿਤ ਹੀ ਹੈ ਕਿ ਸਰਕਾਰ ਇਨ੍ਹਾਂ ਦੇ ਚੌਗਿਰਦੇ, ਆਮ ਰਹਿਣ ਸਹਿਣ ਦੀਆਂ ਹਾਲਤਾਂ ਅਤੇ ਸਮਾਜ ਆਰਥਿਕ ਜੀਵਨ ਨੂੰ ਸੁਧਾਰਣ ਲਈ ਵਧੇਰੇ ਧਿਆਨ ਦੇਵੇ । ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਰਾਜ ਸਰਕਾਰ ਨੇ ਪਹਿਲਾਂ ਹੀ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਦਿੱਤੇ ਹਨ । ਇਨ੍ਹਾਂ ਨੂੰ ਸੜਕਾਂ ਨਾਲ ਜੋੜਿਆ ਹੈ ਅਤੇ ਬਿਜਲੀ ਮੁਹਈਆ ਕੀਤੀ ਹੈ । ਅਸੀਂ ਹੁਣ ਇਨ੍ਹਾਂ ਦੀ ਸਿਹਤ ਅਤੇ ਚੌਗਿਰਦਾ ਸੁਧਾਰਨ ਵੱਲ ਪੂਰਾ ਧਿਆਨ ਦੇ ਰਹੇ ਹਾਂ । ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਦੀ ਸਕੀਮ ਅਧੀਨ ਪਿਛਲੇ ਤਿੰਨ ਸਾਲਾਂ ਵਿਚ 2,768 ਪਿੰਡਾਂ ਨੂੰ ਅਪਣਾਇਆ ਹੈ ਅਤੇ 19 ਕਰੋੜ ਰੁਪਏ ਦੀ ਰਕਮ ਪਹਿਲਾਂ ਹੀ ਇਸ ਕੰਮ ਤੇ ਖ਼ਰਚ ਕੀਤੀ ਜਾ ਚੁਕੀ ਹੈ । ਸਾਲ 1983-84 ਦੇ ਦੌਰਾਨ 10.87 ਕਰੋੜ ਰੁਪਏ ਦੀ ਰਕਮ ਇਸ ਪ੍ਰੋਗਰਾਮ ਤੇ ਖ਼ਰਚ ਕਰਨ ਦੀ ਤਜਵੀਜ਼ ਹੈ । (ਥੰਪਿੰਗ) ਇਸ ਸਮਸਿਆ ਦੀ ਵਿਸ਼ਾਲਤਾ ਕਾਰਣ ਅਜਿਹੇ ਪਿੰਡਾਂ ਵਿਚ ਇਸ ਕੰਮ ਨੂੰ ਪਹਿਲ ਦੇਣ ਦੀ ਸਾਡੀ ਤਜਵੀਜ਼ ਹੈ ਕਿ ਜਿਥੇ ਗੰਦੀਆਂ ਬਸਤੀਆਂ ਅਤੇ ਗੰਦਗੀ ਹਾਲਤਾਂ ਬਹੁਤ ਗੰਭੀਰ ਹਨ, ਇਨ੍ਹਾਂ ਪਿੰਡਾਂ ਵਿਚ ਵੀ ਕਮਜ਼ੋਰ ਵਰਗਾਂ ਦੇ ਰਹਿਣ ਵਾਲੇ ਖੇਤਰਾਂ ਨੂੰ ਪਹਿਲ ਦਿੱਤੀ ਜਾਵੇਗੀ ।

ਦਿਹਾਤੀ ਇਲਾਕਿਆਂ ਵਿਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਅਤਿ ਗ਼ਰੀਬੀ ਦੀ ਹਾਲਤ ਵਿਚ ਰਹਿ ਰਹੇ ਲੋਕਾਂ ਲਈ ਕੇਵਲ ਸਾਫ਼ ਸੁਥਰੇ ਜੀਵਨ ਵਾਲੀਆਂ ਹਾਲਤਾਂ ਮੁਹਈਆ ਕਰਨਾ ਹੀ ਕਾਫੀ ਨਹੀਂ ਹੋਵੇਗਾ । ਸਾਡੀ ਸਰਕਾਰ ਨੇ ਦਿਹਾਤੀ ਵਿਕਾਸ ਏਜੰਸੀਆਂ ਦੇ ਮਾਧਿਅਮ ਰਾਹੀਂ ਇਨ੍ਹਾਂ ਲੋਕਾਂ ਦੀਆਂ ਆਰਥਿਕ ਹਾਲਤਾਂ ਵਿਚ ਸੁਧਾਰ ਕਰਨ ਦੇ ਸੁਹਿਰਦ ਯਤਨ ਕੀਤੇ ਹਨ । ਇਹ ਏਜੰਸੀਆਂ ਵੱਖ ਵੱਖ ਆਰਥਿਕ ਸਕੀਮਾਂ ਤੇ 25 ਫ਼ੀ ਸਦੀ ਤੋਂ $33\frac{1}{3}$ ਫ਼ੀ ਸਦੀ ਸਬਸਿਡੀ ਦਿੰਦੀਆਂ ਹਨ ਅਤੇ ਇਸ ਤੋਂ ਇਲਾਵਾ ਵਪਾਰਕ ਬੈਂਕਾਂ ਤੋਂ ਕਰਜ਼ੇ ਪ੍ਰਾਪਤ ਕਰਨ ਵਿਚ ਇਨ੍ਹਾਂ ਲੋਕਾਂ ਦੀ ਸਹਾਇਤਾ ਕਰਦੀਆਂ ਹਨ । ਸਰਕਾਰ ਨੇ ਅਜਿਹੇ ਕਰਜ਼ਿਆਂ ਤੇ ਵਿਆਜ ਦੀ ਦਰ ਵਿਚ ਪੂਰੀ ਸਬਸਿਡੀ ਦੇਣ ਦੀ ਜ਼ਿਮੇਵਾਰੀ ਆਪਣੇ ਸਿਰ ਲਈ ਹੈ । ਪਿਛਲੇ ਤਿੰਨ ਸਾਲਾਂ ਦੇ ਦੌਰਾਨ 48.83 ਕਰੋੜ ਰੁਪਏ ਦੀ ਰਕਮ ਕਰਜ਼ਿਆਂ ਰਾਹੀਂ ਅਤੇ 22.30 ਕਰੋੜ ਰੁਪਏ ਦੀ ਰਕਮ ਸਬਸਿਡੀ ਦੇ ਤੌਰ ਤੇ 2.21 ਲੱਖ ਲਾਭ-ਪਾਤਰਾਂ ਵਿਚ ਵੰਡੀ ਗਈ ਹੈ । ਸਾਲ 1983-84 ਦੇ ਦੌਰਾਨ 70,800 ਲਾਭ-ਪਾਤਰਾਂ ਨੂੰ ਕਰਜ਼ਿਆਂ ਅਤੇ ਸਬਸਿਡੀ ਵਜੋਂ 25.00 ਕਰੋੜ ਰੁਪਏ ਦੇਣ ਦੀ ਤਜਵੀਜ਼ ਹੈ ।

ਦਿਹਾਤੀ ਇਲਾਕਿਆਂ ਵਿਚ ਬੇਰੋਜ਼ਗਾਰੀ ਅਤੇ ਅਪੂਰਣ ਰੋਜ਼ਗਾਰ ਦੀ ਸਮੱਸਿਆ ਕਾਫ਼ੀ ਗੰਭੀਰ ਹੈ । ਨਵੇਂ 20-ਨੁਕਾਤੀ ਪ੍ਰੋਗਰਾਮ ਅਧੀਨ ਦਿਹਾਤੀ ਨੌਜਵਾਨਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਲਾਭਦਾਇਕ ਰੋਜ਼ਗਾਰ ਦੇਣ ਲਈ ਰਾਸ਼ਟਰੀ ਦਿਹਾਤੀ ਰੋਜ਼ਗਾਰ ਪ੍ਰੋਗਰਾਮ ਤੇ 1982-83 ਦੇ ਦੌਰਾਨ ਅਸੀਂ 232 ਲੱਖ ਰੁਪਏ ਖ਼ਰਚ ਕੀਤੇ ਹਨ ਅਤੇ ਇਸ ਨਾਲ 28 ਲੱਖ ਕਿਰਤ ਦਿਨਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦਾ ਰੋਜ਼ਗਾਰ ਮੁਹਈਆ ਕੀਤਾ । ਇਹ ਉਪਬੰਧ ਵਧਾ ਕੇ ਤਿੰਨ ਗੁਣਾ ਕੀਤਾ ਜਾ ਰਿਹਾ ਹੈ ਅਤੇ 1983-84 ਦੌਰਾਨ ਇਸ ਪ੍ਰੋਗਰਾਮ ਤੇ 720 ਲੱਖ ਰੁਪਏ ਦੀ ਰਕਮ ਖ਼ਰਚ ਕੀਤੇ ਜਾਣ ਦੀ ਤਜਵੀਜ਼ ਹੈ । ਇਸ ਨਾਲ ਹੋਰ 35 ਲੱਖ ਕਿਰਤ ਦਿਨਾਂ ਦਾ ਰੋਜ਼ਗਾਰ ਪੈਦਾ ਹੋ ਸਕੇਗਾ।

ਪਿੰਡਾਂ ਦੀਆਂ ਪੰਚਾਇਤਾਂ ਦੇ ਠੀਕ ਅਤੇ ਅਸਰਦਾਰ ਢੰਗ ਨਾਲ ਕੰਮ ਕਰਨ ਦੀ ਬਹੁਤ ਮਹੱਤਤਾ ਹੈ । ਇਨ੍ਹਾਂ ਚੁਣੀਆਂ ਹੋਈਆਂ ਅਤੇ ਬੁਨਿਆਦੀ ਲੋਕ ਤੰਤਰੀ ਸੰਸਥਾਵਾਂ ਨੂੰ ਠੀਕ ਢੰਗ ਨਾਲ ਕੰਮ ਕਰਨ ਦੇ ਯੋਗ ਬਣਾਉਣ ਲਈ ਪੰਚਾਇਤ ਘਰਾਂ ਨੂੰ ਉਸਾਰਨ ਦੇ ਕੰਮ ਨੂੰ ਪਹਿਲ ਦਿੱਤੀ ਜਾ ਰਹੀ ਹੈ । ਪਿਛਲੇ ਤਿੰਨ ਸਾਲਾਂ ਦੇ ਦੌਰਾਨ 440 ਪੰਚਾਇਤ ਘਰਾਂ ਦੀ ਉਸਾਰੀ ਲਈ 110 ਲੱਖ ਰੁਪਏ ਦੀ ਰਕਮ ਖ਼ਰਚੀ ਗਈ ਹੈ। ਇਸ ਮੰਤਵ ਲਈ ਸਾਲ 1982-83 ਦੇ ਦੌਰਾਨ 20 ਲੱਖ ਰੁਪਏ ਦੇ ਮੁਕਾਬਲੇ ਤੇ ਸਾਲ 1983-84 ਲਈ 40 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

**ਬਿਜਲੀ**

ਸਾਨੂੰ ਇਸ ਗੱਲ ਦਾ ਪੂਰਨ ਅਹਿਸਾਸ ਹੈ ਕਿ ਨਾ-ਕੇਵਲ ਖੇਤੀ- ਬਾੜੀ ਲਈ ਸਗੋਂ ਉਦਯੋਗਾਂ ਅਤੇ ਹੋਰ ਸਾਰੀਆਂ ਆਰਥਿਕ ਸਰਗਰਮੀਆਂ ਲਈ ਬਿਜਲੀ ਸਭ ਤੋਂ ਅਹਿਮ ਅਤੇ ਬੁਨਿ-ਆਦੀ ਲੋੜ ਹੈ ਅਤੇ ਇਸੇ ਲਈ ਅਸੀਂ ਆਪਣੇ ਪਲਾਨ ਖ਼ਰਚ ਵਿਚ ਇਸ ਨੂੰ ਬਹੁਤ ਜ਼ਿਆਦਾ ਪਹਿਲ ਦੇ ਰਹੇ ਹਾਂ। ਪਿਛਲੇ ਤਿੰਨ ਸਾਲਾਂ ਦੇ ਦੌਰਾਨ ਅਸੀਂ ਬਿਜਲੀ ਦੇ ਵੱਖ ਵੱਖ ਪ੍ਰਾਜੈਕਟਾਂ ਉਤੇ 449.93 ਕਰੋੜ ਰੁਪਏ ਦੀ ਰਕਮ ਖ਼ਰਚ ਕਰ ਚੁਕੇ ਹਾਂ ਜਦੋਂ ਕਿ ਇਨ੍ਹਾਂ ਤੋਂ ਪਹਿਲੇ ਤਿੰਨ ਸਾਲਾਂ, ਅਰਥਾਤ 1977-80 ਦੇ ਦੌਰਾਨ ਕੇਵਲ 240.35 ਕਰੋੜ ਰੁਪਏ ਹੀ ਖ਼ਰਚ ਕੀਤੇ ਗਏ ਸਨ। ਵਧ ਚੁਕੀਆਂ ਕੀਮਤਾਂ, ਅਣ ਸੁਖਾਵੇਂ ਮੌਸਮੀ ਹਾਲਾਤ, ਜਿਨ੍ਹਾਂ ਕਰ ਕੇ ਫ਼ੀਲਡ ਵਿਚ ਕੰਮ ਦੀ ਰਫਤਾਰ ਘਟ ਗਈ, ਅਤੇ ਮਸ਼ੀਨਾਂ ਅਤੇ ਸਾਜ਼ ਸਾਮਾਨ ਦੀ ਸਪਲਾਈ ਵਿਚ ਹੋਣ ਵਾਲੀ ਗੈਰ ਮਾਮੂਲੀ ਦੇਰੀ ਕਾਰਣ ਇਨ੍ਹਾਂ ਪੇਚੀਦਾ ਪ੍ਰਾਜੈਕਟਾਂ ਦੀ ਤਕਮੀਲ ਦੌਰਾਨ ਕਈ ਅੜਚਨਾਂ ਤੇ ਮੁਸ਼ਕਲਾਂ ਪੇਸ਼ ਆਉਣ ਦੇ ਬਾਵਜੂਦ ਵੀ ਪਿਛਲੇ ਤਿੰਨ ਸਾਲਾਂ ਦੇ ਦੌਰਾਨ 17,617 ਐਮ. ਕੇ. ਵਾਟ ਵਧੀਕ ਬਿਜਲੀ ਪੈਦਾ ਕੀਤੀ ਗਈ ਹੈ। ਇਸ ਖੇਤਰ ਨੂੰ ਦਿੱਤੀ ਗਈ ਇਸ ਤਰ੍ਹਾਂ ਦੀ ਪਹਿਲ ਨੂੰ ਬਰਕਰਾਰ ਰੱਖਦੇ ਹੋਏ ਸਾਲ 1983-84 ਵਾਸਤੇ ਅਸੀਂ ਇਸ ਖੇਤਰ ਲਈ 213 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ । ਜਿਸ ਨਾਲ ਸਥਾਪਿਤ ਸਮਰਥਾ ਵਿਚ 511 ਮੈਗਾਵਾਟ ਦਾ ਵਾਧਾ ਹੋ ਜਾਏਗਾ ।

**ਸਿੰਜਾਈ**

ਬਿਜਲੀ ਤੋਂ ਬਾਅਦ ਪਲਾਨ ਫ਼ੰਡਾਂ ਦਾ ਬਹੁਤਾ ਹਿੱਸਾ ਸਿੰਚਾਈ ਉਤੇ ਖ਼ਰਚ ਕੀਤਾ ਜਾਂਦਾ ਹੈ । ਪਿਛਲੇ ਤਿੰਨ ਸਾਲਾਂ ਦੇ ਦੌਰਾਨ ਰਾਜ ਵਿਚ ਸਿੰਜਾਈ ਸਮਰਥਾ ਨੂੰ ਵਧਾਉਣ ਲਈ ਅਸੀਂ ਵੱਖ ਵੱਖ ਸਕੀਮਾਂ ਤੇ 155.66 ਕਰੋੜ ਰੁਪਏ ਖ਼ਰਚ ਕੀਤੇ ਹਨ । ਇਨ੍ਹਾਂ ਸਕੀਮਾਂ ਰਾਹੀਂ ਪਿਛਲੇ ਤਿੰਨ ਸਾਲਾਂ ਦੇ ਦੌਰਾਨ 1.46 ਲੱਖ ਵਧੀਕ ਹੈਕਟੇਅਰ ਭੋਂ ਦੀ ਸਿੰਜਾਈ ਸਮਰਥਾ ਪੈਦਾ ਕੀਤੀ ਗਈ ਹੈ । ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਇਸ ਦੇ ਮੁਕਾਬਲੇ ਵਿਚ ਸਾਲ 1977-80 ਦੇ ਤਿੰਨ ਸਾਲਾਂ ਦੇ ਦੌਰਾਨ ਕੇਵਲ 91.66 ਕਰੋੜ ਰੁਪਏ ਦੀ ਰਕਮ ਖ਼ਰਚ ਕਰ ਕੇ ਕੇਵਲ 68 ਹਜ਼ਾਰ ਵਧੀਕ ਹੈਕਟੇਅਰ ਭੋਂ ਲਈ ਸਿੰਜਾਈ ਸਮਰਥਾ ਪੈਦਾ ਕੀਤੀ ਗਈ ਸੀ।

ਰਾਜ ਦੇ ਹੁਸ਼ਿਆਰਪੁਰ ਅਤੇ ਰੋਪੜ ਦੇ ਜ਼ਿਲ੍ਹਿਆਂ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਕੁਝ ਹਿੱਸਿਆਂ ਦੇ ਕੰਢੀ ਖੇਤਰਾਂ ਵਿਚ ਕੰਢੀ ਜਲ ਨਿਖੇੜ ਅਤੇ ਖੇਤਰ ਵਿਕਾਸ ਪ੍ਰਾਜੈਕਟ ਅਧੀਨ ਵਿਸ਼ਵ ਬੈਂਕ ਦੀ

Original with;
Punjab Vidhan Sabha
Digitized by;
Panjab Digital Library

ਸਹਾਇਤਾ ਨਾਲ ਇਕ ਸੰਗਠਿਤ ਸਿੰਜਾਈ ਵਿਕਾਸ ਪ੍ਰੋਗਰਾਮ ਹੱਥ ਵਿਚ ਲਿਆ ਗਿਆ ਹੈ । ਇਸ ਪ੍ਰਾਜੈਕਟ ਅਧੀਨ ਢੋਲ-ਬਾਹਾ ਡੈਮ ਦੇ ਮੁਕਮਲ ਹੋ ਜਾਣ ਤੇ 3745 ਹੈਕਟੇਅਰ ਰਕਬੇ ਦੀ ਸਿੰਜਾਈ ਹੋ ਸਕੇਗੀ । ਇਸ ਰਾਹੀਂ 2710 ਹੈਕਟੇਅਰ ਰਕਬੇ ਨੂੰ ਹੜ੍ਹਾਂ ਦੀ ਮਾਰ ਤੋਂ ਵੀ ਬਚਾਇਆ ਜਾ ਸਕੇਗਾ। ਇਸ ਤੋਂ ਇਲਾਵਾ 2329 ਹੈਕਟੇਅਰ ਰਕਬੇ ਨੂੰ ਖੇਤੀ ਅਧੀਨ ਲਿਆਂਦਾ ਜਾਵੇਗਾ । ਸਾਲ 1981-82 ਦੇ ਅੰਤ ਤੱਕ ਇਸ ਪ੍ਰਾਜੈਕਟ ਤੇ 3.01 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਗਈ ਸੀ ਅਤੇ ਸਾਲ1983-84 ਦੇ ਦੌਰਾਨ ਇਹ ਰਕਮ ਵਧ ਕੇ 7.5 ਕਰੋੜ ਰੁਪਏ ਤੱਕ ਹੋ ਜਾਵੇਗੀ । ਸਾਲ 1983-84 ਦੇ ਦੌਰਾਨ ਸ਼ਾਹ ਨਹਿਰ ਬਨ੍ਹ ਪ੍ਰਾਜੈਕਟ ਨੂੰ ਮੁਕੰਮਲ ਕਰਨ ਲਈ ਸਾਲ 1983-84 ਵਿਚ 1.23 ਕਰੋੜ ਰੁਪਏ ਖਰਚਣ ਨਾਲ ਇਸ ਪ੍ਰਾਜੈਕਟ ਉਤੇ ਕੁਲ 33.45 ਕਰੋੜ ਰੁਪਏ ਦਾ ਖ਼ਰਚਾ ਆਵੇਗਾ । 1983-84 ਲਈ ਅਗਲੀ ਸਾਲਾਨਾ ਯੋਜਨਾ ਵਿਚ ਕੰਢੀ ਨਹਿਰ ਪ੍ਰਾਜੈਕਟ ਲਈ 6 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ ।

ਕਿਉਂ ਜੋ ਹੁਣ ਤੱਕ ਸਤ੍ਹਈ ਜਲ ਦੇ ਸਾਰੇ ਸਾਧਨਾਂ ਦੀ ਵਰਤੋਂ ਕੀਤੀ ਜਾ ਚੁਕੀ ਹੈ, ਇਸ ਲਈ ਨਹਿਰਾਂ ਤੇ ਖਾਲ੍ਹਾਂ ਨੂੰ ਪੱਕਾ ਕਰਕੇ ਚੰਗੇਰੇ ਜਲ ਪ੍ਰਬੰਧ ਰਾਹੀਂ ਮੌਜੂਦਾ ਨਹਿਰ ਪ੍ਰਣਾਲੀ ਦੀ ਸਮਰਥਾ ਵਧਾਉਣ ਲਈ ਇਸ ਦੇ ਆਧੁਨਿਕ ਬਣਾਉਣ ਤੇ ਜ਼ੋਰ ਦਿਤਾ ਜਾ ਰਿਹਾ ਹੈ। 100 ਕਰੋੜ ਰੁਪਏ ਦੇ ਖ਼ਰਚ ਨਾਲ 4060 ਕਿਲੋ ਮੀਟਰ ਲੰਬੇ ਰਜਵਾਹਿਆਂ ਅਤੇ ਛੋਟੇ ਖਾਲਿਆਂ ਨੂੰ ਪੱਕਾ ਕਰਨ ਦਾ ਕੰਮ ਚੱਲ ਰਿਹਾ ਹੈ । ਇਸ ਪ੍ਰਾਜੈਕਟ ਦੇ ਮੁਕੰਮਲ ਹੋ ਜਾਣ ਤੇ 1568 ਕਿਉਸਕ ਪਾਣੀ ਬਚਾਇਆ ਜਾ ਸਕੇਗਾ, ਜਿਸ ਨਾਲ 1.64 ਲੱਖ ਹੈਕਟੇਅਰ ਭੋਂ ਦੀ ਸਿੰਜਾਈ ਹੋ ਸਕੇਗੀ । ਸਾਲ 1983-84 ਦੇ ਦੌਰਾਨ 50.05 ਕਰੋੜ ਰੁਪਏ ਦੀ ਲਾਗਤ ਨਾਲ, ਜਿਸ ਵਿਚੋਂ 20 ਕਰੋੜ ਰੁਪਏ ਸੰਸਥਾਵੀ ਵਿੱਤ ਤੋਂ ਜੁਟਾਏ ਜਾਣਗੇ । 625 ਕਿਲੋਮੀਟਰ ਲੰਬੇ ਰਜਵਾਹੇ ਅਤੇ 3500 ਕਿਲੋਮੀਟਰ ਲੰਬੇ ਛੋਟੇ ਖਾਲੇ ਪੱਕੇ ਕਰਨ ਦੀ ਤਜਵੀਜ਼ ਹੈ । ਸਾਲ 1983-84 ਦੇ ਦੌਰਾਨ ਸਿੰਜਾਈ ਸਕੀਮ ਲਈ ਯੋਜਨਾ ਉਪ ਬੰਧ 50.37 ਕਰੋੜ ਰੁਪਏ ਹੈ, ਜਿਸ ਨਾਲ 59 ਹਜ਼ਾਰ ਹੈਕਟੇਅਰ ਵਧੀਕ ਭੋਂ ਦੀ ਸਿੰਜਾਈ ਹੋ ਸਕੇਗੀ ।

**ਸਿਖਿਆ**

ਰਾਜ ਵਿਚ ਪ੍ਰਾਇਮਰੀ, ਸੈਕੰਡਰੀ ਅਤੇ ਉਚੇਰੀ ਸਿਖਿਆ ਦੇ ਖੇਤਰਾਂ ਵਿਚ ਲਗਾਤਾਰ ਅਤੇ ਮਹਤਵ ਪੂਰਨ ਪ੍ਰਗਤੀ ਹੋਈ ਹੈ । ਛੇ ਤੋਂ ਗਿਆਰਾਂ ਅਤੇ ਗਿਆਰਾਂ ਤੋਂ ਚੌਦਾਂ ਸਾਲ ਦੀ ਉਮਰ ਦੇ ਬੱਚਿਆਂ ਦੇ ਦਾਖ਼ਲੇ ਸਬੰਧੀ, ਜੋ ਨਵੇਂ 20-ਨੁਕਾਤੀ ਪ੍ਰੋਗਰਾਮ ਦਾ ਇਕ ਹਿਸਾ ਹੈ, ਸਾਡਾ ਰਾਜ ਰਾਸ਼ਟਰੀ ਟੀਚੇ ਤੋਂ ਕਾਫੀ ਅਗੇ ਹੈ ਅਤੇ ਪ੍ਰਾਇਮਰੀ ਤੇ ਮਿਡਲ ਸਕੂਲਾਂ ਦਾ ਜਾਲ ਵਿਛਾ ਕੇ, ਜਿਨ੍ਹਾਂ ਵਿਚ ਵਿਦਿਆਰਥੀ ਆਸਾਨੀ ਨਾਲ ਪਹੁੰਚ ਸਕਦੇ ਹਨ, ਸੌ ਫ਼ੀ ਸਦੀ ਦਾਖਲਾ ਕਰਨ ਦਾ ਮਾਣ ਪ੍ਰਾਪਤ ਕਰ ਚੁਕਿਆ ਹੈ । ਚਾਲੂ ਸਾਲ ਦੇ ਦੌਰਾਨ 50 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਸਕੂਲ ਅਤੇ 25 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾਇਆ ਗਿਆ ਹੈ। ਇਨ੍ਹਾਂ ਤੋਂ ਇਲਾਵਾ ਸਾਲ 1983-84 ਦੇ ਦੌਰਾਨ 75 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਅਤੇ 75 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾਇਆ ਜਾਵੇਗਾ ।

ਹੁਣ ਅਸੀਂ ਸਿਖਿਆ ਦਾ ਮਿਆਰ ਸੁਧਾਰਨ ਅਤੇ ਇਸ ਨੂੰ ਪੇਸ਼ਵਾਰਾਨਾ ਅਤੇ ਰੋਜ਼ਗਾਰ ਮੁਖੀ ਬਣਾਉਣ ਤੇ ਜ਼ੋਰ ਦੇ ਰਹੇ ਹਾਂ। ਅਸੀਂ ਹੁਣ ਤੱਕ 350 ਸਕੂਲਾਂ ਵਿਚ ਪੇਸ਼ਾਵਾਰਾਨਾ ਸਿਖਿਆ ਚਾਲੂ ਕਰ ਚੁਕੇ ਹਾਂ। ਸਾਲ 1983-84 ਦੇ ਦੌਰਾਨ ਹੋਰ 50 ਸਕੂਲਾਂ ਵਿਚ ਪੇਸ਼ਾਵਾਰਾਨਾ ਸਿਖਿਆ ਆਰੰਭ ਕਰਨ ਦੀ ਤਜਵੀਜ਼ ਹੈ (ਥੰਪਿੰਗ) । ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਰਾਜ ਦੇ ਸਕੂਲਾਂ ਦੀਆਂ ਗਿਆਰ੍ਹ-

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਵਿਚ ਪੇਸ਼ਵਾਰਾਨਾ ਸਿਖਿਆ ਆਰੰਭ ਕੀਤੀ ਜਾਵੇ। ਰਾਜ ਵਿਚ 10+2+3 ਪ੍ਰਣਾਲੀ ਸ਼ੁਰੂ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ। (ਥੰਪਿੰਗ)

ਉਚੇਰੀ ਸਿਖਿਆ ਵੱਲ ਲਗਾਤਾਰ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਤਿੰਨਾਂ ਯੂਨੀਵਰ-ਸਿਟੀਆਂ, ਅਰਥਾਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਲਗ ਭਗ 9.59 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਸਾਲ 1983-84 ਦੇ ਦੌਰਾਨ ਪ੍ਰਾਈਵੇਟ ਪ੍ਰਬੰਧ ਅਧੀਨ ਚਲਦੇ 141 ਕਾਲਜਾਂ ਨੂੰ 7.65 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। (ਥੰਪਿੰਗ)

ਨਵੇਂ 20-ਨੁਕਾਤੀ ਪ੍ਰੋਗਰਾਮ ਅਧੀਨ ਸਾਲ 1982-83 ਵਿਚ ਅਨਪੜ੍ਹ ਬਾਲਗਾਂ ਨੂੰ ਸਿਖਿਆ ਦੇਣ ਦੀ ਮੁਹਿੰਮ ਨਿਸਚਿਤ ਟੀਚਾ ਪ੍ਰਾਪਤ ਕਰਨ ਲਈ ਸ਼ੁਰੂ ਕੀਤੀ ਗਈ ਸੀ। 2790 ਬਾਲਗ ਸਿਖਿਆ ਕੇਂਦਰ ਸ਼ੁਰੂ ਕੀਤੇ ਗਏ ਹਨ ਅਤੇ ਚਾਲੂ ਵਿੱਤੀ ਸਾਲ ਦੇ ਅੰਤ ਤੱਕ 87000 ਬਾਲਗ ਸਿਖਿਆ ਪ੍ਰਾਪਤ ਕਰ ਲੈਣਗੇ। ਸਾਲ 1983-84 ਦੇ ਦੌਰਾਨ ਬਾਲਗ ਸਿਖਿਆ ਕੇਂਦਰਾਂ ਦੀ ਗਿਣਤੀ ਵਿਚ 50 ਫ਼ੀ ਸਦੀ ਵਾਧਾ ਹੋ ਜਾਵੇਗਾ। ਇਸ ਪ੍ਰੋਗਰਾਮ ਨੂੰ ਹੋਰ ਮਜ਼ਬੂਤ ਬਣਾਉਣ ਲਈ ਰਾਸ਼ਟਰੀ ਮਹਤੱਤਾ ਵਾਲੇ ਇਸ ਕੰਮ ਵਿਚ 'ਹਰ ਇਕ ਇਕ ਨੂੰ ਪੜ੍ਹਾਵੇ' ਦੇ ਨਾਅਰੇ ਅਧੀਨ ਨੌਵੀਂ, ਦਸਵੀਂ ਅਤੇ ਗਿਆਰਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਜਾਵੇਗਾ।

ਇਸ ਗੱਲ ਦੀ ਫ਼ੌਰੀ ਲੋੜ ਹੈ ਕਿ ਪ੍ਰਾਇਮਰੀ ਸਕੂਲਾਂ ਵਿਚ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਅਤੇ ਸਾਫ਼ ਸੁਥਰੀਆਂ ਲਾਵੇਟਰੀਆਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਸੈਕੰਡਰੀ ਸਕੂਲਾਂ ਵਿਚ ਫ਼ਰਨੀਚਰ ਅਤੇ ਲਾਇਬ੍ਰੇਰੀ ਪੁਸਤਕਾਂ ਵੀ ਮੁਹਈਆ ਕੀਤੀਆਂ ਜਾਣ। ਐਤਿ ਲੋੜ ਦੀਆਂ ਇਹ ਸਹੂਲਤਾਂ ਮੁਹਈਆ ਕਰਨ ਦਾ ਇਹ ਕੰਮ ਅਸਲ ਵਿਚ ਵਿਸ਼ਾਲ ਕੰਮ ਹੈ ਅਤੇ ਇਸ ਵਾਸਤੇ ਬਹੁਤ ਜ਼ਿਆਦਾ ਧਨ ਦੀ ਲੋੜ ਹੈ। ਰਾਜ ਸਰਕਾਰ ਦੀ ਇਹ ਤਜਵੀਜ਼ ਹੈ ਕਿ ਇਨ੍ਹਾਂ ਸਹੂਲਤਾਂ ਨੂੰ ਮੁਹਈਆ ਕਰਨ ਵਾਸਤੇ ਮਾਇਕ ਅੰਸ਼ਦਾਨ ਪ੍ਰਾਪਤ ਕਰਨ ਲਈ ਮਾਪੇ-ਅਧਿਆਪਕ ਐਸੋਸੀਏਸ਼ਨਾਂ ਨੂੰ ਪ੍ਰੇਰਿਆ ਜਾਵੇ। ਇਸ ਗੱਲ ਨੂੰ ਉਤਸ਼ਾਹਤ ਕਰਨ ਲਈ, ਕਿ ਉਹ ਇਸ ਕੰਮ ਵਿਚ ਦਿਲ ਖੋਲ੍ਹ ਕੇ ਸਹਾਇਤਾ ਦੇਣ, ਸਰਕਾਰ ਵੱਲੋਂ ਬਰਾਬਰ ਦਾ ਧਨ ਦੇਣ ਦੀ ਤਜਵੀਜ਼ ਹੈ। (ਥੰਪਿੰਗ)

1982-83 ਦੇ ਦੌਰਾਨ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਨੂੰ ਸਰਕਾਰੀ ਕਾਲਜਾਂ ਵਾਂਗ ਮੈਡੀਕਲ ਭੱਤਾ ਦਿੱਤਾ ਗਿਆ ਹੈ। ਇਸ ਨਾਲ ਰਾਜ ਦੇ ਖ਼ਜ਼ਾਨੇ ਤੇ 6.84 ਲੱਖ ਰੁਪਏ ਸਾਲਾਨਾ ਦਾ ਬੋਝ ਪਵੇਗਾ। ਇਸ ਤੋਂ ਇਲਾਵਾ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਦੇ ਸਰੀਰਕ ਸਿਖਿਆ ਨਿਦੇਸ਼ਕਾਂ ਅਤੇ ਲਾਇਬ੍ਰੇਰੀਅਨਾਂ ਨੂੰ ਮਿਤੀ 1 ਅਪਰੈਲ, 1980 ਤੋਂ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੇ ਤਨਖ਼ਾਹ ਗਰੇਡ ਦਿਤੇ ਗਏ ਹਨ। ਪ੍ਰਾਈਵੇਟ ਕਾਲਜਾਂ ਅਤੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੇ ਪ੍ਰਾਵੀਡੈਂਟ ਫ਼ੰਡ ਵਿਚ ਅੰਸ਼ਦਾਨ ਦਾ ਸਰਕਾਰੀ ਹਿਸਾ ਵੀ $8\frac{1}{3}$ ਪ੍ਰਤੀਸ਼ਤ ਤੋਂ ਵਧਾ ਕੇ 10 ਪ੍ਰਤੀ ਸ਼ਤ ਕਰ ਦਿਤਾ ਗਿਆ ਹੈ। ਰਾਜ ਸਰਕਾਰ ਨੇ ਉਨ੍ਹਾਂ ਅਧਿਆਪਕਾਂ ਨੂੰ ਮੈਡਲ ਦੇਣ ਦਾ ਫ਼ੈਸਲਾ ਕੀਤਾ ਹੈ ਜਿਹੜੇ ਰਾਸ਼ਟਰੀ ਅਤੇ ਰਾਜ ਪੱਧਰ ਤੇ ਇਨਾਮ ਪ੍ਰਾਪਤ ਕਰਦੇ ਹਨ। ਸਾਲ 1982-83 ਲਈ 159.86 ਕਰੋੜ ਰੁਪਏ ਦੀ ਸੋਧੀ ਰਕਮ ਦੇ ਮੁਕਾਬਲੇ ਸਾਲ 1983-84 ਲਈ 172.59 ਕਰੋੜ ਰੁਪਏ ਦੇ ਬਜਟ ਉਪਬੰਧ ਵਿਚ ਇਨ੍ਹਾਂ ਸਾਰੀਆਂ ਪ੍ਰਗਤੀ ਸ਼ੀਲ ਕਾਰ ਵਾਈਆਂ ਦੀ ਝਲਕ ਵਿਖਾਈ ਦਿੰਦੀ ਹੈ।

**ਖੇਡਾਂ**

ਸਾਲ 1982-83 ਵਿਚ ਨਵੀਂ ਦਿਲੀ ਵਿਖੇ ਹੋਈਆਂ ਏਸ਼ੀਆਈ ਖੇਡਾਂ ਭਾਰਤੀ ਖੇਡਾਂ ਦੇ ਇਤਿ-ਹਾਸ ਵਿਚ ਇਕ ਮੀਲ ਪੱਥਰ ਦੀ ਹੈਸੀਅਤ ਰੱਖਦੀਆਂ ਹਨ। ਪੰਜਾਬ ਰਾਜ ਲਈ ਇਹ ਮਾਣ

Original with;
Punjab Vidhan Sabha
Digitized by;
Panjab Digital Library

ਵਾਲੀ ਗੱਲ ਹੈ ਕਿ ਨੌਵੀਂ ਏਸ਼ੀਆਈ ਖੇਡਾਂ ਵਿਚ ਜਿਸ ਇਸਤਰੀ ਹਾਕੀ ਟੀਮ ਨੇ ਸੋਨੇ ਦਾ ਮੈਡਲ ਜਿੱਤਿਆ ਸੀ, ਉਸ ਨੂੰ ਸਿਖਲਾਈ ਪੰਜਾਬ ਵਿਚ ਦਿਤੀ ਗਈ ਸੀ। (ਥੰਪਿੰਗ) ਏਸ਼ੀਆਈ ਖੇਡਾਂ ਵਿਚ ਸੋਨੇ ਦਾ ਮੈਡਲ ਜਿੱਤਣ ਵਾਲਿਆਂ ਵਿਚੋਂ ਹਰੇਕ ਨੂੰ ਇਕ ਲੱਖ ਰੁਪਏ ਦਾ ਇਨਾਮ ਦੇਣ ਦਾ ਫੈਸਲਾ ਕੀਤਾ ਗਿਆ ਹੈ। (ਥੰਪਿੰਗ) ਖਿਡਾਰੀਆਂ ਦਾ ਹੌਸਲਾ ਵਧਾਉਣ ਅਤੇ ਉਨ੍ਹਾਂ ਦੀ ਭਲਾਈ ਲਈ ਉਨ੍ਹਾਂ ਪ੍ਰਸਿੱਧ ਖਿਡਾਰੀਆਂ ਨੂੰ ਮੁਫਤ ਡਾਕਟਰੀ ਸਹਾਇਤਾ ਦੇਣ ਦੀ ਤਜਵੀਜ਼ ਹੈ ਜਿਨ੍ਹਾਂ ਨੇ ਇਕ ਵਾਰ ਰਾਸ਼ਟਰੀ ਜਾਂ ਅੰਤਰ ਰਾਸ਼ਟਰੀ ਇਨਾਮ ਜਿਤਿਆ ਹੋਵੇ।

ਛੋਟੀ ਉਮਰ ਦੇ ਹੋਣਹਾਰ ਖਿਡਾਰੀਆਂ ਦੀ ਭਾਲ ਕਰੋ, ਸਕੀਮ ਅਧੀਨ ਖੇਡਾਂ ਵਿਚ ਯੋਗਤਾ ਰੱਖਣ ਵਾਲੇ ਯੁਵਕਾਂ ਦਾ ਪਤਾ ਲਗਾਉਣ ਦੀ ਦ੍ਰਿਸ਼ਟੀ ਨਾਲ 6—11 ਅਤੇ 11—14 ਸਾਲ ਦੇ ਬੱਚਿਆਂ ਲਈ ਅੰਤਰ-ਸਕੂਲ, ਬਲਾਕ, ਤਸੀਲ, ਜ਼ਿਲ੍ਹਾ ਅਤੇ ਰਾਜ ਪੱਧਰ ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ। ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਦਸੰਬਰ, 1982 ਵਿਚ ਹੋਈਆਂ ਚੌਥੀਆਂ ਛੋਟੀਆਂ ਰਾਸ਼ਟਰੀ ਖੇਡਾਂ ਦੇ ਦੌਰਾਨ ਪੰਜਾਬ ਨੇ 52 ਮੈਡਲ ਜਿੱਤੇ ਸਨ ਜਿਨ੍ਹਾਂ ਵਿਚ 17 ਸੋਨੇ ਦੇ, 17 ਚਾਂਦੀ ਦੇ ਅਤੇ 18 ਕਾਂਸੀ ਦੇ ਮੈਡਲ ਸ਼ਾਮਲ ਸਨ। (ਥੰਪਿੰਗ)

ਪੰਜਾਬ ਵਿਚ ਖੇਡਾਂ ਨੂੰ ਉਦੇਸ਼ ਪੂਰਨ ਬਣਾਉਣ ਅਤੇ ਸੁਯੋਗ ਢੰਗ ਨਾਲ ਉੱਨਤ ਕਰਨ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਖੇਡਾਂ ਦੀਆਂ ਸਰਗਰਮੀਆਂ ਵਿਚ ਜੁਟੇ ਹੋਏ ਤਿੰਨਾਂ ਵਿੰਗਾਂ ਅਰ-ਥਾਤ ਖੇਡ ਡਾਇਰੈਕਟੋਰੇਟ, ਸਿਖਿਆ ਵਿਭਾਗ ਦਾ ਖੇਡ ਵਿੰਗ ਅਤੇ ਖੇਡ ਪਰੀਸ਼ਦ ਨੂੰ ਇਕ ਥਾਂ ਸੰਗ-ਠਿਤ ਕੀਤਾ ਜਾਵੇ। ਖੇਡਾਂ ਦੀ ਤਰੱਕੀ ਲਈ ਸਾਲ 1982-83 ਦੇ ਦੌਰਾਨ 3.69 ਕਰੋੜ ਰੁਪਏ ਦੇ ਮੁਕਾਬਲੇ ਸਾਲ 1983-84 ਲਈ 3.97 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

**ਉਦਯੋਗ**

ਉਦਯੋਗਾਂ ਦੇ ਤੇਜ਼ੀ ਨਾਲ ਵਿਕਾਸ ਰਾਹੀਂ ਰਾਜ ਦੀ ਅਰਥ-ਵਿਵਸਥਾ ਵਿਚ ਵੰਨ-ਸੁਵੰਨਤਾ ਲਿਆਉਣ ਦੀ ਅਹਿਮੀਅਤ ਪ੍ਰਤੀ ਸਰਕਾਰ ਪੂਰੀ ਤਰ੍ਹਾਂ ਸੁਚੇਤ ਹੈ। ਇਸ ਨਿਸ਼ਾਨੇ ਨੂੰ ਹਾਸਲ ਕਰਨ ਵਾਸਤੇ ਉਦਯੋਗਿਕ ਖੇਤਰ ਵਿਚ 1980—83 ਤੱਕ ਦੇ ਤਿੰਨ ਸਾਲਾਂ ਦੇ ਦੌਰਾਨ 40 ਕਰੋੜ ਰੁਪਏ ਦੀ ਯੋਜਨਾ ਲਾਗਤ ਪੂੰਜੀ ਰੱਖੀ ਗਈ ਸੀ। ਉਦਯੋਗਿਕ ਖੇਤਰ ਲਈ ਯੋਜਨਾ ਖ਼ਰਚਾ ਸਾਲ 1982-83 ਦੇ 13.02 ਕਰੋੜ ਰੁਪਏ ਤੋਂ ਵਧਾ ਕੇ 1983-84 ਲਈ 17.02 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

ਚਾਲੂ ਸਾਲ ਦੇ ਦੌਰਾਨ ਉਦਯੋਗਿਕ ਖੇਤਰ ਵਿਚ ਤਰੱਕੀ ਦੀ ਰਫ਼ਤਾਰ ਕਾਫ਼ੀ ਪ੍ਰਭਾਵ ਸ਼ਾਲੀ ਰਹੀ ਹੈ। ਸਾਲ 1982-83 ਦੇ ਪਹਿਲੇ 8 ਮਹੀਨਿਆਂ ਦੇ ਦੌਰਾਨ 8,200 ਨਵੇਂ ਯੂਨਿਟਾਂ ਵਿਚ ਉਤ-ਪਾਦਨ ਸ਼ੁਰੂ ਹੋ ਗਿਆ ਹੈ ਅਤੇ ਆਸ ਹੈ ਕਿ ਸਾਲ ਦੇ ਅਖੀਰ ਤੱਕ 11,000 ਤੋਂ ਵੱਧ ਯੂਨਿਟਾਂ ਵਿਚ ਉਤਪਾਦਨ ਸ਼ੁਰੂ ਹੋ ਜਾਵੇਗਾ। ਇਸ ਦੇ ਨਤੀਜੇ ਵਜੋਂ ਛੋਟੇ, ਦਰਮਿਆਨੇ ਅਤੇ ਵੱਡੇ ਪੈਮਾਨੇ ਦੇ ਖੇਤਰਾਂ ਵਿਚ ਚਾਲੂ ਯੂਨਿਟਾਂ ਦੀ ਗਿਣਤੀ ਵਧ ਕੇ 77,182 ਹੋ ਜਾਵੇਗੀ। ਇਸ ਤੋਂ ਇਲਾਵਾ, ਜਿਵੇਂ ਕਿ ਮੈਂ ਜ਼ਿਕਰ ਕੀਤਾ ਹੈ, ਸਹਿਕਾਰੀ ਖੇਤਰ ਵਿਚ 62.15 ਕਰੋੜ ਰੁਪਏ ਦੀ ਲਾਗਤ ਨਾਲ ਚਾਵਲਾਂ ਦੀਆਂ 4 ਮਿੱਲਾਂ, 7 ਕਤਾਈ ਦੇ ਕਾਰਖਾਨੇ ਅਤੇ ਇਕ ਖੰਡ ਦਾ ਕਾਰਖਾਨਾ ਸਥਾਪਿਤ ਕੀਤਾ ਜਾ ਰਿਹਾ ਹੈ। ਵਿੱਤੀ ਸਾਲ 1983-84 ਦੇ ਦੌਰਾਨ 65 ਕਰੋੜ ਰੁਪਏ ਦੀ ਲਾਗਤ ਨਾਲ ਸੋਡਾਐਸ਼/ਅਮੋਨੀਅਮ ਕਲੋਰਾਈਡ ਅਤੇ ਕਾਸਟਿਕ ਸੋਡੇ ਦੇ ਉਦਪਾਦਨ ਲਈ ਪ੍ਰਾਜੈਕਟ ਚਾਲੂ ਕੀਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੇ, ਜਿਸ ਨੇ ਹੁਣ ਤੱਕ 94 ਕਰੋੜ ਰੁਪਏ ਦੀ ਲਾਗਤ ਵਾਲੇ 36 ਪ੍ਰਾਜੈਕਟ ਲਗਵਾਏ ਹਨ, ਸਾਲ 1981 ਅਤੇ 1982 ਦੇ ਦੌਰਾਨ ਨਵੇਂ ਪ੍ਰਾ-ਜੈਕਟਾਂ ਵਾਸਤੇ 23 ਆਸ਼ਾ-ਪੱਤਰ/ਰਜਿਸਟਰੇਸ਼ਨਾਂ ਹਾਸਲ ਕੀਤੀਆਂ ਹਨ ।

ਆਸ ਹੈ ਕਿ ਸਾਲ 1983-84 ਦੇ ਦੌਰਾਨ ਇਹ ਕਾਰਪੋਰੇਸ਼ਨ ਹਲਕੀਆਂ ਵਪਾਰਕ ਗੱਡੀਆਂ, ਟੈਲੀਫੋਨ ਕੇਬਲਜ਼ ਅਤੇ ਪੋਲਿਸਟਰ ਸਟੈਪਲ ਫਾਈਬਰ ਆਦਿ ਦੇ ਨਿਰਮਾਣ ਲਈ ਕੁਝ ਵੱਡੇ ਪ੍ਰਾਜੈਕਟਾਂ ਦੀ ਉਸਾਰੀ ਦਾ ਕਾਰਜ ਆਰੰਭ ਕਰ ਦੇਵੇਗੀ । ਇਨ੍ਹਾਂ ਪ੍ਰਾਜੈਕਟਾਂ ਉਤੇ ਕੁਲ 100 ਕਰੋੜ ਰੁਪਏ ਅਨੁਮਾਨਤ ਲਾਗਤ ਆਵੇਗੀ ਅਤੇ ਉਨ੍ਹਾਂ ਤੋਂ ਲਗ ਭਗ 8,500 ਵਿਅਕਤੀਆਂ ਨੂੰ ਰੋਜ਼ਗਾਰ ਪ੍ਰਾਪਤ ਹੋਵੇਗਾ । ਗੋਇੰਦਵਾਲ ਸਾਹਿਬ ਉਦਯੋਗਿਕ ਪ੍ਰਾਜੈਕਟ ਵਿਚ 10.60 ਕਰੋੜ ਰੁਪਏ ਦੀ ਲਾਗਤ ਨਾਲ 25,000 ਤਕਲਿਆਂ ਵਾਲੀ ਇਕ ਸਹਿਕਾਰੀ ਕਤਾਈ ਮਿਲ ਲਗਾਈ ਜਾ ਰਹੀ ਹੈ।

ਮਾਲੀ ਸਾਲ 1982-83 ਦੇ ਦੌਰਾਨ ਇਹ ਕਾਰਪੋਰੇਸ਼ਨ 22 ਕਰੋੜ ਰੁਪਏ ਦੇ ਮਿਆਦ ਕਰਜ਼ੇ ਪਰਵਾਨ ਕਰ ਚੁਕੀ ਹੈ । ਜਦੋਂ ਕਿ ਸਾਲ 1981-82 ਦੇ ਦੌਰਾਨ 15.17 ਕਰੋੜ ਰੁਪਏ ਦੇ ਕਰਜ਼ੇ ਦਿਤੇ ਗਏ ਸਨ ਅਤੇ ਸਾਲ 1983-84 ਦੇ ਦੌਰਾਨ ਇਸ ਕਾਰਪੋਰੇਸ਼ਨ ਵਲੋਂ 25 ਕਰੋੜ ਰੁਪਏ ਦੇ ਕਰਜ਼ੇ ਦੇਣ ਦੀ ਤਜਵੀਜ਼ ਹੈ । ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਰਾਜ ਸਰਕਾਰ ਨੇ ਇਸ ਕਾਰਪੋਰੇਸ਼ਨ ਦੀ ਹਿਸਾ ਪੂੰਜੀ ਵਿਚ ਆਪਣਾ ਸੁਨੀਤੀ ਅੰਸ਼ਦਾਨ 30 ਲੱਖ ਰੁਪਏ ਤੋਂ ਵਧਾ ਕੇ ਇਕ ਕਰੋੜ ਰੁਪਏ ਕਰ ਦਿੱਤਾ ਹੈ ।

ਪੰਜਾਬ ਰਾਜ ਇਲੈਕਟ੍ਰਾਨਿਕਸ ਵਿਕਾਸ ਅਤੇ ਉਤਪਾਦਨ ਕਾਰਪੋਰੇਸ਼ਨ ਨੇ 3.14 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਸਾਲ 1983 ਦੇ ਅੰਤ ਤੱਕ ਡੀ. ਟੀ. ਐਲ. ਮਲਟੀਪਲੈਕਸਰ ਅਤੇ ਨਿਕਲ ਕੈਡੀਮੀਅਮ ਬੈਟਰੀਆਂ ਦੇ ਉਤਪਾਦਨ ਲਈ ਦੋ ਪ੍ਰਾਜੈਕਟਸ ਲਗਵਾਉਣ ਦਾ ਕਾਰਜ ਮੁਕੰਮਲ ਕਰ ਲਵੇਗੀ । ਇਹ ਕਾਰਪੋਰੇਸ਼ਨ ਗ਼ੈਰ-ਵਸਨੀਕ ਭਾਰਤੀਆਂ ਪਾਸੋਂ ਉਚ-ਪੱਧਰੀ ਟੈਕਨਾਲੋਜੀ ਤੇ ਆਧਾਰਤ ਚਾਰ ਪ੍ਰਾਜੈਕਟ ਸਥਾਪਤ ਕਰਨ ਲਈ ਸਰਮਾਇਆ ਲਗਵਾਉਣ ਵਿਚ ਸਫਲ ਹੋਈ ਹੈ, ਜਿਨ੍ਹਾਂ ਦਾ ਸਾਰਾ ਮਾਲ ਨਿਰਯਾਤ ਕੀਤਾ ਜਾਵੇਗਾ । ਇਨ੍ਹਾਂ ਚਾਰ ਪ੍ਰਾਜੈਕਟਾਂ ਉਤੇ 7 ਕਰੋੜ ਰੁਪਏ ਦਾ ਸਰਮਾਇਆ ਲੱਗਣ ਦੀ ਆਸ ਹੈ । ਇਨ੍ਹਾਂ ਨਾਲ 2 ਹਜ਼ਾਰ ਵਿਅਕਤੀਆਂ ਨੂੰ ਸਿੱਧਾ ਰੋਜ਼ਗਾਰ ਮਿਲੇਗਾ । ਰਾਜ ਸਰਕਾਰ ਦੀ ਸਾਲ 1983-84 ਦੇ ਦੌਰਾਨ ਇਸ ਕਾਰਪੋਰੇਸ਼ਨ ਦੀ ਸੁਨੀਤੀ ਪੂੰਜੀ ਵਿਚ 60 ਲੱਖ ਰੁਪਏ ਦੀ ਰਕਮ ਲਾਉਣ ਦੀ ਤਜਵੀਜ਼ ਹੈ ।

ਪੰਜਾਬ ਰਾਜ ਹੈਂਡਲੂਮ ਅਤੇ ਟੈਕਸਟਾਈਲ ਵਿਕਾਸ ਕਾਰਪੋਰੇਸ਼ਨ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਲਾਭ ਪਹੁੰਚਾਉਣ ਲਈ ਲਗਭਗ 12 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟਾਂ ਤੇ ਅਮਲ ਕਰ ਰਹੀ ਹੈ । ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਨਾਂ ਦੀ ਇਕ ਸੰਸਥਾ 2 ਕਰੋੜ ਰੁਪਏ ਦੀ ਅਧਿਕ੍ਰਿਤ ਪੂੰਜੀ ਨਾਲ ਸਥਾਪਤ ਕੀਤੀ ਗਈ ਹੈ, ਜਿਸ ਦਾ ਉਦੇਸ਼ ਇਹ ਹੈ ਕਿ ਵੱਖ ਵੱਖ ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਦੀਆਂ ਬਸਤੀਆਂ ਦਾ ਪਤਾ ਲਾ ਕੇ ਉਨ੍ਹਾਂ ਨੂੰ ਤਕ-ਨੀਕੀ ਕਿੱਤਿਆਂ ਦੀ ਸਿਖਲਾਈ ਦੇਣਾ ਅਤੇ ਸਵੈ-ਰੋਜ਼ਗਾਰ ਲਈ ਮਾਲੀ ਸਹਾਇਤਾ ਦੇ ਕੇ ਲਾਭ ਪਹੁੰਚਾਉਣਾ ਹੈ ।

Original with;
Punjab Vidhan Sabha
Digitized by;
Panjab Digital Library

**ਸਿਹਤ**

ਸਿਹਤ ਦੇ ਖੇਤਰ ਵਿਚ ਸਾਡੀ ਕੋਸ਼ਿਸ਼ ਇਹ ਰਹੀ ਹੈ ਕਿ ਆਪਣੇ ਲੋਕਾਂ ਨੂੰ ਵੱਧ ਤੋਂ ਵੱਧ ਸਿਹਤ ਸੁਵਿਧਾਵਾਂ ਮੁਹਈਆ ਕੀਤੀਆਂ ਜਾਣ। ਸਾਲ 1982-83 ਦੇ ਦੌਰਾਨ 50 ਨਵੀਆਂ ਐਲੋਪੈਥਿਕ ਡਿਸਪੈਂਸਰੀਆਂ ਸਥਾਪਤ ਕੀਤੀਆਂ ਜਾ ਚੁਕੀਆਂ ਹਨ। ਇਸ ਤਰ੍ਹਾਂ ਪਿਛਲੇ ਤਿੰਨ ਸਾਲਾਂ ਵਿਚ ਅਸੀਂ 450 ਹੋਰ ਡਿਸਪੈਂਸਰੀਆਂ ਦਾ ਵਾਧਾ ਕੀਤਾ ਹੈ। ਇਸ ਸਮੇਂ 1546 ਡਿਸਪੈਂਸਰੀਆਂ ਚਲ ਰਹੀਆਂ ਹਨ। ਇਸ ਤਰ੍ਹਾਂ 1979 ਵਿਚ ਡਿਸਪੈਂਸਰੀਆਂ ਦੀ ਗਿਣਤੀ 1096 ਤੋਂ ਵਧਾ ਕੇ 1546 ਕਰ ਦਿੱਤੀ ਗਈ ਹੈ। (ਥੰਪਿੰਗ) ਜਿਸ ਨਾਲ ਇਨ੍ਹਾਂ ਦੀ ਗਿਣਤੀ ਵਿਚ 41 ਫੀ ਸਦੀ ਦਾ ਵਾਧਾ ਹੋਇਆ ਹੈ, ਹਰ ਜ਼ਿਲ੍ਹੇ ਵਿਚ ਇਕ ਇਕ ਡਿਸਪੈਂਸਰੀ ਦੇ ਹਿਸਾਬ ਨਾਲ ਸਾਲ 1983-84 ਦੇ ਦੌਰਾਨ 12 ਨਵੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹੇ ਜਾਣ ਦੀ ਤਜਵੀਜ਼ ਹੈ। ਜ਼ੱਚਾ ਅਤੇ ਬੱਚਾ ਸਿਹਤ ਸੰਭਾਲ ਅਤੇ ਪਰਿਵਾਰ ਭਲਾਈ ਸੇਵਾਵਾਂ ਵਿਚ ਸੁਧਾਰ ਕਰਨ ਲਈ ਪਰਿਵਾਰ ਭਲਾਈ ਸੇਵਾਵਾਂ ਅਧੀਨ ਚਾਲੂ ਸਾਲ ਦੇ ਦੌਰਾਨ 80 ਹੋਰ ਉਪ-ਕੇਂਦਰ ਖੋਲ੍ਹੇ ਗਏ ਹਨ, ਜਿਸ ਨਾਲ ਇਨ੍ਹਾਂ ਉਪ ਕੇਂਦਰਾਂ ਦੀ ਗਿਣਤੀ ਵਧ ਕੇ 2333 ਹੋ ਗਈ ਹੈ। 108 ਬਲਾਕਾਂ ਵਿਚ ਡੈਂਟਲ ਕਲਿਨਿਕ ਕਾਇਮ ਕੀਤੇ ਜਾ ਚੁਕੇ ਹਨ ਅਤੇ ਬਾਕੀ ਬਚਦੇ 10 ਬਲਾਕਾਂ ਵਿਚ ਵੀ ਸਾਲ 1983-84 ਦੇ ਦੌਰਾਨ ਡੈਂਟਲ ਕਲਿਨਿਕ ਖੋਲ੍ਹ ਦਿੱਤੇ ਜਾਣ ਦੀ ਤਜਵੀਜ਼ ਹੈ। ਇਸ ਨਾਲ ਰਾਜ ਵਿਚ ਸਾਰੇ ਵਿਕਾਸ ਬਲਾਕਾਂ ਵਿਚ ਛੇਵੀਂ ਪੰਜ ਸਾਲਾ ਯੋਜਨਾ ਦੇ ਸਮਾਪਤ ਹੋਣ ਤੋਂ ਇਕ ਸਾਲ ਪਹਿਲਾਂ 100 ਫੀ ਸਦੀ ਟੀਚਾ ਮੁਕੰਮਲ ਹੋ ਜਾਵੇਗਾ। (ਥੰਪਿੰਗ)

ਫਰੀਦ ਕੋਟ ਵਿਖੇ ਗੁਰੂ ਗੋਬਿਦ ਸਿਘ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ 250 ਬਿਸਤਰਿਆਂ ਵਾਲੇ ਹਸਪਤਾਲ ਦੀ ਉਸਾਰੀ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਵਿਖੇ ਅਪਰੇਸ਼ਨ ਥੀਏਟਰ ਦਾ ਮੁਕੰਮਲ ਕਰਨਾ, 105 ਉਪ-ਕੇਂਦਰਾਂ, 30 ਲੇਡੀ ਹੈਲਥ ਵਿਜ਼ਿਟਰ ਕੁਆਟਰਾਂ, ਦਿਹਾਤੀ ਇਲਾਕਿਆਂ ਵਿਚ ਸਹਾਇਕ ਸਿਹਤ ਕੇਂਦਰਾਂ ਵਿਖੇ 40 ਰਿਹਾਇਸ਼ੀ ਯੂਨਿਟਾਂ, ਅਤੇ 4 ਦਿਹਾਤੀ ਪਰਿਵਾਰ ਭਲਾਈ ਕੇਂਦਰਾਂ ਦੀ ਉਸਾਰੀ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਟੈਲੀਥਰਾਪੀ ਯੂਨਿਟ ਅਤੇ ਇਕ ਦਰਾਮਦ ਕੀਤੀ ਹੋਈ ਕੋਬਾਲਟ ਮਸ਼ੀਨ ਸਥਾਪਤ ਕਰਨ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ 2 ਕਿਡਨੀ ਡਾਇਲੈਸਿਸ ਯੂਨਿਟ ਲਗਵਾਉਣ, ਰਾਜਿੰਦਰਾ ਹਸਪਤਾਲ ਪਟਿਆਲਾ ਦੇ ਗੁਲੂਕੋਜ਼ ਸੈਲਾਈਨ ਉਤਪਾਦਨ ਪਲਾਂਟ ਦੀ ਸਮਰਥਾ ਪ੍ਰਤੀ ਦਿਨ 300 ਬੋਤਲਾਂ ਤੋਂ ਵਧਾ ਕੇ 600 ਬੋਤਲਾਂ ਕਰਨ ਅਤੇ ਗੁਰੂ ਗੋਬਿੰਦ ਸਿਘ ਮੈਡੀਕਲ ਕਾਲਜ ਫਰੀਦ ਕੋਟ ਅਤੇ ਅੰਮ੍ਰਿਤਸਰ ਵਿਖੇ ਅਜਿਹੇ ਪਲਾਂਟ ਸਥਾਪਿਤ ਕਰਨਾ ਅਜਿਹੇ ਮੁੱਖ ਪਰੋਗਰਾਮ ਹਨ ਜਿਨ੍ਹਾਂ ਨੂੰ ਸਾਲ 1983-84 ਦੇ ਦੌਰਾਨ 4.79 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦ ਕੋਟ ਵਿਖੇ ਭਾਰਤ ਦੀ ਮੈਡੀਕਲ ਕੌਂਸਲ ਦੇ ਨਿਸਚਿਤ ਪਧਰ ਤੇ ਸੁਧਾਰ ਕਰਨ ਲਈ 1.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਨਵੇਂ 20 ਨੁਕਾਤੀ ਪ੍ਰੋਗਰਾਮ ਅਨੁਸਾਰ ਜਨਮ ਦਰ ਵਿਚ ਪ੍ਰਭਾਵਸ਼ਾਲੀ ਕਮੀ ਕਰਨ ਲਈ ਸਵੈ ਇਛਕ ਆਧਾਰ ਤੇ ਲੋਕਾਂ ਦੀ ਆਪਣੀ ਲਹਿਰ ਵਜੋਂ ਪਰਿਵਾਰ ਨਿਯੋਜਨ ਦੇ ਕੰਮ ਦਾ ਪਸਾਰ ਕਰਨਾ ਜ਼ਰੂਰੀ ਹੈ। ਨਸਬੰਦੀ ਅਤੇ ਆਈ. ਯੂ. ਡੀ. ਦੇ ਟੀਚੇ 31 ਦਸੰਬਰ, 1982 ਤਕ ਕ੍ਰਮਵਾਰ 102.75 ਫੀ ਸਦੀ ਅਤੇ 225.1 ਫੀ ਸਦੀ ਤੱਕ ਪ੍ਰਾਪਤ ਕੀਤੇ ਜਾ ਚੁੱਕੇ ਹਨ। ਤਪਦਿਕ ਦੇ ਕੰਟਰੋਲ ਲਈ ਅਸਰਦਾਰ ਕਦਮ ਚੁੱਕੇ ਗਏ ਅਤੇ 1982-83 ਵਿਚ 75,000 ਦੇ ਟੀਚੇ ਦੇ ਮੁਕਾਬਲੇ ਤੇ 31 ਦਸੰਬਰ, 1982 ਤੱਕ 86519 ਸਪੂਟਮ ਟੈਸਟ ਕੀਤੇ ਗਏ ਜਿਸ ਨਾਲ 115.35 ਫੀ ਸਦੀ ਟੀਚੇ ਦੀ ਪ੍ਰਾਪਤੀ ਹੋਈ। ਇਸੇ ਤਰ੍ਹਾਂ ਉਪਰੋਕਤ ਸਮੇਂ ਦੇ ਦੌਰਾਨ 33,359 ਦੇ ਟੀਚੇ ਦੇ ਮੁਕਾਬਲੇ ਤੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

47,437 ਅਖਾਂ ਦੇ ਅਪਰੇਸ਼ਨ ਕੀਤੇ ਗਏ ਜਿਸ ਨਾਲ 135.53 ਫੀ ਸਦੀ ਟੀਚੇ ਦੀ ਪ੍ਰਾਪਤੀ ਹੋਈ।

ਸਿਹਤ ਸਕੀਮਾਂ ਸਬੰਧੀ ਸਾਲ 1982-83 ਲਈ ਰੱਖੀ ਗਈ 51.51 ਕਰੋੜ ਰੁਪਏ ਦੀ ਰਕਮ ਦੇ ਮੁਕਾਬਲੇ ਤੇ ਸਾਲ 1983-84 ਦੇ ਦੌਰਾਨ 57.76 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ।

ਦਿਹਾਤੀ ਜਲ ਸਪਲਾਈ

ਰਾਜ ਦੇ ਪੀਣ ਵਾਲੇ ਪਾਣੀ ਦੀ ਔਕੜ ਦਾ ਸਾਹਮਣਾ ਕਰਨ ਵਾਲੇ ਪਿੰਡਾਂ ਨੂੰ ਸਾਫ ਪਾਣੀ ਦੀ ਸਪਲਾਈ ਨਵੇਂ 20 ਨੁਕਾਤੀ ਪ੍ਰੋਗਰਾਮ ਦਾ ਇਕ ਅਹਿਮ ਹਿੱਸਾ ਹੈ ਜਿਸ ਨੂੰ ਪਰਮ ਅਗੇਤ ਦਿੱਤੀ ਜਾ ਰਹੀ ਹੈ। ਜਿਵੇਂ ਕਿ ਮਾਨਯੋਗ ਮੈਂਬਰ ਸਾਹਿਬਾਨ ਜਾਣਦੇ ਹੀ ਹਨ ਕੌਮੀ ਕਸੌਟੀ ਅਨੁਸਾਰ ਰਾਜ ਅੰਦਰ ਅਜਿਹੇ 3712 ਪਿੰਡਾਂ ਦਾ ਪਤਾ ਲਾਇਆ ਗਿਆ ਹੈ। ਚਾਲੂ ਸਾਲ 1982-83 ਦੇ ਅੰਤ ਤਕ ਇਸ ਮੰਤਵ ਲਈ 38.62 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾ ਚੁੱਕੀ ਹੋਵੇਗੀ ਅਤੇ ਇਸ ਨਾਲ 2165 ਪਿੰਡਾਂ ਦੀ 22.86 ਲੱਖ ਆਬਾਦੀ ਨੂੰ ਲਾਭ ਪਹੁੰਚੇਗਾ। ਕੌਮੀ ਨਿਸ਼ਾਨਾ ਇਹ ਹੈ ਕਿ 1990 ਤੱਕ ਅਜਿਹੇ ਸਾਰੇ ਪਿੰਡਾਂ ਵਿਚ ਇਹ ਸਹੂਲਤ ਦੇ ਦਿਤੀ ਜਾਵੇ। ਐਪਰ ਸਾਡੀ ਸਰਕਾਰ ਮਹਿਸੂਸ ਕਰਦੀ ਹੈ ਕਿ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਨਾ ਜ਼ਿੰਦਗੀ ਦੀ ਬੁਨਿਆਦੀ ਲੋੜ ਹੈ ਅਤੇ ਇਸ ਲਈ ਅਸੀਂ ਇਹ ਫੈਸਲਾ ਕੀਤਾ ਹੈ ਕਿ ਅਜਿਹੇ ਬਾਕੀ ਸਾਰੇ ਪਿੰਡਾਂ ਲਈ ਜਿੱਥੇ ਕਿ ਇਸ ਸਮੇਂ ਪੀਣ ਲਈ ਉਪਲਬਧ ਪਾਣੀ ਸਿਹਤ ਲਈ ਬਹੁਤ ਹਾਨੀਕਾਰਕ ਹੈ, ਛੇਵੀਂ ਪੰਜ ਸਾਲਾ ਯੋਜਨਾ ਦੇ ਅੰਤ ਤਕ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਕਰ ਦਿਤਾ ਜਾਵੇ। ਇਸ ਮਤਲਬ ਲਈ ਬਾਕੀ ਸਾਰੇ ਪਿੰਡਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ, ਅਰਥਾਤ ਅਜਿਹੇ ਪਿੰਡ ਜਿਥੇ ਪੀਣ ਵਾਲੇ ਉਪਲਬਧ ਪਾਣੀ ਵਿਚ ਫਲੋਰਾਈਡ ਅਤੇ ਹੋਰ ਨੁਕਸਾਨ-ਦੇਹ ਤੱਤ ਨਿਮਨ ਅਨੁਸਾਰ ਮੌਜੂਦ ਹਨ :—

(1) 0-5 ਪੀ. ਪੀ. ਐਮ. (ਪ੍ਰਤੀ ਦੱਸ ਲੱਖ ਪ੍ਰਤੀਸ਼ਤਤਾ)
(2) 5-10 ਪੀ. ਪੀ. ਐਮ. ਅਤੇ
(3) 10 ਪੀ. ਪੀ. ਐਮ. ਤੋਂ ਵੱਧ।

ਤੀਜੀ ਸ਼ਰੇਣੀ ਦੇ ਅਜਿਹੇ ਸਾਰੇ ਪਿੰਡਾਂ ਨੂੰ ਜਿਥੇ ਪਾਣੀ ਵਿਚ ਨੁਕਸਾਨਦੇਹ ਤੱਤਾਂ ਦੀ ਮਾਤਰਾ 10 ਪੀ. ਪੀ. ਐਮ. ਜਾਂ ਵਧੇਰੇ ਹੈ ਛੇਵੀਂ ਪੰਜ ਸਾਲਾ ਯੋਜਨਾ ਦੇ ਅਗਲੇ ਦੋ ਸਾਲਾਂ ਦੇ ਦੌਰਾਨ ਇਸ ਪਰੋਗਰਾਮ ਦੇ ਘੇਰੇ ਅੰਦਰ ਲੈ ਆਂਦਾ ਜਾਵੇਗਾ।

ਸਾਲ 1983-84 ਵਿਚ ਇਸ ਸਕੀਮ ਲਈ 800 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਜਦੋਂ ਕਿ ਸਾਲ 1982-83 ਲਈ ਇਸ ਮੰਤਵ ਲਈ 500 ਲਖ ਰੁਪਏ ਦੀ ਰਕਮ ਰੱਖੀ ਗਈ ਸੀ ਅਤੇ ਇਸ ਪਰਮ ਅਗੇਤ ਵਾਲੀ ਸ਼ਰੇਣੀ ਅਧੀਨ 1.5 ਲੱਖ ਆਬਾਦੀ ਵਾਲੇ 125 ਪਿੰਡਾਂ ਨੂੰ ਲਾਭ ਪਹੁੰਚੇਗਾ।

ਜਲ-ਸਪਲਾਈ ਅਤੇ ਸੀਵਰੇਜ

ਰਾਜ ਦੇ ਵੱਡੇ ਸ਼ਹਿਰਾਂ ਵਿਚ ਜਲ ਸਪਲਾਈ ਅਤੇ ਸੀਵਰੇਜ ਦਾ ਪ੍ਰਬੰਧ ਕਰਨ ਵਾਸਤੇ ਆਈ. ਡੀ. ਏ. ਦੇ ਮਹੱਤਵ ਪੂਰਣ ਪ੍ਰਾਜੈਕਟ ਨੂੰ ਲਾਗੂ ਕਰਨ ਦੇ ਕੰਮ ਵਿਚ ਚੋਖੀ ਪ੍ਰਗਤੀ ਹੋਈ ਹੈ। ਚਾਲੂ

Original with;
Punjab Vidhan Sabha
Digitized by;
Panjab Digital Library

ਸਾਲ ਦੇ ਦੌਰਾਨ ਇਸ ਪ੍ਰਾਜੈਕਟ ਉਤੇ 12 ਕਰੋੜ ਰੁਪਏ ਦੀ ਰਕਮ ਖਰਚੀ ਜਾ ਰਹੀ ਹੈ। ਮਾਰਚ, 1983 ਦੇ ਅੰਤ ਤੱਕ ਇਸ ਕਾਰਜ ਉਤੇ ਕੁਲ 50 ਕਰੋੜ ਰੁਪਏ ਦਾ ਸਰਮਾਇਆ ਲਗਾ ਦਿਤਾ ਜਾਵੇਗਾ। ਇਹ ਪ੍ਰਾਜੈਕਟ ਸਾਲ ਵਿਚ 1983-84 ਦੇ ਦੌਰਾਨ 66 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋ ਜਾਣ ਦੀ ਆਸ ਹੈ। ਆਈ. ਡੀ. ਏ. ਸਕੀਮ ਦੇ ਘੇਰੇ ਅੰਦਰ ਆਏ 8 ਵੱਡੇ ਸ਼ਹਿਰਾਂ ਦੇ ਪ੍ਰਾਜੈਕਟਾਂ ਤੋਂ ਇਲਾਵਾ ਜੀਵਨ ਬੀਮਾ ਕਾਰਪੋਰੇਸ਼ਨ ਪਾਸੋਂ ਪ੍ਰਾਪਤ ਹੋਈ 4.81 ਕਰੋੜ ਰੁਪਏ ਦੀ ਸਹਾਇਤਾ ਨਾਲ ਮਾਨਸਾ, ਸਰਹੰਦ, ਸਮਾਣਾ, ਲਹਿਰਾ ਗਾਗਾ, ਕੋਟ ਕਪੂਰਾ, ਹੁਸ਼ਿਆਰਪੁਰ, ਫਿਲੌਰ, ਫਗਵਾੜਾ ਅਤੇ ਗਿੱਦੜਬਾਹਾ ਵਰਗੇ 9 ਸ਼ਹਿਰਾਂ ਅੰਦਰ ਜਲ ਸਪਲਾਈ ਵਿਚ ਵਾਧਾ ਕਰਨ ਦੀਆਂ ਸਕੀਮਾਂ ਤਹਿਤ 3.25 ਲੱਖ ਹੋਰ ਆਬਾਦੀ ਨੂੰ ਲਾਭ ਪ੍ਰਾਪਤ ਹੋਵੇਗਾ।

ਜੀਵਨ ਬੀਮਾ ਕਾਰਪੋਰੇਸ਼ਨ ਤੋਂ ਸਹਾਇਤਾ ਹਾਸਲ ਕਰਕੇ 12.06 ਕਰੋੜ ਰੁਪਏ ਦੀ ਲਾਗਤ ਨਾਲ 27 ਹੋਰ ਸ਼ਹਿਰਾਂ ਲਈ ਜਲ ਸਪਲਾਈ ਸਕੀਮਾਂ ਅਤੇ 11 ਹੋਰ ਸ਼ਹਿਰਾਂ ਲਈ ਸੀਵਰੇਜ ਸਕੀਮਾਂ ਚਾਲੂ ਕਰਨ ਦਾ ਇਕ ਵੱਡਾ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ। ਮਾਰਚ 1983 ਦੇ ਅੰਤ ਤਕ ਇਨ੍ਹਾਂ ਸਕੀਮਾਂ ਉਤੇ 7 ਕਰੋੜ ਰੁਪਏ ਦੀ ਰਕਮ ਖਰਚ ਕੀਤੇ ਜਾਣ ਦੀ ਉਮੀਦ ਹੈ। ਜਲ ਸਪਲਾਈ ਸਕੀਮਾਂ ਦੀ ਉਸਾਰੀ ਦਾ ਕੰਮ ਪੂਰੇ ਜ਼ੋਰ ਨਾਲ ਚਲ ਰਿਹਾ ਹੈ ਅਤੇ ਮਾਰਚ, 1984 ਤੱਕ ਮੁਕੰਮਲ ਹੋ ਜਾਣ ਦੀ ਆਸ ਹੈ ਜਿਨ੍ਹਾਂ ਤੋਂ 5.14 ਲੱਖ ਵਧੀਕ ਅਬਾਦੀ ਨੂੰ ਲਾਭ ਪਹੁੰਚੇਗਾ।

ਬਰੇਟਾ, ਮਾਨਸਾ, ਬੁਢਲਾਡਾ, ਲਹਿਰਾ ਗਗਾ, ਜੈਤੋਂ ਅਤੇ ਮੌੜ ਵਰਗੇ 6 ਕਸਬਿਆਂ ਵਿਚ ਘੱਟ ਲਾਗਤ ਤੇ ਸਫਾਈ ਪ੍ਰੋਗਰਾਮ ਤਹਿਤ ਸਾਲ 1983-84 ਦੇ ਦੌਰਾਨ 11 ਲੱਖ ਰੁਪਏ ਦੀ ਰਕਮ ਦਾ ਉਪਬੰਧ ਤਜਵੀਜ਼ ਕੀਤਾ ਗਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਰ ਦੇ ਪਵਿੱਤਰ ਸਰੋਵਰਾਂ ਲਈ ਗਾਰ ਰਹਿਤ ਅਤੇ ਸਾਫ ਪਾਣੀ ਸਪਲਾਈ ਕਰਨ ਵਾਸਤੇ ਹੈਵੀ ਡਿਊਟੀ ਪਾਈਪ ਲਾਈਨਾਂ ਵਿਛਾਉਣ ਲਈ ਨਗਰ ਨਿਗਮ ਅੰਮ੍ਰਿਤਸਰ ਨੂੰ 46.71 ਲੱਖ ਰੁਪਏ ਦੀ ਰਕਮ ਦਿੱਤੀ ਗਈ ਹੈ ।

ਰਾਜ ਸਰਕਾਰ ਫਤਿਹ ਗੜ੍ਹ ਸਾਹਿਬ ਅਤੇ ਰਾਮ ਤੀਰਥ ਦੇ ਦੋਵੇਂ ਇਤਿਹਾਸਕ ਸਥਾਨਾਂ ਦੀਆਂ ਵਿਕਾਸ ਆਤਮਕ ਲੋੜਾਂ ਤੋਂ ਭਲੀ ਭਾਂਤ ਸੁਚੇਤ ਹੈ। ਇਨ੍ਹਾਂ ਦੋਹਾਂ ਪਵਿੱਤਰ ਸਥਾਨਾਂ ਦੇ ਵਿਕਾਸ ਲਈ ਦੋ ਵਿਕਾਸ ਬੋਰਡ ਪਹਿਲਾਂ ਹੀ ਕਾਇਮ ਹਨ। ਰਾਜ ਸਰਕਾਰ ਸਾਲ 1983-84 ਦੇ ਦੌਰਾਨ ਇਨ੍ਹਾਂ ਪਵਿੱਤਰ ਸਥਾਨਾਂ ਦੇ ਵਿਕਾਸ ਕਾਰਜਾਂ ਵਿਚ ਤੇਜੀ ਲਿਆਉਣ ਲਈ ਠੋਸ ਉਪਬੰਧ ਕਰੇਗੀ।

ਸ਼ਹਿਰੀ ਇਲਾਕਿਆਂ ਵਿਚ ਸੁਧਾਰ

ਸਰਕਾਰ ਸ਼ਹਿਰੀ ਲੋਕਾਂ ਦੇ ਜੀਵਨ ਮਿਆਰ ਨੂੰ ਉਚਾ ਕਰਨ ਅਤੇ ਜਨ ਸਿਹਤ ਦੀਆਂ ਸਹੂਲਤਾਂ ਵਿਚ ਸੁਧਾਰ ਲਿਆਉਣ ਲਈ ਵਚਨ ਬੱਧ ਹੈ। ਮੈਂ ਪਹਿਲਾਂ ਹੀ ਸ਼ਹਿਰੀ ਇਲਾਕਿਆਂ ਦੇ ਅਜਿਹੇ ਪ੍ਰਾਜੈਕਟਾਂ ਦਾ ਜ਼ਿਕਰ ਕਰ ਚੁਕਿਆ ਹਾਂ ਜਿਨ੍ਹਾਂ ਤੇ ਜਲ ਸਪਲਾਈ, ਸੀਵਰੇਜ ਅਤੇ ਸਫਾਈ ਆਦਿ ਵਿਚ ਸੁਧਾਰ ਕਰਨ ਲਈ 85.00 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾ ਰਹੀ ਹੈ। ਰਾਜ ਦੇ ਛੋਟੇ ਅਤੇ ਦਰਮਿਆਨੇ ਦਰਜੇ ਦੇ ਕਸਬਿਆਂ ਦੇ ਸੰਗਠਿਤ ਵਿਕਾਸ ਲਈ ਸਾਲ 1981-82 ਦੇ ਦੌਰਾਨ 98.25 ਲੱਖ ਰੁਪਏ ਸਤ ਕਸਬਿਆਂ ਦੇ ਸੁਧਾਰ ਹਿਤ ਖਰਚੇ ਗਏ ਸਨ। ਸਾਲ 1982-83 ਦੇ ਦੌਰਾਨ ਇਸ ਨਾਲੋਂ ਦੁਗਣੀ ਰਕਮ ਅਰਥਾਤ 178 ਲੱਖ ਰੁਪਏ ਦਿਤੇ ਗਏ ਸਨ। ਇਹ ਪ੍ਰੋਗਰਾਮ 1983-84 ਵਿਚ ਵੀ ਚਾਲੂ ਰਖਿਆ ਜਾ ਰਿਹਾ ਹੈ। ਸ਼ਹਿਰੀ ਇਲਾਕਿਆਂ ਦੇ ਕਮਜ਼ੋਰ ਵਰਗਾਂ ਦੀ ਸਹਾਇਤਾ ਲਈ ਲੁਧਿਆਣਾ ਅਤੇ ਜਲੰਧਰ ਦੇ ਨਗਰ ਸੁਧਾਰ ਟਰਸਟਾਂ ਨੇ 2,726 ਮਕਾਨ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਤਿਆਰ ਕਰ ਕੇ ਅਲਾਟ ਕਰ ਦਿਤੇ ਹਨ। ਇਸ ਤੋਂ ਇਲਾਵਾ ਰਾਜ ਦੇ ਵੱਖ ਵੱਖ ਨਗਰ ਸੁਧਾਰ ਟਰਸਟਾਂ ਨੇ ਸਮਾਜ ਦੇ ਇਸ ਗਰੀਬ ਵਰਗ ਨੂੰ 100–100 ਵਰਗ ਗਜ਼ ਵਾਲੇ 3300 ਪਲਾਟ ਵੀ ਅਲਾਟ ਕਰ ਦਿਤੇ ਹਨ। ਮਾਨਯੋਗ ਮੈਂਬਰਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਪੀਲੇ ਕਾਰਡ ਧਾਰੀਆਂ ਤੋਂ ਸੀਵਰੇਜ ਦਾ ਖਰਚ ਪਾਣੀ ਦੇ ਖਰਚ ਦਾ 2/3 ਹਿੱਸਾ ਲਿਆ ਜਾਵੇਗਾ। ਰਾਜ ਸਰਕਾਰ ਨੇ 250 ਵਰਗ ਗਜ਼ ਦੇ ਪਲਾਟਾਂ ਤੋਂ ਬਣੇ ਅਜਿਹੇ ਮਕਾਨਾਂ ਤੇ ਹਾਊਸ ਟੈਕਸ ਵਿਚ ਵੀ ਰਿਆਇਤ ਦਿਤੀ ਹੈ ਜਿਨ੍ਹਾਂ ਵਿਚ ਪੂਰਨ ਜਾਂ ਅੰਸ਼ਕ ਤੌਰ ਤੇ ਮਕਾਨ ਮਾਲਕ ਆਪ ਰਹਿੰਦੇ ਹੋਣ। ਇਹ ਰਿਆਇਤ ਵਿਧਵਾਵਾਂ, ਯਤੀਮਾਂ, ਸੁਤੰਤਰਤਾ ਸੰਗਰਾਮੀਆਂ, ਸਾਬਕਾ ਫੌਜੀਆਂ ਅਤੇ ਅਜਿਹੇ ਨਕਾਰਾ ਵਿਅਕਤੀਆਂ ਨੂੰ ਵੀ ਦਿਤੀ ਜਾਵੇਗੀ ਜਿਨ੍ਹਾਂ ਦੀ ਸਾਰੇ ਸਾਧਨਾਂ ਦੀ ਆਮਦਨ 4,800 ਰੁਪਏ ਸਾਲਾਨਾ ਤੋਂ ਵੱਧ ਨਾ ਹੋਵੇ। ਪੰਜਾਬ ਰਾਜ ਸ਼ਹਿਰੀ ਇਲਾਕਿਆਂ ਦੀਆਂ ਗੰਦੀਆਂ ਬਸਤੀਆਂ ਵਿਚ ਸੁਧਾਰ ਲਿਆਉਣ ਵਿਚ ਹੋਰ ਸਾਰੇ ਰਾਜਾਂ ਤੋਂ ਅੱਗੇ ਹੈ। ਇਸ ਸਕੀਮ ਅਧੀਨ ਮਿਤੀ 31 ਮਾਰਚ, 1983 ਤਕ ਗੰਦੀਆਂ ਬਸਤੀਆਂ ਵਿਚ ਰਹਿਣ ਵਾਲੇ 28,000 ਵਿਅਕਤੀਆਂ ਦੀ ਸਹਾਇਤਾ ਕਰਨ ਦਾ ਟੀਚਾ ਮਿਥਿਆ ਗਿਆ ਸੀ ਜਦੋਂ ਕਿ ਵਾਸਤਵ ਵਿਚ ਅਜਿਹਾ 51,642 ਵਿਅਕਤੀਆਂ ਦੀ ਸਹਾਇਤਾ ਕੀਤੀ ਜਾ ਚੁੱਕੀ ਹੈ। ਇਹ 184 ਫੀ ਸਦੀ ਪ੍ਰਾਪਤੀ ਹੈ।

ਸਰਕਾਰ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਮਾਲੀ ਸਾਧਨ ਵਧਾਉਣ ਦੀ ਲੋੜ ਤੋਂ ਸੁਚੇਤ ਹੈ। ਇਸ ਮੰਤਵ ਲਈ ਸ਼ਰਾਬ ਤੇ ਲਗਦੀ ਚੁੰਗੀ ਦੀ ਥਾਂ ਨਿਕਾਸ ਸਥਾਨ ਤੇ ਹੀ ਅਧਿਕ ਆਬਕਾਰੀ ਡਿਊਟੀ ਲਾ ਦਿਤੀ ਗਈ ਹੈ ਅਤੇ ਨਗਰਪਾਲਕਾਵਾਂ ਨੂੰ ਚੁੰਗੀ ਦੇ ਇਵਜ਼ਾਨੇ ਵਜੋਂ ਗ੍ਰਾਂਟ ਦਿਤੀ ਜਾ ਰਹੀ ਹੈ। ਇਸ ਨਾਲ ਨਗਰਪਾਲਕਾਵਾਂ ਦੇ ਮਾਲੀ ਸਾਧਨ 2.40 ਕਰੋੜ ਸਾਲਾਨਾ ਤੋਂ ਵਧ ਕੇ 4.00 ਕਰੋੜ ਸਾਲਾਨਾ ਤੋਂ ਵੀ ਵੱਧ ਹੋ ਜਾਣਗੇ। ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੀਆਂ ਤਿੰਨ ਨਗਰ ਨਿਗਮਾਂ ਦੀਆਂ ਲੋਕਲ ਬੱਸ ਸੇਵਾਵਾਂ ਨੂੰ ਸਵੈ ਨਿਰਭਰ ਬਣਾਉਣ ਲਈ ਮੁਸਾਫਿਰ ਟੈਕਸ, ਸੜਕ ਟੈਕਸ ਵਿਚ 75 ਫੀ ਸਦੀ ਦੀ ਛੋਟ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਅਜਿਹਾ ਕਰਨ ਨਾਲ ਇਹਨਾਂ ਨਗਰ ਨਿਗਮਾਂ ਨੂੰ 72 ਲੱਖ ਰੁਪਏ ਦੀ ਰਾਹਤ ਮਿਲੇਗੀ। ਸਾਲ 1982-83 ਦੇ ਦੌਰਾਨ ਮਾਲੀ ਤੌਰ ਤੇ ਕਮਜ਼ੋਰ ਨਗਰਪਾਲਕਾਵਾਂ ਨੂੰ 1 ਕਰੋੜ ਰੁਪਏ ਦੀ ਮਾਲੀ ਸਹਾਇਤਾ ਦਿਤੀ ਗਈ ਅਤੇ ਸਾਲ 1983-84 ਲਈ ਇੰਨੀ ਹੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ

ਰਾਜ ਨੇ ਦਿਹਾਤੀ ਇਲਾਕਿਆਂ ਵਿਚ 2,97,046 ਜ਼ਰਾਇਤੀ ਭੂਮੀਹੀਨ ਕਾਮਿਆਂ ਨੂੰ ਘਰ ਬਣਾਉਣ ਲਈ ਮੁਫਤ ਥਾਵਾਂ ਮੁਹੱਈਆ ਕਰਕੇ ਸ਼ਾਨਦਾਰ ਪੁਜੀਸ਼ਨ ਪ੍ਰਾਪਤ ਕੀਤੀ ਹੈ। 20 ਨੁਕਾਤੀ ਪ੍ਰੋਗਰਾਮ ਅਧੀਨ ਅਜਿਹੇ ਬੇਘਰੇ ਪਰਿਵਾਰਾਂ ਨੂੰ ਪਹਿਲਾਂ ਹੀ ਮੁਫਤ ਮੁਹੱਈਆ ਕੀਤੇ ਗਏ ਪਲਾਟਾਂ ਤੇ ਮਕਾਨ ਉਸਾਰਨ ਲਈ ਮਾਲੀ ਸਹਾਇਤਾ ਦਿੱਤੀ ਜਾਵੇਗੀ। ਰਾਜ ਸਰਕਾਰ ਦੁਆਰਾ ਕਰਵਾਏ ਗਏ ਇਕ ਆਰਥਿਕ ਸਰਵੇਖਣ ਅਨੁਸਾਰ ਦਿਹਾਤੀ ਇਲਾਕਿਆਂ ਵਿਚ 28,000 ਬੇ ਘਰੇ ਪਰਿਵਾਰਾਂ ਦਾ ਪਤਾ ਲਗਾਇਆ ਗਿਆ ਹੈ ਜਦੋਂ ਕਿ ਸ਼ਹਿਰੀ ਇਲਾਕਿਆਂ ਵਿਚ ਇਹ ਸੰਖਿਆ 22,000 ਹੈ। ਇਸ ਨਾਲ ਬੇਘਰੇ ਪਰਿਵਾਰਾਂ ਦੀ ਕੁਲ ਗਿਣਤੀ 50,000 ਹੋ ਜਾਂਦੀ ਹੈ। 1982-83 ਦੇ ਅੰਤ ਤੱਕ 12,05 ਕਰੋੜ ਰੁਪਏ ਦੀ ਲਾਗਤ ਨਾਲ 23518 ਮਕਾਨ ਉਸਾਰੇ ਜਾਣਗੇ। ਸਾਲ 1983-84 ਦੇ ਅੰਤ ਤਕ ਇਹ ਗਿਣਤੀ 28968 ਹੋ ਜਾਵੇਗੀ, ਜਿਸ ਵਾਸਤੇ ਬਜਟ ਵਿਚ 3.11 ਕਰੋੜ ਰੁਪਏ ਦਾ ਉਪਬੰਧ

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ ਹੈ। ਇਸ ਨਾਲ ਦਿਹਾਤੀ ਇਲਾਕਿਆਂ ਵਿਚ ਇਸ ਸ਼੍ਰੇਣੀ ਦੇ ਬੇਘਰੇ ਪਰਿਵਾਰਾਂ ਨੂੰ ਘਰ ਮੁਹੱਈਆ ਕਰਨ ਦਾ 100 ਪ੍ਰਤੀਸ਼ਤ ਟੀਚਾ ਛੇਵੀਂ ਪੰਜ ਸਾਲਾ ਯੋਜਨਾ ਦੇ ਖਤਮ ਹੋਣ ਤੋਂ ਅਸੀਂ ਇਕ ਸਾਲ ਪਹਿਲਾਂ ਹੀ ਪੂਰਾ ਕਰ ਲਵਾਂਗੇ। ਚਾਲੂ ਪੰਜ ਸਾਲਾ ਯੋਜਨਾ ਦੇ ਪੰਜਵੇਂ ਸਾਲ ਦੇ ਦੌਰਾਨ ਸ਼ਹਿਰੀ ਇਲਾਕਿਆਂ ਵਿਚ ਪਾਤਰ ਪਰਿਵਾਰਾਂ ਦੇ ਘਰਾਂ ਦੀ ਉਸਾਰੀ ਵੱਲ ਧਿਆਨ ਦਿਤਾ ਜਾਵੇਗਾ।

ਸਰਕਾਰ ਆਪਣੇ ਕਰਮਚਾਰੀਆਂ ਨੂੰ ਰਿਹਾਇਸ਼ੀ ਪਲਾਟ ਮੁਹੱਈਆ ਕਰਨ ਦੀ ਲੋੜ ਤੋਂ ਭਲੀ-ਭਾਂਤ ਸੁਚੇਤ ਹੈ। ਇਸ ਮੰਤਵ ਲਈ 2,096 ਮਕਾਨ ਉਸਾਰੀ ਅਧੀਨ ਹਨ ਅਤੇ ਸਾਲ 1983-84 ਦੇ ਦੌਰਾਨ ਇਸ ਮੰਤਵ ਲਈ 2.55 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਚੰਡੀਗੜ੍ਹ ਵਿਖੇ ਇਕ ਸਰਕਾਰੀ ਗੈਸਟ ਹਾਊਸ ਬਣਾਉਣ ਦੀ ਲੋੜ ਨੂੰ ਲੰਮੇ ਅਰਸੇ ਤੋਂ ਮਹਿਸੂਸ ਕੀਤਾ ਜਾਂਦਾ ਸੀ ਅਤੇ ਸਰਕਾਰ ਨੇ ਸਾਲ 1982-83 ਵਿਚ ਇਕ ਕਰੋੜ ਰੁਪਏ ਦੀ ਲਾਗਤ ਨਾਲ ਇਹ ਗੈਸਟ ਹਾਊਸ ਮੁਕੰਮਲ ਕਰ ਲਿਆ ਹੈ। ਚੰਡੀਗੜ੍ਹ ਵਿਖੇ ਸੈਕਟਰ 9 ਵਿਚ 2.35 ਕਰੋੜ ਰੁਪਏ ਦੀ ਲਾਗਤ ਨਾਲ ਮਿੰਨੀ ਸਕੱਤਰੇਤ ਦੀ ਉਸਾਰੀ ਦੇ ਪ੍ਰਾਜੈਕਟ ਨੂੰ ਹੱਥ ਵਿਚ ਲੈ ਲਿਆ ਗਿਆ ਹੈ। ਰਾਜ ਵਿਚ ਮਕਾਨ ਉਸਾਰੀ ਦੀ ਸਥਿਤੀ ਨੂੰ ਸੁਧਾਰਨ ਲਈ ਵੱਖ ਵੱਖ ਸਕੀਮਾਂ ਅਧੀਨ ਸਾਲ 1983-84 ਦੇ ਦੌਰਾਨ 2.72 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਸ਼ਹਿਰੀ ਇਲਾਕਿਆਂ ਵਿਚ ਮਕਾਨ ਉਸਾਰੀ ਦੀ ਵਧਦੀ ਲੋੜ ਨੂੰ ਪੂਰਾ ਕਰਨ ਲਈ ਸਰਕਾਰ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਜਲੰਧਰ, ਲੁਧਿਆਣਾ, ਪਟਿਆਲਾ, ਰਾਜਪੁਰਾ, ਬਠਿੰਡਾ, ਬਟਾਲਾ ਅਤੇ ਫਗਵਾੜਾ ਦੀਆਂ ਸ਼ਹਿਰੀ ਮਿਲਖਾਂ ਵਿਚ ਪਹਿਲਾਂ ਹੀ 16,372 ਪਲਾਟ ਵੰਡ ਦਿੱਤੇ ਹਨ। ਅੰਮ੍ਰਿਤਸਰ, ਪਠਾਨਕੋਟ, ਅਬੋਹਰ ਅਤੇ ਮੁਕਤਸਰ ਵਿਖੇ ਕਾਇਮ ਕੀਤੀਆਂ ਜਾ ਰਹੀਆਂ ਸ਼ਹਿਰੀ ਮਿਲਖਾਂ ਵਿਚ ਲੋਕਾਂ ਨੂੰ ਹੋਰ 4,000 ਪਲਾਟ ਦਿੱਤੇ ਜਾ ਰਹੇ ਹਨ।

ਸਮੁੰਦਰੋਂ ਪਾਰ ਵਸਦੇ ਭਾਰਤੀਆਂ ਨੂੰ ਆਪਣੀ ਮਾਤ-ਭੂਮੀ ਨਾਲ ਆਪਣੇ ਸਬੰਧ ਕਾਇਮ ਰੱਖਣ ਦੇ ਯੋਗ ਬਣਾਉਣ ਅਤੇ ਰਾਜ ਵਿਚ ਵਿਕਾਸਆਤਮਿਕ ਸਕੀਮਾਂ ਲਈ ਬਦੇਸ਼ੀ ਪੂੰਜੀ ਲਗਵਾਉਣ ਲਈ ਸਾਰੀਆਂ ਸ਼ਹਿਰੀ ਮਿਲਖਾਂ ਵਿਚ 200 ਵਰਗ ਗਜ਼ ਤੋਂ ਵੱਧ ਦੇ 15% ਰਿਹਾਇਸ਼ੀ ਪਲਾਟ ਅਜਿਹੇ ਭਾਰਤੀਆਂ ਲਈ ਰਾਖਵੇਂ ਰੱਖੇ ਗਏ ਹਨ। ਇਸੇ ਤਰ੍ਹਾਂ ਰਾਜ ਦੇ ਸਾਰੇ ਫੋਕਲ ਪੁਆਇੰਟਾਂ ਵਿਖੇ ਉਦਯੋਗਿਕ ਪਲਾਟ ਵੀ ਇਸ ਮੰਤਵ ਲਈ ਰਾਖਵੇਂ ਰੱਖੇ ਗਏ ਹਨ।

ਸਾਲ 1983-84 ਦੇ ਦੌਰਾਨ ਭੋਂ ਪ੍ਰਾਪਤ ਕਰਕੇ ਅਤੇ ਇਸ ਦਾ ਵਿਕਾਸ ਕਰਕੇ ਰਣਜੀਤ ਗੜ੍ਹ ਨਾਂ ਦੇ ਨਵੇਂ ਸ਼ਹਿਰ ਦੀ ਪਹਿਲੇ ਫੇਜ਼ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿਤਾ ਜਾਵੇਗਾ। ਸ਼ਹਿਰੀ ਵਿਕਾਸ ਦੇ ਖੇਤਰ ਵਿਚ ਆਧੁਨਿਕ ਵਿਗਿਆਨ ਅਤੇ ਟੈਕਨਾਲੋਜੀ ਦੀ ਸਹਾਇਤਾ ਨਾਲ ਇਸ ਸ਼ਹਿਰ ਦੀ ਉਸਾਰੀ ਦਾ ਕੰਮ ਇਕ ਗੌਰਵਸ਼ਾਲੀ ਪ੍ਰਾਜੈਕਟ ਹੋਵੇਗਾ।

**ਸੜਕਾਂ ਅਤੇ ਪੁਲ**

ਰਾਜ ਦੇ ਲੱਗ ਭਗ ਸਾਰੇ ਪਿੰਡਾਂ ਨੂੰ ਮਿਲਾਉਣ ਵਾਲੀਆਂ ਲਿੰਕ ਸੜਕਾਂ ਸਮੇਤ ਰਾਜ ਵਿਚ ਸੜਕਾਂ ਦੀ ਕੁੱਲ ਲੰਬਾਈ ਹੁਣ 32,657 ਕਿਲੋਮੀਟਰ ਹੋ ਗਈ ਹੈ। ਇਸ ਤਰ੍ਹਾਂ ਸਾਰੇ ਰਾਜ ਅੰਦਰ ਪ੍ਰਤੀ 100 ਵਰਗ ਕਿਲੋ ਮੀਟਰ ਰਕਬੇ ਪਿਛੇ 64 ਕਿਲੋਮੀਟਰ ਲੰਬੀਆਂ ਸੜਕਾਂ ਹਨ ਅਤੇ ਇਹ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਨੁਪਾਤ ਦੇਸ਼ ਭਰ ਵਿਚ ਸਭ ਤੋਂ ਵੱਧ ਹੈ। ਹੁਣ ਸਾਡਾ ਸਾਰਾ ਧਿਆਨ ਇਨ੍ਹਾਂ ਸੜਕਾਂ ਦੀ ਦੇਖ ਭਾਲ ਅਤੇ ਟੋਟੇ ਸੜਕਾਂ ਤੇ ਪਿੰਡਾਂ ਨੂੰ ਆਪਸ ਵਿਚ ਜੋੜਨ ਵਾਲੀਆਂ ਸੜਕਾਂ ਦੀ ਉਸਾਰੀ ਵੱਲ ਹੈ। ਇਨ੍ਹਾਂ ਵਿਚ ਪਿੰਡਾਂ ਦੀਆਂ ਬਸਤੀਆਂ/ਟਿੱਕਿਆਂ ਤੱਕ ਦੀਆਂ ਲਿੰਕ ਸੜਕਾਂ, ਜਿਥੇ ਕਿ ਘਰਾਂ ਦੀ ਗਿਣਤੀ ਚੋਖੀ ਹੈ, ਵੀ ਸ਼ਾਮਲ ਹਨ। ਸਾਲ 1983 84 ਲਈ ਸੜਕਾਂ ਦੀ ਦੇਖ ਭਾਲ ਲਈ 22.92 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ ਜਦ ਕਿ ਸਾਲ 1982-83 ਦੇ ਦੌਰਾਨ ਇਹ ਰਕਮ 18.88 ਕਰੋੜ ਰੁਪਏ ਸੀ। (ਥੰਪਿੰਗ)

ਸੜਕਾਂ ਨੂੰ ਹਰ ਮੌਸਮ ਦੇ ਦੌਰਾਨ ਵਰਤੋਂ ਯੋਗ ਬਣਾਈ ਰੱਖਣ ਲਈ ਅਪਰੈਲ 1980 ਤੋਂ ਨਵੰਬਰ, 1982 ਤੱਕ 26 ਪੁਲ ਬਣਾਏ ਜਾ ਚੁੱਕੇ ਸਨ ਅਤੇ 19 ਪੁਲਾਂ ਦੀ ਉਸਾਰੀ ਦਾ ਕੰਮ ਚਲ ਰਿਹਾ ਹੈ। ਆਨੰਦਪੁਰ ਸਾਹਿਬ ਵਿਖੇ ਦਰਿਆ ਸਤਲੁਜ ਉਤੇ ਇਕ ਉਚੇ ਲੈਵਲ ਦੇ ਪੁਲ ਦੀ ਉਸਾਰੀ ਨੂੰ ਸਭ ਤੋਂ ਵੱਧ ਪਹਿਲ ਦਿਤੀ ਜਾ ਰਹੀ ਹੈ। ਸਾਲ 1983-84 ਵਾਸਤੇ ਇਸ ਕਾਰਜ ਲਈ 3.50 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਸਾਲ 1983-84 ਲਈ ਸੜਕਾਂ ਅਤੇ ਪੁਲਾਂ ਦੀਆਂ ਮੱਦਾਂ ਅਧੀਨ 37.52 ਕਰੋੜ ਰੁਪਏ ਦਾ ਉਪਬੰਧ ਕਰਨ ਦੀ ਤਜਵੀਜ਼ ਹੈ ਜਦ ਕਿ 1982-83 ਦੇ ਦੌਰਾਨ ਇਸ ਮਨੋਰਥ ਲਈ ਅਨੁਮਾਨਤ ਉਪਬੰਧ 26.13 ਕਰੋੜ ਰੁਪਏ ਸੀ। 1980-83 ਦੇ ਤਿੰਨ ਸਾਲਾਂ ਦੇ ਦੌਰਾਨ ਰਾਜ ਸਰਕਾਰ ਸੜਕਾਂ ਅਤੇ ਪੁਲਾਂ ਉਤੇ 94.97 ਕਰੋੜ ਰੁਪਏ ਖਰਚ ਕਰ ਚੁੱਕੀ ਹੋਵੇਗੀ।

**ਟ੍ਰਾਂਸਪੋਰਟ :**

ਰਾਜ਼ ਵਿਚ ਟ੍ਰਾਂਸਪੋਰਟ ਸਹੂਲਤਾਂ ਵਿੱਚ ਸੁਧਾਰ ਲਿਆਉਣ ਲਈ ਪੰਜਾਬ ਰੋਡਵੇਜ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਇਹ ਵਾਧਾ ਕਰਨ ਨਾਲ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ 31 ਮਾਰਚ, 1983 ਤੱਕ ਪ੍ਰਤੀ ਸਾਲ 2755 ਲੱਖ ਕਿਲੋ ਮੀਟਰ ਚੱਲ ਸਕਣਗੀਆਂ। ਇਨ੍ਹਾਂ ਦੋਹਾਂ ਅਦਾਰਿਆਂ ਲਈ ਸਾਲ 1983-84 ਦੇ ਦੌਰਾਨ ਪੁਰਾਣੀਆਂ ਬੱਸਾਂ ਦੀ ਥਾਂ ਨਵੀਆਂ ਬੱਸਾਂ ਖਰੀਦਣ ਅਤੇ ਬੱਸਾਂ ਦੀ ਗਿਣਤੀ ਵਿਚ ਵਾਧਾ ਕਰਨ ਲਈ 8.00 ਕਰੋੜ ਰੁਪਏ ਰੱਖੇ ਜਾ ਰਹੇ ਹਨ।

ਪਿੰਡਾਂ ਨੂੰ ਬਲਾਕ ਸਦਰ ਮੁਕਾਮਾਂ, ਨੇੜੇ ਦੇ ਕਸਬਿਆਂ/ਮੰਡੀਆਂ ਦੇ ਨਾਲ ਜੋੜਨ ਲਈ ਰਾਜ ਸਰਕਾਰ ਦੀ ਤਜਵੀਜ਼ ਹੈ ਕਿ ਹੱਕਦਾਰ ਬੇਰੋਜ਼ਗਾਰ ਸਾਬਕਾ ਫੌਜੀਆਂ, ਮਾਲਕ ਡਰਾਈਵਰਾਂ, ਅਨੁਸੂਚਿਤ ਜਾਤੀਆਂ ਅਤੇ ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਮੈਂਬਰਾਂ ਨੂੰ 400 ਮਿਨੀ ਬੱਸਾਂ ਦੇ ਪਰਮਿਟ ਦਿੱਤੇ ਜਾਣ। ਆਸ ਕੀਤੀ ਜਾਂਦੀ ਹੈ ਕਿ ਸਾਲ 1983-84 ਦੇ ਦੌਰਾਨ ਇਹ ਟੀਚਾ ਪ੍ਰਾਪਤ ਕਰ ਲਿਆ ਜਾਵੇਗਾ। ਭਾਰਤ ਸਰਕਾਰ ਨੂੰ ਵੀ ਬੇਨਤੀ ਕੀਤੀ ਗਈ ਹੈ ਕਿ ਇਸ ਰਾਜ ਲਈ ਗੁਡਜ਼ ਕੈਰੀਅਰਾਂ ਵਾਸਤੇ ਨੈਸ਼ਨਲ ਪਰਮਿਟਾਂ ਦੀ ਮੌਜੂਦਾ ਗਿਣਤੀ 1200 ਤੋਂ ਵਧਾ ਕੇ 1600 ਕਰ ਦਿੱਤੀ ਜਾਵੇ।

ਮੁਸਾਫਰਾਂ ਦੀ ਸਹੂਲਤ ਲਈ ਕਾਫੀ ਸਾਰੇ ਅੰਤਰ ਰਾਜੀ ਟ੍ਰਾਂਸਪੋਰਟ ਰੂਟ ਚਾਲੂ ਕੀਤੇ ਗਏ ਹਨ। ਹਰਿਆਣਾ ਉਤਰ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨਾਲ ਦੋ ਪੱਖੀ ਸਮਝੌਤਿਆਂ ਵਿਚ ਸੋਧਾਂ ਕੀਤੀਆਂ ਗਈਆਂ। ਇਸ ਦੇ ਫਲਸਰੂਪ ਪੰਜਾਬ ਦੀਆਂ ਬੱਸਾਂ ਜੰਮੂ ਕਸ਼ਮੀਰ ਵਿਚ ਰੋਜ਼ਾਨਾ 3336

Original with;
Punjab Vidhan Sabha
Digitized by;
Panjab Digital Library

ਵਧੀਕ ਕਿਲੋਮੀਟਰ, ਹਰਿਆਣਾ ਅਤੇ ਦਿੱਲੀ ਵਿਚ 10682 ਵਧੀਕ ਕਿਲੋਮੀਟਰ ਅਤੇ ਉੱਤਰ ਪ੍ਰਦੇਸ ਵਿਚ 2176 ਵਧੀਕ ਕਿਲੋਮੀਟਰ ਫਾਸਲਾ ਤੈ ਕਰਨਗੀਆਂ।

ਅਨੁਸੂਚਿਤ ਜਾਤੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਮੈਂਬਰਾਂ ਦੇ ਲਾਭ ਲਈ ਰਾਜ ਸਰਕਾਰ ਨੇ ਪਬਲਿਕ ਕੈਰੀਅਰ ਪਰਮਿਟਾਂ ਵਿਚੋਂ 25 ਪ੍ਰਤੀਸ਼ਤ ਪਰਮਿਟ ਰਾਖਵੇਂ ਰੱਖੇ ਹਨ। ਇਹ ਪਰਮਿਟ ਕਲੰਡਰ ਸਾਲ ਦੇ ਦੌਰਾਨ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਦੇ ਦਿੱਤੇ ਜਾਣਗੇ। ਇਸੇ ਤਰ੍ਹਾਂ ਸਟੇਜ ਕੈਰੇਜ ਪਰਮਿਟਾਂ ਵਿਚੋਂ 25 ਪ੍ਰਤੀਸ਼ਤ ਪਰਮਿਟ ਅਨੁਸੂਚਿਤ ਜਾਤੀਆਂ ਅਤੇ ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਮੈਂਬਰਾਂ ਲਈ ਰੱਖੇ ਗਏ ਹਨ। (ਥੰਪਿੰਗ)

ਟੋਕਨ ਟੈਕਸ ਅਤੇ ਗੁਡਜ਼ ਟੈਕਸ ਜਮ੍ਹਾਂ ਕਰਾਉਣ ਦੇ ਮਾਮਲੇ ਵਿਚ ਟਰੱਕ ਆਪਰੇਟਰਾਂ ਦੀ ਕਠਿਨਾਈ ਨੂੰ ਘਟਾਉਣ ਵਾਸਤੇ ਜਿਲ੍ਹਾ ਟ੍ਰਾਂਸਪੋਰਟ ਅਫਸਰਾਂ ਦੇ ਦਫਤਰਾਂ ਵਿਚ ਉਨ੍ਹਾਂ ਲਈ ਇਕ ਇਕ ਥਾਂ ਤੇ ਸਾਰਾ ਕੰਮ ਮੁਕੰਮਲ ਕਰਨ ਦੀ ਸੁਵਿਧਾ ਦਿੱਤੇ ਜਾਣ ਦੀ ਤਜਵੀਜ਼ ਹੈ।

**ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਅਤੇ ਹੋਰ ਕਮਜ਼ੋਰ ਵਰਗਾਂ ਦੀ ਭਲਾਈ**

ਨਵੇਂ 20 ਨੁਕਾਤੀ ਪ੍ਰੋਗਰਾਮ ਵਿਚ ਅੰਕਤ ਕੌਮੀ ਪਾਲਿਸੀ ਦਾ ਇਕ ਮੁੱਖ ਪਹਿਲੂ ਇਹ ਹੈ ਕਿ ਅਨੁਸੂਚਿਤ ਜਾਤੀਆਂ ਦੀ ਬਿਹਤਰੀ ਅਤੇ ਵਿਕਾਸ ਦੇ ਪ੍ਰੋਗਰਾਮਾਂ ਵਿਚ ਤੇਜ਼ੀ ਲਿਆਂਦੀ ਜਾਵੇ। ਸਾਲ 1980 ਦੇ ਦੌਰਾਨ ਇਕ ਸਰਵੇਖਣ ਕਰਵਾਇਆ ਗਿਆ ਸੀ ਜਿਸ ਅਨੁਸਾਰ 4.19 ਲੱਖ ਅਜਿਹੇ ਹਰੀਜਨ ਪਰਿਵਾਰਾਂ ਦਾ ਪਤਾ ਲਾਇਆ ਗਿਆ ਸੀ। ਜਿਹੜੇ ਗਰੀਬੀ ਰੇਖਾ ਤੋਂ ਹੇਠਾਂ ਸਨ ਅਤੇ ਜਿਨ੍ਹਾਂ ਦੀ ਆਮਦਨ 3,600 ਰੁਪਏ ਸਾਲਾਨਾ ਤੋਂ ਘੱਟ ਸੀ। ਰਾਜ ਸਰਕਾਰ ਨੇ ਇਹ ਨਿਸ਼ਾਨਾ ਰੱਖਿਆ ਹੈ ਕਿ ਛੇਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਇਨ੍ਹਾਂ ਸਾਰੇ ਪਰਿਵਾਰਾਂ ਦੀ ਸਹਾਇਤਾ ਕਰਕੇ ਇਨ੍ਹਾਂ ਨੂੰ ਗਰੀਬੀ ਰੇਖਾਂ ਤੋਂ ਉੱਤੇ ਲੈ ਆਂਦਾ ਜਾਵੇ।

ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ ਸਾਲ 1982-83 ਦੇ ਅੰਤ ਤਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ 3.76 ਲੱਖ ਪਰਿਵਾਰਾਂ ਨੂੰ ਉਸ ਤੋਂ ਉਪਰ ਉਠਣ ਵਿਚ ਸਹਾਇਤਾ ਦਿਤੀ ਜਾਵੇਗੀ। ਇਨ੍ਹਾਂ ਵਿਚੋਂ 2.07 ਲੱਖ ਪਰਿਵਾਰ ਇਕੱਲਿਆਂ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੀ ਪ੍ਰਤੀਸ਼ਤਤਾ 55 ਬਣਦੀ ਸੀ। ਸਾਲ 1983-84 ਲਈ ਇਹ ਨਿਸ਼ਾਨਾ 95,400 ਪਰਿਵਾਰਾਂ ਲਈ ਤਜਵੀਜ਼ਿਆ ਗਿਆ ਹੈ ਸ਼ਹਿਰਾਂ ਵਿਚ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੂੰ ਵੀ ਲਾਭ ਪਹੁੰਚਾਉਣ ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੂੰ ਸਬਸਿਡੀ ਅਤੇ ਵਿਆਜ ਰਹਿਤ ਕਰਜ਼ੇ ਦੇਣ ਲਈ ਅਧਿਕਾਰਤ ਕੀਤਾ ਗਿਆ ਹੈ, ਕਿਉਂਕਿ ਅਜਿਹੇ ਪਰਿਵਾਰਾਂ ਨੂੰ ਪਹਿਲਾਂ ਅਜਿਹਾ ਲਾਭ ਨਹੀਂ ਪਹੁੰਚਦਾ ਸੀ। (ਥੰਪਿੰਗ)

ਸਾਲ 1983-84 ਲਈ 25.77 ਕਰੋੜ ਰੁਪਏ ਦੀ ਇਕ ਵਿਸ਼ੇਸ਼ ਕੰਪੋਨੈਂਟ ਪਲਾਨ ਤਿਆਰ ਕੀਤੀ ਗਈ ਹੈ। ਇਸ ਮੰਤਵ ਲਈ ਵਿਸ਼ੇਸ਼ ਕੇਂਦਰੀ ਸਹਾਇਤਾ ਵਜੋਂ 4.88 ਕਰੋੜ ਰੁਪਏ ਦੀ ਰਕਮ ਮਿਲਣ ਦੀ ਆਸ ਹੈ। ਇਸ ਤਰ੍ਹਾਂ ਨਿਰੋਲ ਅਨੁਸੂਚਿਤ ਜਾਤੀਆਂ ਦੀ ਬਿਹਤਰੀ ਲਈ ਵੱਖ-ਵੱਖ ਸਕੀਮਾਂ ਤੇ ਲਗਭਗ 30 ਕਰੋੜ ਰੁਪਏ ਦੀ ਰਕਮ ਖਰਚੀ ਜਾਵੇਗੀ। (ਥੰਪਿੰਗ)

ਨੋਟੀਫਾਈਡ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਸਮਾਜ ਦੇ ਕਮਜ਼ੋਰ ਵਰਗ ਦੀ ਆਰਥਿਕ ਦਸ਼ਾ ਸੁਧਾਰਨ ਲਈ ਪੰਜਾਬ ਪੱਛੜੀ ਸ਼੍ਰੇਣੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਆਧਾਰ ਨੂੰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਮਜ਼ਬੂਤ ਬਨਾਉਣ ਲਈ ਇਸ ਦੀ ਅਧਿਕਾਰਤ ਪੂੰਜੀ ਨੂੰ 5 ਕਰੋੜ ਰੁਪਏ ਤੋਂ ਵਧਾ ਕੇ 10 ਕਰੋੜ ਰੁਪਏ ਕਰਨ ਦਾ ਫੈਸਲਾ ਕੀਤਾ ਗਿਆ ਹੈ। (ਥੰਪਿੰਗ)

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਸਹਾਇਤਾ ਦੇਣ ਲਈ ਵੱਖ-ਵੱਖ ਕਿਸਮ ਦੇ ਵਜ਼ੀਫਿਆਂ ਲਈ ਆਮਦਨ ਦੀ ਪਾਤਰਤਾ ਸੀਮਾ ਅਨੁਸੂਚਿਤ ਜਾਤੀਆਂ ਦੀ ਸੂਰਤ ਵਿਚ 6 ਹਜਾਰ ਰੁਪਏ ਸਾਲਾਨਾ ਤੋਂ ਵਧਾ ਕੇ 9 ਹਜਾਰ ਰੁਪਏ ਸਾਲਾਨਾ ਅਤੇ ਪਛੜੀਆਂ ਸ਼੍ਰੇਣੀਆਂ ਦੀ ਸੂਰਤ ਵਿਚ 3600 ਰੁਪਏ ਤੋਂ ਵਧਾ ਕੇ 6,000 ਰੁਪਏ ਸਾਲਾਨਾ ਕਰਨ ਦੀ ਤਜਵੀਜ਼ ਹੈ (ਥੰਪਿੰਗ)। ਇਸ ਨਾਲ ਸਰਕਾਰੀ ਖਜਾਨੇ ਤੇ 1 ਕਰੋੜ ਰੁਪਏ ਦਾ ਹੋਰ ਭਾਰ ਪਵੇਗਾ।

ਸਾਲ 1983-84 ਦੇ ਦੌਰਾਨ ਸਿਖਿਆ ਦੇ ਵੱਖ-ਵੱਖ ਪ੍ਰੋਗਰਾਮਾਂ ਅਧੀਨ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਦੇਣ ਲਈ 137.50 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ, ਜਦੋਂ ਕਿ 1982-83 ਦੇ ਦੌਰਾਨ 112.20 ਲੱਖ ਰੁਪਏ ਰਖੇ ਗਏ ਸਨ।

ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਦੇ ਅਜਿਹੇ ਵਿਦਿਆਰਥੀਆਂ ਨੂੰ ਜੋ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਸਿੱਖਿਆ ਪ੍ਰਾਪਤ ਕਰਦੇ ਹੋਣ, ਭਾਰਤ ਸਰਕਾਰ ਦੇ ਪੈਟਰਨ ਅਨੁਸਾਰ ਵਜ਼ੀਫੇ/ਮਾਲੀ ਸਹਾਇਤਾ ਦਿੱਤੀ ਜਾਵੇ (ਥੰਪਿੰਗ)। ਇਸ ਨਾਲ ਸਰਕਾਰ ਤੇ 14 ਲੱਖ ਰੁਪਏ ਸਾਲਾਨਾ ਦਾ ਬੋਝ ਪਵੇਗਾ।

ਵੱਧ ਤੋਂ ਵੱਧ ਬੱਚਿਆਂ ਨੂੰ ਪੜ੍ਹਾਈ ਵੱਲ ਪ੍ਰੇਰਨ ਲਈ ਵਿਸ਼ੇਸ਼ ਸਹੂਲਤਾਂ ਮੁਹੱਈਆ ਕਰਨ ਦੇ ਆਸ਼ੇ ਨਾਲ ਸਫਾਈ ਸੇਵਕਾਂ, ਜਮਾਦਾਰਾਂ, ਚਮੜਾ ਸਾਫ ਕਰਨ ਵਾਲਿਆਂ ਅਤੇ ਕਮਾਉਣ ਵਾਲਿਆਂ ਆਦਿ ਦੇ ਬੱਚਿਆਂ ਲਈ ਵਿਦਿਅਕ ਸਹਾਇਤਾ ਪੈਕੇਜ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਅਤੇ ਸਾਲ 1983-84 ਲਈ ਇਸ ਮੰਤਵ ਲਈ 25.00 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ) ।

ਅਨੁਸੂਚਿਤ ਜਾਤੀਆਂ ਦੇ ਅਜਿਹੇ ਬੇਘਰੇ ਲੋਕਾਂ ਨੂੰ ਜੋ ਸਫਾਈ ਆਦਿ ਦਾ ਕੰਮ ਕਰਦੇ ਹਨ, ਅਤੇ ਵਿਮੁਕਤ ਜਾਤੀਆਂ ਦੇ ਬੇਘਰੇ ਲੋਕਾਂ ਨੂੰ ਸਾਫ ਸੁਥਰੀ ਰਹਿਣ ਦੀ ਥਾਂ ਮੁਹੱਈਆ ਕਰਨ ਲਈ ਸਾਲ 1983-84 ਲਈ 64 ਲੱਖ ਰੁਪਏ ਦੀ ਰਕਮ ਸਬਸਿਡੀ ਦੇ ਤੌਰ ਤੇ ਰਖੀ ਗਈ ਹੈ ਜਦੋਂ ਕਿ ਸਾਲ 1982-83 ਦੇ ਦੌਰਾਨ ਇਹ ਰਕਮ 58 ਲੱਖ ਰੁਪਏ ਸੀ। ਹਰੀਜਨ ਬਸਤੀਆਂ ਦੇ ਆਲੇ ਦੁਆਲੇ ਨੂੰ ਸੁਧਾਰਨ ਲਈ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਲਈ ਸਾਲ 1983-84 ਦੇ ਦੌਰਾਨ 1.49 ਕਰੋੜ ਰੁਪਏ ਖਰਚ ਕੀਤੇ ਜਾਣਗੇ ਜਦੋਂ ਕਿ ਸਾਲ 1982-83 ਲਈ ਇਹ ਰਕਮ 1.15 ਕਰੋੜ ਰੁਪਏ ਸੀ।

ਬਿਰਧ ਵਿਅਕਤੀਆਂ, ਵਿਧਵਾਵਾਂ ਬੇਸਹਾਰਾ ਇਸਤਰੀਆਂ, ਆਸ਼ਰਿਤ ਬੱਚਿਆਂ ਅਤੇ ਨਕਾਰਾ ਹੋਏ ਵਿਅਕਤੀਆਂ ਨੂੰ ਵਰਤਮਾਨ ਸਕੀਮ ਅਧੀਨ ਮਾਲੀ ਸਹਾਇਤਾ ਮੁਹੱਈਆ ਕਰਨ ਲਈ ਅਤੇ ਸਾਰੇ ਹੱਕਦਾਰ ਵਿਅਕਤੀਆਂ ਨੂੰ ਲਾਭ ਪਹੁੰਚਾਉਣ ਲਈ ਆਮਦਨੀ ਦੀ ਸੀਮਾ 15 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 50 ਰੁਪਏ ਪ੍ਰਤੀ ਮਹੀਨਾ ਕੀਤੀ ਜਾ ਰਹੀ ਹੈ (ਥੰਪਿੰਗ)। ਇਸ ਮੰਤਵ ਲਈ ਸਾਲ 1983-84 ਦੇ ਦੌਰਾਨ 628.48 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਇਸ ਸਹਾਇਤਾ ਦੇ ਯੋਗ ਭੁਗਤਾਨ ਨੂੰ ਯਕੀਨੀ ਬਣਾਉਣ ਲਈ ਇਸ ਰਕਮ ਨੂੰ ਬੈਂਕਾਂ ਰਾਹੀਂ ਅਦਾ ਕਰਨ

Original with;
Punjab Vidhan Sabha
Digitized by;
Panjab Digital Library

ਦੀ ਅਖਤਿਆਰੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਤੋਂ ਲਗਭਗ 1.60 ਲੱਖ ਵਿਅਕਤੀਆਂ ਨੂੰ ਲਾਭ ਪਹੁੰਚੇਗਾ। ਰਾਜਪੁਰਾ ਵਿਖੇ ਵਿਧਵਾਵਾਂ, ਬੇਸਹਾਰਾ ਇਸਤਰੀਆਂ ਲਈ ਇਕ ਨਵਾਂ ਨਿਵਾਸ ਸਥਾਨ ਕਾਇਮ ਕੀਤਾ ਜਾ ਰਿਹਾ ਹੈ। 18 ਤੋਂ 40 ਸਾਲ ਦੀ ਉਮਰ ਵਰਗ ਦੇ ਨਕਾਰਾ ਵਿਅਕਤੀਆਂ ਲਈ ਤਿੰਨ ਪੁਨਰਵਾਸ ਅਤੇ ਮੁੜ-ਵਸੇਬਾ ਕੇਂਦਰ ਕਾਇਮ ਕੀਤੇ ਜਾ ਰਹੇ ਹਨ। ਮਾਰਚ, 1983 ਤਕ ਇਸ ਕਾਰਜ ਲਈ 8 ਲੱਖ ਰੁਪਏ ਦੀ ਰਕਮ ਖਰਚ ਹੋ ਜਾਣ ਦੀ ਆਸ ਹੈ ਅਤੇ ਸਾਲ 1983-84 ਲਈ ਇੰਨੀ ਹੀ ਰਕਮ ਮੁਹੱਈਆ ਕੀਤੇ ਜਾਣ ਦੀ ਤਜਵੀਜ਼ ਹੈ।

ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਧੀਨ ਰਾਜ ਵਿਚ ਪਹਿਲਾਂ ਹੀ 17 ਪ੍ਰਾਜੈਕਟ ਚਲ ਰਹੇ ਹਨ। ਸਾਲ 1983-84 ਦੇ ਦੌਰਾਨ 12 ਹੋਰ ਅਜਿਹੇ ਕੇਂਦਰ ਖੋਲ੍ਹੇ ਜਾਣ ਦੀ ਤਜਵੀਜ਼ ਹੈ। ਸਾਲ 1983-84 ਦੇ ਦੌਰਾਨ ਇਸ ਸਕੀਮ ਲਈ 94.30 ਲੱਖ ਰੁਪਏ ਦੀ ਰਕਮ ਰੱਖੀ ਜਾਵੇਗੀ। ਜਦ ਕਿ ਸਾਲ 1982-83 ਦੇ ਦੌਰਾਨ 33.95 ਲੱਖ ਰੁਪਏ ਰਖੇ ਗਏ ਸਨ।

ਜਿਸਮਾਨੀ ਤੌਰ ਤੇ ਨਕਾਰਾ ਵਿਅਕਤੀਆਂ ਦੀ ਮੱਦਦ ਲਈ ਰਾਜ ਸਰਕਾਰ ਨੇ ਤੀਜੇ ਅਤੇ ਚੌਥੇ ਦਰਜੇ ਦੀਆਂ ਸੇਵਾਵਾਂ ਵਿਚ 3 ਫੀਸਦੀ ਆਸਾਮੀਆਂ ਰਾਖਵੀਆਂ ਕਰ ਦਿੱਤੀਆਂ ਹਨ। ਜਿਸਮਾਨੀ ਤੌਰ ਤੇ ਨਕਾਰਾ ਸਰਕਾਰੀ ਕਰਮਚਾਰੀਆਂ ਨੂੰ ਉਨ੍ਹਾਂ ਦੀ ਤਨਖਾਹ ਦੇ 10 ਪ੍ਰਤੀਸ਼ਤ ਦੀ ਦਰ ਤੇ, ਵੱਧ ਤੋਂ ਵੱਧ 50 ਰੁਪਏ ਦਾ ਸਵਾਰੀ ਭੱਤਾ ਮਨਜ਼ੂਰ ਕੀਤਾ ਗਿਆ ਹੈ। (ਥੰਪਿੰਗ)

ਇਸਤਰੀਆਂ ਅਤੇ ਬੱਚੇ ਸਾਡੇ ਸਮਾਜ ਦਾ ਕਮਜ਼ੋਰ ਅੰਗ ਹਨ ਅਤੇ ਸਰਕਾਰ ਉਨ੍ਹਾਂ ਦੀ ਹੈਸੀਅਤ ਵਿਚ ਸੁਧਾਰ ਲਿਆਉਣ ਲਈ ਪੂਰੀ ਤਰ੍ਹਾਂ ਸੁਚੇਤ ਹੈ। ਇਸ ਮੰਤਵ ਲਈ ਪੰਜਾਬ ਇਸਤਰੀ ਅਤੇ ਬਾਲ ਵਿਕਾਸ ਅਤੇ ਭਲਾਈ ਕਾਰਪੋਰੇਸ਼ਨ ਨੇ ਜਨਵਰੀ, 1982 ਤੋਂ 65 ਲੱਖ ਰੁਪਏ ਦੀ ਮਾਲੀ ਸਹਾਇਤਾ ਮੁਹੱਈਆ ਕੀਤੀ ਹੈ। ਮਾਰਚ, 1983 ਦੇ ਅੰਤ ਤਕ 10 ਲੱਖ ਰੁਪਏ ਦੀ ਵਿਆਜ ਸਬਸਿਡੀ ਦੇਣ ਦੀ ਵੀ ਤਜਵੀਜ਼ ਹੈ। ਇਹ ਕਾਰਪੋਰੇਸ਼ਨ ਨਾਰਵੇ ਤੋਂ ਪ੍ਰਾਪਤ ਹੋਣ ਵਾਲੀ 9 ਲੱਖ ਰੁਪਏ ਦੀ ਗਰਾਂਟ ਸਮੇਤ 84 ਲੱਖ ਰੁਪਏ ਦੀ ਲਾਗਤ ਨਾਲ ਮੋਹਾਲੀ ਵਿਖੇ 'ਸਿਲੇ ਸਿਲਾਏ ਕਪੜਿਆਂ ਦਾ ਇਕ ਪਲਾਂਟ' ਚਾਲੂ ਕਰ ਰਹੀ ਹੈ।

ਸਾਲ 1983-84 ਦੇ ਦੌਰਾਨ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਭਲਾਈ ਦੀ ਸਕੀਮ ਵਾਸਤੇ 52.44 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ ਜਦ ਕਿ ਸਾਲ 1982-83 ਦੇ ਦੌਰਾਨ ਇਹ ਉਪਬੰਧ 48.58 ਕਰੋੜ ਰੁਪਏ ਸੀ।

**ਫੌਜੀ ਭਲਾਈ :**

ਮਿਤੀ 1 ਜਨਵਰੀ, 1964 ਤੋਂ ਪਹਿਲਾਂ ਰਿਟਾਇਰ ਹੋ ਚੁੱਕੇ ਫੌਜੀਆਂ ਦੀਆਂ ਵਿਧਵਾਵਾਂ ਨੂੰ ਕੋਈ ਪਰਿਵਾਰਿਕ ਪੈਨਸ਼ਨ ਨਹੀਂ ਮਿਲਦੀ ਸੀ। ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਰਾਜ ਸਰਕਾਰ ਬਹੁਤ ਇੱਛੁਕ ਹੈ ਅਤੇ ਇਸ ਨੇ 5,400 ਰੁਪਏ ਤੋਂ ਘੱਟ ਸਾਲਾਨਾ ਆਮਦਨ ਵਾਲੀਆਂ ਵਿਧਵਾਵਾਂ ਨੂੰ 50 ਰੁਪਏ ਮਾਹਵਾਰ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਹੈ (ਥੰਪਿੰਗ)। ਇਸ ਉਤੇ 25 ਲੱਖ ਰੁਪਏ ਸਾਲਾਨਾ ਖਰਚ ਹੁੰਦਾ ਹੈ। ਰਾਜ ਸਰਕਾਰ ਨੇ ਹਾਲ ਵਿਚ ਹੀ ਜੰਗੀ ਜਗੀਰ ਦੀ ਰਕਮ 150 ਰੁਪਏ ਤੋਂ ਵਧਾ ਕੇ 300 ਰੁਪਏ ਕਰ ਦਿੱਤੀ ਹੈ

ਪੰਜਾਬ ਸਾਬਕਾ ਫੌਜੀ ਕਾਰਪੋਰੇਸ਼ਨ ਸਾਬਕਾ ਫੌਜੀਆਂ ਨੂੰ ਆਪਣਾ ਰੋਜ਼ਗਾਰ ਸ਼ੁਰੂ ਕਰਨ ਵਿਚ ਮੱਦਦ ਦੇਣ ਲਈ ਅਹਿਮ ਰੋਲ ਅਦਾ ਕਰ ਰਹੀ ਹੈ। ਦਸੰਬਰ, 1982 ਤਕ 2.83 ਕਰੋੜ ਰੁਪਏ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦੀ ਸਹਾਇਤਾ ਲਈ 1431 ਸਾਬਕਾ-ਫੌਜੀਆਂ ਦੀਆਂ ਅਰਜ਼ੀਆਂ ਵੱਖ-ਵੱਖ ਬੈਂਕਾਂ ਨੂੰ ਭੇਜੀਆਂ ਗਈਆਂ ਸਨ। ਇਹ ਤਜਵੀਜ਼ ਹੈ ਕਿ ਸਾਲ 1983-84 ਦੇ ਦੌਰਾਨ 2500 ਸਾਬਕਾ ਫੌਜੀਆਂ ਨੂੰ ਕਰਜ਼ਾ ਸਹਾਇਤਾ ਮੁਹੱਈਆ ਕਰਵਾਈ ਜਾਵੇ। ਅਜਿਹੇ ਕਰਜ਼ੇ ਹਾਸਲ ਕਰਨ ਸਬੰਧੀ ਕਾਰਜ-ਵਿਧੀ ਨੂੰ ਆਸਾਨ ਬਣਾ ਦਿੱਤਾ ਗਿਆ ਹੈ ਅਤੇ ਕਰਜ਼ੇ ਪਰਵਾਨ ਕਰਨ ਅਤੇ ਦੇਣ ਲਈ ਅਨੇਕ ਬੈਂਕਾਂ ਨਾਲ ਸੰਪਰਕ-ਪ੍ਰਬੰਧ ਕਾਇਮ ਕੀਤੇ ਗਏ ਹਨ।

**ਕਿਰਤ ਤੇ ਰੁਜ਼ਗਾਰ :**

20-ਨੁਕਾਤੀ ਸਮਾਜ-ਆਰਥਕ ਪ੍ਰੋਗਰਾਮ ਜ਼ਰਾਇਤੀ ਕਿਰਤੀਆਂ ਲਈ ਘੱਟੋ ਘੱਟ ਉਜਰਤਾਂ ਨੂੰ ਕਾਰਗਰ ਢੰਗ ਨਾਲ ਨਾਫਜ਼ ਕਰਨ ਤੇ ਖਾਸ ਜ਼ੋਰ ਦਿੰਦਾ ਹੈ। ਦਿਹਾਤੀ ਇਲਾਕੇ ਦੇ ਜ਼ਰਾਇਤੀ ਕਾਮਿਆਂ ਦੇ ਹਿਤਾਂ ਦੀ ਦੇਖ ਭਾਲ ਲਈ ਇੱਕ ਦਿਹਾਤੀ ਵਿੰਗ ਕਾਇਮ ਕੀਤਾ ਗਿਆ ਹੈ। ਹਰ ਇਕ ਜ਼ਿਲ੍ਹੇ ਵਿਚ ਇੱਕ-ਇੱਕ ਕਿਰਤ-ਕਮ-ਸਲਾਹ ਅਫਸਰ ਅਤੇ ਕਿਰਤ ਇੰਸਪੈਕਟਰ ਨਿਯੁਕਤ ਕੀਤਾ ਗਿਆ ਹੈ। ਘੱਟ ਤੋਂ ਘੱਟ ਉਜਰਤ ਐਕਟ, 1948 ਦੇ ਘੇਰੇ ਵਿਚ ਆਉਣ ਵਾਲੇ 38 ਕਿਸਮ ਦੇ ਕਿੱਤਿਆਂ ਲਈ ਉਜਰਤਾਂ 1 ਜਨਵਰੀ, 1982 ਤੋਂ ਸੋਧ ਕੇ ਦਿੱਤੀਆਂ ਗਈਆਂ ਹਨ ਅਤੇ ਇਸ ਨੂੰ ਖਪਤਕਾਰ ਕੀਮਤ ਸੂਚਕ-ਅੰਕ ਨਾਲ ਜੋੜ ਦਿੱਤਾ ਗਿਆ ਹੈ। 16 ਕਿਸਮ ਦੇ ਹੋਰ ਕਿੱਤਿਆਂ ਨੂੰ ਇਸ ਐਕਟ ਦੇ ਘੇਰੇ ਅੰਦਰ ਲੈ ਆਂਦਾ ਗਿਆ ਹੈ ਅਤੇ ਇਨ੍ਹਾਂ ਪੇਸ਼ਿਆਂ ਵਿਚ ਘੱਟੋ ਘੱਟ ਉਜਰਤਾਂ ਨਿਸ਼ਚਿਤ ਕਰਨ ਵਾਸਤੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਕਾਮਿਆਂ ਲਈ ਸੁਖਾਵਾਂ ਅਤੇ ਨਰੋਆ ਮਾਹੌਲ ਪੈਦਾ ਕਰਨ ਲਈ ਅਗਲੇ ਸਾਲ ਦੇ ਦੌਰਾਨ ਇਕ ਸਨਅੱਤੀ ਸਿਹਤ ਪ੍ਰਯੋਗਸ਼ਾਲਾ ਕਾਇਮ ਕਰਨ ਦੀ ਤਜਵੀਜ਼ ਹੈ।

ਉਦਯੋਗਿਕ ਕਾਮਿਆਂ ਲਈ ਯੋਗ ਡਾਕਟਰੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਕੰਮ ਨੂੰ ਰਾਜ ਸਰਕਾਰ ਯਕੀਨੀ ਬਣਾਉਣਾ ਚਾਹੁੰਦੀ ਹੈ। ਸਾਲ 1982-83 ਦੇ ਦੌਰਾਨ ਈ. ਐਸ. ਆਈ. ਸਕੀਮ ਅਧੀਨ 9 ਨਵੀਆਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ ਅਤੇ ਇਨ੍ਹਾਂ ਤੋਂ ਲਾਭ ਉਠਾਉਣ ਵਾਲੇ ਕਾਮਿਆਂ ਦੀ ਗਿਣਤੀ ਵੱਧ ਕੇ 2.44 ਲੱਖ ਹੋ ਗਈ ਹੈ। ਸਾਲ 1983-84 ਦੇ ਦੌਰਾਨ 21 ਲੱਖ ਰੁਪਏ ਦੇ ਖਰਚ ਨਾਲ 6 ਨਵੀਆਂ ਈ. ਐਸ. ਆਈ. ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ ਜਿਸ ਤੋਂ ਬਾਦ 31 ਮਾਰਚ, 1983 ਤੋਂ ਇਨ੍ਹਾਂ ਦੀ ਗਿਣਤੀ ਵਧ ਕੇ 59 ਹੋ ਜਾਵੇਗੀ।

ਰਾਜ ਵਿਚਲੇ ਰੋਜ਼ਗਾਰ ਦਫਤਰ ਬੇਰੋਜ਼ਗਾਰ ਵਿਅਕਤੀਆਂ ਨੂੰ ਲਾਹੇਵੰਦਾ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਮਦਦ ਦੇ ਰਹੇ ਹਨ। ਸਾਲ 1982-83 ਦੇ ਦੌਰਾਨ ਰੋਜ਼ਗਾਰ ਦਿਵਾਉਣ ਵਿਚ 17,000 ਬੇਰੋਜ਼ਗਾਰ ਵਿਅਕਤੀਆਂ ਨੂੰ ਸਹਾਇਤਾ ਦਿੱਤੀ ਗਈ ਹੈ।

ਮਾਨਯੋਗ ਮੈਂਬਰ ਸਾਹਿਬਾਨ ਨੂੰ ਪਤਾ ਹੀ ਹੈ ਕਿ ਰਾਜ ਸਰਕਾਰ ਪੀਲੇ ਕਾਰਡਾਂ ਵਾਲੇ ਸਾਰੇ ਪਰਿਵਾਰਾਂ ਦੇ ਪੜ੍ਹੇ ਲਿਖੇ ਬੇਰੋਜ਼ਗਾਰ ਵਿਅਕਤੀਆਂ ਨੂੰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਦੀ ਸੂਰਤ ਵਿਚ 100 ਰੁਪਏ ਮਾਹਵਾਰ ਅਤੇ ਦਸਵੀਂ ਪਾਸ ਅਤੇ ਅੰਡਰ ਗ੍ਰੈਜੂਏਟ ਦੀ ਸੂਰਤ ਵਿਚ 80 ਰੁਪਏ ਮਾਹਵਾਰ ਬੇਰੋਜ਼ਗਾਰੀ ਭੱਤਾ ਦੇ ਰਹੀ ਹੈ। ਪਿਛਲੇ ਤਿੰਨ ਸਾਲਾਂ ਦੇ ਦੌਰਾਨ ਇਸ ਮਕਸਦ ਲਈ 1.35 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ ਹੈ। ਸਾਲ 1983-84 ਲਈ ਇਸ ਕਾਰਜ ਵਾਸਤੇ 73 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਇਸ ਲਾਹੇਵੰਦੀ ਸਕੀਮ ਦੇ ਘੇਰੇ ਨੂੰ ਵਧਾਉਣ ਲਈ ਅਜਿਹੇ ਪਰਿਵਾਰ ਜਿਨ੍ਹਾਂ ਦੀ ਸਾਲਾਨਾ ਆਮਦਨ 6000 ਰੁਪਏ ਤਕ ਹੈ, ਨਾਲ ਸਬੰਧਤ ਬੇਰੋਜ਼ਗਾਰ ਵਿਅਕਤੀਆਂ ਨੂੰ ਇਹ ਸਹਾਇਤਾ ਦਿੱਤੇ ਜਾਣ ਦੀ ਤਜਵੀਜ਼ ਹੈ (ਥੰਪਿੰਗ)।

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਪੜ੍ਹੇ ਲਿਖੇ ਬੇਰੋਜ਼ਗਾਰਾਂ ਵਲੋਂ ਬਾਲਿਗ ਅਨਪੜ੍ਹਤਾ ਖ਼ਤਮ ਕਰਨ ਦੀ ਸਕੀਮ ਵਿਚ ਸਰਗਰਮ ਹਿੱਸਾ ਲੈਣ ਨੂੰ ਯਕੀਨੀ ਬਣਾਉਣ ਲਈ ਇਹ ਤਜਵੀਜ਼ ਹੈ ਕਿ ਅਜਿਹਾ ਭੱਤਾ ਲੈਣ ਵਾਲੇ ਹਰ ਵਿਅਕਤੀ ਲਈ ਇਹ ਲਾਜ਼ਮੀ ਕਰਾਰ ਦਿੱਤਾ ਜਾਵੇ ਕਿ ਉਹ ਘੱਟੋ ਘੱਟ ਇਕ ਅਨਪੜ੍ਹ ਵਿਅਕਤੀ ਨੂੰ ਪੜ੍ਹਾਵੇ ।

**ਖੁਰਾਕ ਤੇ ਸਪਲਾਈ**

ਆਮ ਲੋਕਾਂ ਦੀ ਸਹੂਲਤ ਵਾਸਤੇ ਸਾਫਟ ਕੋਕ ਦੀ ਸਪਲਾਈ ਵਿਚ ਸੁਧਾਰ ਕਰਨ ਲਈ ਜਲੰਧਰ ਵਿਖੇ ਖੋਲ੍ਹਿਆ ਗਿਆ ਕੋਲੇ ਦਾ ਇਕ ਭੰਡਾਰ ਚਾਲੂ ਕੀਤਾ ਗਿਆ ਹੈ ਜੋ ਹੁਣ ਕੰਮ ਕਰ ਰਿਹਾ ਹੈ । ਤਜਵੀਜ਼ ਹੈ ਕਿ ਕੋਲ ਇੰਡੀਆ ਲਿਮਿਟਿਡ ਦੀ ਮਦਦ ਨਾਲ ਪਟਿਆਲਾ ਅਤੇ ਬਠਿੰਡਾ ਵਿਖੇ ਦੋ ਹੋਰ ਅਜਿਹੇ ਕੋਲੇ ਦੇ ਭੰਡਾਰ ਖੋਲ੍ਹੇ ਜਾਣ ।

**ਨਵਿਆਉਣਯੋਗ ਊਰਜਾ ਸੋਮਾ :**

ਰਾਜ ਸਰਕਾਰ ਦੇਸ਼ ਵਿਚ ਊਰਜਾ ਦੇ ਸੀਮਤ ਆਮ ਸੋਮਿਆਂ ਦੀ ਸਥਿਤੀ ਤੋਂ ਸੁਚੇਤ ਹੈ ਅਤੇ ਊਰਜਾ ਦੇ ਹੋਰ ਨਵਿਆਉਣ-ਯੋਗ ਸੋਮਿਆਂ ਨੂੰ ਜੁਟਾਉਣ ਲਈ ਬਹੁਤ ਜ਼ਿਆਦਾ ਮਹੱਤਤਾ ਦਿੰਦੀ ਹੈ । ਇਹ ਪਹਿਲੀ ਵਾਰ ਹੈ ਕਿ ਸਾਇੰਸ ਅਤੇ ਟੈਕਨਾਲੋਜੀ ਦਾ ਇਕ ਵਖਰਾ ਵਿਭਾਗ ਕਾਇਮ ਕੀਤਾ ਗਿਆ ਹੈ ਅਤੇ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਵਿਗਿਆਨ ਅਤੇ ਟੈਕਨਾਲੋਜੀ ਲਈ ਇਕ ਰਾਜ ਪਰਿਸ਼ਦ ਕਾਇਮ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ । ਸੰਗਠਿਤ ਊਰਜਾ ਕੇਂਦਰ ਕਾਇਮ ਕਰਨ ਲਈ ਸਥਾਨਾਂ ਦੀ ਚੋਣ ਕੀਤੀ ਜਾ ਚੁਕੀ ਹੈ । ਇਨ੍ਹਾਂ ਕੇਂਦਰਾਂ ਵਿਚ ਸਮੂਹਿਕ ਬਾਇਓ-ਗੈਸ ਪਲਾਂਟ ਅਤੇ ਛੋਟੇ ਵੋਲਟੇਇਕ ਪੰਪਿੰਗ ਵਿੰਡ-ਮਿੱਲ ਸ਼ਾਮਲ ਹੋਣਗੇ । ਇਨ੍ਹਾਂ ਕੇਂਦਰਾਂ ਲਈ ਊਰਜਾ ਦੇ ਅਧਿਕ ਸੋਮਿਆਂ ਦੇ ਕਮਿਸ਼ਨ ਅਤੇ ਰਾਜ ਸਰਕਾਰ ਦੋਹਾਂ ਵੱਲੋਂ ਸਾਂਝੇ ਤੌਰ ਤੇ ਧਨ ਦਿੱਤਾ ਜਾਵੇਗਾ । ਰਾਜ ਸਰਕਾਰ ਦੀਆਂ ਸਿਰ ਤੋੜ ਕੋਸ਼ਿਸ਼ਾਂ ਸਦਕਾ ਕਮਿਸ਼ਨ ਨੇ ਸਤਲੁਜ ਬੈਡ ਬੇਟ ਰੋਪੜ ਵਿਖੇ ਦੋ ਸਮੂਹਿਕ ਬਾਇਓ-ਗੈਸ ਪਲਾਂਟ ਲਗਾਉਣ ਦੀ ਪਰਵਾਨਗੀ ਪਹਿਲਾਂ ਹੀ ਦੇ ਦਿਤੀ ਹੈ । ਕਮਿਊਨਿਟੀ ਬਾਇਓ-ਗੈਸ ਪਲਾਂਟ ਲਗਾਉਣ ਦੇ 17 ਹੋਰ ਕੇਸ ਤਿਆਰੀ ਅਧੀਨ ਹਨ । ਰਾਜ ਵਿਚ ਸਾਇੰਸ ਅਤੇ ਟੈਕਨਾਲੋਜੀ ਦੇ ਵਿਕਾਸ ਲਈ ਵੱਖ-ਵੱਖ ਸਕੀਮਾਂ ਅਧੀਨ ਸਾਲ 1983-84 ਦੇ ਦੌਰਾਨ 20 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ ।

**ਸਰਕਾਰੀ ਕਰਮਚਾਰਿਆਂ ਨੂੰ ਰਿਆਇਤਾਂ :**

ਰਾਜ ਸਰਕਾਰ ਆਪਣੇ ਕਰਮਚਾਰੀਆਂ ਦੀ ਭਲਾਈ ਲਈ ਸੁਚੇਤ ਹੈ ਅਤੇ ਕਈ ਰਿਆਇਤਾਂ ਦਿੱਤੀਆਂ ਹਨ ਜਿਨ੍ਹਾਂ ਉਤੇ ਪ੍ਰਤੀ ਸਾਲ 26.50 ਕਰੋੜ ਰੁਪਏ ਵਧੀਕ ਖਰਚ ਹੋਣਗੇ । (ਥੰਪਿੰਗ) ।

(1) ਤਨਖ਼ਾਹ ਸਕੇਲਾਂ ਵਿਚ ਅਸੰਗਤੀਆਂ ਨੂੰ ਦੂਰ ਕਰਨਾ :

93% ਸਰਕਾਰੀ ਕਰਮਚਾਰੀਆਂ ਦੇ ਕੇਸਾਂ ਦੀਆਂ ਅਸੰਗਤੀਆਂ ( Anomalies ) ਨੂੰ ਦੂਰ ਕਰ ਦਿਤਾ ਗਿਆ ਹੈ । ਇਨ੍ਹਾਂ ਅਸੰਗਤੀਆਂ ਨੂੰ ਮਿਤੀ 1 ਜਨਵਰੀ, 1978 ਤੋਂ ਦੂਰ ਕੀਤਾ ਗਿਆ ਹੈ ਜਿਸ ਲਈ ਸਮੁੱਚੀ ਦੇਣਦਾਰੀ 32.5 ਲੱਖ ਰੁਪਏ ਅਤੇ ਆਵਰਤੀ ਦੇਣ ਦਾਰੀ ਲਗਭਗ 6.5 ਲੱਖ ਰੁਪਏ ਸਾਲਾਨਾ ਬਣਦੀ ਹੈ । ਬਾਕੀ ਰਹਿੰਦੇ ਕੇਸਾਂ ਦੇ ਛੇਤੀ ਨਿਪਟਾਰੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(2) **ਮੰਹਗਾਈ ਭਤੇ ਦੀਆਂ ਕਿਸਤਾਂ** :

ਮਹਿੰਗਾਈ ਭੱਤੇ ਦੀਆਂ ਛੇ ਕਿਸ਼ਤਾਂ ਦੀ ਅਦਾਇਗੀ ਲਈ ਸਰਕਾਰ ਇਸ ਸਾਲ ਦੇ ਦੌਰਾਨ 24.19 ਕਰੋੜ ਰੁਪਏ ਦੀ ਦੇਣਦਾਰ ਹੋ ਗਈ ਹੈ । ਮਹਿੰਗਾਈ ਭੱਤੇ ਦੀਆਂ ਪੰਜ ਕਿਸ਼ਤਾਂ ਪਹਿਲੀ ਅਗਸਤ, 1981, ਪਹਿਲੀ ਅਕਤੂਬਰ, 1981, ਪਹਿਲੀ ਨਵੰਬਰ, 1981, ਪਹਿਲੀ ਜਨਵਰੀ, 1982 ਅਤੇ ਪਹਿਲੀ ਅਪ੍ਰੈਲ, 1982 ਤੋਂ ਪਰਵਾਨ ਕੀਤੀਆਂ ਜਾ ਚੁਕੀਆਂ ਹਨ। ਰਾਜ ਸਰਕਾਰ ਨੇ ਆਪਣੇ ਮੁਲਾਜ਼ਮਾਂ ਨੂੰ ਪਹਿਲੀ ਜੂਨ, 1982 ਤੋਂ ਮਹਿੰਗਾਈ ਭੱਤੇ ਦੀ ਇਕ ਹੋਰ ਕਿਸ਼ਤ ਦੇਣ ਦਾ ਫੈਸਲਾ ਕੀਤਾ ਹੈ (ਥਪਿੰਗ) ਜਿਸ ਦੀ ਅਦਾਇਗੀ ਮਾਰਚ, 1983 ਦੀ ਤਨਖਾਹ ਨਾਲ ਸ਼ੁਰੂ ਹੋ ਜਾਵੇਗੀ। ਪਹਿਲੀ ਜਨਵਰੀ, 1982 ਤੋਂ ਭਾਰਤ ਸਰਕਾਰ ਦੇ ਪੈਟਰਨ ਤੇ ਤਦ ਅਰਥ ਮਹਿੰਗਈ ਭੱਤੇ ਦੀ ਪਰਵਾਨਗੀ ਵੀ ਦਿਤੀ ਗਈ ਹੈ ।

(3) **ਪੈਨਸ਼ਨਾਂ ਸਬੰਧੀ ਲਾਭ** :

(i) ਪੈਨਸ਼ਨਾਂ ਸਬੰਧੀ ਦਿਤੇ ਜਾਣ ਵਾਲੇ ਲਾਭਾਂ ਕਾਰਨ ਇਸ ਸਾਲ 90 ਲੱਖ ਰੁਪਏ ਦੀ ਰਕਮ ਵਧੀਕ ਦੇਣੀ ਪਵੇਗੀ । ਪਹਿਲੀ ਅਗਸਤ, ਪਹਿਲੀ ਅਕਤੂਬਰ, ਪਹਿਲੀ ਨਵੰਬਰ, 1981, ਪਹਿਲੀ ਜਨਵਰੀ, ਅਤੇ ਪਹਿਲੀ ਅਪ੍ਰੈਲ, 1982 ਤੋਂ ਫ਼ੈਮਿਲੀ ਪੈਨਸ਼ਨ ਪ੍ਰਾਪਤ ਕਰਤਿਆਂ ਨੂੰ ਰਾਹਤ ਦੀਆਂ 5 ਕਿਸ਼ਤਾਂ ਦਿਤੀਆਂ ਗਈਆਂ ਸਨ । ਪਹਿਲੀ ਜੂਨ, 1982 ਤੋਂ ਰਾਜ ਸਰਕਾਰ ਨੇ ਤਦ ਅਰਥ ਆਧਾਰ ਤੇ ਪੈਨਸ਼ਨਰਾਂ ਨੂੰ ਇਕ ਹੋਰ ਕਿਸ਼ਤ ਪਰਵਾਨ ਕਰ ਕੇ ਜਾਰੀ ਕਰਨ ਦਾ ਫੈਸਲਾ ਕੀਤਾ ਹੈ ।

(ii) ਵਜ਼ੀਫੇ, ਵਿਸ਼ੇਸ਼ ਗੁਜ਼ਾਰਾ, ਘਰੇਲੂ ਜਾਂ ਪਰਵਰਿਸ਼ ਪੈਨਸ਼ਨ ਨੂੰ 125 ਰੁਪਏ ਪ੍ਰਤੀ ਮਹੀਨਾ ਦੀ ਵੱਧ ਤੋਂ ਵੱਧ ਹੱਦ ਤਕ ਵਧਾ ਕੇ ਪਰਵਾਰਿਕ ਪੈਨਸ਼ਨ ਦੇ ਘੇਰੇ ਨੂੰ ਹੋਰ ਮੋਕਲਾ ਕਰ ਦਿਤਾ ਗਿਆ ਹੈ ।

(iii) ਮੌਤ ਤੇ ਰਿਟਾਇਰਮੇਂਟ ਗ੍ਰੈਚੁਇਟੀ ਦੀ ਵੱਧ ਤੋਂ ਵੱਧ ਸੀਮਾਂ 30,000 ਰੁਪਏ ਤੋਂ ਵਧਾ ਕੇ 36,000 ਰੁਪਏ ਕਰ ਦਿਤੀ ਗਈ ਹੈ ।

(4) **ਮੁਆਵਜ਼ਾ ਭਤਿਆਂ ਵਿਚ ਵਾਧਾ** :

(i) ਸ਼ਹਿਰੀ ਮੁਆਵਜ਼ਾ ਭੱਤਾ, ਜਿਥੇ ਕਿ ਦੇਣਾ ਬਣਦਾ ਹੈ, ਦੀ ਦਰ ਨੂੰ ਸੋਧ ਕੇ ਤਨਖਾਹ ਦਾ 10% ਕਰ ਦਿਤਾ ਗਿਆ ਹੈ ਅਤੇ ਇਸ ਦੀ ਵੱਧ ਤੋਂ ਵੱਧ ਸੀਮਾਂ ਮਿਤੀ 1 ਜੁਲਾਈ, 1982 ਤੋਂ 75 ਰੁਪਏ ਤੋਂ ਵਧਾ ਕੇ 100 ਰੁਪਏ ਪ੍ਰਤੀ ਮਹੀਨਾ ਕਰ ਦਿਤੀ ਗਈ ਹੈ । ਇਸ ਨਾਲ ਵੀਹ ਲੱਖ ਰੁਪਏ ਵਧੀਕ ਖ਼ਰਚ ਹੋਣਗੇ ।

(ii) ਰਾਜ ਦੇ 6 ਜ਼ਿਲ੍ਹਿਆਂ ਦੇ 490 ਹੋਰ ਪਿੰਡਾਂ ਦੇ ਕਰਮਚਾਰੀਆਂ ਨੂੰ ਬੇਟ/ਨੀਮ ਪਹਾੜੀ ਇਲਾਕਾ ਭੱਤਾ ਦੇਣ ਨਾਲ ਅਤੇ ਆਪਣੇ ਗ੍ਰਿਹ ਜ਼ਿਲ੍ਹਿਆਂ ਵਿਚ ਤੈਨਾਤ ਨੀਮ-ਪਹਾੜੀ ਤੇ ਬੇਟ ਇਲਾਕਿਆਂ ਦੇ ਮਿਲਣ ਵਾਲੇ ਮੁਆਵਜ਼ਾ ਭੱਤੇ ਦੀ ਦਰ $6\frac{1}{4}\%$ ਤੋਂ ਵਧਾ ਕੇ $12\frac{1}{2}\%$ ਕਰਨ ਨਾਲ ਸਰਕਾਰ ਵਲੋਂ 27.00 ਲੱਖ ਰੁਪਏ ਦਾ ਵਧੀਕ ਸਾਲਾਨਾ ਖ਼ਰਚਾ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

(iii) ਇਹ ਫੈਸਲਾ ਕੀਤਾ ਗਿਆ ਹੈ ਕਿ ਹੱਡੀਆਂ ਦੇ ਨੁਕਸ ਕਾਰਨ ਅਪੰਗ ਹੋਏ ਰਾਜ ਦੇ ਸਰਕਾਰੀ ਕਰਮਚਾਰੀਆਂ ਨੂੰ ਉਨ੍ਹਾਂ ਦੀ ਤਨਖਾਹ ਦੇ 10% ਦੇ ਬਰਾਬਰ ਸਵਾਰੀ ਭੱਤਾ ਦਿੱਤਾ ਜਾਵੇ ਜੋ 50 ਰੁਪਏ ਮਹੀਨਾ ਤੋਂ ਵਧ ਨਾ ਹੋਵੇ । ਨੇਤਰ ਹੀਨ ਕਰਮਚਾਰੀਆਂ ਦੀ ਸੂਰਤ ਵਿਚ ਇਹ ਭੱਤਾ ਮਿਤੀ 15 ਜੂਨ, 1982 ਤੋਂ 40 ਰੁਪਏ ਮਾਹਵਾਰ ਤੋਂ ਵਧਾ ਕੇ 50 ਰੁਪਏ ਮਾਹਵਾਰ ਕਰ ਦਿਤਾ ਗਿਆ ਹੈ । (ਥੰਪਿੰਗ) ।

(iv) ਅਨੁਸੂਚਿਤ ਜਾਤੀਆਂ ਅਨੁਸੂਚਿਤ ਕਬੀਲਿਆਂ ਦੇ ਅਜਿਹੇ ਉਮੀਦਵਾਰਾਂ ਨੂੰ ਵੀ ਸਫਰ ਭੱਤੇ ਦੀ ਇਹ ਸਹੂਲਤ ਦਿਤੀ ਜਾਵੇਗੀ ਜਿਨ੍ਹਾਂ ਨੂੰ ਇੰਟਰ ਵਿਊ ਜਾਂ ਟੈਸਟ ਲਈ ਬੁਲਾਇਆ ਜਾਵੇਗਾ ।

(v) 16.20 ਲੱਖ ਰੁਪਏ ਦੇ ਵਧੀਕ ਖ਼ਰਚ ਨਾਲ ਸਰਕਾਰ ਨੇ ਸਹਾਇਕ ਸਿਹਤ ਕੇਂਦਰਾਂ ਵਿਖੇ ਤੈਨਾਤ ਆਪਣੀਆਂ ਕਾਰਾਂ ਰੱਖਣ ਵਾਲੇ ਡਾਕਟਰਾਂ ਨੂੰ 150 ਰੁਪਏ ਮਾਹਵਾਰ ਅਤੇ ਸਕੂਟਰ/ਮੋਟਰ ਸਾਈਕਲ ਆਦਿ ਰੱਖਣ ਵਾਲਿਆਂ ਨੂੰ 60 ਰੁਪਏ ਮਾਹਵਾਰ ਸਵਾਰੀ ਭੱਤਾ ਦੇਣਾ ਮਨਜ਼ੂਰ ਕੀਤਾ ਹੈ ।

(vi) 1 ਜੁਲਾਈ, 1982 ਤੋਂ ਪੀ. ਸੀ. ਐਮ. ਐਸ. ਡਾਕਟਰਾਂ ਦੇ ਨਾਨ-ਪਰੈਕਟਿਸਿੰਗ ਭੱਤੇ ਵਿਚ ਵਾਧਾ ਕਰਨ ਨਾਲ ਰਾਜ ਦੇ ਖਜ਼ਾਨੇ ਤੇ 37.70 ਲੱਖ ਰੁਪਏ ਦਾ ਬੋਝ ਪਵੇਗਾ ।

(vii) ਦਿਹਾਤੀ ਇਲਾਕੇ ਵਿਚ ਕੰਮ ਕਰ ਰਹੇ ਡਾਕਟਰਾਂ ਦਾ ਦਿਹਾਤੀ ਸਿਹਤ ਭੱਤਾ ਮਿਤੀ 1 ਜੁਲਾਈ, 1982 ਤੋਂ 100 ਰੁਪਏ ਮਾਹਵਾਰ ਤੋਂ ਵਧਾ ਕੇ 150 ਰੁਪਏ ਮਾਹਵਾਰ ਕਰ ਦਿਤਾ ਗਿਆ ਹੈ, ਜਿਸ ਨਾਲ ਸਰਕਾਰ ਉਤੇ ਹਰ ਸਾਲ 9.00 ਲੱਖ ਰੁਪਏ ਦਾ ਬੋਝ ਪਵੇਗਾ ।

(viii) ਮਾਲ ਪਟਵਾਰੀਆਂ ਦਾ ਲਿਖਣ-ਸਮੱਗਰੀ ਭੱਤਾ 5 ਰੁਪਏ ਤੋਂ 10 ਰੁਪਏ ਪ੍ਰਤੀ ਮਹੀਨਾ ਕਰ ਕੇ ਦੁਗਣਾ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨਾਲ ਸਾਲਾਨਾ 2.76 ਲੱਖ ਰੁਪਏ ਹੋਰ ਖਰਚ ਹੋਵੇਗਾ ।

(5) ਪੀ. ਸੀ. ਐਸ. ਜੁਡੀਸ਼ੀਅਲ ਅਤੇ ਡੀ. ਐਸ. ਪੀਜ਼ ਦੀ ਲੰਮੇ ਸਮੇਂ ਤੋਂ ਚਲੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਇਹ ਤਜਵੀਜ਼ ਕੀਤਾ ਗਿਆ ਹੈ ਕਿ ਇਨ੍ਹਾਂ ਦੇ 940—1850 ਰੁਪਏ ਦੀ ਟਾਈਮ ਸਕੇਲ ਤਨਖਾਹ 1200 ਰੁਪਏ ਤੋਂ ਵਧਾ ਕੇ 1400 ਰੁਪਏ ਕੀਤੀ ਜਾਵੇ ਜਿਸ ਨਾਲ ਉਨ੍ਹਾਂ ਨੂੰ ਪੀ. ਸੀ. ਐਸ. (ਕਾਰਜ ਕਾਰੀ ਸ਼ਾਖਾ) ਦੇ ਅਫਸਰਾਂ ਦੀ ਬਰਾਬਰੀ ਮਿਲ ਜਾਵੇਗੀ। ਅਜਿਹਾ ਕਰਨ ਨਾਲ ਸਰਕਾਰੀ ਖਜ਼ਾਨੇ ਉੱਤੇ ਤਿੰਨ ਲੱਖ ਰੁਪਏ ਸਾਲਾਨਾ ਦਾ ਵਾਧੂ ਭਾਰ ਪਵੇਗਾ ।

**ਵਪਾਰੀਆਂ ਅਤੇ ਹੋਰਨਾ ਨੂੰ ਰਿਆਇਤਾਂ**

ਵਪਾਰੀ ਲੋਕ, ਜੋ ਸਮਾਜ ਦੇ ਸਤਿਕਾਰ ਯੋਗ ਅੰਗ ਹਨ ਰਾਜ ਦੀ ਅਰਥ ਵਿਵਸਥਾ ਵਿਚ ਇਕ ਅਹਿਮ ਭੂਮਿਕਾ ਨਿਭਾ ਰਹੇ ਹਨ । ਟੈਕਸਾਂ ਦੀਆਂ ਭਾਰੀ ਰਕਮਾਂ, ਵਿਸ਼ੇਸ਼ ਤੌਰ ਤੇ ਵਿਕਰੀ ਕਰ ਦੀ ਉਗਰਾਹੀ ਦੇ ਖੇਤਰ ਵਿਚ ਇਨ੍ਹਾਂ ਦੀ ਮਿਲਵਰਤਣ ਅਤੇ ਸਹਾਇਤਾ ਕਾਫੀ ਲਾਭਦਾਇਕ ਸਿਧ ਹੁੰਦੀ ਹੈ । ਛੋਟੇ ਵਪਾਰੀਆਂ ਨੂੰ ਪੇਸ਼ ਆਉਂਦੀਆਂ ਖਾਹ ਮਖਾਹ ਦੀਆਂ ਔਕੜਾਂ ਅਤੇ ਮੁਸ਼ਕਲਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤ੍ਰੀ]

ਨੂੰ ਦੂਰ ਕਰਨ ਲਈ 2 ਲੱਖ ਰੁਪਏ ਦੀ ਸਾਲਾਨਾ ਵੱਟਕ ਵਾਲੇ ਵਪਾਰੀਆਂ ਲਈ ਸਰਸਰੀ ਨਿਰ-ਧਾਰਣ ਕਾਰਜ ਵਿਧੀ ਨੂੰ ਹੋਰ ਸੌਖਾ ਕਰ ਦਿਤਾ ਗਿਆ ਹੈ । ਇਸ ਨਾਲ ਰਾਜ ਦੇ ਕੁੱਲ ਰਜਿਸਟਰਡ ਵਪਾਰੀਆਂ ਵਿਚੋਂ ਲਗ ਭਗ 50 ਫੀ ਸਦੀ ਵਪਾਰੀਆਂ ਨੂੰ ਲਾਭ ਪਹੁੰਚੇਗਾ ।

ਨਿਰਧਾਰਣ ਅਧਿਕਾਰੀਆਂ ਨੂੰ ਹਦਾਇਤਾਂ ਦਿਤੀਆਂ ਗਈਆਂ ਹਨ ਕਿ ਉਹ ਨਿਰਧਾਰਣ ਦੀਆਂ ਕਾਰਵਾਈਆਂ ਤਿੰਨ ਪੇਸ਼ੀਆਂ ਵਿਚ ਮੁਕੰਮਲ ਕਰਨ, ਨੋਟਿਸਾਂ ਵਿਚ ਸਪੱਸ਼ਟ ਤੌਰ ਤੇ ਕੇਸਾਂ ਦੀ ਸੁਣਵਾਈ ਦਾ ਸਮਾਂ ਅਰਥਾਤ ਦੁਪਹਿਰ ਤੋਂ ਪਹਿਲਾਂ ਜਾਂ ਦੁਪਹਿਰ ਤੋਂ ਪਿਛੋਂ ਦਰਜ ਕੀਤਾ ਜਾਵੇ ਅਤੇ ਨਿਰੋਲ ਵਪਾਰੀਆਂ ਦੇ ਬੈਠਣ ਲਈ ਵੱਖਰੇ ਮੁਨਾਸਬ ਕਮਰਿਆਂ ਦਾ ਪ੍ਰਬੰਧ ਕਰਨ ।

ਵਿਕਰੀ ਕਰ ਸਲਾਹ ਕਾਰ ਕਮੇਟੀਆਂ, ਜੋ ਰਾਜ ਅਤੇ ਜ਼ਿਲ੍ਹਾ ਪੱਧਰ ਤੇ ਕਾਇਮ ਕੀਤੀਆਂ ਗਈਆਂ ਹਨ, ਦੇ ਮਾਧਿਅਮ ਰਾਹੀਂ ਕਾਨੂੰਨ ਅਤੇ ਕਾਰਜ ਵਿਧੀ ਸਬੰਧੀ ਵਪਾਰੀਆਂ ਦੀਆਂ ਜਾਇਜ਼ ਸਮਸਿਆਵਾਂ ਦਾ ਹੱਲ ਲੱਭਣ ਲਈ ਵਪਾਰੀਆਂ ਦੇ ਨੁਮਾਇੰਦਿਆਂ ਨੂੰ ਪ੍ਰਭਾਵ ਸ਼ਾਲੀ ਢੰਗ ਨਾਲ ਸ਼ਾਮਲ ਕੀਤਾ ਗਿਆ ਹੈ ।

ਨਵਿਆਉਣ-ਯੋਗ ਊਰਜਾ ਯੰਤਰਾਂ ਦੀ ਵਰਤੋਂ ਨੂੰ ਪ੍ਰਚਲਿਤ ਕਰਨ ਲਈ ਰਾਜ ਸਰਕਾਰ ਨੇ ਸੋਲਰ ਕੁਕਰਾਂ, ਸੋਲਰ ਹੀਟਿੰਗ ਪੈਨਲਜ਼, ਬਾਇਓ ਗੈਸ ਪਲਾਂਟਾਂ, ਫੋਟੋ ਵੋਲਟਿਕ ਪੈਨਲਜ਼ ਅਤੇ ਪੌਣ ਚੱਕੀਆਂ ਨੂੰ ਵਿਕਰੀ ਕਰ ਅਤੇ ਚੁੰਗੀ ਕਰ ਤੋਂ ਮੁਕਤ ਕਰ ਦਿਤਾ ਹੈ ।

ਵਿਦਿਅਕ ਸੰਸਥਾਵਾਂ ਨੂੰ, ਉਨ੍ਹਾਂ ਦੇ ਕਰਮਚਾਰੀਆਂ ਅਤੇ ਵਿਦਿਆਰੀਥਆਂ ਲਈ, ਉਨ੍ਹਾਂ ਦੁਆਰਾ ਚਲਾਈਆਂ ਜਾਂਦੀਆਂ ਬੱਸਾਂ ਤੇ ਸਵਾਰੀ ਕਰ ਦੀ ਅਦਾਇਗੀ ਤੋਂ ਛੋਟ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ । (ਥੰਪਿੰਗ)

**1981-82 ਦੇ ਲੇਖੇ**

ਹੁਣ ਮੈਂ ਮਾਨਯੋਗ ਮੈਂਬਰ ਸਾਹਿਬਾਨ ਦਾ ਧਿਆਨ ਸਾਲ 1981-82 ਦੇ ਲੇਖਿਆਂ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਹੜੇ ਕਿ ਬਜਟ ਦਸਤਾਵੇਜ਼ਾਂ ਵਿਚ ਸ਼ਾਮਲ ਕੀਤੇ ਗਏ ਹਨ । ਸੋਧੇ ਹੋਏ ਅਨੁਮਾਨਾਂ ਅਨੁਸਾਰ 1981-82 ਦਾ ਸਾਲ 100.00 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੋਣ ਦੀ ਆਸ ਸੀ । ਅੰਪਰ ਅਕਾਊਂਟੈਂਟ-ਜਨਰਲ ਨੇ ਇਸ ਸਾਲ ਦੇ ਅੰਤ ਤੇ ਲੇਖੇ ਵਿਚ ਨਾਵੇਂ ਖਾਤੇ ਤੇ 21.14 ਕਰੋੜ ਰੁਪਏ ਬਾਕੀ ਦਰਸਾਈ ਹੈ । ਰਾਜ ਸਰਕਾਰ ਨੇ 31 ਮਾਰਚ, 1982 ਤਕ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ 100.65 ਕਰੋੜ ਰੁਪਏ ਤੱਕ ਦਾ ਓਵਰ ਡਰਾਫ਼ਟ ਪ੍ਰਾਪਤ ਕੀਤਾ ਸੀ । ਇਸ ਮਿਤੀ ਨੂੰ ਐਡਜਸਟ ਕੀਤਾ ਗਿਆ ਬਕਾਇਆ ਜੋ ਰਿਜ਼ਰਵ ਬੈਂਕ ਆਫ਼ ਇੰਡੀਆ ਵਲੋਂ ਸੂਚਿਤ ਕੀਤਾ ਗਿਆ ਉਹ 97.35 ਕਰੋੜ ਸੀ ਜਿਸ ਵਿਚ 18.00 ਕਰੋੜ ਦੇ ਉਪਾਵਾਂ ਅਤੇ ਸਾਧਨਾਂ ਦੀ ਪੇਸ਼ਗੀ ਵੀ ਸ਼ਾਮਲ ਸੀ । ਇਸ ਤਰ੍ਹਾਂ ਅਸਲ ਵਿਚ ਰਾਜ ਦੀ ਮਾਲੀ ਸਥਿਤੀ ਵਿਚ ਸਾਲ ਦੇ ਦੌਰਾਨ 2.65 ਕਰੋੜ ਰੁਪਏ ਦਾ ਸੁਧਾਰ ਹੋਇਆ । ਵੱਖ ਵੱਖ ਮੱਦਾਂ ਵਿਚ ਆਏ ਅੰਤਰ ਵਿੱਤ ਸਕੱਤਰ ਦੇ ਵਿਆਖਿਆਤਮਕ ਮੀਮੋਰੰਡਮ ਵਿਚ ਵਿਸਤਾਰ ਨਾਲ ਦੱਸੇ ਗਏ ਹਨ ਜਿਹੜਾ ਹੋਰ ਬਜਟ ਦਸਤਾ-ਵੇਜ਼ਾਂ ਨਾਲ ਵੰਡਿਆ ਗਿਆ ਹੈ ।

**1982-83 ਦੇ ਸੋਧੇ ਅਨੁਮਾਨ**

ਬਜਟ ਅਨੁਮਾਨਾਂ 1982-83 ਅਨੁਸਾਰ ਸਾਲ ਦੇ 125.00 ਕਰੋੜ ਰੁਪਏ ਦੀ ਨਾਵੇਂ ਖਾਤੇ ਬਾਕੀ ਨਾਲ ਸਮਾਪਤ ਹੋਣ ਦੀ ਆਸ ਸੀ, ਜਿਸ ਵਿਚੋਂ (—) 25.00 ਕਰੋੜ ਦੀ ਰਕਮ ਸਾਲ ਦੇ ਦੌਰਾਨ

Original with;
Punjab Vidhan Sabha
Digitized by;
Panjab Digital Library

ਹੋਏ ਮਾਲੀ ਲੈਣ ਦੇਣ ਦੇ ਨਾਂ ਪਾਉਣ ਕਰ ਕੇ ਸੀ ਅਤੇ (—) 100.00 ਕਰੋੜ ਸਾਲ 1981-82 ਦਾ ਅਗੇ ਲਿਆਂਦਾ ਗਿਆ ਘਾਟਾ ਸੀ। ਸੋਧੇ ਅਨੁਮਾਨਾਂ ਅਨੁਸਾਰ ਸਾਲ 1982-83, 163.89 ਕਰੋੜ ਦੇ ਨਾਵੇਂ ਖਾਤੇ ਬਾਕੀ ਨਾਲ ਸਮਾਪਤ ਹੋਣ ਦੀ ਆਸ ਹੈ। ਐਪਰ ਯੋਜਨਾ ਕਮਿਸ਼ਨ ਅਤੇ ਭਾਰਤ ਸਰਕਾਰ ਨੇ ਰਾਜ ਦੀ 1983-84 ਦੀ ਸਾਲਾਨਾ ਯੋਜਨਾ ਪਰਵਾਨ ਕਰਨ ਸਮੇਂ ਇਹ ਸ਼ਰਤ ਲਾ ਦਿਤੀ ਹੈ ਕਿ ਅਗਲੇ ਸਾਲ ਤੇ ਲੈ ਜਾਇਆ ਜਾਣ ਵਾਲਾ ਘਾਟਾ 14.00 ਕਰੋੜ ਰੁਪਏ ਤੋਂ ਵੱਧ ਨਾ ਹੋਵੇ ਕਿਉਂਕਿ ਇੰਨੀ ਰਕਮ ਹੀ ਰਾਜ ਸਰਕਾਰ ਨੂੰ ਅਧਿਕ ਕੇਂਦਰੀ ਸਹਾਇਤਾ ਦੇ ਰੂਪ ਵਿਚ ਸਾਲ 1983-84 ਵਿਚ ਉਪਲਬਦ ਹੋਵੇਗੀ ਅਤੇ ਉਸ ਨੂੰ ਹੀ ਇਸ ਅਗੇ ਲਿਆਂਦੇ ਘਾਟੇ ਨੂੰ ਪੂਰਾ ਕਰਨ ਲਈ ਵਰਤਿਆ ਜਾ ਸਕੇਗਾ। ਇਸ ਲਈ ਰਾਜ ਸਰਕਾਰ ਇਸ ਗੱਲ ਲਈ ਵਚਨ ਬੱਧ ਹੈ ਕਿ ਸਾਲ 1982-83 ਦੇ ਅੰਤ ਤੇ ਘਾਟਾ 14.00 ਕਰੋੜ ਰੁਪਏ ਤੋਂ ਵੱਧ ਨਾ ਹੋਵੇ। ਬਾਕੀ ਦਾ 149.89 ਕਰੋੜ ਦਾ ਘਾਟਾ ਫ਼ੂਡ ਕਾਰਪੋਰੇਸ਼ਨ ਆਫ਼ ਇੰਡੀਆ ਤੋਂ ਉਨ੍ਹਾਂ ਵੱਲੋਂ ਪਿਛਲੇ ਕੁੱਝ ਸਾਲਾਂ ਵਿਚ ਸਰਕਾਰ ਦੇ ਖਰੀਦ ਅਦਾਰਿਆਂ ਮਾਰਫਤ ਖਰੀਦੀ ਗਈ ਕਣਕ ਅਤੇ ਧਾਨ ਦੀ ਅਦਾਇਗੀ ਵਜੋਂ ਲਗ ਭਗ 125.00 ਕਰੋੜ ਦੇ ਬਕਾਇਆ ਕਲੇਮ ਦੀ ਰਕਮ ਦੀ ਵਸੂਲੀ ਅਤੇ ਹਰਿਆਣਾ ਸਰਕਾਰ ਤੋਂ ਲਗ ਭਗ 44.00 ਕਰੋੜ ਰੁਪਏ ਦੀ ਵਸੂਲੀ, ਜੋ ਪੰਜਾਬ ਸਰਕਾਰ ਨੇ ਅਨੰਦ ਪੁਰ ਸਾਹਿਬ ਹਾਈਡਲ ਨਹਿਰ ਦੀ ਉਸਾਰੀ ਦੇ ਸਬੰਧ ਵਿਚ ਕੀਤੇ ਪਹਿਲੇ ਖ਼ਰਚੇ ਵਜੋਂ ਲੈਣੀ ਹੈ ਨਾਲ ਕੀਤੀ ਜਾਵੇਗੀ ਕਿਉਂ ਕਿ ਇਹ ਨਹਿਰ ਹੀ ਸਤਲੁਜ ਯਮਨਾ ਲਿੰਕ ਪ੍ਰਾਜੈਕਟ ਦਾ ਮੁੱਖ ਟਿਕਾਣਾ ਹੋਵੇਗੀ, ਨਾਲ ਪੂਰਾ ਕੀਤੇ ਜਾਣ ਦੀ ਤਜਵੀਜ਼ ਹੈ। ਘਾਟੇ ਦੀ ਬਾਕੀ ਰਕਮ ਨੂੰ ਘਟ ਅਹਿਮੀਅਤ ਵਾਲੇ ਨਾਨ-ਪਲਾਨ ਦੇ ਖ਼ਰਚਿਆਂ ਅਤੇ ਜੇ ਜ਼ਰੂਰੀ ਹੋਇਆ ਤਾਂ ਕੁਝ ਪਲਾਨ ਖ਼ਰਚਿਆਂ ਵਿਚ ਕਾਟ ਕਰ ਕੇ ਪੂਰਾ ਕੀਤਾ ਜਾਵੇਗਾ।

ਰਾਜ ਵਿਚ ਸਾਲ ਦੇ ਦੌਰਾਨ ਹੋਏ ਮਾਲੀ ਲੈਣ ਦੇਣ ਕਾਰਨ (—) 160.03 ਕਰੋੜ ਰੁਪਏ, ਘਟ ਦਰਸਾਏ ਹਨ ਜਿਸ ਨਾਲ ਮਾਲ ਖਾਤੇ ਵਾਫ਼ਰ ਵਿਚ (34.61 ਕਰੋੜ ਰੁਪਏ) ਦੀ ਕਮੀ (16.77 ਕਰੋੜ ਰੁਪਏ) ਦਾ ਪੂੰਜੀ ਗਤ ਖ਼ਰਚਿਆਂ ਵਿਚ ਵਾਧਾ, ਲੋਕ ਰਿਣ ਦੇਣਦਾਰੀਆਂ (ਨਿਰੋਲ), (—) 72.96 ਕਰੋੜ ਰੁਪਏ ਕਰਜ਼ੇ ਅਤੇ ਪੇਸ਼ਗੀਆਂ (—) 43.83 ਕਰੋੜ ਰੁਪਏ ਹੋ ਗਏ ਅਤੇ ਅੰਤਰ ਰਾਜੀ ਸੈਟਲਮੈਂਟ ਲੇਖੇ (—) ਵਿਚ 0.01 ਕਰੋੜ ਦੇ ਘਾਟੇ ਹਨ। ਐਪਰ ਲੋਕ ਲੇਖੇ ਵਿਚ 8.15 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਹ ਅੰਤਰ ਵਿੱਤ ਸਕੱਤਰ ਦੇ ਵਿਆਖਿਆਤਮਕ ਮੀਮੋਰੰਡਮ ਵਿਚ ਜੋ ਬਜਟ ਦਸਤਾਵੇਜ਼ਾਂ ਨਾਲ ਵੰਡਿਆ ਗਿਆ ਹੈ, ਵਿਸਥਾਰ ਨਾਲ ਸਬੰਧਤ ਭਾਗ ਵਿਚ ਸਪਸ਼ਟ ਕੀਤੇ ਗਏ ਹਨ।

## 1983-84 ਦੇ ਬਜਟ ਅਨੁਮਾਨ

ਸਦਨ ਸਾਹਮਣੇ ਰੱਖੇ ਜਾ ਰਹੇ ਬਜਟ ਅਨੁਮਾਨਾਂ ਵਿਚ ਦਰਸਾਏ ਅਨੁਸਾਰ 1983-84 ਵਿਚ ਚਾਲੂ ਲੈਣ ਦੇਣ ਤੋਂ ਨਿਰੋਲ 36.00 ਕਰੋੜ ਰੁਪਏ ਨਾਵੇਂ ਖਾਤੇ ਬਾਕੀ ਦਾ ਪਤਾ ਲਗਦਾ ਹੈ। ਇਨ੍ਹਾਂ ਦੇ ਵੇਰਵੇ ਨਿਮਨ ਅਨੁਸਾਰ ਹਨ :

(ਰੁਪਏ ਕਰੋੜਾਂ ਵਿਚ)

| | | |
|---|---|---|
| (i) ਮਾਲ ਲੇਖਾ— | | |
| (ੳ) ਪ੍ਰਾਪਤੀਆਂ | ... | 889.96 |
| (ਅ) ਖ਼ਰਚ | ... | 763.46 |
| ਵਾਫ਼ਰ | ... | 126.50 |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| | | |
|---|---|---|
| | | (ਰੁਪਏ ਕਰੋੜਾਂ ਵਿਚ) |
| (ii) ਪੂੰਜੀਗਤ ਖ਼ਰਚ | ... | 86.86 |
| (iii) ਲੋਕ ਰਿਣ— | | |
| (ੳ) ਲਿਆ ਰਿਣ | ... | 785.17 |
| (ਅ) ਮੋੜੇ ਰਿਣ | ... | 708.35 |
| ਨਿਰੋਲ | (+) | 76.82 |
| (iv) ਕਰਜ਼ੇ ਅਤੇ ਪੇਸ਼ਗੀਆਂ : | | |
| (ੳ) ਪੇਸ਼ਗੀਆਂ | ... | 227.70 |
| (ਅ) ਵਸੂਲੀਆਂ | ... | 59.21 |
| ਨਿਰੋਲ | ... | (—)168.49 |
| (v) ਅੰਤਰ ਰਾਜੀ ਲੇਖਾ ਸਮਾਧਾਨ | ... | ... |
| (vi) ਲੋਕ ਲੇਖਾ (ਨਿਰੋਲ) | ... (+) | 16.03 |
| (vii) ਲੈਣ ਦੇਣ ਦਾ ਨਿਰੋਲ ਅਸਰ (i ਤੋਂ vi) | ... (—) | 36.00 |

36.00 ਕਰੋੜ ਰੁਪਏ ਦੀ ਇਸ ਨਿਰੋਲ ਨਾਵੇਂ ਖਾਤੇ ਬਾਕੀ ਵਿਚ 1983-84 ਦੀ ਸਾਲਾਨਾ ਯੋਜਨਾ ਦੇ ਆਕਾਰ ਵਿਚ ਸਾਲ 1982-83 ਨਾਲੋਂ 55.00 ਕਰੋੜ ਰੁਪਏ ਦਾ ਕੀਤਾ ਵਾਧਾ ਅਤੇ ਨਾਨ-ਪਲਾਨ ਮਾਲ ਖਾਤੇ ਖ਼ਰਚ ਵਿਚ 27.56 ਕਰੋੜ ਰੁਪਏ ਦਾ ਕੀਤਾ ਵਾਧਾ ਸ਼ਾਮਲ ਹੈ। ਇਨ੍ਹਾਂ ਖ਼ਰਚਿਆਂ ਨੂੰ ਮਾਲ ਖਾਤੇ ਪ੍ਰਾਪਤੀਆਂ ਵਿਚ ਵਾਧਾ ਕਰ ਕੇ ਅਤੇ ਹੋਰਨਾਂ ਲੇਖਿਆਂ ਵਿਚ ਸੁਧਾਰ ਕਰਕੇ ਕੁਝ ਹੱਦ ਤੱਕ ਪੂਰਾ ਕੀਤਾ ਗਿਆ ਹੈ। ਸਾਲ 1982-83 ਵਿਚ 14 ਕਰੋੜ ਰੁਪਏ ਦੀ ਪੂਰਵ ਅਨੁਮਾਨਿਤ ਨਾਵੇਂ ਖਾਤੇ ਬਾਕੀ ਨੂੰ ਸ਼ਾਮਲ ਕਰ ਕੇ 1983-84 ਦਾ ਸਾਲ 50.00 ਕਰੋੜ ਰੁਪਏ ਦੀ ਨਾਵੇਂ ਖਾਤੇ ਬਾਕੀ ਨਾਲ ਸਮਾਪਤ ਹੋਣ ਦੀ ਆਸ ਹੈ।

ਮਾਲੀ ਯਤਨ

ਜਿਵੇਂ ਕਿ ਮਾਨ ਯੋਗ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਰਾਜ ਸਰਕਾਰ ਦੇ ਵਿਕਾਸਆਤਮਕ ਕਾਰਜਾਂ ਵਿਚ ਹਰ ਸਾਲ ਬਹੁਤ ਵਾਧਾ ਹੁੰਦਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਵੱਖ ਵੱਖ ਵਿਕਾਸ ਆਤਮਕ ਕਾਰਜਾਂ ਵਿਚ ਸਰਗਰਮੀ ਲਿਆਉਣ ਲਈ ਸਾਡੀਆਂ ਯੋਜਨਾਵਾਂ ਲਈ ਵਧੇਰੇ ਰਕਮਾਂ ਦਾ ਉਪਬੰਧ ਕਰਨ ਦੀ ਲੋੜ ਹੁੰਦੀ ਹੈ। ਇਸ ਉਦੇਸ਼ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਚਾਲੂ ਸਾਲ ਦੇ ਦੌਰਾਨ 385 ਕਰੋੜ ਰੁਪਏ ਦੇ ਪੂਰਵ-ਅਨੁਮਾਨਿਤ ਖ਼ਰਚੇ ਦੇ ਮੁਕਾਬਲੇ ਤੇ ਸਾਲ 1983-84 ਲਈ 440 ਕਰੋੜ ਰੁਪਏ ਦਾ ਯੋਜਨਾਗਤ ਖ਼ਰਚਾ ਨਿਸਚਿਤ ਕੀਤਾ ਜਾ ਰਿਹਾਂ ਹੈ ਜਿਸ ਨਾਲ 14.3% ਦਾ ਵਾਧਾ ਹੁੰਦਾ ਹੈ। ਰਾਜ ਸਰਕਾਰ ਨੇ ਮਾਲੀ ਔਕੜਾਂ ਦੇ ਬਾਵਜੂਦ ਯੋਜਨਾ ਬੰਦੀ ਕਮਿਸ਼ਨ ਨੂੰ ਰਾਜ ਦੇ ਅਤੇ ਰਾਸ਼ਟਰੀ ਆਰਥਿਕਤਾ ਦੇ ਸਮੁਚੇ ਹਿਤ ਲਈ ਵੀ ਉਚੇਰੇ ਪੱਧਰ ਦੇ

Original with;
Punjab Vidhan Sabha
Digitized by;
Panjab Digital Library

ਯੋਜਨਾ ਖ਼ਰਚੇ ਦੀ ਲੋੜ ਲਈ ਰਜ਼ਾਮੰਦ ਕੀਤਾ ਹੈ । ਪ੍ਰਾਪਤ 404 ਕਰੋੜ ਰੁਪਏ ਜਿਨ੍ਹਾਂ ਵਿਚ
ਚਾਲੂ ਸਾਲ ਦੇ 14 ਕਰੋੜ ਰੁਪਏ ਦਾ ਪੂਰਵ ਅਨੁਮਾਨਿਤ ਘਾਟਾ ਸ਼ਾਮਲ ਨਹੀਂ ਹੈ, ਦੇ ਮੁਕਾਬਲੇ
ਤੇ 440 ਕਰੋੜ ਰੁਪਏ ਦੀ ਯੋਜਨਾ ਪਰਵਾਨ ਕਰਵਾਈ ਗਈ ਹੈ । ਵਾਸਤਵ ਵਿਚ ਕੇਵਲ 390
ਕਰੋੜ ਰੁਪਏ ਦੇ ਸਾਧਨ ਹੀ ਪ੍ਰਾਪਤ ਹੋਣਗੇ । ਇਸ ਲਈ 1983-84 ਦੀ 440 ਕਰੋੜ ਰੁਪਏ ਦੀ
ਯੋਜਨਾ ਨੂੰ ਲਾਗੂ ਕਰਨ ਲਈ ਵਿੱਤੀ ਸਾਧਨਾਂ ਵਿਚ 50 ਕਰੋੜ ਰੁਪਏ ਦਾ ਖੱਪਾ ਹੈ ।

ਰੀਜ਼ਰਵ ਬੈਂਕ ਆਫ ਇੰਡੀਆ ਦੀ ਓਵਰ ਡਰਾਫਟਸ ਵਿਨਿਯਮ ਸਕੀਮ ਅਨੁਸਾਰ 7 ਕਾਰਜੀ
ਦਿਨਾਂ ਤੋਂ ਵੱਧ ਲਈ ਓਵਰ ਡਰਾਫਟ ਦੀ ਆਗਿਆ ਨਹੀਂ ਦਿਤੀ ਜਾ ਸਕਦੀ । ਇਸ ਲਈ
50 ਕਰੋੜ ਰੁਪਏ ਦੇ ਇਸ ਖੱਪੇ ਨੂੰ ਪੂਰਾ ਕਰਨ ਲਈ ਨਵੇਂ ਸਾਧਨ ਜੁਟਾਉਣ ਦੀ ਲੋੜ ਹੈ ।
ਇਸ ਨਿਸ਼ਾਨੇ ਦੀ ਪੂਰਤੀ ਲਈ ਸਾਲ 1983-84 ਦੇ ਦੌਰਾਨ ਗ਼ੈਰ ਟੈਕਸ ਮਾਲੀ ਵਸੂਲੀਆਂ
ਵਧਾਈਆਂ ਜਾਣਗੀਆਂ ਅਤੇ ਗ਼ੈਰਯੋਜਨਾ ਖ਼ਰਚ ਵਿਚ ਬੱਚਤ ਕੀਤੀ ਜਾਵੇਗੀ । ਇਸ ਨਾਲ ਅਸੀਂ
ਯੋਜਨਾਬੰਦੀ ਕਮਿਸ਼ਨ ਨਾਲ ਕੀਤਾ ਆਪਣਾ ਵਚਨ ਵੀ ਪੂਰਾ ਕਰ ਸਕਾਂਗੇ ਅਤੇ ਨਿਸਚਿਤ ਸਕੀਮਾਂ
ਤੋਂ ਵੱਧ ਓਵਰ ਡਰਾਫਟ ਕਰਨ ਤੋਂ ਵੀ ਸੰਕੋਚ ਕਰ ਸਕਾਂਗੇ ।

ਉਪਰੋਕਤ ਤੱਥਾਂ ਅਤੇ ਵਿਚਾਰਾਂ ਨੂੰ ਧਿਆਨ ਵਿਚ ਰਖਦਿਆਂ ਮਾਲੀ ਸਾਧਨਾਂ ਵਿਚਲੇ ਇਸ
ਖੱਪੇ ਨੂੰ ਪੂਰਾ ਕਰਨ ਲਈ ਪੂਰੇ ਸਾਲ ਦੇ ਦੌਰਾਨ ਟੈਕਸ-ਰਹਿਤ ਨਿਮਨ ਸਾਧਨ ਜੁਟਾਉਣ
ਦੀ ਤਜਵੀਜ਼ ਹੈ (ਥੰਪਿੰਗ) :—

| | | | |
|---|---|---|---|
| | | | (ਰੁਪਏ ਕਰੋੜਾਂ ਵਿਚ) |
| (1) | ਨਿਕਾਸੀ ਜ਼ਮੀਨ ਦੀ ਵਿਕਰੀ ਤੋਂ ਅਧਿਕ ਆਮਦਨ | .. | 5.00 |
| (2) | ਸਰਕਾਰ ਦੀਆਂ ਸ਼ਹਿਰੀ ਵਾਫ਼ਰ ਅਤੇ ਨਾ ਵਰਤੀਆਂ ਜਾਂਦੀਆਂ ਸੰਪਤੀਆਂ ਨੂੰ ਵੇਚ ਕੇ (ਵਿਘਨ) | ... | 5.00 |
| (3) | ਛੋਟੀਆਂ ਬੱਚਤਾਂ ਸਕੀਮ ਅਧੀਨ ਉਗਰਾਹੀਆਂ ਵਿਚ ਵਾਧਾ ਕਰ ਕੇ | | 5.00 |
| (4) | ਸ਼ਹਿਰੀ ਵਿਕਾਸ ਖੇਤਰ ਦੀਆਂ ਸਕੀਮਾਂ | ... | 20.00 |
| (5) | ਨਗਰ ਨਿਗਮਾਂ/ਕਮੇਟੀਆਂ ਦੇ ਮਾਲੀ ਸਾਧਨਾਂ ਵਿਚ ਸੁਧਾਰ ਲਿਆ ਕੇ | ... | 2,00 |
| (6) | ਦਿਹਾਤੀ ਵਿਕਾਸ ਲਈ ਆਮਦਨ ਕਰ ਛੋਟ ਸਕੀਮ ਅਧੀਨ ਸਵੈ ਇਛਕ ਯੋਗਦਾਨ ਤੋਂ ਆਮਦਨ | ... | 5.00 |
| (7) | ਸਿੰਜਾਈ, ਬਿਜਲੀ ਅਤੇ ਲੋਕ-ਨਿਰਮਾਣ ਵਿਭਾਗਾਂ ਦੇ ਰੱਦੀ ਅਤੇ ਵਾਫ਼ਰ ਸਟੋਰਾਂ ਆਦਿ ਦੀ ਨੀਲਾਮੀ ਰਾਹੀਂ | | 3.00 |
| (8) | ਹੋਰ ਉਪਾਅ, ਕਰ ਵਸੂਲੀਆਂ ਵਧਾ ਕੇ ਅਤੇ ਨਾਨ ਪਲਾਨ ਖਰਚਿਆਂ ਵਿਚ ਬਚੱਤ ਕਰ ਕੇ | ... | 5.00 |
| | ਜੋੜ | ... | 50.00 |

(ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਨ੍ਹਾਂ ਮਾਲੀ ਸਾਧਨਾਂ ਨਾਲ ਆਉਣ ਵਾਲੇ ਸਾਲਾਂ ਵਿਚ ਕੋਈ ਸਥਾਈ ਆਮਦਨ ਨਹੀਂ ਹੋਵੇਗੀ। ਇਸ ਲਈ ਇਹ ਜ਼ਰੂਰੀ ਹੈ ਕਿ ਨਿਤ ਵਧਦੇ ਅਣ ਲਾਹੇਵੰਦ ਅਤੇ ਫ਼ਜ਼ਲ ਖ਼ਰਚਾਂ ਨੂੰ ਘਟਾਉਣ ਲਈ ਕਾਰਗਰ ਕਾਰਵਾਈਆਂ ਕੀਤੀਆਂ ਜਾਣ ਅਤੇ ਮੌਜੂਦਾ ਕਰਾਂ ਅਤੇ ਲੈਵੀਜ਼ ਤੋਂ ਵੱਧ ਤੋਂ ਵਧ ਉਗਰਾਹੀਆਂ ਕੀਤੀਆਂ ਜਾਣ।

ਉਕਤ ਦਰਸਾਏ ਹੋਰ ਮਾਲੀ ਸਾਧਨ ਜੁਟਾਉਣ ਲਈ ਉਕਤ ਦੱਸੇ ਉਪਾਵਾਂ ਵਿਚ ਕਿਸੇ ਨਾ ਟਾਲੇ ਜਾ ਸਕਣ ਵਾਲੇ ਕਾਰਜਾਂ ਕਰ ਕੇ ਹੋਈ ਕਮੀ ਨੂੰ ਪੂਰਾ ਕਰਨ ਅਤੇ ਸਾਲ ਦੇ ਦੌਰਾਨ ਬਜਟ ਉਪਰੰਤ ਕੀਤੇ ਗਏ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਲੋੜੀਂਦੇ ਵਧੀਕ ਖ਼ਰਚੇ ਦੀ ਲੋੜ ਦਾ ਧਿਆਨ ਰਖਦਿਆਂ ਇਹ ਜ਼ਰੂਰੀ ਹੈ ਕਿ ਸਾਡੇ ਸਤਿਕਾਰ ਯੋਗ ਪ੍ਰਧਾਨ ਮੰਤਰੀ ਜੀ ਵੱਲੋਂ ਸਾਡੇ ਸਤਿਕਾਰ ਯੋਗ ਮੁੱਖ ਮੰਤਰੀ ਜੀ ਨੂੰ ਪਿੱਛੇ ਜਿਹੇ ਲਿਖੇ ਗਏ ਪੱਤਰ ਦੀ ਰੌਸ਼ਨੀ ਵਿਚ ਅਸੀਂ ਫ਼ਜ਼ੂਲ ਖਰਚਿਆਂ ਨੂੰ ਰੋਕੀਏ ਅਤੇ ਧਨ ਨੂੰ ਅਜਾਈਂ ਗਵਾਉਣ ਤੋਂ ਸੰਕੋਚ ਕਰੀਏ। ਇਸ ਆਸ਼ੇ ਦੀ ਪੂਰਤੀ ਲਈ ਸਾਲ 1983-84 ਦੇ ਦੌਰਾਨ ਗ਼ੈਰ-ਯੋਜਨਾਗਤ ਖਰਚੇ ਦੇ ਨਾਨ-ਕਮਿਟਿਡ ਹਿੱਸੇ ਤੇ ਘੱਟੋ ਘੱਟ 5% ਪ੍ਰਤੀਸ਼ਤ ਦੀ ਕਟੌਤੀ ਕਰਨ ਦੀ ਤਜਵੀਜ਼ ਹੈ। ਇਸ ਨਾਲ ਉਕਤ ਦੱਸੇ ਅਚੇਤ ਖਰਚੇ ਨੂੰ ਪੂਰਾ ਕਰਨ ਲਈ ਸਾਰੇ ਸਾਲ ਵਿਚ 20 ਕਰੋੜ ਰੁਪਏ ਦੀ ਬੱਚਤ ਹੋਣ ਦੀ ਗੁੰਜਾਇਸ਼ ਰਹੇਗੀ।

ਇਹ ਵੀ ਮਹਿਸੂਸ ਕੀਤਾ ਗਿਆ ਹੈ ਕਿ ਛੋਟੀਆਂ ਬੱਚਤਾਂ ਸਕੀਮਾਂ ਅਧੀਨ ਵਸੂਲੀਆਂ ਕਾਫੀ ਵਧਾਉਣ ਦੀ ਗੁੰਜਾਇਸ਼ ਹੈ ਇਸ ਨਾਲ ਬਜਟ ਵਿਚ ਇਸ ਮੱਦ ਅਧੀਨ ਦਰਸਾਈ ਰਕਮ ਤੋਂ 5 ਕਰੋੜ ਰੁਪਏ ਅਧਿਕ ਵਸੂਲ ਹੋਣ ਦੀ ਆਸ ਹੈ। ਇਸ ਸਾਧਨ ਤੋਂ ਹੋਰ ਵਧੇਰੇ ਉਗਰਾਹੀਆਂ ਕਰਨ ਲਈ ਇਕ ਜ਼ੋਰਦਾਰ ਮੁਹਿੰਮ ਸ਼ੁਰੂ ਕਰਨ ਦੀ ਤਜਵੀਜ਼ ਹੈ। ਇਸ ਮੁਹਿੰਮ ਨੂੰ ਲੋਕ ਲਹਿਰ ਦਾ ਰੂਪ ਦਿਤਾ ਜਾਵੇਗਾ ਜਿਸ ਵਿਚ ਸਵੈ ਇਛਕ ਤੌਰ ਤੇ ਵੱਖ ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਅਤੇ ਆਮ ਲੋਕਾਂ ਨੂੰ ਹਰ ਪੱਧਰ ਤੇ ਸ਼ਾਮਲ ਹੋਣ ਲਈ ਉਤਸਾਹਿਤ ਕੀਤਾ ਜਾਵੇਗਾ।

ਵੱਖ ਵੱਖ ਸਰਕਾਰੀ ਖੇਤਰਾਂ ਦੇ ਅਦਾਰਿਆਂ ਅਤੇ ਬੋਰਡਾਂ ਦੁਆਰਾ ਲਏ ਜਾਂਦੇ ਭਾਰੀ ਕਰਜ਼ਿਆਂ ਲਈ ਰਾਜ ਸਰਕਾਰ ਹਰ ਸਾਲ ਗਰੰਟੀ ਦਿੰਦੀ ਹੈ। ਰਾਜ ਸਰਕਾਰ ਇਸ ਗਰੰਟੀ ਲਈ 1/2 ਪ੍ਰਤੀਸ਼ਤ ਦੀ ਦਰ ਤੇ ਨਾਂ-ਮਾਤਰ ਗਰੰਟੀ ਫੀਸ ਵਸੂਲ ਕਰਦੀ ਹੈ। ਕਈ ਵਾਰ ਅਜਿਹੇ ਮੌਕੇ ਵੀ ਪੈਦਾ ਹੋ ਜਾਂਦੇ ਹਨ ਜਦੋਂ ਰਾਜ ਸਰਕਾਰ ਨੂੰ ਉਧਾਰ ਲੈਣ ਵਾਲੇ ਅਦਾਰਿਆਂ ਵੱਲੋਂ ਦੇਣਦਾਰੀ ਨੂੰ ਪੂਰਾ ਕਰਨਾ ਪੈਂਦਾ ਹੈ ਅਤੇ ਇਸ ਤਰ੍ਹਾਂ ਕਰਜ਼ੇ ਦੇ ਦੇਣ ਲੈਣ ਦੀਆਂ ਕਾਰਵਾਈਆਂ ਤੇ ਖਰਚ ਵਿਚ ਵਾਧਾ ਹੋ ਜਾਂਦਾ ਹੈ। ਇਸ ਕਾਰਨ ਹੋਣ ਵਾਲੇ ਕਿਸੇ ਨੁਕਸਾਨ ਤੋਂ ਬਚਣ ਲਈ ਇਸ ਗਰੰਟੀ ਫੀਸ ਨੂੰ ਥੋੜਾ ਜਿੰਨਾ ਹੋਰ ਵਧਾ ਕੇ 1 ਪ੍ਰਤੀਸ਼ਤ ਕਰ ਦੇਣ ਦੀ ਸੰਭਾਵਨਾ ਤੇ ਵਿਚਾਰ ਕੀਤਾ ਜਾਣ ਦੀ ਤਜਵੀਜ਼ ਹੈ।

ਰਾਜ ਦੀ ਮਾਲੀ ਨੀਤੀ ਦਾ ਧੁਰਾ ਮੌਜੂਦਾ ਟੈਕਸਾਂ, ਕਰਾਂ ਦੇ ਪ੍ਰਬੰਧ ਨੂੰ ਪੁਰਅਸਰ ਅਤੇ ਸੁਯੋਗ ਬਣਾਉਣਾ ਹੈ ਤਾਂ ਜੋ ਇਸ ਰਾਹੀਂ ਉਨ੍ਹਾਂ ਦੀ ਵੱਧ ਤੋਂ ਵੱਧ ਵਸੂਲੀ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਹੋਰ ਨਵੇਂ ਟੈਕਸ ਲਗਾਉਣ ਦੀ ਲੋੜ ਘਟੋ ਘੱਟ ਰਹਿ ਜਾਵੇ। ਇਸ ਕਾਰਜ ਲਈ ਕਾਨੂੰਨਾਂ ਨੂੰ ਆਸਾਨ ਬਣਾਉਣ, ਕਾਰਜ ਪ੍ਰਣਾਲੀ ਦੀਆਂ ਕਮੀਆਂ ਨੂੰ ਦੂਰ ਕਰਨ ਅਤੇ ਪ੍ਰਬੰਧਕੀ ਅੜਚਣਾਂ ਨੂੰ ਦੂਰ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਅਹਿਮੀਅਤ ਬਹੁਤ ਵੱਧ ਜਾਂਦੀ ਹੈ। ਉਪਰੋਕਤ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਵਿਕਰੀ-ਟੈਕਸ ਕਾਨੂੰਨਾਂ ਅਧੀਨ ਨਿਮਨ ਕਾਰਵਾਈਆਂ ਕੀਤੀਆਂ ਗਈਆਂ ਹਨ :—

(i) ਥੋੜੇ ਖਰਚੇ ਨਾਲ ਨਿਸਚਿਤ ਆਮਦਨ ਨੂੰ ਇਕੱਠਾ ਕਰਨ ਲਈ ਦੀਵਾਰੀ ਘੜੀਆਂ, ਟਾਈਮ ਪੀਸਾਂ ਅਤੇ ਘੜੀਆਂ ਉੱਤੇ ਅੰਤਮ ਪੜਾਅ ਤੇ ਟੈਕਸ ਲਗਾਉਣ ਦੀ ਥਾਵੇਂ

Original with;
Punjab Vidhan Sabha
Digitized by;
Panjab Digital Library

ਪਹਿਲੇ ਪੜਾਅ ਤੇ ਟੈਕਸ ਲਗਾਇਆ ਜਾਵੇਗਾ। ਇਸੇ ਤਰ੍ਹਾਂ ਹੀ ਡਰਾਈ ਬੈਟਰੀ ਸੈਲਾਂ ਉੱਤੇ ਵੀ ਪਹਿਲੇ ਪੜਾਅ ਤੇ ਹੀ ਟੈਕਸ ਲਾਉਣ ਦੀ ਤਜਵੀਜ਼ ਹੈ। ਹੋਰ ਵਧੇਰੇ ਮੱਦਾਂ ਖਾਸ ਤੌਰ ਤੇ ਰਾਜ ਅੰਦਰ ਬਣਾਈਆਂ ਜਾਣ ਵਾਲੀਆਂ ਵਸਤਾਂ ਉੱਤੇ ਵੀ ਉਪਰੋਕਤ ਅਨੁਸਾਰ ਟੈਕਸ ਲਗਾਉਣ ਦੀ ਉਪਯੁਕਤਤਾ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ;

(ii) ਟੈਕਸ ਦਰਾਂ ਦੀਆਂ 9 ਸਲੈਬਾਂ ਲੱਗੀਆਂ ਹੋਣ ਕਾਰਨ ਨਾ ਸਿਰਫ ਵਪਾਰੀਆਂ ਨੂੰ ਲੇਖਾ ਜੋਖਾ ਰੱਖਣ ਅਤੇ ਰਿਟਰਨਾਂ ਭਰਨ ਵਿਚ ਹੀ ਦਿੱਕਤ ਪੇਸ਼ ਆਉਂਦੀ ਹੈ ਬਲਕਿ ਕਰ ਨਿਰਧਾਰਣ ਅਧਿਕਾਰੀਆਂ ਨੂੰ ਵੀ ਟੈਕਸ ਦੀ ਸਹੀ ਰਕਮ ਵਸੂਲ ਕਰਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ, ਵਿਕਰੀ ਟੈਕਸ ਢਾਂਚੇ ਨੂੰ ਹੁਣ ਤਰਕ-ਸੰਗਤ ਬਣਾ ਦਿਤਾ ਗਿਆ ਹੈ ਅਤੇ ਸਲੈਬਾਂ ਦੀ ਗਿਣਤੀ ਘਟਾ ਕੇ 5 ਕਰ ਦਿੱਤੀ ਗਈ ਹੈ ;

(iii) ਵਿਕਰੀ ਟੈਕਸ ਦੀ ਚੋਰੀ ਨੂੰ ਰੋਕਣ ਲਈ ਪੜਤਾਲੀ ਚੌਕੀਆਂ ਦੀ ਪ੍ਰਣਾਲੀ ਨੂੰ ਬਹਾਲ ਕਰਕੇ ਰਾਜ ਦੇ ਅਹਿਮ ਦਾਖ਼ਲਾ ਪੁਆਇੰਟਾਂ ਤੇ ਕਾਇਮ ਕੀਤਾ ਜਾ ਰਿਹਾ ਹੈ ;

(iv) ਟੈਕਸਾਂ ਦੀ ਚੋਰੀ ਦਾ ਪਤਾ ਲਗਾਉਣ ਲਈ ਕੰਪਿਊਟਰ ਸੇਵਾਵਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਡੀਲਰਾਂ ਦੀਆਂ ਮਾਸਟਰ ਫਾਈਲਾਂ ਤਿਆਰ ਕਰਨ ਅਤੇ ਰਜਿਸਟਰਡ ਡੀਲਰਾਂ ਦਰਮਿਆਨ ਲੈਣ-ਦੇਣ ਦੀ ਕਰਾਸ ਤਸਦੀਕ ਲਈ ਇਸ ਸੇਵਾ ਦੀ ਖਾਸ ਤੌਰ ਤੇ ਵਰਤੋਂ ਕੀਤੀ ਜਾ ਰਹੀ ਹੈ;

(v) ਸਰਕਾਰੀ/ਗੁਪਤ ਛਾਪੇ ਅਤੇ ਲੜੀਵਾਰ ਨੰਬਰ ਲੱਗੇ ਫਾਰਮ ਐਸ-xxii ਅਤੇ ਐਸ. ਟੀ. xxii-ਏ ਚਾਲੂ ਕਰ ਦਿਤੇ ਗਏ ਹਨ। ਇਨ੍ਹਾਂ ਫਾਰਮਾਂ ਨੂੰ ਜਾਰੀ ਕਰਨ ਦੀ ਚਾਰਜ-ਵਿਧੀ ਨੂੰ ਚੰਗੇਰਾ ਬਣਾ ਦਿਤਾ ਗਿਆ ਹੈ;

(vi) ਚੰਡੀਗੜ੍ਹ ਦੇ ਸਬੰਧ ਵਿਚ ਅੰਤਰ-ਰਾਜੀ ਲੈਣ-ਦੇਣ ਦੇ ਕੇਂਦਰੀ ਵਿਕਰੀ ਕਰ ਦੀ ਰਿਆਇਤੀ ਦਰ ਨੂੰ ਸਮਾਪਤ ਕਰਕੇ ਹਰਿਆਣਾ ਵਲੋਂ ਲਾਗੂ ਦਰ ਦੇ ਬਰਾਬਰ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਨਾਲ ਅੰਤਰ-ਰਾਜੀ ਲੈਣ-ਦੇਣ ਉੱਤੇ ਕੇਂਦਰੀ ਵਿਕਰੀ ਟੈਕਸ ਦੀ 1% ਦੀ ਰਿਆਇਤੀ ਦਰ ਕੁਝ ਇਕ ਮੱਦਾਂ ਦੇ ਸਬੰਧ ਵਿਚ ਸਮਾਪਤ ਕਰ ਦਿਤੀ ਗਈ ਹੈ ਅਤੇ ਕੁਝ ਇਕ ਵਸਤਾਂ ਦੇ ਸਬੰਧ ਵਿਚ ਵਧਾ ਕੇ 2% ਕਰ ਦਿਤੀ ਗਈ ਹੈ। ਇਨ੍ਹਾਂ ਉਪਾਵਾਂ ਰਾਹੀਂ ਸਰਕਾਰੀ ਖਜ਼ਾਨੇ ਨੂੰ 1 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੋਵੇਗੀ।

ਇਸੇ ਤਰ੍ਹਾਂ ਕਾਨੂੰਨ ਦੀਆਂ ਖਾਮੀਆਂ ਦੂਰ ਕਰਨ ਅਤੇ ਕੁਝ ਇਕ ਹੋਰ ਟੈਕਸ ਕਾਨੂੰਨਾਂ/ਵਿਸ਼ੇਸ਼ ਰੂਪ ਵਿਚ ਪੰਜਾਬ ਮੁਸਾਫਿਰ ਟੈਕਸ ਅਤੇ ਸਿਨਮਾ-ਘਰਾਂ ਤੇ ਲੱਗਣ ਵਾਲੇ ਮਨੋਰੰਜਨ ਕਰ ਆਦਿ ਦੀ ਚੋਰੀ ਨੂੰ ਰੋਕਣ ਵਾਸਤੇ ਇਹ ਤਜਵੀਜ਼ ਕੀਤਾ ਗਿਆ ਹੈ ਕਿ ਇਨ੍ਹਾਂ ਟੈਕਸਾਂ ਦੇ ਲਾਉਣ ਅਤੇ ਵਸੂਲਣ ਦੇ ਬੁਨਿਆਦੀ ਢੰਗ ਨੂੰ ਹੀ ਤਬਦੀਲ ਕਰਕੇ ਸੀਟਾਂ ਦੀ ਗਿਣਤੀ ਅਨੁਸਾਰ ਯਕ-ਮੁਸ਼ਤ ਟੈਕਸ ਲਗਾਉਣ ਅਤੇ ਉਸ ਵਿਚ ਭਵਿੱਖ ਅੰਦਰ ਹੋਰ ਟੈਕਸ ਘਟਾਉਣ-ਵਧਾਉਣ ਦੀ ਉਪਯੁਕਤਤਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਤੇ ਉਚਿਤਤਾ ਬਾਰੇ ਵਿਚਾਰ ਕੀਤਾ ਹੈ। ਜਦੋਂ ਤੋਂ ਹੱਕ-ਸ਼ੁਫਾ ਕਾਨੂੰਨ ਮਨਸੂਖ ਕੀਤਾ ਗਿਆ ਹੈ, ਅਸ਼ਟਾਮ ਕਰ ਦੀ ਚੋਰੀ ਬਹੁਤ ਵਧ ਗਈ ਹੈ। ਇਸ ਲਈ ਇਸ ਕਰ ਦੀ ਚੋਰੀ ਨੂੰ ਰੋਕਣ ਲਈ ਉਚਿਤ ਕਾਰਵਾਈਆਂ ਕਰਨ ਦੀ ਤਜਵੀਜ਼ ਹੈ।

ਮੈਨੂੰ ਵਿਸ਼ਵਾਸ ਹੈ ਕਿ ਉਕਤ ਦਰਜ ਮਾਲੀ ਨੀਤੀਆਂ ਅਪਨਾਉਣ ਨਾਲ ਰਾਜ ਦੇ ਮਾਲੀ ਸਾਧਨਾਂ ਵਿਚ ਨਿਰੰਤਰ ਸੁਧਾਰ ਆਵੇਗਾ ਅਤੇ ਇਸ ਨਾਲ ਆਉਣ ਵਾਲੇ ਸਾਲਾਂ ਵਿਚ ਮਾਲੀ ਸਥਿਰਤਾ ਆਵੇਗੀ ।

ਮਾਨਯੋਗ ਮੈਂਬਰ ਸਾਹਿਬਾਨ ਮੇਰੇ ਨਾਲ ਸਹਿਮਤ ਹੋਣਗੇ ਕਿ ਰਾਜ ਦੇ ਤੇਜ਼ੀ ਨਾਲ ਵਿਕਾਸ ਕਰਨ ਲਈ ਸੁਖਾਵੇਂ ਅਤੇ ਸ਼ਾਂਤਮਈ ਆਰਥਿਕ ਮਾਹੌਲ ਦੀ ਲੋੜ ਹੁੰਦੀ ਹੈ। ਮੰਦੇ ਭਾਗਾਂ ਨੂੰ ਰਾਜ ਦੇ ਮਾਹੌਲ ਨੂੰ ਗੰਧਲਾ ਬਣਾਉਣ ਲਈ ਕੁਝ ਸ਼ਰਾਰਤੀ ਅਨਸਰਾਂ ਨੇ ਲਗਾਤਾਰ ਅਤੇ ਜਾਣ ਬੁਝ ਕੇ ਜਤਨ ਕੀਤੇ ਹਨ। ਕੁਝ ਵੱਖਵਾਦੀ, ਸ਼ੰਕੀਰਣ, ਅਤਿਵਾਦੀ ਅਤੇ ਫਿਰਕੂ ਅਨਸਰ ਬਹੁਤ ਹੀ ਸਰਗਰਮ ਰਹੇ ਹਨ, ਜਿਨ੍ਹਾਂ ਦੀਆਂ ਕੋਝੀਆਂ ਹਰਕਤਾਂ ਕਾਰਨ ਰਾਜ ਵਿਚ ਸੰਪਰਦਾਇਕ ਮੇਲ-ਮਿਲਾਪ ਭੰਗ ਹੋਣ ਦਾ ਖਤਰਾ ਬਣਿਆ ਰਿਹਾ ਹੈ। ਅਜਿਹੀਆਂ ਕੋਝੀਆਂ ਸਰਗਰਮੀਆਂ ਧਰਮ-ਨਿਰਪਖਤਾ ਤੇ ਕੌਮੀ-ਏਕਤਾ ਦੇ ਸਿਧਾਂਤਾਂ ਦੇ ਉਲਟ ਹੈ। ਰਾਜ ਸਰਕਾਰ ਇਸ ਗੱਲ ਲਈ ਬਜਾ ਤੌਰ ਤੇ ਫਖਰ ਕਰ ਸਕਦੀ ਹੈ ਕਿ ਉਸਨੇ ਅਜਿਹੀਆਂ ਫਾਹੂ ਸਰਗਰਮੀਆਂ ਦੇ ਬਾਵਜਦ ਰਾਜ ਵਿਚ ਵਿਕਾਸ-ਕਾਰਜਾਂ ਦੀ ਗਤੀ ਵਿਚ ਢਿਲ ਨਹੀਂ ਆਉਣ ਦਿੱਤੀ (ਥੰਪਿੰਗ)। ਹਰ ਸਾਲ ਅਸੀਂ ਆਪਣੀਆਂ ਵਾਰਸ਼ਿਕ ਯੋਜਨਾਵਾਂ ਦਾ ਅਕਾਰ ਵਧਾਉਂਦੇ ਰਹੇ ਹਾਂ ਅਤੇ ਇਨ੍ਹਾਂ ਨੂੰ ਪੂਰਨ ਤੌਰ ਤੇ ਨੇਪਰੇ ਚਾੜ੍ਹਦੇ ਰਹੇ ਹਾਂ। ਜਿੱਥੇ ਵੀ ਸੰਭਵ ਹੋ ਸਕਿਆ ਹੈ ਅਸੀਂ ਹੋਰ ਮਾਲੀ ਸਾਧਨ ਜੁਟਾਉਣ ਤੋਂ ਗੁਰੇਜ਼ ਨਹੀਂ ਕੀਤਾ। ਰਾਜ ਦੇ ਮਾਲੀ ਸਾਧਨਾਂ ਦੀ ਸੁਯੋਗ ਅਤੇ ਪ੍ਰਭਾਵਸ਼ਾਲੀ ਵਰਤੋਂ ਕਰਕੇ ਅਸੀਂ ਆਪਣੀ ਅਰਥ-ਵਿਵਸਥਾ ਵਿਚ ਹੋਰ ਸੁਧਾਰ ਲਿਆਉਣ ਦੇ ਸਮਰੱਥ ਹੋਏ ਹਾਂ। ਇਸ ਸਬੰਧ ਵਿਚ ਰਾਜ ਸਰਕਾਰ ਨੂੰ ਕੇਂਦਰੀ ਸਰਕਾਰ ਵਲੋਂ ਲੋੜ ਵੇਲੇ ਖੁਲ-ਦਿਲੀ ਨਾਲ ਮਿਲੀ ਮਾਲੀ ਸਹਾਇਤਾ ਲਈ ਅਸੀਂ ਕੇਂਦਰੀ ਸਰਕਾਰ ਦੇ ਬਹੁਤ ਮਸ਼ਕੂਰ ਹਾਂ। ਪੰਜਾਬ ਦੇ ਸਮਝਦਾਰ ਲੋਕਾਂ ਨੂੰ ਵੀ ਇਸ ਗਲ ਦਾ ਮਾਣ ਪ੍ਰਾਪਤ ਹੈ ਕਿ ਇਨ੍ਹਾਂ ਨੇ ਅਜਿਹੀਆਂ ਫਾਹੂ ਸਰਗਰਮੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਰਾਜ ਦੇ ਆਰਥਿਕ ਵਿਕਾਸ ਦੇ ਮਹਾਨ ਕਾਰਜ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਹੈ।

ਧੰਨਵਾਦ

ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ ਮੈਂ ਵਿਤੀ ਸਕੱਤਰ ਅਤੇ ਵਿੱਤੀ ਵਿਭਾਗ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ ਜਿਨ੍ਹਾਂ ਦੀ ਅਣਥਕ ਮਿਹਨਤ ਅਤੇ ਲਗਨ ਨਾਲ ਕੀਤੇ ਕੰਮ ਸਦਕਾ ਮੈਂ ਅੱਜ ਬਜਟ ਪੇਸ਼ ਕਰ ਸਕਿਆ ਹਾਂ। ਮੈਂ ਅਕਾਉਂਟੈਂਟ ਜਨਰਲ, ਪੰਜਾਬ ਦੀ ਬਹੁਮੁੱਲੀ ਸਹਾਇਤਾ ਅਤੇ ਕੰਟਰੋਲਰ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ, ਚੰਡੀਗੜ੍ਹ ਅਤੇ ਉਨ੍ਹਾਂ ਦੇ ਸਟਾਫ, ਜਿਨ੍ਹਾਂ ਨੇ ਬਜਟ ਛਾਪਣ ਵਿਚ ਪੂਰਨ ਸਹਿਯੋਗ ਦਿਤਾ ਹੈ, ਦਾ ਵੀ ਧੰਨਵਾਦੀ ਹਾਂ।

ਸ੍ਰੀਮਾਨ ਜੀ, ਹੁਣ ਮੈਂ ਸਾਲ 1983-84 ਲਈ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ (ਥੰਪਿੰਗ)।

ਜੈ ਹਿੰਦ

Original with;
Punjab Vidhan Sabha
Digitized by;
Panjab Digital Library

**Mr. Speaker** : The House stands adjourned till 9.00 A.M. on Wednesday, the 16th March, 1983.

11.28 A.M. | (*The Sabha then adjourned till* 9.00 *A.M. on Wednesday, the* 16*th March*, 1983)

12361/PVS—Govt. Press, Chd.

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1983

Published under the authority of the Punjab Vidhan Sabha and Printed by the Controller, Government Press, Chandigarh.

Original with;
Punjab Vidhan Sabha
Digitized by;
Punjab Digital Library

8

# Punjab Vidhan Sabha Debates

*16th March, 1983*

**OFFICIAL REPORT**

**Vol. VI—No. 8**

Chief Reporter
Punjab Vidhan Sabha
Chandigarh

CONTENTS

| | Page |
|---|---|
| *Wednesday, the 16th March,* 1983 | |
| Starred Questions and Answers .. | (8)1 |
| Written Answers to Starred Questions laid on the Table of the House under Rule 38 .. | (8)20 |
| Unstarred Question and Answer .. | (8)27 |
| Walk-out .. | (8)28 |
| Call Attention Notice under Rule 66 .. | (8)29 |
| Papers laid on the Table .. | (8)30 |
| General Discussion on the Budget Estimates for the year 1983-84 | (8)31 |
| Appendix .. | (i) |

---

Punjab Vidhan Sabha Secretariat, Chandigarh.

Price : Rs. 1·40-90

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Wednesday, the 16th March, 1983**

*The Vidhan Sabha met in the Punjab Vidhan Sabha Hall, Vidhan Bhavan, Chandigarh, at* 9.00 *A.M. of the Clock. Mr. Speaker (Shri Brij Bhushan Mehra) in the Chair.*

---

## STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ: 1938

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਮੁਆਲ ਪੁਟ ਨਹੀਂ ਕੀਤਾ ਗਿਆ)

---

### Starred Question No. 1912*

**Mr. Speaker :** Extension has been asked for in respect of Starred Question No. 1912.

### Bye-laws for recognition of Transport Truck Unions

***1927. Sardar Dilbagh Singh:** Will the Minister of State for Transport be pleased to state—

(a) whether the Government has framed any bye-laws for the recognition of Transport Truck Unions in the State for settlement of disputes amongst them ;

(b) if the reply to part (a) above be in the negative whether the Government proposes to frame any bye laws for setting the dispute amongst the truck unions; if so, the time by which these are likely to be framed.

**Sardar Avtar Singh Gatwali:** (a) & (b) : No, Sir.

**ਸਰਦਾਰ ਦਿਲਬਾਗ ਸਿੰਘ :** ਸਪੀਕਰ ਸਾਹਿਬ, ਸਵਾਲ ਇਹ ਸੀ ਕਿ ਪੰਜਾਬ ਵਿਚ ਟਰੱਕ ਯੂਨੀਅਨ ਦੇ ਲਈ ਬਾਈ-ਲਾਅਜ਼ ਬਨਾਉਣ ਵਾਸਤੇ ਸਰਕਾਰ ਦਖਲ ਦੇਣ ਲਈ ਤਿਆਰ ਹੈ ਔਰ ਟਰੱਕ ਯੂਨੀਅਨ ਵਾਲਿਆਂ ਨੇ ਕਈ ਦਫਾ ਸਰਕਾਰ ਨੂੰ ਲਿਖ ਕੇ ਵੀ ਦਿੱਤਾ ਹੋਇਆ ਹੈ ਕਿ ਸਾਡੇ ਮਾਮਲੇ ਵਿਚ ਦਖਲ ਦੇ ਕੇ ਬਾਈ-ਲਾਅਜ਼ ਬਨਾਉਣ ਦਾ ਇੰਤਜ਼ਾਮ ਕਰੋ ਤਾਕਿ ਜਿਹੜੇ ਰੋਜ਼-ਰੋਜ਼ ਝਗੜੇ ਹੁੰਦੇ ਹਨ ਅਤੇ ਗੋਲੀਆਂ ਚਲਦੀਆਂ ਹਨ ਉਹ ਬੰਦ ਹੋ ਸਕਣ ਅਤੇ ਲਾਅ ਐਂਡ ਆਰਡਰ

---

*For Starred Question No. 1912 and reply thereto please see Appendix to this Debate.

Originated with;
Punjab Vidhan Sabha
Digitized by;
Panjab Digital Library

ਠੀਕ ਰਹਿ ਸਕੇ । ਪਰ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ "ਜੀ ਨਹੀਂ"। ਟਰੱਕ ਯੂਨੀਅਨ ਵਾਲੇ 10 ਕਰੋੜ ਰੁਪਿਆ ਟੈਕਸ ਪੇ ਕਰਦੇ ਹਨ ਔਰ ਇਸ ਇੰਡਸਟਰੀ ਵਿਚ 4 ਅਰਬ ਰੁਪਿਆ ਲਗਾ ਹੋਇਆ ਹੈ ਅਤੇ 3 ਲੱਖ ਆਦਮੀਆਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ ਫੇਰ ਪਤਾ ਨਹੀਂ ਸਰਕਾਰ ਕਿਉਂ ਨਹੀਂ ਦਖਲ ਦੇ ਕੇ ਬਾਈ-ਲਾਅਜ਼ ਬਨਾਉਣ ਲਈ ਤਿਆਰ ਹੈ। ਇਸ ਦੇ ਕੀ ਕਾਰਣ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਗੱਲ ਪੁੱਛੀ ਸੀ, ਉਸ ਦਾ ਜਵਾਬ ਮੈਂ "ਨਾਂ" ਵਿਚ ਦਿੱਤਾ ਹੈ। ਸਰਕਾਰ ਨੇ ਇਹ ਕਦੇ ਨਹੀਂ ਕਿਹਾ ਹੈ ਕਿ ਜਿਥੇ ਝਗੜਾ ਹੋਵੇਗਾ ਉਥੇ ਝਗੜੇ ਨੂੰ ਨਿਪਟਾਉਣ ਲਈ ਦਖਲ ਨਹੀਂ ਦੇਵੇਗੀ। ਹਾਲੇ ਟਰੱਕ ਯੂਨੀਅਨ ਦੇ ਬਾਈ-ਲਾਅਜ਼ ਬਨਾਉਣੇ ਸਰਕਾਰ ਦੇ ਵਿਚਾਰ ਅਧੀਨ ਨਹੀਂ ਹਨ।

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਆਇਆ ਇਹ ਟਰੱਕ ਯੂਨੀਅਨ ਵਾਲਿਆਂ ਲਈ ਬਾਈ-ਲਾਅਜ਼ ਬਨਾਉਣ ਲਈ ਤਿਆਰ ਹਨ ਕਿਉਂਕਿ ਇਸ ਨਾਲ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਲਾਅ ਐਂਡ ਆਰਡਰ ਵੀ ਠੀਕ ਰਹੇਗਾ। ਟਰੱਕ ਯੂਨੀਅਨ ਵਾਲਿਆਂ ਨੇ ਸਰਕਾਰ ਨੂੰ ਲਿਖ ਕੇ ਦਿੱਤਾ ਹੋਇਆ ਹੈ ਅਤੇ ਇਸ ਨੂੰ ਨਾ ਬਨਾਉਣ ਵਿਚ ਸਰਕਾਰ ਨੂੰ ਕੀ ਤਕਲੀਫ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਝਗੜੇ ਨੂੰ ਨਿਪਟਾਉਣ ਲਈ ਸਰਕਾਰ ਨੂੰ ਦਖਲ ਦੇਣ ਵਿਚ ਕੋਈ ਇਤਰਾਜ਼ ਨਹੀਂ ਹੈ।

**ਸ੍ਰੀ ਸਪੀਕਰ** : ਕੀ ਤੁਹਾਨੂੰ ਟਰੱਕ ਯੂਨੀਅਨ ਦੇ ਲਈ ਬਾਈਲਾਅਜ਼ ਬਨਾਉਣ ਵਿਚ ਕੋਈ ਇਤਰਾਜ਼ ਹੈ ? ਇਹ ਸਵਾਲ ਹੈ ਸਰਦਾਰ ਦਿਲਬਾਗ ਸਿੰਘ ਜੀ ਦਾ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀਆਂ ਯੂਨੀਅਨਜ਼ ਹਨ ਇਹ ਕਈ ਰਜਿਸਟਰਡ ਨਹੀਂ ਹਨ ਔਰ ਸਰਕਾਰ ਇਸ ਪਾਸੇ ਜ਼ਰੂਰ ਵਿਚਾਰ ਕਰ ਸਕਦੀ ਹੈ। ਜੇ ਇਹ ਲਿਖ ਕੇ ਸਰਕਾਰ ਨੂੰ ਦੇ ਦੇਣ ਤਾਂ ਸਾਨੂੰ ਵਿਚਾਰ ਕਰਨ ਤੇ ਕੋਈ ਇਤਰਾਜ਼ ਨਹੀਂ ਹੈ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਟਰੱਕ ਯੂਨੀਅਨ ਵਾਲਿਆਂ ਨੇ ਪਹਿਲੇ ਹੀ ਲਿਖ ਕੇ ਦੇ ਦਿੱਤਾ ਹੋਇਆ ਹੈ। ਰੋਜ਼ ਉਥੇ ਝਗੜੇ ਖੜ੍ਹੇ ਹੁੰਦੇ ਹਨ। ਜਿਸ ਤਰ੍ਹਾਂ ਇਕ ਜ਼ਿਮੀਂਦਾਰ ਨੇ ਆਪਣੀ ਟਰਾਲੀ ਵਿਚ ਜਾਂ ਕਿਸੇ ਦੀ ਟਰਾਲੀ ਲੈ ਕੇ ਸਾਮਾਨ ਲੈ ਕੇ ਜਾਣਾ ਹੋਵੇ, ਉਨ੍ਹਾਂ ਨੂੰ ਟਰੱਕ ਯੂਨੀਅਨ ਵਾਲੇ ਲੈ ਜਾਣ ਨਹੀਂ ਦਿੰਦੇ ਅਤੇ ਟਰਾਲੀ ਖੜ੍ਹੀ ਕਰ ਦਿੰਦੇ ਹਨ ਅਤੇ ਜੁਰਮਾਨਾ ਵੀ ਕਰਦੇ ਹਨ । ਇਸ ਤਰ੍ਹਾਂ ਦੀਆਂ ਔਕੜਾਂ ਲੋਕਾਂ ਨੂੰ ਆਉਂਦੀਆਂ ਹਨ । ਕੀ ਇਹ ਟਰੱਕ ਯੂਨੀਅਨ ਦੇ ਲਈ ਬਾਈ-ਲਾਅਜ਼ ਸਾਰੇ ਪੰਜਾਬ ਵਿਚ ਇਕੋ ਜਿਹੇ ਬਨਾਉਣ ਲਈ ਤਿਆਰ ਹਨ ਤਾਕਿ ਰੋਜ਼-ਰੋਜ਼ ਦੇ ਝਗੜੇ ਖਤਮ ਹੋ ਸਕਣ ? ਇਸ ਤਰ੍ਹਾਂ ਕਰਨ ਨਾਲ ਵਪਾਰੀਆਂ ਨੂੰ ਭੀ ਫਾਇਦਾ ਹੋ ਸਕੇਗਾ। ਕੀ ਇਹ ਇਸ ਬਾਰੇ ਵਿਚਾਰ ਕਰਨ ਲਈ ਤਿਆਰ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪੰਜਾਬ ਵਿਚ ਕੋਈ ਵੀ ਬੰਦਾ ਆਪਣੇ ਤੌਰ ਤੇ ਆਪਣਾ ਸਾਮਾਨ ਲਿਆ ਸਕਦਾ ਹੈ ਅਤੇ ਇਸ ਵਿਚ ਕੋਈ ਪਾਬੰਦੀ ਨਹੀਂ ਹੈ । ਅਗਰ ਕੋਈ ਅਨਵਾਨਟਿਡ ਐਲੀਮੈਂਟ ਇਸ ਤਰ੍ਹਾਂ ਰੋਕਦਾ ਹੈ ਤਾਂ ਉਸ ਵਿਚ ਸਰਕਾਰ ਫੌਰੀ ਤੌਰ ਤੇ ਦਖਲ ਦਿੰਦੀ ਹੈ। ਅਸੀਂ ਬਾਈ-ਲਾਅਜ਼ ਦੀ ਡੀਮਾਂਡ ਤੇ ਵਿਚਾਰ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਜਿੱਥੇ ਟਰੱਕ ਯੂਨੀਅਨਜ਼ ਬਣੀਆਂ ਹੋਈਆਂ ਹਨ, ਜਿਵੇਂ ਕਿ ਬਟਾਲੇ ਵਿਚ ਹੈ, ਉਹ ਅੰਮ੍ਰਿਤਸਰ ਤੋਂ ਬੰਬਈ ਦਾ ਕਿਰਾਇਆ 4 ਹਜ਼ਾਰ ਰੁਪਿਆ ਲੈਂਦੀਆਂ ਹਨ ਜਦ ਕਿ ਜਿੱਥੇ ਟਰੱਕ ਯੂਨੀਅਨਜ਼ ਨਹੀਂ ਹਨ, ਉਹ ਬੰਬਈ ਦਾ 3 ਹਜ਼ਾਰ ਰੁਪਿਆ ਕਿਰਾਇਆ ਲੈਂਦੀਆਂ ਹਨ। ਕੀ ਸਰਕਾਰ ਇਨ੍ਹਾਂ ਟਰੱਕਾਂ ਦੇ ਰੇਟ ਮੁਕੱਰਰ ਕਰਨ ਲਈ ਤਿਆਰ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਟਰੱਕਾਂ ਵਾਲੇ ਕੰਪੀਟੀਸ਼ਨ ਕਰਕੇ ਰੇਟ ਘੱਟ ਵੱਧ ਲੈ ਲੈਂਦੇ ਹਨ ਔਰ ਇਸ ਦੇ ਵਿਚ ਟਰੇਡ ਮਨਾਪਲੀ ਹੁੰਦੀ ਹੈ।

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਪਿਛੇ ਕੋਟਕਪੂਰੇ ਟਰੱਕ ਅਤੇ ਟਰਾਲੀ ਵਾਲਿਆਂ ਦੀ ਆਪਸ ਵਿਚ ਬੜੀ ਲੜਾਈ ਹੋਈ ਸੀ ਅਤੇ ਕਾਫੀ ਬੰਦੇ ਫੱਟੜ ਵੀ ਹੋਏ ਸਨ ਔਰ ਇਹ ਲੜਾਈ ਰੋਜ਼ ਹੀ ਹੁੰਦੀ ਹੈ। ਜਿੰਨੀ ਦੇਰ ਤੱਕ ਇਨ੍ਹਾਂ ਦੇ ਲਈ ਕੋਈ ਬਾਈ-ਲਾਅਜ਼ ਨਹੀਂ ਬਣਦੇ ਅਤੇ ਕਿਰਾਇਆ ਫਿਕਸ ਸਰਕਾਰ ਨਹੀਂ ਕਰਦੀ ਉਤਨੀ ਦੇਰ ਤੱਕ ਇਹ ਝਗੜੇ ਖਤਮ ਨਹੀਂ ਹੋਣ ਵਾਲੇ ਔਰ ਇਸ ਵੱਲ ਸਰਕਾਰ ਨੂੰ ਧਿਆਨ ਜ਼ਰੂਰ ਕਰਨਾ ਚਾਹੀਦੀ ਹੈ। ਕੀ ਇਹ ਯਕੀਨ ਦਿਵਾਉਣ ਲਈ ਤਿਆਰ ਹਨ ਕਿ ਬਾਈ-ਲਾਅਜ਼ ਬਣ ਜਾਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲੇ ਹੀ ਕਹਿ ਦਿੱਤਾ ਹੈ ਕਿ ਸਾਰੇ ਯੂਨੀਅਨ ਵਾਲੇ ਲਿਖ ਕੇ ਦੇ ਦੇਣ, ਉਸ ਤੇ ਅਸੀਂ ਵਿਚਾਰ ਕਰ ਲਵਾਂਗੇ।

---

## Purchase of New Buses

***1898. Shri Surinder Kapur:** Will the Minister of State for Transport be pleased to state the number of new buses purchased by the Punjab Roadways and the Pepsu Road Transport Corporation during the years 1981-82 and 1982-83 to date separately and the details of their allotment depotwise and year-wise separately?

**Sardar Avtar Singh Gatwali:** A statement is laid on the Table of the House.

### STATEMENT

Number of New Buses purchased is as follows :—

| Year | Punjab Roadways | Pepsu Road Transport Corporation |
|---|---|---|
| 1981-82 .. | 111 | 190 |
| 1982-83 .. | 55 | 44 |

Original with;
Punjab Vidhan Sabha
Digitized by;
Panjab Digital Library

[Minister of State for Transport]

Depot-wise Allotment of Buses of Punjab Roadways :

| Serial No. | Name of Depot | | Total number of buses allotted | |
|---|---|---|---|---|
| | | | 1981-82 | 1982-83 |
| 1. | Jullundur-I | .. | 9 | 5 |
| 2. | Jullundur-II | .. | 12 | 6 |
| 3. | Chandigarh-I | .. | 12 | 1 |
| 4. | Chandigarh-II | .. | 13 | 1 |
| 5. | Ferozepur | .. | 4 | 7 |
| 6. | Batala | .. | 10 | 7 |
| 7. | Ludhiana | .. | 11 | 8 |
| 8. | Muktsar | .. | 9 | 5 |
| 9. | Amritsar-I | .. | 4 | 2 |
| 10. | Amritsar-II | .. | 3 | 2 |
| 11. | Patti | .. | 1 | 2 |
| 12. | Tarn Taran | .. | 3 | 2 |
| 13. | Hoshiarpur | .. | 7 | 2 |
| 14. | Nawanshehr | .. | 3 | 3 |
| 15. | Pathankot | .. | 6 | 2 |
| 16. | Moga | .. | 4 | .. |
| | Total | .. | 111 | 55 |

Depot-wise Allotment of Buses of Pepsu Road Transport Corporation :

| Serial No. | Name of Depot | | Total number of buses allotted | |
|---|---|---|---|---|
| | | | 1981-82 | 1982-83 |
| 1. | Patiala-I | .. | 15 | 9 |
| 2. | Patiala-II | .. | 6 | 8 |
| 3. | Bhatinda-I | .. | 25 | 2 |
| 4. | Bhatinda-II | .. | 32 | 2 |
| 5. | Sangrur | .. | 16 | 7 |
| 6. | Kapurthala | .. | 15 | 8 |
| 7. | Faridkot | .. | 9 | 4 |
| 8. | Barnala | .. | 22 | .. |
| 9. | Budhlada | .. | 11 | 4 |
| 10. | Ludhiana | .. | 29 | .. |
| 11. | Chandigarh | .. | 10 | .. |
| | Total | .. | 190 | 44 |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਇਤਨੀਆਂ ਨਵੀਆਂ ਬੱਸਾਂ ਦੇ ਆਉਣ ਦੇ ਬਾਵਜੂਦ ਵੀ ਬਠਿੰਡਾ ਡਿਪੋ- 1 ਅਤੇ 2 ਵਿਚ ਪਿਛਲੇ ਸਾਲ ਕਿੰਨੇ ਟ੍ਰਿਪ ਮਿਸਿੰਗ ਹੋਏ ਸਨ ਅਤੇ ਇਸ ਸਾਲ ਕਿੰਨੇ ਟ੍ਰਿਪ ਮਿਸਿੰਗ ਹੋਏ ਹਨ ਔਰ ਇਸ ਨੂੰ ਰੋਕਣ ਲਈ ਸਰਕਾਰ ਨੇ ਕੀ ਸਟੈਪਸ ਲਏ ਹਨ ਔਰ ਇਸ ਦੇ ਕੀ ਕਾਰਣ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਸਵਾਲ ਕੀਤਾ ਸੀ, ਉਸ ਦਾ ਜਵਾਬ ਮੈਂ ਦੇ ਦਿੱਤਾ ਹੈ। ਬਾਕੀ ਇਹ ਨਵਾਂ ਸਵਾਲ ਕਰ ਲੈਣ ਮੈਂ ਜਵਾਬ ਦੇ ਦੇਵਾਂਗਾ। ਇਸ ਸਵਾਲ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ।

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੇਰੀ ਪਹਿਲੀ ਸਪਲੀਮੈਂਟਰੀ ਹੈ ਔਰ ਇਸ ਦਾ ਜਵਾਬ ਇਨ੍ਹਾਂ ਨੂੰ ਦੇਣਾ ਚਾਹੀਦਾ ਹੈ। ਇਸ ਦੇ ਵਿਚ ਇਨ੍ਹਾਂ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ।

**ਸ਼੍ਰੀ ਸਪੀਕਰ** : ਮਨਿਸਟਰ ਸਾਹਿਬ, ਕਪੂਰ ਸਾਹਿਬ ਦੇ ਸਵਾਲ ਵਿਚ ਜਿਹੜੀ ਸਪਲੀ-ਮੈਂਟਰੀ ਆਈ. ਹੈ ਕਿ ਕਿੰਨੇ ਮਿਸਿੰਗ ਟ੍ਰਿਪ ਪਿਛਲੇ ਸਾਲ ਅਤੇ ਇਸ ਸਾਲ ਹੋਏ ਹਨ, ਇਸ ਦੀ ਇਨਕੁਆਇਰੀ ਕਰ ਲੈਣਾ।

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਅਗਰ ਮਨਿਸਟਰ ਸਾਹਿਬ ਕੋਲ ਇਸ ਵਕਤ ਜਵਾਬ ਤਿਆਰ ਨਹੀਂ ਹੈ, ਇਹ ਮੈਨੂੰ ਹੋਰ ਕਿਸੇ ਦਿਨ ਹਾਊਸ ਵਿਚ ਇਸ ਦਾ ਜਵਾਬ ਦੇ ਦੇਣ।

**ਸ਼੍ਰੀ ਸਪੀਕਰ** : ਕਪੂਰ ਸਾਹਿਬ, ਤੁਸੀਂ ਹੁਣ ਬੈਠੋ। ਸ਼੍ਰੀ ਓਮ ਪ੍ਰਕਾਸ਼ ਗੁਪਤਾ ।

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਜੇਕਰ ਮੈਂ ਸਵਾਲ ਗਲਤ ਕੀਤਾ ਹੈ ਤਾਂ ਦਸੋ ਔਰ ਮੇਰਾ ਸਵਾਲ ਐਡਮਿਟ ਨਹੀਂ ਹੋਇਆ ਤਾਂ ਦਸੋ। ਮੈਂ, ਸਪੀਕਰ ਸਾਹਿਬ, ਨਹੀਂ ਤਾਂ ਪਰੋਟੈਸਟ ਕਰਾਂਗਾ।

**ਸ਼੍ਰੀ ਸਪੀਕਰ** : ਤੁਸੀਂ ਸਪਲੀਮੈਂਟਰੀ ਪਹਿਲਾਂ ਕਰ ਲਓ ਜਾਂ ਬਾਅਦ ਵਿਚ ਕਰ ਲਓ, ਕੋਈ ਫਰਕ ਨਹੀਂ ਪੈਂਦਾ। **Please sit down.**

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਤੁਸੀਂ ਮੈਨੂੰ ਰੂਲਜ਼ ਦੇ ਮੁਤਾਬਿਕ ਪਰੋਟੈਕਟ ਨਹੀਂ ਕਰਦੇ।

**Mr Speaker : No argument.** ਓਮ ਪ੍ਰਕਾਸ਼ ਗੁਪਤਾ ਜੀ, ਤੁਸੀਂ ਸਪਲੀਮੈਂਟਰੀ ਕਰੋ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਐਕਸੀਡੈਂਟ ਬਹੁਤ ਹੁੰਦੇ ਹਨ। ਇਥੇ ਨਵੀਆਂ ਬੱਸਾਂ ਅਤੇ ਪੁਰਾਣੀਆਂ ਬੱਸਾਂ ਦੀ ਗੱਲ ਹੋ ਰਹੀ ਹੈ। ਐਕਸੀਡੈਂਟ ਨਾਲ ਬਹੁਤ ਬੰਦੇ ਮਰ ਜਾਂਦੇ ਹਨ। ਜਿਸ ਵਿਅਕਤੀ ਦੀ ਐਕਸੀਡੈਂਟ ਨਾਲ ਮੌਤ ਹੋ ਜਾਵੇ, ਉਸ ਦੀ ਇਨਸ਼ੋਰੈਂਸ ਹੋਣੀ ਚਾਹੀਦੀ ਹੈ। ਪਰਸੋਂ ਹੀ ਕਾਰ ਦਾ ਜਦੋਂ ਐਕਸੀਡੈਂਟ ਹੋਇਆ ਤਾਂ ਕਾਰ ਵਿਚ ਬੈਠੇ 5--6 ਬੰਦੇ ਮਰ ਗਏ ਸਨ। ਪਿਛੇ ਵੀ ਇਹੋ ਜਿਹੀ ਸਕੀਮ ਸੀ ਕਿ ਪੈਸੰਜਰਜ਼ ਦੀ ਇਨਸ਼ੋਰੈਂਸ ਹੋਵੇਗੀ। ਇਸ ਲਈ ਸਰਕਾਰ ਕੀ ਹੁਣ ਇਨਸ਼ੋਰੈਂਸ ਦਾ ਫੈਸਲਾ ਕਰ ਰਹੀ ਹੈ ? ਕੀ ਸਰਕਾਰ ਇਸ ਬਾਰੇ ਐਸ਼ੋਰੈਂਸ ਦੇਵੇਗੀ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਸਪੀਕਰ ਸਾਹਿਬ, ਇਸ ਗੱਲ ਦੀ ਇਸ ਸਵਾਲ ਨਾਲ ਤਾਂ ਕੋਈ ਰੈਲੇਵੈਂਸੀ ਨਹੀਂ ਹੈ।

**ਸ਼੍ਰੀ ਸਪੀਕਰ** : ਇਹੋ ਜਿਹੇ ਜਨਰਲ ਸਵਾਲ ਦਾ ਜਵਾਬ ਤਾਂ ਆਉਣਾ ਚਾਹੀਦਾ ਹੈ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ। ਜੇਕਰ ਕਿਸੇ ਦੀ ਬੱਸ ਦੇ ਐਕਸੀਡੈਂਟ ਨਾਲ ਜਾਂ ਕਿਸੇ ਹੋਰ ਵੈਹੀਕਲਜ਼ ਦੇ ਨਾਲ ਐਕਸੀਡੈਂਟ ਹੋ ਕੇ ਮੌਤ ਹੋ ਜਾਵੇ ਤਾਂ ਮੋਟਰ ਵੈਹੀਕਲਜ਼ ਐਕਟ ਦੇ ਵਿਚ ਪਰੋਵੀਜ਼ਨ ਕੀਤੀ ਗਈ ਹੈ ਅਤੇ 15,000 ਰੁਪਏ ਬਤੌਰ ਕੰਪੈਨਸੇਸ਼ਨ ਦੇ ਦਿਤੇ ਜਾਂਦੇ ਹਨ। ਅਗਰ ਹਿੱਟ ਐਂਡ ਰਨ ਦਾ ਕੇਸ ਹੋ ਜਾਵੇ ਤਾਂ ਰੋਡਵੇਜ਼ ਟਰਾਂਸਪੋਰਟ ਔਰ ਪ੍ਰਾਈਵੇਟ ਟਰਾਂਸਪੋਰਟ ਵਲੋਂ ਕੰਪੈਨਸੇਸ਼ਨ ਦਿਤੀ ਜਾਂਦੀ ਹੈ। ਇਸ ਬਾਰੇ ਐਕਟ ਵਿਚ ਪਰੋਵਾਈਡਿਡ ਹੈ ਅਤੇ ਕਾਨੂੰਨ ਹੈ। ਇਸ ਸਬੰਧੀ ਕੋਈ ਐਸ਼ੋਰੈਂਸ ਦੇਣ ਦੀ ਲੋੜ ਨਹੀਂ ਹੈ। ਦੂਸਰੀ ਇਨਸ਼ੋਰੈਂਸ ਦੀ ਗੱਲ ਕਹੀ ਗਈ ਹੈ ਜੋ ਕਿ ਸ਼੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ਕੀਤੀ ਹੈ। ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਇਕ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਇਹ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੇਰੇ ਪਹਿਲੇ ਸਪਲੀਮੈਂਟਰੀ ਦਾ ਜਵਾਬ ਆਉਣਾ ਚਾਹੀਦਾ ਸੀ, ਪਰ ਉਹ ਜਵਾਬ ਮਨਿਸਟਰ ਸਾਹਿਬ ਵੱਲੋਂ ਨਹੀਂ ਆਇਆ। ਮੇਰੀ ਤਸੱਲੀ ਨਹੀਂ ਹੋਈ। ਸਪੀਕਰ ਸਾਹਿਬ, ਜਿਹੜੇ ਟਰਿਪ ਪੀ.ਆਰ.ਟੀ.ਸੀ. ਡਿਪੂ ਦੇ ਕੈਂਸਲ ਕਰਕੇ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਦਿੱਤੇ ਗਏ ਹਨ ਅਤੇ ਇਸ ਗੱਲ ਦੀ ਚੈਕਿੰਗ ਵੀ ਹੋ ਚੁਕੀ ਹੈ ਕਿ ਪੀ.ਆਰ.ਟੀ.ਸੀ. ਤੋਂ ਟਰਿਪ ਲੈ ਕੇ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਟਰਿਪ ਦਿੱਤੇ ਗਏ ਹਨ। ਕੀ ਉਹ ਟਰਿਪ ਹੁਣ ਫਿਰ ਮੁੜ ਕੇ ਮਨਿਸਟਰ ਸਾਹਿਬ, ਪੀ.ਆਰ.ਟੀ.ਸੀ. ਨੂੰ ਦਿਵਾਉਣਗੇ ਤਾਂ ਕਿ ਟਰਾਂਸਪੋਰਟ ਨੂੰ ਘਾਟਾ ਵੀ ਨਾ ਪਵੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੀ ਪਰੋਟੈਕਸ਼ਨ ਚਾਹਵਾਂਗਾ। ਸਵਾਲ ਤਾਂ ਨਵੀਆਂ ਬੱਸਾਂ ਦਾ ਕਰਦੇ ਹਨ ਕਿ ਡਿਪੂ-ਵਾਈਜ਼ ਅਲਾਟਮੈਂਟ ਕਿਸ ਤਰ੍ਹਾਂ ਕੀਤੀ ਗਈ ਹੈ। ਸਪੀਕਰ ਸਾਹਿਬ, ਗੌਰਮਿੰਟ ਦੀ ਪਾਲਿਸੀ ਦੇ ਮੁਤਾਬਿਕ 60:40 ਦੀ ਰੇਸ਼ੋ ਦੇ ਹਿਸਾਬ ਨਾਲ ਰੂਟ ਦਿੱਤੇ ਜਾਂਦੇ ਹਨ। ਸਪੀਕਰ ਸਾਹਿਬ, ਰੇਸ਼ੋ ਤੋਂ ਘੱਟ ਵੱਧ ਨਹੀਂ ਕੀਤਾ ਗਿਆ ਕਿ ਰੋਡਵੇਜ਼ ਤੋਂ ਰੂਟ ਕੱਟ ਕੇ ਪ੍ਰਾਈਵੇਟ ਅਪਰੇਟਰਾਂ ਨੂੰ ਦਿੱਤੇ ਗਏ ਹੋਣ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਫਿਰੋਜ਼ਪੁਰ ਜ਼ਿਲ੍ਹੇ ਵਿਚ 1981-82 ਵਿਚ ਸਿਰਫ 4 ਅਤੇ 1982-83 ਵਿਚ 7 ਬੱਸਾਂ ਦਿੱਤੀਆਂ ਗਈਆਂ ਹਨ, ਜਦੋਂ ਕਿ ਬਾਕੀ ਜ਼ਿਲ੍ਹਿਆਂ ਵਿਚ ਕਿਸੇ ਨੂੰ 9 ਅਤੇ ਕਿਸੇ ਨੂੰ 12-13 ਬੱਸਾਂ ਦਿੱਤੀਆਂ ਗਈਆਂ ਹਨ। ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਜ਼ਿਲ੍ਹੇ ਨਾਲ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ? ਪਟਿਆਲਾ ਹਾਲਾਂਕਿ ਛੋਟਾ ਡਿਪੂ ਹੈ, ਪਰ ਉਥੇ ਹੀ ਜ਼ਿਆਦਾ ਕੋਟਾ ਦਿੱਤਾ ਗਿਆ ਹੈ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਵਿਤਕਰੇ ਦੀ ਕੋਈ ਗੱਲ ਨਹੀਂ ਹੈ। ਸਪੀਕਰ ਸਾਹਿਬ, ਡਿਪੂ-ਵਾਈਜ਼ ਅਲਾਟਮੈਂਟ ਕਰਨ ਵੇਲੇ ਕੁਝ ਪੁਆਇੰਟਸ ਨੂੰ ਸਾਹਮਣੇ ਰੱਖਿਆ ਜਾਂਦਾ ਹੈ ਜਿਥੇ ਕਿ ਪੁਰਾਣੀਆਂ ਬੱਸਾਂ ਹਨ ਅਤੇ ਕੰਡਮ ਹੋ ਗਈਆਂ ਹਨ ਉਨ੍ਹਾਂ ਨੂੰ ਰਿਪਲੇਸ ਕਰਨਾ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

**ਚੌਧਰੀ ਮਾਡੂ ਰਾਮ** : ਸਪੀਕਰ ਸਾਹਿਬ, ਕਪੂਰਥਲੇ ਵਿਚ ਜਿਹੜੀਆਂ ਨਵੀਆਂ ਬੱਸਾਂ ਆਈਆਂ ਹਨ, ਉਨ੍ਹਾਂ ਨਵੀਆਂ ਬੱਸਾਂ ਵਿਚ ਗੀਅਰ ਬੌਕਸ ਪੁਰਾਣੇ ਲਗੇ ਹੋਏ ਹਨ ਅਤੇ ਉਹ ਰਸਤੇ ਵਿਚ ਹੀ ਗਿਰ ਜਾਂਦੇ ਹਨ । ਕੀ ਇਹ ਚੀਜ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਸੀ ਕੋਈ ਗੱਲ ਨਹੀਂ ਹੈ । ਜੇਕਰ ਆਨਰੇਬਲ ਮੈਂਬਰ ਸਾਹਿਬ ਕੋਲ ਕੋਈ ਸਪੈਸੇਫਿਕ ਇਨਫਰਮੇਸ਼ਨ ਹੈ ਤਾਂ ਉਹ ਜ਼ਰੂਰ ਦੱਸ ਦੇਣ, ਅਸੀਂ ਜ਼ਰੂਰ ਪਤਾ ਕਰ ਲਵਾਂਗੇ ।

---

## Installation of Generators

*1757. **Master Dalip Chand:** Will the Minsister of State for Rehabilitation and Industries be pleased to state whether there is any proposal under the consideration of the Government to instal generators for water supply schemes in Villages Rattewal, Nighi, Thopia and Dharampur Pali, Tehsil Balachaur; if so, the time by which these are likely to be installed

**ਸਰਦਾਰ ਦਰਸ਼ਨ ਸਿੰਘ ਕੇ.ਪੀ.** : ਹਾਂ ਜੀ, । ਜਲ ਸਪਲਾਈ ਸਕੀਮਾਂ ਲਈ ਪਿੰਡ ਰੱਤੇਵਾਲ, ਨਿੱਘੀ, ਪਿੱਲੀ, ਧਰਮਪੁਰ ਤਹਿਸੀਲ ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਨਰੇਟਿੰਗ ਸੈਟ ਇਨਸਟਾਲ ਕੀਤੇ ਜਾ ਚੁੱਕੇ ਹਨ । ਪਿੰਡ ਥੋਪੀਆਂ ਵਿਚ ਵਾਟਰ ਸਪਲਾਈ ਸਕੀਮ ਲਈ ਜਨਰੇਟਿੰਗ ਸੈਟ ਕੁਝ ਮਹੀਨਿਆਂ ਦੇ ਅੰਦਰ ਇਨਸਟਾਲ ਕੀਤੇ ਜਾਣ ਦੀ ਆਸ ਹੈ ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਚਾਰ ਪਿੰਡ ਹਨ ਜਿੱਥੇ ਕਿ ਜਨਰੇਟਿੰਗ ਸੈੱਟ ਨਹੀਂ ਸਨ, ਪਰ ਹੁਣ ਰੱਤੇਵਾਲ, ਨਿੱਘੀ ਅਤੇ ਪੈਲੀ, ਇਹ ਤਿੰਨ ਪਿੰਡਾਂ ਵਿਚ ਜਨਰੇਟਿੰਗ ਸੈੱਟ ਲਗ ਗਏ ਹਨ । ਇਸ ਲਈ ਮੈਂ ਇਸ ਗੱਲ ਦਾ ਵਜ਼ੀਰ ਸਾਹਿਬ ਦਾ ਧੰਨਵਾਦ ਕਰਦਾ ਹਾਂ । ਸਪੀਕਰ ਸਾਹਿਬ, ਪਿੰਡ ਥੋਪੀਆ ਵਿਚ ਵਾਟਰ ਸਪਲਾਈ ਸਕੀਮ ਲਈ ਜਨਰੇਟਿੰਗ ਸੈੱਟ ਨਹੀਂ ਲਗਿਆ ਅਤੇ ਬਿਜਲੀ ਕਈ ਦਫਾ 24–24 ਘੰਟੇ ਨਹੀਂ ਆਉਂਦੀ, ਜਿਸ ਲਈ ਪਾਣੀ ਪੀਣ ਲਈ ਨਹੀਂ ਮਿਲਦਾ ਤੇ ਪਾਣੀ ਦੀ ਮੁਸ਼ਕਲ ਆਉਂਦੀ ਹੈ । ਇਸ ਸਕੀਮ ਨੂੰ ਪੂਰਾ ਹੋਣ ਲਈ ਹੁਣ ਕਿਤਨਾ ਟਾਈਮ ਲਗੇਗਾ ਔਰ ਕਿਤਨੇ ਚਿਰ ਤਕ ਜਨਰੇਟਿੰਗ ਸੈੱਟ ਲਗਾ ਦਿਤਾ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਤਿੰਨ ਪਿੰਡਾਂ ਵਿਚ ਜਨਰੇਟਿੰਗ ਸੈਟ ਇਨਸਟਾਲ ਕੀਤੇ ਜਾ ਚੁੱਕੇ ਹਨ ਅਤੇ ਇੱਕ ਪਿੰਡ ਵਿਚ ਰਹਿੰਦਾ ਹੈ। ਇਸ ਪਿੰਡ ਵਿਚ ਹੁਣੇ ਹੀ ਅਤੇ ਬਹੁਤ ਜਲਦੀ ਜਨਰੇਟਿੰਗ ਸੈੱਟ ਲਗਾ ਦਿਆਂਗੇ ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਉਨ੍ਹਾਂ ਪਿੰਡਾਂ ਵਿਚ ਲੋਕਾਂ ਨੂੰ ਪਾਣੀ ਦੀ ਬੜੀ ਮੁਸ਼ਕਲ ਪੇਸ਼ ਆਉਂਦੀ ਹੈ । ਉਥੇ ਟਿਊਬਵੈਲ ਨਹੀਂ ਲਗਾ ਹੋਇਆ ਮਨਿਸਟਰ ਸਾਹਿਬ ਕਹਿੰਦੇ ਸਨ ਕਿ ਮਾਰਚ, 1983 ਤਕ ਟਿਊਬਵੈਲ ਲਗ ਜਾਵੇਗਾ ਪਰ ਅਜੇ ਤਕ ਨਹੀਂ ਲੱਗਾ। ਹੁਣ ਇਹ ਕਦੋਂ ਸ਼ੁਰੂ ਹੋਵੇਗਾ ? ਕੀ ਮਨਿਸਟਰ ਸਾਹਿਬ, ਇਸ ਸਬੰਧੀ ਦਸਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਵਖਰਾ ਸਵਾਲ ਹੈ। ਜੇਨਰੇਟਿੰਗ ਸੈੱਟ ਤਿੰਨ ਪਿੰਡਾਂ ਵਿਚ ਲਗ ਚੁੱਕਾ ਹੈ। ਇੱਕ ਪਿੰਡ ਬਾਕੀ ਰਹਿੰਦਾ ਹੈ, ਉਥੇ ਅਸੀਂ ਇਕ, ਦੋ ਮਹੀਨਿਆਂ ਵਿਚ ਲਗਾ ਦਿਆਂਗੇ। ਉਸ ਪਿੰਡ ਵਿਚ ਵੀ ਥੋੜ੍ਹੇ ਚਿਰ ਬਾਅਦ ਜਨਰੇਟਿੰਗ ਸੈੱਟ ਚਾਲੂ ਕਰਾ ਦਿਆਂਗੇ।

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿਚ ਬਿਜਲੀ 12–12 ਘੰਟੇ ਬੰਦ ਰਹਿੰਦੀ ਹੈ। ਮਾਸਟਰ ਦਲੀਪ ਚੰਦ ਜੀ ਨੇ ਸਵਾਲ ਠੀਕ ਕੀਤਾ ਹੈ ਕਿ ਲੋਕਾਂ ਨੂੰ ਪੀਣ ਲਈ ਪਿੰਡਾਂ ਵਿਚ ਪਾਣੀ ਨਹੀਂ ਮਿਲਦਾ। ਕੀ ਸਰਕਾਰ ਸਾਰੇ ਪੰਜਾਬ ਵਿਚ ਜਨਰੇਟਿੰਗ ਸੈੱਟ ਲਗਵਾਉਣ ਦਾ ਪ੍ਰਬੰਧ ਕਰੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੇਰੇ ਮਾਨਯੋਗ ਮੈਂਬਰ ਗੁਰਨੈਬ ਸਿੰਘ ਬਰਾੜ ਨੇ ਫਿਰੋਜ਼-ਪੁਰ ਬਾਰੇ ਸਵਾਲ ਕੀਤਾ ਹੈ ਪਰ ਉਥੇ ਤਾਂ ਅੱਗੇ ਹੀ 2 ਦਰਿਆ ਚਲਦੇ ਹਨ। ਉਹ ਤਾਂ ਅੱਗੇ ਹੀ ਪਾਣੀ ਨਾਲ ਭਰਿਆ ਪਿਆ ਹੈ। ਇਹ ਵਾਟਰ ਸਪਲਾਈ ਸਕੀਮਾਂ ਤਾਂ ਕੰਡੀ ਏਰੀਆਜ਼ ਬਾਰੇ ਹਨ ਜਿਥੇ ਗਹਿਰੇ ਟਿਊਬਵੈਲਜ਼ ਲਗਾ ਕੇ ਲੋਕਾਂ ਦੀ ਮੱਦਦ ਕਰ ਰਹੇ ਹਨ। ਇਹ ਸਾਰੇ ਪ੍ਰਬੰਧ ਅਸੀਂ ਉਨ੍ਹਾਂ ਹੀ ਇਲਾਕਿਆਂ ਲਈ ਕਰ ਰਹੇ ਹਾਂ ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਰੀਪੁਰ ਵਿੱਚ ਵਾਟਰ ਸਪਲਾਈ ਦੀ ਸਭ ਤੋਂ ਵੱਡੀ ਸਕੀਮ ਪੰਜਾਬ ਭਰ ਵਿੱਚ ਹੈ। ਇਹ ਸਕੀਮ ਲੋਕਾਂ ਨੂੰ ਪਾਣੀ ਪਿਲਾਉਣ ਵਾਲੀ ਹੈ। ਪਹਿਲਾਂ ਵਾਟਰ-ਸਪਲਾਈ ਸਕੀਮ ਲਾਜਪਤ ਰਾਏ ਸਕੀਮ ਸੀ, ਜਿਹੜੀ ਹੁਣ ਹਿਮਾਚਲ ਪ੍ਰਦੇਸ਼ ਵਿੱਚ ਚਲੀ ਗਈ ਹੈ। ਹੁਣ ਜਿਹੜੀਆਂ ਲਾਈਨਾਂ ਹਨ ਇਹ 1947 ਤੋਂ ਪਹਿਲਾਂ ਦੀਆਂ ਬਣੀਆਂ ਹੋਈਆਂ ਹਨ ਅਤੇ ਬਹੁਤ ਛੋਟੀਆਂ ਵੀ ਹਨ। ਕੀ ਇਹ ਇਨ੍ਹਾਂ ਲਾਈਨਾਂ ਨੂੰ ਬਦਲਵਾ ਦੇਣਗੇ ਤਾਕਿ ਲੋਕਾਂ ਨੂੰ ਗਰਮੀਆਂ ਵਿੱਚ ਪੀਣ ਵਾਲਾ ਪਾਣੀ ਮਿਲ ਸਕੇ। ਮੇਰੇ ਹਲਕੇ ਵਿੱਚ ਪਿੰਡ ਜੇਜੋਂ ਵਿੱਚ 2 ਟਿਊਬਵੈਲਾਂ ਦੀ ਮਨਜ਼ੂਰੀ ਹੋਈ ਹੈ। ਉਨ੍ਹਾਂ ਵਿਚੋਂ ਇਕ ਲਗਾ ਹੈ ਜਿਸ ਦਾ ਕਿ ਪਾਣੀ ਘਟ ਗਿਆ ਹੈ। ਅਤੇ ਕੀ ਇਹ ਦੂਸਰਾ ਟਿਊਬ-ਵੈਲ ਵੀ ਜਲਦੀ ਤੋਂ ਜਲਦੀ ਲਗਵਾ ਕੇ ਦੇਣ ਦੀ ਖੇਚਲ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਦੀ ਜੋ ਨਵੀਂ ਮੰਗ ਹੈ ਕਿ ਹੋਰ ਨਵੇਂ ਟਿਊਬਵੈਲ ਲਗਵਾਏ ਜਾਣ, ਪੁਰਾਣਿਆਂ ਦੀਆਂ ਪਾਈਪਾਂ ਬਦਲੀਆਂ ਜਾਣ ਅਤੇ ਜਿਨ੍ਹਾਂ ਦਾ ਪਾਣੀ ਹੇਠੋਂ ਸੁਕ ਗਿਆ ਹੈ, ਉਨ੍ਹਾਂ ਦਾ ਪ੍ਰਬੰਧ ਕੀਤਾ ਜਾਵੇ। ਇਸ ਸਬੰਧੀ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਈ ਜਗ੍ਹਾ ਤੇ ਤਾਂ ਪੀਣ ਵਾਲੇ ਪਾਣੀ ਦੀ ਵੀ ਬਹੁਤ ਤੰਗੀ ਹੈ। ਉਥੇ ਪਾਣੀ ਖੁੱਲਾ ਫਿਰਦਾ ਹੈ ਅਤੇ ਕੋਈ ਪਰਵਾਹ ਵੀ ਨਹੀਂ ਕਰਦਾ ਕਿ ਗੰਦਗੀ ਫੈਲ ਰਹੀ ਹੈ। ਅਸੀਂ ਪਹਿਲਾਂ ਪ੍ਰਬੰਧ ਕਰ ਰਹੇ ਹਾਂ ਕਿ ਐਸੀਆਂ ਜਗ੍ਹਾਂ ਤੇ ਪੀਣ ਵਾਲਾ ਪਾਣੀ ਪਹਿਲਾਂ ਪਹੁੰਚ ਸਕੇ ਜਿੱਥੇ ਪਾਣੀ ਹੁਣ ਤਕ ਨਹੀਂ ਪਹੁੰਚਿਆ। ਦੂਜੀ ਗੱਲ ਹੈ ਕਿ ਆਬਾਦੀ ਵੀ ਵੱਧ ਗਈ ਹੈ ਅਤੇ ਪਾਣੀ ਦੀ ਵੀ ਬਹੁਤ ਜ਼ਿਆਦਾ ਤੰਗੀ ਹੈ । ਫੇਰ ਵੀ ਅਸੀਂ ਇਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਵਿੱਚ ਰਖਦੇ ਹੋਏ ਦੋਬਾਰਾ ਰੀ-ਚੈਕ ਅਪ ਕਰਵਾ ਲਵਾਂਗੇ ।

Original with;
Punjab Vidhan Sabha
Digitized by;
Panjab Digital Library

## Closure of Central Co-operative Consumer Stores in the State

***1897 Shri Surinder Kapur :** Will the Minister of State for Co-operation be pleased to state :—

(a) whether there is any proposal under the consideration of the Government to close up the Central Co-operative Consumers Stores in the State.

(b) the total financial grants given to the said stores in the State during the financial years 1980-81, 1981-82 and 1982-83 upto date separately ?

**ਸਰਦਾਰ ਬੀਰ ਪਾਲ ਸਿੰਘ** : (ੳ) ਨਹੀਂ ਜੀ ।

(ਅ) ਭੰਡਾਰਾਂ ਨੂੰ ਸਾਲ 1980-81, 1981-82, 1982-83 ਦੌਰਾਨ ਪ੍ਰਦਾਨ ਕੀਤੀ ਵਿੱਤੀ ਸਹਾਇਤਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੋ ਕਿ ਹਿੱਸਾ ਪੂੰਜੀ ਅਤੇ ਰਿਹੈਬਲੀਟੇਸ਼ਨ ਸਹਾਇਤਾ ਦੇ ਰੂਪ ਵਿਚ ਹੈ :—

| 1980-81 | | | 1981-82 | | 1982-83 | |
|---|---|---|---|---|---|---|
| ਭੰਡਾਰ ਦਾ ਨਾਂ | ਰਕਮ ਹਿੱਸਾ ਪੂੰਜੀ (ਲੱਖਾਂ ਵਿੱਚ) | ਮੁੜ ਵਸਾਊ ਸਹਾਇਤਾ (ਲੱਖਾਂ ਵਿੱਚ) | ਭੰਡਾਰ ਦਾ ਨਾਂ | ਹਿੱਸਾ ਪੂੰਜੀ ਦੀ ਰਕਮ (ਲੱਖਾਂ ਵਿੱਚ) | ਭੰਡਾਰ ਦਾ ਨਾਂ | ਹਿੱਸਾ ਪੂੰਜੀ ਦੀ ਰਕਮ (ਲੱਖਾਂ ਵਿੱਚ) |
| 1. ਅਬੋਹਰ | 0.20 | 0.20 | 1. ਫਿਰੋਜ਼ਪੁਰ | 0.20 | 1. ਫਿਰੋਜ਼ਪੁਰ | 0.20 |
| 2. ਫਿਰੋਜ਼ਪੁਰ | — | 0.70 | 2. ਕਪੂਰਥਲਾ | 0.20 | 2. ਹੁਸ਼ਿਆਰਪੁਰ | 0.20 |
| 3. ਹੁਸ਼ਿਆਰਪੁਰ | — | 0.75 | 3. ਮੋਗਾ | 0.20 | | |
| 4. ਕਪੂਰਥਲਾ | 0.20 | 0.60 | 4. ਫਗਵਾੜਾ | 0.20 | | |
| 5. ਮੋਗਾ | — | 0.70 | 5. ਬਠਿੰਡਾ | 0.20 | | |
| 6. ਫਗਵਾੜਾ | 0.20 | 0.60 | | | | |
| 7. ਪਠਾਨਕੋਟ | 0.20 | 0.70 | | | | |
| 8. ਬਠਿੰਡਾ | 0.20 | 0.75 | | | | |
| ਕੁਲ ਜੋੜ | 1.00 | 5.00 | | 1.00 | | 0.40 |

Original with;
Punjab Vidhan Sabha
Digitized by;
Panjab Digital Library

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੋਆਪਰੇਟਿਵ ਸਟੋਰਾਂ ਦੀ ਜਿਹੜੀ ਹਾਲਤ ਹੈ ਉਹ ਬਹੁਤ ਹੀ ਮਾੜੀ ਹਾਲਤ ਹੈ। ਇਸ ਦਾ ਕਾਰਣ ਹੈ ਕਿ ਜਿਹੜੀ ਵਿਤੀ ਸਹਾਇਤਾ ਹੈ, ਫਾਈਨਾਂਨਸ਼ਲ ਏਡ ਹੈ, ਜਿਹੜੀ ਸਬਸਿਡੀ ਅਤੇ ਲੋਨ ਵਗੈਰਾ ਹਨ, ਉਹ ਕੁਝ ਨਹੀਂ ਦਿੱਤੀ ਗਈ। ਜੇ ਕੁਝ ਪਿਛਲੇ ਸਾਲਾਂ ਵਿੱਚ ਦਿੱਤਾ ਗਿਆ ਤਾਂ ਬਹੁਤ ਹੀ ਘੱਟ ਦਿੱਤਾ ਗਿਆ। ਅੱਜ ਮੁਲਾਜ਼ਮਾਂ ਨੂੰ 6–6 ਮਹੀਨੇ ਤੋਂ ਕੋਈ ਤਨਖਾਹ ਨਹੀਂ ਮਿਲੀ। ਮੈਨੇਜਮੈਂਟ ਨੇ ਉਨ੍ਹਾਂ ਦੀਆਂ ਸਰਵਿਸਿਜ਼ ਰਿਟਰੈਂਚ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਪਿਛਲੇ ਪੈਸੇ ਵੀ ਨਹੀਂ ਦਿੱਤੇ। ਬਾਕੀ ਜਿਹੜਾ ਤੁਸੀਂ ਪਹਿਲੇ ਸਵਾਲ ਦਾ ਜਵਾਬ 'ਨਹੀਂ ਜੀ' ਦਿੱਤਾ ਹੈ, ਉਸ ਸਬੰਧੀ ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ। ਕੀ ਇਹ ਸਾਰੇ ਡਿਪਾਰਟਮੈਂਟ ਦਾ ਅਤੇ ਸਟੋਰਾਂ ਦਾ ਓਪਰੇਸ਼ਨ ਕਰਕੇ ਦੋਬਾਰਾ ਆਰਡਰ ਕਰਨਗੇ ਕਿ ਮੁਲਾਜ਼ਮ ਨੌਕਰੀਆਂ ਤੋਂ ਕੱਢੇ ਨਾ ਜਾਣ ਅਤੇ ਜੇ ਸਰਕਾਰ ਸੋਚਦੀ ਹੀ ਹੈ ਕਿ ਇਹ ਸਟੋਰ ਬੰਦ ਕੀਤੇ ਜਾਣੇ ਹਨ, ਤਾਂ ਸਾਰੇ ਪੰਜਾਬ ਵਿੱਚ 400 ਮੁਲਾਜ਼ਮਾਂ ਨੂੰ ਕਿਸੇ ਹੋਰ ਸਰਕਾਰੀ ਅਦਾਰੇ ਵਿੱਚ ਐਡਜਸਟ ਕਰ ਲੈਣ ਤਾਕਿ ਉਨ੍ਹਾਂ ਦੀਆਂ 15—20 ਸਾਲਾਂ ਦੀਆਂ ਸਰਵਿਸਿਜ਼ ਬੇਕਾਰ ਨਾ ਜਾਣ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੇਰੇ ਆਨਰੇਬਲ ਮੈਂਬਰ ਨੇ ਜਿਹੜੀ ਕੋਆਪਰੇਟਿਵ ਸਟੋਰਾਂ ਬਾਰੇ ਪੂਰੀ ਪੂਰੀ ਜਾਣਕਾਰੀ ਲੈਣ ਵਾਸਤੇ ਸਵਾਲ ਪੁੱਛਿਆ ਹੈ, ਉਸ ਬਾਰੇ ਮੈਂ ਦਸਾਂਗਾ ਕਿ ਇਹ ਸਟੋਰਜ਼ ਚਾਈਨਾ ਐਗਰੈਸ਼ਨ ਤੋਂ ਬਾਅਦ ਸਵਰਗੀ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ 16 ਦੀ ਗਿਣਤੀ ਵਿੱਚ ਚਾਲੂ ਕੀਤੇ ਸਨ। ਇਹ ਇਸ ਕਰਕੇ ਚਾਲੂ ਕੀਤੇ ਗਏ ਸਨ ਕਿ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਨੂੰ ਜ਼ਰੂਰੀ ਵਸਤਾਂ ਸਸਤੇ ਰੇਟਾਂ ਤੇ ਮਿਲ ਸਕਣ ਔਰ ਜਿਹੜੇ ਪ੍ਰਾਈਵੇਟ ਟਰੇਡਰਜ਼ ਹਨ, ਉਨ੍ਹਾਂ ਦੀ ਮਨੋਪਲੀ ਨੂੰ ਤੋੜਿਆ ਜਾਵੇ। ਹੁਣ ਜਿਹੜਾ ਤੌਖਲਾ ਇਨ੍ਹਾਂ ਨੂੰ ਬੰਦ ਕਰਨ ਸਬੰਧੀ ਜ਼ਾਹਿਰ ਕੀਤਾ ਗਿਆ ਹੈ ਉਸ ਸਬੰਧੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਸੰਗਰੂਰ, ਹੁਸ਼ਿਆਰਪੁਰ, ਬਟਾਲਾ ਅਤੇ ਪਠਾਨਕੋਟ ਵਿੱਚ ਸਟੋਰਜ਼ ਹਨ, ਉਨ੍ਹਾਂ ਨੂੰ 72 ਲੱਖ 40 ਹਜ਼ਾਰ ਦੀ ਸੈਂਟਰਲ ਸਪੌਂਸਰਡ ਸਕੀਮ ਜਿਹੜੀ ਗੌਰਮਿੰਟ ਆਫ ਇੰਡੀਆ ਦੀ ਹੈ, ਉਸ ਨਾਲ ਇਨ੍ਹਾਂ ਨੂੰ ਪੈਸਾ ਭੇਜਿਆ ਜਾ ਰਿਹਾ ਹੈ। ਕੁਝ ਫਾਰਮੈਲਿਟੀਜ਼ ਰਹਿੰਦੀਆਂ ਹਨ, ਉਨ੍ਹਾਂ ਨੂੰ ਜਲਦੀ ਪੂਰਾ ਕਰ ਲਿਆ ਜਾਵੇਗਾ। ਇਨ੍ਹਾਂ ਨੇ ਜਿਹੜਾ ਇਸ ਪਾਸੇ ਧਿਆਨ ਦਿਵਾਇਆ ਸੀ ਕਿ ਸਟੋਰ ਚਾਲੂ ਰਹਿਣ, ਉਸ ਵੱਲ ਅਸੀਂ ਆਲਰੇਡੀ ਲੱਗੇ ਹੋਏ ਹਾਂ।

**ਸ੍ਰੀ ਸਪੀਕਰ** : : ਇਨ੍ਹਾਂ ਦਾ ਦੂਜਾ ਸਵਾਲ ਸੀ ਕਿ ਜੇ ਇਹ ਸਟੋਰਜ਼ ਬੰਦ ਹੋ ਜਾਣ, ਤਾਂ ਮੁਲਾਜ਼ਮਾਂ ਦੀਆਂ ਸਰਵਿਸਿਜ਼ ਦਾ ਕੀ ਕਰੋਗੇ ਅਤੇ ਜਿਨ੍ਹਾਂ ਨੂੰ ਹੁਣ ਵੀ 6–6 ਮਹੀਨੇ ਤੋਂ ਤਨਖਾਹ ਨਹੀਂ ਮਿਲੀ, ਉਨ੍ਹਾਂ ਬਾਰੇ ਕੀ ਕਰੋਗੇ ?

**ਰਾਜ ਮੰਤਰੀ** : ਜੇ ਕੋਈ ਸਪੈਸਿਫਿਕ ਕੇਸ ਇਨ੍ਹਾਂ ਦੇ ਨਾਲੇਜ ਵਿੱਚ ਹੈ ਤਾਂ ਦੱਸ ਦੇਣ, ਉਸ ਤੇ ਵਿਚਾਰ ਕੀਤਾ ਜਾ ਸਕਦਾ ਹੈ।

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 72 ਲੱਖ ਦੇ ਕਰੀਬ ਹੋਰ ਅਸਿਸਟੈਂਸ ਦੇ ਰਹੇ ਹਨ, ਉਸ ਦੇ ਨਾਲ ਹੀ ਇਹ ਕੋਆਪਰੇਟਿਵ ਬੈਂਕਾਂ ਵਿਚ ਇਹ ਸਿਸਟਮ ਲਾਗੂ ਕਰਨ ਤਾਕਿ ਗਰੀਬ ਲੋਕਾਂ ਨੂੰ ਸਸਤੇ ਰੇਟ ਅਤੇ ਇਨਸਟਾਲਮੈਂਟਸ ਤੇ ਲੋਨ ਆਦਿ ਮਿਲ ਸਕਣ। ਦੂਜੀ ਗੱਲ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਟੋਰਾਂ ਨੂੰ ਜਾਰੀ ਰੱਖਣ ਵਾਸਤੇ ਇਨ੍ਹਾਂ ਵਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਹੋਰ ਕੀ ਬਿਜ਼ਨੈਸ ਕੀਤਾ ਜਾ ਰਿਹਾ ਹੈ ਤਾਕਿ ਇਹ ਚਾਲੂ ਰਹਿ ਸਕਣ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਫੇਰ ਅਰਜ਼ ਕਰਾਂਗਾ ਕਿ ਅਸੀਂ ਜਿਹੜੇ ਵੀ ਉਪ-ਰਾਲੇ ਕਰ ਰਹੇ ਹਾਂ, ਉਹ ਇਨ੍ਹਾਂ ਸਟੋਰਾਂ ਨੂੰ ਰੱਖਣ ਵਾਸਤੇ ਹੀ ਕਰ ਰਹੇ ਹਾਂ। ਮੈਂ ਸਾਰੀਆਂ ਚੀਜ਼ਾਂ ਵੱਲ ਆਪ ਧਿਆਨ ਦੇ ਕੇ ਕਿਸੇ ਸੀਨੀਅਰ ਅਧਿਕਾਰੀ ਨੂੰ ਭੇਜਾਂਗਾ ਅਤੇ ਉਹ ਇਨ੍ਹਾਂ ਨੂੰ ਵੀ ਮਿਲਣਗੇ ਕਿਉਂਕਿ ਇਹ ਜਿਹੜੀ ਇਮਪਲਾਈਜ਼ ਐਸੋਸੀਏਸ਼ਨ ਹੈ, ਉਸ ਦੇ ਮਾਨਯੋਗ ਮੈਂਬਰ ਪ੍ਰਧਾਨ ਵੀ ਹਨ ਅਤੇ ਸਮੁੱਚੇ ਤੌਰ ਤੇ ਇਹ ਪ੍ਰੋਗਰਾਮ 20 ਨੁਕਾਤੀ ਪ੍ਰੋਗਰਾਮ ਦੇ ਅਧੀਨ ਵੀ ਆਉਂਦਾ ਹੈ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਟੋਰਾਂ ਵਿੱਚ ਚੀਜ਼ਾਂ ਭੇਜੀਆਂ ਜਾਂਦੀਆਂ ਹਨ ਤਾਂਕਿ ਉਹ ਗਰੀਬਾਂ ਨੂੰ ਸਸਤੀਆਂ ਮਿਲ ਸਕਣ ਪਰ ਉਹ ਬਲੈਕ ਵਿੱਚ ਵੇਚ ਦਿੱਤੀਆਂ ਜਾਂਦੀਆਂ ਹਨ। ਤੁਹਾਡੇ ਸ਼ਹਿਰ ਅੰਮ੍ਰਿਤਸਰ ਵਿੱਚ ਕਈ ਗੰਢਾਂ ਕੱਪੜੇ ਦੀਆਂ ਬਰਾਮਦ ਹੋਈਆਂ ਹਨ ਜਿਹੜੀਆਂ ਬਲੈਕ ਵਿਚ ਵੇਚੀਆਂ ਗਈਆਂ। ਇਹ ਕੱਪੜਾ ਗਰੀਬਾਂ ਨੂੰ ਦੇਣਾ ਹੁੰਦਾ ਹੈ। ਇਹ ਮਾਮਲਾ ਡਾਕਟਰ ਸਾਹਿਬ ਅੱਗੇ ਵੀ ਗਰੀਵੈਂਸ ਕਮੇਟੀ ਵਿੱਚ ਪੇਸ਼ ਕੀਤਾ ਗਿਆ ਸੀ।

**ਰਾਜ ਮੰਤਰੀ** : ਵੈਸੇ ਇਸ ਗੱਲ ਦਾ ਸਵਾਲ ਨਾਲ ਤਾਂ ਕੋਈ ਤੁਅਲਕ ਨਹੀਂ ਪਰ ਕਿਉਂਕਿ ਅੰਮ੍ਰਿਤਸਰ ਦੀ ਗੱਲ ਆ ਗਈ ਹੈ ਤਾਂ ਮੈਂ ਕਹਾਂਗਾ ਕਿ ਪਹਿਲਾਂ ਇਨ੍ਹਾਂ ਸਟੋਰਾਂ ਵਿੱਚ ਲਿਪਸਟਿਕ ਤੋਂ ਲੈ ਕੇ ਪਾਲਿਸ਼ ਤਕ ਸਾਰਾ ਸਮਾਨ ਹੁੰਦਾ ਸੀ। ਹੁਣ ਗਲ ਥੋੜ੍ਹੀਆਂ ਜਿਹੀਆਂ ਚੀਜ਼ਾਂ ਤੱਕ ਹੀ ਮਹਿਦੂਦ ਹੈ। ਬਾਕੀ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਉਹ ਮੈਨੂੰ ਸਪੈਸਿਫਿਕਲੀ ਦੱਸ ਦੇਣ, ਮੈਂ ਦੇਖ ਲਵਾਂਗਾ।

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਕੋਆਪਰੇਟਿਵ ਸੋਸਾਇਟੀਆਂ ਦੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਹਨ ਪਰ ਜਿਹੜੇ ਲੋਕਾਂ ਕੋਲ ਯੈਲੋ-ਕਾਰਡਜ਼ ਹਨ, ਉਨ੍ਹਾਂ ਨੂੰ 6-6 ਮਹੀਨੇ ਰਾਸ਼ਨ, ਕੱਪੜਾ ਅਤੇ ਮਿੱਟੀ ਦਾ ਤੇਲ ਨਹੀਂ ਮਿਲਦਾ। ਕੱਪੜੇ ਦਾ ਸਟੈਂਡਰਡ ਵੀ ਏਨਾ ਲੋਅ ਹੈ ਕਿ ਉਹ ਰਜ਼ਾਈ ਦੇ ਗਿਲਾਫਾਂ ਵਰਗਾ ਹੀ ਲਗਦਾ ਹੈ। ਉਨ੍ਹਾਂ ਨੂੰ ਸਸਤੀਆਂ ਦਰਾਂ ਤੇ ਪਹਿਨਣ ਵਾਲਾ ਕੱਪੜਾ ਮਿਲਣਾ ਚਾਹੀਦਾ ਹੈ। ਕੀ ਇਹ ਇਸ ਦੇ ਵਿੱਚ ਕੋਈ ਇਮਪਰੂਵਮੈਂਟ ਲਿਆਉਣਗੇ ਅਤੇ ਘਰੇਗੀ ਵਰਤੋਂ ਦੀਆਂ ਚੀਜ਼ਾਂ ਸਮੇਂ ਸਿਰ ਮਿਲਣ ਦਾ ਪ੍ਰਬੰਧ ਕੀਤਾ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੇਰੇ ਦੋਸਤ ਸਰਦਾਰ ਸ਼ਮਸ਼ੇਰ ਸਿੰਘ ਦੂਲੋ ਨੇ ਜਿਹੜਾ ਸਵਾਲ ਕੀਤਾ ਹੈ ਇਸ ਦਾ ਇਸ ਨਾਲ ਕੋਈ ਤੁਅੱਲਕ ਤਾਂ ਨਹੀਂ ਮਗਰ ਜੋ ਕੁਝ ਇਨ੍ਹਾਂ ਨੇ ਮੇਰੇ ਧਿਆਨ ਵਿੱਚ ਲਿਆਂਦਾ ਹੈ, ਅਸੀਂ ਇਸ ਦਾ ਪੂਰਾ ਖਿਆਲ ਰੱਖਾਂਗੇ।

**ਕਾਮਰੇਡ ਸਰਵਣ ਸਿੰਘ ਧਰਮਕੋਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕੱਪੜਾ ਹੈ ਇਹ ਲੋਕ ਬਾਹਰ ਲੈ ਜਾਂਦੇ ਹਨ, ਜਿਸ ਵੇਲੇ ਇਹ ਸਾਡੇ ਡਾਕਟਰ ਸਾਹਿਬ ਗਰੀਵੈਂਸਿਜ਼ ਕਮੇਟੀ ਦੇ ਮੈਂਬਰ ਹੁੰਦੇ ਸੀ ਉਦੋਂ ਵੀ ਇਹ ਮਸਲਾ ਬੜੀ ਚੰਗੀ ਤਰ੍ਹਾਂ ਉਭਰ ਕੇ ਸਾਹਮਣੇ ਆਇਆ ਸੀ ਕਿ ਕਪੜਾ ਕਦੇ ਕਿਸੇ ਬਰਾਂਚ ਨੂੰ ਜਾਂਦਾ ਹੀ ਨਹੀਂ। ਲੱਖਾਂ ਗਜ਼ ਕੱਪੜਾ, ਲੱਖਾਂ ਰੁਪਏ ਦਾ ਕੱਪੜਾ ਉਥੇ ਹੀ ਵਿਕ ਜਾਂਦਾ ਹੈ। ਕੀ ਇਸ ਬਾਰੇ ਇਹ ਕੋਈ ਪੜਤਾਲ ਕਰਾਉਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੇ ਜਿਹੜੀ ਗੱਲ ਪੁੱਛੀ ਹੈ ਇਸ ਬਾਰੇ ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਨੇ ਕੱਪੜੇ ਦੀ ਖਰੀਦ ਕੀਤੀ ਹੈ ਉਨ੍ਹਾਂ ਦੀ ਕੋਈ ਸ਼ਿਕਾਇਤ ਸੀ। ਅਸੀਂ ਤਾਂ ਕੋਈ 13 ਦੇ ਕਰੀਬ ਬੰਦਿਆਂ ਨੂੰ ਸਜ਼ਾ ਵੀ ਦਿਵਾਈ ਹੈ। ਜਿਹੜੀ ਇਹੋ ਜਿਹੀ ਕੋਈ ਕੁਤਾਹੀ ਹੈ ਇਹ ਸਾਡੇ ਨੋਟਿਸ ਵਿੱਚ ਲਿਆਉਂਦੇ ਰਹਿਣ ਅਸੀਂ ਤਾਂ ਪਹਿਲਾਂ ਹੀ ਇਸ ਪਾਸੇ ਹਰ ਤਰ੍ਹਾਂ ਨਾਲ ਤਿਆਰ ਹਾਂ।

---

**Establishment of Urban Estates**

***1926. Sardar Dilbagh Singh :** Will the Chief Minister be pleased to state—

(a) The names of places in the State where Urban Estates were established during the year 1982-83 together with the details of the works yet to be completed ;

(b) Whether the plots have since been allotted in the said Urban Estates where the works have since been completed, if not, the time by which the same are likely to be allotted ?

**Doctor Kewal Krishan** (Finance Minister) : (a) No new Urban Estate was taken up in the year 1982-83.

(b) Question does not arise.

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਬੜਾ ਅੱਛਾ ਹੈ ਕਿ ਡਾਕਟਰ ਸਾਹਿਬ ਨੇ ਫਰਮਾਇਆ ਹੈ ਕਿ ਕੋਈ ਸਕੀਮ ਨਹੀਂ। 1982-83 ਵਿਚ ਕੋਈ ਸਕੀਮ ਨਹੀਂ। ਲੇਕਿਨ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦਸਦਾ ਹਾਂ ਕਿ ਇਹ ਅਰਬਨ ਐਸਟੇਟ ਵਾਲੇ ਹਰ ਸ਼ਹਿਰ ਵਿੱਚ ਝੰਡੀਆਂ ਜਿਹੀਆਂ ਲਾ ਦੇਂਦੇ ਹਨ। ਇਸ ਤਰ੍ਹਾਂ ਕਰਕੇ ਉਹ ਲੋਕਾਂ ਕੋਲੋਂ ਪੈਸੇ ਲੈ ਜਾਂਦੇ ਹਨ। ਪਿਛਲੇ ਦਿਨਾਂ ਵਿੱਚ ਨਵਾਂ ਸ਼ਹਿਰ ਵਿੱਚ, 1982-83 ਵਿੱਚ, ਝੰਡੀਆਂ ਲਗਾ ਕੇ ਲੋਕਾਂ ਕੋਲੋਂ ਪੈਸੇ ਇਕੱਠੇ ਕਰਕੇ ਛੱਡ ਜਾਂਦੇ ਰਹੇ ਹਨ। ਇਸ ਲਈ ਕੋਈ ਪਾਲਿਸੀ ਬਣਾਉਣਗੇ। ਸਪੀਕਰ ਸਾਹਿਬ, ਇਸ ਮਹਿਕਮੇ ਨੂੰ ਨੱਥ ਪਾਓ। ਇਹ ਲੱਖਾਂ ਰੁਪਏ ਖਾਈ ਜਾ ਰਹੇ ਹਨ।

**ਮੰਤਰੀ** : ਸਪੀਕਰ ਸਾਹਿਬ, ਨਵਾਂ ਸ਼ਹਿਰ ਬਾਰੇ ਜ਼ਿਕਰ ਕੀਤਾ ਗਿਆ ਹੈ ਵੈਸੇ ਇਹ ਅਰਬਨ ਐਸਟੇਟ ਬਾਰੇ ਸਕੀਮ 1970-71 ਤੋਂ ਸ਼ੁਰੂ ਕੀਤੀ ਗਈ ਸੀ। ਇਸ ਤਰ੍ਹਾਂ ਦੀ 1982-83 ਵਿੱਚ ਕੋਈ ਨਹੀਂ। ਇਸ ਤੋਂ ਪਹਿਲਾਂ 1978-79 ਵਿੱਚ ਜ਼ਮੀਨ ਐਕੁਆਇਰ ਕੀਤੀ ਗਈ ਸੀ। ਉਸ ਵੇਲੇ ਜਿਹੜੀ ਜ਼ਮੀਨ ਐਕੁਆਇਰ ਕੀਤੀ ਗਈ ਸੀ ਉਥੇ ਕੰਮ ਚੱਲ ਰਿਹਾ ਹੈ ਲੇਕਿਨ ਨਵਾਂ ਸ਼ਹਿਰ ਵਿੱਚ ਅਰਬਨ ਐਸਟੇਟ ਬਾਰੇ ਮੁਆਮਲਾ ਵਿਚਾਰ ਅਧੀਨ ਹੈ। ਹਾਲੇ ਗੌਰਮਿੰਟ ਦਾ ਕੋਈ ਡਿਸੀਜ਼ਨ ਨਹੀਂ। ਜੋ ਇਨ੍ਹਾਂ ਨੇ ਕਿਹਾ ਹੈ ਕਿ ਝੰਡੀਆਂ ਲਗਾ ਕੇ ਲੋਕਾਂ ਕੋਲੋਂ ਪੈਸੇ ਇਕੱਠੇ ਕੀਤੇ ਜਾਂਦੇ ਹਨ ਲੋਕਾਂ ਨੂੰ ਪਰੇਸ਼ਾਨ ਕੀਤਾ ਜਾਂਦਾ ਹੈ, ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਜ਼ਰੂਰ ਕੋਈ ਐਕਸ਼ਨ ਲਵਾਂਗੇ। ਇਹ ਦੱਸ ਦੇਣ।

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਜੇ ਮੈਂ ਹਲਫੀਆ ਬਿਆਨ ਦੇ ਦਿਆਂ, ਇਸ ਤਰ੍ਹਾਂ ਦੇ ਇੱਕ ਨਹੀਂ ਹਜ਼ਾਰਾਂ ਕੇਸਿਜ਼ ਹਨ, ਤਾਂ ਕੀ ਐਕਸ਼ਨ ਲਓਗੇ ?

**ਮੰਤਰੀ** : ਅਕਸ਼ਨ ਜ਼ਰੂਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰੀ ਮਿਤਰ ਹੰਸ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਵਿੱਚ ਅਰਬਨ ਐਸਟੇਟ ਬਣਾਈ ਜਾ ਰਹੀ ਹੈ। ਇਸ ਵਾਸਤੇ ਜਿਹੜੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਉਥੇ ਜਿਹੜੇ ਕਿਸਾਨ ਹਨ ਉਹਨਾਂ ਪਾਸ 2/3 ਏਕੜ ਹੀ ਜ਼ਮੀਨ ਹੈ। ਕੀ ਉਨ੍ਹਾਂ ਨੂੰ ਕੋਈ ਛੋਟ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾਨ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਅਰਬਨ ਐਸਟੇਟ ਲਈ ਜਗ੍ਹਾ ਪਹਿਲਾਂ ਹੀ ਨਿਸ਼ਚਿਤ ਕੀਤੀ ਜਾਂਦੀ ਹੈ । ਅਜੇ ਤੀਕਰ ਨਵੀਂ ਸਕੀਮ ਜਿਹੜੀ ਬਣਾਈ ਹੈ ਉਸ ਵਿੱਚ ਅਗਰ ਹੁਸ਼ਿਆਰਪੁਰ ਸ਼ਹਿਰ ਹੈ ਤਾਂ ਅਸੀਂ ਜ਼ਰੂਰ ਖਿਆਲ ਰੱਖਾਂਗੇ ਕਿ ਜਿਹੜੇ ਛੋਟੇ ਮਾਲਕ ਹਨ ਉਨ੍ਹਾਂ ਤੇ ਜ਼ਿਆਦਾ ਅਸਰ ਨਾ ਪਵੇ ਅਤੇ ਵੱਡੇ ਮਾਲਕਾਂ ਤੇ ਹੀ ਅਸਰ ਪਵੇ। ਲੇਕਿਨ ਕਈ ਵਾਰ ਜਿਹੜੀ ਗੌਰਮਿੰਟ ਦੀ ਸਕੀਮ ਹੁੰਦੀ ਹੈ ਉਸ ਵਿਚ ਕਾਨੂੰਨ ਅਨੁਸਾਰ ਅਗਰ ਛੋਟੇ ਕਿਸੇ ਮਾਲਕ ਤੇ ਅਸਰ ਪੈਂਦਾ ਹੈ, ਕੋਈ ਛੋਟਾ ਮਾਲਕ ਡਿਸਟਰਬ ਹੁੰਦਾ ਹੈ ਤਾਂ ਉਸ ਨੂੰ ਕੰਪਨਸੇਟ ਕਰਾਂਗੇ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਕਿਹਾ ਹੈ ਕਿ ਇਸ ਸਾਲ ਵਾਸਤੇ ਕੋਈ ਅਰਬਨ ਐਸਟੇਟ ਬਨਾਉਣ ਦੀ ਸਕੀਮ ਨਹੀਂ। ਸਪੀਕਰ ਸਾਹਿਬ, ਸ਼ਹਿਰਾਂ ਦੀ ਆਬਾਦੀ ਦਿਨੋਂ ਦਿਨ ਵਧਦੀ ਜਾ ਰਹੀ ਹੈ। ਪਿੰਡਾਂ ਦੇ ਸਾਰੇ ਲੋਕ ਸ਼ਹਿਰਾਂ ਵਿੱਚ ਆ ਗਏ ਹਨ ਔਰ ਹਜ਼ਾਰਾਂ (ਹਾਸਾ) ਲੋਕ ਬਾਹਰ ਆ ਗਏ। ਬੇਨਤੀ ਇਹ ਹੈ ਕਿ ਸ਼ਹਿਰਾਂ ਵਿੱਚ ਭਾਵੇਂ ਮੇਰਾ ਹੀ ਸ਼ਹਿਰ ਲੈ ਲਓ ਉਥੇ ਕਿਸੇ ਵੇਲੇ 75 ਹਜ਼ਾਰ ਦੀ ਆਬਾਦੀ ਹੁੰਦੀ ਸੀ ਅਤੇ ਹੁਣ ਉਥੇ ਵੀ 10 ਲੱਖ ਦੀ ਆਬਾਦੀ ਹੋ ਗਈ ਹੈ।

**ਸ੍ਰੀ ਸਪੀਕਰ** : ਇਹ ਆਬਾਦੀ ਕਿਉਂ ਵਧੀ ਹੈ ?

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਇਹ ਤਾਂ ਮੈਨੂੰ ਪਤਾ ਨਹੀਂ ਜੀ ਕਿਉਂ ਵਧੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਾਕਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਸ਼ਹਿਰਾਂ ਵਿਚ ਰਹਿਣ ਵਾਸਤੇ ਵਧੇਰੇ ਕਿਰਾਏ ਤੇ ਕੋਈ ਜਗ੍ਹਾ ਨਹੀਂ ਮਿਲਦੀ। ਜੇ ਇਸੇ ਤਰ੍ਹਾਂ ਹੀ ਇਹ ਆਬਾਦੀ ਦੀ ਸਪੀਡ ਵਧਦੀ ਰਹੀ ਤਾਂ ਸਰਕਾਰ ਨੇ ਜਿਹੜੀਆਂ ਪਹਿਲਾਂ ਹੀ ਐਸਟੇਟ ਕੰਪਲੀਟ ਨਹੀਂ ਕੀਤੀਆਂ ਲੋਕੀ ਉਸ ਤੇ ਪੂਰੀ ਤਰ੍ਹਾਂ ਕਬਜ਼ੇ ਕਰੀ ਜਾਂਦੇ ਹਨ ਫਿਰ ਤਾਂ ਸ਼ਹਿਰਾਂ ਵਿੱਚ ਆਬਾਦੀ ਦੀ ਪਰਾਬਲੱਮ ਬਣ ਜਾਵੇਗੀ, ਰੈਜ਼ੀਡੈਂਟ ਵਾਸਤੇ ਕੋਈ ਜਗ੍ਹਾ ਨਹੀਂ। ਕੀ ਸਰਕਾਰ ਇਸ ਪਾਸੇ ਕੋਈ ਗੌਰ ਕਰੇਗੀ ਕਿ ਜਲਦੀ ਤੋਂ ਜਲਦੀ ਨਵੀਆਂ ਸਕੀਮਾਂ ਬਣਾਈਆਂ ਜਾਣ ?

**ਮੰਤਰੀ** : ਸਪੀਕਰ ਸਾਹਿਬ, ਨਵੀਆਂ ਸਕੀਮਾਂ ਹੋਰ ਬਨਾਉਣ ਬਾਰੇ ਕਿਹਾ ਗਿਆ ਹੈ। ਜਿਹੜੀਆਂ ਸਕੀਮਾਂ ਚੱਲ ਰਹੀਆਂ ਹਨ, ਸਪੀਕਰ ਸਾਹਿਬ, ਅਸੀਂ ਪਹਿਲਾਂ ਉਹਨਾਂ ਨੂੰ ਜ਼ਰੂਰ ਪੂਰਾ ਕਰਨਾ ਹੈ। ਔਰ 1982-83 ਵਿੱਚ ਖਾਸ ਤੌਰ ਤੇ ਅਰਬਨ ਐਸਟੇਟ ਵਾਸਤੇ ਗੌਰਮਿੰਟ ਦਾ ਪ੍ਰੋਗਰਾਮ ਹੈ ਅਤੇ ਅਸੀਂ ਸੈਮੀਡਿਵੈਲਪਡ ਜਿਹੜੇ ਇਲਾਕੇ ਹਨ ਉਹਨਾਂ ਨੂੰ ਡਿਵੈਲਪ ਕਰਨਾ ਹੈ। ਜਿਹੜੇ ਡਿਵੈਲਪ ਹੋ ਚੁੱਕੇ ਹਨ ਉਹਨਾਂ ਨੂੰ ਡਿਸਪੋਜ਼ ਆਫ ਕਰਾਂਗੇ। ਅਰਬਨ ਐਸਟੇਟ ਦਾ ਮਕਸਦ ਹੀ ਇਹ ਹੈ ਕਿ ਵੱਧ ਰਹੀ ਆਬਾਦੀ ਨੂੰ ਸਹੂਲਤਾਂ ਦੇਈਏ ਖਾਸ ਤੌਰ ਤੇ ਵੀਕਰ ਸੈਕਸ਼ਨ ਦੇ ਲੋਕਾਂ ਨੂੰ ਸਹੂਲਤਾਂ ਮਿਲਣ।

---

Original with;
Punjab Vidhan Sabha
Digitized by;
Panjab Digital Library

**Enhancement of Freedom Fighters' Pension**

***1809. Sardar Birdevinder Singh :** Will the Chief Minister be pleased to state whether it is a fact that the Government has enhanced the freedom fighters' pension or propose to enhance the same and if so, the details thereof ?

**Doctor Kewal Krishan (Finance Minister ) :** Yes, the State Government have enhanced the freedom fighters' pension from Rs. 50 to Rs. 100 per mensem with effect from the 14th January, 1981. There is no proposal to enhance it further, at this stage.

---

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹਾਂਗਾ ਕਿ ਟੋਟਲ ਨੰਬਰ ਆਫ ਫਰੀਡੱਮ ਫਾਈਟਰਜ਼ ਜਿਨ੍ਹਾਂ ਨੂੰ ਇਸ ਸਾਲ ਪੈਨਸ਼ਨ ਦਿੱਤੀ ਜਾ ਰਹੀ ਹੈ ਔਰ ਕਿੰਨੇ ਪੈਸੇ ਹਰ ਮਹੀਨੇ ਇਸ ਪੈਨਸ਼ਨ ਦੁਆਰਾ ਦਿੱਤੇ ਜਾਂਦੇ ਰਹੇ ਹਨ। ਦੂਸਰਾ ਇਹ ਕਿ ਹੋਰ ਜਿਹੜੀਆਂ ਪੰਜਾਬ ਸਰਕਾਰ ਵੱਲੋਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਫਰੀਡਮ ਫਾਈਟਰਜ਼ ਨੂੰ ਜਾਂ ਉਹਨਾਂ ਦੀਆਂ ਫੈਮਲੀਜ਼ ਨੂੰ ਉਸ ਵਿੱਚ ਕਿਹੜੇ ਕਿਹੜੇ ਮੈਂਬਰ ਤਸੱਵਰ ਕੀਤੇ ਜਾਂਦੇ ਹਨ ?

**ਮੰਤਰੀ** : ਸਪੀਕਰ ਸਾਹਿਬ, ਕੱਲ੍ਹ ਦੀ ਬਜਟ ਸਪੀਚ ਵਿੱਚ ਵੀ ਜ਼ਿਕਰ ਕੀਤਾ ਗਿਆ ਸੀ ਕਿ ਸਾਲ 1983-84 ਵਿੱਚ ਵੀ ਔਰ ਇਸ ਤੋਂ ਪਹਿਲਾਂ 1982-83 ਵਿਚ 14 ਜਨਵਰੀ, 1982 ਤੋਂ ਬਾਅਦ ਕੋਈ 77 ਲੱਖ ਰੁਪਏ ਸੁਤੰਰਤਾ ਸੈਨਾਨੀਆਂ ਨੂੰ ਪੈਨਸ਼ਨ ਦੇਣ ਦਾ ਜ਼ਿਆਦਾ ਸਲਾਨਾ ਬੋਝ ਪਿਆ ਹੈ ਜਿਹੜਾ ਅਸੀਂ ਛੇ ਮਹੀਨੇ ਕੈਦ ਕੱਟਣ ਵਾਲੇ ਸੁਤੰਤਰਤਾ ਸੈਨਾਨੀਆਂ ਨੂੰ ਵੀ 100 ਰੁਪਏ ਤੱਕ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਹੈ । ਛੇ ਮਹੀਨੇ ਦੇ 20 ਪੈਨਸ਼ਨਰਜ਼ ਨੂੰ ਸ਼ਾਮਲ ਕਰਨ ਨਾਲ ਸੁਤੰਤਰਤਾ ਸੈਨਾਨੀਆਂ ਦੀ ਗਿਣਤੀ 7 ਹਜ਼ਾਰ ਤੀਕਰ ਹੋ ਗਈ ਹੈ। ਇਸ ਤੋਂ ਪਹਿਲਾਂ ਲਗਭਗ ਏਨਾਂ ਹੀ ਬੋਝ ਪਹਿਲਾਂ ਸੀ । ਕੋਈ ਡੇਢ ਕਰੋੜ ਰੁਪਏ ਦੇ ਕਰੀਬ ਪੈਨਸ਼ਨ ਦੇ ਤੌਰ ਤੇ ਦੇਂਦੇ ਹਾਂ। ਸਹੂਲਤਾਂ ਦੀ ਡੀਟੇਲ ਬਾਰੇ ਕੱਲ੍ਹ ਜ਼ਿਕਰ ਕੀਤਾ ਗਿਆ ਕਿ ਕੀ ਕੁਝ ਉਹਨਾਂ ਨੂੰ ਪਹਿਲਾਂ ਹੀ ਦੇਂਦੇ ਹਾਂ ਔਰ ਇਮਪਰੂਵਮੈਂਟ ਟਰੱਸਟਾਂ ਵਿੱਚ ਅਰਬਨ ਐਸਟੇਟ ਵਿਚ ਉਹਨਾਂ ਪਲਾਟਸ ਬਾਰੇ ਵੀ ਰਿਜ਼ਰ-ਵੇਸ਼ਨ ਹੈ ਜਿਹੜੇ ਸੁਤੰਤਰਤਾ ਸੈਨਾਨੀਆਂ ਦੇ ਪੋਤੇ ਅਤੇ ਪੋਤੀਆਂ ਨੂੰ ਵੀ ਨੌਕਰੀ ਵਿੱਚ ਵੀ ਰਿਜ਼ਰਵੇਸ਼ਨ ਦਿੱਤੀ ਗਈ ਹੈ। ਮੈਡੀਕਲ ਸਹੂਲਤਾਂ ਵੀ ਦੇਂਦੇ ਹਾਂ। ਮੈਡੀਕਲ ਕਾਲਜ ਵਿੱਚ ਦਾਖਲੇ ਸਮੇਂ ਵੀ ਇਨ੍ਹਾਂ ਦੇ ਬੱਚਿਆਂ ਲਈ ਰਿਜ਼ਰਵੇਸ਼ਨ ਹੁੰਦੀ ਹੈ। ਪੰਜਾਬ ਸਰਕਾਰ ਨੂੰ ਇਨ੍ਹਾਂ ਨੂੰ ਸਹੂਲਤਾਂ ਦੇਂਦੇ ਹੋਏ ਖੁਸ਼ੀ ਮਹਿਸੂਸ ਹੁੰਦੀ ਹੈ ਕਿਉਂਕਿ ਫਰੀਡਮ ਫਾਈਟਰਜ਼ ਦੀਆਂ ਕੁਰਬਾਨੀਆਂ ਦੇ ਸਦਕੇ ਅੱਜ ਅਸੀਂ ਆਜ਼ਾਦ ਹਾਂ ਔਰ ਅਸੀਂ ਇਨ੍ਹਾਂ ਤੇ ਮਾਣ ਕਰ ਸਕਦੇ ਹਾਂ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਖਜ਼ਾਨਾ ਮੰਤਰੀ ਜੀ ਨੇ ਜਵਾਬ ਵਿੱਚ ਕਿਹਾ ਹੈ ਕਿ ਇਨ੍ਹਾਂ ਨੂੰ ਸਹੂਲਤਾਂ ਦੇਣ ਕਾਰਨ ਸਰਕਾਰ ਦੇ ਬਜਟ ਤੇ ਏਨੇ ਰੁਪਏ ਦਾ ਭਾਰ ਪਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫਰੀਡਮ ਫਾਈਟਰਜ਼ ਨੂੰ ਸਹੂਲਤਾਂ ਦੇਂਦੇ ਸਮੇਂ ਇਹ ਭਾਰ ਸਮਝਦੇ ਹਨ, ਇਸ ਦੇ ਬਦੌਲਤ ਹੀ ਇਹ ਇਥੇ ਖਜ਼ਾਨਾ ਮੰਤਰੀ ਹਨ।

**ਸ੍ਰੀ ਸਪੀਕਰ** : ਇਹਨਾਂ ਨੇ ਖਰਚ ਕਿਹਾ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਨਹੀਂ ਜੀ, ਇਨ੍ਹਾਂ ਨੇ ਭਾਰ ਸ਼ਬਦ ਵਰਤਿਆ ਹੈ। ਤੁਸੀਂ ਖਜ਼ਾਨਾ ਮੰਤਰੀ ਤੋਂ ਇਹਨਾਂ ਨੂੰ ਸਹੂਲਤਾਂ ਦੇਣ ਵਾਸਤੇ ਭਾਰ ਸ਼ਬਦ ਨਹੀਂ ਵਰਤਣਾ ਚਾਹੀਦਾ

Original with;
Punjab Vidhan Sabha
Digitized by;
Panjab Digital Library

ਹੈ। ਇਹ ਸਿਰਫ 100 ਰੁਪਏ ਪੈਨਸ਼ਨ ਦੇ ਰਹੇ ਹਨ। 50 ਰੁਪਏ ਤਾਂ ਨਿਆਸਰੇ ਔਰ ਵਿਧਵਾ ਨੂੰ ਦੇਂਦੇ ਹੀ ਹਨ। ਸਪੀਕਰ ਸਾਹਿਬ, ਇਨ੍ਹਾਂ ਤੋਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਕੀ ਇਸ ਨੂੰ ਵਧਾਉਣ ਦਾ ਕੋਈ ਵਿਚਾਰ ਹੈ ?

**ਮੰਤਰੀ** : ਸਪੀਕਰ ਸਾਹਿਬ, ਭਾਰ ਸ਼ਬਦ ਨੂੰ ਮੈਂ ਵਾਪਸ ਲੈਂਦਾ ਹਾਂ ਕਿਉਂਕਿ ਖਰਚ ਸ਼ਬਦ ਵਜੋਂ ਭਾਰ ਸ਼ਬਦ ਵਰਤਿਆ ਗਿਆ ਹੈ। ਵੈਸੇ ਇਨਟੈਨਸ਼ਨ ਕੋਈ ਐਸੀ ਨਹੀਂ ਹੈ ਕਿ ਸਹੂਲਤ ਨੂੰ ਭਾਰ ਸਮਝਿਆ ਜਾਵੇ। ਅਸੀਂ ਤਾਂ ਸਗੋਂ ਖ਼ੁਸ਼ੀ ਮਹਿਸੂਸ ਕਰਦੇ ਹਾਂ ਜਦੋਂ ਪੰਜਾਬ ਸਰਕਾਰ ਵੱਲੋਂ ਫਰੀਡਮ ਫਾਈਟਰਜ਼ ਨੂੰ ਕੋਈ ਸਹੂਲਤ ਦਿੱਤੀ ਜਾਂਦੀ ਹੈ। ਜਿੱਥੋਂ ਤੱਕ ਇਹ ਪੈਨਸਨ ਐਨਹਾਂਸ ਕਰਨ ਦਾ ਸਵਾਲ ਹੈ ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਨੂੰ ਕੋਈ ਇਨਸੈਨਟਿਵ ਦਿੱਤਾ ਜਾਵੇ ਪਰ ਪੰਜਾਬ ਸਰਕਾਰ ਨੂੰ ਹੀ ਇਹ ਸਿਹਰਾ ਮਿਲਿਆ ਹੈ. ਜਿਸ ਦੇ ਮੁੱਖੀ ਖੁਦ ਫਰੀਡੱਮ ਫਾਈਟਰ ਹਨ ਜਿਸ ਨੇ 50 ਰੁਪਏ ਤੋਂ ਵਧਾ ਕੇ 100 ਰੁਪਏ ਪੈਨਸ਼ਨ ਰੇਟ ਕੀਤਾ ਹੈ। ਇਸ ਤੋਂ ਪਹਿਲਾਂ ਇਸ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਗਿਆ। (ਥੰਪਿੰਗ)

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਫਰੀਡਮ ਫਾਈਟਰਜ਼ ਨੂੰ ਪੈਨਸ਼ਨਜ਼ ਦਿੱਤੀਆਂ ਔਰ ਫਰੀਡਮ ਫਾਈਟਰਜ਼ ਉਨ੍ਹਾਂ ਨੂੰ ਕਿਹਾ ਗਿਆ ਜਿਨ੍ਹਾਂ ਨੇ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਪਾਇਆ ਹੋਵੇ, ਕੈਦਾਂ ਕੱਟੀਆਂ ਹੋਣ। ਪਰ ਜਿਸ ਨੂੰ ਗਿਆਨੀ ਜ਼ੈਲ ਸਿੰਘ ਨੇ ਤਾਮਰ ਪੱਤਰ ਦਿੱਤਾ ਹੈ ਫਰੀਡਮ ਫਾਈਟਰ ਕਹਿ ਕੇ, ਉਸ ਨੇ ਇੱਕ ਦਿਨ ਵੀ ਜੇਲ੍ਹ ਨਹੀਂ ਕੱਟੀ। ਕੀ ਇਸ ਤਰ੍ਹਾਂ ਦੇ ਫਰੀਡਮ ਫਾਈਟਰ ਦੇ ਖਿਲਾਫ ਐਕਸ਼ਨ ਲੈਣਗੇ ?

**ਮੰਤਰੀ** : ਫਰੀਡਮ ਫਾਈਟਰ ਲਈ ਇਹ ਸ਼ਬਦ ਕਹਿਣੇ ਠੀਕ ਨਹੀਂ ਹਨ। (ਸ਼ੇਮ, ਸ਼ੇਮ)। ਤਾਮਰ ਪੱਤਰ ਦੇਣ ਲਈ 3 ਮਹੀਨਿਆਂ ਦੀ ਕੈਦ ਕੱਟੀ ਹੋਣੀ ਚਾਹੀਦੀ ਹੈ ਅਤੇ ਹੋਰ ਤਕਲੀਫਾਂ ਵੀ ਉਠਾਈਆਂ ਹੋਣ ਉਸ ਨੂੰ ਤਾਮਰ ਪੱਤਰ ਦਿੰਦੇ ਹਨ। ਜਿਹੜੀ ਪੈਨਸ਼ਨ ਦੇਣ ਦੀ ਪਾਲਿਸੀ ਹੈ, ਉਸ ਮੁਤਾਬਿਕ 6 ਮਹੀਨੇ ਸੈਂਟ੍ਰਲ ਗੌਰਮਿੰਟ ਨੇ ਕੀਤਾ ਹੋਇਆ ਹੈ ਔਰ ਪੰਜਾਬ ਗੌਰਮਿੰਟ ਨੇ ਵੀ 6 ਮਹੀਨੇ ਕਰ ਦਿੱਤਾ ਹੈ, ਜਿਹੜੀ ਕਿ ਪਹਿਲਾਂ ਸਾਲ ਸੀ। 7,000 ਫਰੀਡਮ ਫਾਈਟਰਜ਼ ਪੰਜਾਬ ਵਿਚ ਹਨ ਔਰ ਉਨ੍ਹਾਂ ਨੂੰ 100 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ। ਜੇਕਰ ਕੋਈ ਗਲਤ ਪੈਨ-ਸ਼ਨ ਲੈ ਰਿਹਾ ਹੈ ਤਾਂ ਉਸ ਲਈ ਇਹ ਸਾਡੇ ਨੋਟਿਸ ਵਿਚ ਲਿਆਉਣ ਅਸੀਂ ਇਨਕੁਆਇਰੀ ਜ਼ਰੂਰ ਕਰਾਂਗੇ। ਫਰੀਡਮ ਫਾਈਟਰ ਸਿਰ ਦਾ ਤਾਜ ਹੈ। ਇਨ੍ਹਾਂ ਲਈ ਸਰਕਾਰ ਕੋਈ ਇਸ ਤਰ੍ਹਾਂ ਦੇ ਲਫਜ਼ ਨਹੀਂ ਇਸਤੇਮਾਲ ਕਰ ਸਕਦੀ। ਜਿਹੜੇ ਮੈਂਬਰ ਸਾਹਿਬ ਨੇ ਇਨ੍ਹਾਂ ਦੇ ਖਿਲਾਫ ਕੋਈ ਸ਼ਬਦ ਕਹੇ ਹਨ, ਉਹ ਇਨ੍ਹਾਂ ਨੂੰ ਵਾਪਸ ਲੈ ਲੈਣੇ ਚਾਹੀਦੇ ਹਨ।

## Posts of Panchayat Secretaries

***1812. Sardar Birdevinder Singh** : Will the Minister for Development be pleased to state whether there is any proposal under the consideration of the Government to provincialise the posts of Panchayat Secretaries ; if so, the details thereof ?

**ਸਰਦਾਰ ਸੰਤੋਖ ਸਿੰਘ ਰੰਧਾਵਾ** : ਨਹੀਂ ਜੀ। ਅਲਬਤਾ ਪੰਚਾਇਤ ਸਕੱਤਰਾਂ ਦੀ ਡਿਮਾਂਡ ਇਸ ਬਾਰੇ ਪੁੱਜੀ ਹੈ ਜਿਸ ਦੀ ਪਰਖ ਕੀਤੀ ਜਾ ਰਹੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਡੀਮਾਂਡ ਇਨ੍ਹਾਂ ਪਾਸ ਕਦੋਂ ਪੁੱਜੀ ਹੈ ਔਰ ਇਸ ਦੀ ਪਰਖ ਕਿੰਨਿਆਂ ਵਰ੍ਹਿਆਂ ਤੋਂ ਹੋ ਰਹੀ ਹੈ ਔਰ ਹੋਰ ਕਿੰਨੇ ਵਰ੍ਹੇ ਇਸ ਦੀ ਪਰਖ ਕੀਤੀ ਜਾਏਗੀ ? ਸਰਕਾਰ ਦੇ ਰਸਤੇ ਵਿਚ ਕਿਹੜੀਆਂ ਕਿਹੜੀਆਂ ਰੁਕਾਵਟਾਂ ਹਨ, ਜਿਸ ਕਰਕੇ ਪੰਚਾਇਤ ਸਕੱਤਰਾਂ ਦੀਆਂ ਅਸਾਮੀਆਂ ਨੂੰ ਪ੍ਰੋਵਿੰਸ਼ਿਆਲਾਈਜ਼ਡ ਨਹੀਂ ਕੀਤਾ ਜਾ ਸਕਦਾ ?

**ਮੰਤਰੀ** : ਸਪੀਕਰ ਸਾਹਿਬ, ਇਹ ਡੀਮਾਂਡ ਇਸੇ ਸਾਲ ਪੁੱਜੀ ਹੈ ਔਰ ਇਸ ਦੀ ਪਰਖ ਕੀਤੀ ਜਾ ਰਹੀ ਹੈ। ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਇਸ ਵਿਚ ਰੁਕਾਵਟ ਕੀ ਹੈ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਚਾਇਤ ਸਕੱਤਰ ਪੰਚਾਇਤ ਸੰਮਤੀਆਂ ਦੇ ਮੈਂਬਰ ਹਨ ਔਰ ਪੰਚਾਇਤ ਸੰਮਤੀਆਂ ਦੇ ਮੈਂਬਰ ਹੋਰ ਵੀ ਹਨ ਜਿਵੇਂ ਕਿ ਸੁਪਰਡੰਟ, ਦੋ ਕਲਰਕਸ, ਇੱਕ ਸਟੈਨੋਗਰਾਫਰ ਔਰ ਦੋ ਪੀਅਨਜ਼ । ਪੰਚਾਇਤ ਸਕੱਤਰ ਪੰਚਾਇਤ ਵਿਚ ਕੰਮ ਕਰਦੇ ਹਨ ਔਰ ਪੰਚਾਇਤਾਂ ਉਨ੍ਹਾਂ ਨੂੰ ਤਨਖਾਹਾਂ ਦਿੰਦੀਆਂ ਹਨ। ਸੰਮਤੀ ਵਾਲੇ ਪੈਸੇ ਪੰਚਾਇਤ ਕੋਲੋਂ ਲੈ ਲੈਂਦੇ ਹਨ ਔਰ ਇਹ ਤਨਖਾਹ ਇਨ੍ਹਾਂ ਨੂੰ ਦੇ ਦਿੰਦੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਜਦੋਂ ਦੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਤਾਕਤ ਵਿਚ ਆਈ ਹੈ ਇਹ ਡੀਸੈਂਟ੍ਰੇਲਾਈਜ਼ੇਸ਼ਨ ਆਫ ਪਾਵਰ ਕਰਕੇ ਸੰਮਤੀਆਂ ਨੂੰ ਔਰ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਪਾਵਰ ਦੇਣ ਵਲ ਜਾ ਰਹੀ ਹੈ। ਮੈਂ ਮੁਨਾਸਿਬ ਨਹੀਂ ਸਮਝਦਾ ਕਿ ਇਨ੍ਹਾਂ ਦੀ ਪ੍ਰੋਵਿੰਸ਼ਿਆਲਾਈਜ਼ੇਸ਼ਨ ਕਰ ਲਈਏ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਅਖਬਾਰਾਂ ਵਿਚ ਐਡਵਰਟਿਜ਼ਮੈਂਟ ਕੀਤੀ ਹੈ ਕਿ ਮਹਿਕਮਾ ਪੰਚਾਇਤ ਵਿਚ ਬਹੁਤ ਸਾਰੀਆਂ ਆਸਾਮੀਆਂ ਪੰਚਾਇਤ ਸਕੱਤਰਾਂ ਦੀਆਂ ਖਾਲੀ ਹਨ। ਇਸ ਸਬੰਧ ਵਿਚ ਹਜ਼ਾਰਾਂ ਦਰਖਾਸਤਾਂ ਡਾਇਰੈਕਟੋਰੇਟ ਪੰਚਾਇਤ ਵਿਚ ਪਹੁੰਚ ਚੁੱਕੀਆਂ ਹਨ ਜਿਨ੍ਹਾਂ ਦੀ ਘੋਖ ਪੜਤਾਲ ਕੀਤੀ ਜਾ ਰਹੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਪੰਚਾਇਤ ਸਕੱਤਰ ਦੀ ਨਿਯੁਕਤੀ ਸੰਮਤੀ ਨੇ ਕਰਨੀ ਹੈ ਤਾਂ ਫਿਰ ਡਾਇਰੈਕਟੋਰੇਟ ਵਿਚ ਦਰਖਾਸਤਾਂ ਕਿਉਂ ਮੰਗਵਾਈਆਂ ਗਈਆਂ ਹਨ ? ਜੇਕਰ ਡਾਇਰੈਕਟੋਰੇਟ ਵਿਚ ਘੋਖ ਪੜਤਾਲ ਹੋ ਰਹੀ ਹੈ ਤਾਂ ਫਿਰ ਪੰਚਾਇਤ ਸੰਮਤੀ ਦਾ ਕੀ ਰੋਲ ਹੋਇਆ ? ਜੇਕਰ ਪੰਚਾਇਤ ਸਕੱਤਰ ਨੂੰ ਤਨਖਾਹ ਗਰਾਮ ਪੰਚਾਇਤ ਨੇ ਦੇਣੀ ਹੈ ਤਾਂ ਫਿਰ ਸੰਮਤੀ ਦਾ ਕੀ ਰੋਲ ਹੋਇਆ ? (ਵਿਘਨ)

**ਸ੍ਰੀ ਸਪੀਕਰ** : ਤੁਸੀਂ ਮੁਖਤਸਿਰ ਜਿਹਾ ਸਪਲੀਮੈਂਟਰੀ ਪੁੱਛੋ।

**ਸਰਦਾਰ ਬੀਰਦਵਿੰਦਰ ਸਿੰਘ** : ਮੇਰੇ ਡੈਫੀਨਿਟ ਸਵਾਲ ਹਨ। ਸਪੀਕਰ ਸਾਹਿਬ, ਤੁਸੀਂ ਤਾਂ ਮੇਰਾ ਸਪਲੀਮੈਂਟਰੀ ਤਬਾਹ ਕਰਕੇ ਰਖ ਦਿੱਤਾ ਹੈ। ਤੁਸੀਂ ਮਨਿਸਟਰ ਨੂੰ ਪ੍ਰੋਟੈਕਸ਼ਨ ਦਿੰਦੇ ਹੋ ਅਤੇ ਸਾਨੂੰ ਪ੍ਰੋਟੈਕਸ਼ਨ ਨਹੀਂ ਦਿੰਦੇ।

**ਸ੍ਰੀ ਸਪੀਕਰ** : ਤੁਸੀਂ ਆਪਣਾ ਸਪਲੀਮੈਂਟਰੀ ਕਰੋ।

**ਸਰਦਾਰ ਬੀਰਦਵਿੰਦਰ ਸਿੰਘ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਡਾਇਰੈਕਟੋਰੇਟ ਵਿਚ 70 ਪੰਚਾਇਤ ਸਕੱਤਰਾਂ ਦੀਆਂ ਆਸਾਮੀਆਂ ਲਈ ਆਈਆਂ ਦਰਖਾਸਤਾਂ ਦੀ ਘੋਖ ਪੜਤਾਲ ਹੋ ਰਹੀ ਹੈ ? ਜੇਕਰ ਹੋ ਰਹੀ ਹੈ ਤਾਂ ਫਿਰ ਉਨ੍ਹਾਂ ਦੀਆਂ ਨਿਯੁਕਤੀਆਂ ਵਿਚ ਪੰਚਾਇਤ ਸੰਮਿਤੀਆਂ ਦਾ ਕੀ ਰੋਲ ਹੈ ? ਜਦੋਂ ਡਾਇਰੈਕਟੋਰੇਟ ਲੈਵਲ ਤੇ ਉਨ੍ਹਾਂ ਦੀ ਨਿਯੁਕਤੀ ਹੋਣੀ ਹੈ ਤਾਂ ਫਿਰ ਉਨ੍ਹਾਂ ਨੂੰ ਪ੍ਰੋਵਿੰਸ਼ਿਆਲਾਈਜ਼ਡ ਕਰਨ ਵਿਚ ਕੀ ਰੁਕਾਵਟ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਪੰਚਾਇਤ ਸਕਤਰ ਜਿਹੜੇ ਹਨ ਇਹ ਪੰਚਾਇਤ ਸੰਮਿਤੀ ਦੀ ਸਰਵਿਸ ਅਧੀਨ ਆਉਂਦੇ ਹਨ। ਪੰਚਾਇਤੀ ਰਾਜ ਕੰਸਟੀਚਿਊਸ਼ਨ ਅਧੀਨ ਜੋ ਅਖਤਿਆਰਾਤ ਸੰਮਤੀ ਨੂੰ ਮਿਲੇ ਹਨ ਉਨ੍ਹਾਂ ਨੂੰ ਮਜ਼ਬੂਤ ਕਰਨਾ ਹੈ ਔਰ ਉਨ੍ਹਾਂ ਦੇ ਕਰਮਚਾਰੀਆਂ ਨੂੰ ਉਨ੍ਹਾਂ ਕੋਲ ਰਹਿਣ ਦੇਣਾ ਚਾਹੀਦਾ ਹੈ। ਜਿਥੋਂ ਤਕ ਸਿਕਿਊਰਿਟੀ ਆਫ ਸਰਵਿਸ ਦੀ ਗਲ ਹੈ ਉਹ ਦੇਣ ਵਾਸਤੇ ਇਸ ਐਕਟ ਵਿਚ ਅਮੈਂਡ-ਮੈਂਟ ਕਰਕੇ, ਇਹ ਪੋਸਟਾਂ ਵਾਸਤੇ ਐਪਲੀਕੇਸ਼ਨਜ਼ ਲੈ ਕੇ ਉਨ੍ਹਾਂ ਨੂੰ ਪਰਖ ਕੇ ਨਿਯੁਕਤੀਆਂ ਕਰਾਂਗੇ ਔਰ ਸਿਕਿਊਰਿਟੀ ਆਫ ਸਰਵਿਸ ਦਿਆਂਗੇ। ਇਹ ਮੁਲਾਜ਼ਮ ਪੰਚਾਇਤ ਸੰਮਤੀਆਂ ਦੇ ਰਹਿਣਗੇ।

**ਸ੍ਰੀ ਸਪੀਕਰ** : ਉਨ੍ਹਾਂ ਦਾ ਸਵਾਲ ਸੀ ਕਿ ਡਾਇਰੈਕਟੋਰੇਟ ਕਿਉਂ ਉਨ੍ਹਾਂ ਨੂੰ ਅਪੁਆਇੰਟ ਕਰਦਾ ਹੈ। ਇਸ ਬਾਰੇ ਦੱਸੋ।

**Sardar Birdevinder Singh :** Whether the Directorate of Panchayats had invited applications for the posts of Panchayat Secretaries ; if so, the number of applications received ? Whether those applications are being scrutinised by the Directorate ; if so, then what role in the case of their appointment is left with the Panchayat Samitis ? If the appointment is to be made by the Directorate, then why the posts of Panchayat Secretaries can not be provincialised ?

**ਮੰਤਰੀ** : ਸਪੀਕਰ ਸਾਹਿਬ, ਪੰਚਾਇਤ ਸੰਮਿਤੀਆਂ ਕੋਲ ਐਨੇ ਪੈਸੇ ਨਹੀਂ ਸਨ, ਇਸ ਲਈ ਲਿਕੁਅਰ ਟੈਕਸ ਲਗਾਕੇ 1.92 ਕਰੋੜ ਰੁਪਏ ਦੀ 1981-82 ਅਤੇ 1982-83 ਵਿਚ ਪੰਚਾਇਤ ਸੰਮਿਤੀਆਂ ਨੂੰ ਇਮਦਾਦ ਦਿੱਤੀ ਗਈ ਹੈ। ਇਸ ਦੇ ਨਾਲ ਹੀ ਨਾਲ ਪੰਚਾਇਤ ਸੰਮਿਤੀਆਂ ਔਰ ਪੰਚਾਇਤਾਂ ਨੂੰ 50% ਲੈਂਡ ਰੈਵੇਨਿਊ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਲੋਕਲ ਰੇਟ ਵੀ ਦਿੱਤਾ ਜਾਂਦਾ ਹੈ। ਪਰੋਫੈਸ਼ਨਲ ਟੈਕਸ ਜਿਹੜਾ ਸੀ ਉਹ ਸਰਕਾਰ ਨੇ ਮੁਆਫ ਕਰ ਦਿੱਤਾ ਹੈ, ਉਹ ਗਰਾਂਟ ਸਰਕਾਰ ਦਿੰਦੀ ਹੈ। ਪੰਚਾਇਤ ਸਕੱਤਰਾਂ ਨੇ ਕਿਹਾ ਸੀ ਕਿ ਸਾਨੂੰ ਸਿਕਿਊਰਿਟੀ ਆਫ ਸਰਵਿਸ ਨਹੀਂ ਹੈ। 1979 ਵਿਚ ਜਿਹੜੇ ਸਰਵਿਸ ਰੂਲਜ਼ ਬਣੇ ਹਨ, ਉਸ ਦੇ ਮੁਤਾਬਿਕ ਉਨ੍ਹਾਂ ਨੇ ਕਿਹਾ ਹੈ ਕਿ ਸਾਨੂੰ ਪੈਨਸ਼ਨ ਨਹੀਂ ਦੇਣੀ ਲੇਕਿਨ ਪੈਨਸ਼ਨ ਤੋਂ ਛੁੱਟ ਜਿਹੜੀਆਂ ਬਾਕੀ ਗੌਰਮਿੰਟ ਸਰਵੈਂਟਸ ਨੂੰ ਸਹੂਲਤਾਂ ਮਿਲਦੀਆਂ ਹਨ, ਉਹ ਇਨ੍ਹਾਂ ਨੂੰ ਦਿੱਤੀਆਂ ਜਾਣ, ਉਸ ਵਾਸਤੇ ਇਹ ਸਕੱਤਰ ਗੌਰਮਿੰਟ ਸਰਵਿਸ ਵਿਚ ਨਹੀਂ ਲਿਆਂਦੇ ਗਏ। ਇਨ੍ਹਾਂ ਨੂੰ ਜਦੋਂ ਅਪੁਆਇੰਟ ਕਰਦੇ ਹਾਂ ਉਹ ਗੌਰਮਿੰਟ ਕਰਦੀ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਮੈਂ ਇਹ ਪੁੱਛਿਆ ਸੀ ਕਿ ਸੈਕਟਰੀ ਨੂੰ ਪੰਚਾਇਤ ਸੰਮਿਤੀ ਐਪੁਆਇੰਟ ਕਰਦੀ ਹੈ ਜਾਂ ਡਾਇਰੈਕਟੋਰੇਟ ਕਰਦਾ ਹੈ ?

**ਸ੍ਰੀ ਸਪੀਕਰ** : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਦੀ ਐਪੁਆਇੰਟਮੈਂਟ ਡਾਇਰੈਕਟੋਰੇਟ ਕਰਦਾ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਫਿਰ ਪੰਚਾਇਤ ਸੰਮਿਤੀ ਦਾ ਕੀ ਰੋਲ ਰਿਹਾ ? ਜੇ ਸੈਕਟਰੀ ਦੀ ਐਪੁਆਇੰਟਮੈਂਟ ਡਾਇਰੈਕਟੋਰੇਟ ਕਰਦਾ ਹੈ ਤਾਂ ਫਿਰ ਪ੍ਰੋਵਿੰਸ਼ਿਲਾਈਜ਼ ਕਿਉਂ ਨਾ ਕਰਨ ? ਜੇ ਡਾਇਰੈਕਟੋਰੇਟ ਵਲੋਂ ਉਨ੍ਹਾਂ ਦੀ ਨਿਯੁਕਤੀ ਕਰਨੀ ਹੈ ਤਾਂ ਫਿਰ ਉਨ੍ਹਾਂ ਨੂੰ ਪ੍ਰੋਵਿੰਸ਼ਿਲਾਈਜ਼ ਕਿਉਂ ਨਹੀਂ ਕੀਤਾ ਜਾ ਰਿਹਾ ? ਫਿਰ ਇਸ ਵਿਚ ਪੰਚਾਇਤ ਸੰਮਿਤੀ ਦਾ ਕੀ ਰੋਲ ਹੈ ?

**ਮੰਤਰੀ** : ਜਿਵੇਂ ਕਿ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਉਹ ਪੰਚਾਇਤ ਸੰਮਿਤੀ ਦੇ ਵੀ ਮੁਲਾਜ਼ਮ ਹਨ। ਜਿਹੜੀ ਉਨ੍ਹਾਂ ਨੂੰ ਤਨਖਾਹ ਮਿਲਦੀ ਹੈ ਇਸ ਬਾਰੇ ਪੰਚਾਇਤਾਂ ਬਕਾਇਦਾ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਜ਼ੋਲਿਊਸ਼ਨ ਕਰਦੀਆਂ ਹਨ ਅਤੇ ਮਹੀਨੇ ਪਿਛੋਂ ਸਰਟੀਫੀਕੇਟ ਦਿੰਦੀਆਂ ਹਨ ਕਿ ਇਹ ਸੈਕਟਰੀ ਸਾਡੀ ਪੰਚਾਇਤ ਵਿਚ ਕੰਮ ਕਰਨ ਲਈ ਆਇਆ ਹੈ। ਫਿਰ ਉਨ੍ਹਾਂ ਨੂੰ ਉਸ ਸੰਮਿਤੀ ਵਿਚੋਂ ਤਨਖਾਹ ਦਿਤੀ ਜਾਂਦੀ ਹੈ। ਸਰਕਾਰ ਵਲੋਂ ਉਨ੍ਹਾਂ ਦੀ ਪੂਰੀ ਸਿਕਿਉਰਿਟੀ ਆਫ ਸਰਵਿਸ ਹੈ। ਉਨ੍ਹਾਂ ਦਾ ਕੰਟਰੋਲ ਪੰਚਾਇਤੀ ਸੰਮਿਤੀਆਂ ਕੋਲ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਉਨ੍ਹਾਂ ਦੀ ਐਪੁਆਇੰਟਿੰਗ ਅਥਾਰਿਟੀ ਕੌਣ ਹੈ ?

**ਮੰਤਰੀ** : ਉਨ੍ਹਾਂ ਦੀ ਐਪੁਆਇੰਟਿੰਗ ਅਥਾਰਿਟੀ ਡਾਇਰੈਕਟੋਰੇਟ ਹੈ। (ਵਿਘਨ)

**ਪੰਡਿਤ ਸਰਵਣ ਰਾਮ** : ਵਜ਼ੀਰ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਦੀ ਐਪੁਆਇੰਟਿੰਗ ਅਥਾਰਿਟੀ ਡਾਇਰੈਕਟੋਰੇਟ ਹੈ। ਫਿਰ ਇਸ ਤਰ੍ਹਾਂ ਪੰਚਾਇਤ ਸੰਮਿਤੀਆਂ ਦੀ ਉਸ ਵਿਚ ਕੋਈ ਗਲ ਨਾ ਹੋਈ ਕਿਉਂਕਿ ਐਪੁਆਇੰਟਿੰਗ ਅਥਾਰਿਟੀ ਹੀ ਉਨ੍ਹਾਂ ਨੂੰ ਹਟਾ ਸਕਦੀ ਹੈ ਅਤੇ ਸਜ਼ਾ ਦੇ ਸਕਦੀ ਹੈ। ਜੇ ਉਨ੍ਹਾਂ ਨੂੰ ਤਨਖਾਹ ਦੇਣੀ ਹੈ ਤਾਂ ਪੰਚਾਇਤ ਕੋਲੋਂ ਸੰਮਿਤੀਆਂ ਨੇ ਲੈ ਕੇ ਦੇਣੀ ਹੈ। ਫਿਰ ਇਹ ਉਨ੍ਹਾਂ ਨੂੰ ਪ੍ਰੋਵਿੰਸ਼ੇਲਾਈਜ਼ ਕਰਨਾ ਨਹੀਂ ਚਾਹੁੰਦੇ। ਇਸ ਤਰ੍ਹਾਂ ਤਾਂ ਡਾਇਰੈਕਟੋਰੇਟ ਦਾ ਸਾਰਾ ਕੰਟਰੋਲ ਹੋਇਆ। ਇਸ ਤਰ੍ਹਾਂ ਪੰਚਾਇਤ ਸੰਮਿਤੀਆਂ ਦੀ ਕੋਈ ਗਲ ਨਾ ਹੋਈ । ਉਹ ਕੋਈ ਉਨ੍ਹਾਂ ਨੂੰ ਸਜ਼ਾ ਨਹੀਂ ਦੇ ਸਕਦੀਆਂ ਅਤੇ ਉਨ੍ਹਾਂ ਨੂੰ ਪੁੱਛ ਨਹੀਂ ਸਕਦੀਆਂ। ਇਹ ਕਿਸ ਕਿਸਮ ਦੀ ਪਾਲਿਸੀ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਸਰਕਾਰ ਵਲੋਂ ਹੈ। ਬਾਕੀ ਉਨ੍ਹਾਂ ਦੀ ਐਪੁਆਇੰਟਮੈਂਟ ਜਿਹੜੀ ਹੈ ਉਹ ਡਾਇਰੈਕ-ਟੋਰੇਟ ਕਰਦਾ ਹੈ ਲੇਕਿਨ ਉਨ੍ਹਾਂ ਦਾ ਕੰਟਰੋਲ ਜਿਹੜਾ ਹੈ ਉਹ ਪੰਚਾਇਤ ਸੰਮਿਤੀਆਂ ਕੋਲ ਹੈ ਅਤੇ ਇਸ ਬਾਰੇ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ।

------

## Environmental Scheme

***1854. Shri Gopal Krishan Chatrath**
**Sardar Harcharan Singh Hero** } :Will the Minister for Development be pleased to state the total amount sanctioned for Zira and Batala Sub-Divisions under the Environmental Scheme during the financial year 1980-81, 1981-82 and 1982-83 separately ?

**ਚੌਧਰੀ ਜਗਤ ਰਾਮ (ਭਲਾਈ ਅਤੇ ਕਿਰਤ ਮੰਤਰੀ)** :

| | 1980-81 | 1981-82 | 1982-83 |
|---|---|---|---|
| ਜ਼ੀਰਾ | ਨਿੱਲ | ਨਿੱਲ | ਨਿੱਲ |
| ਬਟਾਲਾ | 47,200 ਰੁ. | 6,74,558 ਰੁ. | 4,11,758 ਰੁ. |

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਇਹ ਜਿਹੜਾ ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਇਹ ਤੁਸੀਂ ਸੁਣ ਲਿਆ ਹੈ ਕਿ ਬਟਾਲਾ ਸਬ-ਡਵੀਜ਼ਨ ਨੂੰ 11,33,516 ਰੁਪਏ ਦਿੱਤੇ ਗਏ ਹਨ ਅਤੇ ਜ਼ੀਰਾ ਨੂੰ ਦੱਸਿਆ ਹੈ ਕਿ 'ਨਿੱਲ', ਨਿੱਲ, 'ਨਿੱਲ'। ਮੈਨੂੰ ਇਹ ਦੱਸਿਆ ਜਾਵੇ ਕਿ ਕੀ ਜ਼ੀਰਾ ਸਬ-ਡਵੀਜ਼ਨ ਵਿਚ ਕੋਈ ਹਰੀਜਨ ਨਹੀਂ ਵਸਦਾ ਜਾਂ ਉਥੇ ਹਰੀਜਨ ਬਸਤੀਆਂ ਨਹੀਂ

Original with;
Punjab Vidhan Sabha
Digitized by;
Panjab Digital Library

ਹਨ ? ਬਟਾਲਾ ਸਬ-ਡਵੀਜ਼ਨ ਨੂੰ ਤਾਂ 11,33,516 ਰੁਪਏ ਦਿਤੇ ਗਏ ਹਨ, ਪਰ ਜ਼ੀਰਾ ਸਬ-ਡਵੀਜ਼ਨ ਨੂੰ ਕਿਉਂ ਇਗਨੋਰ ਕੀਤਾ ਗਿਆ ਹੈ ? ਇਹ ਸਾਡੀ ਸਬ-ਡਵੀਜ਼ਨ ਵਿਚ ਹਰੀਜਨਾਂ ਨਾਲ ਧੱਕਾ ਹੈ। ਇਹ ਜਵਾਬ ਦੇਣ ਕਿ ਸਾਡੇ ਨਾਲ ਧੱਕਾ ਕਿਉਂ ਕੀਤਾ ਹੈ ?

**ਮੰਤਰੀ**: ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਸਾਡੇ ਨਾਲ ਧੱਕਾ ਕਿਉਂ ਕੀਤਾ ਹੈ। ਬਟਾਲੇ ਵਿਚ ਵੀ ਹਰੀਜਨ ਵਸਦੇ ਹਨ ਅਤੇ ਉਨ੍ਹਾਂ ਨੂੰ ਐਨੇ ਲੱਖ ਰੁਪਿਆ ਦਿਤਾ ਹੈ, ਉਸ ਬਾਰੇ ਤਾਂ ਇਨ੍ਹਾਂ ਨੇ ਨਹੀਂ ਕਿਹਾ ਕਿ ਇਹ ਚੰਗਾ ਕੀਤਾ ਗਿਆ ਹੈ । ਇਹ ਆਪਣੇ ਸਬ-ਡਵੀਜ਼ਨ ਨਾਲ ਧੱਕੇ ਦੀ ਗਲ ਕਰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਪੈਸਾ ਜ਼ਿਲ੍ਹਾਵਾਰ ਵੰਡਿਆ ਗਿਆ ਅਤੇ ਫਿਰੋਜ਼ਪੁਰ ਨੂੰ 15,14,182 ਰੁਪਏ ਜਾ ਚੁੱਕੇ ਹਨ। ਬਟਾਲਾ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ ਅਤੇ ਗੁਰਦਾਸਪੁਰ ਨੂੰ 22 ਲੱਖ ਰੁਪਿਆ ਜਾ ਚੁੱਕਾ ਹੈ। ਇਹ ਜ਼ਿਲ੍ਹੇਵਾਰ ਰੁਪਿਆ ਵੰਡਿਆ ਹੈ । ਫਿਰ ਹਰੀਜਨਾਂ ਦੀ ਆਬਾਦੀ ਦਾ ਵੀ ਸਵਾਲ ਹੈ। (ਵਿਘਨ) ਉਥੇ ਦੇ ਹਰੀਜਨਾਂ ਦੇ ਜਿਹੜੇ ਨੁਮਾਇੰਦੇ ਹੁੰਦੇ ਹਨ, ਉਹ ਜ਼ਿਲ੍ਹਾ ਭਲਾਈ ਅਫ਼ਸਰ ਨੂੰ ਫਾਰਮ ਭਰਕੇ ਦੇ ਦਿੰਦੇ ਹਨ ਅਤੇ ਉਹ ਫਿਰ ਡੀ.,ਸੀ. ਦੇ ਰਾਹੀਂ ਡਾਇਰੈਕਟੋਰੇਟ ਨੂੰ ਆਉਂਦਾ ਹੈ। ਇਨ੍ਹਾਂ ਦੀ ਸਬ-ਡਵੀਜ਼ਨ ਜ਼ੀਰਾ ਵਿਚੋਂ ਲਿਖ ਕੇ ਆਇਆ ਹੀ ਨਹੀਂ। ਮੈਂ ਕਹਾਂਗਾ ਕਿ ਉਨ੍ਹਾਂ ਲੋਕਾਂ ਦੀ ਰਹਿਨੁਮਾਈ ਕਰੋ ਅਤੇ ਐਪਲੀਕੇਸ਼ਨ ਦਿਓ।

**ਸਰਦਾਰ ਹਰਚਰਨ ਸਿੰਘ ਹੀਰੋ**: ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਬਿਆਨੀ ਕਰ ਰਹੇ ਹਨ। ਮੈਂ ਇਨ੍ਹਾਂ ਨੂੰ ਆਪ ਹਰੀਜਨ ਬਸਤੀ ਸੁਧਾਰ ਲਈ ਐਪਲੀਕੇਸ਼ਨਜ਼ ਦਿਤੀਆਂ ਹਨ। ਇਨ੍ਹਾਂ ਨੇ ਦੱਸਿਆ ਹੈ ਕਿ ਜ਼ਿਲ੍ਹਾ ਫਿਰੋਜ਼ਪੁਰ ਨੂੰ 15 ਲੱਖ ਰੁਪਿਆ ਦਿਤਾ ਗਿਆ। ਪਰ ਜ਼ੀਰਾ ਸਬ-ਡਵੀਜ਼ਨ ਨੂੰ ਇਕ ਪੈਸਾ ਨਹੀਂ ਦਿਤਾ ਗਿਆ। ਜਿਸ ਨੇ ਇਹ ਪੈਸਾ ਵੰਡਿਆ ਹੈ, ਭਾਵੇਂ ਉਹ ਕੋਈ ਵੀ ਅਫ਼ਸਰ ਹੈ, ਭਾਵੇਂ ਇਹ ਡੀ.ਸੀ. ਨੇ ਵੰਡਿਆ ਹੈ, ਇਹ ਪੈਸਾ ਐਪਲੀਕੇਸ਼ਨਜ਼ ਦੇ ਮੁਤਾਬਿਕ ਕਿਉਂ ਨਹੀਂ ਵੰਡਿਆ ਗਿਆ ? ਜ਼ੀਰਾ ਸਬ-ਡਵੀਜ਼ਨ ਬਹੁਤ ਵੱਡੀ ਹੈ। ਉਥੇ ਦੇ ਦੋ ਅਸੈਂਬਲੀ ਹਲਕੇ ਹਨ। ਉਥੇ ਹਰੀਜਨਾਂ ਦੀ ਆਬਾਦੀ ਸਭ ਤੋਂ ਜ਼ਿਆਦਾ ਹੈ । ਧਰਮਕੋਟ ਕੰਸਟੀਚਿਊਐਂਸੀ ਵਿਚ ਹਰੀਜਨ ਬਹੁਤ ਹਨ ਅਤੇ ਇਸੇ ਕਰਕੇ ਉਹ ਕੰਸਟੀਚਿਊਐਂਸੀ ਰੀਜ਼ਰਵਡ ਕੰਸਟੀਚਿਊਐਂਸੀ ਹੈ ਅਤੇ ਇਹ ਹਰੀਜਨਾਂ ਦੀ ਆਬਾਦੀ ਵਿਚ ਦੂਜੇ ਤੀਜੇ ਨੰਬਰ ਤੇ ਆਉਂਦਾ ਹੈ। ਇਹ ਕਹਿੰਦੇ ਹਨ ਕਿ ਆਬਾਦੀ ਦੇ ਲਿਹਾਜ਼ ਨਾਲ ਪੈਸਾ ਡਿੱਤਾ ਜਾਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਾਡੇ ਨਾਲ ਵਿਤਕਰਾ ਕਿਉਂ ਹੈ ? ਜਿਸ ਅਫ਼ਸਰ ਨੇ ਇਸ ਤਰ੍ਹਾਂ ਕੀਤਾ ਹੈ ਕੀ ਉਸ ਦੇ ਖਿਲਾਫ ਐਕਸ਼ਨ ਲੈਣਗੇ ਕਿ ਇਸ ਕਿਸਮ ਦਾ ਵਿਤਕਰਾ ਕਿਉਂ ਹੁੰਦਾ ਹੈ ?

**ਮੰਤਰੀ**: ਸਪੀਕਰ ਸਾਹਿਬ, ਇਨ੍ਹਾਂ ਨੇ ਗਲਤ ਬਿਆਨੀ ਦਾ ਲਫ਼ਜ਼ ਵਰਤਿਆ ਹੈ, ਇਹ ਠੀਕ ਨਹੀਂ ਹੈ। ਮੈਂ ਬਿਲਕੁਲ ਠੀਕ ਜਵਾਬ ਦਿਤਾ ਹੈ। ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਐਪਲੀਕੇਸ਼ਨਜ਼ ਦਿਤੀਆਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 3 ਸਾਲਾਂ ਵਿਚ ਆਨਰੇਬਲ ਮੈਂਬਰ ਨੇ ਇਕ ਐਪਲੀਕੇਸ਼ਨ ਦਿਤੀ ਹੈ।

**ਕਾਮਰੇਡ ਸਰਵਣ ਸਿੰਘ ਧਰਮਕੋਟ**: ਸਪੀਕਰ ਸਾਹਿਬ, ਮੇਰਾ ਧਰਮਕੋਟ ਦਾ ਹਲਕਾ ਹੈ। ਉਥੇ ਹਰੀਜਨਾਂ ਦੀ ਆਬਾਦੀ ਬਹੁਤ ਜ਼ਿਆਦਾ ਹੈ। ਜ਼ੀਰਾ ਸਬ-ਡਵੀਜ਼ਨ ਨੂੰ ਪਛੜਿਆ ਰਖਿਆ ਗਿਆ ਹੈ। ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਡੀ.ਸੀ. ਨੇ ਜਾਂ ਡਿਸਟ੍ਰਿਕਟ ਵੈਲਫੇਅਰ ਅਫ਼ਸਰ ਨੇ ਪੈਸੇ ਠੀਕ ਨਹੀਂ ਵੰਡੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਅਸੀਂ ਕਿੰਨੀਆਂ ਅਰਜ਼ੀਆਂ ਦਿੱਤੀਆਂ । ਜੇ ਤੁਸੀਂ ਕਹੋ ਤਾਂ ਅਸੀਂ ਉਨ੍ਹਾਂ ਦੀਆਂ ਨਕਲਾਂ ਕਢਵਾ ਕੇ ਦੇ ਦਿਆਂਗੇ, ਪਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਧਰਮਕੋਟ]

ਜਿਸ ਅਫ਼ਸਰ ਨੇ ਇਸ ਸਬੰਧ ਵਿਚ ਕੋਤਾਹੀ ਕੀਤੀ ਹੈ ਅਤੇ ਬਰਾਬਰ ਦਾ ਹੱਕ ਨਹੀਂ ਦਿੱਤਾ, ਕੀ ਉਸ ਦੇ ਖਿਲਾਫ ਇਹ ਐਕਸ਼ਨ ਲੈਣਗੇ ਅਤੇ ਸਾਨੂੰ ਉਥੇ ਬਰਾਬਰ ਦਾ ਹੱਕ ਦਿਵਾਉਣਗੇ ?

**ਮੰਤਰੀ**: ਸਪੀਕਰ ਸਾਹਿਬ, ਬਰਾਬਰ ਦਾ ਹੱਕ ਤਾਂ ਪਹਿਲਾਂ ਹੀ ਹੈ। ਕੋਈ ਕਿਸੇ ਕਿਸਮ ਦੀ ਹੇਰਾ ਫੇਰੀ ਨਹੀਂ ਹੈ। ਬਰਾਬਰ ਦਾ ਹੱਕ ਦਿਤਾ ਜਾ ਰਿਹਾ ਹੈ। ਜੇ ਕਿਤੇ ਕੋਈ ਹੇਰਾਫੇਰੀ ਹੋਈ ਹੈ ਤਾਂ ਦੱਸ ਦੇਣ । (ਵਿਘਨ)

**ਕਾਮਰੇਡ ਸਰਵਣ ਸਿੰਘ**: ਇਹ ਜਿਹੜੀ ਹਰੀਜਨਾਂ ਦੀ ਬਸਤੀ ਸੁਧਾਰ ਸਕੀਮ ਹੈ, ਇਸ ਵਿਚ ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਦਾ ਕੰਮ ਭਲਾਈ ਵਿਭਾਗ ਦੇ ਵਲੋਂ ਕੀਤਾ ਜਾਂਦਾ ਹੈ ਪਰ ਇਹ ਕੰਮ ਤਸੱਲੀਬਖਸ਼ ਤਰੀਕੇ ਨਾਲ ਨੇਪਰੇ ਨਹੀਂ ਚੜ੍ਹਾਇਆ ਜਾ ਰਿਹਾ। ਕੀ ਮੰਤਰੀ ਜੀ ਇਸ ਵੱਲ ਧਿਆਨ ਦੇਣਗੇ ਅਤੇ ਹਰੀਜਨਾਂ ਨਾਲ ਇਸ ਸਿਲਸਿਲੇ ਵਿਚ ਜੋ ਵਿਤਕਰਾ ਕੀਤਾ ਜਾ ਰਿਹਾ ਹੈ, ਉਸ ਨੂੰ ਦੂਰ ਕਰਵਾਉਣ ਦਾ ਯਤਨ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਇਸ ਸਿਲਸਿਲੇ ਵਿਚ ਮੈਂ ਪਹਿਲਾਂ ਵੀ ਦਸ ਚੁਕਾ ਹਾਂ ਕਿ ਇਸ ਸਕੀਮ ਅਧੀਨ ਹਰੀਜਨਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਰਿਹਾ। ਫਿਰ ਵੀ ਜੇ ਕੋਈ ਅਜਿਹਾ ਕੇਸ ਹੋਵੇ ਤਾਂ ਉਹ ਕੇਸ ਮਾਨਯੋਗ ਮੈਂਬਰ ਮੇਰੇ ਧਿਆਨ ਵਿਚ ਲਿਆ ਦੇਣ ਅਤੇ ਜਿਥੇ ਕਿਤੇ ਹਰੀਜਨਾਂ ਨਾਲ ਵਿਤਕਰਾ ਹੋਇਆ ਹੋਵੇਗਾ, ਉਸ ਨੂੰ ਦੂਰ ਕੀਤਾ ਜਾਵੇਗਾ।

**Mr. Speaker :** Question Hour is over. The remaining questions shall be deemed to have been answered under Rule 38 of the Rules of Procedure and Conduct of business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Desilting of Drain

***1908. Comrade Sarwan Singh :** Will the Minister for Agriculture be pleased to state whether the drain passing along village Fatehpur, tehsil Phillaur, district Jalandhar and flowing towards village Mehatpur, was desilted during the year 1982-83 ; if not, the reasons therefor and the approximate time by which it is likely to be desilted ?

---

**ਚੌਧਰੀ ਦਰਸ਼ੀ ਰਾਮ** : ਨਹੀਂ ਜੀ, ਡਰੇਨ ਵਿਚ ਭੱਲ ਨਹੀਂ ਹੈ ਅਤੇ ਭੱਲ ਸਫਾਈ ਦੀ ਲੋੜ ਨਹੀਂ ਹੈ ।

### Construction of Culverts

***1758. Master Dalip Chand :** Will the Minister for Public Works be pleased to state whether there is any proposal under the consideration of the Government to construct two culverts near village Garhi Kanungoan and village Raju Majra on the Nawanshehar Nurpurbedi road via Balachaur : if so, the time by which the same are likely to be constructed ?

**ਸਰਦਾਰ ਬੇਅੰਤ ਸਿੰਘ** : ਨਹੀਂ ਜੀ।

---

Original with;
Punjab Vidhan Sabha
Digitized by;
Panjab Digital Library

## Repair of Garhshankar Chahilpur link road

***1776. Pandit Sarwan Ram :** Will the Minister for Public Works be pleased to state whether there is any proposal under the consideration of the Government to repair the Garhshankar Chahilpur link road in the near future ?

**ਸਰਦਾਰ ਬੇਅੰਤ ਸਿੰਘ** : ਸੜਕ ਦੀ ਮੁਰੰਮਤ ਦਾ ਕੰਮ ਪਹਿਲਾਂ ਹੀ ਹੱਥ ਵਿਚ ਲਿਆ ਜਾ ਚੁਕਾ ਹੈ।

------

## Vacant posts of Teachers in the State

***1907. Comrade Sarwan Singh Cheema :** Will the Minister for Education be pleased to state the total number of vacant posts of teachers category-wise in Government Primary/Middle/High and Higher Secondary Schools, separately in the State at present together with the reasons for not filling up the said vacancies ?

**ਸਰਦਾਰ ਹਰਚਰਨ ਸਿੰਘ ਅਜਨਾਲਾ** : ਲੋੜੀਂਦੀ ਸੂਚਨਾ ਅਨੁਲਗ 'ੳ' ਵਿੱਚ ਦਿੱਤੀ ਜਾਂਦੀ ਹੈ ਜਿਹੜਾ ਕਿ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਅਨੁਲੱਗ 'ੳ'

ਰਾਜ ਦੇ ਸਰਕਾਰੀ ਪ੍ਰਾਇਮਰੀ/ਮਿਡਲ/ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਕੁੱਲ ਖਾਲੀ ਆਸਾਮੀਆਂ ਦੀ ਕੈਟੇਗਰੀ-ਵਾਈਜ਼ ਗਿਣਤੀ ਨਿਮਨ ਲਿਖਤ ਅਨੁਸਾਰ ਹੈ :

| ਅਧਿਆਪਕਾਂ ਦੀ ਕੈਟੇਗਰੀ | ਖਾਲੀ ਪਈਆਂ ਆਸਾਮੀਆਂ ਦੀ ਗਿਣਤੀ | | | |
|---|---|---|---|---|
| | ਪ੍ਰਾਇਮਰੀ | ਮਿਡਲ | ਹਾਈ | ਹਾਇਰ ਸੈਕੰਡਰੀ |
| ਮੈਥ ਮਾਸਟਰ ... | ... | ... | 5 | ... |
| ਖੇਤੀਬਾੜੀ ਮਾਸਟਰ ... | ... | ... | 6 | ... |
| ਡੀ.ਪੀ.ਈਜ਼ ... | ... | ... | 18 | ... |
| ਸਾਇੰਸ ਮਾਸਟਰ ... | ... | 7 | 29 | ... |
| ਐਸ.ਐਸ. ਮਾਸਟਰ ... | ... | ... | 1 | ... |
| ਪੰਜਾਬੀ ਟੀਚਰ ... | ... | 3 | 7 | ... |
| ਹਿੰਦੀ ਟੀਚਰ ... | ... | 17 | 12 | ... |

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

| 1 | 2 | 3 | 4 | 5 |
|---|---|---|---|---|
| ਆਰਟ ਐਂਡ ਕਰਾਫਟ ... | ... | ... | 1 | ... |
| ਪੀ.ਟੀ.ਆਈਜ਼ ... | ... | 1 | 1 | ... |
| ਡੁਮੈਸਟਿਕ ਸਾਇੰਸ ਟੀਚਰ ... | ... | ... | 1 | ... |
| ਸਿਲਾਈ ਟੀਚਰ ... | ... | 1 | ... | 1 |
| ਮਿਊਜ਼ਕ ਟੀਚਰ ... | ... | ... | ... | 1 |
| ਕਾਰਪੈਂਟਰ ... | ... | ... | ... | 1 |
| ਰੇਡੀਓ ਐਂਡ ਟੀ.ਵੀ. ਟੀਚਰਜ਼ | ... | ... | 1 | ... |
| ਜੇ. ਬੀ. ਟੀ. ਟੀਚਰਜ਼ ... | 12 | ... | ... | ... |
| ਜੋੜ ... | 12 | 29 | 82 | 3 |

ਕੁੱਲ ਜੋੜ : 126

ਇਹ ਪੋਸਟਾਂ ਇਸ ਕਰਕੇ ਨਹੀਂ ਭਰੀਆਂ ਜਾ ਰਹੀਆਂ ਕਿਉਂਕਿ ਚਾਲੂ ਸਾਲ ਦਾ ਵਿਦਿਅਕ ਸ਼ੈਸ਼ਨ ਖਤਮ ਹੋ ਰਿਹਾ ਹੈ।

## Unsafe Buildings of Schools in the State

***1878. Master Babu Singh :** Will the Minister for Education be pleased to state—

(a) the number and names of Government Primary/Middle/High/Higher Secondary Schools in the State, district-wise, the buildings of which have been declared unsafe by the Public Works Authorities ;

(b) the total amount sanctioned by the Government to repair the buildings of the said Government schools for the period from 1st April, 1981 to 31st March, 1983 (Academic year-wise ?)

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) 19 (ਲਿਸਟ ਨੱਥੀ ਹੈ)

(ਅ) 1980-81 ਵਿਚ 1659 ਰੁਪਏ ਅਤੇ 1982-83 ਵਿਚ 58205 ਰੁਪਏ ਦੀ ਨਾ ਮਾਤਰ ਰਾਸ਼ੀ ਤੁਰੰਤ ਲੋੜੀਂਦੀ ਮੁਰੰਮਤ ਲਈ ਮੰਨਜ਼ੂਰ ਕੀਤੀ ਗਈ। ਭਾਰੀ ਮੁਰੰਮਤ ਜਾਂ ਨਵੀਂ ਉਸਾਰੀ ਲਈ ਅਨੁਮਾਨ ਪ੍ਰਾਪਤ ਕੀਤੇ ਜਾ ਰਹੇ ਹਨ।

Original with; Punjab Vidhan Sabha Digitized by; Panjab Digital Library

ਲਿਸਟ

| ਜ਼ਿਲ੍ਹਾ | ਸਰਕਾਰੀ ਸਕੂਲਾਂ ਦਾ ਨੰਬਰ | ਸਰਕਾਰੀ ਸਕੂਲਾਂ ਦਾ ਨਾਂ |
|---|---|---|
| | | **ਪ੍ਰਾਇਮਰੀ ਸਕੂਲ** |
| ਅੰਮ੍ਰਿਤਸਰ | 3 | (1) ਗੌਰਮਿੰਟ ਪ੍ਰਾਇਮਰੀ ਸਕੂਲ, ਰਾਮ ਬਾਗ ਗੇਟ, ਅੰਮ੍ਰਿਤਸਰ । (2) ਗੌਰਮਿੰਟ ਪ੍ਰਾਇਮਰੀ ਸਕੂਲ ਮਕਬੂਲਪੁਰਾ, ਅੰਮ੍ਰਿਤਸਰ । (3) ਗੌਰਮਿੰਟ ਪ੍ਰਾਇਮਰੀ ਸਕੂਲ ਭਗਤਾਂ ਵਾਲਾ-1, ਅੰਮ੍ਰਿਤਸਰ । |
| ਸੰਗਰੂਰ | 1 | ਗੌਰਮਿੰਟ ਪ੍ਰਾਇਮਰੀ ਸਕੂਲ, ਕਿਲਾ ਸੰਗਰੂਰ । |
| ਹੁਸ਼ਿਆਰਪੁਰ | 1 | ਗੌਰਮਿੰਟ ਪ੍ਰਾਇਮਰੀ ਸਕੂਲ, ਗੜ੍ਹਦੀਵਾਲਾ |
| ਰੋਪੜ | 1 | ਗੌਰਮਿੰਟ ਪ੍ਰਾਇਮਰੀ ਸਕੂਲ ਗਾਂਧੀ ਚੌਕ, ਰੋਪੜ । |
| ਫਰੀਦਕੋਟ | 2 | (1) ਗੌਰਮਿੰਟ ਗਰਲਜ਼ ਪ੍ਰਾਇਮਰੀ ਸਕੂਲ, ਕੋਟ ਕਪੂਰਾ (2) ਗੌਰਮਿੰਟ ਪ੍ਰਾਇਮਰੀ ਸਕੂਲ, ਫਰੀਦਕੋਟ । |
| ਜਲੰਧਰ | 1 | ਗੌਰਮਿੰਟ ਹਾਈ ਸਕੂਲ, ਰੈਨਕ ਬਾਜ਼ਾਰ, ਜਲੰਧਰ (ਪ੍ਰਾਇਮਰੀ ਸਕੂਲ ਦਾ ਹਿੱਸਾ ਵੀ ਇਸ ਇਮਾਰਤ ਨਾਲ ਅਟੈਚ ਹੈ) |
| | | **ਮਿਡਲ/ਹਾਈ ਸਕੂਲ** |
| (ੳ) ਅੰਮ੍ਰਿਤਸਰ | 2 | (1) ਸਰਕਾਰੀ ਹਾਈ ਸਕੂਲ, ਭੰਵਾਲੀ (ਸਕੂਲ ਇਮਾਰਤ ਦਾ ਇਕ ਭਾਗ) (2) ਸਰਕਾਰੀ ਹਾਈ ਸਕੂਲ, ਸਰਗੋੜਾ । |
| ਫਰੀਦਕੋਟ | 1 | ਸਰਕਾਰੀ ਹਾਈ ਸਕੂਲ, ਡਰੋਲੀ ਭਾਈ (ਸਕੂਲ ਇਮਾਰਤ ਦਾ ਇਕ ਭਾਗ) |
| ਹੁਸ਼ਿਆਰਪੁਰ | 3 | (1) ਸਰਕਾਰੀ ਹਾਈ ਸਕੂਲ, ਬਡਲਾ । (2) ਸਰਕਾਰੀ ਹਾਈ ਸਕੂਲ, ਸਰਹਾਲਾ, ਮੁੰਡੀਆਂ । (3) ਸਰਕਾਰੀ ਹਾਈ ਸਕੂਲ, ਖਵਾਸਪੁਰ ਹੀਰਾਂ । |

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

| 1 | 2 | 3 |
|---|---|---|
| ਜਲੰਧਰ | 1 | ਸਰਕਾਰੀ ਹਾਈ ਸਕੂਲ, ਰੈਣਿਕ ਬਾਜ਼ਾਰ, ਜਲੰਧਰ। |
| ਰੂਪਨਗਰ | 1 | ਸਰਕਾਰੀ ਹਾਈ ਸਕੂਲ, ਸਿੰਘ ਭਗਵੰਤ ਪੁਰ (ਸਕੂਲ ਇਮਾਰਤ ਦਾ ਇਕ ਭਾਗ) |
| ਸੰਗਰੂਰ | 1 | ਸਰਕਾਰੀ ਗਰਲਜ਼ ਹਾਈ ਸਕੂਲ, ਮਲੇਰਕੋਟਲਾ (ਸਕੂਲ ਇਮਾਰਤ ਦਾ ਇਕ ਭਾਗ) |
| ਪਟਿਆਲਾ | 1 | ਸਰਕਾਰੀ ਗਰਲਜ਼ ਮਿਡਲ ਸਕੂਲ, ਨਾਭਾ। |

### Raids by the Officer of the Vigilance Cell of Punjab State Electricity Board

***1842. Sardar *Dalip Singh Pandhi :** Will the Chief Minister be pleased to state whether any raids were conducted at any commercial/ residential complexes by any Officer of the Vigilance Cell of the Punjab State Electricity Board in the State during the last six months ; if so, the details thereof ?

ਸਰਦਾਰ ਦਰਬਾਰਾ ਸਿਘ : ਹਾਂ ਜੀ। ਸਾਰਣੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

STATEMENT

During the period from the Ist August, 1982 to the 28th February, 1983, the Vigilance Cell (Flying Squad) of the Punjab State Electricity Board conducted raids in 936 commercial/residential complexes, as a result of which —

(a) theft was detected at the premises of 101 consumers out of which 35 were commercial and 66 were residential ;

(b) defective metering was detected at the premises of 61 consumers, out of which 32 were commercial and 29 were residential ; and

(c) leakage of revenue of an amount of Rs. 2,13,368.22 were detected, out of which Rs. 1,58,135.96 relates to commercial complexes and Rs. 55,232.26 to residential complexes.

### Bridge washed away on Garhshankar-Jaijon Road

***1793. Pandit Sarwan Ram :** Will the Minister for Public Works be pleased to state whether a small bridge on the Garhshankar Jaijon road in village Gajjar was washed away two years back; if so, the time by which the Government proposes to construct the same ?

ਸਰਦਾਰ ਬੇਅੰਤ ਸਿੰਘ : ਹਾਂ ਜੀ। ਇਹ ਕੰਮ ਜਿੰਨੀ ਜਲਦੀ ਹੋ ਸਕਿਆ ਹੱਥ ਵਿੱਚ ਲੈਣ ਦਾ ਉਪਰਾਲਾ ਕੀਤਾ ਜਾਵੇਗਾ।

### Liveries to the Class IV Employees

***1879. Master Babu Singh :** Will the Minister for Education be pleased to state—

(a) the number of Class IV Government employees (category-wise) working in the Education Department as on 31st December, 1982 ;

(b) the total amount sanctioned for their liveries during the financial years 1981-82 and 1982-83 (up-to-date) ?

*He had authorised Master Chand Singh to put this question.

Original with; Punjab Vidhan Sabha Digitized by; Panjab Digital Library

**ਸਰਦਾਰ ਹਰਚਰਨ ਸਿੰਘ ਅਜਨਾਲਾ** : (ੳ) ਕੁਲ 14119 (ਅਨੁਲੱਗ ਨਾਲ ਨੱਥੀ ਹੈ)

| (ਅ) | ਸਾਲ | ਖਰਚਾ |
|---|---|---|
| | 1981-82 | ਰੁ: 18,11,500 |
| | 1982-83 (ਹੁਣ ਤੱਕ) | ਰੁ: 19.22 ਲੱਖ |

ਅਨੁਲਗ

ਸਿਖਿਆ ਵਿਭਾਗ ਵਿਚ ਮਿਤੀ 31 ਦਸੰਬਰ, 1982 ਤੱਕ ਦਰਜਾ ਚਾਰ ਦੇ ਕਰਮਚਾਰੀਆਂ ਦੀ ਗਿਣਤੀ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ:—

| ਲੜੀ ਨੰ: | ਕੈਟੇਗਰੀ | | ਦਰਜਾ ਚਾਰ ਕਰਮਚਾਰੀਆਂ ਦੀ ਗਿਣਤੀ |
|---|---|---|---|
| 1. | ਸੇਵਾਦਾਰ | ... | 4,383 |
| 2. | ਸੇਵਾਦਾਰ-ਕਮ-ਚੌਕੀਦਾਰ | ... | 2,481 |
| 3, | ਚੌਕੀਦਾਰ | ... | 1,833 |
| 4. | ਸਵੀਪਰ | ... | 1,633 |
| 5. | ਮਾਲੀ-ਕਮ-ਚੌਕੀਦਾਰ | ... | 4 |
| 6. | ਸਵੀਪਰ-ਕਮ-ਚੌਕੀਦਾਰ | ... | 383 |
| 7. | ਬੇਲਦਾਰ | ... | 280 |
| 8. | ਵਾਟਰਮੈਨ | ... | 250 |
| 9. | ਮਾਲੀ | ... | 872 |
| 10. | ਵਰਕਸ ਅਟੈਂਡੈਂਟ | ... | 249 |
| 11. | ਲੈਬ ਅਟੈਂਡੈਂਟ | ... | 1,065 |
| 12. | ਮਾਲੀ-ਕਮ-ਚੌਕੀਦਾਰ | ... | 402 |
| 13. | ਕਾਲਰ | ... | 92 |
| 14 | ਕੁਕ | ... | 5 |
| 15. | ਲਾਇਬ੍ਰੇਰੀ ਬੀਅਰਰ | ... | 1 |

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

| 1 | 2 | | 3 |
|---|---|---|---|
| 16. | ਫਾਰਮਾਸਿਸਟੈਂਟ | ... | 1 |
| 17. | ਕਲੀਨਰ | ... | 2 |
| 18. | ਗੇਮ ਬੁਆਏ | ... | 31 |
| 19. | ਦਫਤਰੀ | ... | 29 |
| 20. | ਜਮਾਂਦਾਰ | ... | 2 |
| 21. | ਲਾਇਬ੍ਰੇਰੀ ਅਟੈਂਡੈਂਟ | ... | 71 |
| 22. | ਪਲਾਂਟ ਕੁਲੈਕਟਰ/ਐਨੀਮਲ ਕੁਲੈਕਟਰ | ... | 12 |
| 23. | ਗਰਾਉਂਡ ਸੁਪਰਵਾਈਜ਼ਰ | ... | 4 |
| 24. | ਵਾਟਰ ਕੈਰੀਅਰਜ਼ | ... | 3 |
| 25. | ਫਰਾਸ਼ | ... | 5 |
| 26. | ਗੈਸ ਮੈਨ | ... | 10 |
| 27. | ਬੋਟ ਮੈਨ | ... | 4 |
| 28. | ਲੇਬਰਰ | ... | 6 |
| 29. | ਮਾਲੀ-ਕਮ-ਪਲਾਂਟ ਕੁਲੈਕਟਰ | ... | 6 |

(ਅ) ਵਿੱਤੀ ਸਾਲ 1981-82 ਅਤੇ 1982-83 ਦੌਰਾਨ ਲਿਵਰੀਜ਼ ਲਈ ਹੇਠਾਂ ਲਿਖੇ ਅਨੁਸਾਰ ਰਕਮ ਮਨਜ਼ੂਰ ਕੀਤੀ ਗਈ :—

| ਸਾਲ | | ਰਕਮ |
|---|---|---|
| 1981-82 | ... | 18,11,500 |
| 1982-83 | ... | 19.22 ਲੱਖ |

---

**Declaring posts of Headmasters/Headmistresses as Gazetted posts**

***1896. Comrade Darshan Singh Jhabal :** Will the Minister for Education be pleased to state whether the Government is considering any proposal to declare the posts of Headmasters and Headmistresses of Government schools as gazetted posts; if so, the time by which it is likely to materialise ?

Original with; Punjab Vidhan Sabha Digitized by; Panjab Digital Library

**ਸਰਦਾਰ ਹਰਚਰਨ ਸਿੰਘ ਅਜਨਾਲਾ** : ਜੀ ਹਾਂ, ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਫੈਸਲਾ ਛੇਤੀ ਹੋਣ ਦੀ ਸੰਭਾਵਨਾ ਹੈ ।

## UNSTARRED QUESTION AND ANSWER

### Murder of a person in the custody of C.I.A. Sirhind

**277. Sardar Dalip Singh Pandhi :** Will the Chief Minister be pleased to state whether any magisterial enquiry was conducted into the murder of a person in the custody of the C.I.A. Sirhind during January or February, 1982; if so, the report thereof and the action taken thereon ?

**ਸਰਦਾਰ ਦਰਬਾਰਾ ਸਿੰਘ** : ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਗਈ ਹੈ ਜੀ ।

ਸਟੇਟਮੈਂਟ

ਇਕ ਜੀਤ ਸਿੰਘ ਉਰਫ ਜੀਤਾ ਪੁੱਤਰ ਹਰਨਾਮ ਸਿੰਘ ਹਰੀਜਨ ਵਾਸੀ ਬੱਸੀ ਪਠਾਨਾ ਜ਼ਿਲ੍ਹਾ ਪਟਿਆਲਾ ਜੋ ਕਿ ਸੀ. ਆਈ. ਏ. ਸਰਹਿੰਦ ਦੀ ਹਿਰਾਸਤ ਵਿਚ ਸੀ ਨੇ ਮਿੱਟੀ ਦਾ ਤੇਲ ਪਾ ਕੇ ਖ਼ੁਦਕਸ਼ੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਬਾਅਦ ਵਿਚ ਉਹ ਮਿਤੀ 19 ਜਨਵਰੀ, 1982 ਨੂੰ ਮਰ ਗਿਆ ਸੀ । ਇਸ ਸਬੰਧ ਵਿਚ ਮੈਜਿਸਟਰੇਟ ਤੋਂ ਜਾਂਚ ਕਰਾਈ ਗਈ । ਜਿਸ ਦੇ ਨਤੀਜੇ ਤੋਂ ਏ. ਐਸ. ਆਈ. ਬਚਨ ਸਿੰਘ ਆਪਣੀ ਡਿਊਟੀ ਬਾਰੇ ਬਿਲਕੁਲ ਲਾਪ੍ਰਵਾਹ ਪਾਇਆ ਗਿਆ । ਉਸ ਦੇ ਵਿਰੁੱਧ ਵਿਭਾਗੀ ਜਾਂਚ ਪੜਤਾਲ ਸ਼ੁਰੂ ਕੀਤੀ ਗਈ । ਇਸ ਵਿਭਾਗੀ ਜਾਂਚ ਦੌਰਾਨ ਸ਼ਿਕਾਇਤ ਦਹਿੰਦਾ ਪਾਰਟੀ ਨੇ ਜਾਂਚ ਪੜਤਾਲ ਅਫ਼ਸਰ ਦੇ ਸਾਹਮਣੇ ਕੋਈ ਬਿਆਨ ਦੇਣ ਤੋਂ ਨਾਂਹ ਕਰ ਦਿਤੀ, ਉਸ ਸਮੇਂ ਤਕ, ਜਦ ਤਕ ਕਿ ਉਸ ਪਾਰਟੀ ਵਲੋਂ ਏ. ਐਸ. ਆਈ. ਬਚਨ ਸਿੰਘ ਅਤੇ ਦੂਜਿਆਂ ਦੇ ਖਿਲਾਫ ਜੇ. ਐਮ. ਆਈ. ਸੀ. ਬਸੀ ਪਠਾਨਾਂ ਦੀ ਅਦਾਲਤ ਵਿਚ ਜੋ ਇਸਤਗਾਸਾ ਕੀਤਾ ਹੋਇਆ ਹੈ ਦਾ ਫੈਸਲਾ ਨਹੀਂ ਹੋ ਜਾਂਦਾ । ਅਦਾਲਤ ਵਲੋਂ ਕਾਰਵਾਈ ਸ਼ੁਰੂ ਹੋ ਚੁੱਕੀ ਹੈ ਅਤੇ ਗਵਾਹਾਂ ਦੇ ਬਿਆਨ ਕਲਮਬੰਦ ਕੀਤੇ ਜਾ ਰਹੇ ਹਨ । ਅਦਾਲਤ ਵਿਚ ਇਸਤ-ਗਾਸੇ ਦੀ ਕਾਰਵਾਈ ਹੋਣ ਕਰਕੇ ਏ. ਐਸ. ਆਈ. ਬਚਨ ਸਿੰਘ ਦੇ ਵਿਰੁੱਧ ਵਿਭਾਗੀ ਜਾਂਚ ਪੜਤਾਲ ਲੰਬਤ ਰੱਖ ਲਈ ਗਈ ਹੈ ।

---

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਮੈਨੂੰ ਅਲਾਓ ਕਰੋ, ਮੈਂ ਕੁਝ ਕਹਿਣਾ ਚਾਹੁੰਦਾ ਹਾਂ । ਮਾਨਯੋਗ ਮੈਂਬਰਾਂ ਨੇ ਐਨਵਾਇਰਨਮੈਂਟ ਸਕੀਮ ਤੇ ਕਾਫੀ ਤੌਖਲੇ ਦਾ ਇਜ਼ਹਾਰ ਕੀਤਾ ਹੈ । ਇਸ ਸਬੰਧ ਵਿਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਵਿਚ ਅਸੀਂ ਖਾਸ ਤੌਰ ਤੇ ਪਿੰਡਾਂ ਦੇ ਚੌਗਿਰਦੇ ਦੇ ਸੁਧਾਰ ਵਾਸਤੇ 19 ਕਰੋੜ ਰੁਪਏ ਤੋਂ ਜ਼ਿਆਦਾ ਖਰਚ ਕੀਤੇ ਹਨ ਅਤੇ ਇਸ ਬਾਰੇ ਸਬੰਧਤ ਅਧਿਕਾਰੀਆਂ ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਜਿਥੇ ਕਿਤੇ ਵੀ ਗਲੀਆਂ ਨਾਲੀਆਂ ਪੱਕੀਆਂ ਕੀਤੀਆਂ ਜਾਣ, ਉਥੇ ਹਰੀਜਨ ਬਸਤੀਆਂ ਜਾਂ ਮੁਹੱਲਿਆਂ ਨੂੰ ਪਹਿਲ ਦਿੱਤੀ ਜਾਵੇ । ਕੋਈ ਵੀ ਅਫ਼ਸਰ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਨਹੀਂ ਕਰ ਸਕਦਾ, ਇਸ ਕਰਕੇ ਹਰੀਜਨਾਂ ਨਾਲ ਵਿਤਕਰੇ ਵਾਲੀ ਕੋਈ ਗੱਲ ਨਹੀਂ ਹੈ । ਜਿਹੜਾ ਅਫ਼ਸਰ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਵਿਚ ਅਣਗਹਿਲੀ ਕਰੇਗਾ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ 1983-84 ਵਿਚ ਕੋਆਰਡੀਨੇਟ ਕਰਕੇ ਐਨਵਾਇਰਨਮੈਂਟ ਸਕੀਮ ਅਤੇ ਗਲੀਆਂ ਨਾਲੀਆਂ ਪੱਕੀਆਂ ਕਰਨ ਦਾ ਕੰਮ ਇਕੱਠਾ ਸ਼ੁਰੂ ਕੀਤਾ ਜਾਵੇਗਾ ਤਾਂਕਿ ਸਾਰੇ ਬਲਾਕ ਇਨ੍ਹਾਂ ਸਕੀਮਾਂ ਅਧੀਨ ਕਵਰ ਹੋ ਜਾਣ ਅਤੇ ਹਰ ਐਮ. ਐਲ. ਏ. ਵਲੋਂ ਦੱਸੇ ਗਏ ਚੌਗਿਰਦਾ ਠੀਕ ਕਰਨ ਲਈ ਉਹ ਪਿੰਡ ਕਵਰ ਹੋ ਸਕਣ ।

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਬਲਵੰਤ ਸਿੰਘ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਪ੍ਰੋਫੈਸਰ ਬਲਵੰਤ ਸਿੰਘ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪ੍ਰੋਫੈਸਰ ਸਾਹਿਬ ਤੁਸੀਂ ਬੈਠ ਜਾਓ। ਚੀਮਾ ਜੀ ਤੁਸੀਂ ਬੋਲੋ।

ਕਾਮਰੇਡ ਸਰਵਣ ਸਿੰਘ ਚੀਮਾ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਸ਼ਮਸ਼ੇਰ ਸਿੰਘ : ** **

ਪ੍ਰੋਫੈਸਰ ਬਲਵੰਤ ਸਿੰਘ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਸ਼ਮਸ਼ੇਰ ਸਿੰਘ ** **

ਪ੍ਰੋਫੈਸਰ ਬਲਵੰਤ ਸਿੰਘ : ** **

ਸ੍ਰੀ ਸਪੀਕਰ : ਕੁਝ ਵੀ ਰਿਕਾਰਡ ਨਾ ਕੀਤਾ ਜਾਵੇ।

## WALK OUT

[ਇਸ ਵਕਤ ਸੀ.ਪੀ.ਆਈ.(ਐਮ) ਦੇ ਹਾਜ਼ਰ ਮੈਂਬਰ ਸਦਨ ਵਿਚੋਂ ਵਾਕ ਆਊਟ ਕਰ ਗਏ]

ਮਾਸਟਰ ਬਾਬੂ ਸਿੰਘ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਕੁਝ ਸਾਲ ਪਹਿਲਾਂ ਪੱਤਰਕਾਰਾਂ ਨੂੰ ਐਕਰੀਡੀਟੇਸ਼ਨ ਦਿੱਤੀ ਗਈ ਸੀ ਅਤੇ ਪੰਜਾਬ ਰੋਡਵੇਜ਼,ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿਚ ਜਿਹੜੀ ਫਰੀ ਟਰੈਵਲ ਕਰਨ ਦੀ ਸਹੂਲਤ ਪੱਤਰਕਾਰਾਂ ਨੂੰ ਦਿਤੀ ਗਈ ਸੀ, ਉਹ ਅਚਾਨਕ ਵਿਦਡਰਾਅ ਹੋ ਗਈ ਹੈ। ਹੁਣ ਗੋਰਮਿੰਟ ਉਨ੍ਹਾਂ ਨੂੰ ਅਕਰੈਡਿਟਿਡ ਕਾਰਸਪੋਂਡੈਂਟਸ ਟਰੀਟ ਨਹੀਂ ਕਰ ਰਹੀ ਹੈ। ਪੰਜਾਬ ਸਰਕਾਰ ਨੇ ਜਿਹੜੀ ਸਹੂਲਤ ਇਨ੍ਹਾਂ ਪੱਤਰਕਾਰਾਂ ਨੂੰ ਦਿਤੀ ਸੀ, ਉਹ ਬੜੀ ਸੋਚ ਸਮਝ ਕੇ ਦਿੱਤੀ ਸੀ। ਇਥੇ ਡਾਕਟਰ ਸਾਹਿਬ ਬੈਠੇ ਹਨ। ਉਹ ਇਹ ਦੱਸ ਦੇਣ ਕਿ ਇਹ ਸਹੂਲਤ ਵਿਦਡਰਾਅ ਕਰਨ ਦੀ ਕੀ ਖਾਸ ਵਜ੍ਹਾ ਸੀ? ਪੱਤਰਕਾਰ ਸੋਸਾਇਟੀ ਦਾ ਕੰਨ ਅਤੇ ਅੱਖ ਹੁੰਦੇ ਹਨ, ਜਿਸ ਰਾਹੀਂ ਲੋਕਾਂ ਨੂੰ ਸਾਰੀਆਂ ਸੂਚਨਾਵਾਂ ਮਿਲਦੀਆਂ ਹਨ। ਡਾਕਟਰ ਸਾਹਿਬ ਇਸ ਬਾਰੇ ਦਸ ਦੇਣ ਕਿ ਉਨ੍ਹਾਂ ਦੀ ਸਹੂਲਤ ਨੂੰ ਵਿਦਡਰਾਅ ਕਰਨ ਪਿਛੇ ਕੀ ਖਾਸ ਵਜ੍ਹਾ ਹੈ, ਮੈਂ ਬੜਾ ਧੰਨਵਾਦੀ ਹੋਵਾਂਗਾ।

(ਇਸ ਵੇਲੇ ਸ੍ਰੀ ਰਾਮ ਸਰੂਪ ਬਾਗੀ, ਸ੍ਰੀ ਓਮ ਪ੍ਰਕਾਸ਼ ਗੁਪਤਾ ਅਤੇ ਸ੍ਰੀ ਜੋਗਿੰਦਰਪਾਲ ਪਾਂਡੇ ਸਿਹਤ ਮੰਤਰੀ, ਖੜੇ ਸਨ)

**Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਬਾਗੀ ਜੀ, ਗੁਪਤਾ ਜੀ ਤੁਸੀਂ ਬੈਠੋ ਅਤੇ ਪਾਂਡੇ ਸਾਹਿਬ ਨੂੰ ਬੋਲਣ ਦਿਓ।

**ਸਿਹਤ ਮੰਤਰੀ** (ਸ੍ਰੀ ਜੋਗਿੰਦਰ ਪਾਲ ਪਾਂਡੇ): ਸਪੀਕਰ, ਸਾਹਿਬ ਰਾਜ ਕੁਮਾਰ ਜੀ ਨੇ ਜੋ ਕੁਝ ਬੋਲਿਆ ਹੈ ਉਹ ਪੁਆਇੰਟ ਆਫ ਆਰਡਰ ਹੈ ਜਾਂ ਨਹੀਂ, ਇਸ ਬਾਰੇ ਤੁਸੀਂ ਕੁਝ ਨਹੀਂ ਦਸਿਆ। ਮੈਂ ਕੋਈ ਇਸ ਤਰ੍ਹਾਂ ਦੀ ਸਟੇਟਮੈਂਟ ਨਹੀਂ ਦੇ ਰਿਹਾ ਕਿਉਂਕਿ ਤੁਸੀਂ ਨੇ ਪੁਆਇੰਟ ਆਫ ਆਰਡਰ ਕਹਿ ਦਿੱਤੇ ਹਨ। ਮੈਂ ਸਿਰਫ ਹਾਊਸ ਦੀ ਵਾਕਫੀਅਤ ਲਈ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਐਕਰੀਡੀਸ਼ਨ ਕਮੇਟੀ ਬਣੀ ਹੋਈ ਹੈ, ਜਿਸ ਦੇ ਵਿਚ ਮਾਲਕਾਂ ਅਤੇ ਵਰਕਿੰਗ ਜਰਨਾਲਿਸਟਸ ਦੇ ਨੁਮਾਇੰਦੇ ਹਨ। ਇਹ ਇਕ ਸਟੈਚੂਟਰੀ ਬਾਡੀ ਹੈ। ਜਿਹੜੀਆਂ ਐਪਲੀਕੇਸ਼ਨਜ਼ ਆਉਂਦੀਆਂ ਹਨ, ਉਹ ਸਕਰੂਟਨਾਈਜ਼ ਕਰਦੇ ਹਨ ਅਤੇ ਫਿਰ ਕੋਈ ਡਿਸੀਜ਼ਨ ਲੈਂਦੇ ਹਨ। ਪਿਛਲੀ ਮੀਟਿੰਗ ਵਿਚ ਜੋ ਉਨ੍ਹਾਂ ਨੇ ਫੈਸਲਾ ਲਿਆ ਹੈ ਉਸ ਦੇ ਵਿਚ ਉਨ੍ਹਾਂ ਨੇ 2 ਕੈਟੇਗਰੀਜ਼ ਐਪਰੂਵ ਕੀਤੀਆਂ ਹਨ। ਇਕ ਐਕਰੀਡਿਟਿਡ ਕਾਰਸਪੌਂਡੈਂਟਸ ਹਨ ਅਤੇ ਦੂਸਰੇ ਉਹ ਜਿਹੜੇ ਐਕਰੀਡਿਟਿਡ ਧਾਰਾ ਦੇ ਮੁਤਾਬਿਕ ਜਿਨ੍ਹਾਂ ਨੂੰ ਉਨ੍ਹਾਂ ਨੇ ਰਿਕੁਗਨਾਈਜ਼ ਕਰ ਲਿਆ ਹੈ। ਦੋਨੋਂ ਵਿਚੋਂ ਪਹਿਲੀ ਕੈਟੇਗਰੀ ਨੂੰ ਕੁਝ ਜ਼ਿਆਦਾ ਫੈਸਿਲਟੀਜ਼ ਮਿਲਦੀਆਂ ਹਨ ਅਤੇ ਦੂਸਰਿਆਂ ਨੂੰ ਕੁਝ ਘੱਟ ਮਿਲਦੀਆਂ ਹਨ। ਜਿਹੜੇ ਉਸ ਕਮੇਟੀ ਦੇ 5 ਵਰਕਿੰਗ ਜਰਨਾਲਿਸਟ ਹਨ, ਉਹ ਉਸ ਦੇ ਵਿਚ ਉਸ ਦਿਨ ਸਾਰੇ ਦੇ ਸਾਰੇ ਹਾਜ਼ਰ ਸਨ, ਸਾਰੇ ਦੇ ਸਾਰੇ ਉਸ ਮੀਟਿੰਗ ਵਿਚ ਮੌਜੂਦ ਸਨ। ਉਸ ਦੇ ਬਾਅਦ ਮੇਰੇ ਪਾਸ ਇਕ ਲੈਟਰ ਆਇਆ, ਹੈ, ਜਿਸ ਦੇ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਸਾਡੀ ਗਲ ਪੂਰੀ ਡਿਸਕਸ ਨਹੀਂ ਹੋਈ। ਮੈਂ ਉਨ੍ਹਾਂ ਦੀ ਐਸੋਸੀਏਸ਼ਨ ਨੂੰ ਦੁਬਾਰਾ ਬੁਲਵਾ ਕੇ ਡਿਸਕਸ਼ਨ ਉਨ੍ਹਾਂ ਨਾਲ ਕੀਤੀ ਹੈ ਔਰ ਉਨ੍ਹਾਂ ਨੂੰ ਇਹ ਕਿਹਾ ਹੈ ਕਿ ਜਿਹੜੇ ਤੁਹਾਡੇ ਮੁਤਾਲਬਾਤ ਹਨ, ਉਹ ਮੈਨੂੰ ਦੱਸੋ। ਫਿਰ ਉਸ ਦੇ ਬਾਰੇ ਮੈਂ ਕਮੇਟੀ ਦੇ ਚੇਅਰਮੈਨ ਨਾਲ, ਜੋ ਟਰੀਬਿਊਨ ਦੇ ਐਡੀਟਰ-ਇਨ-ਚੀਫ ਹਨ, ਗਲ ਬਾਤ ਕੀਤੀ ਹੈ। ਉਹ ਗਲ ਬਾਤ ਚਲ ਰਹੀ ਹੈ। ਇਹ ਜਿਹੜਾ ਕੁਝ ਸਾਥੀਆਂ ਵਲੋਂ ਵਾਕ ਆਊਟ ਕੀਤਾ ਗਿਆ ਹੈ, ਇਹ ਸੱਸਤੀ ਸ਼ੋਹਰਤ ਵਾਸਤੇ ਕੀਤਾ ਗਿਆ ਹੈ। ਅਗਰ ਕਿਸੇ ਨੂੰ ਜਰਨਾਲਿਸਟਸ ਨਾਲ ਪਿਆਰ ਹੈ ਤਾਂ ਇਸ ਸਰਕਾਰ ਨੂੰ ਹੈ ਅਤੇ ਇਸ ਸਰਕਾਰ ਨਾਲੋਂ ਵੱਧ ਕਿਸੇ ਹੋਰ ਨੂੰ ਪਿਆਰ ਨਹੀਂ। ਇਸ ਸਰਕਾਰ ਨੇ ਉਨ੍ਹਾਂ ਨੂੰ ਸਹੂਲਤਾਂ ਦਿੱਤੀਆਂ ਹਨ, ਉਨ੍ਹਾਂ ਨੂੰ ਵਾਜਿਬ ਸਹੂਲਤਾਂ ਦੇਵਾਂਗੇ, ਉਨ੍ਹਾਂ ਦੀਆਂ ਵਾਜਿਬ ਮੰਗਾਂ ਤੇ ਗੌਰ ਕਰਾਂਗੇ। ।

## *CALL ATTENTION NOTICE UNDER RULE 66*

(ਕ੍ਰਮ ਨੰ: 17)

**ਕਾਮਰੇਡ ਸਰਵਣ ਸਿੰਘ ਧਰਮਕੋਟ**
**ਪ੍ਰੋਫੈਸਰ ਬਲਵੰਤ ਸਿੰਘ**
**ਕਾਮਰੇਡ ਬੂਟਾ ਸਿੰਘ**
: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਕਿ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਗੜਿਆਂ ਨਾਲ ਬਹੁਤ ਸਾਰੇ ਪਿੰਡ ਅਰਥਾਤ ਭਾਦੁਰ ਕੀ ਚੱਕ ਛੰਗਾ ਰਾਈ, ਹਿਥਾੜ, ਦੋਥਾ ਭਾਦੁੜ ਕੀ, ਚੱਕ ਸਰਕਾਰ ਮਹਾਜ਼ੀ ਕੀ, ਮੇਘ ਰਾਏ, ਚੱਕ ਮੇਘਾ, ਛੰਗਾ ਰਾਏ ਉਤਾੜ, ਬਾਜੇ ਕੀ ਰਾਏ ਹਿਥਾੜ, ਦੋਖਾ ਰਾਜਾ ਦੀਨਾ ਨਾਥ, ਮੇਘਾ ਪੰਜ ਗਰਾਈਂ ਆਦਿ ਦੀਆਂ ਫਸਲਾਂ ਤੇ ਬਹੁਤ ਭੈੜਾ ਅਸਰ ਪਿਆ ਹੈ। ਇਲਾਕਿਆਂ ਵਿਚ ਬਹੁਤ ਬੇਚੈਨੀ ਹੈ। ਸਬੰਧਤ ਵਜ਼ੀਰ ਸਾਹਿਬ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**ਮਾਲ ਮੰਤਰੀ** (ਸਰਦਾਰ ਗੁਰਦਰਸ਼ਨ ਸਿੰਘ): ਸਪੀਕਰ ਸਾਹਿਬ, ਜਿਵੇਂ ਕਿ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਨੇ ਸੂਚਿਤ ਕੀਤਾ ਹੈ, 2 ਮਾਰਚ, 1983 ਦੀ ਸ਼ਾਮ ਨੂੰ ਫਿਰੋਜ਼ਪੁਰ ਤਹਿਸੀਲ ਦੇ 41 ਪਿੰਡ ਗੜਿਆਂ ਨਾਲ ਪ੍ਰਭਾਵਿਤ ਹੋਏ ਹਨ। ਉਪ ਮੰਡਲ ਅਫ਼ਸਰ (ਸ), ਤਹਿਸੀਲਦਾਰ ਫਿਰੋਜ਼ਪੁਰ ਨੂੰ ਪ੍ਰਭਾਵਿਤ ਪਿੰਡਾਂ ਦੀ ਗਿਰਦਾਵਰੀ ਮੁਕੰਮਲ ਕਰਨ ਲਈ ਅਤੇ ਹੋਏ ਨੁਕਸਾਨ ਦੀ ਰਪੋਰਟ ਛੇਤੀ

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

ਭੇਜਣ ਲਈ ਆਖਿਆ ਗਿਆ ਹੈ। ਫਸਲਾਂ ਨੂੰ ਹੋਏ ਨੁਕਸਾਨ ਦਾ ਪਤਾ ਬਕਾਇਦਾ ਗਿਰਦਾਵਰੀ ਦੇ ਮੁਕੰਮਲ ਹੋਣ ਉਪਰੰਤ ਜੋ ਹੋ ਰਹੀ ਹੈ ਅਤੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਪਾਸੋਂ ਨੁਕਸਾਨ ਦੀ ਰਿਪੋਰਟ ਪ੍ਰਾਪਤ ਹੋਣ ਤੇ ਲਗੇਗਾ। ਪ੍ਰਭਾਵਿਤ ਵਿਅਕਤੀਆਂ ਨੂੰ ਨਿਸ਼ਚਿਤ ਦਰਾਂ ਅਨੁਸਾਰ ਸਹਾਇਤਾ ਦਿੱਤੀ ਜਾਵੇਗੀ। ਸਰਕਾਰੀ ਹਦਾਇਤਾਂ ਅਨੁਸਾਰ ਭੂਮੀ ਮਾਲੀਆ, ਆਬਿਆਨਾ ਦੀ ਵਸੂਲੀ ਮੁਲਤਵੀ ਤਕਾਵੀ ਕਰਜ਼ਿਆਂ ਦੀ ਵਸੂਲੀ ਅੱਗੇ ਪਾਣ ਅਤੇ ਛੋਟੇ ਸਮੇਂ ਦੇ ਸਹਿਕਾਰੀ ਕਰਜ਼ਿਆਂ ਨੂੰ ਮੱਧ ਸਮੇਂ ਦੇ ਕਰਜ਼ਿਆਂ ਵਿਚ ਤਬਦੀਲ ਕਰਨ ਦੇ ਰੂਪ ਵਿਚ ਸਹਾਇਤਾ ਮੁਹੱਈਆ ਕੀਤੀ ਜਾਵੇਗੀ।

**ਕਾਮਰੇਡ ਸਰਵਣ ਸਿੰਘ ਧਰਮਕੋਟ** : ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ ਤੋਂ ਪਤਾ ਲਗਿਆ ਹੈ ਕਿ 300 ਰੁਪਏ ਤੋਂ ਵੱਧ ਕਿਸੇ ਨੂੰ ਸਹਾਇਤਾ ਨਹੀਂ ਦਿੱਤੀ ਜਾਵੇਗੀ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਔਰ ਮੰਤਰੀ ਜੀ ਨੂੰ ਇਹ ਬੇਨਤੀ ਕਰਾਂਗਾ ਕਿ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋ ਗਿਆ ਹੈ ਉਨ੍ਹਾਂ ਨੂੰ 300 ਰੁਪਏ ਦੀ ਮੱਦਦ ਕਾਫੀ ਨਹੀਂ ਹੈ। ਅੱਜ ਦੇ ਮਹਿੰਗੇ ਭਾਆਂ ਵਿੱਚ 3–3 ਬੋਰੀਆਂ ਰੇਹਾਂ ਪਾਕੇ ਅਤੇ ਮਹਿੰਗਾ ਤੇਲ ਲੈ ਕੇ ਉਨ੍ਹਾਂ ਨੇ ਫਸਲਾਂ ਤਿਆਰ ਕੀਤੀਆਂ ਹਨ। ਭਾਵੇਂ ਇਹ ਗਲ ਸਰਕਾਰ ਨੇ ਕਹਿ ਦੇਣੀ ਹੈ ਕਿ ਇਹ ਕੁਦਰਤੀ ਆਫਤ ਹੈ, 300 ਰੁਪਏ ਦੀ ਸਹਾਇਤਾ ਉਨ੍ਹਾਂ ਨੂੰ ਦੇਣਾ, ਇਹ ਉਨ੍ਹਾਂ ਲੋਕਾਂ ਨਾਲ ਮਖੌਲ ਹੋਵੇਗਾ। ਮੈਂ ਕਹਾਂਗਾ ਕਿ ਵੱਧ ਤੋਂ ਵੱਧ ਸਹਾਇਤਾ ਉਨ੍ਹਾਂ ਨੂੰ ਦੇ ਕੇ ਉਨ੍ਹਾਂ ਲੋਕਾਂ ਦਾ ਮਾਣ ਜਿਤਿਆ ਜਾਵੇ।

**ਮਾਲ ਮੰਤਰੀ** : ਸਪੀਕਰ ਸਾਹਿਬ, ਕੁਦਰਤੀ ਆਫਤ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਸੰਸਾਰ ਵਿਚ ਕੋਈ ਐਸੀ ਤਾਕਤ ਨਹੀਂ ਜਿਹੜੀ ਜਿੰਨਾ ਨੁਕਸਾਨ ਹੋਵੇ ਉਸ ਨੂੰ ਉਹ ਪੂਰਾ ਕਰ ਸਕੇ। ਇਹ ਸਰਕਾਰ ਦੀ ਹਮਦਰਦੀ ਹੈ ਕਿ ਜਿਹੜਾ ਨੁਕਸਾਨ ਹੁੰਦਾ ਹੈ ਉਸ ਦੇ ਲਈ ਕੁਝ ਮੱਦਦ ਕਰਦੀ ਹੈ। ਇਹ 300 ਰੁਪਏ ਫੀ ਏਕੜ ਮਾਲਕ, ਕਮੀ, ਮੁਜ਼ਾਰੇ, ਸੀਰੀ ਆਦਿ ਨੂੰ ਅਸੀਂ ਮਦਦ ਦੇ ਤੌਰ ਤੇ ਦਿੰਦੇ ਹਾਂ। ਜੋ ਇਨ੍ਹਾਂ ਨੇ ਕਿਹਾ ਹੈ ਕਿ ਇਹ ਵੱਧ ਕੀਤਾ ਜਾਵੇ, ਇਸ ਦੇ ਬਾਰੇ ਹਾਲੀਂ ਤਕ ਕੋਈ ਫੈਸਲਾ ਨਹੀਂ ਹੈ। 300 ਰੁਪਏ ਵੱਧ ਤੋਂ ਵੱਧ ਸਹਾਇਤਾ ਦੇ ਸਕਦੇ ਹਾਂ। ਸਾਰਾ ਨੁਕਸਾਨ ਪੂਰਾ ਕਰਨ ਦੀ ਦੁਨੀਆਂ ਦੀ ਕੋਈ ਤਾਕਤ ਨਹੀਂ ਹੈ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਜਿੰਨਾ ਨੁਕਸਾਨ ਹੁੰਦਾ ਹੈ ਕੁਦਰਤੀ ਆਫਤ ਦੇ ਨਾਲ ਉਹ 100 ਫੀ ਸਦੀ ਤਾਂ ਇਹ ਨਹੀਂ ਦੇ ਸਕਦੇ ਪਰ ਮੈਂ ਇਹ ਬੇਨਤੀ ਕਰਾਂਗਾ ਕਿ ਮਨਿਸਟਰ ਸਾਹਿਬ ਇਹ ਦੱਸ ਦੇਣ ਕਿ ਜਿੰਨੀ ਸਰਕਾਰ ਨੇ ਮੱਦਦ ਕਰਨੀ ਹੈ ਉਹ ਕਿੰਨੇ ਦਿਨਾਂ ਵਿਚ ਮੱਦਦ ਦੇ ਦੇਣਗੇ, ਕੀ ਇਸ ਦੇ ਲਈ ਕੋਈ ਸਮਾਂ ਨਿਸ਼ਚਿਤ ਕਰਨਗੇ ? ਕਿਧਰੇ ਐਸਾ ਹੀ ਨਾ ਹੋਵੇ ਕਿ ਉਹ ਵਿਚਾਰੇ ਅਗਲੀ ਫਸਲ ਤਕ ਐਵੇਂ ਹੀ ਤੁਰੇ ਫਿਰਨ।

**ਮਾਲ ਮੰਤਰੀ** : ਸਪੀਕਰ ਸਾਹਿਬ, ਜਿਥੇ ਕੁਦਰਤੀ ਕੋਈ ਨੁਕਸਾਨ ਹੋਵੇ ਉਥੇ ਜੇ ਛੇਤੀ ਮਦਦ ਨਹੀਂ ਕਰ ਸਕਦੇ ਤਾਂ ਉਹ ਮੱਦਦ ਨਹੀਂ ਸਮਝੀ ਜਾਂਦੀ। ਇਸ ਦੇ ਲਈ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਗਿਰਦਾਵਰੀ ਖਤਮ ਹੋਣ ਤੇ, ਅਪਰੈਲ ਤੋਂ ਪਹਿਲਾਂ ਪਹਿਲਾਂ ਅਸੀਂ ਉਨ੍ਹਾਂ ਦੀ ਮੱਦਦ ਕਰਾਂਗੇ।

---

## PAPER LAID ON THE TABLE

**Health Minister (Shri Joginder Pal Pandey)** : Sir, I beg to lay on the Table.

1. the Memorandum and the Inquiry Report of Mr. Justice K.S. Tiwana of Punjab and Haryana High Court appointed as Commission to enquire into the circumstances leading to the death of Shri Amar Singh Gill, Advocate, Phagwara, as required under section 3(4) of the Commission of Inquiry Act, 1952.

Original with;
Punjab Vidhan Sabha
Digitized by;
Panjab Digital Library

2. the Annual Accounts and Audit Report of the Pepsu Road Transport Corporation for the year 1980-81, as required under section 33(4) of the Road Transport Corporation Act, 1950.

3- the Statement explaining the reasons for delay in laying the Annual Accounts of the Pepsu Road Transport Corporation for the year 1980-81, before the House within the prescribed period.

**ਕਾਮਰੇਡ ਦਿਆ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਦਿਆ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

## GENERAL DISCUSSION ON THE BUDGET ESTIMATES FOR THE YEAR 1983-84

**ਪ੍ਰੋਫੈਸਰ ਦਰਬਾਰੀ ਲਾਲ** (ਅੰਮ੍ਰਿਤਸਰ ਕੇਂਦਰੀ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਵਿਚਾਰ ਪ੍ਰਗਟ ਕਰਨ ਅਤੇ ਬਜਟ ਵਿਚ ਆਈਆਂ ਹੋਈਆਂ ਕੁਝ ਗਲਾਂ ਤੇ ਵਿਚਾਰ ਦੇਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਆਪ ਜੀ ਦੇ ਜ਼ਰੀਏ ਡਾਕਟਰ ਕੇਵਲ ਕ੍ਰਿਸ਼ਨ ਫਾਇਨਾਂਸ ਮਨਿਸਟਰ, ਪੰਜਾਬ, ਜਿਨ੍ਹਾਂ ਨੇ ਆਪਣੀ ਰਾਜਨੀਤਿਕ ਸੂਝ ਬੂਝ ਨਾਲ ਪੰਜਾਬ ਦੀ ਆਰਥਿਕ ਦਸ਼ਾ ਨੂੰ ਗਹਿਰਾਈ ਵਿਚ ਸਟੱਡੀ ਕਰਕੇ ਕਿ ਪੰਜਾਬ ਦੇ ਹਿੱਤ ਵਿਚ ਗਰੀਬ ਘਟਾਈ ਜਾਵੇ ਅਤੇ ਪੰਜਾਬੀਆਂ ਦੀ ਬਹਿਬੂਦੀ ਨੂੰ ਮੁੱਖ ਰਖਦਿਆਂ ਹੋਇਆਂ ਇਸ ਕਿਸਮ ਦਾ ਬਜਟ ਪੇਸ਼ ਕੀਤਾ ਜਿਹੜਾ ਪਿੰਚਲੈਸ ਹੈ। ਕੋਈ ਚੂੰਡੀ ਨਹੀਂ ਵੱਢਦਾ, ਕਿਸੇ ਕਿਸਮ ਦਾ ਕੋਈ ਟੈਕਸ ਨਹੀਂ ਲਗਾਇਆ। ਇਹ 440 ਕਰੋੜ ਰੁਪਏ ਦਾ ਬਜਟ ਹੈ, ਜਿਸ ਦੇ ਵਿਚ 50 ਕਰੋੜ ਰੁਪਿਆ ਡਿਫਿਸ਼ਿਟ ਹੈ। ਬਗੈਰ ਕਿਸੇ ਟੈਕਸ ਲਗਾਇਆਂ ਜਿਹੜੀਆਂ ਚੀਜ਼ਾਂ ਸਰਕਾਰ ਕੋਲ ਹਨ ਜਾਂ ਦੂਸਰਿਆਂ ਵਸੀਲਿਆਂ ਤੋਂ ਇਸ ਨੂੰ ਪੂਰਾ ਕਰਨ ਦੇ ਯਤਨ ਕੀਤੇ ਗਏ ਹਨ। ਯੂਨਾਨ ਵਿਚ ਐਰਿਸਟੋਟਲ ਨੇ ਲਿਖਿਆ ਸੀ **Constitutional Government is a compromise between two principles of freedom and wealth.**

ਯਾਨਿ ਆਮ ਲੋਕਾਂ ਦੀ ਆਸ ਤਾਂ ਹੀ ਕਾਇਮ ਰਖੀ ਜਾ ਸਕਦੀ ਹੈ ਜੇਕਰ ਸਾਹੂਕਾਰਾਂ ਦੀ ਦੌਲਤ ਨੂੰ ਇਸ ਦੇ ਨਾਲ ਮਿਲਾਇਆ ਜਾਏ। ਉਨ੍ਹਾਂ ਨੇ ਕਿਹਾ ਕਿ **Unite the freedom of the poor and the wealth of the rich.** ਅਗਰ ਇਨ੍ਹਾਂ ਦੋਹਾਂ ਚੀਜ਼ਾਂ ਨੂੰ ਇਕੱਠਿਆਂ ਕਰ ਲਿਆ ਜਾਵੇ ਤਾਂ ਫਿਰ ਸਮੁੱਚੀ ਸਟੇਟ ਦੀ ਤਰੱਕੀ ਔਰ ਇਸ ਦਾ ਵਿਕਾਸ ਹੁੰਦਾ ਜਾਂਦਾ ਹੈ। ਡਾਕਟਰ ਸਾਹਿਬ ਨੇ ਜਿਹੜਾ ਬਜਟ ਪੇਸ਼ ਕੀਤਾ ਹੈ, ਉਹ ਸਾਰੇ ਗੁਣ ਇਸ ਦੇ ਵਿਚ ਹਨ। ਇਸ ਤੋਂ ਮਾਲੂਮ ਹੁੰਦਾ ਹੈ ਕਿ ਪਿਛਲੇ 35 ਸਾਲਾਂ ਦੇ ਦੌਰਾਨ ਸ਼ਾਇਦ ਐਨਾ ਗੁਣਾਂ ਭਰਿਆ ਬੱਜਟ ਨਾ ਪੇਸ਼ ਕੀਤਾ ਗਿਆ ਹੋਵੇ।

10.24 ਸਵੇਰ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਡਿਪਟੀ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਆਪ ਜੀ ਦਾ ਧਿਆਨ ਬਜਟ ਦੇ ਉਸ ਆਸਪੈਕਟ ਵਲ ਦਿਵਾਉਣਾ ਚਾਹੁੰਦਾ ਹਾਂ ਜਿਸ ਦੀ ਸਾਡੀ ਸਰਕਾਰ ਨੂੰ ਜ਼ਿਆਦਾ ਚਿੰਤਾ ਹੈ, ਕਿਉਂਕਿ ਪੰਜਾਬ ਦੇ ਮੇਹਨਤੀ ਲੋਕਾਂ ਨੂੰ ਬਿਜਲੀ ਦੀ ਖਾਸ ਜ਼ਰੂਰਤ ਹੈ ਇੰਡਸਟਰੀ ਦੇ ਵਿਕਾਸ ਵਾਸਤੇ, ਐਗਰੀਕਲਚਰ ਨੂੰ ਬੜਾਵਾ ਦੇਣ ਵਾਸਤੇ ਇਹ ਜਿਹੜੀ ਬਿਜਲੀ ਹੈ ਇਨ੍ਹਾਂ ਦੀ ਸੋਲ ਹੈ, ਇਨ੍ਹਾਂ ਦੀ ਜਾਨ ਹੈ। ਬਿਜਲੀ ਦੇ ਉਤਪਾਦਨ ਵਾਸਤੇ ਸਰਕਾਰ ਨੇ 133 ਕਰੋੜ ਰੁਪਿਆ ਰਖਿਆ ਸੀ ਅਤੇ ਸਾਡੀ ਸਰਕਾਰ ਨੇ 189 ਕਰੋੜ ਰੁਪਏ ਰਖਿਆ ਸੀ ਯਾਨੀ ਕੁਲ ਬਜਟ ਦਾ ਅੱਧਾ ਹਿਸਾ। ਇਸ ਵਾਰੀ ਬਿਜਲੀ ਦੇ ਉਤਪਾਦਨ ਵਾਸਤੇ ਬਜਟ ਦਾ ਅੱਧਾ ਹਿਸਾ 213 ਕਰੋੜ ਰੁਪਏ ਰਖੇ ਗਏ ਹਨ । ਇਸ ਤੋਂ ਮਾਲੂਮ ਹੁੰਦਾ ਹੈ ਕਿ ਸਾਡੀ ਸਰਕਾਰ ਪੰਜਾਬ ਵਿਚ ਬਿਜਲੀ ਦੇ ਉਤਪਾਦਨ ਵਾਸਤੇ ਔਰ ਬਾਕੀ ਚੀਜ਼ਾਂ ਵਾਸਤੇ ਖਾਸ ਕਰ ਇੰਡਸਟਰੀਅਲਾਈਜ਼ੇਸ਼ਨ ਵਾਸਤੇ ਔਰ ਐਗਰੀਕਲਚਰ ਨੂੰ ਬੜਾਵਾ ਦੇਣ ਵਾਸਤੇ ਕਿੰਨੀ ਚਿੰਤਿਤ ਹੈ ਔਰ ਬਿਜਲੀ ਦੇ ਉਤਪਾਦਨ ਵਾਸਤੇ ਪਿਛਲੇ ਦੋ ਢਾਈ ਸਾਲਾਂ ਵਿਚ ਨਵੀਆਂ ਸਕੀਮਾਂ ਚਾਲੂ ਕੀਤੀਆਂ ਗਈਆਂ ਉਹ ਕਿਸ ਤਰ੍ਹਾਂ ਨੇਪਰੇ ਚੜ੍ਹ ਰਹੀਆਂ ਹਨ। ਸ਼ਾਨਨ ਪ੍ਰੋਜੈਕਟ ਹੈ ਜਿਸ ਦੇ ਵਿਚੋਂ 12 ਮੈਗਾਵਾਟ ਬਿਜਲੀ ਮਿਲੇਗੀ। ਇਸੇ ਤਰ੍ਹਾਂ ਆਨੰਦਪੁਰ ਹਾਈਡਲ ਪ੍ਰੋਜੈਕਟ ਹੈ, ਜਿਹੜਾ ਕਿ ਕਰੀਬ ਕਰੀਬ ਇਸ ਸਾਲ ਦੇ ਆਖੀਰ ਤਕ ਪੂਰਾ ਹੋ ਜਾਏਗਾ। ਫਿਰ ਮੁਕੇਰੀਆਂ ਹਾਈਡਲ ਪ੍ਰੋਜੈਕਟ ਹੈ, ਉਹ ਵੀ 1983-84 ਦੇ ਕਰੀਬ ਸਮਾਪਤ ਹੋ ਜਾਵੇਗਾ । ਇਸ ਤਰ੍ਹਾਂ ਰੋਪੜ ਥਰਮਲ ਪਲਾਂਟ ਹੈ, ਇਹ ਪਲਾਂਟ ਮਹਿੰਗੇ ਪੈਂਦੇ ਹਨ ਪਰ ਬਿਜਲੀ ਮੁਹੱਈਆ ਕਰਨ ਲਈ ਸਰਕਾਰ ਸਾਰੇ ਰਿਸੋਰਸਿਜ਼ ਟੇਪ ਕਰ ਰਹੀ ਹੈ। ਆਸ ਹੈ ਕਿ ਰੋਪੜ ਥਰਮਲ ਪਲਾਂਟ ਨਿਸ਼ਚਿਤ ਸਮੇਂ ਤੋਂ ਕਾਫੀ ਪਹਿਲਾਂ ਸ਼ੁਰੂ ਹੋ ਜਾਏਗਾ। ਡਿਪਟੀ ਸਪੀਕਰ ਸਾਹਿਬ, ਸਾਡੇ ਇਲਾਕੇ ਵਿਚ ਪਾਣੀ ਦੀ ਘਾਟ ਹੈ ਕਿਉਂਕਿ ਮੈਦਾਨੀ ਇਲਾਕਿਆਂ ਵਿਚ ਪਾਣੀ ਚਲਣ ਦੇ ਕਾਰਨ ਇਥੇ ਵੱਡੇ ਡੈਮ ਨਹੀਂ ਬਣ ਸਕਦੇ। ਫਿਰ ਵੀ ਨਹਿਰਾਂ ਤੇ ਇਹ ਪ੍ਰੋਜੈਕਟ ਬਣਾਉਣ ਦਾ ਫੈਸਲਾ ਕੀਤਾ ਹੈ, ਇਸ ਬਾਰੇ ਚੀਫ ਮਨਿਸਟਰ ਸਾਹਿਬ ਨੇ ਪਿਛਲੀ ਵਾਰੀ ਅਸ਼ਿਓਰੈਂਸ ਦਿਤੀ ਸੀ ਉਸ ਨੂੰ ਇੰਪਲੀਮੈਂਟ ਕੀਤਾ ਗਿਆ ਹੈ। ਮੁਕੇਰੀਆਂ ਹਾਈਡਲ ਪ੍ਰੋਜੈਕਟ ਤੋਂ 100 ਮੈਗਾਵਾਟ ਦੇ ਕਰੀਬ ਉਤਪਾਦਨ ਹੋਣਾ ਹੈ। ਪਹਿਲਾਂ 30 ਮੈਗਾਵਾਟ ਅਤੇ ਬਾਕੀ ਬਾਦ ਵਿਚ ਹੋਏਗੀ। ਇਕ ਮੈਗਾਵਾਟ ਵਿਚੋਂ ਤਕਰੀਬਨ ਆਲੇ ਦੁਆਲੇ ਦੇ ਪਿੰਡਾਂ ਨੂੰ ਬਿਜਲੀ ਦਿਤੀ ਜਾ ਸਕਦੀ ਹੈ। ਇਸ ਤਰ੍ਹਾਂ ਦੇ ਕਈ ਪ੍ਰੋਜੈਕਟ ਜਿਨ੍ਹਾਂ ਤੋਂ ਇਕ ਜਾਂ ਦੋ ਕਿਲੋਮੈਗਾਵਾਟ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ, ਜਿਸ ਤਰ੍ਹਾਂ ਕੰਡੀ ਪ੍ਰੋਜੈਕਟ ਹੈ, ਲਗਾਏ ਜਾ ਰਹੇ ਹਨ। ਅਸੀਂ ਕਈ ਪ੍ਰੋਜੈਕਟ ਬਣਾਉਣ ਤੇ ਕੋਈ 450 ਕਰੋੜ ਰੁਪਏ ਖਰਚ ਕੀਤੇ ਹਨ। ਜਿੰਨੀ ਬਿਜਲੀ ਤਿਆਰ ਕੀਤੀ ਜਾਏ ਉਤਨੀ ਥੋਹੜੀ ਹੈ ਕਿਉਂਕਿ ਇਸ ਦੀ ਡਿਮਾਂਡ ਸਪਲਾਈ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ । ਇਸ ਕਰਕੇ ਸਾਡੀ ਸਰਕਾਰ ਨੇ ਨਿਊਕਲੀਅਰ ਪਾਵਰ ਪ੍ਰੋਜੈਕਟ ਲਾਉਣ ਦਾ ਫੈਸਲਾ ਕੀਤਾ ਹੈ । ਸੈਂਟਰਲ ਸਰਕਾਰ ਨਾਲ ਗਲ ਬਾਤ ਚਲ ਰਹੀ ਹੈ ਔਰ ਆਸ ਹੈ ਕਿ ਜਲਦੀ ਤੋਂ ਜਲਦੀ ਇਥੇ ਸ਼ੁਰੂ ਕਰ ਦਿਤਾ ਜਾਏਗਾ। ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡੀ ਕਰੈਡਿਟ ਵਾਲੀ ਗੱਲ ਇਹ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਪਾਣੀ ਦੀ ਭਰਮਾਰ ਹੈ। ਪਹਾੜੀ ਇਲਾਕਾ ਹੈ, ਜਗ੍ਹਾ ਜਗ੍ਹਾ ਤੇ ਫਾਲ ਹਨ। ਪੰਜਾਬ ਸਰਕਾਰ ਨੇ ਹਿਮਾਚਲ ਪ੍ਰਦੇਸ਼ ਨਾਲ ਮਿਲ ਕੇ ਉਥੇ ਪਾਵਰ ਪ੍ਰੋਜੈਕਟਸ ਲਗਾਉਣ ਦਾ ਫੈਸਲਾ ਕੀਤਾ ਹੈ। ਇਸ ਤਰ੍ਹਾਂ ਜਿਹੜਾ ਬਿਜਲੀ ਦਾ ਸੰਕਟ ਕਾਫੀ ਸਾਲਾਂ ਤੋਂ ਚਲਿਆ ਆ ਰਿਹਾ ਹੈ, ਉਸ ਨੂੰ ਦੂਰ ਕੀਤਾ ਜਾਏਗਾ।

ਮੈਂ ਇਕ ਗਲ ਇਹ ਕਹਿਣੀ ਚਾਹੁੰਦਾ ਹਾਂ ਕਿ ਪਿਛਲੇ ਦੋ ਸਾਲਾਂ ਵਿਚ 1979-80 ਵਿਚ ਕਰੀਬ ਛੇ ਅਰਬ, 10 ਕਰੋੜ ਯੂਨਿਟ ਬਿਜਲੀ ਸਾਰੀਆਂ ਏਜੰਸੀਆਂ ਵਿਚੋਂ ਮਿਲੀ ਹੈ ਜਿਸ ਵਿਚੋਂ ਇਕ

Original with;
Punjab Vidhan Sabha
Digitized by;
Panjab Digital Library

ਅਰਬ 10 ਕਰੋੜ ਯੂਨਿਟਸ ਦੇ ਕਰੀਬ ਟਰਾਂਸਮੀਸ਼ਨ ਲੌਸਿਜ਼ ਹਨ । ਐਨੇ ਜ਼ਿਆਦਾ ਲੌਸਿਜ਼ ਟਾਲ-ਰੇਬਲ ਨਹੀਂ, ਇਨ੍ਹਾਂ ਨੂੰ ਘਟਾਇਆ ਜਾਣਾ ਚਾਹੀਦਾ ਹੈ। ਨਵੇਂ ਕਿਸਮ ਦੇ ਟਰਾਂਸਮੀਟਰ ਲਗਾ ਕੇ ਇਨ੍ਹਾਂ ਨੂੰ ਘਟਾਇਆ ਜਾਏ। ਇਸ ਦੇ ਨਾਲ ਹੀ ਸਾਡੀ ਸਰਕਾਰ ਨੇ ਇੰਡਸਟਰੀ ਵਲ ਖਾਸ ਧਿਆਨ ਦਿਤਾ ਹੈ। ਇੰਡਸਟਰੀ ਤੇ ਪਿਛਲੀ ਵਾਰੀ 13 ਕਰੋੜ ਰੁਪਿਆ ਖਰਚ ਕੀਤਾ ਗਿਆ ਪਰ ਐਤਕੀਂ ਇਸ ਨੂੰ ਵਧਾ ਕੇ 17.02 ਕਰੋੜ ਕਰ ਦਿਤਾ ਗਿਆ ਹੈ । ਚਾਰ ਰਾਈਸ ਮਿਲਜ਼ ਹੋਰ ਲਗਣਗੀਆਂ । ਚਾਰ ਸਪਿਨਿੰਗ ਮਿਲਜ਼ ਹੋਰ ਲਗਣਗੀਆਂ। ਵਰਤਮਾਨ ਖੰਡ ਦੀਆਂ ਮਿਲਾਂ ਘੱਟ ਹਨ ਅਤੇ ਇਸ ਕੰਮ ਨੂੰ ਪੂਰਾ ਕਰਨ ਵਾਸਤੇ ਕੁਆਪਰੇਟਿਵ ਸੈਕਟਰ ਵਿੱਚ ਇਕ ਹੋਰ ਸ਼ੂਗਰ ਮਿਲ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੇ 62.15 ਕਰੋੜ ਰੁਪਿਆ ਖਰਚ ਆਵੇਗਾ। ਇਸਦੇ ਨਾਲ ਨਾਲ ਪਿਛਲੀ ਵਾਰ ਜੋ ਸਰਕਾਰ ਨੇ ਫੈਸਲੇ ਕੀਤੇ ਸਨ, ਉਨ੍ਹਾਂ ਨੂੰ ਸਿਰੇ ਚੜ੍ਹਾਉਣ ਵਾਸਤੇ ਵੀ ਕਦਮ ਚੁੱਕੇ ਹਨ। ਸੋਡਾ ਐਸ਼, ਕਾਸਟਿਕ ਸੋਡਾ ਪ੍ਰਾਜੈਕਟਸ ਤੇ 65 ਕਰੋੜ ਰੁਪਏ ਲਗਾ ਕੇ 1983-84 ਵਿਚ ਇਨ੍ਹਾਂ ਨੂੰ ਕੰਪਲੀਟ ਕਰ ਦੇਣਾ ਹੈ। ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਕੁਝ ਵੱਡੇ ਪ੍ਰਾਜੈਕਟਸ ਆਪਣੇ ਹੱਥਾਂ ਵਿੱਚ ਲਏ ਹਨ, ਜਿਵੇਂ ਲਾਈਟ ਕਮਰਸ਼ੀਅਲ ਵੈਹੀਕਲ ਪ੍ਰਾਜੈਕਟ ਹੈ, ਟੈਲੀਫੂਨ ਕੇਬਲਜ਼, ਪੋਲਿਅਸਟਰ ਸਟੈਪਲ ਫਾਈਬਰ ਹਨ । ਇਨ੍ਹਾਂ ਤੇ ਤਕਰੀਬਨ 100 ਕਰੋੜ ਰੁਪਿਆ ਖਰਚ ਆਵੇਗਾ ਅਤੇ 8,500 ਲੋਕਾਂ ਨੂੰ ਰੋਜ਼ਗਾਰ ਮਿਲੇਗਾ । ਕੁਆਪਰੇਸ਼ਨ ਮਨਿਸਟਰ ਸਾਹਿਬ ਗੋਇੰਦਵਾਲ ਸਾਹਿਬ ਵਿਚ 25,000 ਸਪਿੰਡਲਜ਼ ਦੀ ਸਪਿੰਨਿੰਗ ਮਿਲ ਦਾ ਉਦਘਾਟਨ ਕਰਕੇ ਆਏ ਹਨ ਉਹ ਜਲਦੀ ਕੰਪਲੀਟ ਹੋ ਜਾਵੇਗੀ। ਪੰਜਾਬ ਸਟੇਟ ਫਾਈਨੈਂਸ਼ਲ ਕਾਰਪੋਰੇਸ਼ਨ ਨੂੰ 1981-82 ਵਿਚ 15 ਕਰੋੜ ਰੁਪਏ ਦਿੱਤੇ ਗਏ ਸਨ, ਇਸ ਅਮਾਉਂਟ ਨੂੰ 1982-83 ਵਿਚ 22 ਕਰੋੜ ਅਤੇ 1983-84 ਵਿੱਚ ਵਧਾ ਕੇ 25 ਕਰੋੜ ਕਰ ਦੇਣ ਦਾ ਫੈਸਲਾ ਕੀਤਾ ਹੈ। ਇਸ ਦੀ ਇਕੁਇਟੀ ਕੈਪੀਟਲ ਵੀ 25 ਲੱਖ ਰੁਪਏ ਤੋਂ ਵਧਾ ਕੇ 1 ਕਰੋੜ ਰੁਪਏ ਕਰ ਦਿਤੀ ਹੈ ਤਾਂ ਕਿ ਜਿਹੜੀ ਲੈਸ ਪ੍ਰਿਵਲਿਜ਼ਡ ਕਲਾਸ ਹੈ, ਜਿਨ੍ਹਾਂ ਕੋਲ ਕੋਈ ਕਾਰੋਬਾਰ ਨਹੀਂ ਹੈ, ਉਨ੍ਹਾਂ ਨੂੰ ਅਪਰਚਿਊਨਿਟੀਜ਼ ਪ੍ਰੋਵਾਈਡ ਕੀਤੀਆਂ ਜਾ ਸਕਣ। 12 ਕਰੋੜ ਰੁਪਿਆ ਇਸ ਲਈ ਸਰਕਾਰ ਨੇ ਹੋਰ ਦੇਣ ਦਾ ਫੈਸਲਾ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਸਮੁੱਚੇ ਪੰਜਾਬ ਵਿੱਚ ਐਸੀਆਂ ਇੰਡਸਟਰੀਜ਼ ਲਾਈਆਂ ਜਾਣ। ਚਾਹੇ ਸਾਡੀ ਪਰ ਕੈਪਿਟਾ ਇਨਕਮ ਦੂਸਰਿਆਂ ਸੂਬਿਆਂ ਨਾਲੋਂ ਕਾਫੀ ਜ਼ਿਆਦਾ ਹੈ, ਪਰ ਫਿਰ ਵੀ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਟੀਸੀ ਤੇ ਪਹੁੰਚੇ ਅਤੇ ਵੱਡੀਆਂ ਵੱਡੀਆਂ ਇੰਡਸਟਰੀਜ਼ ਇਥੇ ਲਗਣ । ਲੋਕਾਂ ਨੂੰ ਕਾਰੋਬਾਰ ਮਿਲੇ ਅਤੇ ਅਨ ਇੰਪਲਾਇਮੈਂਟ ਦੀ ਪ੍ਰਾਬਲਮ ਨੂੰ ਦੂਰ ਕੀਤਾ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਫੀਲਡ ਵਿੱਚ ਵੀ ਸਾਡੀ ਸਰਕਾਰ ਨੇ ਖਾਸੇ ਕਦਮ ਉਠਾਏ ਹਨ ਅਤੇ ਇਸਦੇ ਵਿੱਚ ਕਾਫੀ ਵਿਕਾਸ ਹੋਇਆ ਹੈ। ਪ੍ਰਾਇਮਰੀ ਐਜੂਕੇਸ਼ਨ ਦੀ 100% ਐਨਰੋਲਮੈਂਟ ਹੋ ਗਈ ਹੈ। ਹਰ ਘਰ ਵਿੱਚੋਂ ਬੱਚੇ ਸਕੂਲਾਂ ਵਿੱਚ ਪੜ੍ਹਨ ਜਾਂਦੇ ਹਨ। ਸ਼ਰਕਾਰ ਨੂੰ ਇਸ ਪਰਪਜ਼ ਲਈ ਕਾਫੀ ਰੁਪਿਆ ਖਰਚ ਕਰਨਾ ਪਿਆ ਹੈ। ਡਾਕਟਰ ਸਾਹਿਬ ਨੇ ਜਿਹੜੇ ਪੈਸੇ ਇਸ ਲਈ ਦਿੱਤੇ ਸਨ ਪਿਛਲੇ ਸਾਲ 50 ਪ੍ਰਾਇਮਰੀ ਸਕੂਲ ਅਪਗ੍ਰੇਡ ਕਰਕੇ ਮਿਡਲ ਬਣਾਏ ਗਏ ਸਨ ਅਤੇ 25 ਮਿਡਲ ਤੋਂ ਹਾਈ ਕਰ ਦਿੱਤੇ ਗਏ ਸਨ। ਪਰ ਖੁਸ਼ੀ ਦੀ ਗਲ ਹੈ ਕਿ ਇਸ ਸਾਲ 75 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਅਤੇ 75 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾਉਣ ਦਾ ਫੈਸਲਾ ਇਨ੍ਹਾਂ ਨੇ ਕੀਤਾ ਹੈ। ਇਸ ਦੇ ਨਾਲ ਨਾਲ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਪਹਿਲਾਂ ਬਾਬੂ ਬਣਾਉਣ ਦੇ ਹੋਰ ਕੋਈ ਸੇਵਾ ਨਹੀਂ ਕਰ ਸਕੀ। ਸਾਡੀ ਸਰਕਾਰ ਨੇ ਇਹ ਮਨ ਬਣਾਇਆ ਕਿ ਵੋਕੇਸ਼ਨਲ ਕੋਰਸਿਜ਼ ਪੰਜਾਬ ਦੇ ਸਕੂਲਾਂ ਵਿੱਚ ਸ਼ੁਰੂ ਕੀਤੇ ਜਾਣ ਤਾਂ ਕਿ ਬੱਚਿਆਂ ਨੂੰ ਸਕੂਲਾਂ ਵਿੱਚ ਪੜ੍ਹਨ ਵੇਲੇ ਹੀ ਐਸੀ ਟਰੇਨਿੰਗ ਦਿੱਤੀ ਜਾਵੇ ਤਾਂ ਕਿ ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਹ ਸੈਲਫ-

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਡਿਪੈਂਡੈਂਟ ਹੋ ਜਾਣ, ਕੁਝ ਕੰਮ ਕਾਰ ਕਾਰਣ, ਮਾਂ ਬਾਪ ਦੀ ਮੱਦਦ ਕਰਨ ਅਤੇ ਉਨ੍ਹਾਂ ਨੂੰ ਅਨ-ਇੰਪਲਾਇਮੈਂਟ ਦਾ ਸਾਹਮਣਾ ਨਾ ਕਰਨਾ ਪਏ। ਡਿਪਟੀ ਸਪੀਕਰ ਸਾਹਿਬ, ਸਵਿਟਜ਼ਰਲੈਂਡ ਇੱਕ ਛੋਟਾ ਜਿਹਾ ਦੇਸ਼ ਹੈ। ਉਥੇ ਘੜੀਆਂ ਬਣਦੀਆਂ ਹਨ। ਇੱਕ ਘੜੀ ਦੀ ਕਾਸਟ 5, 6 ਰੁਪਏ ਪੈਂਦੀ ਹੈ ਅਤੇ ਉਹ ਇਨ੍ਹਾਂ ਘੜੀਆਂ ਦੇ ਸਿਰ ਤੇ ਸਾਰੀ ਦੁਨੀਆਂ ਤੇ ਰਾਜ ਕਰਦੇ ਹਨ। ਇਸ ਤਰੀਕੇ ਨਾਲ ਅਗਰ ਛੋਟੇ ਛੋਟੇ ਬੱਚਿਆਂ ਨੂੰ ਅਜਿਹੀਆਂ ਚੰਗੀਆਂ ਸਕੀਮਾਂ ਦੀ ਟਰੇਨਿੰਗ ਦਿੱਤੀ ਜਾਵੇ ਤਾਂ ਬਹੁਤ ਫਾਇਦਾ ਹੋ ਸਕਦਾ ਹੈ। 350 ਸਕੂਲਾਂ ਵਿੱਚ ਵੋਕੇਸ਼ਨਲ ਕੋਰਸਿਜ਼ ਸ਼ੁਰੂ ਕੀਤੇ ਗਏ ਹਨ ਅਤੇ 50 ਸਕੂਲਾਂ ਵਿਚ ਜਾਬ-ਓਰਿਐਂਟਿਡ ਕੋਰਸਿਜ਼ ਇੰਟਰੋਡਿਊਸ ਕੀਤੇ ਜਾਣੇ ਹਨ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ 141 ਪ੍ਰਾਈਵੇਟ ਕਾਲਜ ਹਨ। ਇਨ੍ਹਾਂ ਨੂੰ 7.65 ਕਰੋੜ ਰੁਪਿਆ ਅਨੁਦਾਨ ਦੇ ਤੌਰ ਤੇ ਦਿੱਤਾ ਗਿਆ ਹੈ। ਪਿਛਲੇ 22 ਸਾਲਾਂ ਤੋਂ ਸਟਰੱਗਲ ਕਰਦੇ ਆ ਰਹੇ ਪ੍ਰਾਈਵੇਟ ਕਾਲਜਾਂ ਦੇ ਟੀਚਰਜ਼ ਨੂੰ ਮੈਡੀਕਲ ਅਲਾਊਂਸ ਹੁਣ ਦਿੱਤਾ ਜਾਵੇਗਾ। ਡੀ.ਪੀ.ਈਜ਼ ਅਤੇ ਲਾਇਬ੍ਰੇਰੀਅਨਜ਼ ਦੀ ਅਨਾਮਲੀ ਦੂਰ ਕਰ ਦਿੱਤੀ ਗਈ ਹੈ ਜਿਸ ਨੂੰ ਕਿ 1967 ਤੋਂ ਲੈ ਕੇ 1982 ਦੀ ਕੋਈ ਸਰਕਾਰ ਨਹੀਂ ਸੀ ਕਰ ਸਕੀ। ਸਾਡੀ ਸਰਕਾਰ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸ ਨੇ ਯੂ.ਜੀ. ਸੀ. ਦੇ ਗਰੇਡਾਂ ਮੁਤਾਬਿਕ ਉਨ੍ਹਾਂ ਦੀਆਂ ਤਨਖਾਹਾਂ ਬਰਾਬਰ ਕਰ ਦਿੱਤੀਆਂ ਹਨ। ਪ੍ਰਾਵੀਡੈਂਟ ਫੰਡ ਜਿਹੜਾ ਪਹਿਲਾਂ ਸਵਾ ਅੱਠ ਪ੍ਰਤੀਸ਼ਤ ਬੇਸਿਕ ਸੈਲਰੀ ਦਾ ਕੱਟਦੇ ਸਨ ਉਸਨੂੰ ਵੱਧਾ ਕੇ 10 % ਕਰ ਦਿੱਤਾ ਗਿਆ ਹੈ ਅਤੇ ਹੁਣ ਬੇਸਿਕ ਪੇ ਤੋਂ ਇਲਾਵਾ ਅਲਾਊਂਸਿਜ਼ ਨੂੰ ਮਿਲਾ ਕੇ ਇਹ ਕੱਟਿਆ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਕਾਲਜ ਟੀਚਰਜ਼ ਦੀ ਇੱਕ ਮੰਗ ਕਾਫੀ ਦੇਰ ਤੋਂ ਚਲੀ ਆ ਰਹੀ ਹੈ, ਉਹ ਪੂਰੀ ਨਹੀਂ ਹੋਈ। ਸ਼ਹਿਰਾਂ ਵਿੱਚ ਮਕਾਨਾਂ ਦੇ ਕਿਰਾਏ ਬਹੁਤ ਜ਼ਿਆਦਾ ਹਨ। ਉਨ੍ਹਾਂ ਦੀ ਡਿਮਾਂਡ ਹੈ ਕਿ ਹਾਊਸ ਰੈਂਟ ਉਨ੍ਹਾਂ ਨੂੰ ਵੀ ਮਿਲਣਾ ਚਾਹੀਦਾ ਹੈ। ਸਰਕਾਰ ਨੇ ਪ੍ਰਿੰਸੀਪਲੀ ਤਾਂ ਇਹ ਅਸੈਪਟ ਕਰ ਵੀ ਲਿਆ ਹੈ ਹਾਊਸ ਰੈਂਟ ਦਿਆਂਗੇ। ਮੇਰੀ ਆਪ ਜੀ ਦੇ ਰਾਹੀਂ ਇਹ ਬੇਨਤੀ ਹੈ ਕਿ ਹਾਊਸ ਰੈਂਟ ਅਲਾਊਂਸ ਜਲਦੀ ਤੋਂ ਜਲਦੀ ਕਾਲਜ ਟੀਚਰਜ਼ ਨੂੰ ਵੀ ਦਿੱਤਾ ਜਾਵੇ। ਜਿਥੇ ਬਾਕੀ ਮੰਗਾਂ ਉਨ੍ਹਾਂ ਦੀਆਂ ਮੰਨ ਕੇ ਸਰਕਾਰ ਨੇ ਕਰੈਡਿਟ ਲਿਆ ਹੈ ਉਥੇ ਉਨ੍ਹਾਂ ਦੀ ਇਹ ਮੰਗ ਵੀ ਮੰਨ ਕੇ ਸਰਕਾਰ ਨੂੰ ਕਰੈਡਿਟ ਲੈਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਸਕੂਲਾਂ ਵਿੱਚ ਪੀ.ਟੀ. ਏਜ਼ ਵੀ ਬਣ ਗਈਆਂ ਹਨ। ਸਕੂਲਾਂ ਦੀ ਇਮਾਰਤ ਬਣਾਉਣ ਫਰਨੀਚਰ ਖਰੀਦਣ ਵਿੱਚ ਪੀ.ਟੀ.ਏ. ਬੜਾ ਚੰਗਾ ਰੋਲ ਅਦਾ ਕਰ ਸਕਦੀ ਹੈ। ਪੀ.ਟੀ.ਏਜ਼ ਨੂੰ ਸਕੂਲਾਂ ਵਿੱਚ ਰੀਇੰਟਰੋਡਿਊਸ ਕਰਕੇ ਸਰਕਾਰ ਨੇ ਇਕ ਬੜਾ ਸਰਾਹਨਾਯੋਗ ਕਦਮ ਚੁਕਿਆ ਹੈ। ਕਈ ਸਕੂਲਾਂ ਦੀਆਂ ਇਮਾਰਤਾਂ ਬਿਲ ਕੁਲ ਟੁੱਟੀਆਂ ਸਨ। ਸਰਕਾਰ ਵੱਲੋਂ ਕਾਫੀ ਮੱਦਦ ਦੇਣ ਦੇ ਬਾਵਜੂਦ ਵੀ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਨਹੀਂ ਸਨ ਬਣ ਸਕੀਆਂ। ਅਗਰ ਲੋਕ ਆਪਸ ਵਿੱਚ ਮਿਲ ਕੇ ਮੱਦਦ ਕਰਨ ਤਾਂ ਇਹ ਕੰਮ ਜਲਦੀ ਸਿਰੇ ਚੜ੍ਹ ਸਕਦਾ ਹੈ। ਇਸੇ ਤਰ੍ਹਾਂ ਪ੍ਰਾਈਵੇਟ ਸਕੂਲ ਟੀਚਰਜ਼ ਦੀ ਮੰਗ ਰਹੀ ਹੈ ਕਿ ਪ੍ਰੋਵੀਡੈਂਟ ਫੰਡ ਨੂੰ ਬਦਲ ਕੇ ਪੈਨਸ਼ਨ ਸਾਨੂੰ ਦਿੱਤੀ ਜਾਵੇ। ਮੈਂ ਅਰਜ਼ ਕਰਾਂਗਾ ਕਿ ਪੰਜ ਸਾਲ ਤਕ ਸਰਕਾਰ ਨੇ ਆਪਣੇ ਕੋਲੋਂ ਕੁਝ ਨਹੀਂ ਦੇਣਾ। ਅਗਰ ਇਨ੍ਹਾਂ ਨੂੰ ਪੈਨਸ਼ਨ ਦੇਣੀ ਸ਼ੁਰੂ ਕਰ ਦਿੱਤੀ ਜਾਵੇ ਤਾਂ ਇਹ ਵੀ ਬੜਾ ਕਰੈਡਿਟੇਬਲ ਕੰਮ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਜਿਹੜੇ ਸ਼ਲਾਘਾਯੋਗ ਕਦਮ ਉਠਾਏ ਹਨ ਮੈਂ ਉਨ੍ਹਾਂ ਦੇ ਬਾਰੇ ਆਪ ਜੀ ਨੂੰ ਦਸਣਾ ਚਾਹੁੰਦਾ ਹਾਂ। ਸਿਹਤ ਇਨਸਾਨ ਲਈ ਬਹੁਤ ਵੱਡੀ ਚੀਜ਼ ਹੈ। ਸਿਹਤ ਨਾ ਹੋਵੇ ਤਾਂ ਆਦਮੀ ਕੋਈ ਕੰਮ ਨਹੀਂ ਕਰ ਸਕਦਾ। ਇਨ੍ਹਾਂ ਤਿੰਨਾਂ ਸਾਲਾਂ ਵਿੱਚ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਤਕਰੀਬਨ 450 ਡਿਸਪੈਂਸਰੀਆਂ ਖੋਲ੍ਹੀਆਂ ਹਨ। ਇਹ ਵੀ ਫੈਸਲਾ ਕੀਤਾ ਹੈ ਕਿ ਤਮਾਮ ਜ਼ਿਲ੍ਹਾ ਮੁਕਾਮ ਤੇ ਹੋਮਿਓਪੈਥਿਕ ਡਿਸਪੈਂਸਰੀਜ਼ ਬਣਾਈਆਂ ਜਾਣ ਅਤੇ ਸਾਰੇ ਬਲਾਕਾਂ ਵਿੱਚ ਡੈਂਟਲ ਕਲੀਨਿਕਸ ਖੋਲ੍ਹੀਆਂ ਜਾਣ ਤਾਂ ਕਿ ਲੋਕਾਂ ਦੇ ਦੰਦਾਂ ਦੀ ਹਿਫਾਜ਼ਤ ਹੋ ਸਕੇ। ਇਹ ਬੜੀ ਕਰੈਡਿਟੇਬਲ ਚੀਜ਼ ਹੈ। ਪੰਜਾਬ ਵਿੱਚ ਤਿੰਨ ਸਰਕਾਰੀ ਮੈਡੀਕਲ ਕਾਲਜ ਹਨ। ਅੰਮ੍ਰਿਤਸਰ ਵਿੱਚ ਗੁਰੂ ਨਾਨਕ ਦੇਵ ਮੈਡੀਕਲ ਹਾਸਪੀਟਲ, ਪਟਿਆਲਾ ਵਿੱਚ ਰਾਜਿੰਦਰਾ ਹਾਸਪੀਟਲ ਅਤੇ ਗੁਰਦਾਸਪੁਰ ਵਿੱਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਾਸਤੇ ਸਰਕਾਰ ਨੇ ਕਾਫੀ ਰੁਪਿਆ ਦੇਣ ਦਾ ਫੈਸਲਾ ਕੀਤਾ ਹੈ। ਪਿਛਲੀ ਸਰਕਾਰ ਨੇ ਤਕਰੀਬਨ 10, 12 ਲੱਖ ਦਿੱਤਾ ਸੀ। ਸਾਡੀ ਸਰਕਾਰ ਨੇ ਪਿਛਲੇ ਸਾਲ 80 ਲੱਖ ਰੁਪਿਆ ਅੰਮ੍ਰਿਤਸਰ ਮੈਡੀਕਲ ਕਾਲਜ ਨੂੰ ਦਿੱਤਾ ਤਾਂ ਕਿ ਉਥੇ ਆਪਰੇਸ਼ਨ ਥਿਏਟਰ ਖੋਲ੍ਹਿਆ ਜਾਵੇ। ਇਹ ਘੱਟ ਕਰੈਡਿਟ ਵਾਲੀ ਗਲ ਨਹੀਂ ਹੈ। ਉਥੇ ਡਾਇਲੇਸਿਜ਼ ਯੂਨਿਟ ਲਗਵਾਇਆ ਜਿਸਦੀ ਕਿ ਪਿਛਲੇ 25 ਸਾਲਾਂ ਤੋਂ ਲੋਕਾਂ ਦੀ ਮੰਗ ਚਲੀ ਆ ਰਹੀ ਸੀ, ਪਰ ਅਜ ਤਕ ਕੋਈ ਸਰਕਾਰ ਨਹੀਂ ਸੀ ਇਹ ਉਥੇ ਲਗਾ ਸਕੀ। ਜਿਥੇ ਵੱਡੇ ਬੰਦਿਆਂ ਨੂੰ ਇਨ੍ਹਾਂ ਚੀਜ਼ਾਂ ਦਾ ਫਾਇਦਾ ਹੋਣਾ ਹੈ ਉਥੇ ਗਰੀਬ ਲੋਕਾਂ ਵਾਸਤੇ ਵੀ ਕੰਮ ਕੀਤੇ ਗਏ ਹਨ। ਗੁਲੂਕੋਸ ਸੈਲਾਈਟ ਪਲਾਂਟ ਇਨ੍ਹਾਂ ਤਿੰਨਾਂ ਹਸਪਤਾਲਾਂ ਵਿੱਚ ਲਗਾਏ ਹਨ। ਗੁਲੂਕੋਸ ਦੀ ਬੋਤਲ ਪਹਿਲਾਂ 12 ਰੁਪਏ ਦੀ ਮਿਲਦੀ ਸੀ। ਸਾਡੀ ਸਰਕਾਰ ਨੇ ਇਨ੍ਹਾਂ ਤਿੰਨਾਂ ਹਸਪਤਾਲਾਂ ਵਿੱਚ ਇਹ ਪਲਾਂਟ ਲਗਾਏ ਹਨ ਜਿਥੇ ਕਿ ਤਕਰੀਬਨ ਦੋ ਰੁਪਏ ਦੀ ਬੋਤਲ ਮਿਲੇਗੀ। ਇਸ ਤਰ੍ਹਾਂ ਗਰੀਬ ਲੋਕਾਂ ਦੀ ਜੋ ਬਿਮਾਰ ਹਨ ਉਨ੍ਹਾਂ ਦੀ ਮੱਦਦ ਹੋਵੇਗੀ। ਡਾਇਲੇਸਿਜ਼ ਯੂਨਿਟ ਦਾ ਵੀ ਫਾਇਦਾ ਹੋਵੇਗਾ। ਫਰੀਦਕੋਟ ਮੈਡੀਕਲ ਕਾਲਜ ਨੂੰ ਅੱਗੇ ਵਧਾਉਣ ਵਾਸਤੇ ਮੈਡੀਕਲ ਕਾਉਂਸਲ ਦੀ ਸ਼ਰਤ ਦੇ ਮੁਤਾਬਿਕ ਸਰਕਾਰ ਨੇ ਇੱਕ ਕਰੋੜ ਰੁਪਿਆ ਦੇਣਾ ਨਿਸ਼ਚਿਤ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਸ਼ਹਿਰਾਂ ਵਿੱਚ ਇੱਕ ਰਿਵਾਜ ਸੀ ਕਿ ਇੱਕ ਬੰਦਾ ਆਪਣੇ ਸਿਰ ਤੇ ਦੂਜੇ ਦੀ ਗੰਦਗੀ ਚੁੱਕ ਕੇ ਲੈ ਜਾਂਦਾ ਸੀ। ਇਹ ਬੜਾ ਮਾੜਾ ਰਿਵਾਜ ਸੀ। ਇਹ ਕਿਸ ਜ਼ਮਾਨੇ ਤੋਂ ਚਲਿਆ ਆ ਰਿਹਾ ਸੀ, ਉਹ ਮੈਂ ਨਹੀਂ ਕਹਿ ਸਕਦਾ। ਲੋਕਾਂ ਵਿੱਚ ਐਜੂਕੇਸ਼ਨ ਵੱਧੀ ਹੈ, ਬਰਾਬਰੀ ਦਾ ਖਿਆਲ ਆਇਆ ਹੈ ਅਤੇ ਸਦੀਆਂ ਤੋਂ ਪਛੜੇ ਹੋਏ ਲੋਕਾਂ ਨੂੰ ਸਮਾਜ ਵਿੱਚ ਬਰਾਬਰੀ ਦਿਲਾਉਣ ਦਾ ਕਰੈਡਿਟ ਵੀ ਕਾਂਗਰਸ ਦੀ ਇਸ ਸਰਕਾਰ ਨੂੰ ਮਿਲਿਆ। ਸਾਡੀ ਸਰਕਾਰ ਨੇ ਵਾਟਰ ਸਪਲਾਈ ਅਤੇ ਸੀਵਰੇਜ ਦਾ ਇੰਤਜ਼ਾਮ ਕੀਤਾ ਹੈ। ਵਰਲਡ ਬੈਂਕ ਤੋਂ ਪੈਸਾ ਲੈ ਕੇ ਖਾਸ ਤੌਰ ਤੇ ਸੀਵਰੇਜ ਦਾ ਇੰਤਜ਼ਾਮ ਕਰਾਇਆ। ਕਪੂਰ ਸਾਹਿਬ ਨੇ ਖਾਸ ਇੰਟਰੈਸਟ ਲੈ ਕੇ ਡਾਕਟਰ ਸਾਹਿਬ ਕੋਲੋਂ 1 ਕਰੋੜ ਰੁਪਿਆ ਵੀਕਰ ਮਿਉਂਸਪੈਲਿਟੀਆਂ ਨੂੰ ਦਿਵਾਇਆ ਹੈ। ਇਹ ਰੁਪਿਆ ਅਜੇ ਵੀ ਘੱਟ ਹੈ ਕਿਉਂਕਿ ਕਈ ਮਿਉਂਸਿਪਲ ਕਮੇਟੀਆਂ ਦੀ ਆਮਦਨ ਇਤਨੀ ਘੱਟ ਹੈ ਕਿ ਉਹ ਇਨ੍ਹਾਂ ਪੈਸਿਆਂ ਨਾਲ ਵਾਟਰ ਸਪਲਾਈ ਅਤੇ ਸੀਵਰੇਜ ਦਾ ਇੰਤਜ਼ਾਮ ਨਹੀਂ ਕਰ ਸਕਦੀਆਂ। ਤਕਰੀਬਨ 27 ਟਾਊਨ ਐਸੇ ਹਨ ਜਿਥੇ ਇਹ ਇੰਤਜ਼ਾਮ ਚਾਲੂ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਸੈਕੂਲਰਜ਼ਿਮ ਔਰ ਸੋਸ਼ਲਿਜ਼ਮ ਦੇ ਆਧਾਰ ਤੇ ਚਲਦੀ ਹੈ ਔਰ ਸਭ ਨੂੰ ਇਕ ਨਜ਼ਰ ਨਾਲ ਵੇਖਦੀ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਇਸ ਚੀਜ਼ ਨੂੰ ਨਜ਼ਰ ਵਿਚ ਰਖਦੇ ਹੋਏ ਸਾਡੀ ਸਰਕਾਰ ਨੇ 48 ਲੱਖ ਰੁਪਿਆ ਅੰਮ੍ਰਿਤਸਰ ਦੇ ਦੋ ਧਾਰਮਿਕ ਅਸਥਾਨਾਂ ਨੂੰ ਪਾਣੀ ਦੇਣ ਵਾਸਤੇ ਰਖਿਆ ਹੈ। ਇਹ ਅਸਥਾਨ ਹਨ, ਸ੍ਰੀ ਹਰਮਿੰਦਰ ਸਾਹਿਬ ਔਰ ਦੁਰਗਿਆਨਾ ਮੰਦਿਰ। ਇਸ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਇਨ੍ਹਾਂ ਪਵਿੱਤਰ ਅਸਥਾਨਾਂ ਨੂੰ ਸਾਫ਼ ਔਰ ਸਵੱਛ ਪਾਣੀ ਦੇਣ ਬਾਰੇ ਨਹੀਂ ਸੋਚਿਆ ਸੀ। ਇਹ ਪਹਿਲੀ ਸਰਕਾਰ ਹੈ ਜਿਸ ਨੇ ਇਨ੍ਹਾਂ ਤਲਾਬਾਂ ਵਿਚ ਸਵੱਛ ਪਾਣੀ ਦੇਣ ਦਾ ਪ੍ਰਬੰਧ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਡਿਪਟੀ ਸਪੀਕਰ ਸਾਹਿਬ, ਅੱਜ ਜੋ ਅਕਾਲੀ ਪਾਰਟੀ ਦੇ ਮੈਂਬਰਜ਼ ਸਾਹਿਬਾਨ ਇਥੇ ਨਹੀਂ ਬੈਠੇ ਹਨ, ਉਹ ਸ਼ਾਇਦ ਇਸ ਕਰ ਕੇ ਇਥੇ ਨਹੀਂ ਬੈਠੇ ਹਨ ਕਿ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਗਈਆਂ, ਪਰ ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਕਿਸੇ ਨਾਲ ਕੋਈ ਵਿਤਕਰੇ ਵਾਲੀ ਗਲ ਨਹੀਂ ਕਰਦੀ। ਜੇ ਉਨ੍ਹਾਂ ਨੇ ਅੱਜ ਇਥੇ ਬੈਠਾ ਹੋਣਾ ਸੀ ਤਾਂ ਕ੍ਰਿਟੀਸਿਜ਼ਮ ਹੀ ਕਰਨਾ ਸੀ। ਇਹ ਵੀ ਜਿਹੜੇ ਵੀ (ਕਮਿਊਨਿਸਟ ਪਾਰਟੀ ਵਲ ਇਸ਼ਾਰਾ) ਇਥੇ ਬੈਠੇ ਹਨ ਇਹ ਵੀ ਕ੍ਰਿਟੀਸਿਜ਼ਮ ਹੀ ਕਰਦੇ ਹਨ। ਇਨ੍ਹਾਂ ਦਾ ਆਧਾਰ ਇਹ ਹੈ ਕਿ ਕ੍ਰਿਟੀਸਿਜ਼ਮ ਫਾਰ ਦੀ ਸੇਕ ਆਫ਼ ਕ੍ਰਿਟੀਸਿਜ਼ਮ ਹੀ ਕਰਨਾ ਹੈ।

ਸਾਵਨ ਦੇ ਅੰਧੇ ਨੂੰ ਹਰਾ ਹੀ ਹਰਾ ਨਜ਼ਰ ਆਉਂਦਾ ਹੈ। ਜਿਹੜਾ ਬੇਵਫ਼ਾ ਹੈ, ਉਹ ਕਿਸੇ ਦੀ ਵਫ਼ਾ ਦੀ ਕਦਰ ਨਹੀਂ ਕਰ ਸਕਦਾ। ਕਿਤਨੀ ਹੀ ਤਰੱਕੀ ਪੰਜਾਬ ਦੀ ਇਹ ਸਰਕਾਰ ਕਰ ਲਵੇ, ਪਰ ਇਨ੍ਹਾਂ ਨੇ ਤਾਂ ਕ੍ਰਿਟੀਸਿਜ਼ਮ ਹੀ ਕਰਨਾ ਹੈ। ਹਾਲਾਂ ਕਿ ਇਸ ਸਰਕਾਰ ਨੇ ਗਰੀਬ ਲੋਕਾਂ ਦੀ ਭਲਾਈ ਲਈ ਬੜੇ ਕੰਮ ਕੀਤੇ ਹਨ, ਵਿਦਿਆਰਥੀਆਂ ਔਰ ਸ਼ਡਿਊਲਡ ਕਾਸਟਸ ਲਈ ਬੜੀਆਂ ਸਹੂਲਤਾਂ ਦੇਣ ਦਾ ਇੰਤਜ਼ਾਮ ਕੀਤਾ ਹੈ ਪਰ ਇਨ੍ਹਾਂ ਨੇ ਤਾਂ ਨੁਕਤਾ ਚੀਨੀ ਹੀ ਕਰਨੀ ਹੈ।

**ਪ੍ਰੋਫੈਸਰ ਬਲਵੰਤ ਸਿੰਘ :** ਡਿਪਟੀ ਸਪੀਕਰ ਸਾਹਿਬ, ਕੀ ਸਾਡੀ ਸਭਾ ਦਾ ਕੋਰਮ ਹੈ ?

**ਸ੍ਰੀ ਡਿਪਟੀ ਸਪੀਕਰ :** ਤੁਸੀਂ ਬੈਠੋ। ਕੋਰਮ ਪੂਰਾ ਹੈ।

**ਪ੍ਰੋਫੈਸਰ ਦਰਬਾਰੀ ਲਾਲ :** ਸਾਡੀ ਸਰਕਾਰ ਨੇ ਗਰੀਬ ਲੋਕਾਂ ਦੀ ਭਲਾਈ ਲਈ ਉਨ੍ਹਾਂ ਨੂੰ ਯੈਲੋ ਕਾਰਡ ਬਣਾ ਕੇ ਦਿੱਤੇ ਹਨ ਤਾ ਕਿ ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਭਲਾਈ ਕੀਤੀ ਜਾ ਸਕੇ। ਇਥੇ ਮੈਂ ਇਕ ਗਲ ਜ਼ਰੂਰ ਸਰਕਾਰ ਨੂੰ ਸੁਝਾਵ ਦੇ ਰੂਪ ਵਿਚ ਕਹਿਣਾ ਚਾਹੁੰਦਾ ਹਾਂ ਕਿ ਇਸ ਵੇਲੇ ਗਰੀਬ ਲੋਕਾਂ ਵਿਚ ਹਾਊਸਿੰਗ ਦੀ ਬਹੁਤ ਪਰਾਬਲਮ ਹੈ। ਇਸ ਲਈ ਮੇਰਾ ਇਹ ਸੁਝਾਵ ਹੈ ਕਿ ਸਰਕਾਰ ਉਨ੍ਹਾਂ ਇਕੱਲੇ ਇਕੱਲੇ ਨੂੰ ਆਪ ਮਕਾਨ ਬਣਾ ਕੇ ਨਹੀਂ ਦੇ ਸਕਦੀ, ਬਲਕਿ ਉਨ੍ਹਾਂ ਦੀਆਂ ਕੋਆਪਰੇਟਿਵ ਸੁਸਾਇਟੀਆਂ ਬਣਾ ਲਈਆਂ ਜਾਣ ਔਰ ਉਨ੍ਹਾਂ ਕੋਆਪਰੇਟਿਵ ਸੁਸਾਇਟੀਆਂ ਦੇ ਥਰੂ ਉਨ੍ਹਾਂ ਨੂੰ ਮਕਾਨ ਦਿੱਤੇ ਜਾਣ। ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਜਲਦੀ ਜਲਦੀ ਮਕਾਨ ਮਿਲ ਸਕਦੇ ਹਨ ਔਰ ਇਹ ਪਰਾਬਲਮ ਦੂਰ ਹੋ ਸਕਦੀ ਹੈ।

ਡਿਪਟੀ ਸਪੀਕਰ ਸਾਹਿਬ, ਇਕ ਕੰਮ ਹੋਰ ਸਾਡੀ ਸਰਕਾਰ ਨੇ ਬੜਾ ਚੰਗਾ ਕੀਤਾ ਹੈ ਕਿ ਗਰੀਬਾਂ ਨੂੰ ਹਾਊਸ ਟੈਕਸ ਤੋਂ ਮੁਆਫ਼ੀ ਦਿੱਤੀ ਹੈ। ਪਹਿਲੇ ਜਿਹੜਾ ਕੋਈ ਵਿਡੋ ਔਰ ਬੇ-ਸਹਾਰਾ ਆਦਮੀ ਵਾਸਤੇ 2,000 ਰੁਪਏ ਤਕ ਕਿਰਾਏ ਤੇ ਛੋਟ ਸੀ, ਉਹ ਹੁਣ 4,800 ਰੁਪਏ ਕਰ ਦਿੱਤੀ ਹੈ ਤਾਂ ਕਿ ਜਿਸ ਨੂੰ 400 ਰੁਪਏ ਮਹੀਨਾ ਤਕ ਕਿਰਾਇਆ ਆਉਂਦਾ ਹੈ ਉਹ ਗਰੀਬ ਇਸ ਕਿਰਾਏ ਨਾਲ ਗੁਜ਼ਾਰਾ ਕਰ ਸਕੇ। ਇਹ ਸਰਕਾਰ ਨੇ ਬੜਾ ਹੀ ਅੱਛਾ ਕੀਤਾ ਹੈ।

ਸਾਡੀ ਸਰਕਾਰ ਨੇ ਆਕਟਰਾਏ ਵਿਚ ਵੀ ਕਾਫ਼ੀ ਵਾਧਾ ਕੀਤਾ ਹੈ। ਪਹਿਲੇ ਜਿਹੜਾ ਆਕਟ-ਰਾਏ ਵਿਚ ਘਾਟਾ ਪੈਂਦਾ ਸੀ ਉਥੋਂ ਹੁਣ ਪਹਿਲੇ ਨਾਲੋਂ ਦੁਗਨਾ ਪੈਸਾ ਆਉਣ ਲਗ ਗਿਆ ਹੈ। ਸਰਕਾਰ ਨੇ ਐਟ ਸੋਰਸ ਤੇ ਟੈਕਸ ਲਾ ਕੇ ਇਸ ਦੀ ਚੋਰੀ ਨੂੰ ਰੋਕਿਆ ਹੈ। ਅੱਗੇ ਜਿਹੜੀ ਸ਼ਰਾਬ ਦੇ ਟੈਕਸ ਤੇ ਚੋਰੀ ਹੁੰਦੀ ਸੀ, ਉਹ ਹੁਣ ਨਹੀਂ ਹੋ ਸਕਦੀ। ਹੁਣ ਕੋਈ ਟੈਕਸ ਨਹੀਂ ਵਧਿਆ, ਪਰ ਟੈਕਸ ਦੀ ਆਮਦਨ ਵਿਚ ਦੁਗਨਾ ਫਰਕ ਪੈ ਗਿਆ ਹੈ, ਇਸ ਗਲ ਦਾ ਸਾਡੀ ਸਰਕਾਰ ਨੂੰ ਕਰੈਡਿਟ ਜਾਂਦਾ ਹੈ।

Original with:
Punjab Vidhan Sabha
Digitized by:
Panjab Digital Library

ਇਸ ਦੇ ਨਾਲ ਹੀ ਜਿਹੜਾ ਪਹਿਲੇ ਲੋਕਲ ਬਸ ਸਰਵਿਸ ਵਿਚ ਇਨ੍ਹਾਂ ਤਿੰਨ ਕਾਰਪੋਰੇਸ਼ਨਾਂ ਨੂੰ ਘਾਟਾ ਪੈਂਦਾ ਸੀ, ਉਸ ਘਾਟੇ ਨੂੰ ਦੂਰ ਕਰਨ ਵਿਚ ਸਾਡੀ ਸਰਕਾਰ ਨੇ ਬੜੀ ਉਦਾਰਤਾ ਵਿਖਾਈ ਹੈ ਔਰ ਇਨ੍ਹਾਂ ਤਿੰਨੇ ਕਾਰਪੋਰੇਸ਼ਨਾਂ ਨੂੰ ਲੋਕਲ ਬਸ ਸਰਵਿਸ ਦੇ ਰੋਡ ਟੈਕਸ ਔਰ ਪੈਸੰਜਰ ਟੈਕਸ ਵਿਚ 75 % ਦੀ ਐਗਜ਼ੈਂਪਸ਼ਨ ਦੇ ਕੇ ਉਸ ਘਾਟੇ ਨੂੰ ਦੂਰ ਕਰਨ ਦਾ ਇੰਤਜ਼ਾਮ ਕੀਤਾ ਹੈ । ਇਸ ਨਾਲ ਕੋਈ 72 ਲੱਖ ਰੁਪਏ ਦਾ ਰਲੀਫ ਮਿਲਿਆ ਹੈ। ਇਸ ਦੇ ਨਾਲ ਮੈਂ ਇਕ ਸੁਝਾਵ ਸਰਕਾਰ ਨੂੰ ਇਹ ਦੇਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਸ਼ਹਿਰਾਂ ਵਿਚ ਪ੍ਰਾਈਵੇਟ ਓਪਰੇਟਰਾਂ ਨੂੰ ਮਿੰਨੀ ਬਸਾਂ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਜਾਵੇ ਤਾਂ ਇਸ ਨਾਲ ਸਰਕਾਰ ਨੇ ਜਿਹੜਾ ਪੈਸਾ ਲੈਣਾ ਹੈ ਉਹ ਵੀ ਲੈ ਲਵੇ ਔਰ ਲੋਕਲ ਬਸ ਸਰਵਿਸ ਵੀ ਲੋਕਾਂ ਨੂੰ ਮਿਲਦੀ ਰਹੇ । ਮੇਰਾ ਖਿਆਲ ਹੈ ਕਿ ਇਸ ਨਾਲ ਲੋਕਲ ਬਸ ਸਰਵਿਸ ਵਿਚ ਕਾਫੀ ਸੁਧਾਰ ਆਵੇਗਾ ਔਰ ਸਰਕਾਰ ਨੂੰ ਪੈਸਾ ਵੀ ਮਿਲੇਗਾ।

ਸਾਡੀ ਸਰਕਾਰ ਨੇ ਲੋਕਾਂ ਦੀ ਭਲਾਈ ਵਾਸਤੇ ਹੋਰ ਵੀ ਬਹੁਤ ਸਾਰੇ ਕੰਮ ਕੀਤੇ ਹਨ । ਅੰਮ੍ਰਿਤ-ਸਰ ਵਿਚ ਰੀਗੋ ਬ੍ਰਿਜ ਜਿਹੜਾ ਕਿ ਪਿਛਲੇ 15 ਸਾਲ ਤੋਂ ਮੁਰੰਮਤ ਨਾ ਹੋਣ ਕਰ ਕੇ ਬੇਕਾਰ ਸੀ ਸਾਡੀ ਸਰਕਾਰ ਨੇ ਉਸ ਵਾਸਤੇ 80 ਲੱਖ ਰੁਪਿਆ ਰਖਿਆ ਹੈ । ਜਿਸ ਨਾਲ ਇਸ ਦੀ ਇਕ ਲੇਨ 31 ਮਾਰਚ ਤਕ ਪੂਰੀ ਹੋ ਜਾਵੇਗੀ ਔਰ ਦੂਜੀ ਲੇਨ 31 ਜੁਲਾਈ ਤਕ ਪੂਰੀ ਹੋ ਜਾਵੇਗੀ।

ਇਸ ਤੋਂ ਇਲਾਵਾ ਹੁਕਮ ਸਿੰਘ ਹੁਸੈਨਪੁਰ ਵਾਲਾ ਪੁਲ ਬਣਾਉਣ ਵਾਸਤੇ ਵੀ ਸਾਡੀ ਸਰਕਾਰ ਨੇ ਆਪਣਾ ਸ਼ੇਅਰ ਦੇ ਦਿੱਤਾ ਹੈ, ਬਾਕੀ ਇਸ ਵਿਚ ਕੁਝ ਸ਼ੇਅਰ ਸੈਂਟਰ ਨੇ ਦੇਣਾ ਹੈ ਔਰ ਕੁਝ ਸ਼ੇਅਰ ਰੇਲਵੇ ਵਾਲਿਆਂ ਨੇ ਦੇਣਾ ਹੈ । ਇਨ੍ਹਾਂ ਤੋਂ ਵੀ ਸ਼ੇਅਰ ਲਿਆ ਜਾ ਰਿਹਾ ਹੈ। ਇਸ ਤਰ੍ਹਾਂ ਨਾਲ ਇਹ ਪੁਲ ਕੰਪਲੀਟ ਕੀਤਾ ਜਾਵੇਗਾ ਔਰ ਲੋਕਾਂ ਨੂੰ ਕਾਫੀ ਲਾਭ ਹੋਵੇਗਾ । ਇਸ ਤੋਂ ਪਤਾ ਲਗਦਾ ਹੈ ਕਿ ਸਾਡੀ ਸਰਕਾਰ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਲੋਕ ਭਲਾਈ ਦੇ ਕਿੰਨੇ ਕੰਮ ਕਰ ਰਹੀ ਹੈ । ਐਨੀ ਐਕਸਟਰੀਮਿਸਟਸ ਵੱਲੋਂ ਗੜਬੜ ਕਰਨ ਦੇ ਬਾਵਜੂਦ ਵੀ ਔਰ ਸਾਡੇ ਮੁੱਖ ਮੰਤਰੀ ਜੀ ਔਰ ਵਿੱਤ ਮੰਤਰੀ ਸਾਹਿਬ ਪੰਜਾਬ ਦੀ ਡਿਵੈਲਪਮੈਂਟ ਕਰਨ ਲਗੇ ਹੋਏ ਹਨ। ਪੰਜਾਬ ਵਿਚ ਜੋ ਪਿਛਲੇ ਸਮੇਂ ਵਿਚ ਐਕਸਟਰੀਮਿਸਟਸ ਨੇ ਹਾਲਾਤ ਪੈਦਾ ਕੀਤੇ ਹਨ, ਸਾਡੀ ਸਰਕਾਰ ਨੇ ਉਨ੍ਹਾਂ ਦਾ ਮੁਕਾਬਲਾ ਬੜਾ ਦਲੇਰੀ ਨਾਲ ਕੀਤਾ ਹੈ ਹੈ ਔਰ ਪੰਜਾਬ ਦੀ ਡਿਵੈਲਪਮੈਂਟ ਵਿਚ ਰੁਕਾਵਟ ਨਹੀਂ ਆਉਣ ਦਿੱਤੀ (ਥੰਪਿੰਗ) ।

ਇਸ ਤੋਂ ਇਲਾਵਾ ਸਤਲੁਜ ਦਰਿਆ ਤੇ ਅਨੰਦ ਪੁਰ ਸਾਹਿਬ ਵਿਖੇ ਜਿਥੇ ਕਿ ਸਾਡੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਬੈਠ ਕੇ ਲੋਕ ਸੇਵਾ ਵਾਸਤੇ ਕੰਮ ਕੀਤੇ ਸਨ ਉਥੇ ਇਕ ਪੁਲ ਬਣਾਉਣ ਵਾਸਤੇ ਸਾਡੀ ਸਰਕਾਰ ਨੇ 3.50 ਕਰੋੜ ਰੁਪਿਆ ਰਖਿਆ ਹੈ । ਇਸ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਲੋਕਾਂ ਦਾ ਬੜਾ ਭਲਾ ਹੋਣਾ ਹੈ। ਇਹ ਕੰਮ ਹੁਣ ਤਕ ਕੋਈ ਸਰਕਾਰ ਨਹੀਂ ਕਰ ਸਕੀ, ਚਾਹੇ ਇਨ੍ਹਾਂ ਦੀ ਆਪਣੀ ਸਰਕਾਰ ਰਹੀ, ਜਿਹੜਾ ਕਿ ਸਾਡੇ ਸਰਦਾਰ ਦਰਬਾਰਾ ਸਿੰਘ ਨੇ ਕਰ ਕੇ ਵਿਖਾਇਆ ਹੈ। ਇਸ ਸਾਰੀ ਡਿਵੈਲਪਮੈਂਟ ਦਾ ਕਰੈਡਿਟ ਇਸ ਸਰਕਾਰ ਨੂੰ ਹੀ ਜਾਂਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਜਿਹੜੇ ਸ਼ਡਿਊਲਡ ਕਾਸਟਸ ਔਰ ਬਿਲੋ ਪਾਵਰਟੀ ਦੇ ਲੋਕ ਹਨ, ਉਨ੍ਹਾਂ ਦੀ ਮਦਦ ਵਾਸਤੇ 4.9 ਲੱਖ ਰੁਪਿਆ ਰਖਿਆ ਹੈ ਤਾ ਕਿ ਉਨ੍ਹਾਂ ਨੂੰ ਉਪਰ ਚੁਕਿਆ ਜਾਵੇ । ਪਿਛਲੇ ਸਾਲ ਵੀ ਸਾਡੀ ਸਰਕਾਰ ਨੇ ਉਨ੍ਹਾਂ ਲੋਕਾਂ ਦੀ ਮਦਦ ਵਾਸਤੇ 30 ਕਰੋੜ ਰੁਪਏ ਦਾ ਇੰਤਜ਼ਾਮ ਕਰਕੇ ਉਨ੍ਹਾਂ ਲੋਕਾਂ ਨੂੰ ਦਿੱਤਾ ਸੀ। ਮੈਨੂੰ ਇਹ ਕਹਿੰਦੇ ਹੋਏ ਬੜੀ ਖੁਸ਼ੀ ਹੈ ਕਿ ਤਕਰੀਬਨ ਅੱਠ ਦਿਨ ਪਹਿਲਾਂ ਮੈਂ ਆਪ 250 ਆਦਮੀਆਂ ਨੂੰ ਇਸ ਸਕੀਮ ਦੇ ਅੰਦਰ ਲੋਨ ਲੈ ਕੇ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਇਹ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹੈ, ਜਿਸ ਨੇ ਇਨ੍ਹਾਂ ਲੋਕਾਂ ਨੂੰ ਉਪਰ ਚੁਕਿਆ ਹੈ। (ਥੰਪਿੰਗ) । ਇਸ ਤੋਂ ਇਲਾਵਾ ਜਿਹੜੇ ਬੈਕਵਰਡ ਕਲਾਸ ਦੇ ਲੋਕ ਹਨ, ਉਨ੍ਹਾਂ ਨੂੰ ਵੀ ਉਪਰ ਚੁਕਣ ਵਾਸਤੇ ਪਿਛਲੇ ਸਾਲ ਜਿਹੜਾ 5 ਕਰੋੜ ਰੁਪਿਆ ਰਖਿਆ ਸੀ, ਉਹ ਹੁਣ ਵਧਾ ਕੇ ਦੁਗਨਾ ਕਰ ਦਿੱਤਾ ਹੈ ਤਾ ਕਿ ਉਹ ਲੋਕ ਆਪਣੇ ਪੈਰਾਂ ਤੇ ਖੜੇ ਹੋ ਸਕਣ । ਅਤੇ ਉਹ ਲੋਕ ਆਜ਼ਾਦ ਮੁਲਕ ਵਿਚ ਚੰਗੀ ਜ਼ਿੰਦਗੀ ਬੈਤੀਤ ਕਰ ਸਕਣ । ਇਸ ਤੋਂ ਇਲਾਵਾ, ਸ਼ਡਿਊਲਡ ਕਾਸਟਸ ਵਿਦਿਆਰਥੀਆਂ ਲਈ ਪਿਛਲੇ ਸਾਲ 112.20 ਲੱਖ ਰੁਪਿਆ ਰਖਿਆ ਸੀ ਔਰ ਇਸ ਸਾਲ ਇਹ ਵਧਾ ਕੇ 137.50 ਲੱਖ ਰੁਪਿਆ ਕਰ ਦਿੱਤਾ ਹੈ । ਤਾ ਕਿ ਉਨ੍ਹਾਂ ਦੀ ਮਦਦ ਹੋ ਸਕੇ ਅਤੇ ਚੰਗੀ ਸਿਖਿਆ ਪ੍ਰਾਪਤ ਕਰ ਸਕਣ । ਹਰੀਜਨ ਬਸਤੀ ਸੁਧਾਰ ਅਤੇ ਪਿੰਡਾਂ ਵਿਚ ਗਲੀਆਂ, ਨਾਲੀਆਂ ਪੱਕੀਆਂ ਕਰਨ ਵਿਚ ਇਸ ਸਰਕਾਰ ਨੇ ਰੈਵੋਲਿਊਸ਼ਨਰੀ ਕਦਮ ਉਠਾਇਆ ਹੈ ਔਰ ਇਸ ਪਾਸੇ ਪਹਿਲੇ ਕਿਸੇ ਸਰਕਾਰ ਨੇ ਕਦਮ ਨਹੀਂ ਉਠਾਏ ਸਨ। ਪਿਛਲੇ ਸਾਲ ਇਸ ਕੰਮ ਵਾਸਤੇ ਸਰਕਾਰ ਨੇ 15 ਕਰੋੜ ਰੁਪਿਆ ਰਖਿਆ ਸੀ, ਜਦ ਕਿ ਇਸ ਸਾਲ ਵਧਾ ਕੇ 49 ਕਰੋੜ ਰੁਪਿਆ ਕਰ ਦਿਤਾ ਹੈ, ਇਹ ਤਕਰੀਬਨ ਤਿਨ ਗੁਣਾ ਕਰ ਦਿਤਾ ਹੈ। ਇਥੋਂ ਪਤਾ ਲਗਦਾ ਹੈ ਕਿ ਸਰਕਾਰ ਪਿੰਡਾਂ ਦੇ ਵਿਕਾਸ ਲਈ ਕਿੰਨੇ ਅਛੇ ਕਦਮ ਚੁਕ ਰਹੀ ਹੈ । ਔਰ ਇਨਸੈਨੇਟਰੀ ਦੀ ਕੰਡੀਸ਼ਨ ਨੂੰ ਇੰਪਰੂਵ ਕਰ ਰਹੀ ਹੈ ਅਤੇ ਇਸ ਦੇ ਨਾਲ ਫਾਈਨਾਂਸ਼ਿਅਲ ਅਸਿਸਟੈਂਸ ਦੇਣ ਵਿਚ ਵੀ ਸਰਕਾਰ ਮਦਦ ਦੇ ਰਹੀ ਹੈ । ਪਹਿਲੇ ਇਕ ਬੜੀ ਅਜੀਬ ਗੱਲ ਸੀ ਕਿ ਜਿਸ ਦੀ ਆਮਦਨੀ 15 ਰੁਪਏ ਹੁੰਦੀ ਸੀ, ਉਸ ਨੂੰ ਪੈਨਸ਼ਨ ਨਹੀਂ ਮਿਲਦੀ ਸੀ ਪਰ ਸਾਡੇ ਐਫ. ਐਮ. ਸਾਹਿਬ ਨੇ ਬੜੀ ਸੂਝ ਬੂਝ ਤੋਂ ਕੰਮ ਲੈ ਕੇ ਇਹ ਰਕਮ ਆਮਦਨੀ ਦੀ 15 ਤੋਂ 50 ਰੁਪਏ ਕਰ ਦਿਤੀ ਹੈ ਅਤੇ ਵਿਡੋ, ਬੁਢਾਪਾ, ਡਿਸਏਬਲਡ ਪਰਸਨਜ਼ ਨੂੰ ਪੈਨਸ਼ਨਾਂ ਦੇਣ ਦਾ ਫੈਸਲਾ ਕੀਤਾ ਹੈ ਔਰ ਇਸ ਸਾਲ ਸਰਕਾਰ ਨੇ ਰਕਮ ਨੂੰ ਵਧਾਇਆ ਹੈ । ਪਿਛਲੇ 35 ਸਾਲਾਂ ਤੋਂ ਪਹਿਲੀ ਵਾਰ ਇਸ ਸਰਕਾਰ ਨੇ ਹੋਮ ਫਾਰ ਵਿਡੋ ਬਨਾਉਣ ਦਾ ਫੈਸਲਾ ਕੀਤਾ ਹੈ ਜਿਹੜਾ ਰਾਜਪੁਰੇ ਵਿਖੇ ਹੋਵੇਗਾ ਅਤੇ 3 ਰਿਹੈਬਲੀਟੇਸ਼ਨ ਸੈਂਟਰ ਖੋਲ੍ਹਣ ਦਾ ਫੈਸਲਾ ਕੀਤਾ ਹੈ ਜਿਥੇ ਡਿਸਏਬਲਡ ਲੋਕਾਂ ਨੂੰ ਟਰੇਨਿੰਗ ਦਿਤੀ ਜਾਵੇਗੀ ਔਰ ਕਮਾਈ ਕਰਨ ਦੇ ਸਾਧਨ ਪ੍ਰਾਪਤ ਕਰ ਸਕਣਗੇ ਅਤੇ ਨੌਕਰੀਆਂ ਜਾਂ ਆਪਣਾ ਕੋਈ ਧੰਧਾ ਕਰ ਸਕਣਗੇ । ਸਾਰੇ ਪੰਜਾਬ ਵਿਚ ਤਾਂ ਕੀ ਸਾਰੇ ਹਿੰਦੁਸਤਾਨ ਵਿਚ ਅਨਇੰਪਲਾਇਮੰਟ ਵਧੀ ਹੈ ਕਿਉਂਕਿ ਇਕਨੌਮੀਕਲ ਸਰਵੇ ਤੋਂ ਪਤਾ ਲਗਾ ਹੈ ਕਿ ਪਹਿਲੇ 4.42 % ਤੋਂ ਇਹ ਵੱਧ ਕਿ 4.86% ਹੋ ਗਈ ਸੀ ਔਰ 31 ਦਸੰਬਰ, 1981 ਤਕ ਇਹ 5.08% ਤਕ ਪਹੁੰਚ ਗਈ ਹੈ ।

ਇਸ ਅਨਇੰਪਲਾਇਮੈਂਟ ਵਿਚ ਜੇ. ਬੀ. ਟੀ., ਬੀ. ਐਡ., ਐਮ. ਏ. ਲਾਅ. ਗਰੈਜੂਏਟਸ., ਆਈ. ਟੀ. ਆਈ. ਤੋਂ ਪ੍ਰਾਪਤ ਕੀਤੀਆਂ ਹੋਈਆਂ ਟਰੇਨਿੰਗਾਂ ਵਾਲੇ ਵੀ ਕਾਫੀ ਬੇਰੁਜ਼ਗਾਰ ਹਨ। ਇਸ ਨੂੰ ਦੂਰ ਕਰਨ ਲਈ ਸਰਕਾਰ ਨੂੰ ਨਵੀਂਆਂ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ, ਤਾ ਕਿ ਉਹ ਨੌਕਰੀ ਪ੍ਰਾਪਤ ਕਰ ਸਕਣ ਅਤੇ ਆਪਣੇ ਕਾਰੋਬਾਰ ਤੇ ਲਗ ਸਕਣ । ਯੈਲੋ ਕਾਰਡ ਵਾਲੇ ਮੁੰਡਿਆਂ ਨੂੰ ਜਿਨ੍ਹਾਂ ਨੇ ਬੀ. ਏ. ਪਾਸ ਕੀਤੀ ਹੋਈ ਹੈ, ਉਸ ਨੂੰ 100 ਰੁਪਿਆ ਅਤੇ ਮੈਟ੍ਰਿਕੂਲੇਟਸ ਨੂੰ 80 ਰੁਪਏ ਦਿਤੇ ਜਾਂਦੇ ਹਨ, ਪਰ ਯੈਲੋ ਕਾਰਡ ਤੋਂ ਇਲਾਵਾ ਵੀ ਸਮਾਜ ਵਿਚ ਬਹੁਤ ਸਾਰੇ ਐਸੇ ਗਰੀਬ ਲੋਕ ਰਹਿੰਦੇ ਹਨ ਜਿਨ੍ਹਾਂ ਨੂੰ ਯੈਲੋ ਕਾਰਡ ਨਹੀਂ ਮਿਲਿਆ ਹੋਇਆ ਉਨ੍ਹਾਂ ਨੂੰ ਵੀ ਇਹ ਅਲਾਉਂਸ ਮਿਲਣਾ ਚਾਹੀਦਾ ਹੈ। ਇਨ੍ਹਾਂ ਐਨਇੰਪਲਾਇਡ ਰਾਹੀਂ ਸਰਕਾਰ ਟੀਚ ਵਨ ਈਚ ਵਨ ਵਾਲਾ ਨਾਅਰਾ ਪੂਰਾ ਕਰ ਸਕਦੀ ਹੈ ਔਰ ਅਨ-ਪੜ੍ਹਤਾ ਨੂੰ ਦੂਰ ਕਰ ਸਕਦੀ ਹੈ ਤਾ ਕਿ ਉਹ ਲੋਕ ਅਖਬਾਰ ਅਤੇ ਇਟਰਨੈਸ਼ਨਲ ਖਬਰਾਂ ਪੜ੍ਹ ਸਕਣ ਅਤੇ ਸਮਝ ਸਕਣ । ਇਸ ਤੋਂ ਇਲਾਵਾ ਸਰਕਾਰੀ ਮੁਲਾਜ਼ਮਾਂ ਦੀਆਂ ਜਿਹੜੀਆਂ ਐਨਾਮਲੀਜ਼ ਪਿਛਲੇ ਕਈ ਸਾਲਾਂ ਤੋਂ ਲਟਕ ਰਹੀਆਂ ਸਨ, ਉਨ੍ਹਾਂ ਵਿਚੋਂ 93% ਐਨਾਮਲੀਜ਼ ਸਰਕਾਰ

Original with;
Punjab Vidhan Sabha
Digitized by;
Panjab Digital Library

ਨੇ ਦੂਰ ਕਰ ਦਿਤੀਆਂ ਹਨ ਜਿਸ ਦਾ ਕਰੈਡਿਟ ਇਸ ਸਰਕਾਰ ਨੂੰ ਜਾਂਦਾ ਹੈ । ਇਨ੍ਹਾਂ ਨੂੰ ਪਹਿਲੇ ਪੈਨਸ਼ਨ 30,000 ਰੁਪਿਆ ਰਿਟਾਇਰਮੈਂਟ ਤੋਂ ਬਾਦ ਮਿਲਦੀ ਸੀ, ਜਿਸ ਨੂੰ ਵਧਾ ਕੇ 36,000 ਰੁਪਿਆ ਕਰ ਦਿੱਤਾ ਗਿਆ ਹੈ ਔਰ ਸਿਟੀ ਕੰਪਨਸੇਟਰੀ ਅਲਾਉਂਸ 10% ਮੁਲਾਜ਼ਮਾਂ ਨੂੰ ਦਿੱਤਾ ਹੈ। ਮੈਂ ਪਹਿਲੇ ਵੀ ਅਰਜ਼ ਕੀਤੀ ਸੀ ਅਤੇ ਹੁਣ ਫੇਰ ਕਰਦਾ ਹਾਂ ਕਿ ਅੰਮ੍ਰਿਤਸਰ ਇਕ ਬਾਰਡਰ ਜ਼ਿਲ੍ਹਾ ਹੈ ਔਰ ਮਿਉਂਸਿਪਲ ਕਾਰਪੋਰੇਸ਼ਨ ਦੀ ਹਦੂਦ ਸਾਰੇ ਬਾਰਡਰ ਨੂੰ ਲਗਦੀ ਹੈ, ਇਸ ਕਰ ਕੇ ਮੁਲਾਜ਼ਮਾਂ ਦੀ ਉਥੇ ਮੰਗ ਹੈ ਕਿ ਉਨ੍ਹਾਂ ਨੂੰ ਬਾਰਡਰ ਏਰੀਆ ਕੰਪਨਸੇਟਰੀ ਅਲਾਉਂਸ ਮਿਲਣਾ ਚਾਹੀਦਾ ਹੈ ਔਰ ਇਸ ਸਬੰਧ ਵਿਚ ਡੀ. ਸੀ. ਨੇ ਸਰਕਾਰ ਨੂੰ ਲਿਖ ਕੇ ਭੇਜਿਆ ਹੋਇਆ ਹੈ । ਇਸ ਮੰਗ ਨੂੰ ਮੰਨ ਲੈਣਾ ਚਾਹੀਦਾ ਹੈ । ਇਸੇ ਤਰ੍ਹਾਂ ਡਾਕਟਰਾਂ ਦੇ ਕਾਰ ਅਤੇ ਸਕੂਟਰ ਅਲਾਉਂਸ ਨੂੰ ਵਧਾ ਦਿੱਤਾ ਹੈ। ਇਹ ਕਾਰ ਵਾਸਤੇ 150 ਰੁਪਏ ਅਤੇ ਸਕੂਟਰ ਵਾਸਤੇ 60 ਰੁਪਏ ਕਰ ਦਿੱਤੇ ਹਨ ਔਰ ਨਾਨ-ਪ੍ਰੈਕਟਿਸ ਅਲਾਉਂਸ ਲਈ 37.70 ਲੱਖ ਰੁਪਿਆ ਰਖਿਆ ਗਿਆ ਹੈ । ਸੇਲਜ਼ ਟੈਕਸ ਵਿਚ ਸਾਡੇ ਵਪਾਰੀਆਂ ਨੂੰ ਬਹੁਤ ਮੁਸ਼ਕਿਲਾਂ ਆਉਂਦੀਆਂ ਸਨ ਅਤੇ ਪਹਿਲੇ ਉਨ੍ਹਾਂ ਦੇ 9 ਸਟੈਪਸ ਸਨ, ਜਿਸ ਨੂੰ 5 ਸਟੈਪਸ ਕਰ ਦਿਤਾ ਹੈ । ਇਹ ਇਸ ਕਰਕੇ ਘਟਾ ਦਿਤੇ ਹਨ ਤਾਂ ਕਿ ਜਿਹੜੀਆਂ ਵਪਾਰੀਆਂ ਨੂੰ ਸੇਲਜ਼ ਟੈਕਸ ਵਿਚ ਪ੍ਰਾਬਲਮਜ਼ ਆਉਂਦੀਆਂ ਸਨ ਉਨ੍ਹਾਂ ਨੂੰ ਦੂਰ ਕੀਤਾ ਜਾ ਸਕੇ ਅਤੇ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ । ਇਸ ਤੋਂ ਇਲਾਵਾ ਨਾਨ-ਪਲਾਨ ਐਕਸਪੈਂਡੀਚਰ ਤੇ ਸਾਡੀ ਸਰਕਾਰ ਨੇ ਪ੍ਰਧਾਨ ਮੰਤਰੀ ਦੀ ਡਾਇਰੈਕਸ਼ਨ ਤੇ ਅਮਲ ਕੀਤਾ ਹੈ ਅਤੇ ਇਸ ਵਿਚ 5% ਕੱਟ ਲਗਾਈ ਹੈ ਔਰ ਇਹ 5% ਕੱਟ ਬਜਟ ਦਾ 20 ਕਰੋੜ ਰੁਪਿਆ ਦੂਜੇ ਡਿਵੈਲਪਮੈਂਟਲ ਕੰਮਾਂ ਤੇ ਖਰਚ ਹੋ ਸਕੇਗਾ । ਔਰ ਜਿਹੜੇ ਲੂਪਹੋਲਜ਼ ਸਨ ਉਨ੍ਹਾਂ ਨੂੰ ਸਰਕਾਰ ਨੇ ਪਲੱਗ ਕੀਤਾ ਹੈ ਔਰ ਪਲੱਗ ਕਰਨ ਲਈ ਸਰਕਾਰ ਨੇ ਪੈਸੰਜਰ ਟੈਕਸ, ਗੁਡਜ਼ ਟੈਕਸ ਵਿਚ ਤਰਮੀਮ ਕਰਨ ਦਾ ਫੈਸਲਾ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਦਾ ਜਿਨ੍ਹਾਂ ਨੇ ਇਕ ਬਹੁਤ ਅੱਛਾ ਬਜਟ ਇਥੇ ਪੇਸ਼ ਕੀਤਾ ਹੈ, ਉਨ੍ਹਾਂ ਨੂੰ ਮੈਂ ਦੁਬਾਰਾ ਵਧਾਈ ਦਿੰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ)** : ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਜਿਹੜਾ ਬਜਟ ਇਥੇ ਪੇਸ਼ ਕੀਤਾ ਹੈ ਉਸ ਦੀ ਤਾਰੀਫ ਸਰਕਾਰੀ ਬੈਂਚਾਂ ਵਲੋਂ ਕਾਫੀ ਆ ਰਹੀ ਹੈ ਅਤੇ ਪ੍ਰਸ਼ੰਸਾ ਕਰਨਾ ਉਨ੍ਹਾਂ ਦਾ ਧਰਮ ਬਣ ਗਿਆ ਹੈ । ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਬਜਟ ਆਉਣ ਤੋਂ ਪਹਿਲੇ ਹੀ ਮਾਰਕਿਟ ਫੀਸ 20 ਕਰੋੜ ਰੁਪਏ ਦੀ ਲਗਾ ਦਿੱਤੀ ਸੀ, ਜਿਹੜੀ ਅਸੂਲੀ ਤੌਰ ਤੇ ਠੀਕ ਨਹੀਂ ਹੈ ਕਿਉਂਕਿ ਜਦ ਸੈਸ਼ਨ ਆ ਰਿਹਾ ਸੀ ਤਾਂ ਇਹ ਟੈਕਸ ਬਿਲ ਰਾਹੀਂ ਪਾਸ ਹਾਊਸ ਤੋਂ ਕਰਵਾ ਸਕਦੇ ਸਨ ਔਰ ਜੈਨੂਅਨਨੈਸ ਦਾ ਵੀ ਪਤਾ ਲਗ ਜਾਂਦਾ । ਪਰ ਇਨ੍ਹਾਂ ਨੇ ਗਵਰਨਰ ਸਾਹਿਬ ਤੋਂ ਮਨਜ਼ੂਰ ਕਰਵਾ ਲਿਆ ਔਰ ਲੈਜਿਸਲੇਟਰ ਦੇ ਰਾਈਟ ਨੂੰ ਕਰਬ ਕੀਤਾ ਹੈ । ਇਸ ਤੋਂ ਇਲਾਵਾ ਪਾਵਰ ਤੇ 100 ਕਰੋੜ ਰੁਪਏ ਦਾ ਟੈਕਸ ਬਜਟ ਤੋਂ ਪਹਿਲੇ ਹੀ ਲਗਾ ਦਿੱਤਾ ਸੀ ਔਰ ਇਹ ਬਜਟ ਇਨ੍ਹਾਂ ਨੇ ਬਿਨਾਂ ਟੈਕਸ ਤੋਂ ਬਜਟ ਪੇਸ਼ ਕਰ ਦਿੱਤਾ ਹੈ । ਇਸ ਵਿਚ ਹੈਰਾਨਗੀ ਵਾਲੀ ਕੋਈ ਗੱਲ ਨਹੀਂ ਹੈ ਅਤੇ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਸਰਕਾਰ ਅਗੇ ਤੋਂ ਟੈਕਸ ਨਹੀਂ ਲਗਾਏਗੀ ਔਰ ਜਿਹੜਾ 50 ਕਰੋੜ ਰੁਪਏ ਦਾ ਗੈਪ ਹੈ, ਉਸ ਨੂੰ ਕਿਸ ਤਰ੍ਹਾਂ ਪੂਰਾ ਕਰਨਾ ਹੈ। ਇਹ ਛੱਡ ਦਿੱਤਾ ਹੈ ਔਰ ਸਰਕਾਰ ਨੇ ਲੋਕਾਂ ਤੇ ਹਾਲੇ ਹੋਰ ਟੈਕਸ ਬਜਟ ਸੈਸ਼ਨ ਤੋਂ ਬਾਦ ਲਗਾਉਣੇ ਹਨ ਜਾਂ ਫੇਰ ਸਰਕਾਰ ਇਸ ਗੱਲ ਦੀ ਗੰਰਟੀ ਦੇਵੇ ਕਿ The bulk of marginal poor peasants could have been spared from the heavy load of taxes. ਡਿਪਟੀ ਸਪੀਕਰ ਸਾਹਿਬ, ਟੈਕਸ ਲਗਾਉਣ ਦਾ ਤਰੀਕਾ ਚੇਂਜ ਹੋਣਾ ਚਾਹੀਦਾ ਹੈ । ਗ੍ਰੇਡਿਡ ਤਰੀਕੇ ਨਾਲ ਟੈਕਸ ਲਗਾਉਣਾ ਚਾਹੀਦਾ ਹੈ । ਡਿਪਟੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਸਪੀਕਰ ਸਾਹਿਬ, ਜਿਤਨਾ ਜ਼ਿਆਦਾ ਅਮੀਰ ਹੋਵੇ ਉਸ ਤੇ ਜ਼ਿਆਦਾ ਟੈਕਸ ਲਗਾਉਣਾ ਚਾਹੀਦਾ ਹੈ ਅਤੇ ਜਿਤਨਾ ਜ਼ਿਆਦਾ ਗਰੀਬ ਆਦਮੀ ਹੋਵੇ, ਉਸ ਨੂੰ ਰਾਹਤ ਦੇਣੀ ਚਾਹੀਦੀ ਹੈ। ਇਹ ਫੰਡਾ-ਮੈਂਟਲ ਚੇਂਜ ਸਰਕਾਰ ਨੂੰ ਕਰਨੀ ਚਾਹੀਦੀ ਹੈ। ਵਰਕਿੰਗ ਕਲਾਸ ਬਾਰੇ ਇਸ ਬਜਟ ਵਿਚ ਬਹੁਤੀਆਂ ਸਹੂਲਤਾਂ ਨਜ਼ਰ ਨਹੀਂ ਆਉਂਦੀਆਂ। ਡਿਪਟੀ ਸਪੀਕਰ ਸਾਹਿਬ, ਇਕ ਰੁਪਏ ਦੀ ਕੀਮਤ 20 ਪੈਸੇ ਰਹਿ ਗਈ ਹੈ। 14 ਕਰੋੜ ਰੁਪਏ ਦਾ ਪਹਿਲਾਂ ਘਾਟਾ ਸੀ ਅਤੇ 36 ਕਰੋੜ ਰੁਪਏ ਦਾ ਇਸ ਸਾਲ ਦਾ ਘਾਟਾ ਹੈ। ਇਸ ਤਰ੍ਹਾਂ ਇਸ ਸਾਲ 50 ਕਰੋੜ ਰੁਪਏ ਦਾ ਘਾਟਾ ਹੋ ਗਿਆ। ਡਿਪਟੀ ਸਪੀਕਰ ਸਾਹਿਬ, ਸੈਂਟਰਲ ਸਰਕਾਰ ਵੀ ਡੈਫੀਸਿਟ ਬਜਟ ਸ਼ੋਅ ਕਰਦੀ ਹੈ। ਸੈਂਟਰਲ ਸਰਕਾਰ ਕੋਲ ਇਕ ਸੋਰਸ ਦੀ ਪਾਵਰ ਹੈ। ਜਿਤਨਾ ਵੀ ਘਾਟਾ ਹੁੰਦਾ ਹੈ, ਉਸ ਦੇ ਮੁਤਾਬਿਕ ਸੈਂਟਰਲ ਸਰਕਾਰ ਨਵੇਂ ਨੋਟ ਛਪਵਾ ਲੈਂਦੀ ਹੈ ਅਤੇ ਘਾਟਾ ਪੂਰਾ ਕਰ ਲਿਆ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ ਸਾਡੀ ਸਟੇਟ ਦੀ ਕੰਪਾਉਂਡ ਗਰੋਥ ਰੇਟ 5.45% ਹੈ ਔਰ ਐਨੁਅਲ ਗਰੋਥ ਰੇਟ 5.52% ਹੈ। ਮਿਜਰ ਇਨਕਮ ਸਾਡੀ ਐਗਰੀਕਲਚਰ ਵਿਚੋਂ ਹੁੰਦੀ ਹੈ। ਫਾਰਮਰਜ਼ ਨੂੰ ਅੰਨ ਦਾਤਾ ਕਿਹਾ ਜਾਂਦਾ ਹੈ। ਦੇਸ਼ ਦੀ ਰਖਿਆ ਲਈ ਸਿਪਾਹੀ ਵੀ ਇਸ ਸਟੇਟ ਵਿਚੋਂ ਸਭ ਤੋਂ ਜ਼ਿਆਦਾ ਜਾਂਦੇ ਹਨ। ਸੈਂਟਰਲ ਪੂਲ ਵਿਚ ਵੀ ਸਭ ਤੋਂ ਵੱਧ ਹਿਸਾ ਪੰਜਾਬ ਦਾ ਹੈ। ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਰਾਹਤ ਦੇਵੇ। ਲੇਕਿਨ ਡਿਪਟੀ ਸਪੀਕਰ ਸਾਹਿਬ, ਬੜਾ ਅਫਸੋਸ ਹੈ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਸਟੈਪ ਮਦਰਲੀ ਵਾਲਾ ਟਰੀਟਮੈਂਟ ਕਰਦੀ ਹੈ। ਕਿਸਾਨਾਂ ਨੂੰ ਵਾਜਬ ਭਾਅ ਮਿਲਣੇ ਚਾਹੀਦੇ ਹਨ ਅਤੇ ਪਰਚਾਰ ਵੀ ਬਹੁਤ ਹੁੰਦਾ ਹੈ ਕਿ ਵਾਜਬ ਭਾਅ ਦਿਤੇ ਜਾਂਦੇ ਹਨ। ਨਰਮਾ 360 ਅਤੇ 370 ਰੁਪਏ ਕੁਇੰਟਲ ਵਿਕਦਾ ਰਿਹਾ ਹੈ। ਸਾਡੀ ਸਰਕਾਰ ਭਾਅ ਉਸ ਵੇਲੇ ਫਿਕਸ ਕਰਦੀ ਹੈ ਜਦੋਂ ਕਿ ਗਰੀਬ ਆਦਮੀ ਦੀ ਪੈਦਾਵਾਰ 50% ਤੋਂ ਵੱਧ ਵਿਕ ਚੁੱਕੀ ਹੁੰਦੀ ਹੈ। ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸ਼ੁਰੂ ਵਿਚ ਹੀ ਭਾਅ ਫਿਕਸ ਹੋਣਾ ਚਾਹੀਦਾ ਹੈ ਤਾਂ ਕਿ ਮਾਰਜਨਲ ਅਤੇ ਗਰੀਬ ਕਿਸਾਨਾਂ ਦਾ ਫਾਇਦਾ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਇਹ ਹੈਰਾਨੀ ਵਾਲੀ ਗੱਲ ਹੈ ਕਿ ਇਲੈਕਟ੍ਰੀਸਿਟੀ ਬੋਰਡ ਵਲੋਂ ਕੁਨੈਕਸ਼ਨ ਦੇਣ ਲਈ ਜੇਕਰ ਕੋਈ 10,000 ਰੁਪਿਆ ਜਮ੍ਹਾਂ ਕਰਵਾਏ ਤਾਂ ਟਾਪ ਪਰਾਇਰਟੀ ਦਿਤੀ ਜਾਂਦੀ ਹੈ। ਕੈਟੇਗਰੀਜ਼ ਵਖਰੀਆਂ ਵਖਰੀਆਂ ਹਨ। ਪੁਰਾਣੀਆਂ ਵੀ ਅਰਜ਼ੀਆਂ ਬਹੁਤ ਪਈਆਂ ਹਨ ਅਤੇ ਨਵੀਆਂ ਵੀ ਅਰਜ਼ੀਆਂ ਬਹੁਤ ਪਈਆਂ ਹਨ। ਟਾਈਮ ਐਕਸਟੈਂਡ ਕਰ ਕੇ ਧੜਾ ਧੜ ਕਿਸਾਨਾਂ ਕੋਲੋਂ ਰੁਪਿਆ ਲੈ ਕੇ ਸਰਕਾਰ ਜਮ੍ਹਾਂ ਕਰੀ ਜਾਂਦੀ ਹੈ, ਪਰ ਕੁਨੈਕਸ਼ਨ ਕਿਸੇ ਨੂੰ ਨਹੀਂ ਮਿਲਦਾ। ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਵੀ ਕਿਹਾ ਹੈ ਕਿ ਹਾਲੀ ਤਕ ਕੁਨੈਕਸ਼ਨ ਕਿਸੇ ਨੂੰ ਨਹੀਂ ਮਿਲਿਆ। ਜਿਹੜੇ ਸ਼ੰਟ ਕਪੈਸੀਟਰ ਕਿਸਾਨਾਂ ਨੂੰ ਆਪਣੇ ਕੋਲੋਂ ਲਗਵਾਉਣੇ ਪੈਂਦੇ ਹਨ ਅਤੇ ਉਹ ਸ਼ੰਟ ਕਪੈਸੀਟਰ ਖਰੀਦਣੇ ਵੀ ਮਾਲੇਰਕੋਟਲਾ ਕੋਲੋਂ ਹੁੰਦੇ ਸੀ। ਉਹ ਸ਼ੰਟ ਕਪੈਸੀਟਰ ਸਰਕਾਰ ਨੂੰ ਆਪਣੇ ਖਰਚੇ ਤੇ ਖਰੀਦ ਕੇ ਕਿਸਾਨਾਂ ਨੂੰ ਦੇਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਜਿਹੜੀ ਬਿਜਲੀ ਦੀ ਸਿਕਿਉਰਿਟੀ ਦੀ ਰਕਮ ਵਧਾਈ ਗਈ ਹੈ, ਉਹ ਵੀ ਸਰਕਾਰ ਨੂੰ ਵਾਪਿਸ ਲੈਣੀ ਚਾਹੀਦੀ ਹੈ। ਜਿਹੜਾ ਇਕ ਰੁਪਿਆ ਮਾਰਕਿਟ ਫੀਸ ਦਾ ਵਾਧਾ ਕੀਤਾ ਗਿਆ ਹੈ, ਉਹ ਵੀ ਸਰਕਾਰ ਨੂੰ ਸੋਚ ਸਮਝ ਕੇ ਵਾਪਿਸ ਲੈਣਾ ਚਾਹੀਦਾ ਹੈ। ਸਾਡੇ ਸੈਂਟਰ ਦੇ ਰੇਲਵੇ ਮੰਤਰੀ ਸਾਹਿਬ ਨੇ ਵੀ ਕੁਝ ਰਿਆਇਤ ਦਿਤੀ ਹੈ। ਪੈਸੰਜਰਜ਼ ਤੇ ਜਿਹੜਾ ਬੋਝ ਪਾਇਆ ਗਿਆ ਸੀ, ਉਹ ਵਾਪਿਸ ਲਿਆ ਗਿਆ ਹੈ। ਇਸੇ ਤਰ੍ਹਾਂ ਸਾਡੀ ਸਰਕਾਰ ਵੀ ਵਾਪਿਸ ਲੈ ਸਕਦੀ ਹੈ। ਜਿਹੜਾ ਕਿਸਾਨਾਂ ਤੋਂ ਬਿਜਲੀ ਦਾ ਬਿਲ ਚਾਰਜ ਕੀਤਾ ਜਾਂਦਾ ਹੈ, ਉਹ ਬਿਲ ਦਸੰਬਰ ਅਤੇ ਜੂਨ ਦੇ ਮਹੀਨੇ ਵਿਚ ਛੇ ਮਹੀਨਿਆਂ ਬਾਅਦ ਚਾਰਜ ਕਰਨਾ ਚਾਹੀਦਾ ਹੈ। ਕਿਸਾਨਾਂ ਕੋਲ ਪੈਸੇ ਵੀ ਇਸ ਮਹੀਨੇ ਆ ਜਾਂਦੇ ਹਨ। ਇਸ ਵਿਚ ਕੋਈ ਖਾਸ ਫਰਕ ਨਹੀਂ ਪੈਂਦਾ। ਇਸ ਲਈ ਇਹ ਬਿਲ ਕਿਸਾਨਾਂ ਕੋਲੋਂ ਹਾਫ-ਯੀਅਰਲੀ

Original with:
Punjab Vidhan Sabha
Digitized by:
Panjab Digital Library

ਚਾਰਜ ਕਰਨੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਖਾਲੇ ਪੱਕੇ ਕਰਨ ਨਾਲ ਪਾਣੀ ਜ਼ਿਆਦਾ ਔਰ ਜਲਦੀ ਪਹੁੰਚਦਾ ਹੈ। ਜੇਕਰ ਏਰੀਆ ਵਧਦਾ ਹੈ ਤਾਂ ਲਾਜ਼ਮੀ ਤੌਰ ਤੇ ਆਬਿਆਣਾ ਅਤੇ ਸਪੈਸ਼ਲ ਸਰਚਾਰਜ ਦਾ ਫਾਇਦਾ ਹੁੰਦਾ ਹੈ। 117 ਕਰੋੜ ਰੁਪਏ ਦਾ ਬੋਝ ਕਿਸਾਨਾਂ ਤੇ ਨਹੀਂ ਪੈਣਾ ਚਾਹੀਦਾ। ਮਾਨਸਾ, ਬਠਿੰਡਾ, ਸੰਗਰੂਰ ਅਤੇ ਹੋਰ ਕਈ ਜ਼ਿਲਿਆਂ ਵਿਚੋਂ ਕਿਸਾਨ ਇਥੇ ਆਏ ਬੈਠੇ ਹਨ ਅਤੇ ਮੁਜ਼ਾਹਰਾ ਕਰ ਰਹੇ ਹਨ। 17 ਅਤੇ 18 ਮਾਰਚ ਨੂੰ ਵੀ ਮੁਜ਼ਾਹਰੇ ਕਿਸਾਨਾਂ ਵਲੋਂ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਨੂੰ ਗਰੀਬ ਕਿਸਾਨਾਂ ਦੀਆਂ ਜੋ ਮੰਗਾਂ ਹਨ ਉਹ ਮੰਨ ਲੈਣੀਆਂ ਚਾਹੀਦੀਆਂ ਹਨ।

ਚੌਕੀਦਾਰ ਦਾ ਮਸਲਾ ਹੈ। ਡਿਪਟੀ ਸਪੀਕਰ ਸਾਹਿਬ, ਚੌਕੀਦਾਰਾਂ ਨੂੰ ਤਨਖਾਹ ਸਰਕਾਰ ਆਪਣੇ ਕੋਲੋਂ ਦੇਵੇ, ਜ਼ਿਮੀਂਦਾਰਾਂ ਤੇ ਬੋਝ ਇਹ ਫਾਲਤੂ ਪਾਇਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਐਗਰੀਕਲਚਰਲ ਮਨਿਸਟਰ ਰਾਓ ਬੀਰਿੰਦਰ ਸਿੰਘ ਜੀ ਦਾ ਬਿਆਨ ਆਇਆ ਹੈ ਕਿ ਅਸੀਂ ਭਾਅ ਜਲਦੀ ਹੀ ਫਿਕਸ ਕਰ ਦਿਆਂਗੇ। ਹਰ ਵਾਰ ਸਰਕਾਰ ਦਾ ਬਿਆਨ ਆ ਜਾਂਦਾ ਹੈ ਕਿ ਭਾਅ ਜਲਦੀ ਫਿਕਸ ਕਰਾਂਗੇ। ਮਗਰ ਜਦ ਮਾਰਕਿਟ ਵਿਚ ਫਸਲ ਆ ਜਾਂਦੀ ਹੈ ਅਤੇ 10-15 ਦਿਨ ਲੰਘ ਜਾਂਦੇ ਹਨ ਤਾਂ ਫਿਰ ਰੇਟ ਅਨਾਉਂਸ ਹੁੰਦੇ ਹਨ। ਉਨ੍ਹਾਂ ਕਿਸਾਨਾਂ ਨੂੰ ਪੂਰਾ ਰੇਟ ਨਹੀਂ ਮਿਲਦਾ। ਡਿਪਟੀ ਸਪੀਕਰ ਸਾਹਿਬ, ਪੈਡੀ, ਕਣਕ, ਚਾਵਲ, ਦਾ ਮੁਨਾਸਿਬ ਰੇਟ ਮਿਲਣਾ ਚਾਹੀਦਾ ਹੈ। ਸ਼ੂਗਰ ਕੇਨ ਦੀ ਪਹਿਲਾਂ 31-32 ਰੁਪਏ ਕੁਇੰਟਲ ਦੀ ਮੰਗ ਸੀ ਅਤੇ ਮਿਲਿਆ ਘਟ ਰੇਟ ਸੀ। ਪਰ ਹੁਣ ਸ਼ੂਗਰ ਕੇਨ ਦਾ 36-37 ਰੁਪਏ ਕੁਇੰਟਲ ਦਾ ਰੇਟ ਮਿਲਣਾ ਚਾਹੀਦਾ ਹੈ। ਕਣਕ ਦਾ 175 ਰੁਪਏ ਕੁਇੰਟਲ ਦੇ ਸਿਹਾਬ ਨਾਲ ਰੇਟ ਪੰਜਾਬ ਸਰਕਾਰ ਵੱਲੋਂ ਭੇਜਿਆ ਗਿਆ ਹੈ। ਰਾਈਸ ਦਾ 140 ਰੁਪਏ ਕੁਇੰਟਲ ਦਾ ਹੋਣਾ ਚਾਹੀਦਾ ਹੈ। ਮੈਂ ਐਫ. ਐਮ. ਸਾਹਿਬ ਨੂੰ ਅਤੇ ਸੀ. ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਸਹਿਕਾਰਤਾ ਮੰਤਰੀ ਸਰਦਾਰ ਬੀਰਪਾਲ ਸਿੰਘ ਜੀ ਨੇ ਕਿਹਾ ਹੈ ਕਿ ਰਾਈਸ ਮਿਲਾਂ ਚਾਰ ਕੋਆਪਰੇਟਿਵ ਸੈਕਟਰ ਵਿਚ ਲਗਣੀਆਂ ਹਨ, 7 ਸਪਿੰਨਿੰਗ ਮਿਲਜ਼ ਲਗਣੀਆਂ ਹਨ ਔਰ ਇਕ ਸ਼ੂਗਰ ਮਿਲ ਲਗਣੀ ਹੈ। ਸੋਡਾ ਐਸ਼, ਅਮੋਨੀਅਮ ਕਲੋਰਾਈਡ, ਵਗੈਰਾ ਲਈ, ਡਿਪਟੀ ਸਪੀਕਰ ਸਾਹਿਬ, 65 ਕਰੋੜ ਰੁਪਿਆ ਰਖਿਆ ਗਿਆ ਹੈ। ਇਨ੍ਹਾਂ ਰੁਪਿਆਂ ਨਾਲ ਕੰਮ ਬਨਣ ਦਾ ਸਕੋਪ ਹੈ ਲੇਕਿਨ ਇਸ ਦੇ ਨਾਲ ਹੀ ਮੈਂ ਕੁਝ ਹੋਰ ਸੁਝਾਓ ਦੇਵਾਂਗਾ। ਸਾਡੇ ਐਗ-ਰੀਕਲਚਰ ਦੇ ਬੇਸ ਨਾਲ ਹੋਰ ਕਿਸੇ ਇੰਡਸਟਰੀ ਜਿਵੇਂ ਪੇਪਰ ਮਿਲਜ਼ ਆਦਿ ਦਾ ਕੋਈ ਜ਼ਿਕਰ ਨਹੀਂ ਆਇਆ। ਪੰਜਾਬ ਵਿਚ ਪੇਪਰ ਮਿਲ ਵੀ ਲਗਾਉਣੀ ਚਾਹੀਦੀ ਹੈ ਤਾ ਕਿ ਜੰਗਲਾਤ ਦਾ ਘਾਸ ਵਗੈਰਾ ਯੂਟਿਲਾਈਜ਼ ਹੋ ਸਕੇ। ਫਰੂਟ ਪਰੋਸੈਸਿੰਗ ਪਲਾਂਟਸ ਹਿਮਾਚਲ ਵਿਚ ਕਿੰਨੇ ਹੀ ਲਗੇ ਹੋਏ ਹਨ ਅਤੇ ਉਨ੍ਹਾਂ ਦੇ ਹਰੇਕ ਬਸ ਅੱਡੇ ਤੇ ਹਰ ਤਰ੍ਹਾਂ ਦਾ ਜੂਸ ਸਪਲਾਈ ਹੁੰਦਾ ਹੈ। ਪੰਜਾਬ ਵਿਚ ਵੀ ਏਨੇ ਫਲ ਪੈਦਾ ਹੁੰਦੇ ਹਨ ਤਾਂ ਏਥੇ ਵੀ ਜੂਸ ਨਿਕਾਲਣ ਲਈ ਫਰੂਟ ਪਰੋਸੈਸਿੰਗ ਪਲਾਂਟਸ ਲਗਾਉਣੇ ਚਾਹੀਦੇ ਹਨ ਤਾ ਕਿ ਕਿਸਾਨਾਂ ਨੂੰ ਵਾਧੂ ਆਮਦਨ ਹੋ ਸਕੇ। ਗੱਤਾ ਫੈਕਟਰੀ ਦਾ ਜ਼ਿਕਰ ਪਹਿਲਾਂ ਵੀ ਚਲਦਾ ਰਿਹਾ ਹੈ ਕਿ ਜਿਥੇ ਇਹ ਕਾਰਖਾਨਾ ਲਗਣਾ ਹੋਵੇ, ਉਥੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਪਹਿਲਾਂ ਹੋਣਾ ਚਾਹੀਦਾ ਹੈ ਤੇ ਇਸ ਦੀ ਮਨਜ਼ੂਰੀ ਇਸ ਗੱਲ ਨੂੰ ਸੋਚ ਕੇ ਦੇਣੀ ਚਾਹੀਦੀ ਹੈ। ਬਨਾਸਪਤੀ ਦੇ ਕਾਰਖਾਨੇ ਪ੍ਰਾਈਵੇਟ ਸੈਕਟਰ ਵਿਚ ਹੀ ਹਨ। ਇਹ ਕੋਆਪਰੇਟਿਵ ਸੈਕਟਰ ਵਿਚ ਸਰਕਾਰ ਵੱਲੋਂ ਲਗਾਉਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਬੜੇ ਦੁਖ ਦੀ ਗੱਲ ਹੈ ਕਿ ਚੰਗਾਲੀ ਵਾਲਾ ਵਿਖੇ ਮਿਨੀ ਸ਼ੂਗਰ ਮਿਲ ਲਗੀ ਹੋਈ ਸੀ, ਜਿਸ ਦੇ ਕਾਰਣ ਸਟੇਟ ਐਕਸਚੈਕਰ ਨੂੰ 40 ਲੱਖ ਦਾ ਘਾਟਾ ਹੋਇਆ ਹੈ। ਇਹੋ ਜਿਹੀਆਂ ਗਲਤੀਆਂ ਦੋਬਾਰਾ ਨਹੀਂ ਦਹੁਰਾਉਣੀਆਂ ਚਾਹੀਦੀਆਂ। ਡਿਪਟੀ ਸਪੀਕਰ ਸਾਹਿਬ, ਬਠਿੰਡੇ ਵਿਚ ਇਕ ਬਹੁਤ ਵੱਡਾ ਮਹਾਂ ਪੁਰਸ਼ ਹੈ, ਜਿਸ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਦਾ ਸਾਇਆ ਜੰਮੂ ਕਸ਼ਮੀਰ, ਹਰਿਆਣਾ ਅਤੇ ਹੁਣ ਪੰਜਾਬ ਵਿਚ ਵੀ ਹੈ। ਪੰਜਾਬ ਦੇ ਸੀ. ਐਮ. ਸਾਹਿਬ ਤਾਂ ਬੜੇ ਤਕੜੇ ਹਨ ਅਤੇ ਮੈਂ ਉਮੀਦ ਕਰਦਾਂ ਹਾਂ ਕਿ ਇਹ ਉਸ ਨੂੰ ਆਉਣ ਨਹੀਂ ਦੇਣਗੇ। ਬਠਿੰਡੇ ਵਿਚ ਸਪਿੰਨਿੰਗ ਮਿਲ ਦਾ ਕਾਰਖਾਨਾ ਵਿਕਿਆ ਹੈ। ਘੱਟ ਕੀਮਤਾਂ ਤੇ ਕਿਸਨਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ। ਉਸ ਤੋਂ ਬਾਅਦ ਹੋਰ ਖਰਚੇ ਕੀਤੇ ਅਤੇ ਬਾਅਦ ਵਿਚ ਥੋੜ੍ਹੀ ਜਿਹੀ ਵੱਧ ਕੀਮਤ ਤੇ ਵੇਚ ਦਿੱਤਾ। ( ** ** ** ** ** )

**ਸ੍ਰੀ ਡਿਪਟੀ ਸਪੀਕਰ :** ਏਥੇ ਕਿਸੇ ਦਾ ਰੈਫਰੈਂਸ ਨਹੀਂ ਦੇਣਾ। ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ।

**ਮਾਸਟਰ ਬਾਬੂ ਸਿੰਘ :** ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੀਆਂ 3 ਕੈਟੇਗਰੀਜ਼ ਹੁੰਦੀਆਂ ਹਨ। ਇਕ ਅਸਿਸਟਿਡ ਸੈਕਟਰ ਹੈ, ਜਿਸ ਵਿਚ ਸਰਕਾਰ ਵੱਲੋਂ 5 ਜਾਂ 10% ਦੇ ਰੇਂਜ ਵਿਚ ਹਿੱਸਾ ਜਾਂ ਸ਼ੇਅਰ ਹੁੰਦਾ ਹੈ ਅਤੇ 90% ਪ੍ਰਾਈਵੇਟ ਸ਼ੇਅਰ ਹੁੰਦਾ ਹੈ। ਦੂਸਰੀ ਕਿਸਮ ਵਿਚ ਜੁਆਇੰਟ ਸੈਕਟਰ ਆਉਂਦਾ ਹੈ, ਜਿਸ ਵਿਚ ਤਕਰੀਬਨ ਗੌਰਮਿੰਟ ਦਾ ਸ਼ੇਅਰ 25% ਕੋਲੈਬੋਰੇਸ਼ਨ ਦਾ ਸ਼ੇਅਰ 25% ਜਾਂ 28% ਜਾਂ 30% ਹੁੰਦਾ ਹੈ ਅਤੇ ਬਾਕੀ ਦਾ ਸ਼ੇਅਰ ਦੂਸਰੇ ਪਾਉਂਦੇ ਹਨ। ਤੀਸਰੇ ਪਬਲਿਕ ਸੈਕਟਰ ਵਿਚ ਮੇਨ ਮੋਟਿਵ ਹੀ ਇਹ ਹੁੰਦਾ ਹੈ ਕਿ ਪਰੋਫਿਟ ਹੋਵੇ ਅਤੇ ਚੰਗੀ ਪ੍ਰੋਡਕਸ਼ਨ ਕੀਤੀ ਜਾਵੇ। ਇਹ ਇੰਡਸਟਰੀ ਇਸੇ ਲਈ ਕਾਇਮ ਕੀਤੀ ਜਾ ਰਹੀ ਹੈ। ਲੇਕਿਨ ਜਿਹੜੀ ਗੱਲ ਮੈਂ ਬਠਿੰਡੇ ਵਾਲੀ ਦੱਸੀ ਹੈ, ਉਸ ਸਬੰਧੀ ਮੈਂ ਸੀ. ਐਮ. ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਇਹ ਇਸ ਪਾਸੇ ਵੱਲ ਥੋੜ੍ਹਾ ਜਿਹਾ ਦੇਖ ਲੈਣ ਕਿ ਕਿੰਨਾ ਘਾਟਾ ਪਿਆ ਹੈ। ਪਬਲਿਕ ਸੈਕਟਰ ਵਿਚ ਲਗੇ ਹੋਏ ਕਾਰਖਾਨੇ ਨੂੰ ਕੌਡੀਆਂ ਦੇ ਭਾਅ ਵੇਚਣ ਦੀ ਕੀ ਗੱਲ ਹੈ। ਇਸ ਤਰ੍ਹਾਂ ਤਾਂ ਸਾਰਾ ਢਾਂਚਾ ਹੀ ਵਿਗੜ ਜਾਵੇਗਾ। ਇਸ ਸਬੰਧੀ ਸੀ. ਐਮ. ਸਾਹਿਬ ਉਪਰਾਲੇ ਕਰਵਾਉਣ। ਮੈਂ ਟੈਕਸਿਜ਼ ਬਾਰੇ ਕੁਝ ਗੱਲਾਂ ਹੋਰ ਕਹਿਣੀਆਂ ਚਾਹੁੰਦਾ ਹਾਂ। ਟੈਕਸਿਜ਼ 2 ਕਿਸਮ ਦੇ ਹੁੰਦੇ ਹਨ। ਡਾਇਰੈਕਟ ਟੈਕਸ ਅਤੇ ਇਨਡਾਇਰੈਕਟ ਟੈਕਸ। ਡਾਇਰੈਕਟ ਟੈਕਸ ਸਿਰਫ 58 ਕਰੋੜ ਦੇ ਹਨ ਅਤੇ ਇਨਡਾਇਰੈਕਟ ਟੈਕਸ ਡਾਕਟਰ ਸਾਹਿਬ ਨੇ 568.75 ਕਰੋੜ ਰੁਪਏ ਦੇ ਦੱਸੇ ਹਨ। ਮੈਂ ਪਰ ਕੈਪੀਟਾ ਬਾਰੇ ਵੀ ਦੱਸਣਾ ਚਾਹੁੰਦਾ ਹਾਂ। 1974-75 ਵਿਚ ਇਹ 123.96 ਰੁਪਏ ਸੀ ਲੇਕਿਨ 1983-84 ਵਿਚ ਵੱਧ ਕੇ 386.71 ਰੁਪਏ ਤੇ ਆ ਗਿਆ ਹੈ। ਇਨ ਡਾਇਰੈਕਟ ਟੈਕਸ 1974-75 ਵਿਚ 112.80 ਸੀ ਜਿਹੜਾ ਹੁਣ 365.68 ਹੈ। ਇਨ੍ਹਾਂ ਵਿਚ ਬਹੁਤ ਜ਼ਿਆਦਾ ਇਨਕਰੀਜ਼ ਹੋਈ ਹੈ ਅਤੇ ਫਰਕ ਪਿਆ ਹੈ। ਇਨਡਾਇਰੈਕਟ ਟੈਕਸ ਮੁਤਲਕ ਇਹੀ ਸਰਕਾਰ ਦੀ ਹੁਸ਼ਿਆਰੀ ਹੁੰਦੀ ਹੈ ਕਿ ਇਸ ਦਾ ਪਤਾ ਨਹੀਂ ਲਗਦਾ। ਜਦ ਕਿ ਡਾਇਰੈਕਟ ਟੈਕਸ ਦਾ ਪਤਾ ਲਗ ਜਾਂਦਾ ਹੈ। ਕੰਜ਼ਿਊਮਰ ਨੂੰ ਇਨਡਾਇਰੈਕਟ ਟੈਕਸ ਦਾ ਪਤਾ ਨਹੀਂ ਲਗਦਾ। ਪਰ ਇਨ੍ਹਾਂ ਦਾ ਗੈਪ ਫੰਡਾਮੈਂਟਲੀ ਘਟਾਉਣਾ ਚਾਹੀਦਾ ਹੈ ਤਾ ਕਿ ਲੋਕਾਂ ਦਾ ਬੋਝ ਹੌਲਾ ਹੋ ਸਕੇ। ਮੈਂ ਪਹਿਲਾਂ ਵੀ ਦੱਸ ਚੁਕਾ ਹਾਂ ਕਿ ਅਸਲ ਵਿਚ ਗਰੇਡਿਡ ਟੈਕਸ ਦੀ ਪਾਲਿਸੀ ਅਡਾਪਟ ਕਰਨੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਸੁਝਾਓ ਦਿੱਤਾ ਹੈ ਕਿ ਸਟੈਂਪ ਡਿਊਟੀ ਦੇ ਬਾਰੇ ਸੋਚਾਂਗੇ। ਮੈਨੂੰ ਇਸ ਗੱਲ ਦਾ ਦੁਖ ਹੋਇਆ ਹੈ ਕਿ ਪਿਛਲੇ ਸੈਸ਼ਨ ਵਿਚ ਵੀ ਮੈਂ ਇਸ ਬਾਰੇ ਰੌਲਾ ਪਾਇਆ ਸੀ ਕਿ ਸਟੈਂਪ ਡਿਊਟੀ ਵਿਚ ਬੜੀ ਹੇਰਾ ਫੇਰੀ ਹੁੰਦੀ ਹੈ। ਪਹਿਲਾਂ ਹੱਕਸ਼ੁਬਾ ਤੇ ਹੱਕ ਇਸਤਕਾਦੀਆ ਬਣੇ ਸਨ ਜਿਹੜੇ ਹੁਣ ਕੈਂਸਲ ਹੋ ਗਏ ਹਨ ਅਤੇ ਉਹ ਪ੍ਰਚਲਤ ਨਹੀਂ ਹੋਏ।

---

**Expunged as ordered by the Chair

Original with;
Punjab Vidhan Sabha
Digitized by;
Panjab Digital Library

ਹੁਣ ਸਰਕਾਰ ਦੇ ਹਿਤ ਦੇ ਉਲਟ ਕੰਮ ਹੋਣ ਲਗ ਪਿਆ ਹੈ । ਪਹਿਲਾਂ ਇਕ ਹਜ਼ਾਰ ਦੇ ਸੌਦੇ ਤੇ ਡੇਢ ਹਜ਼ਾਰ ਦੀ ਰਜਿਸਟਰੀ ਹੁੰਦੀ ਸੀ ਲੇਕਿਨ ਹੁਣ ਇਕ ਹਜ਼ਾਰ ਦੇ ਸੌਦੇ ਤੇ 4-5 ਸੌ ਦੀ ਰਜਿਸਟਰੀ ਹੁੰਦੀ ਹੈ। ਠੀਕ ਹੈ ਕਿ ਕਾਨੂੰਨ ਬਣਾਇਆ ਹੋਇਆ ਹੈ। ਮੈਨੂੰ ਇਸ ਗੱਲ ਦਾ ਦੁਖ ਹੈ ਕਿ ਪਿਛਲੇ ਦੋ ਢਾਈ ਸਾਲਾਂ ਦੇ ਦੌਰਾਨ ਇਸ ਤਰ੍ਹਾਂ ਦੇ ਕੇਸ ਪੁਆਇੰਟ ਆਊਟ ਹੋਣ ਦੇ ਬਾਵਜੂਦ ਵੀ ਕੋਈ ਐਕਸ਼ਨ ਨਹੀਂ ਲਿਆ ਗਿਆ । ਇਸ ਹੇਰਾ ਫੇਰੀ ਦੇ ਉਲਟ ਐਕਸ਼ਨ ਲੈਣਾ ਚਾਹੀਦਾ ਹੈ ਨਹੀਂ ਤਾਂ ਸਾਡੇ ਐਕਸ-ਚੇਕਰ ਤੇ ਕਰੋੜਾਂ ਰੁਪਏ ਦਾ ਬੋਝ ਪੈ ਰਿਹਾ ਹੈ । ਮੇਜਰ ਟੈਕਸਿਜ਼ ਸਰਵਿਸਿਜ਼ ਤੇ, ਕਮੋਡਿਟੀਜ਼ ਤੇ ਲਾਏ ਹਨ। ਪੈਸੇਂਜਰ ਟੈਕਸ, ਐਟਰ ਟੇਨ ਮੈਂਟ ਟੈਕਸ, ਸੇਲਜ਼ ਟੈਕਸ ਅਤੇ ਐਕਸਾਈਜ਼ ਟੈਕਸ ਲਗੇ ਹੋਏ ਹਨ। ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਬਾਰੇ ਐਜੂਕੇਸ਼ਨ ਮਨਿਸਟਰ ਸਾਹਿਬ ਦੇ ਧਿਆਨ ਵਿਚ ਕੁਝ ਗੱਲਾਂ ਦਿਵਾਉਣੀਆਂ ਚਾਹੁੰਦਾ ਹਾਂ। ਮੈਂ ਸਰਕਾਰ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਅਤੇ ਖਾਸ ਕਰਕੇ ਸੀ. ਐਮ., ਈ. ਐਮ. ਅਤੇ ਐਫ. ਐਮ. ਸਾਹਿਬ ਨੂੰ ਜਿਨ੍ਹਾਂ ਨੇ ਬਜਟ ਵਿਚ ਐਜੂਕੇਸ਼ਨ ਲਈ 100 ਵਿਚੋਂ 22 ਪੈਸੇ ਰਖੇ ਹਨ । ਬਾਕੀ ਈਚ ਵਨ ਟੀਚ ਵਨ ਦਾ ਫਾਰਮੂਲਾ ਜ਼ਿਆਦਾ ਸਕਸੈਸ-ਫੁਲ ਨਹੀਂ ਹੈ । ਬਾਕੀ ਜਿਹੜਾ 5 ਤੋਂ 11 ਸਾਲ ਦੇ ਬੱਚਿਆਂ ਦੀ ਐਜੂਕੇਸ਼ਨ ਦਾ ਸਿਸਟਮ ਹੈ, ਜਿਸ ਨੂੰ ਚਾਹੇ ਯੂਨੀਵਰਸਲ ਐਜੂਕੇਸ਼ਨ ਕਹਿ ਲਓ, ਉਹ ਈ. ਐਮ. ਸਾਹਿਬ ਚੈਕ ਕਰ ਲੈਣ । ਇਹ ਠੀਕ ਹੈ ਕਿ ਸੈਂਟਰ ਵਿਚੋਂ ਇਸ ਲਈ ਪੈਸਾ ਆਉਂਦਾ ਹੈ। ਲੇਕਿਨ ਪੂਰੀ ਹਾਜ਼ਰੀ ਦਿਖਾ-ਉਣ ਦੇ ਬਾਵਜੂਦ ਵੀ ਸਕੂਲਾਂ ਵਿਚੋਂ 30-40% ਬੱਚੇ ਡਰਾਪ ਆਊਟ ਹੋ ਜਾਂਦੇ ਹਨ । ਕੋਈ ਹੈਲਦੀ ਸਕੀਮ ਨਹੀਂ ਹੈ ਅਤੇ ਇਸ ਨੂੰ ਚੈਕ ਕਰਨ ਦੀ ਲੋੜ ਹੈ । ਬਾਕੀ ਮੈਂ ਈ. ਐਮ. ਸਾਹਿਬ ਨੂੰ ਬੇਨਤੀ ਕਰਨੀ ਹੈ ਕਿ ਟੀਚਰਜ਼ ਦੀ ਕੈਪੈਸਟੀ ਅਨ ਯੂਟੇਲਾਈਜ਼ਡ ਰਹਿੰਦੀ ਹੈ । ਰੂਰਲ ਅਤੇ ਫਾਰ ਆਫ ਪਲੇਸਿਜ਼ ਤੇ ਸਕੂਲ ਖਾਲੀ ਪਏ ਰਹਿੰਦੇ ਹਨ । ਸ਼ਹਿਰਾਂ ਵਿਚ ਅਤੇ ਜਿਵੇਂ ਚੰਡੀਗੜ੍ਹ ਦੇ ਆਸੇ ਪਾਸੇ ਮੁਹਾਲੀ, ਜਲੰਧਰ, ਰੋਪੜ, ਬਠਿੰਡਾ ਪਟਿਆਲਾ ਆਦਿ ਸ਼ਹਿਰਾਂ ਵਿਚ ਇਕ ਇਕ ਦੀ ਜਗ੍ਹਾ ਦੋ ਦੋ ਟੀਚਰਜ਼ ਲਗੇ ਹੋਏ ਹਨ। ਅਤੇ ਵਿਲੇਜਿਜ਼ ਨੈਗਲੈਕਟਿਡ ਹੁੰਦੇ ਹਨ । ਇਸ ਦੇ ਨਾਲ ਹੀ ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਇਮਪਲਾਇਮੈਂਟ ਵਾਸਤੇ ਸਿਵਾਏ ਰੰਧਾਵਾ ਸਾਹਿਬ ਦੇ ਮਹਿਕਮੇਂ ਤੋਂ ਕੋਈ ਹੋਰ ਸਾਧਨ ਨਹੀਂ ਹੈ । ਬੀ. ਏ., ਬੀ. ਐਡ. ਐਮ. ਏ. ਅਤੇ ਐਮ. ਐਡ. ਵਾਸਤੇ ਵੀ ਕੋਈ ਰਾਹਤ ਨਹੀਂ ਹੈ । ਹੁਣ ਜਿਵੇਂ ਇੰਜੀਨੀਅਰਜ਼ ਅਤੇ ਡਾਕਟਰਜ਼ ਬਾਹਰ ਚਲੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਏਥੇ ਕੋਈ ਨੌਕਰੀ ਦਾ ਮੌਕਾ ਨਹੀਂ ਮਿਲਦਾ । ਸੀ. ਐਮ. ਸਾਹਿਬ ਨੂੰ ਮੈਂ ਬੇਨਤੀ ਕਰਨੀ ਹੈ ਕਿ ਪਿਛਲੇ 2 ਸਾਲਾਂ ਵਿਚ ਪੀ. ਡਬਲਿਊ ਡੀ, ਅਤੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਸਾਡੀ ਸਰਕਾਰ ਦਾ ਸਰਕੂਲਰ ਹੁੰਦਾ ਸੀ ਕਿ ਕੋਈ ਰਿਕਰੂਟਮੈਂਟ ਨਹੀਂ ਕਰਨੀ। ਜਿਹੜੇ ਬੱਚੇ ਦਸਵੀਂ ਕਰਦੇ ਹਨ, ਐਫ. ਏ. ਅਤੇ ਬੀ. ਏ. ਕਰਦੇ ਹਨ ਅਤੇ ਜਿਨ੍ਹਾਂ ਦੀ ਮਾਲੀ ਹਾਲਤ ਖਰਾਬ ਹੁੰਦੀ ਹੈ, ਉਹ ਆਸ ਕਰਦੇ ਹਨ ਕਿ ਉਨ੍ਹਾਂ ਨੂੰ ਕਿਧਰੇ ਨਾ ਕਿਧਰੇ ਨੌਕਰੀ ਮਿਲੇਗੀ । ਇਸ ਦੇ ਬਾਰੇ ਮੈਂ ਇਹੀ ਬੇਨਤੀ ਕਰਾਂਗਾ ਕਿ ਇਸ ਬਾਰੇ ਕੋਈ ਸਰਕੂਲਰ ਨਾ ਕਰਨ ਸਗੋਂ ਸੁਧਾਰ ਕਰਨ ਔਰ ਦੇਖਣ ਕਿ ਕਿੰਨੀਆਂ ਪੋਸਟਾਂ ਨਿਕਲ ਸਕਦੀਆਂ ਹਨ। ਸਾਡੀ ਸਰਕਾਰ ਦੇ ਹੱਥ ਨਾਲ ਹੀ ਤਾਂ ਬੰਦੇ ਲੱਗਣੇ ਹਨ ਉਨ੍ਹਾਂ ਨੂੰ ਲਾਉਣ ਦੀ ਕੋਸ਼ਿਸ਼ ਕਰਨ। ਇਹ ਨਹੀਂ ਹੋਣਾ ਚਾਹੀਦਾ ਕਿ ਉਹ ਨਿਕਲ ਜਾਣ। ਹੁਣ ਮੈਂ ਡਿਪਟੀ ਸਪੀਕਰ ਸਾਹਿਬ ਅਡੱਲਟ ਐਜੂਕੇਸ਼ਨ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਇਸ ਵਿੱਚ ਵੀ ਕਾਫੀ ਸੁਧਾਰ ਕਰਨ ਦੀ ਲੋੜ ਹੈ ਕਿਉਂਕਿ ਮਾਸਟਰ ਪਰਾਪਰਲੀ ਕੰਮ ਨਹੀਂ ਕਰਦੇ ਔਰ ਕੁਝ ਬੋਗਸ ਸਿਲਸਿਲਾ ਏਥੇ ਚਲਦਾ ਹੈ। 40/50 ਬੰਦਿਆਂ ਦੇ ਨਾਂ ਆਪਣੇ ਰਜਿਸਟਰ ਵਿੱਚ ਭਰ ਲਏ ਜਾਂਦੇ ਹਨ, ਜਦ ਕਿ ਹੁੰਦੇ ਕੇਵਲ ਚਾਰ-ਪੰਜ ਹੀ ਹਨ। ਭਾਵੇਂ ਇਹਨਾਂ ਦਾ ਟੈਸਟ ਹੀ ਰੱਖਿਆ ਜਾਵੇ, ਲੇਕਿਨ ਟੈਸਟ ਤੋਂ ਇਲਾਵਾ ਸੁਪਰਵੀਜ਼ਨ ਦਾ ਹੋਣਾ ਵੀ ਬੜਾ ਜ਼ਰੂਰੀ ਹੈ। ਗੈਰਮਿੰਟ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਨੂੰ ਪਤਾ ਹੀ ਨਹੀਂ ਲਗਦਾ ਕਿੰਨੇ ਰਜਿਸਟਰ ਅਨੁਸਾਰ ਠੀਕ ਜਾਂ ਗਲਤ ਹਨ। ਇਸ ਨੂੰ ਵੀ ਟੋਨ ਅੱਪ ਕਰਨ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਫੰਡਾਮੈਂਟਲੀ ਤਾਂ ਇਹ ਹੋਣਾ ਚਾਹੀਦਾ ਹੈ ਕਿ ਜਿਹੜਾ ਸਾਡਾ ਬੇਸਿਕ ਐਜੂਕੇਸ਼ਨ ਸਿਸਟਮ ਹੈ, ਉਹ ਵੀ ਓਵਰ-ਹਾਲ ਕਰਨ ਦੀ ਲੋੜ ਹੈ। 10+2+3 ਸਕੂਲਾਂ ਵਿੱਚ ਐਜੂਕੇਸ਼ਨ ਦੀ ਸਕੀਮ ਚਾਲੂ ਕਰਨ ਦੀ ਯੋਜਨਾ ਹੈ ਔਰ ਇਸਦੇ ਨਾਲ ਹੀ ਵੋਕੇਸ਼ਨਲ ਸਕੀਮਾਂ ਵੀ ਹਨ। ਇਹ ਬੜੀ ਅੱਛੀ ਗੱਲ ਹੈ। ਇਹ 10+2+3 ਤਕਰੀਬਨ ਹਰ ਸਬ-ਡਵੀਜ਼ਨ ਵਿੱਚ ਇਸ ਬਾਰੇ ਇੱਕ ਨਮੂਨੇ ਦਾ ਸਕੂਲ ਹੋਵੇ ਜਿਸ ਨੂੰ ਦੇਖ ਕੇ ਹੋਰ ਸਕੂਲਾਂ ਵਿੱਚ ਵੀ ਇਹ ਚੀਜ਼ ਲਾਗੂ ਕੀਤੀ ਜਾ ਸਕੇ । ਏਸੇ ਤਰ੍ਹਾਂ ਵੋਕੇਸ਼ਨਲ ਸਕੀਮ ਤਹਿਤ ਮੰਡੀ ਫੂਲ ਦਾ ਸਾਡਾ ਜਿਹੜਾ ਸਕੂਲ ਹੈ, ਉਹ ਸਭ ਤੋਂ ਪਹਿਲਾ ਸਕੂਲ ਹੈ, ਜਿਸ ਵਿੱਚ ਇਹ ਚਾਲੂ ਹੋ ਸਕੀ ਹੈ। ਇਹ ਸਕੀਮ ਐਕਸਪੈਰੀਮੈਂਟ ਕਰਕੇ ਕਰਨੀ ਚਾਹੀਦੀ ਹੈ। ਦੇਖਿਆ ਗਿਆ ਹੈ ਕਿ ਸਾਡੇ ਕਵਾਲਿਟੀ ਹੈ ਨਹੀਂ ਕਵਾਨਟਟੀ ਬੜੀ ਹੈ। ਸਕੂਲ ਅਪਗ੍ਰੇਡ ਕੀਤੇ ਗਏ ਹਨ। ਇਸ ਲਈ ਮੈਂ ਸਰਕਾਰ ਨੂੰ ਵਧਾਈ ਦੇਂਦਾ ਹਾਂ। ਮੈਂ ਈ.ਐਮ. ਸਾਹਿਬ ਨੂੰ ਵੀ ਵਧਾਈ ਦੇਂਦਾ ਹਾਂ (ਥੰਪਿੰਗ) ਪਰ ਬੜੇ ਅਫਸੋਸ ਦੀ ਗੱਲ ਹੈ ਅਫਸੋਸ ਸਾਰਿਆਂ ਨੂੰ ਹੀ ਹੋਵੇਗਾ ਕਿਉਂਕਿ ਜਦੋਂ ਕੋਈ ਲੈਜਿਸਲੇਟਰ ਆਪਣੇ ਹਲਕੇ ਵਿੱਚ ਜਾਂਦਾ ਹੈ ਤਾਂ ਉਹ ਉਥੇ ਜ਼ਰੂਰ ਦੇਖਦਾ ਹੈ ਕਿ ਜਿਵੇਂ ਅੱਜ ਕੱਲ੍ਹ ਹਰ ਜਗ੍ਹਾ ਤੇ ਹਰ ਇਲਾਕੇ ਵਿੱਚ ਐਗਜ਼ਾਮ ਚੱਲ ਰਹੇ ਹਨ। ਇਹ ਐਗਜ਼ਾਮ ਪੁਲਿਸ ਦੇ ਪਹਿਰੇ ਹੇਠਾਂ ਚੱਲਦੇ ਹਨ। ਭਾਵੇਂ ਇਹ ਐਗਜ਼ਾਮ ਸਕੂਲਾਂ ਦੇ ਹੋਣ ਜਾਂ ਕਾਲਜਾਂ ਦੇ ਹੋਣ, ਇਸ ਵਾਸਤੇ ਪੁਲਿਸ ਦੀ ਸਹਾਇਤਾ ਲਈ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਬੜੀ ਸ਼ਰਮ ਦੀ ਗੱਲ ਹੈ ਕਿ ਪੁਲਿਸ ਦੀ ਸਹਾਇਤਾ ਦੇ ਬਾਵਜੂਦ ਵੀ ਐਗਜ਼ਾਮਜ਼ ਵਿੱਚ ਕਾਪਿੰਗ ਬਹੁਤ ਚਲਦੀ ਹੈ। ਬੇਸਿਕ ਯੂਨੀਵਰਸਿਟੀਆਂ ਨੇ/ਬੋਰਡ ਨੇ ਕਾਫੀ ਇੰਤਜ਼ਾਮ ਕੀਤਾ ਹੁੰਦਾ ਹੈ, ਫਿਰ ਵੀ ਨਕਲ ਬਹੁਤ ਚਲਦੀ ਹੈ। ਹੋਣਾ ਇਹ ਚਾਹੀਦਾ ਹੈ ਕਿ ਬੱਚਿਆਂ ਦਾ ਕਰੈਕਟਰ ਹੀ ਅਜਿਹਾ ਹੋਵੇ ਕਿ ਉਹ ਨਕਲ ਕਰਨ ਲਈ ਉਤਾਵਲੇ ਹੀ ਨਾ ਹੋਣ ਔਰ ਇਸ ਕੰਮ ਲਈ ਪੁਲਿਸ ਦੀ ਕੋਈ ਸਹਾਇਤਾ ਦੀ ਲੋੜ ਹੀ ਨਾ ਰਹੇ।

ਡਿਪਟੀ ਸਪੀਕਰ ਸਾਹਿਬ, ਸਾਡਾ ਜਿਹੜਾ ਨੈਸ਼ਨਲ ਕਰੈਕਟਰ ਹੈ ਉਹ ਪਿਛਲੇ ਸਾਲਾਂ ਵਿੱਚ ਕੁਝ ਗਿਰਿਆ ਹੀ ਹੈ। ਇੱਕ ਵਾਰੀ ਇੱਕ ਆਦਮੀ ਜੋ ਗੱਲ ਕਹਿ ਦੇਵੇ ਬਜਾਏ ਇਸ ਦੇ ਕਿ ਉਸ ਤੇ ਸਟਿੱਕ ਕੀਤਾ ਜਾਵੇ ਲੇਕਿਨ ਚਲਦਾ ਇਹ ਹੈ ਕਿ ਉਹ ਕਹਿ ਕੇ ਬਾਅਦ ਵਿੱਚ ਮੁਕਰ ਜਾਂਦੇ ਹਨ। ਕਿਸੇ ਤੇ ਕੋਈ ਇਤਬਾਰ ਹੀ ਨਹੀਂ ਰਿਹਾ। ਤੁਸੀਂ ਹੁਣ ਸੈਂਟਰ ਦੀ ਗੱਲ ਹੀ ਲੈ ਲਓ । ਬਿਹਾਰ ਦਾ ਚਰਚਾ ਹੈ ਆਸਾਮ ਦਾ ਚਰਚਾ ਹੈ, ਹੁਣ ਵੀ ਨਿਊ ਇੰਡੀਆ, ਸੰਡੇ, ਟ੍ਰ-ਡੇ ਇਹਨਾਂ ਤੇ ਪਾਬੰਦੀ ਲਗਾ ਦਿੱਤੀ ਗਈ। ਇਹ ਪਾਬੰਦੀ ਕਿਉਂ ਲਗਾ ਦਿੱਤੀ ਗਈ ਕਿਉਂਕਿ ਇਹਨਾਂ ਅਖਬਾਰਾਂ/ਮੈਗਜ਼ੀਨਾਂ ਨੇ ਆਸਾਮ ਦੀ ਕੁਰੈਕਟ ਕੀਰੀਟੀਕਲ ਪੋਜ਼ੀਸ਼ਨ ਨੂੰ ਜਨਤਾ ਦੇ ਸਾਹਮਣੇ ਲਿਆਂਦਾ, ਉਸ ਦੀਆਂ ਠੀਕ ਠਾਕ ਫੋਟੋ ਦੇ ਦਿੱਤੀਆਂ, ਜਿਸ ਤਰ੍ਹਾਂ ਉਥੇ ਅਮਨ ਦੀ ਹਾਲਤ ਸੀ ਉਸ ਦੀਆਂ ਫੋਟੋ ਵੀ ਦਿੱਤੀਆਂ। ਐਡੀਟੋਰੀਅਲ ਨੋਟ ਵਗੈਰਾ ਦੇ ਦਿੱਤੇ, ਇਸ ਨੂੰ ਦੇਖ ਕੇ ਇਸ ਨੂੰ ਪਾਬੰਦ ਕਰ ਦਿੱਤਾ। ਡਿਪਟੀ ਸਪੀਕਰ ਸਾਹਿਬ, ਡੈਮੋਕਰੇਸੀ ਵਿੱਚ ਐਕਚੂਅਲ ਪੋਜ਼ੀਸ਼ਨ ਜੋ ਹੁੰਦੀ ਹੈ, ਉਸ ਨੂੰ ਦੱਸ ਦੇਣਾ ਚਾਹੀਦਾ ਹੈ। ਚਾਹੀਦਾ ਤਾਂ ਇਹ ਹੈ ਕਿ ਉਸ ਅਨੁਸਾਰ ਇਸ ਵਿੱਚ ਇਮਪਰੂਵ-ਮੈਂਟ ਕੀਤੀ ਜਾਵੇ, ਜੋ ਗਲਤੀ ਹੈ ਉਸ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾਵੇ, ਪਾਵਰ ਪਾਲਿਟਿਕਸ ਤੋਂ ਉਪਰ ਉਠ ਕੇ ਉਸ ਵਿੱਚ ਸੁਧਾਰ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ 100 ਕੁ ਬੰਦੇ ਜਿਹੜੇ ਪਿੱਛੇ ਡਿਸਕਰੈਡਿਟ ਹੋਏ ਹਨ ਉਹਨਾਂ ਨੂੰ ਜੋ ਸਹੂਲਤਾਂ ਮਿਲਦੀਆਂ ਸਨ ਉਹ ਵਾਪਸ ਲੈ ਲਈਆਂ ਹਨ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ

Original with;
Punjab Vidhan Sabha
Digitized by;
Panjab Digital Library

ਕਰਾਂਗਾ ਕਿ ਇਹਨਾਂ ਬਾਰੇ ਫਰਾਖ ਦਿਲੀ ਨਾਲ ਸੋਚ ਕੇ ਇਹਨਾਂ ਨੂੰ ਉਹੀ ਸਹੂਲਤਾਂ ਮੁੜ ਬਹਾਲ ਕਰ ਦਿਓ । ਉਸ ਨਾਲ ਸਾਡੀ ਸਰਕਾਰ ਦੀ ਵੀ ਮੱਦਦ ਹੁੰਦੀ ਹੈ । 100 ਜਿਹੜੇ ਪ੍ਰਾਈਵੇਟ ਸਨ ਉਨ੍ਹਾਂ ਤੋਂ ਰਿਆਇਤਾਂ ਵਾਪਸ ਲੈ ਲਈਆਂ ਸਨ। ਜਿਸ ਤਰ੍ਹਾਂ ਮਈ, 1982 ਵਿੱਚ ਪ੍ਰਧਾਨ ਨੂੰ ਅਰੈਸਟ ਕੀਤਾ ਅਤੇ ਫਿਰ ਐਸ.ਐਸ.ਪੀ. ਨੇ ਮੁਆਫੀ ਮੰਗ ਲਈ, ਜਿਸ ਅਫ਼ਸਰ ਨੇ ਮਿਸਬੀਹੇਵ ਕੀਤਾ ਉਹ ਹਾਲੇ ਉਥੇ ਮੌਜੂਦ ਹੈ, ਉਸ ਤੇ ਕੋਈ ਐਕਸ਼ਨ ਨਹੀਂ ਆਇਆ। ਜੇ ਐਸ.ਐਸ.ਪੀ. ਨੇ ਮੰਗੀ ਹੈ ਤਾਂ ਉਸ ਤੇ ਵੀ ਤਾਂ ਕੋਈ ਨਾ ਕੋਈ ਐਕਸ਼ਨ ਜ਼ਰੂਰ ਆਉਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਸਾਡੇ ਕਰੈਕਟਰ ਤੇ ਸਾਡੇ ਆਲੇ ਦੁਆਲੇ ਤੇ ਭੈੜਾ ਲਿਟਰੇਚਰ ਭੈੜੀਆਂ ਪਿਕਚਰਾਂ ਜੋ ਹਨ, ਉਹ ਬੁਰਾ ਪਰਭਾਵ ਪਾ ਰਹੀਆਂ ਹਨ, ਉਹਨਾਂ ਨੂੰ ਪੂਰੀ ਸਖਤੀ ਨਾਲ ਰੋਕਣਾ ਚਾਹੀਦਾ ਹੈ, ਉਹਨਾਂ ਤੇ ਪੂਰੀ ਪਾਬੰਦੀ ਲਾਉਣੀ ਚਾਹੀਦੀ ਹੈ। ਕਈ ਬੜੀਆਂ ਟੇਪਾਂ ਹਨ ਉਹਨਾਂ ਵਿੱਚ ਗੰਦੇ ਗੰਦੇ ਗਾਣੇ ਭਰੇ ਹੁੰਦੇ ਹਨ, ਉਹਨਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਇਹ ਚੀਜ਼ਾਂ ਸਾਡੇ ਤੇ ਬੁਰਾ ਅਸਰ ਕਰਦੀਆਂ ਹਨ। ਇਸ ਤੋਂ ਇਲਾਵਾ ਕੈਪਸੂਲ ਰਾਹੀਂ ਸਾਡੇ ਵਿੱਚ ਨਸ਼ੇ ਵਧ ਰਹੇ ਹਨ। ਅਫੀਮ, ਵਾਈਨ, ਚਰਸ ਆਦਿ ਵਰਗੀਆਂ ਚੀਜ਼ਾਂ ਸਾਡੇ ਯੰਗ ਨੌਜ-ਵਾਨਾਂ ਵਿੱਚ ਬੁਰੀਆਂ ਆਦਤਾਂ ਪਾ ਰਹੀਆਂ ਹਨ। ਇਸ ਵਾਸਤੇ ਸਾਡੀ ਸਰਕਾਰ ਨੂੰ ਖਾਸ ਕਦਮ ਉਠਾਉਣੇ ਚਾਹੀਦੇ ਹਨ, ਜਿਸ ਨਾਲ ਇਸ ਤਰ੍ਹਾਂ ਦੇ ਨਸ਼ੇ ਆਦਿ ਖਤਮ ਹੋ ਸਕਣ।

ਇਸ ਤੋਂ ਇਲਾਵਾ ਸਾਡੇ ਲੇਬਰ ਅਨ-ਇਮਪਲਾਇਮੈਂਟ ਹੈ, ਇਹਦੇ ਵਿੱਚ ਮਿਨੀਮੱਮ ਵੇਜਿਜ਼ ਜੋ ਹਨ, ਉਹ ਸਾਡੀ ਸਰਕਾਰ ਨੂੰ ਰਵਿਊ ਕਰਨੇ ਚਾਹੀਦੇ ਹਨ। ਸਮੇਂ ਸਮੇਂ ਤੇ ਇਸ ਨੂੰ ਸੋਧਿਆ ਜਾਣਾ ਚਾਹੀਦਾ ਹੈ। ਲੇਕਿਨ ਸਾਡੀ ਬਦਕਿਸਮਤੀ ਹੈ ਕਿ 1981 ਵਿੱਚ ਬੋਰਡ ਦੀ ਇੱਕ ਮੀਟਿੰਗ ਹੋਈ ਸੀ, ਉਸ ਤੋਂ ਬਾਅਦ ਬੋਰਡ ਦੀ ਕੋਈ ਮੀਟਿੰਗ ਹੀ ਨਹੀਂ ਹੋਈ। ਜੇ ਅੱਜ ਵੀ ਇਸ ਦੀ ਕੋਈ ਮੀਟਿੰਗ ਕਰ ਲਈਏ ਤਾਂ ਵੀ ਮੇਰਾ ਖ਼ਿਆਲ ਹੈ ਕਿ 1984-85 ਤੱਕ ਇਸਦਾ ਪਰਾਸੈਸ ਵਗੈਰਾ ਹੀ ਮੁਸ਼ਕਲ ਨਾਲ ਹੋਵੇਗਾ। ਇਸਦੀ ਇਮਪਲੀਮੈਂਟੇਸ਼ਨ ਨਹੀਂ ਹੋ ਸਕਦੀ । ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਇੱਕ ਹੋਰ ਚੀਜ਼ ਹੈ ਪ੍ਰਾਈਸ ਇੰਡੈਕਸ ਉਹ ਤਕਰੀਬਨ ਰੋਜ਼ ਹੀ ਵੱਧਦਾ ਰਹਿੰਦਾ ਹੈ। ਜੇ ਬੋਰਡ ਦੀ ਮੀਟਿੰਗ ਜਲਦੀ ਬੁਲਾ ਲਈ ਜਾਵੇ ਤਾਂ ਮਜ਼ਦੂਰਾਂ ਨੂੰ ਕੁਝ ਰਾਹਿਤ ਮਿਲ ਸਕਦੀ ਹੈ। ਬਾਕੀ ਇਮਪਲੀਮੈਂਟਿੰਗ ਮਸ਼ੀਨਰੀ ਹੈ ਉਹ ਤਾਂ ਮੈਂ ਸਮਝਦਾ ਹਾਂ ਕਿ ਕੋਈ ਗੂੜ੍ਹੀ ਨੀਂਦ ਸੁੱਤੀ ਪਈ ਹੈ ਇਸ ਨੂੰ ਵੀ ਸਟਰੀਮਲਾਈਨ ਕਰਨ ਦੀ ਲੋੜ ਹੈ। ਇਸ ਨੂੰ ਟੋਨ ਅਪ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸਾਡੇ ਲੇਬਰ ਕੋਰਟਾਂ ਵਿੱਚ ਜਿਹੜੇ ਕਈ ਕਈ ਸਾਲਾਂ ਤੋਂ ਕੇਸ ਲਮਕ ਵਿੱਚ ਪਏ ਹਨ, ਉਹਨਾਂ ਦਾ ਛੇਤੀ ਨਿਪਟਾਰਾ ਹੋ ਸਕੇ। ਬਠਿੰਡੇ ਵਰਗੀ ਜਗ੍ਹਾ ਤੇ ਔਰ ਹਰ ਇੱਕ ਡਿਸਟ੍ਰਿਕਟ ਤੇ ਅਜਿਹੀਆਂ ਕੋਰਟਾਂ ਹੋਣੀਆਂ ਚਾਹੀਦੀਆਂ ਹਨ ਚਾਹੇ ਉਹ ਛੋਟਾ ਹੋਵੇ ਜਾਂ ਵੱਡਾ ਹੋਵੇ । ਚਾਹੇ ਉਥੇ ਇੰਡਸਟਰੀ ਵੱਧ ਹੈ ਜਾਂ ਨਹੀਂ, ਐਗਰੀਕਲਚਰ ਲੇਬਰ ਦੇ ਵੀ ਬੜੇ ਮਸਲੇ ਹਨ ਤਾਂ ਕਿ ਗਰੀਬ ਮਜ਼ਦੂਰਾਂ ਨੂੰ ਥੋਹੜਾ ਬਹੁਤ ਆਰਾਮ ਮਿਲ ਸਕੇ ਉਨ੍ਹਾਂ ਨੂੰ ਕੋਈ ਰਾਹਤ ਮਿਲ ਸਕੇ। ਇਸ ਦੇ ਬਾਅਦ ਇੰਡਸਟਰੀਅਲ ਡਿਸਪਿਊਟ ਐਕਟ ਦੇ ਵਿੱਚ ਅਮੈਂਡਮੈਂਟ ਦੀ ਲੋੜ ਹੈ ਤਾਂ ਕਿ ਉਸ ਨਾਲ ਸਟੈਚੂਟਰੀ ਰਿਸਪਾਂਸੇਬਿਲਟੀ ਬਣ ਜਾਵੇ ਕਿ ਤਿੰਨ ਮਹੀਨਿਆਂ ਦੇ ਸਮੇਂ ਦੇ ਅੰਦਰ ਅੰਦਰ ਉਸ ਤੇ ਅਮਲ ਹੋਵੇ, ਉਸਦਾ ਫੈਸਲਾ ਹੋ ਸਕੇ । ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਸੋਸ਼ਲ ਵੈਲਫੇਅਰ ਵੱਲ ਆਉਂਦਾ ਹਾਂ। ਮੈਂ ਸਮਝਦਾ ਹਾਂ ਕਿ ਸਾਡੇ ਜਿਹੜੇ ਵੀਕਰ ਸੈਕਸ਼ਨ ਹਨ, ਜਿਹੜੇ ਸ਼ੈਡੀਊਲਡ ਕਾਸਟਸ ਔਰ ਬੈਕਵਰਡ ਕਲਾਸਿਜ਼ ਦੇ ਲੋਕ ਹਨ, ਵਿਧਵਾ ਹਨ, ਵੀਕਰ ਸੈਕਸ਼ਨ ਦੇ ਪੀਲੇ ਕਾਰਡਾਂ ਵਾਲੇ ਲੋਕਾਂ ਵਾਸਤੇ ਅਸੀਂ ਰੋਲਾ ਪਾਇਆ ਸੀ। ਮੈਂ ਦੱਸਣਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

[ ਮਾਸਟਰ ਬਾਬੂ ਸਿੰਘ ]

ਕਿ ਇਹਨਾਂ ਨੇ ਵੀ ਸਾਡੀ ਆਵਾਜ਼ ਵਿੱਚ ਸਹਿਮਤੀ ਪਰਗਟ ਕੀਤੀ ਸੀ। ਪੀਲੇ ਕਾਰਡ ਬੜੇ ਖਰਾਬ ਔਰ ਗਲਤ ਤਰੀਕੇ ਨਾਲ ਬਣਾਏ ਗਏ ਹਨ। ਕਾਫੀ ਇਸ ਤਰ੍ਹਾਂ ਸਾਡੇ ਰੌਲਾ ਪਾਉਣ ਤੇ ਕੈਂਸਲ ਵੀ ਹੋਏ ਹਨ। ਹਾਲੇ ਵੀ ਕੈਨਸਲ ਕਰਨ ਵਾਲੇ ਹੋਰ ਹਨ, ਉਹ ਵੀ ਕੈਂਸਲ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਜਿਹੜੇ ਅਸਲੀ ਪੀਲੇ ਕਾਰਡ ਵਾਲੇ ਲੋਕ ਹਨ, ਉਨ੍ਹਾਂ ਨੂੰ ਕੁਝ ਨਾ ਕੁਝ ਰਾਹਤ ਮਿਲ ਸਕੇ। ਪਿੱਛੇ ਸਬਸੇਡਾਈਜ਼ਡ ਰੇਟਾਂ ਤੇ ਚੀਜ਼ਾਂ ਮਿਲਦੀਆਂ ਸਨ। ਸਾਡੇ ਚੇਅਰਮੈਨ ਸਾਹਿਬ, ਵੀ ਜਾਣਦੇ ਹਨ ਕਿ ਉਹ ਬੰਦ ਕੀਤੇ ਗਏ ਹਨ, ਸਾਡੇ ਚੇਅਰਮੈਨ ਸਾਹਿਬ ਵੀ ਨਵੇਂ ਬਣ ਗਏ ਸਨ। ਇੱਕ ਖਬਰ ਆਈ ਸੀ ਪਤਾ ਨਹੀਂ ਕਿੰਨੇ ਹਜ਼ਾਰ ਦੀਆਂ ਦਾਲਾਂ ਖਰਾਬ ਹੋਣ ਕਾਰਨ 26 ਰੁਪਏ ਪ੍ਰਤੀ ਕੁਵਿੰਟਲ ਦੇ ਹਿਸਾਬ ਨਾਲ ਕਣਕ ਵੇਚੀ ਗਈ। ਆਟੇ ਵਾਸਤੇ ਗਰੀਬ ਆਦਮੀ ਤਰਸਦੇ ਹਨ। ਜਿਹੜੀ ਅਖ਼ਬਾਰ ਵਿੱਚ ਖਬਰ ਆਉਂਦੀ ਹੈ ਜੇ ਉਹ ਸੈਂਟ ਪਰਸੈਂਟ ਸੱਚੀ ਨਹੀਂ ਹੁੰਦੀ ਤਾਂ ਉਸ ਵਿੱਚ 30, 40% ਸੱਚਾਈ ਤਾਂ ਜ਼ਰੂਰ ਹੁੰਦੀ ਹੈ। ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਇਸ ਦੀ ਪੜਤਾਲ ਕਰਾਉਣ। ਪੰਜਾਬ ਸਰਕਾਰ ਦਾ ਜਿਹੜਾ ਪਬਲਿਕ ਰੀਲੇਸ਼ਨ ਡਿਪਾਰਟਮੈਂਟ ਹੈ ਉਹ ਜਿਸ ਡਿਪਾਰਟਮੈਂਟ ਦੀ ਖਬਰ ਹੁੰਦੀ ਹੈ ਉਹ ਉਸ ਸਬੰਧ ਵਿਚ ਮਨਿਸਟਰ ਸਾਹਿਬਾਨ ਨੂੰ ਕਟਿੰਗ ਭੇਜਦੇ ਹਨ। ਇਸ ਤੇ ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਤੁਰੰਤ ਐਕਸ਼ਨ ਲਿਆ ਜਾਵੇ। ਡਿਪਟੀ ਸਪੀਕਰ, ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਲਿਆਏ ਬਗੈਰ ਨਹੀਂ ਰਹਿ ਸਕਦਾ। ਪਾਂਧੀ ਸਾਹਿਬ ਰੋਪ ਦੇ ਐਮ. ਐਲ.ਏ. ਹੁੰਦੇ ਸਨ। ਪਰ ਮੈਂ ਵੀ ਇਹ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਰੇਪ ਦੇ ਕੇਸਿਜ਼ ਵਿਚ ਵਾਧਾ ਹੋਇਆ ਹੈ। ਇਸ ਵਲ ਟਰੈਂਡ ਵਧਿਆ ਹੈ ਭਾਵੇਂ ਸਾਡੀ ਸੈਂਟਰ ਦੀ ਸਰਕਾਰ ਔਰ ਪੰਜਾਬ ਸਰਕਾਰ ਨੇ ਇਸ ਵਲ ਉਚੇਚਾ ਧਿਆਨ ਦਿੱਤਾ ਹੈ। ਇਹ ਠੀਕ ਹੈ ਕਿ ਡਾਉਰੀ ਦੇ ਸਿਲਸਿਲੇ ਵਿਚ ਐਕਟਿਵਲੀ ਕੰਮ ਸਰਕਾਰ ਵਲੋਂ ਕੀਤਾ ਜਾ ਰਿਹਾ ਹੈ ਪਰ ਫਿਰ ਵੀ ਇਸ ਲਈ ਲਾਅ ਵਿਚ ਤਬਦੀਲੀ ਕਰਨ ਦੀ ਲੋੜ ਹੈ। ਚਾਈਨਾ ਵਿਚ ਦਸ ਹਜ਼ਾਰ ਵੂਮੈਨ ਜੱਜਿਜ਼ ਹਨ, ਉਥੇ ਕਾਲਿਜਿਜ਼ ਵਿਚ ਅਤੇ ਹੋਰ ਸੋਸ਼ਲ ਲਾਈਫ ਵਿਚ ਵੂਮੈਨ ਨੂੰ ਮੈਨ ਦੇ ਇਕੂਅਲ ਸਟੇਟਸ ਮਿਲਿਆ ਹੋਇਆ ਹੈ। ਸਾਨੂੰ ਵੀ ਇਥੇ ਇਸੇ ਤਰ੍ਹਾਂ ਹੀ ਇਨ੍ਹਾਂ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ ਤਾਂਕਿ ਇਨ੍ਹਾਂ ਵਿਚ ਜੁਰੱਤ ਆ ਵੇ।

ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਵਰਕਰਜ਼ 30,000 ਦੇ ਕਰੀਬ ਦੋ ਘੰਟਿਆਂ ਦੀ ਹੜਤਾਲ ਤੇ ਬੈਠ ਰਹੇ ਹਨ। ਗਲ ਸਿਰਫ ਐਨੀ ਹੈ ਕਿ ਉਨ੍ਹਾਂ ਨੂੰ ਪੈਨਸ਼ਨਾਂ ਮਿਲਣੀਆਂ ਚਾਹੀਦੀਆਂ ਹਨ। ਇਹ ਦੋ ਘੰਟਿਆਂ ਦੀ ਹੜਤਾਲ ਕਰਨ ਨਾਲ ਸਟੇਟ ਐਕਸਚੇਕਰ ਤੇ ਕਿੰਨਾਂ ਮਾੜਾ ਅਸਰ ਪਏਗਾ ਔਰ ਇਸ ਦੇ ਨਾਲ ਹੀ ਪੈਸੰਜਰਜ਼ ਨੂੰ ਵੀ ਕਾਫੀ ਤਕਲੀਫ ਹੋਏਗੀ। ਇਸ ਲਈ ਇਨ੍ਹਾਂ ਦੇ ਹੜਤਾਲ ਤੇ ਜਾਣ ਤੋਂ ਪਹਿਲਾਂ ਹੀ ਇਹ ਮਸਲਾ ਹੱਲ ਕਰ ਲੈਣਾ ਚਾਹੀਦਾ ਹੈ। ਅਗਰ ਮਜ਼ਦੂਰ ਖੁਸ਼ ਹੋਣਗੇ ਤਾਂ ਉਹ ਕੰਮ ਵੀ ਜ਼ਿਆਦਾ ਕਰਨਗੇ ਅਤੇ ਉਹ ਘਾਟੇ ਨੂੰ ਪੂਰਾ ਕਰਕੇ ਸਾਡੀ ਆਮਦਨ ਨੂੰ ਵਧਾ ਸਕਦੇ ਹਨ। ਇਨ ਪ੍ਰਿੰਸੀਪਲੀ ਉਹ ਕਹਿੰਦੇ ਹਨ ਕਿ ਪੈਨਸ਼ਨਾਂ ਬਾਰੇ ਪਹਿਲਾਂ ਹੀ ਮੰਨਿਆਂ ਗਿਆ ਹੈ। ਇਸ ਨੂੰ ਅਮਲੀ ਤੌਰ ਤੇ ਇੰਪਲੀਮੈਂਟ ਕਰ ਦੇਣਾ ਚਾਹੀਦਾ ਹੈ।

ਦੂਸਰੀਆਂ ਪੈਨਸ਼ਨਾਂ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਦੋ ਦੋ ਮਹੀਨੇ ਪੈਨਸ਼ਨਾਂ ਦੇਕੇ ਫਿਰ ਇਹ ਬੰਦ ਕਰ ਦਿੰਦੇ ਹਨ। ਇਸ ਲਈ ਚੌਧਰੀ ਸਾਹਿਬ ਨੂੰ ਕਹਾਂਗਾ ਕਿ ਪੈਸੇ ਇਸ ਲਈ ਬੈਂਕਾਂ ਵਿਚ ਜਮ੍ਹਾਂ ਕਰਾਉਣੇ ਚਾਹੀਦੇ ਹਨ। ਜ਼ਿਲ੍ਹਾ ਵੈਲਫੇਅਰ ਅਫਸਰ ਦੇ ਦਫਤਰਾਂ ਵਿਚ ਜਾਈਏ ਤਾਂ ਉਹ ਕਹਿੰਦੇ ਹਨ ਕਿ ਪੱਕੇ ਸਬੂਤ ਨਹੀਂ ਮਿਲਦੇ। ਅਗਰ ਲੜਕੀ ਬਾਲਗ ਹੋ ਜਾਏ ਤਾਂ ਪੈਨਸ਼ਨ ਬੰਦ ਹੋ ਜਾਂਦੀ ਹੈ। ਦੂਜੇ ਕੰਟਰੀਜ਼ ਵਿਚ ਬੁਢਿਆਂ ਵਾਸਤੇ, ਰਿਟਾਇਰਡ ਹੈਂਡਜ਼ ਵਾਸਤੇ

Original with;
Punjab Vidhan Sabha
Digitized by;
Panjab Digital Library

ਬਹੁਤ ਪਰਬੰਧ ਹੁੰਦਾ ਹੈ। ਇਨ੍ਹਾਂ ਨੂੰ ਆਪਣੇ ਸੋਰਸਿਜ਼ ਦੇ ਮੁਤਾਬਿਕ ਇਸ ਸਾਈਡ ਤੇ ਵੀ ਸੋਚਣਾ ਚਾਹੀਦਾ ਹੈ ਅਤੇ ਜਿੰਨੀ ਇਨ੍ਹਾਂ ਨੂੰ ਰਲੀਫ ਦਿੱਤੀ ਜਾ ਸਕਦੀ ਹੈ, ਉਹ ਦੇਣੀ ਚਾਹੀਦੀ ਹੈ।

ਕਾਰਪੋਰੇਸ਼ਨਾਂ ਅਤੇ ਬੋਰਡਾਂ ਦੇ ਸਿਲਸਿਲੇ ਵਿਚ ਸਾਡੀ ਸਰਕਾਰ ਨੇ ਮੰਨਿਆ ਹੈ ਕਿ 28 ਕਾਰਪੋਰੇਸ਼ਨ/ਬੋਰਡਾਂ ਵਿਚੋਂ 13 ਸਿਰਫ ਫਾਇਦੇ ਵਿਚ ਹਨ ਅਤੇ ਬਾਕੀ ਦੇ 15 ਵਿਚ ਘਾਟਾ ਪੈ ਰਿਹਾ ਹੈ। ਇਨ੍ਹਾਂ ਨੂੰ ਸਟ੍ਰੀਮਲਾਈਨ ਕਰਨ ਦੀ ਲੋੜ ਹੈ।

ਮੈਂ ਬੋਲਣਾ ਨਹੀਂ ਸੀ ਚਾਹੁੰਦਾ ਪਰ ਮਜਬੂਰ ਹੋ ਕੇ ਬੋਲ ਰਿਹਾ ਹਾਂ। ਸਾਡੇ ਪੰਜਾਬ ਐਸ.ਐਸ. ਐਸ. ਬੋਰਡ ਵਿਚ ਕਿੰਨੀ ਦੁਖ ਦੀ ਗੱਲ ਹੈ ਕਿ ਕਾਫੀ ਸਮਾਂ ਇੰਟਰਵੀਊਜ਼ ਹੋਏ ਨੂੰ ਹੋ ਜਾਂਦਾ ਹੈ ਪਰ ਰਿਜ਼ਲਟ ਨਹੀਂ ਕਢਿਆ ਜਾਂਦਾ। ਸਾਇੰਸ ਮਾਸਟਰਜ਼,ਮਿਸਟ੍ਰੈਸਿਜ਼ ਦੀ ਇੰਟਰਵੀਊਜ਼ ਹੋਈਆਂ ਨੂੰ ਸਵਾ ਸਾਲ ਹੋ ਗਿਆ ਹੈ, ਪਰ ਹਾਲੇ ਉਸ ਬਾਰੇ ਕੋਈ ਰਿਜ਼ਲਟ ਨਹੀਂ ਕਢਿਆ ਗਿਆ ਹੈ। ਜੇਕਰ ਇਸ ਸਿਲੈਕਸ਼ਨ ਬੋਰਡ ਵਿਚ ਕੋਈ ਕਿਸੇ ਥਾਂ ਤੇ ਨੁਕਸ ਹੈ ਤਾਂ ਉਸ ਨੂੰ ਦੂਰ ਕਰ ਲੈਣਾ ਚਾਹੀਦਾ ਹੈ। ਅਗਰ ਕੋਈ ਹਾਈ ਕੋਰਟ ਵਿਚ ਰਿੱਟ ਐਡਮਿਟ ਹੋ ਜਾਂਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਉਨ੍ਹਾਂ ਤੋਂ ਕੋਈ ਗਲਤੀ ਹੋਈ ਹੈ ਜਿਸ ਅਧਾਰ ਤੇ ਇਹ ਰਿੱਟ ਹਾਈ ਕੋਰਟ ਵਿਚ ਲਗ ਜਾਂਦੀ ਹੈ। ਇਸ ਨੂੰ ਵੀ ਸਟ੍ਰੀਮਲਾਈਨ ਕਰਨ ਦੀ ਲੋੜ ਹੈ। ਸਾਡੇ ਕਾਂਗਰਸੀ ਮੈਂਬਰਾਂ ਵਲੋਂ ਸਵਾਲ ਵੀ ਇਥੇ ਕੀਤੇ ਗਏ ਕਿ ਸਕੂਲ ਐਜੂਕੇਸ਼ਨ ਬੋਰਡ ਵਿਚ ਮਿਸ ਮਨੇਜਮੈਂਟ ਹੈ ਅਤੇ ਉਸ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ। ਪਰ ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਉਥੇ ਇਨਕੁਆਇਰੀ ਵਾਸਤੇ ਸਾਡੀ ਸਰਕਾਰ ਤਿਆਰ ਨਹੀਂ ਹੈ।

**ਵਿਦਿਆ ਮੰਤਰੀ** (ਸਰਦਾਰ ਹਰਚਰਨ ਸਿੰਘ ਅਜਨਾਲਾ): ਆਨ ਏ ਪੁਆਇੰਟ ਆਫ ਇੰਟਰਵੈਨਸ਼ਨ। ਇਸ ਸਿਲਸਿਲੇ ਵਿਚ ਕਾਫੀ ਵਿਚਾਰ ਕੀਤਾ ਗਿਆ ਹੈ। ਲਿਖਤੀ ਰੂਪ ਵਿਚ ਅਗਰ ਕੁਝ ਆਏਗਾ ਤਾਂ ਜ਼ਰੂਰ ਇਨਕੁਆਇਰੀ ਕੀਤੀ ਜਾਏਗੀ ਅਤੇ ਕਿਸੇ ਨੂੰ ਸ਼ੀਲਡ ਨਹੀਂ ਕੀਤਾ ਜਾਏਗਾ।

**ਮਾਸਟਰ ਬਾਬੂ ਸਿੰਘ**: ਇਹ ਇਫਸ ਐਂਡ ਬਟਸ ਲਗਾ ਰਹੇ ਹਨ। ਜੇਕਰ ਕੋਈ ਐਮ.ਐਲ. ਏ. ਲਿਖ ਕੇ ਦੇ ਦੇਵੇ ਤਾਂ ਇਹ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ। ਮੈਂ ਕਹਿੰਦਾ ਹਾਂ ਕਿ ਜੇਕਰ ਕੋਈ ਐਮ.ਐਲ.ਏ. ਸਾਹਿਬ ਹਾਊਸ ਵਿਚ ਬੋਲਦੇ ਹਨ ਤਾਂ ਕੀ ਉਹ ਸਫੀਸ਼ੈਂਟ ਨਹੀਂ ਹੈ? ਮੈਂ ਤਾਂ ਕਿਸੇ ਹੋਰ ਸਬਜੈਕਟ ਤੇ ਬੋਲ ਰਿਹਾ ਸੀ। ਇਹ ਤਾਂ ਪਾਸਿੰਗ ਰੈਫਰੈਂਸ ਹੈ। ਜੰਮੂ ਐਂਡ ਕਸ਼ਮੀਰ ਦੇ ਚੀਫ ਮਨਿਸਟਰ ਨੇ ਇੱਕ ਐਕਟ ਬਣਾ ਦਿੱਤਾ ਹੈ, ਜਿਹੜਾ ਅਸਲ ਮਾਨਿਆਂ ਵਿਚ ਲਗਦਾ ਹੈ ਕਿ ਜ਼ਰੂਰ ਕੁਰੱਪਸ਼ਨ ਨੂੰ ਰੂਟ ਆਊਟ ਕਰਨ ਵਿਚ ਹੈਲਪਫੁਲ ਹੋਏਗਾ। ਉਸ ਐਕਟ ਮੁਤਾਬਿਕ ਵਜ਼ੀਰ ਸਾਹਿਬਾਨ, ਐਮ.ਐਲ.ਏਜ਼. ਅਤੇ ਹਾਈ ਅਫਸਰ ਸਾਹਿਬਾਨ ਨੇ ਆਪਣੀਆਂ ਸਟੇਟ-ਮੈਂਟਸ ਆਫ ਪਰਾਪਰਟੀ ਸਬਮਿੱਟ ਕਰਨੀਆਂ ਹਨ (ਥੰਪਿੰਗ) ਇਥੇ ਵੀ ਕੁਰੱਪਸ਼ਨ ਦੂਰ ਹੋ ਸਕਦੀ ਹੈ ਜੇਕਰ ਸਾਡੇ ਵਜ਼ੀਰ ਸਾਹਿਬਾਨ, ਐਮ. ਐਲ. ਏ. ਸਾਹਿਬਾਨ ਔਰ ਹਾਈ ਅਫਸਰ ਸਾਹਿਬਾਨ ਜਿਨ੍ਹਾਂ ਨੇ ਜ਼ਮੀਨਾਂ ਦੱਬੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੀ ਇਨਕਮ ਬਹੁਤ ਹੈ, ਉਹ ਆਪਣੀਆਂ ਸਟੇਟਮੈਂਟ ਆਫ ਪਰਾਪਰਟੀ ਦਿਆ ਕਰਨ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਕੁਰੱਪਸ਼ਨ ਦੇ ਖਿਲਾਫ ਬੜਾ ਬੀੜਾ ਚੁਕਿਆ ਸੀ। ਇਨ੍ਹਾਂ ਨੂੰ ਚਾਹੀਦਾ ਹੈ ਕਿ ਜੰਮੂ ਐਂਡ ਕਸ਼ਮੀਰ ਦੀ ਤਰ੍ਹਾਂ ਇਥੇ ਵੀ ਉਹੋ ਜਿਹਾ ਹੀ ਐਕਟ ਲਿਆਉਣਾ ਚਾਹੀਦਾ ਹੈ ਅਤੇ ਪਾਸ ਕਰਨਾ ਚਾਹੀਦਾ ਹੈ। ਡਿਫੈਕ-ਸ਼ਨ ਕਰਕੇ ਨੈਸ਼ਨਲ ਪੱਧਰ ਤੇ ਕਰੈਕਟਰ ਵਿਚ ਗਿਰਾਵਟ ਆਈ ਹੈ। ਇਸ ਬੀਮਾਰੀ ਨੂੰ ਡਿਸਾਈ ਸਾਹਿਬ ਵੀ ਦੂਰ ਨਹੀਂ ਕਰ ਸਕੇ। ਹੁਣ ਕਾਂਗਰਸ ਸਰਕਾਰ ਵੀ ਡਿਫੈਕਸ਼ਨ ਬਾਰੇ ਕੁਝ ਨਹੀਂ ਕਰ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਰਹੀ। ਇਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਕੁਰੱਪਸ਼ਨ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ 20–25% ਕੁਰੱਪਸ਼ਨ ਤਾਂ ਰੈਗੂਲਰਾਈਜ਼ ਹੋ ਚੁੱਕੀ ਹੈ। ਜੇਕਰ ਕੁਰੱਪਸ਼ਨ ਨੂੰ ਰੋਕਣ ਵਾਸਤੇ ਸਾਡੀ ਸਰਕਾਰ ਸੀਰੀਅਸ ਹੈ ਤਾਂ ਇਨ੍ਹਾਂ ਨੂੰ ਕੁਰੱਪਸ਼ਨ ਨੂੰ ਰੋਕਣ ਦੇ ਸਿਲਸਿਲੇ ਵਿਚ ਇੱਕ ਹਾਈ ਪਾਵਰਡ ਕਮਿਸ਼ਨ ਬਨਾਉਣਾ ਚਾਹੀਦਾ ਹੈ, ਜਿਸ ਦਾ ਚੇਅਰਮੈਨ ਹਾਈ ਕੋਰਟ ਦੇ ਕਿਸੇ ਜੱਜ ਨੂੰ ਬਣਾਇਆ ਜਾਣਾ ਚਾਹੀਦਾ ਹੈ।

ਇੰਡਸਟ੍ਰੀਜ਼ ਦੇ ਸਿਲਸਿਲੇ ਵਿਚ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਲਈ ਬਹੁਤ ਘਟ ਪੈਸੇ ਰਖੇ ਗਏ ਹਨ। ਮੈਨੂਫੈਕਚਰਿੰਗ ਪਲਾਂਟ ਬਾਰੇ —

| | | |
|---|---|---|
| ਰਜਿਸਟ੍ਰਡ | ... | 6.20 |
| ਅਨ–ਰਜਿਸਟ੍ਰਡ | ... | 7.09 |
| ਕੁਲ | ... | 13.29 ਯੂਨਿਟਸ ਰਨ । |

ਇੰਡਸਟ੍ਰੀਅਲ ਆਮਦਨ ਬਹੁਤ ਘੱਟ ਹੈ। ਮੇਜਰ ਆਮਦਨੀ ਐਗਰੀਕਲਚਰ ਤੋਂ ਹੁੰਦੀ ਹੈ। ਇਸ ਦੇ ਨਾਲ ਹੀ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੀ ਬਿਜਲੀ ਨੰਗਲ ਫਰਟੇਲਾਈਜ਼ਰ ਪਲਾਂਟ ਨੂੰ ਜਾਂਦੀ ਹੈ। ਉਥੇ ਹੈਵੀ ਵਾਟਰ ਪਰੋਡਿਊਸ ਕੀਤਾ ਜਾਂਦਾ ਹੈ ਅਤੇ ਉਹ ਐਕਸਪੋਰਟ ਹੋ ਜਾਂਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਇਹ ਐਕਸਪੋਰਟ ਕਰਨ ਨਾਲ ਸਾਨੂੰ ਰੋਆਇਲਟੀ ਮਿਲਣੀ ਚਾਹੀਦੀ ਹੈ, ਜਿਸ ਨਾਲ ਕਿ ਸਟੇਟ ਐਕਸਚੇਕਰ ਵਿਚ ਵਾਧਾ ਹੋ ਜਾਏ। ਬਾਕੀ ਇਥੇ ਕੋਈ ਹੈਵੀ ਇੰਡਸਟਰੀ ਦਿਖਾਈ ਨਹੀਂ ਦਿੰਦੀ ਹੈ। ਸਾਡੀ ਸਟੇਟ ਨੂੰ ਅਗਰ ਇੰਡੀਆ ਪੱਧਰ ਤੇ ਦੇਖਿਆ ਜਾਏ ਤਾਂ ਪਤਾ ਲਗਦਾ ਹੈ ਕਿ ਇਥੇ 2–3% ਹੀ ਹੈਵੀ ਇੰਡਸਟਰੀ ਹੈ। ਸਾਨੂੰ ਹੈਵੀ ਇੰਡਸਟਰੀ ਲੈਣ ਵਾਸਤੇ ਲੜਣਾ ਚਾਹੀਦਾ ਹੈ। ਅਨਾਜ ਦੇ ਸਬੰਧ ਵਿਚ ਸੈਂਟ੍ਰਲ ਪੂਲ ਵਿਚ 50% ਹਿੱਸਾ ਪੰਜਾਬ ਦਿੰਦਾ ਹੈ। ਕਣਕ, ਚੌਲ ਅਤੇ ਕਪਾਹ ਨਰਮਾ ਆਦਿ ਅਸੀਂ ਸੈਂਟਰ ਨੂੰ ਦਿੰਦੇ ਹਾਂ। ਸਾਨੂੰ ਹੈਵੀ ਇੰਡਸਟਰੀ ਹੋਰ ਮਿਲਣੀ ਚਾਹੀਦੀ ਹੈ। ਸਾਡੀ ਨੈਸ਼ਨਲ ਗਰਾਸ ਪਰੋਡਿਊਸ ਬਹੁਤ ਹਾਇਰ ਹੈ। ਸਾਡਾ ਸਟੇਟ ਇੰਟਰਮੀਡੀਏਟਰੀ ਇੰਡਸਟ੍ਰੀਅਲ ਜ਼ੋਨ ਬਣਿਆ ਹੋਇਆ ਹੈ। ਸਾਨੂੰ ਹੈਵੀ ਇੰਡਸਟ੍ਰੀਜ਼ ਵਾਸਤੇ ਹੋਰ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮੈਂ ਸੀ.ਐਮ. ਸਾਹਿਬ ਨੂੰ ਅਤੇ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਲਾਈਟ ਵੈਹੀਕਲਜ਼ ਪਲਾਂਟ ਦਾ ਪਤਾ ਨਹੀਂ ਲਗਦਾ ਕਿ ਉਹ ਕਿਸ ਸਟੇਜ ਤੇ ਹੈ। ਉਸ ਨੂੰ ਜਲਦੀ ਲਾਇਆ ਜਾਣਾ ਚਾਹੀਦਾ ਹੈ। ਫਿਰ ਅੰਮ੍ਰਿਤਸਰ ਨੂੰ ਡਰਾਈ ਪੋਰਟ ਕਰਾਰ ਦੇਣ ਦਾ ਸਵਾਲ ਹੈ। ਇਸ ਵਲ ਧਿਆਨ ਦੇਣਾ ਚਾਹੀਦਾ ਹੈ ਤਾਕਿ ਡਰਾਈ ਫਰੂਟ ਅਤੇ ਸਬਜ਼ੀਆਂ ਆਦਿ ਐਕਸਪੋਰਟ ਹੋ ਸਕਣ। ਇਸ ਤਰ੍ਹਾਂ ਕਰਨ ਨਾਲ ਪੰਜਾਬੀਆਂ ਨੂੰ ਹੋਰ ਨਫਾ ਹੋਵੇਗਾ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਇੰਪਾਰਟੈਂਟ ਗਲ ਵੱਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਤੁਹਾਨੂੰ ਪਤਾ ਹੈ ਕਿ ਐਨਾ ਸਮਾਂ ਹੋ ਗਿਆ ਹੈ ਪਰ ਇਹ ਹਾਲਾਂ ਤਕ ਚੰਡੀਗੜ੍ਹ ਨੂੰ ਲੁਧਿਆਣਾ ਨਾਲ ਰੇਲਵੇ ਨਾਲ ਲਿੰਕ ਨਹੀਂ ਕਰ ਸਕੇ। ਫਿਰ ਗੋਇੰਦਵਾਲ ਫੋਕਲ ਪੁਆਇੰਟ ਵੀ ਬਣ ਗਿਆ ਹੈ, ਉਥੇ ਇੰਡਸਟਰੀ ਲਗਣੀ ਹੈ ਪਰ ਉਸ ਨੂੰ ਹਾਲਾਂ ਤਕ ਰੇਲਵੇ ਰਾਹੀਂ ਲਿੰਕ ਨਹੀਂ ਕੀਤਾ ਗਿਆ। ਇਨ੍ਹਾਂ ਨੂੰ ਸੈਂਟਰ ਨਾਲ ਰੇਲਵੇ ਮਨਿਸਟਰ ਨਾਲ ਗਲ ਬਾਤ ਕਰਕੇ ਪੰਜਾਬ ਵਿਚ ਰੇਲਵੇ ਲਾਈਨਾਂ ਦੀ ਜ਼ਿਆਦਾ ਫਲੀਟ ਲੈਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਇਰੀਗੇਸ਼ਨ ਐਂਡ ਇਲੈਕਟ੍ਰਿਸਿਟੀ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਪਾਸੇ ਸੌ ਪੈਸੇ ਵਿਚੋਂ ਛੇ ਪੈਸੇ ਰਖੇ ਗਏ ਹਨ। ਗਵਰਨਰ ਐਡਰੈਸ ਵਿਚ ਇਸ ਬਾਰੇ ਬਹੁਤ ਕੁਝ ਕਿਹਾ ਗਿਆ ਹੈ ਕਿ ਅਸੀਂ ਇਸ ਨੂੰ ਪਹਿਲ ਦਿੱਤੀ ਹੈ। ਪਰ ਇਸ ਬੱਜਟ ਵਿਚ ਸੌ ਪੈਸੇ ਵਿਚੋਂ ਛੇ ਪੈਸੇ ਇਸ ਵਾਸਤੇ ਰਖੇ ਗਏ ਹਨ । ਮੈਂ ਸਮਝਦਾ ਹਾਂ ਕਿ ਮੁਕੇਰੀਆਂ ਹਾਈਡਲ ਪ੍ਰਾਜੈਕਟ ਅਤੇ ਥੀਨ ਡੈਮ ਦੀ ਪ੍ਰੋਗਰੈਸ ਬਹੁਤ ਸਲੋ ਹੈ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਹੋਰ ਤੇਜ਼ ਕਰਨ ਦੀ ਖਾਤਰ ਉਪਰਾਲੇ ਕਰਨੇ ਚਾਹੀਦੇ ਹਨ। ਇਸ ਖਾਤਰ ਜੇ ਹੋਰ ਸਾਧਨ ਜੁਟਾਉਣ ਦੀ ਲੋੜ ਹੋਵੇ ਤਾਂ ਉਹ ਵੀ ਕਰਨੇ ਚਾਹੀਦੇ ਹਨ। ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਡੈਮਾਂ ਵਿਚ ਕੁਰੱਪਸ਼ਨ ਬਹੁਤ ਹੁੰਦੀ ਹੈ। ਇਸ ਬਾਰੇ ਵੀ ਕੁਝ ਕਰਨਾ ਚਾਹੀਦਾ ਹੈ। ਜੇ ਅਸੀਂ ਇਸ ਬਾਰੇ ਕੁਝ ਬੋਲਦੇ ਹਾਂ ਜਾਂ ਕੋਈ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ ਤਾਂ ਕੁਝ ਨਹੀਂ ਹੁੰਦਾ। ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਐਡੀਸ਼ਨਲ ਇਰੀਗੇਸ਼ਨ ਪੋਟੈਂਸ਼ੀਅਲ ਇਨ੍ਹਾਂ ਨੇ ਦੱਸੀ ਹੈ ਕਿ 1.46 ਲੱਖ ਹੈਕਟੇਅਰਜ਼ ਪਿਛਲੇ 3 ਸਾਲਾਂ ਵਿਚ ਹੋ ਗਈ ਹੈ। ਜੇ ਇਸ ਨੂੰ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਹ ਘਟੀ ਹੈ, ਵਧੀ ਨਹੀਂ। ਇਸ ਨੂੰ ਇਹ ਦੇਖ ਲੈਣ। ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

ਬਿਜਲੀ ਬਾਰੇ ਬਠਿੰਡਾ ਥਰਮਲ ਪਲਾਂਟ ਹੈ। ਮੈਂ ਇਸ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਬਠਿੰਡਾ ਥਰਮਲ ਪਲਾਂਟ ਦੀ ਜੈਨਰੇਸ਼ਨ ਸਟੈਪ ਅੱਪ ਹੋਈ ਹੈ। ਫਿਰ ਸ਼ਾਨਨ ਪ੍ਰੋਜੈਕਟ ਦੀ ਐਕਸਟੈਨਸ਼ਨ ਹੋਈ ਹੈ। ਮੈਂ ਕਹਾਂਗਾ ਕਿ ਇਸ ਤਰ੍ਹਾਂ ਇਹ ਬਿਜਲੀ ਦਾ ਮਸਲਾ ਹੱਲ ਨਹੀਂ ਹੋਣਾ । ਇਸ ਬਾਰੇ ਸਾਡੀ ਲੋੜ ਨੂੰ ਮੁੱਖ ਰੱਖਦੇ ਹੋਏ ਸਟੈਪਸ ਲੈਣੇ ਚਾਹੀਦੇ ਹਨ।ਥੀਨ ਡੈਮ ਜਿਹੜਾ ਹੈ ਇਹ ਸਾਡੀ ਛੇਵੀਂ ਪੰਜ ਸਾਲਾ ਪਲਾਨ ਦੇ ਵਿਚ ਨਜ਼ਰ ਨਹੀਂ ਆਉਂਦਾ । ਇਹ ਠੀਕ ਹੈ ਕਿ ਥੀਨ ਡੈਮ ਦੀ ਕਲੀਅਰੈਂਸ ਸੈਂਟਰ ਤੋਂ ਮਿਲ ਗਈ ਹੈ ਲੇਕਿਨ ਇਸ ਦੇ ਵਾਸਤੇ ਪੈਸੇ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਫਿਰ ਆਨੰਦਪੁਰ ਹਾਈਡਲ ਪ੍ਰਾਜੈਕਟ ਅਤੇ ਮੁਕੇਰੀਆਂ ਪ੍ਰਾਜੈਕਟ ਜੋ ਹਨ, ਇਹ ਜਸਟ ਲਾਈਕ ਫਨ ਹੈ। ਇਸ ਪਾਸੇ ਵੀ ਸਰਕਾਰ ਨੂੰ ਸੀਰੀਅਸ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਦੂਸਰੀਆਂ ਸਟੇਟਸ ਨਾਲ ਇੰਟਰ ਸਟੇਟਸ ਪ੍ਰਾਜੈਕਟਸ ਨਾਲ ਜਿਹੜੇ ਅਸੀਂ ਐਗਰੀਮੈਂਟ ਕਰਨੇ ਹਨ, ਉਹ ਇਨ੍ਹਾਂ ਨੂੰ ਕਰ ਲੈਣੇ ਚਾਹੀਦੇ ਹਨ। ਇਸ ਬਾਰੇ ਸਰਕਾਰ ਨੂੰ ਸੀਰੀਅਸ ਹੋ ਕੇ ਉਨ੍ਹਾਂ ਨਾਲ ਐਗਰੀਮੈਂਟ ਕਰ ਲੈਣੇ ਚਾਹੀਦੇ ਹਨ।

ਹੁਣ ਮੈਂ ਪਾਵਰ ਪਲਾਂਟ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਬਾਰੇ ਸਾਡੀ 15–20 ਸਾਲਾਂ ਦੀ ਡੀਮਾਂਡ ਰਹੀ ਹੈ। ਚੰਗੀ ਗਲ ਹੈ ਇਨ੍ਹਾਂ ਨੇ ਇਸ ਬਾਰੇ ਕੁਝ ਕੀਤਾ ਹੈ, ਇਸ ਬਾਰੇ ਮੈਂ ਕੁਝ ਸੁਝਾਓ ਦਿਆਂਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਕੈਨਾਲ ਦਾ ਫਾਲ ਹੁੰਦਾ ਹੈ ਉਥੋਂ ਬਿਜਲੀ ਮਿਲ ਸਕਦੀ ਹੈ। ਜਿਵੇਂ ਨਿਦਾਮਪੁਰ ਫਾਲ ਤੋਂ ਮਹਾਰਾਜਾ ਪਟਿਆਲਾ ਬਿਜਲੀ ਲੈਂਦਾ ਹੁੰਦਾ ਸੀ। ਇਨ੍ਹਾਂ ਨੂੰ ਵੀ ਇਸ ਤਰ੍ਹਾਂ ਰੀਸੋਰਸਿਜ਼ ਯੂਟੇਲਾਈਜ਼ ਕਰਨੇ ਚਾਹੀਦੇ ਹਨ। ਜਿਥੇ ਫਾਲ ਜ਼ਿਆਦਾ ਹੋਵੇ ਉਥੇ ਬਿਜਲੀ ਜ਼ਿਆਦਾ ਪੈਦਾ ਹੋ ਸਕਦੀ ਹੈ ਅਤੇ ਇਸ ਤਰ੍ਹਾਂ ਉਥੋਂ 5-7 ਕਿਲੋਮੀਟਰ ਦੇ ਫਾਸਲੇ ਤੱਕ ਸਰ ਸਕਦਾ ਹੈ। ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਹੁਣ ਮੈਂ ਲਾਅ ਐਂਡ ਆਰਡਰ ਦੀ ਗਲ ਕਰਨਾ ਚਾਹੁੰਦਾ ਹਾਂ । ਕੋਈ 25 ਦੇ ਕਰੀਬ ਬੰਬ ਧਮਾਕੇ ਹੋਏ ਹਨ। ਕੋਈ 200 ਦੇ ਕਰੀਬ ਸਿੱਖ ਅਤੇ ਹਿੰਦੂ ਮਾਰੇ ਗਏ ਹਨ। ਫਿਰ ਨਿਰੰਕਾਰੀ ਮਾਰੇ ਗਏ ਹਨ। ਇਸ ਦੇ ਨਾਲ ਹੀ ਪੁਲਿਸ ਇਨਸਪੈਕਟਰ, ਹੈਡ ਕਾਂਸਟੇਬਲ ਅਤੇ ਸਿਪਾਹੀ ਵੀ ਮਾਰੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਗਏ ਹਨ। ਇਸ ਪਾਸੇ ਸਰਕਾਰ ਦੀ ਢਿੱਲ ਨਜ਼ਰ ਆਉਂਦੀ ਹੈ। ਐਡਮਨਿਸਟਰੇਸ਼ਨ ਵੈਲ ਕੰਟਰੋਲਡ ਨਹੀਂ ਹੈ। ਇਹ ਕੁਝ ਲੂਜ਼ ਹੈ। ਫਿਰ ਰੈਡਟੇਪੇਜ਼ਮ ਆ ਜਾਂਦੀ ਹੈ। ਸਾਡੇ ਸੀ.ਐਮ. ਕੁਝ ਆਰਡਰ ਕਰ ਦਿੰਦੇ ਹਨ ਪਰ ਉਨ੍ਹਾਂ ਉਤੇ ਕੋਈ ਫਾਲੋ ਅੱਪ ਐਕਸ਼ਨ ਨਹੀਂ ਹੁੰਦਾ। ਮੇਰੇ ਨੋਟਿਸ ਵਿਚ ਹੈ ਕਿ ਸੀ.ਐਮ. ਨੇ ਪਿਛੇ 3-4 ਆਰਡਰ ਕੀਤੇ, ਪਰ ਉਨ੍ਹਾਂ ਉਤੇ ਕੋਈ ਐਕਸ਼ਨ ਨਹੀਂ ਹੋਇਆ। ਜਿਹੜਾ ਵੀ ਸੈਲ ਕਾਇਮ ਕੀਤਾ ਹੈ ਉਸ ਨੂੰ ਉਨ੍ਹਾਂ ਉਤੇ ਫਾਲੋ ਅੱਪ ਐਕਸ਼ਨ ਲੈਣਾ ਚਾਹੀਦਾ ਹੈ ਅਤੇ ਪਤਾ ਕਰਨਾ ਚਾਹੀਦਾ ਹੈ ਕਿ ਅਜਿਹੇ ਆਰਡਰਾਂ ਦਾ ਕੀ ਬਣਿਆ। ਇਸ ਨੂੰ ਟੋਨ ਅੱਪ ਕਰਨ ਦੀ ਬਹੁਤ ਜ਼ਰੂਰਤ ਹੈ।

ਕੁਝ ਇਨ੍ਹਾਂ ਦੀ ਪਾਰਟੀ ਵਾਲਿਆਂ ਨੇ ਇਲਜ਼ਾਮ ਲਗਾਏ ਸਨ। ਪਤਾ ਨਹੀਂ ਉਹ ਕਿਥੋਂ ਤਕ ਠੀਕ ਹਨ ਮਗਰ ਸੀ.ਐਮ. ਨੇ ਕਿਹਾ ਕਿ ਠੀਕ ਨਹੀਂ ਹਨ। ਸਰਦਾਰ ਸਵਰਨ ਸਿੰਘ ਅਤੇ ਸਰਦਾਰ ਅਮਰਿੰਦਰ ਸਿੰਘ ਅਕਾਲੀਆਂ ਦੇ ਡਿਸਪਿਊਟ ਨੂੰ ਹਲ ਕਰਨ ਬਾਰੇ ਕੋਸ਼ਿਸ਼ ਕਰਦੇ ਰਹੇ ਪਰ ਸਾਡੀ ਸਰਕਾਰ ਨੇ ਇਸ ਵਿਚ ਸੈਬੋਟੇਜ ਕੀਤਾ। ਮੈਂ ਆਪਣੀ ਪਾਰਟੀ ਵਲੋਂ ਕਹਾਂਗਾ ਕਿ ਪੰਜਾਬ, ਰਾਜਿਸਥਾਨ ਅਤੇ ਹਰਿਆਣਾ ਤਿੰਨੇ ਸਟੇਟਾਂ ਵਿਚ ਕਾਂਗਰਸ ਦੇ ਚੀਫ਼ ਮਨਿਸਟਰ ਹਨ। ਇਹ ਤਿੰਨੇ ਜਣੇ ਪ੍ਰਾਈਮ ਮਨਿਸਟਰ ਕੋਲ ਬੈਠ ਕੇ ਗਿਵ ਐਂਡ ਟੇਕ ਵਾਲੀ ਕੋਈ ਪਾਲਿਸੀ ਬਣਾਕੇ ਇਸਦਾ ਜਿੰਨੀ ਛੇਤੀ ਹੋ ਸਕੇ ਹੱਲ ਲੱਭਣ ਦੀ ਕੋਸ਼ਿਸ਼ ਕਰਨ ਨਹੀਂ ਤਾਂ ਹਾਲਾਤ ਹੋਰ ਵਿਗੜਨਗੇ, ਇਹ ਸੁਧਰਨੇ ਨਹੀਂ।

ਸਾਡੀ ਸਰਕਾਰ ਬੜਾ ਕਲੇਮ ਕਰਦੀ ਹੈ ਕਿ ਅਸੀਂ ਕਲਪ੍ਰਿਟਸ ਆਈਡੈਂਟੀਫਾਈ ਕਰ ਲਏ ਹਨ। ਜੇ ਇਨ੍ਹਾਂ ਨੇ ਆਈਡੈਂਟੀਫਾਈ ਕਰ ਲਏ ਹਨ ਤਾਂ ਫਿਰ ਉਹ ਅਰੇਸਟ ਕਿਉਂ ਨਹੀਂ ਹੁੰਦੇ? ਅਰੇਸਟ ਵਿਚ ਕੀ ਹਿੰਡਰੈਂਸ ਹੈ? ਉਹ ਅਰੇਸਟ ਕਿਉਂ ਨਹੀਂ ਹੋ ਰਹੇ? ਜੇ ਸਾਰੇ ਗੁਰਦਵਾਰੇ ਵਿਚ ਬੈਠੇ ਹਨ ਤਾਂ ਉਹ ਬਾਹਰ ਵੀ ਤਾਂ ਨਿਕਲਦੇ ਹੋਣਗੇ। ਫਿਰ ਉਹ ਪਾਸ-ਪੋਰਟ ਬਣਾਕੇ ਬਾਹਰ ਵੀ ਚਲੇ ਜਾਂਦੇ ਹਨ। ਉਹ ਉਥੋਂ ਬਾਹਿਰ ਕਿਸ ਤਰ੍ਹਾਂ ਚਲੇ ਜਾਂਦੇ ਹਨ? ਮੈਂ ਸੁਝਾਓ ਦਿਆਂਗਾ ਕਿ ਪਰਾਸੀਕਿਊਸ਼ਨ ਬ੍ਰਾਂਚ ਜਿਹੜੀ ਹੈ ਉਹ ਇਨਫਰਮ ਕੇਸ ਬਣਾਉਂਦੀ ਹੈ ਅਤੇ ਇਸ ਵਾਸਤੇ ਮੈਜਾਰਿਟੀ ਆਫ ਦੀ ਕੇਸਿਜ਼ ਫੇਲ੍ਹ ਹੋਏ ਹਨ। ਉਨ੍ਹਾਂ ਨੂੰ ਬਕਾਇਦਾ ਪੁੱਲ ਅੱਪ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਇੰਟੈਲੀਜੈਂਸੀਆ, ਪਰਾਸੀਕਿਊਸ਼ਨ ਅਤੇ ਪੁਲਿਸ ਨੂੰ ਟੋਨ-ਅੱਪ ਕਰਨਾ ਚਾਹੀਦਾ ਹੈ ਤਾਂ ਸਾਡੇ ਪੰਜਾਬ ਦੇ ਹਾਲਾਤ ਠੀਕ ਹੋ ਸਕਦੇ ਹਨ। ਇਨ੍ਹਾਂ ਵਿਚ ਬੜੀ ਢਿੱਲ ਹੈ। ਥੱਲੇ ਲੈਵਲ ਤੇ ਖਾਸ ਕਰਕੇ ਸਿਪਾਹੀਆਂ ਅਤੇ ਥਾਣੇਦਾਰਾਂ ਵਿਚ ਬੜੀ ਡਿਸਕਟੈਂਟਮੈਂਟ ਹੈ। ਉਨ੍ਹਾਂ ਦੀ ਇਹ ਡਿਸਕਟੈਂਟਮੈਂਟ ਦੂਰ ਕਰਨੀ ਚਾਹੀਦੀ ਹੈ।

ਸਾਡੀ ਸਰਕਾਰ ਨੇ ਆਰਮਜ਼ ਦੇ ਲਾਈਸੈਂਸ ਦੇਣੇ ਬੰਦ ਕੀਤੇ ਹਨ। ਪਰ ਇਸ ਦੇ ਬਾਵਜੂਦ ਵੀ 13,600 ਲਾਈਸੈਂਸ ਇਕੱਲੇ ਫਰੀਦਕੋਟ ਡਿਸਟ੍ਰਿਕਟ ਵਿਚ ਦਿਤੇ ਗਏ ਹਨ। ਕੀ ਇਹ ਐਸ.ਐਸ. ਮਾਨ ਦੇ ਵੇਲੇ ਤੇ ਤਾਂ ਨਹੀਂ ਦਿੱਤੇ ਗਏ? ਜਾਂ ਫਿਰ ਕਾਂਗਰਸ ਪਾਰਟੀ ਨੇ ਜ਼ਿਮਨੀ ਇਲੈਕਸ਼ਨ ਲੜਨ ਵੇਲੇ ਉਥੇ ਦਿੱਤੇ ਹੋਣਗੇ? ਜਦ ਸਰਕਾਰ ਦੀ ਪਲਾਨਿੰਗ ਸੀ ਕਿ ਅਸੀਂ ਆਰਮਜ਼ ਲਾਈਸੈਂਸ ਨਹੀਂ ਦੇਣੇ ਤਾਂ ਉਸ ਦੇ ਬਾਵਜੂਦ ਵੀ ਇਕੱਲੇ ਫਰੀਦਕੋਟ ਡਿਸਟ੍ਰਿਕਟ ਵਿਚ ਐਨੇ ਲਾਈਸੈਂਸ ਦਿੱਤੇ ਗਏ ਹਨ। ਫਿਰ ਮੈਂ ਇਹ ਕਹਾਂਗਾ ਕਿ ਇਹ ਜਿਹੜੇ ਐਨੇ ਲਾਈਸੈਂਸ ਹੋਲਡਰ ਹਨ, ਕੀ ਇਹ ਫਰੀਦਕੋਟ ਵਿਚ ਹੀ ਰਹਿੰਦੇ ਹਨ ਜਾਂ ਕਿ ਮੋਟਰ ਸਾਈਕਲ ਤੇ ਚੜ੍ਹਕੇ ਜਿਹੜੇ ਗੋਲੀਆਂ ਮਾਰ ਰਹੇ ਹਨ, ਇਸ ਦੀ ਇਹ ਪੜਤਾਲ ਕਰਵਾ ਲੈਣ। ਇਸ ਪਾਸੇ ਖਾਸ ਧਿਆਨ ਦੇਣ ਦੀ ਲੋੜ ਹੈ। ਇਸ ਪਾਸੇ ਸਕਰੀਨਿੰਗ ਕਰਨ ਦੀ ਲੋੜ ਹੈ। ਕਮਿਊਨਲ ਫੋਰਸਿਜ਼ ਦੇ ਡੇ-ਟੂਡੇ ਹੌਂਸਲੇ ਵਧਦੇ ਜਾ

Original with;
Punjab Vidhan Sabha
Digitized by;
Panjab Digital Library

ਰਹੇ ਹਨ, ਉਨ੍ਹਾਂ ਨੂੰ ਕਾਬੂ ਕਰਨਾ ਚਾਹੀਦਾ ਹੈ। ਮੈਂ ਇਹ ਵੀ ਕਹਾਂਗਾ ਕਿ ਕਮਿਊਨਲ ਐਲੀਮੈਂਟ ਦੇ ਖਿਲਾਫ ਸਾਡੀ ਪਾਰਟੀ ਦਾ ਸਟੈਂਡ ਬੜਾ ਕਲੀਅਰ ਰਿਹਾ ਹੈ। ਜਿਹੜੇ ਕਮਿਊਨਲ ਐਲੀਮੈਂਟ ਗੜਬੜੀ ਪੈਦਾ ਕਰਦੇ ਹਨ, ਉਨ੍ਹਾਂ ਨੂੰ ਬੜੇ ਸਖਤ ਹੱਥਾਂ ਨਾਲ ਲੈਣਾ ਚਾਹੀਦਾ ਹੈ। ਕਿਸੇ ਐਸ.ਐਸ. ਪੀ. ਨੂੰ ਬਦਲ ਦੇਣਾ ਹੀ ਇਸ ਮਸਲੇ ਦਾ ਹੱਲ ਨਹੀਂ ਹੈ। ਜੇ ਉਸ ਅਫਸਰ ਨੇ ਆਪਣੀ ਡਿਊਟੀ ਤੋਂ ਕੁਤਾਹੀ ਕੀਤੀ ਹੈ ਤਾਂ ਉਸ ਨੂੰ ਜ਼ਰੂਰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ । ਇਸ ਤੋਂ ਅੱਗੇ ਮੈਂ ਕੰਡੀ ਏਰੀਏ ਦਾ ਮਸਲਾ ਹਾਊਸ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਉਥੇ ਕੈਨਟੋਨਮੈਂਟ ਬਣਾਉਣ ਲਈ 7 ਹਜ਼ਾਰ ਏਕੜ ਦਾ ਏਰੀਆ ਲੈਣਾ ਹੈ। ਕੰਡੀ ਏਰੀਆ ਵੈਲਫੇਅਰ ਐਸੋਸੀਏਸ਼ਨ ਵੱਲੋਂ ਇਸ ਸਬੰਧ ਵਿਚ ਕੋਈ ਰਿਪਰੈਜ਼ੈਂਟੇਸ਼ਨ ਵੀ ਦਿੱਤੀ ਹੋਈ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਉਨ੍ਹਾਂ ਦੀ ਬੇਨਤੀ ਤੇ ਗੌਰ ਕਰਕੇ ਉਨ੍ਹਾਂ ਨੂੰ ਇਨਸਾਫ ਦਿਵਾਉਣ।

At page 28 of the speech of the Finance Minister, it is written :

> A project for constructing mini- Secretariat in Sector—9 at Chandigarh at the cost of Rs. 3.35 crores has also been taken in hand.

ਸਪੀਕਰ ਸਾਹਿਬ, ਇਹ ਗੱਲ ਬੜੀ ਹਾਸੋਹੀਣੀ ਹੈ ਕਿ ਇਕ ਪਾਸੇ ਤਾਂ ਅਸੀਂ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਵਾਉਣ ਵਾਸਤੇ ਲੜਾਈ ਲੜ ਰਹੇ ਹਾਂ ਅਤੇ ਮੇਰਾ ਖਿਆਲ ਹੈ ਕਿ ਕੋਈ ਵੀ ਪਾਰਟੀ ਇਸ ਕਲੇਮ ਨੂੰ ਡਿਸਓਨ ਨਹੀਂ ਕਰਦੀ ਕਿ ਚੰਡੀਗੜ੍ਹ ਸਾਡਾ ਹੈ, ਪਰ ਇਸ ਦੇ ਬਾਵਜੂਦ ਇਹ ਸੈਕਟਰੀਏਟ ਬਣਾਇਆ ਜਾ ਰਿਹਾ ਹੈ। ਚੰਡੀਗੜ੍ਹ ਲੈਣ ਵਾਸਤੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਅਤੇ ਜੇ ਇਸ ਕੋਸ਼ਿਸ਼ ਵਿਚ ਅਸੀਂ ਕਾਮਯਾਬ ਹੋ ਜਾਂਦੇ ਹਾਂ ਤਾਂ ਇਥੋਂ ਦੀਆਂ ਸਾਰੀਆਂ ਬਿਲਡਿੰਗਾਂ ਆਪਣੇ ਆਪ ਸਾਡੇ ਕੋਲ ਆ ਜਾਂਦੀਆਂ ਹਨ। ਮੈਂ ਸਮਝਦਾ ਹਾਂ ਕਿ ਅਜਿਹੇ ਹਾਲਾਤ ਵਿਚ ਇਹ ਸੈਕਟਰੀਏਟ ਬਣਾਉਣਾ ਕੋਈ ਜਸਟੀਫਾਈਡ ਨਹੀਂ ਹੈ। ਖਰਚੇ ਦੇ, ਮੁਤੱਲਿਕ ਹੀ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਐਡਰੈਸ ਵਿਚ ਵੀ ਅਤੇ ਵਿੱਤ ਮੰਤਰੀ ਦੀ ਸਪੀਚ ਵਿਚ ਵੀ ਇਹ ਦਸਿਆ ਗਿਆ ਹੈ ਕਿ ਸਰਕਾਰ ਦਾ ਖਰਚਾ ਬਹੁਤ ਹੋਇਆ । ਪਰ ਇਹ ਖਰਚਾ ਹੋਇਆ ਕਿਉਂ ? ਇਸ ਕਰਕੇ ਕਿ ਕਈ ਫਜ਼ੂਲ ਕੰਮਾਂ ਉਤੇ ਖਰਚਾ ਕੀਤਾ ਗਿਆ । ਮੈਂ ਇਕ ਮਿਸਾਲ ਦਿੰਦਾ ਹਾਂ ਕਿ ਭਿੰਡਰਾਂਵਾਲੇ ਨੂੰ ਹਰਿਆਣੇ ਵਿਚ ਜਾ ਕੇ ਫੜਨ ਲਈ ਪੁਲਿਸ ਭੇਜੀ ਗਈ ਜਦਕਿ ਉਸ ਨੂੰ ਚੋਕ ਮਹਿਤਾ ਵਿਚੋਂ ਹੀ ਫੜਿਆ ਜਾ ਸਕਦਾ ਸੀ। ਇਸ ਤਰ੍ਹਾਂ ਲੱਖਾਂ ਰੁਪਏ ਖਰਚ ਕੀਤੇ ਗਏ। ਇਹ ਬੜੇ ਦੁੱਖ ਦੀ ਗੱਲ ਹੈ ਕਿ ਗੁਰਦੁਆਰਾ ਸਾਹਿਬ ਵਿਚ ਬੰਬ ਧਮਾਕੇ ਹੁੰਦੇ ਹਨ ਪਰ ਉਥੇ ਕਿਸੇ ਅਫਸਰ ਨੂੰ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਅਤੇ ਫਿਰ ਮਰਨ ਵਾਲਿਆਂ ਦਾ ਪੋਸਟ ਮਾਰਟਮ ਵੀ ਆਪ ਹੀ ਕਰ ਦਿੱਤਾ ਜਾਂਦਾ ਹੈ। ਅਜਿਹੇ ਧਮਾਕਿਆਂ ਵਿਚ ਮਰਨ ਵਾਲਿਆਂ ਦੀ ਮੌਤ ਭੇਦਭਰੀ ਹਾਲਤ ਵਿਚ ਹੁੰਦੀ ਹੈ ਅਤੇ ਗੌਰਮਿੰਟ ਦੀ ਇਹ ਪਾਲਿਸੀ ਹੈ ਕਿ ਜਿਥੇ ਡਾਊਟ ਹੋਵੇ, ਉਥੇ ਪੋਸਟ ਮਾਰਟਮ ਸਾਡੀ ਸਰਕਾਰ ਆਪ ਕਰਵਾਏਗੀ। ਸਾਡੀ ਸਰਕਾਰ ਕਿਉਂ ਆਪਣੇ ਆਪ ਇਨਐਫੀਸ਼ੈਂਟ ਬਣਦੀ ਹੈ ? ਕੁਝ ਆਦਮੀ ਸਰਕਾਰ ਨੇ ਫੜ ਵੀ ਲਏ, ਪਰ ਬਾਦ ਵਿਚ ਉਹ ਵੀ ਬਰੀ ਹੋ ਗਏ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਅਜਿਹੇ ਕੇਸਾਂ ਵਿਚ ਮਜ਼ਬੂਤ ਸਟੈਂਡ ਲੈਣਾ ਚਾਹੀਦਾ ਹੈ। ਹੁਣ ਅੰਮ੍ਰਿਤਸਰ ਵੱਲ ਹੀ ਵੇਖ ਲਓ। ਅਜਨਾਲਾ ਸਾਹਿਬ ਅਤੇ ਲੱਖਾ ਸਿੰਘ ਜੀ ਦੇ ਘਰਾਂ ਤੇ ਬੰਬ ਸੁੱਟੇ ਗਏ ਪਰ ਪਤਾ ਕੁਝ ਨਹੀਂ ਲੱਗਾ। ਜਿਸ ਦਿਨ ਇਹ ਕੋਈ ਅਮਨੋ-ਅਮਾਨ ਦੀ ਸਟੇਟਮੈਂਟ ਦਿੰਦੇ ਹਨ, ਉਸ ਦੇ 1-2 ਦਿਨਾਂ ਦੇ ਅੰਦਰ ਅੰਦਰ ਹੀ ਕੋਈ ਬੰਬ ਧਮਾਕਾ ਹੋ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਇਸ ਤੋਂ ਅੱਗੇ ਮੈਂ ਡਿਵੈਲਪਮੈਂਟ ਮਨਿਸਟਰ ਨੂੰ ਵਧਾਈ ਦਿੱਤੇ ਬਗੈਰ ਨਹੀਂ ਰਹਿ ਸਕਦਾ। ਉਨ੍ਹਾਂ ਨੇ ਡੇਰੀ ਫਾਰਮਿੰਗ ਵਰਗੀਆਂ ਕਈ ਅੱਛੀਆਂ ਸਕੀਮਾਂ ਚਲਾਈਆਂ ਹਨ। ਗੱਲੀਆਂ ਨਾਲੀਆਂ ਪੱਕੀਆਂ ਕਰਨ ਦੇ ਸਬੰਧ ਵਿਚ ਮੈਂ ਇਹ ਗੱਲ ਕਹਾਂਗਾ ਕਿ ਜਿਥੇ ਵੀ ਇਹ ਕੰਮ ਸ਼ੁਰੂ ਕੀਤਾ ਜਾਵੇ, ਉਥੇ ਪਾਣੀ ਦੀ ਡਿਸਪੋਜ਼ਲ ਨੂੰ ਧਿਆਨ ਵਿਚ ਰੱਖ ਕੇ ਹੀ ਇਹ ਕੀਤਾ ਜਾਵੇ। ਪਾਣੀ ਦੇ ਨਿਕਾਸ ਨੂੰ ਮੱਦੇਨਜ਼ਰ ਰੱਖੇ ਬਗੈਰ ਜੇ ਇਹ ਕੰਮ ਕੀਤਾ ਜਾਵੇ ਤਾਂ ਉਥੇ ਛੱਪੜਾਂ ਵਰਗੀ ਹੀ ਹਾਲਤ ਹੋ ਜਾਵੇਗੀ। ਰੰਧਾਵਾ ਸਾਹਿਬ ਨੂੰ ਮੈਂ ਇਕ ਹੋਰ ਗੱਲ ਪਸ਼ੂਆਂ ਦੀ ਫੀਡ ਦੇ ਬਾਰੇ ਕਹਿਣੀ ਚਾਹਵਾਂਗਾ। ਮੈਂ ਇਕ ਦੋ ਵਾਰ ਪਹਿਲਾਂ ਵੀ ਇਸ ਬਾਰੇ ਅਰਜ਼ ਕੀਤੀ ਸੀ ਕਿ 25 ਤੋਂ 117 ਬੋਰੀ ਦੇ ਹਿਸਾਬ ਨਾਲ ਬਾਜ਼ਾਰ ਵਿਚ ਮਿਲਦੀ ਹੈ। ਤੁਸੀਂ ਵੇਖੋ ਕਿ ਜਿਹੜੀ 25 ਰੁਪਏ ਵਾਲੀ ਬੋਰੀ ਹੈ, ਉਸ ਨੇ ਪਸ਼ੂਆਂ ਦੀ ਸਿਹਤ ਕੀ ਸੁਧਾਰਨੀ ਹੈ, ਉਸ ਨੇ ਤਾਂ ਪਸ਼ੂਆਂ ਦੇ ਸਗੋਂ ਬਣ ਹੀ ਖਰਾਬ ਕਰਨੇ ਹਨ। ਜਿਸ ਤਰ੍ਹਾਂ ਲੁਧਿਆਣੇ ਵਿਚ ਛਾਪੇ ਮਾਰ ਕੇ ਖਰਾਬ ਫਰਟੇਲਾਈਜ਼ਰ ਫੜੀ ਗਈ ਹੈ, ਇਸੇ ਤਰ੍ਹਾਂ ਹੀ ਖਰਾਬ ਫੀਡ ਵੇਚਣ ਵਾਲਿਆਂ ਨੂੰ ਵੀ ਫੜਨਾ ਚਾਹੀਦਾ ਹੈ ਅਤੇ ਜਿਹੜੇ ਲੋਕ ਸਬ-ਸਟੈਂਡਰਡ ਫੀਡ ਵੇਚਦੇ ਹਨ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਦੁੱਧ ਦਾ ਮਸਲਾ ਤਾਂ ਹੀ ਹਲ ਹੋ ਸਕਦਾ ਹੈ, ਜੇਕਰ ਪਸ਼ੂਆਂ ਦੀ ਖੁਰਾਕ ਠੀਕ ਹੋਵੇ। ਇਸੇ ਤਰ੍ਹਾਂ ਮੂੰਹ-ਖੁਰ ਅਤੇ ਗਲ-ਘੋਟੂ ਬਿਮਾਰੀਆਂ ਦੇ ਇੰਜੈਕਸ਼ਨ ਸਬਸਿਡਾਈਜ਼ਡ ਰੇਟ ਤੇ ਸਪਲਾਈ ਨਹੀਂ ਕੀਤੇ ਜਾ ਰਹੇ। ਇਹ ਸਪਲਾਈ ਕੀਤੇ ਜਾਣੇ ਚਾਹੀਦੇ ਹਨ। ਇਹ ਖੁਸ਼ੀ ਦੀ ਗੱਲ ਹੈ ਕਿ ਹਲਕੇ ਕੁੱਤਿਆਂ ਦੇ ਟੀਕੇ ਪਹਿਲਾਂ ਹਰਿਆਣੇ ਤੋਂ ਲਿਆਉਣੇ ਪੈਂਦੇ ਸਨ, ਹੁਣ ਪੰਜਾਬ ਵਿਚ ਹੀ ਬਣਨ ਲਗ ਪਏ ਹਨ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇਕ ਹੋਰ ਕੇਸ ਹੈ। ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ। ਇਸ ਕੇਸ ਵਿਚ ਮਹੀਨਾ ਸਵਾ ਮਹੀਨਾ ਹੋ ਗਿਆ ਹੈ, ਇਕ ਆਦਮੀ ਟੈਕਸੀ ਸਟੈਂਡ ਤੋਂ ਟੈਕਸੀ ਲੈ ਕੇ ਆਉਂਦਾ ਹੈ ਪਰ ਬਾਦ ਵਿਚ ਮੁੰਡੇ ਨੂੰ ਡਾਜ ਦੇ ਕੇ ਗੱਡੀ ਭਜਾ ਲੈ ਜਾਂਦਾ ਹੈ। ਉਹ ਆਦਮੀ ਪੜ੍ਹਿਆ ਲਿਖਿਆ ਵੀ ਹੈ। ਇਸ ਮਾਮਲੇ ਵਿਚ ਕੁਝ ਵੀ ਨਹੀਂ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਬੜਾ ਵੱਡਾ ਕੇਸ ਹੈ। ਉਹ ਆਦਮੀ ਬਰਨਾਲੇ ਦੇ 8--10 ਆਦਮੀਆਂ ਦੇ ਸਾਹਮਣੇ ਗੱਡੀ ਭਜਾ ਕੇ ਲੈ ਜਾਂਦਾ ਹੈ ਅਤੇ ਫਿਰ ਗੱਡੀ ਲਿਆ ਕੇ, ਆ ਕੇ ਕਹਿੰਦਾ ਹੈ ਕਿ ਮੇਰਾ ਤਾਂ ਕੋਈ ਕਨਸਰਨ ਹੀ ਨਹੀਂ ਹੈ। ਉਹ ਆਦਮੀ ਕਿਸੇ ਬੈਂਕ ਵਿਚ ਮੁਲਾਜ਼ਮ ਹੈ। ਉਥੇ ਜਾ ਕੇ ਉਸ ਨੇ ਆਪਣੀ ਹਾਜ਼ਰੀ ਭਰ ਦਿੱਤੀ। ਇਸ ਸਬੰਧ ਵਿਚ ਸੋਮ ਜੀ ਅਤੇ ਪੱਖੋ ਸਾਹਿਬ ਮਿਲ ਕੇ ਵੀ ਆਏ ਸਨ। ਬਰਨਾਲੇ ਜਾ ਕੇ ਇਸ ਕੇਸ ਦੀ ਜ਼ਰੂਰ ਇਨਕੁਆਰੀ ਕਰਨੀ ਚਾਹੀਦੀ ਹੈ। ਜੇ ਕਿਸੇ ਦੀ ਕਿਤੇ ਹਾਜ਼ਰੀ ਪਈ ਹੋਈ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਲੈਣਾ ਚਾਹੀਦਾ ਕਿ ਉਸ ਨੇ ਕੋਈ ਕਸੂਰ ਨਹੀਂ ਕੀਤਾ। ਹਾਜ਼ਰੀ ਤਾਂ ਗਲਤ ਵੀ ਲਗ ਸਕਦੀ ਹੈ। ਇਸ ਕੇਸ ਵਿਚ ਬੜੀ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਮੈਂ ਸਮਝਦਾ ਹਾਂ ਕਿ ਡਿਸਪੈਂਸਰੀਆਂ ਖੋਲ੍ਹਣ ਵੇਲੇ ਪੋਲੀਟੀਕਲੀ ਨਹੀਂ ਸੋਚਣਾ ਚਾਹੀਦਾ। ਇਸ ਵਿਚ ਸਰਕਾਰ ਨੇ ਬਹੁਤ ਉਘਾ ਰੋਲ ਅਦਾ ਕਰਨਾ ਹੈ। ਜਿੱਥੇ ਜ਼ਿਆਦਾ ਜ਼ਰੂਰਤ ਹੋਵੇ, ਉਥੇ ਹੀ ਡਿਸਪੈਂਸਰੀ ਜਾਂ ਹਸਪਤਾਲ ਖੋਲ੍ਹਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਕੁਝ 3-4 ਕੁਰੱਪਸ਼ਨ ਦੇ ਕੇਸ ਹਨ। 20 ਪੁਆਇੰਟ ਪ੍ਰੋਗਰਾਮ ਅਤੇ ਪੰਜਾਬ ਦੀ ਸਰਪਲੱਸ ਜ਼ਮੀਨ ਦੇ ਬਾਰੇ ਇਹ ਬੜੇ ਵੈਲਿਊਏਬਲ ਡਾਕੂਮੈਂਟ ਹਨ, ਇਹ ਮੈਂ ਹਾਊਸ ਦੀ ਟੇਬਲ ਤੇ ਰੱਖਣੇ ਚਾਹੁੰਦਾ ਹਾਂ। (ਮਾਨਯੋਗ ਮੈਂਬਰ ਵੱਲੋਂ ਡਾਕੂਮੈਂਟ ਹਾਊਸ ਦੀ ਟੇਬਲ ਤੇ ਰਖੇ ਨਹੀਂ ਗਏ) ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡਾ ਬਹੁਤ ਧੰਨ-ਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

**ਸ੍ਰੀ ਡਿਪਟੀ ਸਪੀਕਰ** : ਯਸ਼ ਜੀ ਤੁਸੀਂ ਬੋਲੋ।

Original with;
Punjab Vidhan Sabha
Digitized by;
Panjab Digital Library

**श्री यश** (जालन्धर केन्द्री) : डिप्टी स्पीकर साहब, मैं वित्त मन्त्री जी को कर रहित बजट पेश करने पर मुबारकबाद देता हूं (थंपिंग) यह बजट टैक्स फरी ही नहीं है बल्कि इस में कुछ और भी वर्णन योग्य बातें हैं। एक तो यह है कि इस में स्टेट फाईनैंस की निश्चित डायरेक्शन दी गई है। आम तौर पर जब कभी बजट में घाटा होता है तो उसको पूरा करने के लिए और टैक्स लगाए जाते हैं। यह ठीक है कि कई बार टैक्स लगाने ही पड़ते हैं।

(मानयोग मैंबर ने इस वक्त सीट बदल ली)।

मैं अर्ज कर रहा था कि अगर हम खर्च कम करें और आमदनी के साधन तलाश करें तो लोगों पर टैक्स का बोझ कम हो जाता है।

12—1 P.M. (ਇਸ ਸਮੇਂ ਚੌਧਰੀ ਮਾੜੂ ਰਾਮ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

हम इस वक्त गहरे एक फाईनशियल क्राईसिज में से गुजर रहे हैं। यह क्राईसिज सिर्फ पंजाब में ही नहीं दुनियां भर में है। ऐसे वक्त पर अगर बैलैंसड बजट पेश किया जाए तो उस के लिये वित्त मन्त्री साहिब मुबारकबाद के मुस्तहिक हैं।

दूसरी बात जो वित्त मन्त्री साहिब ने अपने बजट भाषण में कही है कि इसी प्रकार कानून में कमियों को पूरा करने, करदाताओं की परेशानियों को कम करने तथा कुछेक अन्य टैक्स कानूनों, विशेषरूप से पंजाब यात्री कर तथा माल कर और मनोरंजन कर, आदि की चोरी को रोकने के लिये यह प्रस्ताव किया जाता है कि इन टैक्सों को लगाने और वसूल करने के मूलभूत तरीके को ही परिवर्तित करके उपलब्ध सीटों तथा औसत उपयोग में लाई गई सीटों की संख्या को ध्यान में रखते हुए यकमुश्त टैक्स लगाने और इस सम्बन्ध में भविष्य में टैक्स घटा बढ़ा सकने की गुंजाइश रखने की उपयुक्तता के सम्बन्ध में विचार किया जाये। यह एक बड़ी महत्व पूर्ण बात है। मेरी शुरू से ही यही राय रही है कि हम टैक्सों की चोरी को रोक सकें। इस से न केवल आमदनी बढ़ा सकते हैं बल्कि टैक्स देने वालों को कई रियायतें भी दे सकते हैं। टैक्स की चोरी एक ऐसी वबा बन गई है। यह केवल हिन्दुस्तान में ही नहीं बल्कि सारी दुनिया में फैल गई है। हिन्दुस्तान में कुछ दूसरे मुल्कों से शायद ज्यादा है। पंजाब में मैं नहीं कह सकता कि दूसरी स्टेट्स के मुकाबले में कितनी ज्यादा या कम है लेकिन यह एक वबा बन गई है। जो चोरी नहीं करता वह घाटे में रहता है। इस में कसूर टैक्स के ढांचे का भी है कि कभी कभी चोरी करने को जी करता है। जी ही नहीं करता कई बार आदमी चोरी करने पर मजबूर हो जाता है। जैसे वित्त मन्त्री साहिब ने हक्क शूफे के कानून का जिक्र किया है। पहले यह होता था कि जो आदमी कोई जमीन खरीदता था वह जमीन की कीमत ज्यादा लिखवाता था ताकि जब कभी कोई ऐसी बात हो तो ज्यादा से ज्यादा रकम वसूल की जाये। लेकिन आज जो जमीन खरीदता है वह कोशिश करता है कि कीमत कम से कम लिखी जाये। यह इस लिये कि उस की रजिस्ट्री का खर्च कम हो क्योंकि आज कल रजिस्ट्रेशन पर जो खर्च आता है वह बहुत ज्यादा है। मैंने अंदाजा लगाया था कि अगर एक जमीन 5–6 बार एक हाथ से दूसरे हाथ में चली जाये तो जितनी उस की कीमत होती है उतनी रकम टैक्स

Original with;
Punjab Vidhan Sabha
Digitized by;
Panjab Digital Library

[श्री यश]

के रूप में सरकार के खज़ाने में चली जाती है। टैक्स की दर बढ़ाई गई है। इस कारण भी लोग टैक्स की चोरी करते हैं। जितनी जायदाद व जमीन की खरीदो फरोख्त होती है इस में यह एक ऐसा राज़ है जिस को सभी जानते हैं कि लोग पूरी कीमत की रजिस्ट्री नहीं करवाते। अगर करवायें तो इस से बहुत फायदा हो सकता है। मैं इसी लिये अर्ज़ कर रहा था कि टैक्स के बुनियादी ढांचे में नुक्स है। पैसेंजर टैक्स है, एन्टरटेनमैंट टैक्स है इस में बहुत चोरी होती है। मेरे पास जब यह महकमा था मैंने बहुत कोशिश की है कि इस में सुधार लाया जाए लेकिन एक आदमी अगर टैक्स नहीं देता तो उस को हम अगर कुछ नहीं कह सकते, टैक्स न देने वाले को कुछ नहीं कह सकते तो जो दूसरे हैं उन के लिये भी मुश्किल हो जाती है। यह वित्त मन्त्री ने बहुत अच्छी बात कही है कि टैक्स की चोरी को रोका जायेगा। जो सुझाव हैं उन के बारे में यह कहूंगा कि जिन लोगों ने टैक्स देना है उन लोगों के साथ सलाह मशवरा करने के बाद फैसला करना चाहिए। कहीं ऐसा न हो कि हम अपनी आमदन बढ़ा लें और इस से लोगों में बेचैनी, प्रेशानी बढ़ जाये। मेरी अर्ज़ है कि सलैब कम से कम करना भी एक तरीका है। यह अच्छी बात की है कि पहले 9 सलैब होते थे अब 9 से 5 कर दिये हैं। यह एक अच्छी बात है। मेरी राय में यह और भी कम हो सकते हैं। इस के साथ और भी फायदा हो सकता है। हमें यह भी देखना चाहिए कि जो टैक्स का रेट है हमारी स्टेट में क्या है और साथ वाली पड़ौसी स्टेट्स में क्या है। अगर हमारी स्टेट में टैक्स का रेट ज्यादा है और पड़ौसी स्टेट्स में कम है तो इस का भी असर पड़ता है। पंजाब में टैक्स का रेट दूसरी स्टेट्स के मुकाबले में कम होना चाहिए। देश के एक कोने में होने से हमारे यहां ट्रांस्पोरटेशन का खर्च ज्यादा है किराया भी ज्यादा, वेजिज़ भी ज्यादा हैं, स्टैंडर्ड आफ लिविंग भी अच्छा है। इस नुक्ता निगाह से, अगर पंजाब में व्यापार को दूसरे सूबे के मुकाबले में खड़ा करना है, अगर पंजाब में व्यापार को बढ़ावा देना है तो इस को ज़्यादा से ज़्यादा सहूलियत देनी चाहिए।

चेयरमैन साहिब, एक और बात का जिक्र किया गया है कि इतनी प्रोवोकेशन के बावजूद पंजाब के लोगों ने अपना बैलेंस आफ माईंड कायम रखा है। इस में जिक्र किया गया है कि पंजाब के सूझवान लोगों को भी इस बात का श्रेय जाता है कि वे ऐसी ध्वंस्क गतिविधियों से प्रभावित न होते हुए राज्य के आर्थिक विकास के कार्य में तन मन से जुटे रहें। यह बहुत मुबारकबाद की बात है। (थंपिंग) पिछले 2 वर्ष में केवल तनाव ही पैदा नहीं हुआ है बल्कि झगड़े भी हुए हैं, वायलस भी हुई है और वायलेंस की वजह से बहुत नुक्सान भी हुआ है। परसों हमारे वित्त मन्त्री, डाक्टर केवल कृष्ण ने बताया है कि जेलों में 10 करोड़ रुपया खर्च हुआ है। पुलिस पर भी जो खर्च होता है वह ज्यादा है। आम तौर पर, चेयर-मैन साहिब, जो सत्याग्रही होता है वह जेल में जाकर जेल के कायदे कानून को कबूल करता है लेकिन इन लोगों ने कोई कायदा कानून कबूल नहीं किया और तोड़ फोड़ करते रहे। मुझे नहीं मालूम कि पंजाब सरकार ने अंदाजा लगाया है या नहीं कि कितना नुक्सान हुआ है। कितने कम्बल जलाए गये, कितने बर्तन चोरी किये गये। इतना कुछ होने के बावजूद, ऐसी ध्वंस्क गतिविधियों के बावजूद अगर पंजाब में विकास हुआ है तो यह बहुत अच्छी बात है और यह इससे भी ज्यादा अच्छी बात है कि पंजाब के लोगों ने बहुत सूझ बूझ से काम किया है

Original with;
Punjab Vidhan Sabha
Digitized by;
Panjab Digital Library

अगर पंजाब के लोग अपने दिमाग का संतुलन खो देते तो न मालूम क्या हो जाता। जालन्धर में बेकसूर लोगों पर कुछ पागल लोगों ने गोली चला कर गोली का शिकार बना दिया। पहले एक्शन फिर रीऐक्शन होता है और फिर और रीऐक्शन होता है। इस तरह से यह चक्र चल पड़ता है जिसका कोई अन्त नहीं। पंजाब के लोगों ने बड़ी सूझ बूझ से काम लिया है। मैं समझता हूं कि इस सम्बन्ध में पंजाब की कम्युनिस्ट पार्टी का स्टैंड दरूस्त है। इन्होंने इस के बारे में कोई गलत बात नहीं की। मैं कहना चाहता हूं कि पिछले दिनों इनकी कुछ गलत फहमी सी हो गई है। कम्युनिस्ट पार्टी के सक्रेट्री, कामरेड अवतार सिंह मलहोत्रा ने जो ब्यान दिया है, वह सराहनीय है।

जहां तक अकालियों का सवाल है उनको झगड़े करना शायद पे करता होगा। आजकल अकाली ऐक्सट्रीमिस्टस के कंधों पर बन्दूक रख कर चलाते हैं। हमारे एक तरफ उनमें एक्सट्रीमिस्टस पैदा होते हैं तो दूसरी तरफ हिन्दुओं में भी पैदा हो जाते हैं। अमृतसर में जो धर्म सम्मेलन हुआ है, उसका क्रैडिट मैं हिन्दु विश्व परिषद् को नहीं देता। यह तो उनकी तरफ से अकालियों के ऐक्शन का रीऐक्शन था। हिन्दु विश्व परिषद् कोई नई संस्था नहीं है। यह 50-60 साल की बनी हुई है लेकिन इतना बड़ा सम्मेलन आज तक अमृतसर में नहीं हुआ। यह क्रैडिट सन्त जरनैल सिंह भिन्डरा वाला को जाता है। अगर उसने गोलियां न चलवाई होतीं तो ऐसा होना ही नहीं था। अगर सारी बात को अकाली भाईयों ने समझा होता और पंजाब के हितों को सामने रखा होता तो यह समस्या पैदा ही न हुई होती। होती भी तो समस्या का हल निकल गया होता। अब कोई ऐक्सट्रीमिस्ट हो गया, कोई उग्रवादी बन गया। फिर टैरोरिस्ट बन जायेगा। पंजाब आज एक खुशहाल और सम्पन्न सूबा है यह सरगर्मियां जारी रहीं तो इसमें बरबादी नाचने लगेगी। इसमें एक दिक्कत है कि अकाली लीडरशिप अपने ही साथियों से डरती है और कुछ करती नहीं। एक तरफ वह बातचीत के लिये तैयार होते हैं दूसरी तरफ फंस जाते हैं। जहां तक हमारी सरकार का सवाल है, मैं कह सकता हूं कि पंजाब की सरकार और भारत की सरकार ने इस मामले को जितनी निपटाने की कोशिश की है, शायद ही कोई करेगा। इस मामले में इन को कमज़ोर तो कहा जा सकता है, यह नहीं कहा जा सकता कि इसने कोताही बरती है। दोनों सरकारों ने कोई कसर नहीं छोड़ रखी (थंपिंग) मैं समझता हूं कि श्रीमती इंदिरा गांधी को जो पंजाब के साथ जितनी हमदर्दी है वह किसी और में नहीं हो सकती। न सिखों का और न ही पंजाबियों का उन से बड़ा कोई और हमदर्द है। जिस तरह श्रीमती इंदिरा गांधी ने दिलचस्पी लेकर इस मामले को सुलझाने को कोशिश की है वह और कोई नहीं कर सकता। पहले स्वयं बात की, फिर कैबिनेट कमेटी बना दी, फिर कुछ और लोगों को भी नियत किया फिर आपोज़ीशन को भी बुला लिया। एक एक करके सारे मसले तै कर लिये। लेकिन अकालियों ने कुछ ऐसा रवैया अखतियार किया हुआ है कि उनके दिमाग में सिर्फ पंजाब ही है। मैं कहता हूं कि यह एक राष्ट्रीय समस्या है। यह समूचे राष्ट्र को सामने रख कर हल की जा सकती है। अगर कोई तंग नजरिए को लेकर चलेगा तो ऐसा करेगा कि जैसे फोड़े पर तो मरहम लगा दी जाए लेकिन उसके सारे जिस्म में जहर फैलने की इजाजत दे दी जाए। सारे राष्ट्र को सामने रख कर इसके समाधान की कोशिश करनी चाहिए। मैंने जैसे पहले कहा कि अकाली मजबूर

Original with;
Punjab Vidhan Sabha
Digitized by;
Panjab Digital Library

[श्री यश]

हैं और फंसे हुए हैं । वह ऐसे स्थान पर पहुंच चुके हैं जहां से वापस आते हैं तो उन्हें डर लगता है जैसे चीन नें हमला करने के लिए कुछ आदमी पैदल भेज दिये फिर उनके पीछे बन्दूकों वाले भेज दिये और उनको कहा कि अगर वापस आओगे तो गोली मार दी जायेगी । यह आदमी दिल्ली भेज देते हैं ताकि कोई समझौता करके आयें, पीछे से आदमी भेज देते हैं कि अगर कोई समझौता किया तो समझ लो कि तुम्हारी खैर नहीं। कामरेड साहिब ने कहा है कि उन्होंने बात को सुलझाने की कोशिश की है । उनकी बात ठीक है समझौते के लिये दलेरी से बात करनी चाहिए । मरा अपना विचार है कि अकाली लीडरशिप में दलेरी नहीं है, हौंसला नहीं है, वह इतनी कायर है कि सच्ची बात तक नहीं कर सकती । न अमृतसर में और न दिल्ली में । इनको इतना अच्छा मौका मिला क्रैडिट लेने का । इनकी तीन मांगें मान ली गई और बाकायदा गुरुद्वारा में जाकर ऐलान किया गया । इनको चाहिए था यह कहते कि हमारी जीत हो गई है । लेकिन ऐसा नहीं किया । यह लीडरशिप की सूझबूझ का इमतिहान होता है । इन्होंने मौका खो दिया । यह नालायक और इतनी नाअहल लीडरशिप है । इनको सुनहरी मौका मिला था यह उसको सम्भाल नहीं सकी । दूध उबल जाए तो सिमटा नहीं जा सकता मगर जितना बचा है, उसे तो संभाला जा सकता है । लेकिन आज भी कोई ऐसी बात नहीं कि समस्या का हल न मिल सके । मैं कहता हूं कि उनकी समस्या का समाधान अगर श्रीमती इन्दिरा गांधी द्वारा नहीं मिल सकता तो कहीं भी और कभी भी नहीं मिल सकेगा (थंपिंग) । अकालियों को समझना चाहिए । इन्होंने तो पंजाब को दुविधा में डाल रखा है । एक तरफ समझौता की बात करते हैं दूसरी ओर गोली चलाते हैं । एक तरफ बात चीत के लिये तैयार होते हैं दूसरी तरफ रैजिगनेशनज का टाइम बंध देते हैं । दिमाग का तवाजन कायम रख कर चलने की जरूरत है ।

चेयरमैन साहिब मैं अब एक दो और जरूरी बातें करना चाहता हूं । वित्त मन्त्री जी ने अपने भाषण में लिखा है :

> "उल्लेखनीय खिलाड़ियों को उत्साहित करने के लिये राज्य सरकार ने नौवीं एशियाई खेलों में स्वर्ण पदक प्राप्त करने वाले प्रत्येक खिलाड़ी को एक लाख रुपये का पुरस्कार देने का निर्णय किया है ।"

यह बड़ा अच्छा फैसला है, लेकिन सवाल यह है कि किसी ने इनाम लिया भी है । हमारा ज्यादा नाम होता अगर यह भी साथ लिखा होता कि फलां खिलाड़ी ने स्वर्ण पदक जीता था उसको मिल गया है, मैंने हरियाणा का बजट पढ़ा वहां स्वर्ण पदक जीतने वालों को एक एक लाख और सिलवर पदक लेने वालों को पचास हजार रुपया मिल गया । अगर हमने यह ईनाम रखा है तो जीतने वालों का प्रबन्ध भी करना चाहिए । ईनाम रख दिया, लेने वाला कोई नहीं । एक लाख की बजाए अगर एक करोड़ कर दिया जाये तो भी सरकार पर कोई बोझ न पड़ेगा ।

जब कोई पंजाबी गोल्ड मैडल जीतेगा ही नहीं, तो रुपया देने की नौबत ही नहीं आएगी । यह ईनाम हौसला–अफजाई के लिये है । यह एक इनसैंटिव है, प्रेरणा है अब खिलाड़ियों को ट्रेनिंग देने के लिए अनुकूल वातावरण पैदा करना चाहिए । पहले पंजाब खेलों के मामले में

Original with;
Punjab Vidhan Sabha
Digitized by;
Panjab Digital Library

बहुत आगे था, अब भी आगे है, लेकिन जितना पहले था उतना अब नहीं है। हाकी में बड़ी मशहूरी थी। सरदार दरबारा सिंह ने ऐलान किया था कि हाकी की ट्रेनिंग का कुछ प्रबन्ध करेंगे, लेकिन अभी तक हुआ नहीं। मैं कहता हूं कि यह जो रुपया रखा है अभी इसका कोई फायदा नहीं।

एक बात मैं ट्रांसपोर्ट के बारे में कहना चाहता हूं। मैं सड़कों पर होने वाले ऐक्सीडेंट्स के बारे में जिक्र करूंगा। ऐक्सीडेंट्स ज्यादा होते हैं कुछ बातें हमारे वस में नहीं होतीं। बड़े बड़े मुल्कों में भी बड़े बड़े ऐक्सीडेंट्स होते हैं। हमारे तो एक दो की टक्कर हो जाती है वहां तो 20-20, 25-25 गाड़ियों में टक्कर हो जाती है। इनका कारण यह है कि हम कुछ बातों की ओर ध्यान नहीं देते। सड़कें टूटी पड़ी हैं, हमारे बाईं ओर चलने का कानून है, लेकिन जिधर मरजी चल फिर रहे हैं। दूसरे ट्रक्कों की कम अज कम स्पीड जरूर नीयत करनी चाहिए कि निश्चित स्पीड से ज्यादा नहीं चला सकता। कई बार तो ट्रक बसों से भी ज्यादा तेज चलाते हैं। बसों की स्पीड भी निश्चित करनी चाहिए। एक और बात मुझे याद है। लाहौर में अगर साईकल की भी लाईट नहीं होती थी तो चालान कर दिया जाता था। अब यहां पर बैल गाड़ियां, ट्रक, ट्रैक्टर बगैर लाईट के चलते हैं और कोई नहीं पूछता। जो सरकार के आदमी खड़े होते हैं चैकिंग के लिये वे भी केवल कागजात ही देखते हैं। टैक्स दिया है या नहीं। यह कोई नहीं देखता कि उसने लाईट लगाई है या नहीं।

चैकिंग बहुत होती है। लेकिन जिस कारण एक्सीडैंट्स होते हैं, लोग मरते हैं, लाखों-करोड़ों रुपए का नुकसान होता है उस तरफ ध्यान नहीं दिया जाता। मेरा सुझाव यह है कि ट्रैक्टर, बैल गाड़ी और घोड़ा गाड़ी मोटरों पर लाईट जरूर होनी चाहिए। साईकल आप बेशक छोड़ दें। यह बेहद जरूरी है कि आप इस बात को स्ट्रिक्टली फालो कराएं। ऐक्सीडेंट्स रोकने के लिए एक और बात जरूरी है। लोग शराब पी कर गाड़ियां चलाते हैं। उनका अपने ऊपर कंट्रोल नहीं रहता। डाक्टर साहिब कहेंगे कि अगर शराब पर पाबंदी लगा दी जाए तो सरकार की आमदन कम हो जायेगी। आमदनी तो लगातार बढ़ रही है। 1901 में पंजाब बहुत बड़ा था। उस वक्त पंजाबी सूबा नहीं थी। उस वक्त North Western Frontier पंजाब में था। जो क्षेत्र पाकिस्तान में इस वक्त पंजाब का है वह भी पंजाब में शामिल था। हरियाणा और हिमाचल भी पंजाब में शामिल थे। अफगानिस्तान से दिल्ली तक फैला पंजाब था। उस वक्त पंजाब की ऐक्साईज की आमदनी केवल 97 लाख रु० थी। अब पंजाब छोटा हो गया है लेकिन ऐक्साईज की आमदनी 150 करोड़ रु० हो गई है। हम जितनी मर्जी कोशिश कर लें लोग शराब पीना कम नहीं करेंगे। किसी न किसी बात के नाम पर वह पीते रहते हैं। आज क्या हालत है? जो आदमी शराब नहीं पीता उसको यह दकियानूसी मानते हैं। उसको कहते हैं कि "हरिजन" आ गया है। मैं इस लिए यह नहीं कहूंगा कि शराब बंद की जाएं लेकिन यह जरूर किया जाए कि जो गाड़ी चलाता है वह शराब न पियें। जी. टी. रोड और बड़ी सड़कों पर तमाम शराब के ठेके बन्द किये जाएं। यह फैसला भी हुआ था कि जी. टी. रोड और चौकों पर शराब के ठेके नहीं होंगे। कारण यह है कि जब लोग जी. टी. रोड के ऊपर ठेका देखते हैं तो उनका मन ललचा जाता है।

Original with;
Punjab Vidhan Sabha
Digitized by;
Panjab Digital Library

[श्री यश]

इस लिए इस बात की चैकिंग कराई जाए। कई लोग कहते हैं कि आबादी बहुत ज्यादा है, मरने दो, दो चार आदमी का क्या फर्क पड़ता है। अमरीका में भी यह कहते थे कि शराब पीकर जरूर गाड़ी चलाएं। उनका आरगूमेंट यह था कि एक तो इस तरह से शराब की ज्यादा बिक्री होगी दूसरा गाड़ियां टूटेंगी तो नई गाड़ियों की बिक्री बढ़ेगी। हमारा यह निशाना नहीं होना चाहिए। सरकार को इस तरफ ज्यादा से ज्यादा चैकिंग करनी चाहिए।

एक बात मेरे नोटिस में अभी आई है। उसका जिक्र करना चाहता हूं। पंजाब के शहरों में 2, 3 बातों में बड़ी बेचैनी है। अभी अभी कुछ म्यूनिसिपल कारपोरेशन और म्युनिसिपैलिटी ने दुकानदारों पर लाईसेंस फी लगाई है। इस से बहुत बेचैनी है। पहले तहबजारी 52 रु० per square metre थी अब जो नया रेट मुकर्रर किया गया है वह 219 रु० है। दो तरह के रेट हैं। एक कुछ कम है एक ज्यादा है। दोनों को बराबर करने के लिए रेट चार गुणा बढ़ा दिए गए हैं। जो पहले 180 रु० देता था उसे अब 1,062 रु० यानी 5 गुना ज्यादा पैसे देने पड़ेंगे। इस से बेचैनी बढ़ी है। दुकानदारों पर पहिले ही बड़े टैक्स हैं। कभी बिजली वाले आते हैं, कभी सेल्ज़ टैक्स वाले आते हैं, कभी वट्टों वाले आते हैं। सभी को कुछ न कुछ देना पड़ता है। मैं वित्त मन्त्री से गुजारिश करूंगा और श्री सरदारी लाल कपूर से कहूंगा कि इस बेचैनी को दूर करने के लिए तत्काल कदम उठाएं।

चेयरमैन साहिब, सीवरेज का रेट बहुत बढ़ा दिया गया है। सीवरेज के रेट का आधार सर्वथा गलत है। जितना किसी का पानी का बिल आता है उतना ही सीवरेज का बिल बना दिया जाता है। चीज सप्लाई करने के जितने पैसे लिये जाते हैं उतने ही पैसे उसको उठाने के लिये जाते हैं। अखबार 50 पैसे के हिसाब से मिलता है परन्तु जब डिसपोज आफ किया जाए तो 10 पैसे भी नहीं मिलते। अगर कोई आदमी 150 लिटर पानी खर्च करता है तो उसके साथ 150 लिटर पानी की डिसपोजल के भी उतने ही पैसे मिलेंगे। मेरी राए में सीवरेज का रेट सीटों के आधार पर होना चाहिए। घर में जो जितनी सीटें लगाएं, उसी हिसाब से पैसे दें। श्री सरदारी लाल कपूर ने पिछले दिनों एक प्रश्न का उत्तर देते हुए कहा था हमारा वर्ल्ड बैंक के साथ ऐग्रीमेंट है। मैं यह नहीं कह सकता कि ऐग्रीमेंट क्या है। मैं उसकी कापी नहीं मांगता। लेकिन मैं आपको और हाउस को यह याद कराना चाहता हूं कि हमारा एक ऐग्रीमेंट लोगों के साथ भी है। हमने लोगों के साथ वायदा किया है कि हम सीवरेज का रेट कम करेंगे, उसको पूरा करना चाहिए। पर हमने तो रेट बढ़ा दिया है।

इन शब्दों के साथ मैं इस बात के लिए वित्त मन्त्री को मुबारकबाद देता हूं कि उन्होंने टैक्स फ्री बजट पंजाब को दिया है। धन्यवाद।

**ਸ੍ਰੀ ਸੁਰਿੰਦਰ ਕਪੂਰ (ਬਠਿੰਡਾ)**: ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਉਤੇ ਆਪਣੇ ਵਿਚਾਰ ਰਖਣ ਦਾ ਮੌਕਾ ਦਿਤਾ ਹੈ। ਸਾਡੇ ਵਿੱਤ ਮੰਤਰੀ ਜੀ ਨੇ ਇਕ ਨਿਹਾਇਤ ਅੱਛਾ ਬਜਟ ਪੇਸ਼ ਕੀਤਾ ਹੈ (ਥੰਪਿੰਗ) ਹਰੇਕ ਵਰਗ ਦੇ ਲੋਕਾਂ ਨੂੰ ਚਾਹੇ ਉਹ ਇੰਪਲਾਈਜ਼ ਹਨ, ਚਾਹੇ ਵਪਾਰੀ ਹਨ ਅਤੇ ਚਾਹੇ ਹੋਰ ਹਨ, ਸਾਰੇ ਵਰਗਾਂ ਦੇ ਇੰਟਰੈਸਟਸ ਨੂੰ ਸਾਹਮਣੇ ਰੱਖ ਕੇ

Original with;
Punjab Vidhan Sabha
Digitized by;
Panjab Digital Library

ਇਹ ਬਣਾਇਆ ਗਿਆ ਹੈ। ਇਸਦੇ ਵਿੱਚ ਅਜਿਹੀਆਂ ਖੂਬੀਆਂ ਭਰੀਆਂ ਗਈਆਂ ਹਨ, ਜਿਨ੍ਹਾਂ ਨੂੰ ਵੇਖ ਕੇ ਅਸੀਂ ਕਹਿ ਸਕਦੇ ਹਾਂ ਕਿ ਸਾਡਾ ਬਜਟ ਬਹੁਤ ਅੱਛਾ ਹੈ, ਲੋਕਾਂ ਦੇ ਹਿੱਤ, ਕਿਸਾਨਾਂ ਦੇ ਹਿੱਤ ਅਤੇ ਹਰੀਜਨਾਂ ਦੇ ਹਿੱਤ ਵਿਚ ਹੈ। ਗਲ ਕੀ ਸਮੁੱਚੇ ਪੰਜਾਬ ਦੇ ਹਿੱਤ ਵਿਚ ਹੈ। ਇਸ ਵਾਸਤੇ ਸਾਡੇ ਵਿੱਤ ਮੰਤਰੀ ਜੀ ਅਤੇ ਸਾਡੇ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਵਧਾਈ ਦੇ ਪਾਤਰ ਹਨ। ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਜਦੋਂ ਵੀ ਕੋਈ ਡਿਵੈਲਪਮੈਂਟ ਦਾ ਕੰਮ ਸ਼ੁਰੂ ਹੋਇਆ ਹੈ, ਉਸਦੇ ਲਈ ਖਾਸ ਤੌਰ ਤੇ ਕਾਂਗਰਸ ਦੀ ਸਰਕਾਰ ਨੂੰ ਮਾਣ ਪ੍ਰਾਪਤ ਹੈ। ਜਦੋਂ ਵੀ ਇਸਨੇ ਰਾਜ ਭਾਗ ਸੰਭਾਲਿਆ, ਉਦੋਂ ਡਿਵੈਲਪਮੈਂਟ ਦੇ ਕੰਮਾਂ ਵਿਚ ਇਨ੍ਹਾਂ ਨੇ ਵਿਸ਼ੇਸ਼ ਯੋਗਦਾਨ ਦਿੱਤਾ। ਲੋਕਾਂ ਦਾ ਜੀਵਨ ਪੱਧਰ ਉੱਚਾ ਚੁਕਣ ਵਾਸਤੇ ਵਿਸ਼ੇਸ਼ ਪਲਾਨਜ਼ ਅਤੇ ਸਕੀਮਾਂ ਤਿਆਰ ਕੀਤੀਆਂ। ਇਸ ਬਜਟ ਵਿਚ ਇਕ ਹੋਰ ਵੀ ਖੂਬੀ ਹੈ। ਕੋਈ ਟੈਕਸ ਨਹੀਂ ਲਗਾਇਆ ਗਿਆ। ਜੋ ਘਾਟਾ ਹੈ ਉਸਨੂੰ ਪੂਰਾ ਕਰਨ ਵਾਸਤੇ ਪਲਾਨਿੰਗ ਕੀਤੀ ਗਈ ਹੈ ਕਿ ਇਨ੍ਹਾਂ ਸੋਰਸਿਜ਼ ਤੋਂ ਐਨਾ ਪੈਸਾ ਅਸੀਂ ਹੋਰ ਕੁਲੈਕਟ ਕਰ ਸਕਾਂਗੇ। ਬਜਟ ਵਿਚ ਇਹ ਵੀ ਲਿਖਿਆ ਹੈ ਕਿ ਇਕਾਨੋਮੀ ਕੀਤੀ ਜਾਵੇਗੀ ਅਤੇ ਇਸ ਇਕਾਨੋਮੀ ਤੋਂ 20 ਕਰੋੜ ਰੁਪਏ ਦਾ ਲਾਭ ਹੋ ਸਕੇਗਾ। ਮੈਂ ਇਹ ਕਹਾਂਗਾ ਕਿ ਜਿਥੇ ਇਕਾਨੋਮੀ ਇਹ ਕਹਿੰਦੇ ਹਨ ਕਿ ਕੀਤੀ ਜਾਵੇਗੀ ਉਥੇ ਮੈਂ ਵਿੱਤ ਮੰਤਰੀ ਜੀ ਨੂੰ ਕਹਾਂਗਾ ਕਿ ਜੋ ਸਰਕਾਰੀ ਕੰਮ ਕਾਜ ਦੇ ਅੰਦਰ ਅਣਗਹਿਲੀਆਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਤੇ ਚੈਕ ਲਗਾਇਆ ਜਾਵੇ ਤਾਂ ਹੋਰ ਵੀ ਬੱਚਤ ਹੋ ਸਕਦੀ ਹੈ। ਦਫਤਰਾਂ ਦੇ ਅੰਦਰ ਸਟੇਸ਼ਨਰੀ ਦਾ ਖਰਚ ਬਹੁਤ ਜ਼ਿਆਦਾ ਕੀਤਾ ਜਾਂਦਾ ਹੈ ਔਰ ਇਸ ਤੇ ਫਜ਼ੂਲ ਪੈਸੇ ਖਰਚ ਕੀਤੇ ਜਾਂਦੇ ਹਨ। ਇਸ ਵੱਲ ਜ਼ਰੂਰ ਧਿਆਨ ਦੇਣ ਦੀ ਲੋੜ ਹੈ। ਇਕ ਗੱਲ ਮੈਂ ਹੋਰ ਵਿੱਤ ਮੰਤਰੀ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਸਟਾਫ ਕਾਰਾਂ ਹਨ, ਇਨ੍ਹਾਂ ਦੀ ਬਹੁਤ ਨਜ਼ਾਇਜ਼ ਤੌਰ ਤੇ ਵਰਤੋਂ ਕੀਤੀ ਜਾਂਦੀ ਹੈ। ਬਹੁਤ ਸਾਰੇ ਅਫਸਰ ਸਟਾਫ ਕਾਰਾਂ ਨੂੰ ਨਿੱਜੀ ਤੌਰ ਤੇ ਵਰਤਦੇ ਹਨ, ਪਰ ਲਾਗ ਬੁੱਕ ਆਫਿਸ ਦੇ ਕੰਮ ਵਾਸਤੇ ਭਰੀ ਜਾਂਦੀ ਹੈ। ਇਸ ਲਈ ਮੇਰਾ ਸੁਝਾਅ ਹੈ ਕਿ ਇਨ੍ਹਾਂ ਕੁਰੱਪਸ਼ਨ ਦੇ ਕੰਮਾਂ ਨੂੰ ਰੋਕਣ ਵੱਲ ਜ਼ਿਆਦਾ ਧਿਆਨ ਦਿਤਾ ਜਾਵੇ। ਇਨ੍ਹਾਂ ਨੂੰ ਪਲੱਗ ਕੀਤਾ ਜਾਵੇ ਤਾਂਕਿ ਸਾਡੀ ਪੰਜਾਬ ਦੀ ਜਿਹੜੀ ਵਿੱਤੀ ਵਿਵਸਥਾ ਹੈ, ਉਸ ਵਿਚ ਕੁਝ ਸੁਧਾਰ ਹੋ ਸਕੇ।

ਇਸ ਦੇ ਨਾਲ ਹੀ ਮੈਂ ਜੋ ਬਜਟ ਪੇਸ਼ ਹੋਇਆ ਹੈ, ਉਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਜਟ 440 ਕਰੋੜ ਰੁਪਏ ਦਾ ਪਲਾਨ ਰਖਿਆ ਗਿਆ ਹੈ। 1981-82 ਵਿਚ ਇਹ ਪਲਾਨ 340 ਕਰੋੜ ਰੁਪਏ ਦੀ ਸੀ, 1982-83 ਵਿਚ ਇਹ ਪਲਾਨ 385 ਕਰੋੜ ਰੁਪਏ ਦੀ ਸੀ ਔਰ 1983-84 ਵਿਚ ਇਹ ਪਲਾਨ 385 ਕਰੋੜ ਰੁਪਏ ਦੀ ਹੀ ਰੱਖੀ ਗਈ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਕਾਂਗਰਸ ਦੀ ਸਰਕਾਰ ਵਧਾਈ ਦੀ ਪਾਤਰ ਹੈ, ਜਿਸ ਨੇ ਲੋਕਾਂ ਦੇ ਹਿਤਾਂ ਵਾਸਤੇ ਕੰਮ ਕੀਤਾ ਹੈ। ਚੇਅਰਮੈਨ ਸਾਹਿਬ, ਪਿਛਲੇ ਸਾਲ ਡੇਢ ਸਾਲ ਵਿਚ ਪੰਜਾਬ ਦਾ ਵਾਤਾਵਰਣ ਇਸ ਤਰ੍ਹਾਂ ਦਾ ਹੋ ਗਿਆ, ਕਿ ਕੁਝ ਲੋਕਾਂ ਵਲੋਂ ਇਹ ਕੋਸ਼ਿਸ਼ ਕੀਤੀ ਗਈ ਕਿ ਪੰਜਾਬ ਵਿਚ ਜਿਹੜੀ ਡਿਵੈਲਪਮੈਂਟ ਹੋ ਰਹੀ ਹੈ ਉਸ ਵਿਚ ਅੜਿਕਾ ਲਾਇਆ ਜਾਵੇ। ਚੇਅਰਮੈਨ ਸਾਹਿਬ, ਕਈ ਲੋਕ ਬਾਈ ਨੇਚਰ ਹੀ ਅਜਿਹੇ ਹੁੰਦੇ ਹਨ ਕਿ ਉਹ ਡੈਸਟਰੱਕਟਿਵ ਪਾਲਿਸੀ ਤੇ ਵਿਸ਼ਵਾਸ ਰਖਦੇ ਹਨ, ਚਾਹੇ ਉਹ ਸੱਤਾ ਵਿੱਚ ਹੋਣ ਔਰ ਚਾਹੇ ਉਹ ਸੱਤਾ ਵਿਚ ਨਾ ਹੋਣ। 1978-79 ਔਰ 1979-80 ਵਿਚ ਜਦੋਂ ਇਥੇ ਕਾਂਗਰਸ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ 260 ਕਰੋੜ ਰੁਪਏ ਦੀ ਪਲਾਨ ਤਿਆਰ ਕੀਤੀ ਸੀ, ਪਰ ਕਿਉਂਕਿ ਇਨ੍ਹਾਂ ਦੀ ਪਾਲਿਸੀ ਹੀ ਡੈਸਟ੍ਰਕਟਿਵ ਸੀ, ਇਸ ਲਈ ਇਹ ਉਹ 260 ਕਰੋੜ ਰੁਪਏ ਵੀ ਪਲਾਨ ਤੇ ਖਰਚ ਨਾ ਕਰ ਸਕੇ। ਕਿਸੇ ਪਰੋਜੈਕਟ ਵੱਲ, ਕਿਸੇ ਡਿਵੈਲਪਮੈਂਟ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਰਿੰਦਰ ਕਪੂਰ]

ਦਿੱਤਾ ਗਿਆ। ਕਿਸਾਨਾਂ ਦੇ ਬੜੇ ਨਾਅਰੇ ਲਾਉਂਦੇ ਸਨ ਉਨ੍ਹਾਂ ਨੂੰ ਵੀ ਸਹੂਲਤਾਂ ਨਾ ਦੇ ਸਕੇ, ਹਰੀ-ਜਨਾਂ ਵਲ ਵੀ ਕੋਈ ਧਿਆਨ ਨਾ ਦਿਤਾ ਗਿਆ ਬਲਕਿ ਡਿਵੈਲਪਮੈਂਟ ਦਾ ਕੰਮ ਠੱਪ ਕਰਕੇ ਰੱਖ ਦਿਤਾ। ਜਦੋਂ ਲੋਕਾਂ ਨੇ ਇਨ੍ਹਾਂ ਦੀ ਇਹ ਪਾਲਿਸੀ ਵੇਖੀ ਤਾਂ ਉਨ੍ਹਾਂ ਨੇ ਬੜੀ ਸੂਝਬੂਝ ਤੋਂ ਕੰਮ ਲਿਆ, ਕਿਉਂਕਿ ਉਹ ਮਹਿਸੂਸ ਕਰਨ ਲਗ ਪਏ ਸਨ ਕਿ ਇਨ੍ਹਾਂ ਨੇ ਕੋਈ ਲੋਕ ਭਲਾਈ ਦਾ ਕੰਮ ਨਹੀਂ ਕਰਨਾ, ਇਸ ਕਰਕੇ ਉਨ੍ਹਾਂ ਨੇ ਉਨ੍ਹਾਂ ਨੂੰ ਸੱਤਾ ਤੋਂ ਹਟਾ ਕੇ ਦੂਜੇ ਪਾਸੇ ਬੈਠਾ ਦਿਤਾ ਅੌਰ ਕਾਂਗਰਸ ਦੀ ਸਰਕਾਰ ਇਸ ਵਾਸਤੇ ਬਣੀ ਕਿ ਲੋਕਾਂ ਦੇ ਹਿਤ, ਪੰਜਾਬ ਦੇ ਹਿਤ ਕਾਂਗਰਸ ਸਰਕਾਰ ਦੇ ਹੱਥਾਂ ਵਿਚ ਸੁਰਖਿਅਤ ਹਨ। ਜਦੋਂ ਕਾਂਗਰਸ ਸਰਕਾਰ ਬਣੀ ਤਾਂ ਇਸ ਨੇ ਜੋ ਲੋਕਾਂ ਨਾਲ ਵਾਅਦੇ ਕੀਤੇ ਉਸ ਦੇ ਮੁਤਾਬਿਕ ਆਪਣੀ ਪਾਲਿਸੀ ਤਿਆਰ ਕੀਤੀ ਅੌਰ ਜੋ ਮੁਸ਼ਕਿਲਾਂ ਸਨ ਉਨ੍ਹਾਂ ਨੂੰ ਆਸਾਨ ਬਣਾਇਆ। ਜਦੋਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਡਿਵੈਲਪਮੈਂਟ ਦੇ ਕੰਮ ਕਰਨੇ ਸ਼ੁਰੂ ਕੀਤੇ ਤਾਂ ਕੁਝ ਲੋਕ ਜਿਨ੍ਹਾਂ ਦੀ ਡੈਸਟ੍ਰੱਕਟਿਵ ਪਾਲਿਸੀ ਸੀ ਉਨ੍ਹਾਂ ਨੇ ਇਨ੍ਹਾਂ ਕੰਮਾਂ ਵਿਚ ਕੁਝ ਅੜਿਕਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਉਨ੍ਹਾਂ ਲੋਕਾਂ ਦੀ ਮਨਸ਼ਾ ਇਹ ਸੀ ਕਿ ਸਰਕਾਰ ਦਾ ਕੋਈ ਕੰਮ ਨਾ ਹੋ ਸਕੇ ਅੌਰ ਸਰਕਾਰ ਦੀ ਅਟੈਨਸ਼ਨ ਲੜਾਈ ਝਗੜੇ ਅਤੇ ਫਸਾਦਾਂ ਵੱਲ ਲੱਗ ਜਾਵੇ। ਲੇਕਿਨ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਜਿਥੇ ਵਧਾਈ ਦੀ ਪਾਤਰ ਹੈ, ਉਥੇ ਪੰਜਾਬ ਦੇ ਲੋਕ ਵੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਕਾਂਗਰਸ ਦਾ ਸਾਥ ਦਿੱਤਾ, ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਦਾ ਸਾਥ ਦਿੱਤਾ ਅੌਰ ਅਕਾਲੀਆਂ ਨੇ ਜਿਹੜੀਆਂ ਚਾਲਾਂ ਖੇਡੀਆਂ ਉਨ੍ਹਾਂ ਚਾਲਾਂ ਵਿਚ ਪੰਜਾਬ ਦੇ ਲੋਕ ਨਾ ਆਏ ਅੌਰ ਪੰਜਾਬ ਦੇ ਮਾਹੌਲ ਨੂੰ ਠੀਕ ਰੱਖਣ ਦੀ ਕੋਸ਼ਿਸ਼ ਕੀਤੀ ਤਾਂਕਿ ਪੰਜਾਬ ਦਾ ਅਮਨ ਤਹਿਸ ਨਹਿਸ ਨਾ ਹੋ ਜਾਵੇ। ਉਨ੍ਹਾਂ ਅਕਾਲੀਆਂ ਨੇ ਕਦੇ ਧਰਮ ਦੇ ਨਾਂ ਤੇ, ਕਦੇ ਧਰਮ ਯੁੱਧ ਦੇ ਨਾਂ ਤੇ ਅਤੇ ਕਦੇ ਰਾਜਨੀਤਕ ਗੱਲਾਂ ਲੋਕਾਂ ਦੇ ਸਾਹਮਣੇ ਲਿਆ ਕੇ ਪੰਜਾਬ ਨੂੰ ਬਰਬਾਦ ਕਰਨ ਦੀ ਕੋਸ਼ਿਸ਼ ਕੀਤੀ। ਹਿੰਦੂ ਅੌਰ ਸਿਖਾਂ ਨੂੰ ਆਪਸ ਵਿਚ ਲੜਾਉਣ ਦੀ ਕੋਸ਼ਿਸ਼ ਕੀਤੀ ਗਈ। ਲੇਕਿਨ ਪੰਜਾਬ ਦੇ ਲੋਕ ਇਹ ਉਨ੍ਹਾਂ ਦੀ ਸਾਜ਼ਸ਼ ਸਮਝਦੇ ਸਨ ਕਿ ਅਕਾਲੀ ਪੰਜਾਬ ਦਾ ਵਾਤਾਵਰਣ ਖਰਾਬ ਕਰਨਾ ਚਾਹੁੰਦੇ ਹਨ, ਇਸ ਕਰਕੇ ਉਨ੍ਹਾਂ ਨੇ ਪੰਜਾਬ ਸਰਕਾਰ ਦਾ ਪੰਜਾਬ ਦਾ ਮਾਹੌਲ ਠੀਕ ਰਖਣ ਵਿਚ ਸਹਿਯੋਗ ਦਿਤਾ, ਹਾਲਾਂਕਿ ਅਕਾਲੀ ਸੱਜਨਾਂ ਨੇ ਜਿਹੜੀਆਂ ਐਜੀਟੇਸ਼ਨਾਂ ਅੌਰ ਮੋਰਚੇ ਲਾਏ ਉਨ੍ਹਾਂ ਤੇ ਸਰਕਾਰ ਨੂੰ ਕਾਫੀ ਖਰਚ ਕਰਨਾ ਪਿਆ। ਵਿੱਤ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਤਕਰੀਬਨ 30 ਕਰੋੜ ਰੁਪਿਆ ਇਨ੍ਹਾਂ ਅਕਾਲੀਆਂ ਦੀਆਂ ਐਜੀਟੇਸ਼ਨਾਂ ਅੌਰ ਡੈਸਟ੍ਰੱਕਟਿਵ ਪਾਲਿਸੀਆਂ ਤੇ ਖਰਚ ਕਰਨਾ ਪਿਆ ਹੈ। ਚੇਅਰਮੈਨ ਸਾਹਿਬ, ਜੇ ਇਹ 30 ਕਰੋੜ ਰੁਪਿਆ ਇਨ੍ਹਾਂ ਐਜੀਟੇਸ਼ਨਾਂ ਤੇ ਖਰਚ ਨਾ ਹੁੰਦਾ ਤਾਂ ਇਹ 30 ਕਰੋੜ ਰੁਪਿਆ ਲੋਕਾਂ ਦੇ ਹਿਤਾਂ ਵਾਸਤੇ ਵਰਤਿਆ ਜਾਣਾ ਸੀ। ਗਲੀਆਂ ਨਾਲੀਆਂ ਪੱਕੀਆਂ ਕੀਤੀਆਂ ਜਾਂਦੀਆਂ, ਹਰੀਜਨਾਂ ਨੂੰ ਸਹੂਲਤਾਂ ਦਿੱਤੀਆਂ ਜਾਂਦੀਆਂ, ਕਿਸਾਨਾਂ ਨੂੰ ਹੋਰ ਸਹੂਲਤਾਂ ਦਿਤੀਆਂ ਜਾਂਦੀਆਂ। ਇਸ ਲਈ ਮੈਂ ਸਮਝਦਾ ਹਾਂ ਕਿ ਅਕਾਲੀਆਂ ਨੇ ਪੰਜਾਬ ਦੀ ਆਰਥਿਕ ਸਥਿਤੀ ਨੂੰ ਵਿਗਾੜਨ ਦੀਆਂ ਸਾਜ਼ਸ਼ਾਂ ਰਖੀਆਂ। ਚੇਅਰਮੈਨ ਸਾਹਿਬ, ਇਥੇ ਮੈਂ ਪੰਜਾਬ ਦੀ ਪੁਲਿਸ ਦੇ ਬਾਰੇ ਵੀ ਜ਼ਰੂਰ ਕੁਝ ਕਹਾਂਗਾ। ਪਿਛਲੇ ਸਾਲ ਡੇਢ ਸਾਲ ਵਿਚ ਜੋ ਹਾਲਾਤ ਪੰਜਾਬ ਵਿਚ ਪੈਦਾ ਹੋਏ ਉਨ੍ਹਾਂ ਨੂੰ ਸੁਧਾਰਨ ਵਿਚ ਪੰਜਾਬ ਪੁਲਿਸ ਦਾ ਨਾਂ ਉੱਚਾ ਰਿਹਾ ਹੈ ਲੇਕਿਨ ਮੈਂ ਸਮਝਦਾ ਹਾਂ ਕਿ ਪੁਲਿਸ ਦੇ ਕੁਝ ਆਦਮੀਆਂ ਨੂੰ ਜਿਨ੍ਹਾਂ ਨੇ ਪੰਜਾਬ ਵਿਚ ਗੋਲੀਆਂ ਚਲਾਈਆਂ, ਐਕਸਪਲੋਜ਼ਨ ਕੀਤੇ ਉਨ੍ਹਾਂ ਨੂੰ ਪਕੜਨ ਵਿਚ ਅੌਰ ਜਿਸ ਹਿਸਾਬ ਨਾਲ ਉਨ੍ਹਾਂ ਨੂੰ ਕੰਟਰੋਲ ਕਰਨਾ ਚਾਹੀਦਾ ਸੀ ਉਹ ਨਹੀਂ ਕੀਤਾ ਗਿਆ। ਇਹ ਠੀਕ ਹੈ ਕਿ ਪੁਲਿਸ ਨੇ ਕਾਫੀ ਮਿਹਨਤ ਕੀਤੀ ਪਰ ਮੈਂ ਆਪ ਮਹਿਸੂਸ ਕਰਦਾ ਹਾਂ, ਪੰਜਾਬ ਦੇ ਲੋਕ ਮਹਿਸੂਸ ਕਰਦੇ ਹਨ ਕਿ ਜਿਸ ਢੰਗ ਨਾਲ ਪੁਲਿਸ ਨੂੰ ਕੇਸ ਬਣਾਉਣੇ ਚਾਹੀਦੇ ਸਨ ਉਹ ਨਹੀਂ ਬਣਾਏ ਗਏ। ਜੋ ਲੋਕ ਮਹਿਸੂਸ ਕਰਦੇ ਸਨ

Original with;
Punjab Vidhan Sabha
Digitized by;
Panjab Digital Library

ਕਿ ਪੰਜਾਬ ਪੁਲਿਸ ਦਾ ਰੋਲ ਇਸ ਵਿਚ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਉਹ ਰੋਲ ਲੋਕਾਂ ਦੀ ਨਜ਼ਰਾਂ ਵਿਚ ਠੀਕ ਨਹੀਂ ਹੋ ਸਕਿਆ। ਠੀਕ ਹੈ ਆਪਣੇ ਵੱਲੋਂ ਉਨ੍ਹਾਂ ਨੇ ਲੋਕਾਂ ਦੀ ਜਾਨੋਮਾਲ ਦੀ ਰਖਿਆ ਵਾਸਤੇ ਕਾਫੀ ਕਦਮ ਚੁਕੇ, ਪਰ ਉਸ ਹਿਸਾਬ ਨਾਲ ਉਨ੍ਹਾਂ ਲੋਕਾਂ ਦੀ ਜਾਨੋ ਮਾਲ ਦੀ ਸੁਰੱਖਿਆ ਨਾ ਹੋ ਸਕੀ। ਇਹ ਲੋਕ ਅੱਜ ਮਹਿਸੂਸ ਕਰਦੇ ਹਨ। ਚੇਅਰਮੈਨ ਸਾਹਿਬ, ਮੈਂ ਬਠਿੰਡੇ ਦੀ ਪੁਲਿਸ ਦੀ ਇਕ ਮਿਸਾਲ ਇਥੇ ਦਿੰਦਾ ਹਾਂ ਕਿ ਉਥੇ ਪੁਲਿਸ ਦਾ ਵਤੀਰਾ ਕਿਸ ਤਰ੍ਹਾਂ ਦਾ ਰਿਹਾ ਹੈ। ਮੈਂ ਬਠਿੰਡੇ ਪੁਲਿਸ ਦੇ ਬਾਰੇ ਪਿਛਲੇ ਸਾਲ ਵੀ ਇਥੇ ਗੱਲਾਂ ਕੀਤੀਆਂ ਸਨ ਲੇਕਿਨ ਕੋਈ ਸੁਧਾਰ ਨਹੀਂ ਹੋ ਸਕਿਆ। ਇਸ ਕਾਰਨ ਲੋਕਾਂ ਨੂੰ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ। ਅੱਜ ਥਾਣਿਆਂ ਦਾ ਕੀ ਹਾਲ ਹੈ, ਚੌਕੀਆਂ ਦਾ ਕੀ ਹਾਲ ਹੈ, ਬੇਕਸੂਰ ਆਦਮੀਆਂ ਤੇ ਕੇਸ ਬਣਾਏ ਜਾਂਦੇ ਹਨ, ਕਈ ਵਾਰ ਖਾ ਮਖਾਹ ਪੁਲਿਸ ਵੱਲੋਂ ਲੋਕਾਂ ਦੇ ਕੰਮਾਂ ਵਿਚ ਇੰਟਰਫੀਅਰ ਕੀਤਾ ਜਾਂਦਾ ਹੈ, ਜਿਸ ਨਾਲ ਲੋਕ ਕਾਫੀ ਪਰੇਸ਼ਾਨ ਹੁੰਦੇ ਹਨ। ਕੋਈ ਜ਼ਮੀਨਾਂ ਦਾ ਝਗੜਾ ਹੋਵੇ ਤਾਂ ਪੁਲਿਸ ਇੰਟਰਫੀਅਰ ਕਰਨ ਲਗ ਜਾਂਦੀ ਹੈ, ਜਦ ਕਿ ਜ਼ਮੀਨ ਦੀ ਮਲਕੀਅਤ ਦੇ ਕਾਗਜ਼ ਉਨ੍ਹਾਂ ਕੋਲ ਹਨ, ਉਨ੍ਹਾਂ ਕੋਲ ਮਲਕੀਅਤ ਦੇ ਹੋਰ ਸਬੂਤ ਹਨ ਪਰ ਪੁਲਿਸ ਉਨ੍ਹਾਂ ਵਿਚ ਵੀ ਇੰਟਰਵੀਨ ਕਰਦੀ ਹੈ। ਲੇਕਿਨ ਅਜਿਹੀਆਂ ਚੀਜ਼ਾਂ ਨਹੀਂ ਕਿ ਉਨ੍ਹਾਂ ਲੋਕਾਂ ਨੂੰ ਇਨਸਾਫ ਮਿਲ ਸਕੇ ਔਰ ਕਈ ਵਾਰ ਲੋਕਾਂ ਨੂੰ ਵਰਗਲਾ ਕੇ ਦੋਨਾਂ ਪਾਰਟੀਆਂ ਦਾ ਆਪਸ ਵਿਚ ਸਮਝੌਤਾ ਕਰਵਾ ਦਿੱਤਾ ਜਾਂਦਾ ਹੈ ਔਰ ਜਿਹੜਾ ਦੋਸ਼ੀ ਹੁੰਦਾ ਹੈ ਉਸ ਨੂੰ ਛੱਡ ਦਿੱਤਾ ਜਾਂਦਾ ਹੈ ਔਰ ਦੋਸ਼ੀ ਦੀ ਪ੍ਰੋਟੈਕਸ਼ਨ ਕੀਤੀ ਜਾਂਦੀ ਹੈ ਔਰ ਉਹ ਗਲਤ ਢੰਗ ਨਾਲ ਪੁਲਿਸ ਦੀ ਮਦਦ ਲੈਂਦੇ ਹਨ। ਮੈਂ ਕਈ ਵਾਰ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਕਿਸੇ ਵੇਲੇ ਰਾਤ ਦੇ ਟਾਈਮ ਬਿਨਾਂ ਕਿਸੇ ਨੂੰ ਸੂਚਨਾ ਦਿੱਤੇ ਥਾਣਿਆਂ ਵਿਚ ਚੱਕਰ ਲਗਾਇਆ ਕਰੋ ਅਤੇ ਚੈਕ ਕਰਿਆ ਕਰੋ ਔਰ ਜਾ ਕੇ ਦੇਖੋ ਕਿੰਨੇ ਆਦਮੀ ਬਿਨਾਂ ਐਫ. ਆਈ. ਆਰ. ਦੇ ਬਿਠਾਏ ਹੁੰਦੇ ਹਨ। ਅਗਰ ਕੋਈ ਦੋਸ਼ੀ ਹੈ ਤਾਂ ਉਸ ਦੇ ਖਿਲਾਫ ਐਫ. ਆਈ. ਆਰ. ਦਰਜ ਹੋਣੀ ਚਾਹੀਦੀ ਹੈ, ਪਰ ਉਹ ਤਾਂ ਬਿਨਾਂ ਕਿਸੇ ਐਫ. ਆਈ. ਆਰ ਦੇ ਬਿਠਾ ਲੈਂਦੇ ਹਨ ਔਰ ਆਈ. ਜੀ. ਸਾਹਿਬ ਨੂੰ ਵੀ ਮੈਂ ਕਿਹਾ ਹੈ ਕਿ ਤੁਸੀਂ ਸਾਰੇ ਪੰਜਾਬ ਵਿਚ ਦੌਰਾ ਕਰੋ ਅਤੇ ਥਾਣਿਆਂ ਵਿਚ ਚੈਕਿੰਗ ਕਰੋ ਔਰ ਜਿਹੜਾ ਅਫ਼ਸਰ ਅਤੇ ਕਰਮਚਾਰੀ ਦੋਸ਼ੀ ਹੈ ਉਸ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਜਿਹੜੇ ਅੱਛੇ ਔਰ ਇਮਾਨਦਾਰ ਅਫ਼ਸਰ ਹੁੰਦੇ ਹਨ ਉਨ੍ਹਾਂ ਅਫਸਰਾਂ ਨੂੰ ਇਨ-ਸੈਂਟਿਵ ਵੀ ਮਿਲਣਾ ਚਾਹੀਦਾ ਹੈ। ਬਹੁਤ ਸਾਰੇ ਅਫ਼ਸਰ ਐਸੇ ਹਨ ਜਿਨ੍ਹਾਂ ਨੇ ਆਪਣੀ ਜਾਨ ਹਥੇਲੀ ਤੇ ਰੱਖ ਕੇ ਲੋਕਾਂ ਦੀ ਮੱਦਦ ਕੀਤੀ ਅਤੇ ਲਾਅ ਐਂਡ ਆਰਡਰ ਨੂੰ ਕਾਇਮ ਰਖਿਆ ਹੈ। ਇਨ੍ਹਾਂ ਅਫਸਰਾਂ ਨੂੰ ਨੈਸ਼ਨਲ ਡੇ ਤੇ ਸਤਿਕਾਰ ਮਿਲਣਾ ਚਾਹੀਦਾ ਹੈ ਅਤੇ ਪਬਲਿਕ ਵਿਚ ਅਤੇ ਅਫ਼-ਸਰਾਂ ਦੇ ਸਾਹਮਣੇ ਮੈਡਲ ਮਿਲਣੇ ਚਾਹੀਦੇ ਹਨ ਔਰ ਇਨਸੈਂਟਿਵ ਮਿਲਣਾ ਚਾਹੀਦਾ ਹੈ ਔਰ ਦੂਸਰੀ ਤਰਫ ਮਾੜੇ ਅਫ਼ਸਰਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਇਸ ਪਾਸੇ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਪਿਛੇ ਮੈਂ ਬਠਿੰਡੇ ਗਿਆ ਉਥੇ ਮੇਰੇ ਨੋਟਿਸ ਵਿਚ ਹਰੀਜਨਾਂ ਦੀ ਪੰਚਾਇਤ ਨੇ ਲਿਆਂਦਾ ਕਿ ਉਨ੍ਹਾਂ ਦੀ ਲੜਕੀ ਨੂੰ ਕੁਝ ਲੋਕਾਂ ਨੇ ਅਗਵਾ ਕਰ ਲਿਆ ਹੈ ਔਰ ਮੁਹੱਲੇ ਦੇ ਇਕ ਕਮਰੇ ਵਿਚ ਬੰਦ ਕੀਤਾ ਹੋਇਆ ਹੈ। ਪੰਚਾਇਤ ਨੇ ਥਾਣੇ ਵਿਚ ਰਿਪੋਰਟ ਦਰਜ ਕਰਾਈ। ਥਾਣੇਦਾਰ ਅਤੇ ਪੁਲਿਸ ਦੇ ਸਾਹਮਣੇ ਕਮਰੇ ਵਿਚੋਂ ਲੜਕੀ ਨੂੰ ਬਰਾਮਦ ਕੀਤਾ ਗਿਆ ਲੇਕਿਨ ਬਰਾਮਦ ਹੋਣ ਤੋਂ ਬਾਦ ਦੋਸ਼ੀਆਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋਇਆ ਹੈ। ਪਹਿਲੇ ਮੈਂ ਇਸ ਸਬੰਧ ਵਿਚ ਐਸ. ਐਸ. ਪੀ. ਨੂੰ ਟੈਲੀਫੂਨ ਕੀਤਾ ਪਰ ਪਤਾ ਲੱਗਾ ਕਿ ਉਹ ਟੂਰ ਤੇ ਗਏ ਹੋਏ ਹਨ। ਫੇਰ ਐਸ. ਪੀ. (ਐਚ.) ਨੂੰ ਟੈਲੀਫੂਨ ਕੀਤਾ ਅਤੇ ਐਸ. ਪੀ. (ਡੀ) ਨੂੰ ਕੀਤਾ, ਮਗਰ ਮੈਨੂੰ ਕੋਈ ਅਫ਼ਸਰ ਨਹੀਂ ਮਿਲਿਆ ਹੈ ਅਤੇ ਉਹ ਆਪਣੀ ਡਿਊਟੀ ਤੇ ਕੋਈ ਨਹੀਂ ਸੀ। ਜੇਕਰ ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਰਿੰਦਰ ਕਪੂਰ]

ਦੇ ਹਾਲਾਤ ਹੋਣ ਫੇਰ ਲੋਕਾਂ ਦੇ ਦਿਲਾਂ ਵਿਚ ਵਿਸ਼ਵਾਸ ਕਿਸ ਤਰ੍ਹਾਂ ਰਹਿ ਸਕਦਾ ਹੈ ਔਰ ਕੋਈ ਨਾ ਕੋਈ ਅਫ਼ਸਰ ਜ਼ਿੰਮੇਵਾਰ ਹੈਡਕੁਆਰਟਰਜ਼ ਤੇ ਜ਼ਰੂਰ ਹੋਣਾ ਚਾਹੀਦਾ ਹੈ। ਸਾਰੇ ਅਫ਼ਸਰਾਂ ਨੂੰ ਟੂਰ ਤੇ ਨਹੀਂ ਰਹਿਣਾ ਚਾਹੀਦਾ ਔਰ ਸ਼ਹਿਰ ਨੂੰ ਲਾਵਾਰਿਸ ਨਹੀਂ ਛੱਡ ਦੇਣਾ ਚਾਹੀਦਾ। 85 ਕਰੋੜ ਰੁਪਿਆ ਸ਼ਹਿਰਾਂ ਦੀ ਡਿਵੈਲਪਮੈਂਟ ਲਈ ਸਰਕਾਰ ਖਰਚ ਕਰ ਰਹੀ ਹੈ, ਪਰ ਇਸ ਦੀ ਯੂਟੇ-ਲਾਈਜ਼ੇਸ਼ਨ ਸ਼ਹਿਰਾਂ ਵਿਚ ਠੀਕ ਢੰਗ ਨਾਲ ਹੋਣੀ ਚਾਹੀਦੀ ਹੈ। ਇਸ ਯੂਟੇਲਾਈਜ਼ੇਸ਼ਨ ਤੇ ਸਾਨੂੰ ਕਈ ਵਾਰ ਸ਼ਕ ਜਿਹਾ ਹੋ ਜਾਂਦਾ ਹੈ। ਮਿਉਂਸਪਲ ਕਮੇਟੀ ਬਠਿੰਡਾ, ਜੋ ਸ਼ਹਿਰਾਂ ਵਿਚ ਮੈਨੇਜ ਕਰਦੀ ਹੈ, ਉਥੇ ਪਾਣੀ ਅਤੇ ਸੜਕਾਂ ਦੀ ਹਾਲਤ ਬਹੁਤ ਹੀ ਮਾੜੀ ਹੈ। ਇਸ ਵੱਲ ਧਿਆਨ ਦੇਣ ਦੀ ਲੋੜ ਹੈ ਔਰ ਅਫ਼ਸਰਾਂ ਨੂੰ ਇਸ ਤਰਫ ਧਿਆਨ ਦੇਣਾ ਚਾਹੀਦਾ ਹੈ ਔਰ ਬਹੁਤ ਸਾਰੇ ਅਫ਼ਸਰ ਉਥੇ ਗੈਰ ਹਾਜ਼ਰ ਡਿਊਟੀ ਤੋਂ ਰਹਿੰਦੇ ਹਨ ਔਰ ਜੇਕਰ ਉਨ੍ਹਾਂ ਦਾ ਹਾਜ਼ਰੀ ਦਾ ਰਜਿਸਟਰ ਵੇਖਿਆ ਜਾਵੇ ਤਾਂ ਪਤਾ ਲਗ ਸਕਦਾ ਹੈ ਕਿ ਉਨ੍ਹਾਂ ਨੇ ਕਿੰਨਾ ਕੰਮ ਕੀਤਾ ਹੈ ਔਰ ਨਾ ਹੀ ਉਥੇ ਬਿਜਲੀ ਔਰ ਪਾਣੀ ਦੀ ਸਪਲਾਈ ਦਾ ਪਰਾਪਰ ਇੰਤਜ਼ਾਮ ਹੈ। ਸੀਵਰੇਜ ਸਿਸਟਮ ਦੀ ਹਾਲਤ ਬਹੁਤ ਹੀ ਦਰਦ-ਨਾਕ ਹੈ। 1971 ਤੋਂ ਇਹ ਪਲਾਨ ਬਣਿਆ ਸੀ ਔਰ ਉਥੇ ਸੀਵਰੇਜ ਦੀ ਹਾਲਤ ਐਸੀ ਹੈ ਕਿ ਗੰਦੇ ਪਾਣੀ ਦੀ ਡਿਸਪੋਜ਼ਲ ਨਹੀਂ ਰਖੀ ਗਈ ਔਰ ਇਹ ਗੰਦਾ ਪਾਣੀ ਲੋਕਾਂ ਦੇ ਘਰਾਂ ਵਿਚ ਜਾ ਰਿਹਾ ਹੈ ਔਰ ਜਿਹੜੀ ਡਿਸਪੋਜ਼ਲ ਵਾਸਤੇ ਮਸ਼ੀਨਰੀ ਲੱਗੀ ਹੋਈ ਸੀ ਉਹ ਪਾਣੀ ਵਿਚ ਡੁਬ ਜਾਣ ਕਰਕੇ ਖਰਾਬ ਹੋ ਗਈ ਹੈ ਅਤੇ ਇਹ ਕੁਝ ਅਣਗਹਿਲੀ ਕਰਕੇ ਹੋਇਆ ਹੈ। ਹੁਣ ਇਨ੍ਹਾਂ ਮਸ਼ੀਨਾਂ ਦੀ ਰਿਪੇਅਰ ਹੋ ਰਹੀ ਹੈ ਡਿਸਪੋਜ਼ਲ ਦਾ ਪਰਾਪਰ ਇੰਤਜ਼ਾਮ ਹੋਣਾ ਚਾਹੀਦਾ ਹੈ। ਉਥੇ ਦੇ ਅਫ਼ਸਰ ਕੁੰਭ-ਕਰਨ ਦੀ ਨੀਂਦ ਸੁਤੇ ਹੋਏ ਹਨ। ਇਸ ਸਬੰਧ ਵਿਚ ਪਿਛਲੇ ਸਾਲ ਮੈਂ ਕਾਲ ਅਟੈਨਸ਼ਨ ਵੀ ਦਿੱਤੀ ਸੀ ਕਿ ਸੀਵਰੇਜ ਕੁਨੈਕਸ਼ਨਾਂ ਦੇ ਬਿਲ ਜਿਸ ਨੂੰ 700 ਰੁਪਏ ਦੇ ਆਉਣੇ ਚਾਹੀਦੇ ਸਨ, ਉਸ ਨੂੰ 1800 ਰੁਪਏ ਦੇ ਬਿਲ ਆਏ ਹਨ, ਜਦ ਕਿ ਅਗਰ ਕੋਈ ਆਮ ਆਦਮੀ ਇਕ ਯੂਨਿਟ ਲਗਵਾਏ ਤਾਂ ਖਰਚਾ 700 ਰੁਪਏ ਤੱਕ ਆਉਂਦਾ ਹੈ ਔਰ ਜਿਸ ਦਾ ਡਿਸਟੈਂਸ ਲੰਬਾ ਹੋਵੇ ਉਥੇ ਪਾਈਪ ਦਾ ਖਰਚਾ ਵਧ ਜਾਂਦਾ ਹੈ। ਹੁਣ ਉਨ੍ਹਾਂ ਨੂੰ 7-8 ਕਿਸ਼ਤਾਂ ਦੇ ਬਿਲ ਇਕੱਠੇ ਆ ਗਏ ਹਨ, ਇਹ ਨਹੀਂ ਹੋਣਾ ਚਾਹੀਦਾ ਸੀ। ਇਨ੍ਹਾਂ ਨੇ ਕਿਹਾ ਹੈ ਕਿ ਜਿਨ੍ਹਾਂ ਕੋਲ ਪੀਲੇ ਕਾਰਡ ਹਨ, ਉਨ੍ਹਾਂ ਨੂੰ 25% ਖਰਚੇ ਦੀ ਛੂਟ ਦਿੱਤੀ ਗਈ ਹੈ। ਮੇਰੀ ਬੇਨਤੀ ਹੈ ਕਿ ਜਿਹੜਾ ਉਥੇ ਸੀਵਰੇਜ ਦੇ ਲਈ ਡਿਸਪੋਜ਼ਲ ਵਾਸਤੇ ਸਿਸਟਮ ਡਿਸਆਰਡਰ ਹੋਇਆ ਪਿਆ ਹੈ ਉਸ ਦੀ ਇਨਕੁਆਇਰੀ ਕਰਵਾਈ ਜਾਵੇ ਕਿ ਕਿਸ ਤਰੀਕੇ ਨਾਲ ਨਾਕਸ ਪ੍ਰਬੰਧ ਹੋਣ ਕਰਕੇ ਗੰਦੇ ਪਾਣੀ ਵਿਚ ਸ਼ਹਿਰ ਡੁਬ ਗਿਆ ਸੀ ਅਤੇ ਫਾਇਰ ਬਰੀਗੇਡ ਵਾਲਿਆਂ ਨੇ ਪਾਣੀ ਕਢਿਆ ਸੀ। ਇਨਕੁਆਇਰੀ ਕਰਨ ਤੋਂ ਪਤਾ ਲਗ ਜਾਵੇਗਾ ਕਿ ਕਿੰਨਾਂ ਮਾਲ ਉਥੇ ਲਗਾ ਹੋਇਆ ਹੈ। ਇਸ ਵਲ ਧਿਆਨ ਦੇਣ ਦੀ ਲੋੜ ਹੈ।

ਚੇਅਰਮੈਨ ਸਾਹਿਬ, ਇਨਕੁਆਇਰੀ ਕਰ ਲਓ, ਬਠਿੰਡੇ ਦੇ ਲੋਕ ਬਚ ਜਾਣਗੇ। ਬਠਿੰਡੇ ਵਿਚ ਸੀਵਰੇਜ ਦਾ ਬੁਰਾ ਹਾਲ ਹੈ। ਚੇਅਰਮੈਨ ਸਾਹਿਬ, ਇਹ ਸਾਰੀ ਚੀਜ਼ ਵੇਖਣ ਦੀ ਜ਼ਰੂਰਤ ਹੈ। ਫਾਇਰ ਬਰੀਗੇਡ ਮੋਟਰ ਦਿਲੀ ਗਈ ਸੀ। ਅੱਜ ਦੋ ਸਾਲ ਹੋ ਗਏ ਹਨ ਮੋਟਰ ਦਿੱਲੀ ਪਈ ਹੈ ਪਰ ਮੋਟਰ ਦਿੱਲੀ ਤੋਂ ਵਾਪਿਸ ਨਹੀਂ ਆਈ। ਬਠਿੰਡੇ ਦੇ ਲੋਕਾਂ ਕੋਲੋਂ ਟੈਕਸ ਲਗਾ ਕੇ ਪੈਸਾ ਵਸੂਲ ਕੀਤਾ ਗਿਆ, ਪਰ ਮੋਟਰ ਦਿੱਲੀ ਪਈ ਹੈ। ਚੇਅਰਮੈਨ ਸਾਹਿਬ, ਇਸ ਵਿਚ ਬਹੁਤ ਵੱਡਾ ਘਪਲਾ ਹੈ। ਇਸ ਵਾਸਤੇ ਇਧਰ ਜ਼ਰੂਰ ਧਿਆਨ ਦਿੱਤਾ ਜਾਵੇ। ਇੱਕ ਕੰਡਾ ਗੌਰਮਿੰਟ ਨੇ ਆਪਣੇ ਕੋਲੋਂ ਖਰੀਦਿਆ ਸੀ, ਉਹ ਕੰਡਾ ਤਾਂ ਇਕ ਖੂੰਜੇ ਰਖ ਦਿਤਾ ਗਿਆ ਹੈ ਪਰ ਇਕ ਖਾਸ ਆਦਮੀ

Original with;
Punjab Vidhan Sabha
Digitized by;
Panjab Digital Library

ਦਾ ਜੋ ਕੰਡਾ ਸੀ, ਉਸ ਤੇ ਕੰਮ ਸ਼ੁਰੂ ਹੋ ਗਿਆ ਹੈ। ਚੇਅਰਮੈਨ ਸਾਹਿਬ, ਛੋਟੀਆਂ ਛੋਟੀਆਂ ਬੱਚਤਾਂ ਹੋ ਸਕਦੀਆਂ ਹਨ। ਇਸ ਦੀ ਵੀ ਪੜਤਾਲ ਹੋਣੀ ਚਾਹੀਦੀ ਹੈ। ਜੇਕਰ ਸਰਕਾਰ ਛੋਟੀਆਂ ਛੋਟੀਆਂ ਬੱਚਤਾਂ ਕਰ ਲਵੇ ਤਾਂ ਲੋਕਾਂ ਉਤੇ ਟੈਕਸ ਲਗਾਉਣੇ ਕੋਈ ਜ਼ਰੂਰੀ ਨਹੀਂ ਹਨ। ਫਜ਼ੂਲ ਖਰਚਿਆਂ ਤੋਂ ਰੁਪਿਆ ਬਚਾ ਕੇ ਗਰੀਬ ਲੋਕਾਂ ਨੂੰ ਸਹੂਲਤ ਦੇਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਐਜੂਕੇਸ਼ਨ ਬਾਰੇ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਠਿੰਡਾ ਜ਼ਿਲ੍ਹਾ ਐਜੂਕੇਸ਼ਨ ਦੇ ਲਿਹਾਜ਼ ਨਾਲ ਬੈਟਰ ਹੈ। ਐਜੂਕੇਸ਼ਨ ਮਨਿਸਟਰ ਸਾਹਿਬ ਨੇ ਵੀ ਕੁਝ ਕੋਸ਼ਿਸ਼ ਕੀਤੀ ਹੈ। ਬਠਿੰਡੇ ਜ਼ਿਲ੍ਹੇ ਨੂੰ ਐਜੂਕੇਸ਼ਨ ਵਿਚ ਬੜ੍ਹਾਵਾ ਦੇਣਾ ਚਾਹੀਦਾ ਹੈ। ਦੋ ਸਕੂਲ ਵੀ ਅਪਗਰੇਡ ਕੀਤੇ ਗਏ ਹਨ। ਦੂਜੇ ਜ਼ਿਲ੍ਹਿਆਂ ਨੂੰ ਨਾਲ ਮਿਲਾਉਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਜੇਕਰ ਇਹੀ ਸਪੀਡ ਰਹੀ ਤਾਂ ਸਾਡਾ ਬੈਕ-ਲਾਗ ਪਿਛਲਾ ਪੂਰਾ ਨਹੀਂ ਹੋ ਸਕਦਾ। ਸਾਡਾ ਬੈਕ ਲਾਗ ਪੂਰਾ ਕਰਨਾ ਚਾਹੀਦਾ ਹੈ। ਇਸ ਬੈਕ-ਲਾਗ ਨੂੰ ਪੂਰਾ ਕਰਨ ਲਈ ਹੋਰ ਸਕੂਲ ਖੋਲ੍ਹਣੇ ਚਾਹੀਦੇ ਹਨ। ਚੇਅਰਮੈਨ ਸਾਹਿਬ, ਬਠਿੰਡਾ ਜ਼ਿਲ੍ਹਾ ਇਕ ਬਹੁਤ ਵੱਡਾ ਜ਼ਿਲ੍ਹਾ ਹੈ ਅਤੇ ਉਥੇ ਕੋਈ ਵੀ ਬੀ. ਐਡ. ਸਕੂਲ ਨਹੀਂ ਹੈ। ਚੇਅਰਮੈਨ ਸਾਹਿਬ, ਰੀਜਨਲ ਸੈਂਟਰ ਬਾਰੇ ਪੰਜਾਬੀ ਯੂਨੀਵਰਸਿਟੀ ਵੱਲੋਂ ਪਾਸ ਕੀਤਾ ਗਿਆ ਕਿ ਬਠਿੰਡੇ ਵਿਚ ਖੋਲ੍ਹਿਆ ਜਾਵੇ। ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਮਨਿਸਟਰ ਸਾਹਿਬ, ਨੂੰ ਬੇਨਤੀ ਕਰਾਂਗਾ ਕਿ ਇਹ ਸਕੀਮ ਕਾਗਜ਼ਾਂ ਵਿਚ ਹੀ ਨਾ ਰਹਿ ਜਾਵੇ ਬਲਿਕ ਇਸ ਸਕੀਮ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ। ਰੀਜਨਲ ਸੈਂਟਰ ਦੀ ਬਠਿੰਡੇ ਵਿਚ ਬਹੁਤ ਜ਼ਰੂਰਤ ਹੈ। ਜੇਕਰ ਸਰਕਾਰ ਚਾਹੁੰਦੀ ਹੈ ਕਿ ਉਸ ਲਈ ਕੋਈ ਜਗ੍ਹਾ ਜਾਂ ਇਮਾਰਤ ਦੀ ਜ਼ਰੂਰਤ ਹੈ ਤਾਂ ਉਸ ਲਈ ਬਠਿੰਡੇ ਜ਼ਿਲ੍ਹੇ ਦੇ ਲੋਕ ਸਹਿਯੋਗ ਦੇਣ ਲਈ ਤਿਆਰ ਹਨ। ਇਸ ਲਈ ਚੇਅਰਮੈਨ ਸਾਹਿਬ, ਰਿਜਨਲ **ਸੈਂਟਰ** ਜੋ ਬਠਿੰਡੇ ਵਿਚ ਮਨਜ਼ੂਰ ਕੀਤਾ ਗਿਆ ਹੈ, ਉਹ ਛੇਤੀ ਤੋਂ ਛੇਤੀ ਖੋਲ੍ਹਿਆ ਜਾਵੇ। ਇਹ ਸਕੀਮ ਕਾਗਜ਼ਾਂ ਵਿਚ ਹੀ ਨਾ ਰਹਿ ਜਾਵੇ ਸਗੋਂ ਜਲਦੀ ਤੋਂ ਜਲਦੀ ਚਾਲੂ ਕੀਤਾ ਜਾਵੇ। ਚੇਅਰਮੈਨ ਸਾਹਿਬ ਇਹ ਚੀਜ਼ 20 ਪੁਆਇੰਟ ਪ੍ਰੋਗਰਾਮ ਦੇ ਥੱਲੇ ਵੀ ਆਉਂਦੀ ਹੈ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਵੀ ਚਾਹੁੰਦੇ ਹਨ ਕਿ ਇਸ ਤਰ੍ਹਾਂ ਕਰਕੇ ਲੋਕਾਂ ਨੂੰ ਸਹੂਲਤ ਦਿੱਤੀ ਜਾਵੇ।

ਚੇਅਰਮੈਨ ਸਾਹਿਬ, ਅਡਲਟ ਐਜੂਕੇਸ਼ਨ ਦੀ ਵੀ ਬੜੀ ਅੱਛੀ ਸਕੀਮ ਹੈ। ਕਈ ਅਜਿਹੇ ਵਿਅਕਤੀ ਹਨ, ਜਿਹੜੇ ਘਰਾਂ ਵਿਚ ਬੈਠੇ ਰਹਿੰਦੇ ਹਨ। ਜੇਕਰ ਉਨ੍ਹਾਂ ਨੂੰ ਵਿਦਿਆ ਜਾਂ ਲਿਖਣ ਪੜ੍ਹਨ ਦੀ ਕੋਈ ਸਹੂਲਤ ਦਿੱਤੀ ਜਾਵੇ ਤਾਂ ਇਹ ਬੜੀ ਅੱਛੀ ਗੱਲ ਹੈ। ਲੇਕਿਨ ਚੇਅਰਮੈਨ ਸਾਹਿਬ ਅਡਲਟ ਐਜੂਕੇਸ਼ਨ ਵਾਸਤੇ ਕੋਈ ਬਿਲਡਿੰਗ ਜਾਂ ਕੋਈ ਕਮਰਾ ਆਦਿ ਨਹੀਂ ਹੈ। ਚੇਅਰਮੈਨ ਸਾਹਿਬ ਟੀਚਰ ਨੂੰ ਹੀ ਕਿਹਾ ਜਾਂਦਾ ਹੈ ਕਿ ਤੁਸੀਂ ਆਪ ਹੀ ਕੋਈ ਕਮਰੇ ਦਾ ਪ੍ਰਬੰਧ ਕਰੋ ਅਤੇ ਆਪ ਹੀ ਬੰਦਿਆਂ ਦੀ ਲਿਸਟ ਬਣਾਓ ਅਤੇ ਆਪ ਹੀ ਹਾਜ਼ਰੀ ਲਗਾ ਦਿਓ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਸਕੀਮ ਬੜੀ ਅੱਛੀ ਹੈ, ਪਰ ਇੰਪਲੀਮੈਂਟੇਸ਼ਨ ਠੀਕ ਢੰਗ ਨਾਲ ਨਹੀਂ ਹੋ ਰਹੀ ਹੈ। ਇਸ ਵਾਸਤੇ ਇਸ ਸਕੀਮ ਦੀ ਇੰਪਲੀਮੈਂਟੇਸ਼ਨ ਠੀਕ ਢੰਗ ਨਾਲ ਕਰਨ ਦੀ ਜ਼ਰੂਰਤ ਹੈ। ਜਿਹੜੀਆਂ ਥੋੜੀਆਂ ਬਹੁਤ ਤਕਲੀਫਾਂ ਇਸ ਸਕੀਮ ਨੂੰ ਇੰਪਲੀਮੈਂਟ ਕਰਨ ਵਿਚ ਹੁੰਦੀਆਂ ਹਨ, ਉਹ ਦੂਰ ਕੀਤੀਆਂ ਜਾਣ। ਚੇਅਰਮੈਨ ਸਾਹਿਬ, ਬਠਿੰਡੇ ਵਿਚ ਜੋ ਐਜੂਕੇਸ਼ਨ ਦਾ ਦਫਤਰ ਹੈ, ਉਹ ਅਜਿਹੀ ਜਗ੍ਹਾ ਤੇ ਹੈ ਜਿਸ ਦਾ ਕਿਸੇ ਨੂੰ ਵੀ ਪਤਾ ਨਹੀਂ ਲਗਦਾ। ਇਹ ਐਜੂਕੇਸ਼ਨ ਦਾ ਦਫਤਰ ਤਿੰਨ ਮਹੀਨਿਆਂ ਬਾਅਦ ਕਿਤੇ ਲੈ ਜਾਂਦੇ ਹਨ ਔਰ ਫਿਰ ਤਿੰਨ ਮਹੀਨਿਆਂ ਬਾਅਦ ਕਿਤੇ ਹੋਰ ਜਗ੍ਹਾ ਤੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]
ਲੈ ਜਾਂਦੇ ਹਨ। ਇਸ ਲਈ ਚੇਅਰਮੈਨ ਸਾਹਿਬ, ਜ਼ਰੂਰ ਕੋਈ ਕਰਾਏ ਤੇ ਚੰਗੀ ਬਿਲਡਿੰਗ ਜਾਂ ਆਪਣੀ ਬਿਲਡਿੰਗ ਬਣਾ ਕੇ ਐਜੂਕੇਸ਼ਨ ਦਾ ਦਫਤਰ ਇੱਕ ਜਗ੍ਹਾ ਤੇ ਹੋਣਾ ਚਾਹੀਦਾ ਹੈ ਤਾਂਕਿ ਲੇਡੀ ਸਟਾਫ ਨੂੰ ਵੀ ਕੋਈ ਦਿੱਕਤ ਪੇਸ਼ ਨਾ ਆਵੇ।

ਚੇਅਰਮੈਨ ਸਾਹਿਬ, ਵੋਕੇਸ਼ਨਲ ਸਕੀਮ ਬੜੀ ਅੱਛੀ ਹੈ। ਇਹ ਵੋਕੇਸ਼ਨਲ ਸਿਸਟਮ ਸਾਡੀ ਸਰਕਾਰ ਨੇ ਸ਼ੁਰੂ ਕੀਤਾ ਹੈ, ਜੋ ਕਿ ਬਹੁਤ ਅੱਛਾ ਹੈ (ਥੰਪਿੰਗ)। ਸਾਡੇ ਨੌਜਵਾਨ ਬੀ. ਏ., ਐਮ. ਏ. ਦੀਆਂ ਡਿਗਰੀਆਂ ਲੈ ਕੇ ਵੇਹਲੇ ਫਿਰਦੇ ਹਨ। ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਨਇੰਪਲਾਇਮੈਂਟ ਬਹੁਤ ਹੋਈ ਹੈ। ਚੇਅਰਮੈਨ ਸਾਹਿਬ, ਅਨਇੰਪਲਾਇਮੈਂਟ ਦਾ ਦਾਗ ਨਹੀਂ ਲਹਿ ਸਕਿਆ। ਇਸ ਵਾਸਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਰਖੀ ਗਈ ਹੈ ਤਾਂਕਿ ਇਸ ਸਕੀਮ ਰਾਹੀਂ ਮੁੰਡੇ ਕੰਮ ਸਿਖ ਕੇ ਆਪਣੇ ਪੈਰਾਂ ਤੇ ਆਪ ਖੜ੍ਹੇ ਹੋ ਸਕਣ। ਇਸ ਸਕੀਮ ਨੂੰ ਹੋਰ ਪਰਫੁਲਤ ਕਰਨਾ ਚਾਹੀਦਾ ਹੈ ਤਾਂਕਿ ਅਨਇੰਪਲਾਇਮੈਂਟ ਦਾ ਜਿਹੜਾ ਦਾਗ ਹੈ, ਉਹ ਦੂਰ ਹੋ ਸਕੇ। ਚੇਅਰਮੈਨ ਸਾਹਿਬ, ਪਿਛਲੀ ਵਾਰ ਵੀ ਮੈਂ ਚੌਧਰੀ ਜਗਤ ਰਾਮ, ਸਮਾਜ ਭਲਾਈ ਮੰਤਰੀ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਿਹਾ ਸੀ ਕਿ ਹਰੀਜਨਾਂ ਵਾਸਤੇ ਪਿੰਡ ਵਿਚ ਸਕੂਲ ਖੋਲ੍ਹਿਆ ਜਾਵੇ। ਵੀਕਰ ਸੈਕਸ਼ਨ ਵਾਸਤੇ ਸਕੂਲ ਖੋਲ੍ਹੇ ਜਾਣ। ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਨੇ ਸਕੂਲ ਖੋਲ੍ਹਣ ਲਈ ਪੰਚਾਇਤਾਂ ਕੋਲੋਂ 5,000 ਰੁਪਏ ਦੀ ਕੰਡੀਸ਼ਨ ਰੱਖੀ ਹੋਈ ਹੈ। ਪਰ ਉਹ 5,000 ਰੁਪਏ ਨਹੀਂ ਦੇ ਸਕਦੀਆਂ ਹਨ। ਇਸ ਲਈ ਇਹ 5,000 ਰੁਪਏ ਪੰਚਾਇਤਾਂ ਕੋਲੋਂ ਵਸੂਲ ਨਹੀਂ ਕਰਨੇ ਚਾਹੀਦੇ ਅਤੇ ਇਹ ਰੁਪਿਆ ਐਗਜੈਂਪਟ ਕਰਨਾ ਚਾਹੀਦਾ ਹੈ (ਥੰਪਿੰਗ)। ਉਸ ਪੰਚਾਇਤ ਕੋਲ ਇਤਨੇ ਸੋਰਸਿਜ਼ ਨਹੀਂ ਹਨ ਕਿ ਉਹ 5,000 ਰੁਪਿਆ ਦੇ ਸਕਣ। ਚੇਅਰਮੈਨ ਸਾਹਿਬ, ਹਰੀਜਨਾਂ ਦੀ ਉਸ ਪੰਚਾਇਤ ਨੂੰ ਭੰਬਲ ਭੂਸੇ ਵਿਚ ਪਾ ਦਿੱਤਾ ਹੈ, ਉਸ ਪੰਚਾਇਤ ਨੂੰ ਨੋਟਿਸ ਦਿਤਾ ਗਿਆ ਹੈ ਕਿ ਤੁਸੀਂ 5,000 ਰੁਪਿਆ ਜਮ੍ਹਾਂ ਕਰਵਾਓ। ਉਹ ਪੰਚਾਇਤ ਮੇਰੇ ਕੋਲ ਆ ਜਾਂਦੀ ਹੈ। ਮੈਂ ਉਸ ਪੰਚਾਇਤ ਨੂੰ ਕਹਿੰਦਾ ਹਾਂ ਕਿ ਮੈਂ ਵਜ਼ੀਰ ਸਾਹਿਬ ਨੂੰ ਕਹਿ ਦਿੱਤਾ ਹੈ ਪਰ ਹਾਲਾਂ ਤੀਕ ਉਹ ਕੰਮ ਨਹੀਂ ਹੋਇਆ।

**ਪ੍ਰੋਫੈਸਰ ਬਲਵੰਤ ਸਿੰਘ :** ** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਸੁਰਿੰਦਰ ਕਪੂਰ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਸ ਪੰਚਾਇਤ ਦਾ 5,000 ਰੁਪਿਆ ਮਾਫ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਬਠਿੰਡੇ ਵਿਚ ਹਸਪਤਾਲ ਦੀ ਮਾੜੀ ਹਾਲਤ ਹੈ ਅਤੇ ਇਤਨੀ ਮਾੜੀ ਹਾਲਤ ਸ਼ਾਇਦ ਹੀ ਕਿਤੇ ਹੋਰ ਹੋਵੇ। ਚੇਅਰਮੈਨ ਸਾਹਿਬ, ਡਾਕਟਰਾਂ ਦਾ ਆਪਸ ਵਿਚ ਉਥੇ ਡਿਸਪਿਊਟ ਹੈ। ਪਿਛਲੇ ਸਾਲ ਇਥੇ ਇਕ ਇਹੋ ਜਿਹਾ ਡਿਸਪਿਊਟ ਹਾਊਸ ਵਿਚ ਵੀ ਉਠਾਇਆ ਗਿਆ ਸੀ।

ਜਦੋਂ ਪੁਲਿਸ ਦੇ ਕਰਮਚਾਰੀ ਅਤੇ ਡਾਕਟਰ ਦਾ ਆਪਸ ਵਿੱਚ ਡਿਸਪਿਊਟ ਹੋਇਆ ਸੀ, ਉਸਦੀ ਪੜਤਾਲ ਕੀਤੀ ਗਈ, ਜਿਸ ਵਿੱਚ ਦੋਨੋਂ ਹੀ ਦੋਸ਼ੀ ਪਾਏ ਗਏ ਅਤੇ ਹਸਪਤਾਲ ਦਾ ਵਾਤਾ-ਵਰਨ ਵਿਗੜਦਾ ਹੀ ਚਲਾ ਗਿਆ। ਡਾਕਟਰ ਦਾ ਪੇਸ਼ਾ ਇਕ ਐਸਾ ਪੇਸ਼ਾ ਹੈ, ਜਿਸ ਵਿੱਚ ਲੋਕਾਂ ਨੂੰ ਵਿਸ਼ਵਾਸ ਹੁੰਦਾ ਹੈ, ਇਹੋ ਜਿਹੀਆਂ ਸਰਵਿਸਿਜ਼ ਤੇ ਲੋਕਾਂ ਨੂੰ ਵਿਸ਼ਵਾਸ ਹੁੰਦਾ ਹੈ। ਲੇਕਿਨ ਜਦੋਂ ਮਰੀਜਾਂ ਦਾ ਵਿਸ਼ਵਾਸ ਟੁੱਟ ਜਾਂਦਾ ਹੈ, ਉਸ ਵੇਲੇ ਮਰੀਜ਼ਾਂ ਦੀ ਹਾਲਤ ਵੇਖਣ ਵਾਲੀ ਹੁੰਦੀ ਹੈ। ਪਤਾ ਨਹੀਂ ਕਿਹੋ ਜਿਹਾ ਕਾਨੂੰਨ ਪਾਸ ਕਰ ਦਿੱਤਾ ਗਿਆ ਹੈ ਕਿ ਜੇਕਰ ਕੋਈ ਐਸ. ਐਮ. ਓ.

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਦਾ ਮਰੀਜ਼ ਹੈ ਤਾਂ ਉਹ ਐਸ. ਐਮ. ਓ. ਹੀ ਚੈਕ ਕਰੇਗਾ। ਜੇ ਐਸ. ਐਮ. ਓ. ਸ਼ਾਮ ਨੂੰ, ਦਿਨ ਨੂੰ ਦੁਪਹਿਰ ਨੂੰ ਕਿਧਰੇ ਬਾਹਰ ਗਿਆ ਹੈ, ਤਾਂ ਉਸ ਮਰੀਜ਼ ਨੂੰ ਕੋਈ ਦੂਸਰਾ ਡਾਕਟਰ ਚੈਕ ਨਹੀਂ ਕਰ ਸਕਦਾ। ਮਰੀਜ਼ ਕੁਰਲਾ ਰਹੇ ਹੁੰਦੇ ਹਨ। ਮੈਂ ਵੀ, ਚੇਅਰਮੈਨ ਸਾਹਿਬ, ਹਸਪਤਾਲ ਵਿੱਚ ਪਰਸਨਲੀ ਤੌਰ ਤੇ ਬਹੁਤ ਵਾਰ ਗਿਆ ਹਾਂ ਅਤੇ ਮੈਂ ਮਰੀਜ਼ਾਂ ਨਾਲ ਗਲ ਕੀਤੀ ਹੈ। ਉਨ੍ਹਾਂ ਦੀ ਇਹੋ ਹੀ ਗੱਲ ਹੈ ਕਿ ਜਦੋਂ ਕਿਸੇ ਡਾਕਟਰ ਨੂੰ ਕਹੀਦਾ ਹੈ ਕਿ ਮਰੀਜ਼ ਨੂੰ ਚੈਕ ਕਰ ਲਓ ਤਾਂ ਉਹ ਕਹਿ ਦੇਂਦਾ ਹੈ ਕਿ ਇਹ ਫਲਾਣੇ ਡਾਕਟਰ ਦਾ ਕੇਸ ਹੈ, ਉਹੀ ਚੈਕ ਕਰੇਗਾ, ਭਾਵੇਂ ਮਰੀਜ਼ ਦੀ ਏਨੇ ਚਿਰ ਵਿਚ ਜਾਨ ਨਿਕਲ ਜਾਵੇ। ਜੇ ਇਹੋ ਜਿਹਾ ਕੋਈ ਸਿਸਟਮ ਹੈ ਤਾਂ ਇਸਨੂੰ ਹਟਾਇਆ ਜਾਵੇ। ਜਿਹੜਾ ਵੀ ਡਾਕਟਰ ਡਿਊਟੀ ਤੇ ਹੋਵੇ, ਉਹੀ ਮਰੀਜ਼ਾਂ ਨੂੰ ਦੇਖੇ, ਚੈਕ ਅਪ ਕਰੇ ਅਤੇ ਉਨ੍ਹਾਂ ਦੀ ਤਕਲੀਫ ਨੂੰ ਦੂਰ ਕਰੇ ਨਾਂ ਕਿ ਇਹ ਕਹਿ ਦਿੱਤਾ ਜਾਵੇ ਕਿ ਫਲਾਣੇ ਡਾਕਟਰ ਦਾ ਕੇਸ ਹੈ ਅਤੇ ਜਦੋਂ ਉਹ ਆਵੇਗਾ ਆਪਣੇ ਆਪ ਚੈਕ ਕਰੇਗਾ। ਉਸ ਹਸਪਤਾਲ ਦੇ ਅੰਦਰ ਬੜੀ ਨਫਰਤ ਫੈਲ ਚੁੱਕੀ ਹੈ। ਮੈਂ ਇਹ ਵਜ਼ੀਰ ਸਾਹਿਬ ਨੂੰ ਦੱਸ ਦਿਤਾ ਸੀ ਕਿ ਇਸ ਬਾਰੇ ਉਸ ਹਸਪਤਾਲ ਨੂੰ ਓਵਰਹਾਲ ਕਰਨ ਅਤੇ ਉਥੇ ਜੋ ਧਰਮ ਦੇ ਸਬੰਧ ਵਿਚ, ਜਾਤ ਦੇ ਸਬੰਧ ਵਿਚ ਨਫਰਤ ਪੈਦਾ ਕੀਤੀ ਜਾ ਰਹੀ ਹੈ, ਉਸ ਨੂੰ ਦੂਰ ਕਰਨ। ਸਰਕਾਰ ਦਾ ਕਰੋੜਾਂ ਰੁਪਿਆ ਲਗਦਾ ਹੈ ਪਰ ਫਿਰ ਵੀ ਮਰੀਜ਼ ਉਸਦਾ ਕੋਈ ਫਾਇਦਾ ਨਹੀਂ ਉਠਾ ਸਕਦੇ, ਲੋਕਾਂ ਨੂੰ ਉਸਦਾ ਕੋਈ ਲਾਭ ਨਹੀਂ ਹੋ ਰਿਹਾ। ਇਹ ਫਾਇਦਾ ਕਿਉਂ ਨਹੀਂ ਹੋ ਰਿਹਾ, ਕਿਉਂਕਿ ਡਾਕਟਰਜ਼ ਦਾ ਆਪਸ ਵਿੱਚ ਹੀ ਡਿਸਪਿਊਟ ਹੈ। ਇਹੋ ਜਿਹੇ ਡਾਕਟਰਜ਼ ਨੂੰ ਉਥੋਂ ਫੌਰਨ ਤਬਦੀਲ ਕਰ ਦਿਓ ਅਤੇ ਜਿਸ ਹਸਪਤਾਲ ਤੇ ਕਰੋੜਾਂ ਰੁਪਿਆ ਲੱਗਾ ਹੈ, ਉਸਨੂੰ ਕਿਸੇ ਠੀਕ ਡਾਕਟਰ ਦੇ ਹਵਾਲੇ ਕੀਤਾ ਜਾਵੇ। ਇਸ ਵਾਸਤੇ ਵਜ਼ੀਰ ਸਾਹਿਬ, ਇਸ ਚੀਜ਼ ਨੂੰ ਦੇਖਦੇ ਹੋਏ ਸਮਝਣ ਅਤੇ ਠੀਕ ਢੰਗ ਨਾਲ ਇਸਦਾ ਇਲਾਜ ਕਰਨ। ਚਿਲਡਰਨ ਹਸਪਤਾਲ, ਬਠਿੰਡਾ ਬਾਰੇ ਸਾਡੇ ਬਜ਼ੁਰਗ ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਮੇਹਰ ਕਰਕੇ ਉਥੇ 100 ਬੈਡ ਕਰ ਦਿੱਤੇ ਸਨ। ਉਥੇ ਸਟਾਫ ਵੀ ਆ ਗਿਆ, ਡਾਕਟਰ ਵੀ ਪਹੁੰਚ ਗਏ, ਹੋਰ ਜਿਹੜੀ ਇਕੁਇਪਮੈਂਟ ਵੀ ਚਾਹੀਦੀ ਸੀ, ਉਹ ਵੀ ਪਹੁੰਚ ਗਈ ਲੇਕਿਨ ਉਸ ਵਾਸਤੇ ਕੋਈ ਬਿਲਡਿੰਗ ਨਹੀਂ ਬਣੀ। ਸਰਕਾਰ ਨੇ ਉਸ ਵਾਸਤੇ ਫੰਡਜ਼ ਦੀ ਕਮੀ ਕਾਰਣ ਅਸਮਰਥਾ ਪ੍ਰਗਟ ਕੀਤੀ ਸੀ। ਉਸ ਲਈ ਮੈਂ ਸੁਝਾਓ ਦਿੱਤਾ ਸੀ ਅਤੇ ਅੱਜ ਵੀ ਦੇਂਦਾ ਹਾਂ ਕਿ ਜੋ ਸ਼ਹਿਰ ਦੇ ਅੰਦਰ ਪੁਰਾਣਾ ਹਸਪਤਾਲ ਸੀ, ਉਹ ਵੀ 100 ਬੈਡਜ਼ ਦਾ ਹਸਪਤਾਲ ਸੀ। ਲੇਕਿਨ ਅੱਜ ਉਹ ਹਸਪਤਾਲ ਡਿਸਪੈਂਸਰੀ ਦਾ ਰੂਪ ਇਖਤਿਆਰ ਕਰ ਚੁਕਾ ਹੈ। ਚਿਲਡਰਨ ਹਸਪਤਾਲ ਉਸ ਪੁਰਾਣੇ ਹਸਪਤਾਲ ਦੇ ਅੰਦਰ ਜੋ ਕਿ ਸ਼ਹਿਰ ਦੇ ਬਿਲਕੁਲ ਸੈਂਟਰ ਵਿਚ ਹੈ, ਉਥੇ ਸ਼ਿਫਟ ਕਰ ਦਿੱਤਾ ਜਾਵੇ। ਇਸ ਲਈ ਸਰਕਾਰ ਨੂੰ ਕੋਈ ਹੋਰ ਖਰਚ ਵੀ ਨਹੀਂ ਕਰਨਾ ਪਵੇਗਾ। ਉਥੇ ਜਿਹੜੇ ਫਾਲਤੂ ਕਮਰੇ ਪਏ ਹਨ, ਉਨ੍ਹਾਂ ਵਿੱਚ ਖਾਹਮਖਾਹ ਕੰਡਮ ਸਮਾਨ ਭਰਿਆ ਹੋਇਆ ਹੈ ਉਸ ਨੂੰ ਠੀਕ ਢੰਗ ਨਾਲ ਡਿਸਪੋਜ਼ ਆਫ ਕਰਕੇ ਕੋਈ ਹੋਰ ਸਟੋਰ ਬਣਾ ਦਿੱਤਾ ਜਾਵੇ ਅਤੇ ਹਸਪਤਾਲ ਨੂੰ ਸ਼ਿਫਟ ਕਰ ਦਿਤਾ ਜਾਵੇ ਤਾਂਕਿ ਲੋਕ ਉਸਦਾ ਫਾਇਦਾ ਉਠਾ ਸਕਣ। ਇਕ ਹੋਰ ਹਸਪਤਾਲ ਦੇ ਅੰਦਰ ਮਾੜੀ ਘਟਨਾ ਦਾ ਮੈਂ ਜ਼ਿਕਰ ਕਰਨ ਲਗਾ ਹਾਂ। ਇਕ ਬਹੁਤ ਹੀ ਅੱਛਾ ਨੌਜਵਾਨ ਜਿਸਨੂੰ ਹਲਕੇ ਹੋਏ ਕੁੱਤੇ ਨੇ ਕੱਟ ਲਿਆ ਸੀ, ਉਸ ਹਸਪਤਾਲ ਵਿੱਚ ਗਿਆ। ਹਸਪਤਾਲ ਦੇ ਵਿੱਚ ਉਸਨੂੰ ਐਕਸਪਾਇਰੀ ਡੇਟ ਦਾ ਟੀਕਾ ਲਗਾ ਦਿਤਾ ਗਿਆ, ਜਿਸਦੇ ਰਿਜ਼ਲਟ ਵਜੋਂ ਉਸਦੀ ਡੈਥ ਹੋ ਗਈ, ਅਤੇ ਉਹ ਵਿਚਾਰਾ ਮਰ ਗਿਆ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਤੁਸੀਂ ਹਸਪਤਾਲ ਦੇ ਸਟੋਰ ਵਿੱਚ ਜੋ ਦਵਾਈਆਂ ਪਈਆਂ ਹਨ, ਉਨ੍ਹਾਂ ਦੀ ਪੜਤਾਲ ਕਰਾਓ। ਉਥੇ ਅਜਿਹਾ ਕਿੰਨਾ ਕੁ ਸਟਾਕ ਪਿਆ ਹੈ, ਜਿਹੜਾ ਐਕਸਪਾਇਰ ਹੋ ਚੁੱਕਾ ਹੈ ਅਤੇ ਜੇ ਪਿਆ ਹੈ ਤਾਂ ਉਨ੍ਹਾਂ ਅਫਸਰਾਂ ਅਤੇ ਅਧਿਕਾਰੀਆਂ ਦੇ ਵਿਰੁੱਧ ਐਕਸ਼ਨ ਲਓ ਤਾਂਕਿ ਲੋਕਾਂ ਨੂੰ ਜਾਨ ਤੋਂ ਹੱਥ ਨਾ ਧੋਣੇ ਪੈਣ। ਚੇਅਰਮੈਨ ਸਾਹਿਬ, ਹੁਣ ਮੈਂ ਅਰਬਨ ਐਸਟੇਟ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਬਾਰੇ ਵੀ ਕੁਝ ਕਹਾਂਗਾ। ਅਰਬਨ ਐਸਟੇਟ ਵਾਲਿਆਂ ਨੇ ਪਲਾਨਿੰਗ ਬਣਾਈ, ਜਗ੍ਹਾ ਐਕੁਆਇਰ ਕੀਤੀ ਪਰ 10–10 ਅਤੇ 11–11 ਸਾਲ ਹੋਣ ਦੇ ਬਾਵਜੂਦ ਵੀ ਪਲਾਨਿੰਗ ਸਿਰੇ ਨਹੀਂ ਚੜ੍ਹੀ। ਸਕੀਮਾਂ ਕੁਐਸ਼ ਹੋ ਗਈਆਂ। ਪਰ ਲੋਕਾਂ ਨੇ, ਜਿਹੜੇ ਛੋਟੇ ਛੋਟੇ ਮੁਲਾਜ਼ਮ ਹਨ, ਉਨ੍ਹਾਂ ਨੇ ਗੌਰਮਿੰਟ ਤੋਂ ਲੋਨ ਲੈ ਕੇ ਉਥੇ ਮਕਾਨ ਪਾਏ ਹੋਏ ਹਨ। ਉਥੇ 60-70% ਤੋਂ ਵੀ ਵਧ ਆਬਾਦੀ ਵੱਸ ਚੁੱਕੀ ਹੈ। ਮੈਨੂੰ ਪਤਾ ਲਗਾ ਸੀ ਕਿ ਸਕੀਮਾਂ ਕੁਐਸ਼ ਹੋਣ ਤੋਂ ਬਾਅਦ ਗੌਰਮਿੰਟ ਕੋਈ ਆਰਡੀਨੈਂਸ ਜਾਰੀ ਕਰ ਰਹੀ ਹੈ ਕਿ ਜ਼ਮੀਨ ਦੋਬਾਰਾ ਐਕੁਆਇਰ ਕਰ ਲਈ ਜਾਵੇ। ਮੈਂ ਵਿੱਤ ਮੰਤਰੀ ਜੀ ਨੂੰ ਇਸ ਸਬੰਧੀ ਸੁਝਾਓ ਦੇਂਦਾ ਹਾਂ ਕਿ ਜਿਹੜੀ ਜਗ੍ਹਾ ਅਰਬਨ ਐਸਟੇਟ ਵਾਲਿਆਂ ਨੇ 11–11 ਅਤੇ 15–15 ਸਾਲ ਪਹਿਲਾਂ ਐਕੁਆਇਰ ਕੀਤੀ ਸੀ, ਉਸਦੇ ਨਕਸ਼ੇ ਉਹ ਨਹੀਂ ਰਹੇ। ਉਸਦਾ ਦੁਬਾਰਾ ਸਰਵੇ ਕਰਵਾਓ ਅਤੇ ਜਿਹੜੀ ਜਗ੍ਹਾ ਬਿਲਟ ਅਪ ਹੋ ਚੁੱਕੀ ਹੈ ਅਤੇ ਜਿਥੇ ਲੋਕਾਂ ਨੇ ਮਕਾਨ ਬਣਾ ਲਏ ਹਨ, ਉਨ੍ਹਾਂ ਨੂੰ ਉਜਾੜਿਆ ਨਾ ਜਾਵੇ। ਦੋਬਾਰਾ ਸਰਵੇ ਕਰਕੇ ਜਿਥੇ ਅਰਬਨ ਐਸਟੇਟ ਵਾਲਿਆਂ ਨੂੰ ਹੁਣ ਜਗ੍ਹਾ ਮਿਲ ਸਕਦੀ ਹੋਵੇ, ਉਥੇ ਐਕੁਆਇਰ ਕਰ ਲਵੇ। ਅਰਬਨ ਡਿਵੈਲਪਮੈਂਟ ਅਥਾਰਿਟੀ ਬਾਰੇ ਵੀ ਮੈਂ ਕਿਹਾ ਸੀ ਅਤੇ ਮੁੱਖ ਮੰਤਰੀ ਜੀ ਨੇ ਵੀ ਕਿਹਾ ਸੀ ਕਿ ਅਸੀਂ ਜਲਦੀ ਬਣਾ ਲਵਾਂਗੇ। ਅਛੀ ਪਲਾਨਿੰਗ ਅਤੇ ਅੱਛੇ ਢੰਗ ਨਾਲ ਸਕੀਮਾਂ ਬਣਾ ਕੇ ਸ਼ਹਿਰਾਂ ਦੀ ਖੂਬਸੂਰਤੀ ਨੂੰ ਕਾਇਮ ਰਖਿਆ ਜਾ ਸਕਦਾ ਹੈ ਤਾਂਕਿ ਉਹ ਡਿਵੈਲਪ ਹੋ ਸਕਣ। ਸੋਸ਼ਲ ਵੈਲਫੇਅਰ ਦੇ ਸਬੰਧ ਵਿੱਚ ਮੈਂ ਆਪਣੇ ਡਿਸਟਰਿਕਟ ਸੋਸ਼ਲ ਵੈਲਫੇਅਰ ਅਫ਼ਸਰ ਨੂੰ ਮਿਲਿਆ ਅਤੇ ਉਨ੍ਹਾਂ ਤੋਂ ਪਤਾ ਕੀਤਾ ਕਿ ਪੈਨਸ਼ਨਜ਼ ਦੇ ਕੇਸਾਂ ਦਾ ਕੀ ਹਾਲ ਹੈ। ਪਰ ਪੈਨਸ਼ਨ ਦੇ ਕੇਸਾਂ ਵਿੱਚ ਕਈ ਬਿਰਧ ਲੋਕ ਇਹੋ ਜਿਹੇ ਹਨ ਜਿਨ੍ਹਾਂ ਨੂੰ ਪਹਿਲਾਂ ਪੈਨਸ਼ਨਾਂ ਲੱਗੀਆਂ ਹੋਈਆਂ ਹਨ, ਪਰ ਉਨ੍ਹਾਂ ਨੂੰ 4–4 ਅਤੇ 6–6 ਮਹੀਨੇ ਤੋਂ ਕੋਈ ਪੈਨਸ਼ਨ ਨਹੀਂ ਆਈ। ਜਦੋਂ ਦਫਤਰ ਤੋਂ ਪਤਾ ਕਰੀਦਾ ਹੈ ਤਾਂ ਉਹ ਕਹਿੰਦੇ ਹਨ ਕਿ ਭੇਜ ਦਿੱਤੀਆਂ ਹਨ। ਜੇ ਡਾਕਖਾਨੇ ਤੋਂ ਪਤਾ ਕਰੋ ਤਾਂ ਉਹ ਕਹਿ ਦੇਂਦਾ ਹੈ ਕਿ ਕੁਝ ਪਤਾ ਨਹੀਂ। ਦਫਤਰ ਵਾਲੇ ਸਟਾਫ ਘੱਟ ਹੋਣ ਕਰਕੇ ਅਸਮਰਥਾ ਪ੍ਰਗਟ ਕਰਦੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਲੋਕਾਂ ਨਾਲ ਜ਼ਿਆਦਾ ਵਾਹ ਪੈਂਦਾ ਹੈ। ਇਸ ਸਬੰਧੀ ਘੋਖ ਕਰ ਲਓ, ਪੜਤਾਲ ਕਰ ਲਓ ਕਿ ਉਥੇ ਸਟਾਫ ਘਟ ਹੋਣ ਦੀ ਕੀ ਵਜ੍ਹਾ ਹੈ। ਉਥੇ ਪੂਰਾ ਸਟਾਫ ਦਿੱਤਾ ਜਾਵੇ। ਲੋਕ ਵੈਸੇ ਹੀ ਪਰੇਸ਼ਾਨ ਹੁੰਦੇ ਰਹਿੰਦੇ ਹਨ ਔਰ ਚੇਅਰਮੈਨ ਸਾਹਿਬ, ਕਈ ਅਜਿਹੇ ਬਿਰਧ ਹਨ, ਜਿਨ੍ਹਾਂ ਨੂੰ ਐਪਲਾਈ ਕੀਤਿਆਂ ਹੋਇਆਂ ਵੀ 6–6 ਮਹੀਨੇ ਅਤੇ ਸਾਲ-ਸਾਲ ਹੋ ਚੁੱਕਾ ਹੈ, ਉਨ੍ਹਾਂ ਨੂੰ ਕੋਈ ਪੈਨਸ਼ਨ ਨਹੀਂ ਲੱਗੀ। ਡਿਸਟ੍ਰਿਕਟ ਵੈਲਫੇਅਰ ਅਫ਼ਸਰ ਕਹਿੰਦਾ ਹੈ ਕਿ ਬਜਟ ਨਹੀਂ ਆਇਆ, ਕੋਈ ਪੈਸਾ ਨਹੀਂ ਆਇਆ। ਉਹ ਬਿਰਧ ਲੋਕ ਕਹਿੰਦੇ ਹਨ ਕਿ ਦੱਸੋ ਬਈ, ਸਾਡਾ ਕੀ ਬਣੇਗਾ, ਅਸੀਂ ਤਾਂ ਹੁਣ ਮੌਤ ਦੇ ਮੂੰਹ ਤੇ ਖੜ੍ਹੇ ਹਾਂ। ਸੋ ਵਜ਼ੀਰ ਸਾਹਿਬ, ਇਸ ਵੱਲ ਧਿਆਨ ਦਿੱਤਾ ਜਾਵੇ। ਉਨ੍ਹਾਂ ਨੂੰ ਕਿਰਾਇਆ ਖਰਚ ਕਰਕੇ ਨਾ ਆਉਣਾ ਪਵੇ। ਜੇ ਉਹ ਦਸ ਚੱਕਰ ਵੀ ਮਾਰਨ ਤਾਂ 40–50 ਰੁਪਏ ਲੱਗ ਜਾਂਦੇ ਹਨ, ਲੇਕਿਨ ਉਨ੍ਹਾਂ ਨੂੰ ਪੈਨਸ਼ਨ ਨਹੀਂ ਲਗਦੀ।

ਚੇਅਰਮੈਨ ਸਾਹਿਬ, ਇਹ ਕੀ ਗਲ ਹੈ ਉਨ੍ਹਾਂ ਨੂੰ ਇਸ ਤਰ੍ਹਾਂ ਕਿਉਂ ਹੈਰਾਸ ਕੀਤਾ ਜਾਂਦਾ ਹੈ ਉਹ ਕਹਿੰਦੇ ਹਨ ਕਿ ਜੇ ਸਾਨੂੰ ਪੈਨਸ਼ਨ ਨਹੀਂ ਦੇਣੀ ਤਾਂ ਸਾਨੂੰ ਇਹ ਕਾਗਜ਼ ਕਿਉਂ ਦਿਤੇ ਹਨ। ਉਹ ਕਹਿੰਦੇ ਹਨ ਸਾਡੇ ਵਿਚ ਤਾਂ ਪਹਿਲਾਂ ਹੀ ਕੁਝ ਸਾਹ ਵਗਦੇ ਹਨ। ਚੇਅਰਮੈਨ ਸਾਹਿਬ, ਜੇ ਸਰਕਾਰ ਉਨ੍ਹਾਂ ਨੂੰ ਇਹ ਸਹੂਲਤ ਦੇਂਦੀ ਹੈ ਤਾਂ ਇਹ ਠੀਕ ਢੰਗ ਨਾਲ ਦੇਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਕੋਈ ਪਰੇਸ਼ਾਨੀ ਤਾਂ ਨਾ ਹੋਵੇ। ਇਸ ਪਾਸੇ ਵਿਸ਼ੇਸ਼ ਧਿਆਨ ਦਿਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਪਾਸ ਬੁਕਾਂ ਦੇਣੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

**ਚੋਧਰੀ ਜਗਤ ਰਾਮ** (ਸਮਾਜ ਭਲਾਈ ਅਤੇ ਕਿਰਤ ਮੰਤਰੀ) : ਇਹ ਚੀਜ਼ ਤਾਂ ਪਹਿਲਾਂ ਹੀ ਚੱਲ ਰਹੀ ਹੈ।

**ਸ੍ਰੀ ਸੁਰਿੰਦਰ ਕਪੂਰ** : ਜੇ ਪਹਿਲਾਂ ਹੀ ਇਹ ਹੈ ਤਾਂ ਫਿਰ ਬਹੁਤ ਚੰਗੀ ਗੱਲ ਹੈ । ਸਰਕਾਰ ਨੇ ਇਹ ਅੱਛਾ ਕਦਮ ਉਠਾਇਆ ਹੈ। ਇਸ ਨਾਲ ਘਪਲੇ ਦਾ ਚਾਂਸ ਘੱਟ ਜਾਂਦਾ ਹੈ। ਹੁਣ ਚੇਅਰਮੈਨ ਸਾਹਿਬ, ਮੈਂ ਟਰਾਂਸਪੋਰਟ ਦੇ ਸਬੰਧ ਵਿੱਚ ਕੁਝ ਕਹਿਣਾ ਚਾਹੁੰਦਾ ਹਾਂ । ਬਜਟ ਸਪੀਚ ਵਿੱਚ ਵੀ ਇਹ ਕਿਹਾ ਗਿਆ ਹੈ ਕਿ ਸਰਕਾਰ ਟਰਾਂਸਪੋਰਟ ਦੀਆਂ ਸਹੂਲਤਾਂ ਵਾਸਤੇ ਵਚਨ-ਬੱਧ ਹੈ। ਅਸੀਂ ਲੋਕਾਂ ਨੂੰ ਪੂਰੀਆਂ ਸਹੂਲਤਾਂ ਦਿਆਂਗੇ। ਲੇਕਿਨ ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਇਸ ਵਿੱਚ ਬਹੁਤ ਸੁਧਾਰ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ। ਪਰ ਇਸ ਵਿੱਚ ਹਾਲੇ ਵੀ ਬਹੁਤ ਕਮੀਆਂ ਹਨ। ਇਹਨਾਂ ਕਮੀਆਂ ਨੂੰ ਵੀ ਦੂਰ ਕੀਤਾ ਜਾਣਾ ਚਾਹੀਦਾ ਹੈ। ਬਸਾਂ ਦੇ ਅੰਦਰ ਅੱਜ ਵੀ ਮੈਂ ਕਹਿੰਦਾ ਹਾਂ ਕਿ, ਚੇਅਰਮੈਨ ਸਾਹਿਬ, ਕਿਸੇ ਵਕਤ ਵੀ ਵਜ਼ੀਰ ਸਾਹਿਬ ਜਾ ਕੇ ਦੇਖ ਲੈਣ ਬੱਸਾਂ ਦੇ ਅੰਦਰ ਪੂਰਾ ਸਾਮਾਨ ਨਹੀਂ ਹੁੰਦਾ। ਬੱਸ ਚੰਡੀਗੜ੍ਹ ਤੋਂ ਪਟਿਆਲੇ ਵੱਲ ਨੂੰ ਚਲਦੀ ਹੀ ਹੈ ਕਿ ਬਨੂੜ ਤੱਕ ਜਾ ਕੇ ਹੀ ਖੜ੍ਹ ਜਾਂਦੀ ਹੈ। ਲੋਕਾਂ ਦਾ ਹਜੂਮ ਇਕੱਠਾ ਹੋ ਜਾਂਦਾ ਹੈ। ਜੇਕਰ ਇਸ ਢੰਗ ਦੀ ਸਰਵਿਸ ਲੋਕਾਂ ਨੂੰ ਦੇਣੀ ਹੈ ਤਾਂ ਫਿਰ ਲੋਕਾਂ ਵਿੱਚ ਬੜੀ ਬੇਚੈਨੀ ਪੈਦਾ ਹੋ ਜਾਵੇਗੀ। ਵਜ਼ੀਰ ਸਾਹਿਬ ਹਰ ਸੰਡੇ ਸੈਚਰਡੇ ਜਾਂਦੇ ਹੀ ਰਹਿੰਦੇ ਹਨ। ਇਹ ਚੰਡੀਗੜ੍ਹ ਤਾਂ ਬਠਿੰਡੇ ਦੇ ਰਸਤੇ ਵਿੱਚ ਹੀ ਦੇਖ ਲੈਣ 3/4 ਬੱਸਾਂ ਜ਼ਰੂਰ ਰਸਤੇ ਵਿੱਚ ਖੜ੍ਹੀਆਂ ਮਿਲ ਜਾਣਗੀਆਂ । ਇਸ ਵਾਸਤੇ ਕਾਫੀ ਸੁਧਾਰ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਹੜਾ ਥੋਹੜਾ ਬਹੁਤ ਹੋਰ ਇਸ ਪਾਸੇ ਵੱਲ ਚੰਗੇ ਢੰਗ ਨਾਲ ਸੁਧਾਰ ਕੀਤਾ ਜਾ ਸਕਦਾ ਹੈ, ਉਹ ਹੋਣਾ ਚਾਹੀਦਾ ਹੈ ਔਰ ਲੋਕਾਂ ਨੂੰ ਅੱਛੀ ਸਹੂਲਤ ਮੁਹੱਈਆ ਹੋਣੀ ਚਾਹੀਦੀ ਹੈ। ਜੋ ਨੁਕਸ ਹਨ, ਉਹ ਵੀ ਦੂਰ ਕੀਤੇ ਜਾਣ। ਬਠਿੰਡੇ ਦਾ ਜਿਹੜਾ ਬੱਸ ਸਟੈਂਡ ਹੈ, ਉਥੇ ਸਟਾਫ ਵਾਸਤੇ ਜ਼ਮੀਨ ਸੀ। ਉਥੇ ਦੇ ਅਫ਼ਸਰਾਂ ਨੇ ਏਧਰ ਉਧਰ ਮਿਲ ਕੇ ਕਿਸੇ ਹੋਰ ਨੂੰ ਸਾਮਾਨ ਰੱਖਣ ਦੀ ਆਗਿਆ ਦੇ ਦਿੱਤੀ। ਕਈ ਵਾਰ ਕਿਹਾ ਗਿਆ ਹੈ ਕਿ ਇਹ ਸਟਾਫ ਵਾਸਤੇ ਹੈ। ਲੇਕਿਨ ਇਹ ਖਾਲੀ ਨਹੀਂ ਕੀਤੀ ਗਈ। ਸ਼ਾਇਦ ਵਜ਼ੀਰ ਸਾਹਿਬ ਦੇ ਧਿਆਨ ਵਿੱਚ ਇਹ ਚੀਜ਼ ਨਾ ਹੋਵੇ ਜਦੋਂ ਇਹ ਉਥੇ ਜਾਣ ਤਾਂ ਜਾ ਕੇ ਵੇਖ ਲੈਣ। ਸੋ ਚੇਅਰਮੈਨ ਸਾਹਿਬ, ਲੋਕਾਂ ਦੀ ਸਹੂਲਤ ਵਾਸਤੇ ਜੇ ਸਰਕਾਰ ਵਚਨ-ਬੱਧ ਹੈ ਤਾਂ ਬਹੁਤ ਸੁਧਾਰ ਕਰਨ ਦੀ ਲੋੜ ਹੈ । ਬਹੁਤ ਕੁੱਝ ਇਸ ਵਾਸਤੇ ਕੀਤਾ ਵੀ ਗਿਆ ਹੈ ਔਰ ਇਸ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ। ਰਾਜ ਵਿੱਚ ਇੱਕ ਪੱਖ ਤੋਂ ਨਹੀਂ ਹਰ ਪਖੋਂ ਵਿਕਾਸ ਹੋਇਆ ਹੈ ਔਰ ਹੋਰ ਵਿਕਾਸ ਲਈ ਧਿਆਨ ਦਿੱਤਾ ਜਾ ਰਿਹਾ ਹੈ। ਗਲੀਆਂ ਨਾਲੀਆਂ ਪੱਕੀਆਂ ਕਰਨ ਦੇ ਸਬੰਧ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਪਿੰਡਾਂ ਵਿੱਚ ਪਹਿਲਾਂ ਜਾਇਆ ਕਰਦੇ ਸੀ ਤਾਂ ਉਸ ਵੇਲੇ ਉਥੇ ਬਹੁਤ ਧੂੜ ਹੁੰਦੀ ਸੀ, ਮੀਂਹ ਪੈ ਜਾਵੇ ਤਾਂ ਅੰਦਾਂ ਦਾ ਚਿੱਕੜ ਹੋ ਜਾਂਦਾ ਸੀ, ਲੇਕਿਨ ਇਸ ਸਰਕਾਰ ਨੇ ਪੇਂਡੂ ਲੋਕਾਂ ਨੂੰ ਇਸ ਪਰਕਾਰ ਦੀਆਂ ਬਹੁਤ ਅੱਛੀਆਂ ਸਹੂਲਤਾਂ ਦਿੱਤੀਆਂ ਹਨ (ਘੰਟੀ) । ਇਸ ਚੀਜ਼ ਲਈ ਖਜ਼ਾਨਾ ਮੰਤਰੀ ਜੀ, ਸਾਡੀ ਪੰਜਾਬ ਸਰਕਾਰ, ਕਾਂਗਰਸ ਪਾਰਟੀ ਔਰ ਮੁੱਖ ਮੰਤਰੀ ਜੀ ਵਧਾਈ ਦੇ ਪਾਤਰ ਹਨ। ਮੈਂ ਖਜ਼ਾਨਾ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਹੋਰ ਧਿਆਨ ਦੇਣ ਤਾਂ ਕਿ ਪਿੰਡਾਂ ਦੇ ਅੰਦਰ ਵੀ ਸ਼ਹਿਰਾਂ ਵਾਲੀਆਂ ਸਹੂਲਤਾਂ ਮਿਲ ਸਕਣ ਅਤੇ ਜਿਹੜਾ ਇਸ ਵੇਲੇ ਪਿੰਡਾਂ ਤੇ ਸ਼ਹਿਰਾਂ ਵਿੱਚ ਗੈਪ ਹੈ, ਉਹ ਗੈਪ ਪੂਰਾ ਹੋ ਸਕੇ, ਘੱਟ ਜਾਵੇ । ਇਸ ਵਾਸਤੇ ਖਜ਼ਾਨਾ ਮੰਤਰੀ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਹੈਡ ਵਿੱਚ ਹੋਰ ਪੈਸੇ ਦੇਣ। 12,500 ਪਿੰਡਾਂ ਨੂੰ ਜੇ ਸਹੂਲਤਾਂ ਦੇਣੀਆਂ ਹਨ ਤਾਂ ਫਿਰ ਹੋਰ ਪੈਸੇ ਬੱਜਟ ਵਿੱਚ ਰੱਖੇ ਜਾਣ ਤਾਂ ਹੀ ਸਾਡੀ ਸਰਕਾਰ ਦਾ ਇਹ ਟਾਰਗੈਟ ਅਚੀਵ ਹੋ ਸਕਦਾ ਹੈ। ਇਤਨਾ ਕਹਿੰਦਾ ਹੋਇਆ ਮੈਂ ਚੇਅਰਮਨ ਸਾਹਿਬ, ਤੁਹਾਡਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ[

ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ। ਮੈਂ ਅੰਤ ਵਿੱਚ ਖਜ਼ਾਨਾ ਮੰਤਰੀ ਜੀ ਨੂੰ ਮੁੱਖ ਮੰਤਰੀ ਜੀ ਨੂੰ ਵਧਾਈ ਦੇਂਦਾ ਹਾਂ ਕਿ ਉਹਨਾਂ ਨੇ ਗਰੀਬਾਂ ਦੇ ਹਿੱਤ ਦਾ ਬੱਜਟ ਪੇਸ਼ ਕੀਤਾ ਹੈ।

**ਸ੍ਰੀ ਸਭਾਪਤੀ** : ਫਿਰ ਤੁਸੀਂ ਹੁਣ ਬੈਠ ਜਾਓ, ਹਾਊਸ ਦਾ ਵਕਤ ਜ਼ਾਇਆ ਨਾ ਕਰੋ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** (ਫਗਵਾੜਾ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਸੱਭ ਤੋਂ ਪਹਿਲਾਂ ਖਜ਼ਾਨਾ ਮੰਤਰੀ, ਸਾਡੀ ਪੰਜਾਬ ਸਰਕਾਰ ਔਰ ਮੁੱਖ ਮੰਤਰੀ ਜੀ ਨੂੰ ਵਧਾਈ ਦੇਂਦਾ ਹਾਂ।

(ਇਸ ਵੇਲੇ ਪ੍ਰੋਫੈਸਰ ਬਲਵੰਤ ਸਿੰਘ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਔਰ ਬਾਰ ਬਾਰ ਕਹਿ ਰਹੇ ਸਨ ਕਿ ਮੈਨੂੰ ਵਕਤ ਦਿੱਤਾ ਜਾਵੇ।)

**ਸ੍ਰੀ ਸਭਾਪਤੀ** : ਹੁਣ ਬੈਠ ਜਾਓ ਤੁਹਾਨੂੰ ਕੱਲ੍ਹ ਵਕਤ ਦਿੱਤਾ ਜਾਵੇਗਾ।

**ਪ੍ਰੋਫੈਸਰ ਬਲਵੰਤ ਸਿੰਘ** : ਚੇਅਰਮੈਨ ਸਾਹਿਬ, ਮੈਨੂੰ ਵਕਤ ਦੀ ਡੈਫੀਨੀਸ਼ਨ ਦਿਓ।

**ਸ੍ਰੀ ਸਭਾਪਤੀ** : ਵਕਤ ਦੀ ਡੈਫੀਨੀਸ਼ਨ ਹੈ ਕਿ ਤੁਹਾਨੂੰ ਜਦੋਂ ਬੋਲਣ ਦਾ ਵਕਤ ਦਿੱਤਾ ਜਾਵੇਗਾ ਤਾਂ ਉਸ ਵਕਤ ਤੁਸੀਂ ਦੋ ਤਿੰਨ ਮਿੰਟ ਹੋਰ ਲੈ ਲੈਣਾ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਚੇਅਰਮੈਨ ਸਾਹਿਬ, ਇਸ ਕੁਰਸੀ ਨੂੰ ਚੰਗੀ ਤਰ੍ਹਾਂ ਪਕੜ ਕੇ ਰੱਖਣਾ।

**ਪੰਡਿਤ ਸਰਵਣ ਰਾਮ** : ** ** **

**ਸ੍ਰੀ ਓਮ ਪ੍ਰਕਾਸ਼ ਗੁਪਤਾ** : (ਬੈਠੇ, ਬੈਠੇ) ਚੇਅਰਮੈਨ ਸਾਹਿਬ, ਮੈਂ ਆਪਣੇ ਇਹ ਸ਼ਬਦ ਵਿਦਡਰਾਅ ਕਰਦਾ ਹਾਂ।

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਬੋਲਣ ਵਾਲੇ ਦਾ ਵਕਤ ਕਿਉਂ ਖਰਾਬ ਕਰਦੇ ਹੋ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ, ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਅਤੇ ਸੀ.ਐਮ. ਸਾਹਿਬ ਨੂੰ ਵਧਾਈ ਦੇਂਦਾ ਹਾਂ, ਜਿਨ੍ਹਾਂ ਨੇ ਸਾਲ 1983-84 ਦਾ ਟੈਕਸ -ਫਰੀ ਪਰੋ-ਹਰੀਜਨ, ਪਰੋ-ਲੇਬਰ, ਪਰੋ-ਇੰਪਲਾਈਜ਼ ਔਰ ਪਰੋ-ਕਾਮਨ ਪੀਪਲ ਬਜਟ ਪੇਸ਼ ਕੀਤਾ ਹੈ। ਮੈਂ ਇਨ੍ਹਾਂ ਨੂੰ ਬਹੁਤ ਬਹੁਤ ਵਧਾਈ ਦੇਂਦਾ ਹਾਂ। ਚੇਅਰਮੈਨ ਸਾਹਿਬ, ਪੰਜਾਬ ਵਿੱਚ 1947 ਤੋਂ ਬਾਅਦ 1950 ਵਿੱਚ ਸਾਡਾ ਸੰਵਿਧਾਨ ਲਾਗੂ ਹੋਇਆ। ਚੇਅਰਮੈਨ ਸਾਹਿਬ ਮੈਂ ਵੀ 1967-68 ਵਿੱਚ ਵਜ਼ੀਰ ਰਿਹਾ ਹਾਂ। ਇਹ ਪਹਿਲੀ ਸਰਕਾਰ ਹੈ ਜਿਸ ਨੇ ਸ਼ਡਿਊਲਡ ਕਾਸਟਸ ਔਰ ਹਰੀਜਨਾਂ ਦੇ ਹਿੱਤ ਦਾ ਬਜਟ ਪੇਸ਼ ਕੀਤਾ ਹੈ।ਇਸ ਨਾਲ ਉਹਨਾਂ ਨੂੰ ਵਿਸ਼ੇਸ਼ ਰਿਆਇਤਾਂ ਮਿਲਦੀਆਂ ਹਨ। ਸਟੂਡੈਂਟਸ ਨੂੰ ਜਿਹੜੀ ਪਹਿਲਾਂ ਵਜ਼ੀਫੇ ਦੀ ਰਿਆਇਤ ਦਿੱਤੀ ਜਾ ਰਹੀ ਸੀ, ਉਹ ਕੇਵਲ 3600 ਰੁਪਏ ਤੱਕ ਦੀ ਆਮਦਨ ਵਾਲੇ ਹਰੀਜਨ ਦੇ ਬੱਚੇ ਨੂੰ ਦਿੱਤੀ ਜਾਂਦੀ ਸੀ, ਪਰ ਬਾਅਦ ਵਿੱਚ ਇਹ ਹੱਦ 6,000 ਰੁਪਏ ਤੱਕ ਕਰ ਦਿੱਤੀ ਗਈ ਹੈ। ਸਾਡੀ ਇਹ ਲਗਾਤਾਰ ਬਹੁਤ ਸਮੇਂ ਤੋਂ ਡੀਮਾਂਡ ਚਲੀ ਆ ਰਹੀ ਸੀ ਕਿ ਜਿਹੜਾ ਅੱਜ ਕੱਲ੍ਹ ਚਪੜਾਸੀ ਹੈ ਜਾਂ ਜਿਹੜਾ ਸ਼ਡਿਊਲਡ ਕਾਸਟ ਇੰਪਲਾਈ ਹੈ, ਉਸ ਦੀ ਆਮਦਨ ਵੀ 500 ਰੁਪਏ ਪ੍ਰਤੀ ਮਹੀਨਾ ਤੋਂ ਵੱਧ ਹੋ ਜਾਂਦੀ ਹੈ ਔਰ ਉਹ 6,000 ਰੁਪਏ ਸਾਲਾਨਾ ਤੋਂ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਟੱਪ ਜਾਂਦਾ ਹੈ, ਜਿਸ ਕਰਕੇ ਉਸ ਦੇ ਬੱਚਿਆਂ ਨੂੰ ਵਜ਼ੀਫਾ ਨਹੀਂ ਸੀ ਮਿਲਦਾ। ਇਹ ਸਾਡੀ ਡੀਮਾਂਡ ਸੀ ਕਿ ਇਹ ਇਨਕਮ ਦੀ ਸੀਲਿੰਗ ਵਧਾਈ ਜਾਵੇ। ਹੁਣ ਇਹ ਸਰਕਾਰ ਵਧਾਈ ਦੀ ਪਾਤਰ ਹੈ, ਜਿਸ ਨੇ ਸਾਡੀ ਇਸ ਮੰਗ ਨੂੰ ਮੰਨਦੇ ਹੋਏ ਇਨਕਮ ਦੀ ਸੀਲਿੰਗ 6,000 ਤੋਂ ਵਧਾ ਕੇ 9,000 ਰੁਪਏ ਸਾਲਾਨਾ ਤੱਕ ਕਰ ਦਿੱਤੀ ਹੈ।

ਹੁਣ ਮੈਂ ਲੇਬਰ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮਿਨੀਮਮ ਵੇਜਿਜ਼ ਸਾਰੇ ਹਿੰਦੁਸਤਾਨ ਨਾਲੋਂ ਜ਼ਿਆਦਾ ਹਨ। ਇਥੇ 14.68 ਰੁਪਏ ਪ੍ਰਤੀ ਦਿਨ ਮਿਨੀਮੱਮ ਵੇਜਿਜ਼ ਹਨ। ਇਸੇ ਤਰ੍ਹਾਂ ਇਥੇ ਪਰ ਕੈਪੀਟਾ ਇਨਕਮ ਵੀ 3403 ਰੁਪਏ ਪ੍ਰਤੀ ਸਾਲ ਹੈ, ਜੋ ਕਿ ਸਾਰੇ ਹਿੰਦੁਸਤਾਨ ਨਾਲੋਂ ਜ਼ਿਆਦਾ ਹੈ। ਐਂਪਲਾਈਜ਼ ਵੀ ਗੱਲਾਂ ਕਰਦੇ ਸੁਣੇ ਹਨ। ਇਹ ਲੋਕ ਕਾਫੀ ਦੇਰ ਤੋਂ ਐਜੀਟੇਸ਼ਨਾਂ ਕਰਦੇ ਆ ਰਹੇ ਸਨ ਇਨ੍ਹਾਂ ਨੂੰ ਵੀ ਕਾਫੀ ਰਿਆਇਤਾਂ ਮਿਲੀਆਂ ਹਨ ਇਸ ਬਜਟ ਵਿਚ ਕਾਮਨ ਮੈਨ ਨੂੰ ਵੀ ਅੱਛੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਇੱਕ ਗੱਲ ਮੈਂ ਮਾਸਟਰ ਬਾਬੂ ਸਿੰਘ ਜੀ ਬਾਰੇ ਕਹਿਣੀ ਹੈ ਮਾਨਯੋਗ ਮੈਂਬਰ ਇਥੇ ਬੈਠੇ ਹਨ, ਇਨ੍ਹਾਂ ਨੇ ਬੋਲਦਿਆਂ ਹੋਇਆਂ ਕਿਹਾ ਸੀ ਅਤੇ ਉਹਨਾਂ ਨੇ ਟੈਕਸ ਦੀ ਗਲ ਕੀਤੀ ਹੈ। ਐਨੂਅਲ ਪਲੈਨ ਪਿਛਲੇ ਸਾਲ 440 ਕਰੋੜ ਦਾ ਸੀ। ਉਸ ਵਿਚ ਜਿਹੜਾ ਸਾਨੂੰ 36 ਕਰੋੜ ਦਾ ਘਾਟਾ ਸੀ ਔਰ 14 ਕਰੋੜ ਦਾ ਪਿਛਲਾ ਘਾਟਾ, ਇਹ ਮਿਲਾ ਕੇ 50 ਕਰੋੜ ਦਾ ਘਾਟਾ ਬਗੈਰ ਟੈਕਸ ਲਗਾਏ ਪੂਰਾ ਕਰਨਾ ਹੈ। ਇਹੋ ਜਿਹੇ ਮਯਰਜ਼ ਲਏ ਗਏ ਹਨ, ਜਿਨ੍ਹਾਂ ਨਾਲ ਕਿ ਇਹ 50 ਕਰੋੜ ਰੁਪਏ ਦਾ ਘਾਟਾ ਬਗੈਰ ਟੈਕਸ ਲਗਾਏ ਪੂਰਾ ਕਰਨਾ ਹੈ, ਕਈ ਪੁਆਇੰਟਸ ਇਸ ਵਿਚ ਸਨ। ਚੇਅਰਮੈਨ ਸਾਹਿਬ, ਇੱਕ ਪੁਆਇੰਟ ਆਉਂਦਾ ਹੈ ਕਿ ਟੈਕਸ ਲਗਾਏ ਬਗੈਰ ਕਿਥੋਂ ਪੈਸਾ ਆਉਣਾ ਹੈ।

"One measure is auction of scrap and surplus stores etc. of Irrigation Power, and Public Works Department."

1947 ਤੋਂ ਬਾਅਦ ਬਹੁਤ ਪ੍ਰਾਜੈਕਟ ਲਗੇ। ਤੁਸੀਂ ਦੇਖੋਗੇ ਕਿ ਪੁਰਾਣੀ ਤੋਂ ਪੁਰਾਣੀ ਮਸ਼ੀਨਰੀ ਉਸੇ ਤਰ੍ਹਾਂ ਹੀ ਪਈ ਹੈ। ਇਹ ਬੜੀ ਅੱਛੀ ਗਲ ਹੈ ਕਿ ਇਸ ਨੂੰ ਨਿਲਾਮ ਕਰਕੇ ਪੈਸੇ ਲਏ ਜਾ ਸਕਦੇ ਹਨ। ਉਹ ਯੂਜ਼ ਵਿਚ ਨਹੀਂ ਸੀ ਆ ਰਹੀ। ਇਹ ਜਿਹੜਾ 20–25 ਸਾਲਾਂ ਤੋਂ ਸਕਰੈਪ ਪਿਆ ਹੈ ਲੋਹੇ ਦੇ ਭਾਅ ਵਧਣ ਨਾਲ ਇਸ ਦੀ ਕੀਮਤ ਐਕਚੂਅਲ ਕੀਮਤ ਨਾਲੋਂ ਜ਼ਿਆਦਾ ਹੋਏਗੀ। ਇਸ ਤਰ੍ਹਾਂ ਕਰਕੇ ਇਹ 50 ਕਰੋੜ ਦਾ ਘਾਟਾ ਬਗੈਰ ਟੈਕਸ ਲਗਾਏ ਤੋਂ ਪੂਰਾ ਕਰਨਾ ਹੈ। ਮਾਸਟਰ ਬਾਬੂ ਸਿੰਘ ਜੀ ਨੇ ਕਿਹਾ ਸੀ ਕਿ ਇਹ ਟੈਕਸ ਫਰੀ ਬਜਟ ਨਹੀਂ ਹੈ। ਗੌਰਮਿੰਟ ਨੇ ਨੋਟੀਫਿਕੇਸ਼ਨ ਕਰਕੇ ਟੈਕਸ ਲਗਾਏ ਇਹ ਘਾਟਾ ਪੂਰਾ ਕੀਤਾ ਹੈ। ਮਾਸਟਰ ਬਾਬੂ ਸਿੰਘ ਜੀ ਸ਼ਾਇਦ ਚੰਗੀ ਤਰ੍ਹਾਂ ਨਾਲ ਆਪਣੀ ਸਪੀਚ ਬੋਲਣ ਤੋਂ ਪਹਿਲਾਂ ਪੜ੍ਹ ਨਹੀਂ ਸਕੇ। ਅਗਰ ਉਹ ਸਪੀਚ ਦੇਣ ਤੋਂ ਪਹਿਲਾਂ ਪੜ੍ਹ ਲੈਂਦੇ ਤਾਂ.........

**ਸ੍ਰੀ ਸਭਾਪਤੀ** : ਤੁਸੀਂ ਆਪਣੇ ਵਿਚਾਰ ਦੱਸੋ। ਕਿਸੇ ਦੇ ਵਿਚਾਰਾਂ ਬਾਰੇ ਤੁਸੀਂ ਕਿਉਂ ਕਹਿ ਰਹੇ ਹੋ (ਥੰਪਿੰਗ)

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ, ਮੇਰੀ ਅਰਜ਼ ਹੈ ਕਿ ਮੈਂ ਇਹ ਗਲ ਪਹਿਲਾਂ ਕਹੀ ਸੀ ਕਿ ਇਹ ਟੈਕਸ-ਲੈਸ ਬਜਟ ਹੈ।

**ਪ੍ਰੋਫੈਸਰ ਬਲਵੰਤ ਸਿੰਘ** : ਇਹ ਬਜਟ ਤੇ ਬੋਲਣ ਦੀ ਬਜਾਏ ਮਾਸਟਰ ਬਾਬੂ ਸਿੰਘ ਤੇ ਬੋਲ ਰਹੇ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਪਿਛਲੇ ਸਾਲ ਦੀ ਬਜਟ ਸਪੀਚ ਦੇ ਸਫਾ 62 ਤੇ ਬਿਜਲੀ ਦੇ ਰੇਟ ਬਾਰੇ ਲਿਖਿਆ ਹੈ। ਪਿਛਲੇ ਸਾਲ ਦੀ ਸਪੀਚ 'ਚ ਜ਼ਿਕਰ ਹੈ, ਕੋਈ ਨੋਟੀਫਿਕੇਸ਼ਨ ਨਹੀਂ ਕੀਤਾ ਗਿਆ। ਇਹ ਪਹਿਲਾਂ ਪਰੋਪੋਜ਼ ਕੀਤਾ ਹੋਇਆ ਸੀ। ਇਸੇ ਤਰ੍ਹਾਂ ਹੀ ਸਫਾ 62 ਤੇ ਜ਼ਿਮੀ-ਦਾਰਾਂ ਤੇ 1% ਮਾਰਕਿਟ ਫੀਸ ਲਗਾ ਕੇ 20 ਕਰੋੜ ਰੁਪਿਆ ਲਿਆ ਹੈ। ਸਫਾ 63 ਤੇ ਸਾਫ ਤੌਰ ਤੇ ਲਿਖਿਆ ਹੋਇਆ ਹੈ ਕਿ ਜਿਹੜੀਆਂ ਸੜਕਾਂ ਬਣਾ ਦਿੱਤੀਆਂ ਗਈਆਂ ਹਨ, ਉਨ੍ਹਾਂ ਦੀ ਮੁਰੰਮਤ ਨਹੀਂ ਕੀਤੀ ਗਈ।

**ਕਾਮਰੇਡ ਸਰਵਣ ਸਿੰਘ ਚੀਮਾ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਇਹ ਪਿਛਲੇ ਸਾਲ ਦੀ ਬਜਟ ਸਪੀਚ ਹੈ। ਇਸ ਦਾ ਮੁਤਾਲਾ ਕਰਕੇ ਆਉਣਾ ਚਾਹੀਦਾ ਹੈ। ਪਿੰਡਾਂ ਦੀਆਂ ਸੜਕਾਂ ਅਤੇ ਨਾਲੀਆਂ ਪੱਕੀਆਂ ਕਰਨ ਲਈ ਪੰਡਿਤ ਸਰਵਣ ਰਾਮ ਜੀ ਨੇ ਕਿਹਾ ਹੈ ਕਿ ਇਹ ਜੋ 10.87 ਕਰੋੜ ਰੁਪਿਆ ਰਖਿਆ ਗਿਆ ਹੈ, ਇਹ ਦੁਗਣਾ ਹੋਣਾ ਚਾਹੀਦਾ ਹੈ। ਮੈਂ ਇਸ ਨਾਲ ਐਗਰੀ ਕਰਦਾ ਹਾਂ। ਇਹ ਜਿਹੜੀ 1% ਮਾਰਕਿਟ ਫੀਸ ਲਗਾਈ ਗਈ ਹੈ, ਇਸ ਨਾਲ ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ ਹੋਏਗੀ ਔਰ ਨਵੀਆਂ ਸੜਕਾਂ ਵੀ ਬਣਨਗੀਆਂ। ਸ਼ਡਿਊਲਡ ਕਾਸਟਸ ਲਈ 6,000 ਤੋਂ 9,000 ਇਨਕਮ ਕਰ ਦਿਤੀ ਗਈ ਹੈ, ਇਹ ਬਹੁਤ ਅੱਛਾ ਕੀਤਾ ਗਿਆ ਹੈ। 20–ਨੁਕਾਤੀ ਪ੍ਰੋਗਰਾਮ ਅਧੀਨ ਸਰਕਾਰ ਨੇ ਸਰਵੇ ਕਰਾਇਆ ਸੀ ਅਤੇ 3.76 ਲੱਖ ਅਜਿਹੇ ਲੋਕ ਨਿਕਲੇ ਹਨ ਜਿਹੜੇ ਕਿ ਗਰੀਬੀ ਦੀ ਲਾਈਨ ਤੋਂ ਥੱਲੇ ਹਨ। ਇਨ੍ਹਾਂ ਵਿਚੋਂ 2.7 ਲੱਖ ਦੇ ਕਰੀਬ ਸ਼ਡਿਊਲਡ ਕਾਸਟਸ ਹਨ। ਇਨ੍ਹਾਂ ਦੀ ਬਿਹਤਰੀ ਲਈ ਖਾਸ ਕਦਮ ਉਠਾਏ ਗਏ ਹਨ। ਇਕ ਗਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਸਫਾਈ ਮਜ਼ਦੂਰ ਜੋ ਹਨ ਇਨ੍ਹਾਂ ਨੂੰ ਵੀ ਸ਼ਡਿਊਲਡ ਕਾਸਟਸ ਵਾਂਗੂ ਕਰਜ਼ੇ ਦਿੱਤੇ ਜਾਣਗ। ਪਿੰਡਾਂ ਵਿਚ 3.76 ਲੱਖ ਮਜ਼ਦੂਰਾਂ ਨੂੰ ਮਕਾਨ ਬਣਾ ਕੇ ਦੇ ਰਹੇ ਹਨ। ਇਹ ਸ਼ਲਾਘਾਯੋਗ ਗੱਲ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਸ਼ਹਿਰਾਂ ਦੇ ਸਫਾਈ ਮਜ਼ਦੂਰਾਂ ਨੂੰ ਵੀ ਅਤੇ ਜਿਹੜੇ ਕਿ ਦੂਸਰੀਆਂ ਜ਼ਾਤਾਂ ਨਾਲ ਸਬੰਧ ਰਖਦੇ ਹਨ ਇਨ੍ਹਾਂ ਨੂੰ ਵੀ 50 ਗਜ਼ ਦੇ ਪਲਾਟ ਦੇ ਦੇਣੇ ਚਾਹੀਦੇ ਹਨ ਤਾਂਕਿ ਉਹ ਵੀ ਆਪਣੇ ਮਕਾਨ ਬਣਾ ਸਕਣ। ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਵੇਲੇ ਇਕ ਕਮੇਟੀ ਬਣੀ ਸੀ, ਜਿਸ ਦੇ ਚੈਅਰਮੈਨ ਭਗਤ ਗੁਰਾਂਦਾਸ ਹੰਸ ਸਨ। ਇਸ ਕਮੇਟੀ ਨੇ ਸਾਰੇ ਹਿੰਦੁਸਤਾਨ ਭਰ ਵਿਚ ਫਿਰ ਕੇ ਸਫਾਈ ਮਜ਼ਦੂਰਾਂ ਦੇ ਹਾਲਾਤ ਦਾ ਜਾਇਜ਼ਾ ਲੈ ਕੇ ਇਕ ਰਿਪੋਰਟ ਪੇਸ਼ ਕੀਤੀ ਸੀ। ਮੈਂ ਅਰਜ਼ ਕਰਦਾ ਹਾਂ ਸ੍ਰੀ ਸਰਦਾਰੀ ਲਾਲ ਕਪੂਰ ਸਾਹਿਬ ਜੋ ਕਿ ਇਸ ਵੇਲੇ ਲੋਕਲ ਗੌਰਮਿੰਟ ਦੇ ਮੰਤਰੀ ਹਨ ਉਹ ਇਸ ਰਿਪੋਰਟ ਨੂੰ ਕਢਵਾ ਕੇ ਇਸ ਤੇ ਅਮਲ ਕਰਾਉਣ। ਸਾਡੇ ਸ਼ਡਿਊਲਡ ਕਾਸਟਸ ਵਿਚ ਜਿਨ੍ਹਾਂ ਸਫਾਈ ਸੇਵਕਾਂ ਦੀ ਗਿਣਤੀ ਨੰ: 2 ਤੇ ਆਉਂਦੀ ਹੈ ਇਨ੍ਹਾਂ ਨੂੰ ਸਹੂਲਤਾਂ ਮਿਲ-ਣੀਆਂ ਚਾਹੀਦੀਆਂ ਹਨ।

ਇਸੇ ਤਰ੍ਹਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇੱਕ ਸਪੈਸ਼ਲ ਕੰਪੋਨੈਂਟ ਪਲਾਨ ਸ਼ਡਿਊਲਡ ਕਾਸਟਸ ਲਈ ਹੋਣਾ ਚਾਹੀਦਾ ਹੈ। ਇਹ ਬੜੀ ਦੇਰ ਤੋਂ ਡੀਮਾਂਡ ਹੋ ਰਹੀ ਹੈ ਕਿ ਸ਼ਡਿਊਲਡ ਕਾਸਟਸ ਲਈ ਉਨ੍ਹਾਂ ਦੀ ਆਬਾਦੀ ਦੇ ਮੁਤਾਬਿਕ ਬਜਟ ਦੀ ਜਿਹੜੀ ਤਕਸੀਮ ਕੀਤੀ ਜਾਣੀ ਹੈ, ਉਸ ਦਾ ਚੌਥਾ ਹਿੱਸਾ ਸ਼ਡਿਊਲਡ ਕਾਸਟਸ, ਹਰੀਜਨਾਂ ਅਤੇ ਵੀਕਰ ਸੈਕਸ਼ਨ ਤੇ ਖਰਚ ਹੋਣਾ ਚਾਹੀਦਾ ਹੈ। ਇਹ ਬੜੀ ਖੁਸ਼ੀ ਦੀ ਗਲ ਹੈ ਕਿ ਵਿੱਤ ਮੰਤਰੀ ਨੇ ਆਪਣੀ ਬਜਟ ਸਪੀਚ ਵਿਚ ਕਿਹਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੈ ਕਿ 25.77 ਕਰੋੜ ਰੁਪਏ ਦੀ ਕੰਪੋਨੈਂਟ ਪਲਾਨ ਬਣੀ ਹੈ। 4.88 ਕਰੋੜ ਦੀ ਸੈਂਟਰ ਤੋਂ ਅਸਿਸਟੈਂਸ ਆਉਣੀ ਹੈ। ਇਸ ਤਰ੍ਹਾਂ ਨਾਲ ਇਹ ਕੋਈ 30.65 ਕਰੋੜ ਦੇ ਕਰੀਬ ਜਿਹੜਾ ਸ਼ਡਿਊਲਡ ਕਾਸਟਸ ਦੀਆਂ ਆਪਣੀਆਂ ਸਕੀਮਾਂ ਤੇ ਖਰਚ ਹੋਣਾ ਹੈ, ਇਹ ਉਸ ਤੋਂ ਇਲਾਵਾ ਖਰਚ ਹੋਣਾ ਹੈ (ਥੰਪਿੰਗ) ਇਹ ਬੜਾ ਸ਼ਲਾਘਾਯੋਗ ਕੰਮ ਹੈ।

**Mr. Chairman :** The House stands adjourned till 9.00 A.M. on Thursday, the 17th March, 1983.

*1.30 P.M. *(The Sabha then adjourned* till 9.00 A.M. on Thursday, the 17th March, 1983).*

Original with;
Punjab Vidhan Sabha
Digitized by;
Panjab Digital Library

Orig al with;
Punj Vidhan Sabha
Digi
Panj ital Library

APPENDIX

TO

PUNJAB VIDHAN SABHA DEBATES

The 16th March, 1983

VOL VI—No. 8

STARRED QUESTION AND ANSWER

**Construction of Pucca Water Courses**

*1912. **Comrade Darshan Singh Jhabal** : Will the Minister for Revenue be pleased to state—

(a) whether canal water courses in village Sarawan Bodla, Tehsil Muktsar have been made pucca, if so, the total area covered by them;

(b) whether any area was reserved from the land of common pool of the said village for the construction of these water courses during the operation of consolidation of holdings, if not, the reasons therefor;

(c) the details of the steps, if any, being taken by the Revenue Authorities to compensate the owners of land through which the said water course pass ?

**Sardar Gurdarshan Singh**:

(a) The statement giving the details of lining of water courses and area covered by them in village Sarawan Bodla, Tehsil Muktsar as intimated by the Punjab State Tubewell Corporation and by the Soil Conservation Department is enclosed ;

(b) No. Because the approval of the proposals regarding new Khals (Water courses) had not been received by the Consolidation Department from the Irrigation authorities before the repartition of land.

(c) The right holders filed an application before the Additional Director, Consolidation of Holdings, Punjab, Chandigarh, under section 42 of the East Punjab Holdings (Consolidation and Prevention of Fragmentation) Act, 1948, on 29th December, 1982 regarding the payment of compensation of land falling under New Khals. The matter will be disposed of in accordance with law.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library



## STATEMENT GIVING THE DETAILS OF AREA COVERED BY THE WATER COURSES IN VILLAGE SARAWAN BODLA, TEHSIL MUKTSAR

### PUNJAB STATE TUBEWELL CORPORATION

| Sr. No. | Name of outlet | Disty | Village | Sanctioned length in ft. | Length lined in ft. | Balance length to be lined in ft. | Area under W/Cs. in Sq. Ft. | Remarks |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1. | 1505/L | Malukpur | Sarawan | 15,280 | 11,689 | 3,591 | 1,68,080 | — |
| 2. | 1768/R | Do | Do | 35,500 | 24,475 | 11,025 | 3,90,500 | Outlet 1768/R splited into two outlets. |
| 3. | 5500/R | Do | Do | — | — | — | — | — |
| 4. | 11680/R | Do | Do | 31,170 | 28,980 | 2,190 | 3,42,870 | — |
| 5. | 14160/L | Do | Do | 31,430 | 28,480 | 2,950 | 3,45,730 | — |
| 6. | 17854/R | Do | Do | 36,725 | 36,291 | 434 | 4,03,975 | — |
| 7. | 2000/L | Sarawan | Sarawan Bodla | 13,580 | 13,580 | — | 1,31,057 | — |
| | | | Total | 1,63,685 | 1,43,495 | 20,190 | 17,82,212 | — |
| | | | SOIL CONSERVATION DEPARTMENT | | | | | |
| 8. | 10545/L | Sarawan | Sarawan II | 25,190 | 25,190 | — | 2,48,877 | — |
| 9. | 1323/R | Aspal | Aspal | 12,990 | 12,980 | 10 | 1,52,632 | — |
| 10. | 5613/R | Aspal | Aspal Sarawan | 9,052 | 9,052 | — | 76,942 | — |
| 11. | 10169/R | Aspal | Sarawan | 10,692 | 10,692 | — | 92,165 | — |
| 12. | 4515/L | Malukpur | Sarawan | 7,086 | 7,086 | — | 5,668 | — |
| | | | Total | 65,010 | 65,000 | 10 | 5,76,284 | — |
| | | | Grand Total | 2,28,695 | 2,08,495 | 20,00 | 23,58,496 | — |

12362 PVS—Govt. Press, U.T. Chd.

Original with:
Punjab Vidhan Sabha
Digitized by:
Panjab Digital Library

Chief Reporter
Punjab Vidhan Sabha
Chandigarh

© 1983

Published under the authority of the Punjab Vidhan Sabha and Printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

| | |
|---|---|
| ਮਿਸਲ ਰਿਕਾਰਡ ਕੀਤੀ ਗਈ ਅਤੇ ਉਸ ਦਾ ਸੰਭਾਲ ਸਮਾ<br>'A' 'B' or 'C' proceedings in which the file was recorded and its retention period | |
| ਕੀ ਕੇਸ ਸਬੰਧੀ ਨੋਟ ਸ਼ਾਖਾ/ਸੈਕਸ਼ਨ ਦੀ ਨੋਟ ਬੁੱਕ ਵਿਚ ਰੱਖਿਆ ਹੋਇਆ ਹੈ ਜਾਂ ਨਹੀਂ<br>Whether note regarding case has been kept in the Branch/Sectional Note Book or not | |
| ਸਬੰਧਤ ਸਹਾਇਕ ਦੇ ਹਸਤਾਖਰ<br>Initials of the concerned Assistant | |
| ਰਿਕਾਰਡਰ ਦੇ ਹਸਤਾਖਰ<br>Initials of the Recorder | |

| ਪਿਛਲੇ ਹਵਾਲੇ<br>Previous References | ਬਾਅਦ ਦੇ ਹਵਾਲੇ<br>Later References |
|---|---|
| | |

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Chief Reporter
Punjab Vidhan Sabha
Chandigarh

B-19118

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library